# ਵਿਸ਼ਵ ਵਿਆਪੀ ਆਰਥਕ ਮੰਦੀ

(ਲੇਖ ਸੰਗ੍ਰਹਿ)

**ਡਾ. ਅਜੀਤ ਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਵਿਸ਼ਵ ਵਿਆਪੀ ਆਰਥਕ ਮੰਦੀ

(ਲੇਖ ਸੰਗ੍ਰਹਿ)

ਡਾ: ਅਜੀਤਪਾਲ ਸਿੰਘ ਐਮ. ਡੀ.
ਡਿਪਟੀ ਮੈਡੀਕਲ ਕਮਿਸ਼ਨਰ, ਬਠਿੰਡਾ

ਪਹਿਲੀ ਵਾਰ : ਮਾਰਚ 2009

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**

***ਤਰਕਭਾਰਤੀ ਪ੍ਰਕਾਸ਼ਨ,***

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫੋਨ : 01679-233244 ਫੈਕਸ : 241744

e-mail : anu_bnl@yahoo.com

www.thepunjabi.com

**ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :100/-**

# ਸਮਰਪਤ

ਸਾਮਰਾਜ ਵਿਰੋਧੀ ਲੋਕ ਸੰਘਰਸ਼ਾਂ

’ਚ ਸਰਗਰਮ ਲੋਕਾਂ

ਦੇ ਨਾਂ

# ਤਤਕਰਾ


1. ਆਰਥਕ ਮੰਦੇ ਨਾਲ ਵਿਸ਼ਵੀ ਬਾਜ਼ਾਰ ਤਹਿਸ-ਨਹਿਸ ਕਿਵੇਂ 5
2. ਕੀ ਹੈ ਅਮਰੀਕਾ ਦਾ ਵਿੱਤੀ ਸੰਕਟ 11
3. ਸੰਸਾਰ-ਵਿਆਪੀ ਵਿੱਤੀ ਸੰਕਟ ਤੇ ਭਾਰਤ 16
4. ਭਾਰਤ ਅੰਦਰ ਅਮਰੀਕੀ ਆਰਥਕ ਮੰਦਾ ਕੀ ਗੁਲ ਖਿਲਾਏਗਾ? 22
5. ਵਿਸ਼ਵੀ ਮੰਦੇ ਦਾ ਭਾਰਤ 'ਤੇ ਪ੍ਰਭਾਵ 26
6. ਸ਼ੇਅਰ ਬਾਜ਼ਾਰ 'ਚ ਨਿਰਾਸ਼ਤਾ 28
7. ਕਿਵੇਂ ਫੁੱਟਿਆ ਸ਼ੇਅਰ ਬਾਜ਼ਾਰ ਦਾ ਬੁਲਬਲਾ 31
8. ਸਾਮਰਾਜ ਵਿਤੀ ਸੰਕਟ ਦਾ ਪਿਛੋਕੜ 34
9. ਸੰਸਾਰ ਅਰਥਚਾਰੇ ਅਤੇ ਜੀ-20 ਬੈਠਕ 41
10. ਸਾਮਰਾਜੀ ਬੁਲਬੁਲਾ ਫਟਨ ਦੇ ਸਿੱਟੇ 43
11. ਜੀਨੇਟਿਕਲ ਮਾਡੀਫਾਇਡ ਵਸਤਾਂ 46
12. ਹਥਿਆਰਾਂ ਦੀ ਦੌੜ 49
13. ਭਾਰਤ ਅਤੇ ਵਿਸ਼ਵ ਵਿਆਪੀ ਮਹਿੰਗਾਈ 53
14. ਵਿਸ਼ਵੀਕਰਨ ਤੇ ਮਨੁੱਖੀ ਅਧਿਕਾਰ 55
15. ਵਪਾਰ ਅਤੇ ਖੇਡ ਸਨਅਤ 69
16. ਹਿਜਰਤ ਦੀ ਰਫ਼ਤਾਰ 71
17. 17. ਮੰਦਾ ਤੇ ਵਧਦੀ ਬੇਰੁਜ਼ਗਾਰੀ 74
18. ਰਾਜ ਠਾਕਰੇ ਦੀ ਸਿਆਸਤ 76
19. ਭਗਤ ਸਿੰਘ ਸ਼ਹੀਦਾਂ ਦਾ ਸਿਰਤਾਜ 79
20. ਹਿੰਸਾ ਦੀ ਵਰਤੋਂ ਸਬੰਧੀ ਭਗਤ ਸਿੰਘ ਦੇ ਵਿਚਾਰ 86
21. ਭਾਰਤੀ ਹਾਕਮ ਤੇ ਪ੍ਰਮਾਣੂ ਕਰਾਰ 94
22. ਸਾਮਰਾਜੀ ਲੁੱਟ ਅਤੇ ਆਦੀਵਾਸੀ ਦਲਿਤ ਨੇਤਾ 97
23. ਖ਼ੂੰਖਾਰ ਅਪਰਾਧੀ ਤੇ ਜੇਹਲ 106
24. ਰਾਜਨੀਤੀ ਦਾ ਮਜ਼ਾਜ਼ ਤੇ ਮਾਇਆਵਤੀ 108
25. ਕਿੰਨੀ ਕੁ ਹੈ ਭਾਰਤ ਅੰਦਰ ਬਾਲ ਮੌਤਾਂ ਦੀ ਦਰ? 111
26. ਕੀ ਬਦਲ ਗਏ ਹਨ ਅਸ਼ਲੀਲਤਾ ਦੇ ਮਾਪਦੰਡ? 115
27. ਮੋਦੀ ਫਿਰ ਮੁਸਕਰਾਇਆ 118
28. ਕੋਤਾਹੀ ਕਾਰਨ ਮੱਚੀ ਤਬਾਹੀ 121
29. ਮੌਤ ਅਤੇ ਮੁਆਵਜ਼ਾ ਕਿਸਾਨਾਂ ਲਈ 125
30. ਪੁਲਿਸ ਹਿਰਾਸਤ 'ਚ ਮੌਤਾਂ 128
31. ਐਸ. ਐਮ. ਐਸ. ਦਾ ਗਣਿਤ 132
32. 50 ਅਰਬ ਦਾ ਬਿਜਲੀ ਘਪਲਾ 135
33. 'ਕਾਲੇ ਪਾਣੀ' ਦੇ ਜਿਸਮ ਦੀ ਲੁੱਟ 137
34. ਔਰਤ ਤੇਰੀ ਇਹ ਕਹਾਣੀ 140
35. ਸੰਘ ਪ੍ਰੀਵਾਰ ਤੇ ਅੱਤਵਾਦ 147
36. ਕੌਮੀ ਰੁਜ਼ਗਾਰ ਗਰੰਟੀ ਯੋਜਨਾ 149
37. ਆਰਥਿਕਵਾਦ ਦਾ ਗਰੀਬੀ ਨਾਲ ਸਬੰਧ 154
38. ਜਾਤੀ ਪ੍ਰਬੰਦ ਅਤੇ ਭਾਰਤ ਦੀ ਦਲਾਲ ਸਰਮਾਏਦਾਰੀ 158
39. ਫਿਰਕਾਪ੍ਰਸਤੀ ਦਾ ਵਧਦਾ ਖਤਰਾ 165

# ਆਰਥਕ ਮੰਦੇ ਨਾਲ ਵਿਸ਼ਵੀ ਬਾਜ਼ਾਰ ਤਹਿਸ-ਨਹਿਸ ਕਿਵੇਂ

ਅਮਰੀਕੀ ਸਰਕਾਰ ਵੱਲੋਂ ਐਲਾਨੇ 700 ਅਰਬ ਡਾਲਰ ਦੇ ਬੇਲ ਆਊਟ ਪੈਕੇਜ ਦੇ ਬਾਵਜੂਦ ਸੰਸਾਰ ਦੇ ਵਿੱਤੀ ਬਾਜ਼ਾਰਾਂ 'ਚ ਆ ਰਹੀ ਗਿਰਾਵਟ 'ਤੇ ਲਗਾਮ ਲਾਉਣ ਦੀ ਉਮੀਦ ਹੁਣ ਖਤਮ ਹੋ ਚੁੱਕੀ ਹੈ। ਸਮੂਚੀ ਦੁਨੀਆਂ 'ਚ ਸ਼ੇਅਰ ਬਾਜ਼ਾਰ ਖਿੰਡ ਪੁੰਡ ਰਹੇ ਹਨ। ਵਿੱਤੀ ਕੰਪਨੀਆਂ 'ਤੇ ਦਿਵਾਲੀਆ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਪੂੰਜੀ ਦੀ ਕਮੀ ਮੰਦੇ ਨੂੰ ਉਤਸ਼ਾਹਿਤ ਕਰ ਰਹੀ ਹੈ। ਉਧਰ ਜਾਇਦਾਦਾਂ ਦੀ ਘਟਦੀ ਕੀਮਤ, ਨਿਵੇਸ਼ ਦੀ ਕਮੀ 'ਤੇ ਖਪਤ 'ਚ ਆ ਰਹੀ ਗਿਰਾਵਟ ਨਾਲ ਮੰਦੇ ਦਾ ਰੂਪ ਬਦ ਤੋਂ ਬਦਤਰ ਹੁੰਦਾ ਜਾ ਰਿਹਾ ਹੈ। ਦੁਨੀਆਂ ਭਰ 'ਚ ਪੂੰਜੀਵਾਦ ਨੂੰ ਹੁਣ 1920 ਦੀ ਯਾਦ ਆਉਣ ਲੱਗੀ ਹੈ। ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਆਮ ਸਥਿਤੀ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਸੰਕਟ ਬਣਿਆ ਹੋਇਆ ਹੈ। ਖਾਸੀ ਜਦੋ ਜਹਿਦ ਤੇ ਨਾਟਕ ਬਾਜ਼ੀ ਪਿੱਛੋਂ ਆਰਥਕ ਸੰਕਟ ਦੇ ਹੱਲ ਦੀ ਦਿਸ਼ਾ ਵਿਚ ਵਿਕਸਿਤ ਸਨਅਤੀ ਦੇਸ਼ਾਂ ਦੀਆਂ ਸਰਕਾਰਾਂ ਨੇ ਪਹਿਲਾਂ ਆਪਣਾ ਵੱਡਾ ਤੇ ਬੇਹੱਦ ਮਹੱਤਵਪੂਰਨ ਕਦਮ ਉਠਾਇਆ ਹੈ। ਇਹ ਕਦਮ ਹੈ ਨਿੱਜੀ ਖੇਤਰ ਦੀ ਬੈਕਿੰਗ ਵਿਵਸਥਾ ਦੇ ਇਕ ਬਹੁਤ ਵੱਡੇ ਹਿੱਸੇ ਦਾ ਕੌਮੀ ਕਰਨ। ਇਨ੍ਹਾਂ ਸਰਕਾਰਾਂ ਵੱਲੋਂ ਉਠਾਇਆ ਗਿਆ ਇਹ ਕਦਮ ਉਨ੍ਹਾਂ ਬਰਾਮਦ ਮੁਖੀ ਕੋਸ਼ਿਸ਼ਾਂ ਦੇ ਅਖੀਰ ਵਿਚ ਆਇਆ ਜੋ ਦੋ ਵੱਖ ਵੱਖ ਦਿਸ਼ਾਵਾਂ ਨੂੰ ਸੇਧਿਤ ਹਨ। ਪਹਿਲਾਂ ਤਾਂ ਇਹ ਕਿ ਸਰਕਾਰਾਂ ਨੂੰ ਵਿਸ਼ਵਾਸ ਸੀ ਕਿ ਸਬ ਪ੍ਰਾਈਮ ਸੰਕਟ ਦੀ ਵਜ੍ਹਾ ਨਾਲ ਵਿੱਤੀ ਖੇਤਰ 'ਚ ਪੈਦਾ ਹੋ ਰਹੀ ਸਮੱਸਿਆ ਦਿਵਾਲੀਏਪਨ ਦੀ ਇਕ ਆਮ ਸਮੱਸਿਆ ਨਹੀਂ ਸੀ ਬਲਕਿ ਇਹ ਭਿਅੰਕਰ ਤੇ ਅਨਿਸ਼ਚਤਾ ਕਾਰਨ ਪੈਦਾ ਹੋਈ ਤਰਲਤਾ ਦੀ ਕਮੀ ਦੀ ਸਮੱਸਿਆ ਹੈ। ਦੂਜਾ ਵਿਚਾਰ ਇਹ ਸੀ ਕਿ ਤਰਲਤਾ ਦੀ ਕਮੀ ਸਿਰਫ ਕੁਝ ਕੁ ਕੰਪਨੀਆਂ ਦੇ ਨਾਲ ਹੈ। ਕਿਸੇ ਕੰਪਨੀ ਨੂੰ ਬੰਦ ਕਰਕੇ (ਲੇਹਮਨ) ਰਲੇਵਾਂ (ਹਥਿਆਉਣਾ) ਜਾਂ ਫਿਰ ਸਰਕਾਰ ਦੇ ਹਵਾਲੇ ਕਰਕੇ (ਅਮਰੀਕਨ ਕੌਮਾਂਤਰੀ ਗਰੁੱਪ) ਠੀਕ ਕੀਤਾ ਜਾ ਸਕਦਾ ਹੈ। ਪਰ ਜਦ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਵੀ ਦਿਵਾਲੀਏਪਨ ਦੀ ਇਸ ਸਮੱਸਿਆ ਦੇ ਨਾਲ ਹੱਲ ਨਹੀਂ ਹੋਇਆ ਤਾਂ ਉਸ ਤੋਂ ਬਾਅਦ ਵੀ ਜਾਇਦਾਦਾਂ ਨੂੰ ਖਰੀਦਣ ਤੇ ਜਨਤਕ ਨਿਵੇਸ਼ ਰਾਹੀਂ ਬੈਂਕਾਂ ਵਿਚ ਪੂੰਜੀ ਦੀ ਸਿੱਧੀ ਸਪਲਾਈ ਵਰਗੇ ਕਦਮ ਉਠਾਏ ਗਏ। ਇਸ ਸ਼ੁਰੂਆਤੀ ਧਾਰਨਾ ਦੀ ਸਮੱਸਿਆ ਸਿਰਫ ਪੂੰਜੀ ਦੇ ਸਰਕੂਲੇਸ਼ਨ ਨਾਲ ਜੁੜੀ ਹੈ ਦੇ ਮੱਦੇਨਜ਼ਰ ਸਰਕਾਰ ਦਾ ਸ਼ੁਰੂ 'ਚ ਪੂਰਾ ਜ਼ੋਰ ਵਿਵਸਥਾ 'ਚ ਵਾਧੂ ਪੂੰਜੀ ਤਰਲਤਾ ਦੀ ਸਰਕੂਲੇਸ਼ਨ ਵਰਗੇ ਕਦਮ ਉਠਾਉਣ 'ਤੇ ਰਿਹਾ। ਇਸ ਵਜ੍ਹਾ ਨਾਲ ਅਮਰੀਕੀ ਫੈਡਰਲ ਰਿਜ਼ਰਵ ਨੇ ਇਹ ਸਹੂਲਤ ਉਨ੍ਹਾਂ ਕੰਪਨੀਆਂ ਨੂੰ ਵੀ ਮੁਹੱਈਆ ਕਰਵਾ ਦਿੱਤੀ ਜੋ ਨਿਯਮਤ ਬੈਕਿੰਗ ਵਿਵਸਥਾ ਦੇ ਦਾਇਰੇ ਤੋਂ ਬਾਹਰ ਸੀ। ਕਰਜੇ ਨੂੰ ਸਸਤਾ ਕਰਨ ਲਈ ਵਿਆਜ ਦਰਾਂ ਵਿੱਚ ਵੀ ਅੱਛੀ ਖਾਸੀ ਕਮੀ ਕੀਤੀ ਗਈ। ਪਰ ਜਦ ਇਨ੍ਹਾਂ ਸਾਰੇ ਕਦਮਾਂ ਨਾਲ ਵੀ ਇੱਛਕ ਨਤੀਜੇ ਨਹੀਂ ਮਿਲ ਸਕੇ। ਤਾਂ ਸਮਝ 'ਚ ਆਇਆ

ਕਿ ਹੁਣ ਕੁਝ ਦੂਜੇ ਜ਼ਰੂਰੀ ਕਦਮ ਵੀ ਉਠਾਉਣੇ ਹੋਣਗੇ। ਇਸ ਦਿਸ਼ਾ ਵਿਚ ਪਹਿਲੀ ਕੋਸ਼ਿਸ਼ ਟੀ ਏ ਆਰ ਪੀ (ਟ੍ਰਬਲਡ ਇਸੇਟ੍ਸ ਰਿਲੀਫ ਪ੍ਰੋਗਰਾਮ) ਦੇ ਤਹਿਤ ਕੀਤੀ ਗਈ। ਪਹਿਲਾਂ ਤਾਂ ਇਹ ਐਲਾਨ ਕੀਤਾ ਗਿਆ ਕਿ ਇਹ ਵਿੱਤੀ ਸੰਕਟ ਇਸ ਤਰ੍ਹਾਂ ਦਾ ਹੈ ਜੋ ਅਰਥਚਾਰੇ ਨੂੰ ਮੰਦੇ ਵੱਲ ਧੱਕ ਸਕਦਾ ਹੈ। ਇਸ ਤੋਂ ਬਾਅਦ ਟ੍ਰੇਜਰੀ ਸਕੱਤਰ ਨੇ ਫੇਡਰਲ ਰਿਜ਼ਰਵ ਦੇ ਚੇਅਰਮੈਨ ਦੀ ਮਦਦ ਨਾਲ ਕਾਂਗਰਸ ਤੋਂ 7 ਅਰਬ ਡਾਲਰ ਦੇ ਪੈਂਕੇਜ ਨੂੰ ਮੰਜੂਰ ਕਰਨ ਦੀ ਬੇਨਤੀ ਕੀਤੀ। ਇਸ ਸਮੁੱਚੀ ਰਾਸ਼ੀ ਦੀ ਵਰਤੋਂ ਮੁੱਖ ਤੌਰ ’ਤੇ ਵਿੱਤੀ ਅਦਾਰਿਆਂ ਦੀ ਮੁੱਲ ਰਹਿਤ ਹੋ ਚੁੱਕੀਆਂ ਜਾਇਦਾਦਾਂ ਨੂੰ ਖਰੀਦਣ ਲਈ ਕੀਤਾ ਜਾਣਾ ਸੀ। ਨਾਲ ਹੀ ਕੁਝ ਦੂਜੇ ਅਦਾਰਿਆਂ ਤੋਂ ਵੀ ਜਾਇਦਾਦਾਂ ਖਰੀਦੀਆਂ ਜਾਣੀਆਂ ਸਨ। ਤਾਂਕਿ ਉਨ੍ਹਾਂ ਦੀ ਬੈਲੇਂਸ ਸ਼ੀਟ ਨੂੰ ਠੀਕ ਕੀਤਾ ਜਾ ਸਕੇ ਅਤੇ ਪੂੰਜੀ ਦੀ ਸਰਕੂਲੇਸ਼ਨ ਦੁਬਾਰਾ ਚਾਲੂ ਹੋ ਸਕੇ। ਪਰ ਇਸ ਯੋਜਨਾ ਦੇ ਤਹਿਤ ਵੀ ਦੀਵਾਲੀਏਪਨ ਨੂੰ ਇਕ ਸੰਭਾਵਿਤ ਸਮੱਸਿਆ ਨਹੀਂ ਮੰਨਿਆ ਗਿਆ।

ਇਹ ਇਸ ਤੱਥ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਪੂਰੀ ਯੋਜਨਾ ਦਾ ਉਭਾਰ ਸਿਰਫ ਸੰਕਟ ਗ੍ਰਸਤ ਜਾਇਦਾਦਾਂ ਨੂੰ ਖਰੀਦਣ ਤੱਕ ਹੀ ਸੀਮਤ ਸੀ। ਇਸ ਦਿਸ਼ਾ ਵਿਚ ਸਭ ਤੋਂ ਪਹਿਲਾਂ ਕਦਮ ਉਠਾਇਆ ਗਿਆ ਇੰਗਲੈਂਡ ਵੱਲੋਂ। ਪ੍ਰਧਾਨ ਮੰਤਰੀ ਗਾਰਡਨ ਬਰਾਊਨ ਨੇ ਐਲਾਨ ਕੀਤਾ ਕਿ ਸਰਕਾਰ ਦੇਸ਼ ਦੇ ਸਭ ਤੋਂ ਵੱਡੇ ਤਿੰਨ ਬੈਂਕਾਂ ਦੇ 37 ਅਰਬ ਪਾਊਂਡ ਦੇ ਵਰੀਅਤਾ ਅਧਾਰਤ ਤੇ ਆਮ ਸ਼ੇਅਰ ਖਰੀਦਣ ਲਈ ਪੂੰਜੀ ਦੀ ਸਿੱਧੀ ਸਰਕੂਲੇਸ਼ਨ ਯਕੀਨੀ ਬਣਾਵੇਗੀ। ਇਹ ਬੈਂਕ ਹਨ ਮਾਇਲ ਬੈਂਕ, ਆਫ ਸਕਾਟ ਲੈਂਡ (ਆਰ ਬੀ ਐਸ) ਲਾਇਡ੍ਰਸ ਟੀ ਐਸ ਬੀ ਅਤੇ ਐਚ ਬੀ ਓ ਐਸ ਇਸ ਦਾ ਸਿੱਧਾ ਸਿੱਟਾ ਇਹ ਹੋਇਆ ਕਿ ਆਰ. ਬੀ. ਐਸ. ਵਿਚ ਸਰਕਾਰ ਦੀ ਹਿੱਸੇਦਾਰੀ ਵਧ ਕੇ 60 ਫੀਸਦੀ ਹੋ ਗਈ। ਜਦ ਕਿ ਲਾਈਟਸ ਟੀ ਐਸ ਬੀ ਤੇ ਐਚ ਬੀ ਓ ਐਸ ਦੇ ਰੇਲਵੇ ਪਿੱਛੋਂ ਬਣਨ ਵਾਲੀ ਇਕਾਈ ’ਚ ਸਰਕਾਰ ਦੀ ਹਿੱਸੇਦਾਰੀ 43.5 ਫੀਸਦੀ ਹੋ ਗਈ। ਇਸ ਦਾ ਸਿੱਧਾ ਅਰਥ ਇਹ ਹੋਇਆ ਕਿ ਇਹ ਬੈਂਕ ਹੁਣ ਸਰਕਾਰ ਦੇ ਕੰਟਰੋਲ ਵਿਚ ਆ ਗਏ ਅਤੇ ਇਸ ਦੇ ਨਾਲ ਹੀ ਆਈ ਇਕ ਵੱਡੀ ਜ਼ਿੰਮੇਵਾਰੀ। ਹੁਣ ਇਹ ਬੈਂਕ ਆਮ ਸ਼ੇਅਰਾਂ ਤੇ ਤਦ ਤੱਕ ਲਾਭਾਂਸ ਨਹੀਂ ਦੇ ਸਕਣਗੇ ਜਦ ਕਿ ਵਰੀਅਤਾ ਅਧਾਰਤ ਸ਼ੇਅਰਾਂ ਲਈ ਸਰਕਾਰ ਵੱਲੋਂ ਕੀਤੇ ਗਏ 9 ਅਰਬ ਪਾਊਂਡ ਦੇ ਨਿਵੇਸ਼ ਦੀ ਵਾਪਸੀ ਨਹੀਂ ਹੋ ਜਾਂਦੀ। ਇਸ ਅਤੇ ਦੇ ਨਾਲ ਹੀ ਸਰਕਾਰ ਆਰ ਬੀ. ਐਸ. ’ਚ ਤਿੰਨ ਲਾਈਡਸ ਟੀ ਐਸ. ਬੀ. ਅਤੇ HBOS ’ਚ ਆਪਣੇ ਦੋ ਨਿਰਦੇਸ਼ਕ ਨਿਯੁਕਤ ਕਰੇਗੀ। ਜਿਸ ਦਾ ਕੰਮ ਸਰਕਾਰ ਦੇ ਹਿੱਤਾਂ ਦੀ ਸੁਰੱਖਿਆ ਕਰਨਾ ਹੋਵੇਗਾ। ਨਾਲ ਹੀ ਅਧਿਕਾਰੀਆਂ ਦੀਆਂ ਤਨਖਾਹਾਂ ਤੇ ਭੱਤਿਆਂ ’ਤੇ ਵੀ ਇਕ ਪ੍ਰਕਾਰ ਦੀ ਪਾਬੰਦੀ ਲਾ ਦਿੱਤੀ ਗਈ ਹੈ। ਇਨ੍ਹਾਂ ਬੈਂਕਾਂ ਦਾ ਕੌਮੀਕਰਨ ਇਕਦਮ ਜ਼ਰੂਰੀ ਸੀ। ਏਲਿਸਟਰ ਡਾਰਲਿੰਗ ਨੇ ਵੀ ਕਿਹਾ ਕਿ ਇਹ ਹੀ ਇਕੋ ਰਾਹ ਹੈ। ਜਦ ਕੁਝ ਬੈਂਕਾਂ ਨੂੰ ਬਾਜ਼ਾਰ ਤੋਂ ਪੂੰਜੀ ਨਹੀਂ ਮਿਲ ਰਹੀ ਹੈ ਤਾਂ ਉਹ ਇਸ ਰਸਤੇ ਨਾਲ ਉਹ ਜ਼ਰੂਰੀ ਪੂੰਜੀ ਜੁਟਾ ਸਕਦੇ ਹਨ। ਪਰ ਗੱਲ ਸਿਰਫ ਬੈਂਕ ਦੇ ਕੌਮੀ ਕਰਨ ’ਤੇ ਹੀ ਖਤਮ ਨਹੀਂ ਹੁੰਦੀ। ਬ੍ਰਿਟੇਨ ਸਰਕਾਰ ਨੂੰ ਸਭ ਤਰ੍ਹਾਂ ਦੀਆਂ ਜਮ੍ਹਾ ਰਾਸ਼ੀਆਂ ਦੀ ਗਾਰੰਟੀ ਵੀ ਲੈਣੀ ਪਊ, ਇਹ ਰਾਸ਼ੀ ਚਾਹੇ ਜਿੰਨੀ ਮਰਜੀ ਵੱਡੀ ਹੋਵੇ। ਇਸ ਦੇ ਨਾਲ ਬੈਂਕਾਂ ਵਿਚਕਾਰ ਆਪਸੀ ਲੈਣ-ਦੇਣ ਨੂੰ ਵੀ ਯਕੀਨੀ ਬਣਾਇਆ ਗਿਆ ਤਾਂ ਕਿ ਪੂੰਜੀ ਦਾ

ਸਰਕੂਲੇਸ਼ਨ ਬਣਿਆ ਰਹੇ। ਬ੍ਰਿਟੇਨ ਦੇ ਇਸ ਕਦਮ ਦੇ ਨਾਲ ਹੀ ਜਿਵੇਂ ਸਭ ਦੇਸ਼ਾਂ ਦੀਆਂ ਧਾਰਨਾ ਵਾਲੇ ਇਸ ਇਨਕਲਾਬੀ ਕਦਮ ਵੱਲ ਧਿਆਨ ਦਿੱਤਾ। ਜਰਮਨੀ ਨੇ 470 ਅਰਬ ਯੂਰੋ ਅਤੇ ਫਰਾਂਸ ਨੇ 340 ਅਰਬ ਯੂਰੋ ਦੇ ਬੇਲ-ਆਊਟ ਪੈਂਕੇਜ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਹੋਰ ਦੇਸ਼ਾਂ ਦੀਆਂ ਸਰਕਾਰਾਂ ਵੀ ਇਕ ਤੋਂ ਬਾਅਦ ਇਕ ਪੈਂਕੇਜ ਐਲਾਨ ਕਰ ਰਹੀਆਂ ਹਨ ਅਤੇ ਸਭ ਤੋਂ ਆਖਰ ਵਿਚ ਬੈਂਕਾਂ ਨੂੰ ਸਰਕਾਰੀ ਕਰਜੇ 'ਚ ਲੈਣ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਅਮਰੀਕਾ ਵੀ ਸਾਹਮਣੇ ਆਇਆ। ਪਰ ਉਸ ਦੇ ਇਸ ਕਦਮ ਨਾਲ ਟ੍ਰੇਜਰੀ 'ਤੇ ਵਾਟ ਸਟਰੀਟ ਦਾ ਯਤਨ ਸਪੱਸ਼ਟ ਵੇਖਿਆ ਜਾ ਸਕਦਾ ਹੈ। ਅਮਰੀਕਾ ਨੇ ਤਹਿ ਕੀਤਾ ਕਿ ਬੇਲ ਆਊਟ ਯੋਜਨਾ ਵਿਚੋਂ 250 ਅਰਬ ਡਾਲਰ ਦੀ ਰਾਸ਼ੀ ਦੀ ਵਰਤੋਂ ਬੈਂਕਾ 'ਚ ਹਿੱਸੇਦਾਰੀ ਖਰੀਦਣ 'ਚ ਕੀਤੀ ਜਾਵੇਗੀ।

ਹਾਲਾਂ ਕਿ ਬੈਂਕ ਸਟਰੀਟ ਦੇ ਅਸਰ ਦੀ ਵਜ੍ਹਾ ਨਾਲ ਇਹ ਯਕੀਨ ਹੋ ਗਿਆ ਹੈ ਕਿ ਇਹ ਸਮੂਚੀ ਕਵਾਇਤ ਵੱਡੇ ਵਿੱਤ ਦੇ ਪੱਖ ਵਿਚ ਹੈ। ਸਰਕਾਰ ਨੇ ਕਾਫੀ ਸਸਤੇ ਬੈਂਕਾਂ ਨੂੰ ਮਦਦ ਦਿੱਤੀ ਹੈ। ਬੈਂਕਾਂ ਨੂੰ ਪਹਿਲੇ ਪੰਜ ਸਾਲਾਂ 'ਚ ਸਿਰਫ 5 ਫੀਸਦੀ ਦਰ ਨਾਲ ਲਾਭਾਂਸ ਦੇਣਾ ਪਵੇਗਾ।

ਹਾਲਾਂ ਕਿ ਪੰਜ ਸਾਲਾਂ ਪਿੱਛੋਂ ਇਹ ਸੀਮਾ ਵਧਾ ਕੇ 9 ਫੀਸਦੀ ਕਰ ਦਿੱਤੀ ਜਾਵੇਗੀ। ਇਸ ਅਰਸੇ 'ਚ ਬੈਂਕਾਂ ਨੂੰ ਨਿੱਜੀ ਖੇਤਰ ਤੋਂ ਪੂੰਜੀ ਇਕੱਠੀ ਕਰਨ ਦੀ ਛੋਟ ਦਿੱਤੀ ਗਈ ਹੈ। ਅਤੇ ਉਹ ਸਰਕਾਰੀ ਹਿੱਸੇਦਾਰੀ ਨੂੰ ਵੀ ਵਾਪਿਸ ਖਰੀਦ ਸਕਣਗੇ । ਮਜ਼ੇਦਾਰ ਗੱਲ ਇਹ ਹੈ ਕਿ ਸਰਕਾਰ ਨੇ ਬੈਂਕਾਂ 'ਚ ਕਈ ਵੋਟਿੰਗ ਅਧਿਕਾਰ ਵੀ ਨਹੀਂ ਲਏ ਹਨ ਤੇ ਸਰਕਾਰੀ ਨਿਰਦੇਸ਼ਕਾਂ ਦੀ ਨਿਯੁਕਤੀ ਵੀ ਸਿਰਫ ਤਾਂ ਹੀ ਹੋ ਸਕੇਗੀ ਜਦ ਬੈਂਕ ਲਗਾਤਾਰ ਛੇ ਤਿਆਹੀਆਂ ਤੱਕ ਮੁਨਾਫੇ ਦਾ ਭੁਗਤਾਨ ਨਹੀਂ ਕਰੇਗਾ। ਹਾਲਾਂਕਿ ਜਦ ਤੱਕ ਸਰਕਾਰ ਦੀ ਪੂੰਜੀ ਵਾਪਸ ਨਹੀਂ ਦਿੱਤੀ ਜਾਵੇਗੀ ਆਮ ਸ਼ੇਅਰਧਾਰਕਾਂ ਨੂੰ ਮੁਨਾਫੇ ਦਾ ਭੁਗਤਾਨ ਤੇ ਅਧਿਕਾਰੀਆਂ ਨੂੰ ਮੁਆਵਜਾ ਦੇਣ 'ਤੇ ਪਾਬੰਦੀ ਲੱਗੀ ਰਹੇਗੀ। ਪਰ ਸਰਕਾਰ ਨੂੰ ਸਿਰਫ ਆਪਣੇ ਵਿਚੋਂ ਕੇਵਲ 15 ਫੀਸਦੀ ਨੂੰ ਹੀ ਇਕਵਟੀ 'ਚ ਬਦਲਣ ਦਾ ਅਧਿਕਾਰ ਹੋਵੇਗਾ। ਇਸ ਦੇ ਚਲਦਿਆਂ ਯੂਰਪ ਦੇ ਉਲਟ ਅਮਰੀਕਾ 'ਚ ਸਥਿਤੀ ਇਹ ਬਣੀ ਹੈ ਕਿ ਬੈਂਕਾਂ ਨੂੰ ਸਰਕਾਰ ਦੀ ਮੌਜੂਦਗੀ ਸਿਰਫ ਸਹਿਣੀ ਪਵੇਗੀ ਅਤੇ ਇਹ ਸਭ ਗੋਲਡ ਮੈਨ ਸੈਸ਼ਾਂ 'ਚ ਕੰਮ ਕਰ ਚੁੱਕੇ ਵਾਲ ਸਟਰੀਟ ਦੇ ਪੁਰਾਣੇ ਵਫਾਦਾਰ ਹੇਨਰੀ ਪਾਲ ਸਨ ਦੀ ਵਜ੍ਹਾ ਕਰਕੇ ਸੰਭਵ ਹੋਇਆ ਹੈ।

ਹਾਲ ਦੀ ਘੜੀ ਕੌਮੀਕਰਨ ਦਾ ਰੂਪ ਚਾਹੇ ਜੋ ਵੀ ਰਿਹਾ ਹੋਵੇ, ਆਰਥਕ ਗਿਰਾਵਟ ਨੂੰ ਸੰਭਾਲਣ ਦੀ ਦਿਸ਼ਾ ਵਿਚ ਇਹ ਇਕ ਵੱਡਾ ਕਦਮ ਹੈ। ਹਾਲਾਂ ਕਿ ਇਸ ਗਿਰਾਵਟ ਦਾ ਮੁੱਖ ਕਾਰਨ ਵੀ ਇਹੀ ਰਿਹਾ ਹੈ ਕਿ ਨਿੱਜੀ ਖੇਤਰ ਦੇ ਵਿੱਤੀ ਅਦਾਰਿਆਂ ਨੂੰ ਬਿਨਾਂ ਰੋਕ ਟੋਕ ਦੇ ਸਮਾਜ ਦੇ ਬਾਕੀ ਸਾਰੇ ਹਿੱਸੇਦਾਰਾਂ ਦੀ ਕੀਮਤ 'ਤੇ ਖੂਬ ਮੁਨਾਫਾ ਕਮਾਉਣ ਦੀ ਖੁੱਲੀ ਛੁੱਟੀ ਦਿੱਤੀ ਗਈ ਸੀ।

1970 ਤੋਂ ਪਹਿਲਾਂ ਤੱਕ ਅਮਰੀਕਾ ਦਾ ਵਿੱਤੀ ਖੇਤਰ ਬੇਹੱਦ ਕੰਟਰੋਲ ਤੇ ਸਥਿਰ ਪ੍ਰਬੰਧ ਵਾਲਾ ਸੀ। ਫਿਰ 1970 'ਚ ਥੋੜ੍ਹੀ ਤਬਦੀਲੀ ਹੋਈ। ਗੈਰ ਬੈਕਿੰਗ ਦੀਆਂ ਵਿੱਤੀ ਸੰਸਥਾਵਾਂ ਨੇ ਆਪਣੀਆਂ ਸਰਗਰਮੀਆਂ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ

ਅਤੇ ਬੈਂਕਾਂ ਵੱਲੋਂ ਸਰਕਾਰ ’ਤੇ ਵਿਵਸਥਾ ਮੋਕਲੀ ਕਰਨ ਤੇ ਹੋਰ ਖੇਤਰਾਂ ’ਚ ਕੰਮਕਾਜ ਸ਼ੁਰੂ ਕਰਨ ਦੀ ਇਜਾਜ਼ਤ ਦੇਣ ਦਾ ਦਬਾਅ ਪੈਣ ਲੱਗਿਆ। ਉਦਾਰੀ ਕਰਨ ਦਾ ਦੌਰ ਸ਼ੁਰੂ ਹੋਇਆ ਅਤੇ ਇਸ ਨੇ ਸਮੁੱਚੇ ਵਿੱਤੀ ਖੇਤਰ ਦੇ ਢਾਂਚੇ ਨੂੰ ਹੀ ਬਦਲ ਕੇ ਰੱਖ ਦਿੱਤਾ। ਅਗਲੇ ਤਕਰੀਬਨ ਇਕ ਦਹਾਕੇ ਤੋਂ ਵੀ ਲੰਬੇ ਸਮੇਂ ਤੱਕ ਚਲੀ ਇਸ ਬਦਲਾਅ ਦੀ ਪ੍ਰਕਿਰਿਆ ਦੀਆਂ ਖਾਸ ਗੱਲਾਂ ਰਹੀਆਂ। ਸਭ ਤੋਂ ਪਹਿਲਾਂ ਤਾਂ ਇਹੀ ਹੋਇਆ ਕਿ ਆਪਣੇ ਰਵਾਇਤੀ ਰੂਪ ਤੋਂ ਦੂਰ ਹੁੰਦੇ ਹੋਏ ਬੈਂਕਾਂ ’ਚ ਵਪਾਰਕ ਬੈਂਕ ਤੇ ਬੀਮਾ ਵਰਗੇ ਨਵੇਂ ਖੇਤਰਾਂ ’ਚ ਕਦਮ ਰੱਖਣਾ ਸ਼ੁਰੂ ਕਰ ਦਿੱਤਾ। ਦੂਸਰਾ ਇਹ ਕਿ ਹੁਣ ਬੈਂਕਾਂ ਨੇ ਆਪਣੀ ਕਮਾਈ ਰਾਹੀਂ ਸਿਰਫ ਜਮਾ ਤੇ ਕਰਜੇ ਦੀਆਂ ਵਿਆਜ ਦਰਾਂ ਵਿਚਕਾਰ ਫਰਕ ਤੋਂ ਹਟ ਵੱਖ ਵੱਖ ਵਿੱਤੀ ਸੇਵਾਵਾਂ ਰਾਹੀਂ ਹੋਣ ਵਾਲੀ ਫੀਸ ਤੇ ਕਮਿਸ਼ਨ ਦੀ ਆਮਦਨੀ ਨੂੰ ਬਣਾਉਣ ’ਤੇ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਨਾਲ ਜੁੜਿਆ ਹੋਇਆ ਹੀ ਇਕ ਤੀਜਾ ਬਦਲਾਅ ਹੋਰ ਹੋਇਆ। ਪਹਿਲਾਂ ਬੈਂਕਾਂ ਕਰਜਾ ਮੁਹੱਈਆ ਕਰਵਾਉਂਦੇ ਸਨ ਤੇ ਜਾਇਦਾਦਾਂ ਬਣਾਉਂਦੇ ਸਨ ਤਾਂਕਿ ਇਨ੍ਹਾਂ ਦੀ ਵਰਤੋਂ ਭਵਿੱਖ ਵਿਚ ਆਮਦਨੀ ਲਈ ਕੀਤੀ ਜਾ ਸਕੇ ਪਰ ਹੁਣ ਬੈਂਕਾਂ ਨੇ ਇਹ ਕੰਮ ਬੰਦ ਕਰਕੇ ਇਨ੍ਹਾਂ ਜਾਇਦਾਦਾਂ ਦਾ ਪੂਲ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਨੂੰ ਪੂਲ ’ਚ ਬਦਲਿਆ ਗਿਆ ਅਤੇ ਇਹ ਸਕਿਊਰਟੀਜ਼ ਇਕ ਫੀਸ ਬਦਲੇ ਸੰਸਥਾਗਤ ਨਿਵੇਸ਼ਕਾਂ ’ਤੇ ਪੋਰਟ ਫੋਲਿਓ ਮੈਨੇਜਰ ਨੂੰ ਦੇ ਦਿੱਤੀਆਂ ਗਈਆਂ ਨਾਲ ਹੀ ਬੈਂਕਾਂ ਨੇ ਫੀਸ ਬਦਲੇ ਜੋਖਿਮ ਨੂੰ ਵੀ ਬਦਲਣਾ ਸ਼ੁਰੂ ਕਰ ਦਿੱਤਾ। ਅਤੇ ਇਨ੍ਹਾਂ ਜੋਖਮਾਂ ਨੂੰ ਖਰੀਦਣ ਵਾਲਿਆਂ ਨੂੰ ਲੰਮੇ ਅਰਸੇ ’ਚ ਮੁਨਾਫਾ ਕਮਾਉਣ ਦੀ ਉਮੀਦ ਹੋ ਗਈ।

ਬੈਕਿੰਗ ਦਾ ਇਹ ਮਾਡਲ ‘ਬਣਾਓ ਤੇ ਵੇਚੋ’ ਦਾ ਸੀ। ਬੈਂਕ ਹੁਣ ਜਾਇਦਾਦਾਂ ਨੂੰ ਆਪਣੇ ਕੋਲ ਨਹੀਂ ਰੱਖ ਰਹੇ ਸਨ ਬਲਕਿ ਉਨ੍ਹਾਂ ਨਿਵੇਸ਼ਕਾਂ ਨੂੰ ਵੇਚ ਰਹੇ ਸਨ, ਜੋ ਕਿ ਲੰਮੇ ਅਰਸੇ ਲਈ ਨਿਵੇਸ਼ ਕਰਨਾ ਚਾਹੁੰਦੇ ਸਨ। ਅਰਥਚਾਰੇ ਦੇ ਉਦਾਰੀਕਰਨ ਦੇ ਇਸ ਦੌਰ ਇਕ ਤੋਂ ਬਾਅਦ ਇਕ ਪੱਧਰ ਬਣਦੇ ਗਏ। ਇਸ ਵਿਵਸਥਾ ’ਚ ਹਰੇਕ ਪੱਧਰ ’ਤੇ ਨਿਯਮਾਂ (ਕੰਟਰੋਲ) ਦਾ ਤਰੀਕਾ ਵੱਖ ਵੱਖ ਸੀ। ਇਨਵੈਸਟਮੈਂਟ ਬੈਕਿੰਗ ਹੈਜ ਫੰਡ ਤੇ ਪ੍ਰਾਈਵੇਟ ਇਕਵਟੀ ਜਿੰਨੀ ਪੂੰਜੀ ਲਾ ਕੇ ਬਾਜ਼ਾਰ ਤੋਂ ਵੱਡੀ ਮਾਤਰਾ ’ਚ ਫੰਡ ਇਕੱਠਾ ਕਰਕੇ ਉਸ ਨੂੰ ਨਿਵੇਸ਼ ਕਰ ਸਕਦੀਆਂ ਸਨ। ਵੱਖ ਵੱਖ ਪੱਧਰ ਵਾਲੇ ਇਸ ਪ੍ਰਬੰਧ ਵਿਚ ਕੰਟਰੋਲ ਦੀ ਕਾਫੀ ਵੱਡੀ ਵਿਭਿਨਤਾ ਸੀ। ਕਾਫ਼ੀ ਗੁੰਝਲਦੇ ਨਾਲ ਇਸ ਨੂੰ ਜੋੜਿਆ ਗਿਆ ਜਿਸ ਦੇ ਨਿਯਮ ਸਪੱਸ਼ਟ ਨਹੀਂ ਸਨ। ਵਿੱਤੀ ਖੇਤਰ ਨੂੰ ਬੇਹੱਦ ਉੱਚੀ ਕਮਾਈ ਦੇਣ ਵਾਲਾ ਇਹ ਗੁੰਝਲਦਾਰ ਢਾਂਚਾ ਇਕ ਦਿਨ ਢਹਿ ਜਾਵੇਗਾ। ਇਹ ਗੱਲ ਕਾਫੀ ਸਮਾਂ ਪਹਿਲਾਂ ਵੀ ਸਾਫ ਹੋ ਚੁੱਕੀ ਸੀ। ਮਿਸਲ ਵਜੋਂ 1980 ਪਿੱਛੋਂ ਅਮਰੀਕਾ ’ਚ ਬੈਂਕਾਂ ਦੇ ਦਿਵਾਲੀਏ ਹੋਣ ਦੀਆਂ ਘਟਨਾਵਾਂ ਵਧਣ ਲੱਗੀਆਂ ਸਨ। ਜਦ ਵੀ ਕੋਈ ਛੋਟਾ ਸੰਕਟ ਪੈਦਾ ਹੋਇਆ ਲੋਕਾਂ ਨੇ ਉਦਾਰੀਕਰਨ ਦੀ ਉਲਟ ਦਿਸ਼ਾ ’ਚ ਲੈ ਜਾਣ ਅਤੇ ਸਖਤ ਕੰਟਰੋਲ ਦੇ ਦੌਰ ’ਚ ਪਰਤਨ ਦੀ ਵਕਾਲਤ ਕੀਤੀ। ਪਰ ਤਦ ਅਮਰੀਕੀ ਟ੍ਰੇਜਰੀ (ਖਜਾਨਾ) ਪ੍ਰਬੰਧ ’ਤੇ ਕਬਜਾ ਜਮ੍ਹਾ ਚੁੱਕੇ ਅਤੇ ਬੇਹੱਦ ਮਜ਼ਬੂਤ ਸਥਿਤੀ ’ਚ ਪਹੁੰਚ ਚੁੱਕੇ ਵਿੱਤੀ ਹਿੱਤਾਂ ਨੇ ਸਭ ਆਲੋਚਨਾਵਾਂ ਨੂੰ ਦੂਰ ਰੱਖਿਆ ਤੇ ਨਾਲ ਹੀ ਉਦਾਰੀਕਰਨ ਨੂੰ ਅੱਗੇ ਵੀ ਜਾਰੀ ਰੱਖਣ ਦੇ ਪੱਖ ’ਚ ਮਾਹੌਲ ਤਿਆਰ ਕਰਦੇ ਰਹੇ। ਇਸ ਬਹਿਸ ’ਚ ਜੋ ਰਾਏ ਮਜ਼ਬੂਤ ਬਣ ਕੇ ਉਭਰੀ ਉਹ ਇਹ ਸੀ ਕਿ ਵਿੱਤੀ

ਖੇਤਰ ਏਨਾ ਗੁੰਝਲਦਾਰ ਹੋ ਚੁੱਕਿਆ ਹੈ ਕਿ ਉਸ ਨੂੰ ਬਾਹਰੋਂ ਕੰਟਰੋਲ ਨਹੀਂ ਕੀਤਾ ਜਾ ਸਕਦਾ। ਅਤੇ ਹੁਣ ਜਰੂਰਤ ਕੰਟਰੋਲ ਦੀ ਹੈ। ਇਸ ਸਥਿਤੀ 'ਚ ਬੇਹੱਦ ਘੱਟ ਕੰਟਰੋਲ ਵਾਲੀ ਅਤੇ ਬੇਹੱਦ ਗੁੰਝਲਦਾਰ ਇਹ ਪ੍ਰਬੰਧ 1990 ਦੇ ਦਹਾਕੇ ਦੇ ਅਖੀਰ ਤੱਕ ਜਿਉਂ ਦੀ ਤਿਉਂ ਚਲਦੀ ਰਹੀ। ਇਸ ਤਰ੍ਹਾਂ ਦੇ ਪ੍ਰਬੰਧ 'ਚ ਤਰਲਤਾ ਜਾਂ ਫਿਰ ਉਦਾਰ ਲੈਣ ਵਾਲਿਆਂ ਦੀ ਗਿਣਤੀ, ਦੋਨੋਂ ਵੀ ਤਰ੍ਹਾਂ ਕਿਸੇ ਵੀ ਤਰ੍ਹਾਂ ਦਾ ਵਾਧਾ ਫੌਰਨ ਸੱਟੇਬਾਜ਼ੀ ਨੂੰ ਉਤਸ਼ਾਹਿਤ ਕਰਨ ਲੱਗਦਾ ਸੀ। ਇਸ ਨਾਲ ਹਾਊਸਿੰਗ ਤੇ ਮੋਰਗੇਜ਼ ਬੂਮ ਨੂੰ ਵੀ ਉਤਸ਼ਾਹ ਮਿਲਿਆ। ਜਿਸ ਦਾ ਆਖਰੀ ਸਿੱਟਾ ਸਬ ਪ੍ਰਾਈਮ ਸੰਕਟ ਵਜੋਂ ਸਾਹਮਣੇ ਆਇਆ। ਦਰਅਸਲ ਸਾਲ 2002 ਦੇ ਅਖੀਰ ਤੋਂ ਲੈ ਕੇ ਸਾਲ 2005 ਦੇ ਮੱਧ ਤੱਕ ਅਮਰੀਕੀ ਫੈਡਰਲ ਰਿਜ਼ਰਵ ਫੰਡ ਦੀ ਵਿਆਜ ਦਰ, ਸਿੱਕੇ ਦੇ ਫੈਲਾਅ ਦੇ ਲਿਹਾਜ ਨਾਲ ਵੇਖੀ ਜਾਵੇ ਤਾਂ ਉਹ ਨਾਂਹ ਪੱਖੀ ਦਰ 'ਤੇ ਚੱਲ ਰਹੀ ਸੀ। ਘੱਟ ਵਿਆਜ ਦਰਾਂ ਤੇ ਕਰਜਾ ਮਿਲਣ ਕਾਰਨ ਹਾਊਸਿੰਗ ਬੂਮ ਨੂੰ ਉਤਸ਼ਾਹ ਮਿਲਿਆ, ਜਿਸ ਦੇ ਚਲਦਿਆਂ ਮਕਾਨਾਂ ਦੀਆਂ ਕੀਮਤਾਂ 'ਚ ਭਾਰੀ ਵਾਧਾ ਹੋਣ ਲੱਗਿਆ ਤੇ ਵੱਧ ਤੋਂ ਵੱਧ ਲੋਕ ਇਸ ਖੇਤਰ 'ਚ ਨਿਵੇਸ਼ ਕਰਨ ਲੱਗੇ। ਇਕ ਅੰਦਾਜੇ ਅਨੁਸਾਰ ਅਮਰੀਕਾ 'ਚ 2001 ਤੋਂ 2001 ਦੇ ਅਖੀਰ ਤੱਕ ਰੀਅਲ ਅਸਟੇਟ ਖੇਤਰ ਦੀ ਮਿਲੀ ਜੁਲੀ ਕੀਮਤ 'ਚ 14-15 ਟ੍ਰਿਲੀਅਨ ਡਾਲਰ ਦਾ ਵਾਧਾ ਹੋਇਆ। ਇਸ ਵਾਧੇ ਨੂੰ ਵੇਖਦਿਆਂ ਵਿੱਤੀ ਪ੍ਰਬੰਧ ਨੇ ਉਧਾਰ ਲੈਣ ਵਾਲਿਆਂ ਦੇ ਦਾਇਰੇ 'ਚ ਅਜਿਹੇ ਲੋਕਾਂ ਨੂੰ ਵੀ ਸ਼ਾਮਲ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦੀ ਉਧਾਰ ਵਾਪਸ ਕਰਨ ਦੀ ਯੋਗਤਾ ਬੇਹੱਦ ਘੱਟ ਸੀ। ਇਸ ਕਾਰਨ ਸਬ ਪ੍ਰਾਈਮ ਲੋਨ ਦੀ ਗਿਣਤੀ ਤੇਜ਼ੀ ਨਾਲ ਵਧਣ ਲੱਗੀ।

2001 'ਚ ਕੁਝ ਲੋਨ ਪੋਰਟ ਫੋਲਿਓ 'ਚ ਇਸ ਤਰ੍ਹਾਂ ਦੇ ਸਬ ਪ੍ਰਾਈਮ ਲੋਨ ਦੀ ਗਿਣਤੀ ਸਿਰਫ 5 ਫੀਸਦੀ ਸੀ। ਜੋ 2007 ਆਉਂਦੇ ਆਉਂਦੇ ਵਧ ਕੇ 20 ਫੀਸਦੀ ਤੱਕ ਪਹੁੰਚ ਗਈ। ਆਪਣੀ ਫੀਸ ਲੈਣ ਦੇ ਚੱਕਰ 'ਚ ਬ੍ਰੋਕਰ (ਦਲਾਲ) ਵਧ ਤੋਂ ਵੱਧ ਜ਼ਿਆਦਾ ਲੋਕਾਂ ਨੂੰ ਵੱਧ ਤੋਂ ਵੱਧ ਗਹਿਣੇ ਲੈਣ ਲਈ ਪ੍ਰੇਰਿਤ ਕਰਦੇ ਰਹੇ ਸਨ ਕਿ ਅੱਗੇ ਉਹ ਇਨ੍ਹਾਂ ਨਿਵੇਸ਼ਾਂ ਨੂੰ ਵਾਲ ਸਟਰੀਟ ਬੈਂਕ ਵਰਗੇ ਘੱਟ ਕੰਟਰੋਲ (ਨਿਯਮਤ) ਵਰਗੇ ਖੇਤਰਾਂ ਤੋਂ ਬਚਾ ਸਕਣ। ਵਾਲ ਸਟਰੀਟ ਦੇ ਬੈਂਕਾਂ ਨੇ ਇਨ੍ਹਾਂ ਨਿਵੇਸ਼ਾਂ ਨੂੰ ਇਸ ਲਈ ਖਰੀਦਿਆ ਕਿ ਉਹ ਬੰਡਲ ਬਣਾ ਕੇ ਸੰਸਥਾਗਤ ਨਿਵੇਸ਼ਕਾਂ, ਹੈਜ ਫੰਡ ਤੇ ਪੋਰਟ ਫੋਲਿਓ ਮੈਨੇਜਰਾਂ ਨੂੰ ਵੇਚ ਸਕਣ। ਵੱਖ ਵੱਖ ਨਿਵੇਸ਼ਕਾਂ ਦੀ ਜਰੂਰਤ ਤੇ ਪਸੰਦ ਦਾ ਧਿਆਨ ਰੱਖਦੇ ਹੋਇਆ ਇਨ੍ਹਾਂ ਨਿਵੇਸ਼ਾਂ 'ਚ ਜੋਖਿਮ ਨੂੰ ਵੀ ਟ੍ਰੈਂਚ 'ਚ ਬੰਨ ਦਿੱਤਾ ਗਿਆ। ਇਥੇ ਜੋਖਮ ਦੀ ਗ੍ਰੇਡਿੰਗ, ਰੇਟਿੰਗ ਏਜੰਸੀਆਂ ਵੱਲੋਂ ਵੀ ਕੀਤੀ ਜਾ ਰਹੀ ਸੀ ਅਤੇ ਇਨ੍ਹਾਂ ਏਜੰਸੀਆਂ ਨੇ ਬਿਨਾਂ ਇਹ ਜਾਣੇ ਕਿ ਮਾਰਗੇਟ ਕਿਸ ਨੇ ਲਈ ਹੈ। ਸਿਰਫ ਕਾਗਜਾਂ ਦੇ ਅਧਾਰ 'ਤੇ ਜੋਖਿਮ ਤਹਿ ਕਰਨ ਦਾ ਕੰਮ ਕੀਤਾ। ਇਕ ਵਾਰ ਗ੍ਰੇਟਿੰਗ ਹੋ ਜਾਣ 'ਤੇ ਇਹ ਟ੍ਰੈਂਚ ਬੈਂਕਾਂ, ਮਿਊਚਲ ਫੰਡਾਂ ਤੇ ਬੀਮਾ ਕੰਪਨੀਆਂ ਵੱਲੋਂ ਵਰਤੇ ਜਾਣ ਲੱਗੇ। ਪੂੰਜੀ ਦੇ ਸੰਭਵ ਪ੍ਰਵਾਰ ਨੂੰ ਧਿਆਨ 'ਚ ਰੱਖਦੇ ਹੋਇਆ ਟ੍ਰੈਂਚਾਂ ਨੂੰ ਬੀਮਾ ਕੰਪਨੀਆਂ ਵੱਲੋਂ ਸੀਮਤ ਵੀ ਕੀਤਾ ਜਾਣ ਲੱਗਿਆ। ਇਸ ਕੰਮ 'ਚ ਸਿਰਫ ਨਿੱਜੀ ਖੇਤਰ ਦੀਆਂ ਕੰਪਨੀਆਂ ਹੀ ਨਹੀਂ ਬਲਕਿ ਫ੍ਰੇਡਰਿਕ ਮੈਕ ਤੇ ਫੈਨੀ ਮਾਈ ਵਰਗੀਆਂ ਸਰਕਾਰੀ ਖੇਤਰ ਦੀਆਂ ਕੰਪਨੀਆਂ ਵੀ ਲੱਗ ਗਈਆਂ। ਇਨ੍ਹਾਂ ਕੰਪਨੀਆਂ ਨੂੰ ਲੱਗ ਰਿਹਾ ਸੀ ਕਿ ਉਹ ਨਿੱਜੀ ਖੇਤਰ ਦੀਆਂ ਕੰਪਨੀਆਂ ਤੋਂ ਪਿਛੜ ਨਾ ਜਾਣ ਅਤੇ ਉਹ

ਮੌਕੇ ਨੂੰ ਗਵਾ ਨਾ ਦੇਣ।

ਪੂੰਜੀ ਦੇ ਸੀਮਤ ਹੋਣ ਕਾਰਨ ਇਨ੍ਹਾਂ ਕੰਪਨੀਆਂ ਨੂੰ ਕਿਸੇ ਤਰ੍ਹਾਂ ਦੇ ਜੋਖਮ ਦਾ ਅਭਿਆਸ ਨਹੀਂ ਸੀ ਉਹ ਤਾਂ ਇਸ ਪ੍ਰਬੰਧ ਦੇ ਅੰਦਰ ਹੀ ਸਮੋਇਆ ਹੋਇਆ ਸੀ। ਵਿੱਤੀ ਅਵਸਥਾ ਦੇ ਪੂਰੀ ਤਰ੍ਹਾਂ ਏਕੀਕਰਨ ਦੇ ਚਲਦਿਆਂ ਹਰੇਕ ਕੰਪਨੀ ਦੇ ਹਿੱਤ ਇਕ ਵੇਲੇ ਕਈ ਬਾਜ਼ਾਰਾਂ 'ਚ ਲੱਗੇ ਹੁੰਦੇ ਸਨ ਅਤੇ ਕੰਪਨੀਆਂ ਆਪਸ ਵਿਚ ਨਿਵੇਸ਼ਕ, ਲੈਣਦਾਰ ਜਾਂ ਫਿਰ ਦੇਣਦਾਰ ਵਜੋਂ ਜੁੜੀਆਂ ਹੁੰਦੀਆਂ ਸਨ। ਇਸ ਸਥਿਤੀ ਵਿਚ ਕਿਧਰੇ ਵੀ ਥੋੜ੍ਹੀ ਜਿਹੀ ਵੀ ਗੜਬੜ ਵੱਖ ਵੱਖ ਪੱਧਰ 'ਤੇ ਵੱਖ ਵੱਖ ਕੰਪਨੀਆਂ 'ਤੇ ਅਸਰ ਪਾਉਣ ਵਾਲੀ ਸੀ। ਆਖਰਕਰ ਅਸਰ ਪੈਣਾ ਸ਼ੁਰੂ ਹੋ ਹੀ ਗਿਆ। ਸਮੱਸਿਆ ਪੈਦਾ ਹੋਈ ਸਬ ਪ੍ਰਾਈਮ ਲੋਨ ਦੀ ਵਾਪਸੀ ਹੋਣ ਨਾਲ। ਕਈ ਥਾਂ ਇਹ ਸਿੱਧੇ ਤੌਰ 'ਤੇ ਸ਼ੁਰੂ ਹੋਇਆ ਤੇ ਕਿਧਰੇ ਵਿਆਜ ਦਰਾਂ ਦੇ ਵਧਣ ਨਾਲ ਜਿਵੇਂ ਜਿਵੇਂ ਡਿਫਲਟਰਾਂ ਦੀ ਗਿਣਤੀ ਵਧਣ ਲੱਗੀ ਸਭ ਜਾਇਦਾਦਾਂ ਦਾ ਅਸਲੀ ਮੁੱਲ ਘਟਣ ਲੱਗਿਆ। ਦੂਜੇ ਪਾਸੇ ਵਿੱਤੀ ਸੰਸਥਾਵਾਂ ਦੇ ਘਾਟੇ ਵਿਚ ਜਾਣ ਕਰਕੇ ਕਰਜ਼ਾ ਮਿਲਣਾ ਬੰਦ ਹੋ ਗਿਆ ਤੇ ਮਕਾਨਾਂ ਦੀ ਮੰਗ ਘਟਣ ਲੱਗੀ। ਲੋਕਾਂ ਨੂੰ ਅਹਿਸਾਸ ਹੋਇਆ ਕਿ ਸੰਪਤੀ ਬਦਲੇ ਕੀਤੇ ਭੁਗਤਾਨ ਦੀ ਅਸਲ ਕੀਮਤ ਕਾਫੀ ਘੱਟ ਹੈ। ਇਸ ਸਥਿਤੀ 'ਚ ਲੋਕਾਂ ਨੂੰ ਭੁਗਤਾਨ ਕਰਨ ਤੋਂ ਬੇਹਤਰ ਇਹ ਲੱਗਿਆ ਕਿ ਖਾਤਾ ਜਾਂ ਭੁਗਤਾਨ ਹੀ ਬੰਦ ਕਰ ਦਿੱਤਾ ਜਾਵੇ। ਇਸ ਪਿੱਛੋਂ ਜੋ ਹੋਣਾ ਸੀ ਉਹੀ ਹੋਇਆ। ਇਨ੍ਹਾਂ ਮਰਗੇਜ਼ ਦੇ ਅਧਾਰ 'ਤੇ ਬਣਾਈ ਸਕਿਊਰਟੀ ਆਪਣਾ ਮੁੱਲ ਖੋਹਣ ਲੱਗੀ। ਇਸ ਸਮੱਸਿਆ ਦਾ ਸਭ ਤੋਂ ਵੱਡਾ ਖੁਲਾਸਾ ਉਦੋਂ ਹੋਇਆ ਜਦੋਂ ਵਾਲ ਸਟਰੀਟ ਦੇ ਇਕ ਮੋਹਰੀ ਬੈਂਕ ਬੀਅਰ ਸਟਰਨਸ ਨੇ ਐਲਾਨ ਕੀਤਾ ਕਿ ਮਾਰਟ ਗੇਜ਼ ਅਧਾਰਤ ਸਕਿਊਰਟੀ ਨਾਲ ਜੁੜੀਆਂ ਹੋਈਆਂ ਜੋ ਦੋ ਨਿਵੇਸ਼ ਯੋਜਨਾਵਾਂ ਉਸਨੇ ਤਿਆਰ ਕੀਤੀਆਂ ਸਨ ਉਨ੍ਹਾਂ ਦੀ ਕੀਮਤ ਜੀਰੋ ਰਹਿ ਗਈ। ਵਿੱਤੀ ਵਿਵਸਥਾ 'ਚ ਆਪਸ 'ਚ ਜੁੜੇ ਹੋਣ ਕਰਕੇ ਅਮਰੀਕਾ ਤੇ ਉਸ ਦੇ ਬਾਹਰ ਵੀ ਤਕਰੀਬਨ ਸਭ ਵਿੱਤੀ ਫਰਮਾਂ ਤੇ ਹੁਣ ਖਾਸਾ ਮਾੜਾ ਅਸਰ ਪੈ ਰਿਹਾ ਸੀ। ਇਕ ਕਰ ਕਾਰਨ ਕੰਪਨੀਆਂ ਨੇ ਇਕ ਦੂਜੇ ਨੂੰ ਕਰਜ਼ਾ ਦੇਣਾ ਬੰਦ ਕਰ ਦਿੱਤਾ। ਸਿੱਟੇ ਵਜੋਂ ਕੰਪਨੀਆਂ ਨੂੰ ਰੋਜ਼ਾਨਾ ਕੰਮਕਾਜ ਵੀ ਚਲਾਉਣਾ ਮੁਸ਼ਕਲ ਹੋ ਗਿਆ। ਪੂੰਜੀ ਦੀ ਘਾਟ ਕਾਰਨ ਸਭ ਤੋਂ ਬੇਹਤਰ ਮੰਨੀ ਜਾਣ ਵਾਲੀਆਂ ਕੰਪਨੀਆਂ ਵੀ ਪ੍ਰਭਾਵਿਤ ਹੋਣ ਲੱਗੀਆਂ। ਵਾਲ ਸਟਰੀਟ ਦੇ ਨਿਵੇਸ਼ ਅਧਾਰਤ ਬੈਂਕਾਂ ਨੇ ਜਾਂ ਤਾਂ ਆਪਣਾ ਕੰਮ ਬੰਦ ਕਰ ਦਿੱਤਾ ਜਾਂ ਫਿਰ ਖ਼ੁਦ ਨੂੰ ਬੈਂਕ ਹੋਲਡਿੰਗ ਕੰਪਨੀਆਂ 'ਚ ਬਦਲ ਲਿਆ ਜਿਨ੍ਹਾਂ 'ਤੇ ਬੇਹੱਦ ਸਖਤ ਨਿਯਮ ਲਾਗੂ ਹੁੰਦੇ ਸਨ। ਇਸ ਸਮੇਂ ਖਰੀਦਣਾ, ਰਲੇਵਾਂ ਤੇ ਬੰਦੀ ਆਮ ਗੱਲ ਹੋ ਗਈ। ਪਰ ਗੱਲ ਇਥੇ ਹੀ ਖਤਮ ਨਹੀਂ ਹੋਈ ਆਖਰਕਾਰ ਸਰਕਾਰ ਨੂੰ ਅੱਗੇ ਆਉਣਾ ਪਿਆ ਤੇ ਨਿੱਜੀ ਵਿੱਤੀ ਖੇਤਰ ਦੇ ਦਾਬੇ ਨੂੰ ਉਲਟੀ ਦਿਸ਼ਾ 'ਚ ਚਲਾਉਣਾ ਪਿਆ। ਪਰ ਇਹ ਪ੍ਰਬੰਧ ਦਾ ਸੰਕਟ ਹੈ। ਅਤੇ ਇਸ ਦਾ ਅਸਰ ਅਸਲ ਅਰਥਚਾਰੇ 'ਚ ਨਿਵੇਸ਼ ਤੇ ਖਪਤ ਤੇ ਪੈਣਾ ਸ਼ੁਰੂ ਹੋ ਚੁੱਕਿਆ ਹੈ। ਮੰਦੀ ਆ ਚੁੱਕੀ ਹੈ।

# ਕੀ ਹੈ ਅਮਰੀਕਾ ਦਾ ਵਿੱਤੀ ਸੰਕਟ

ਸੰਯੁਕਤ ਰਾਜ ਅਮਰੀਕਾ ਦੀਆਂ ਵਿੱਤੀ ਸੰਸਥਾਵਾਂ, ਇਕ ਤੋਂ ਬਾਅਦ ਦੂਜੀ ਦਿਵਾਲੀਆ ਹੋ ਰਹੀ ਹੈ। ਬੰਧਕ ਬੈਂਕਾਂ, ਵਪਾਰਕ ਬੈਂਕਾਂ ਅਤੇ ਬੀਮਾ ਬੈਂਕਾਂ ਤੋਂ ਲੋਕਾਂ ਦਾ ਵਿਸਵਾਸ ਖਤਮ ਹੁੰਦਾ ਜਾ ਰਿਹਾ ਹੈ। ਅਮਰੀਕੀ ਸਰਕਾਰ ਤੇ ਕੇਂਦਰੀ ਬੈਂਕ ਨੇ ਇਨ੍ਹਾਂ ਆਰਥਕ ਸੰਸਥਾਵਾਂ ਨੂੰ ਬਚਾਉਣ ਤੇ ਲੋਕਾਂ ਦਾ ਵਿਸ਼ਵਾਸ ਬਹਾਲ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੁੰਦੀਆਂ ਜਾ ਰਹੀਆਂ ਹਨ। ਹੁਣ ਇਹ ਵਿੱਤੀ ਸੰਕਟ ਸਿਰਫ ਅਮਰੀਕਾ ਤੱਕ ਹੀ ਸੀਮਿਤ ਨਹੀਂ ਰਹਿ ਗਿਆ ਹੈ ਬਲਕਿ ਅਟਲਾਂਟਿਕ ਸਾਗਰ ਪਾਰ ਕਰਕੇ ਬ੍ਰਿਟੇਨ ਤੇ ਯੂਰਪੀ ਮਹਾਂਦੀਪ ਨੂੰ ਆਪਣੇ ਕਲਾਵੇ 'ਚ ਸਮੇਟਦਾ ਜਾ ਰਿਹਾ ਹੈ। ਸਤੰਬਰ ਦੇ ਆਖਰੀ ਹਫ਼ਤੇ 'ਚ ਜਰਮਨੀ, ਆਈਸਲੈਂਡ, ਬ੍ਰਿਟੇਨ, ਫਰਾਂਸ, ਬੈਲਜਿਅਮ ਤੇ ਲਕਸਮਬਰਗ ਦੀਆਂ ਸਰਕਾਰਾਂ ਪੰਜ ਬੈਂਕ ਨੂੰ ਬਚਾਉਣ ਦੀ ਮੁਹਿੰਮ 'ਚ ਲੱਗੀਆਂ ਹੋਈਆਂ ਹਨ। ਹੁਣ ਸਭ ਸਰਕਾਰਾਂ ਤੇ ਵਿੱਤੀ ਸੰਸਥਾਵਾਂ ਦੇ ਸੰਕਟ ਨਾਲ ਅਰਥਚਾਰੇ ਨੂੰ ਬਚਾਉਣ ਲਈ ਜੀ-ਜਾਨ ਨਾਲ ਜੁਟੀਆਂ ਹੋਈਆਂ ਹਨ। ਇਸ ਸੰਕਟ ਦਾ ਅਸਰ ਸਮੁੱਚੀ ਦੁਨੀਆਂ 'ਚ ਵੇਖਿਆ ਜਾ ਰਿਹਾ ਹੈ। ਦੁਨੀਆਂ ਭਰ ਦੇ ਸ਼ੇਅਰ ਬਾਜ਼ਾਰਾਂ 'ਚ ਭਾਰੀ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਇਸ ਦਾ ਅਸਰ ਵੱਡੇ ਪੈਮਾਨੇ 'ਤੇ ਅਸਲ 'ਚ ਅਰਥਚਾਰੇ 'ਤੇ ਪੈ ਰਿਹਾ ਹੈ।

ਅਮਰੀਕੀ ਸਰਕਾਰ ਨੇ ਇਸ ਵਿੱਤੀ ਸੰਕਟ ਨਾਲ ਨਿਪਟਣ ਲਈ ਲਗਭਗ ਇਕ ਅਰਬ ਡਾਲਰ ਝੌਂਕ ਦਿੱਤੇ ਹਨ। ਇਸ ਨਾਲ ਇਨ੍ਹਾਂ ਵਿੱਤੀ ਸੰਸਥਾਵਾਂ ਨੂੰ ਪਹਿਲਾਂ ਬੇਲਗਾਮ ਲੁੱਟ ਕਰਨ ਦਾ ਮੌਕਾ ਦਿੱਤਾ ਤੇ ਜਦ ਇਨ੍ਹਾਂ ਸੰਸਥਾਵਾਂ ਦੀ ਸਥਿਤੀ ਦਿਵਾਲੀਆ ਹੋਣ ਵਾਲੀ ਹੋ ਗਈ ਤਾਂ ਇਨ੍ਹਾਂ ਨੇ ਉਭਰਨ ਲਈ ਅਮਰੀਕੀ ਮਜ਼ਦੂਰ-ਮਿਹਨਤਕਸ਼ ਲੋਕਾਂ ਦਾ ਪੈਸਾ ਝੌਂਕ ਦਿੱਤਾ। ਇਸ ਤਰ੍ਹਾਂ ਨਾਲ ਇਹ ਮਿਹਨਤਕਸ਼-ਮਜ਼ਦੂਰਾਂ ਦੇ ਪੈਸਿਆਂ ਨਾਲ ਇਨ੍ਹਾਂ ਵਿੱਤੀ ਸ਼ਕਤੀਆਂ ਨੂੰ ਫਿਰ ਤੋਂ ਜੀਵਨ ਦਾਨ ਦੇ ਰਹੀ ਹੈ। ਜਿਸ ਨਾਲ ਕਿ ਅੱਗੇ ਇਹ ਉਨ੍ਹਾਂ ਨੂੰ ਹੋਰ ਵਧ ਆਪਣੇ ਮੁਨਾਫੇ ਦੀ ਹਵਸ ਦਾ ਸ਼ਿਕਾਰ ਬਣ ਸਕਣ। ਯੂਰਪ ਦੀਆਂ ਪੂੰਜੀਵਾਦੀ ਸਰਕਾਰਾਂ ਵੀ ਇਹ ਕਦਮ ਉਠਾ ਰਹੀਆਂ ਹਨ।

**ਮੌਜੂਦਾ ਵਿੱਤੀ ਸੰਕਟ ਦੀਆਂ ਜੜ੍ਹਾਂ** - ਮੌਜੂਦਾ ਵਿੱਤੀ ਸੰਕਟ ਦਾ ਸਿੱਧਾ ਸਬੰਧ ਬੈਂਕ ਦੁਆਰਾ ਵੱਡੇ ਪੈਮਾਨੇ 'ਤੇ ਸਬ-ਪ੍ਰਾਈਮ ਕਰਜ਼ੇ ਦਿੱਤੇ ਜਾਣ ਨਾਲ ਦਿਖਾਈ ਦਿੰਦਾ ਹੈ। ਸਭ ਪ੍ਰਾਈਮ ਕਰਜ਼ ਉਹ ਕਰਜ਼ ਹੈ ਜਿਨ੍ਹਾਂ ਨੂੰ ਬਿਨਾਂ ਗਾਰੰਟੀ ਦੇ ਉਚੇ ਦਰਾਂ 'ਤੇ ਵਿੱਤੀ ਸੰਸਥਾਵਾਂ ਵੱਲੋਂ ਦਿੱਤੇ ਗਏ ਕਰਜ਼ਿਆਂ ਦੀ ਗਾਰੰਟੀ ਵੱਡੇ ਵਪਾਰਕ ਬੈਂਕ ਲੈਂਦੇ ਹਨ। ਅਕਸਰ ਵੱਡੇ ਵਪਾਰਕ ਬੈਂਕ ਆਪਣੀਆਂ ਸਹਾਇਕ ਕੰਪਨੀਆਂ ਰਾਹੀਂ ਪੂੰਜੀ ਬਾਜ਼ਾਰ ਦੀਆਂ ਸਰਗਰਮੀਆਂ 'ਚ ਲਗਾ ਕੇ ਆਪਣੇ ਮੁਨਾਫੇ ਨੂੰ ਵਧਾਉਣ ਦੀ ਕੋਸ਼ਿਸ਼ 'ਚ ਅਜਿਹਾ ਕਰਦੇ ਹਨ। ਸਬ ਪ੍ਰਾਈਮ ਕਰਜ਼ ਦੁਆਰਾ ਪੈਦਾ ਹੋਣ ਵਾਲੇ ਸੰਕਟ ਪਹਿਲਾਂ ਸੰਨ 2008 'ਚ ਪੈਦਾ ਹੋਣੇ ਸ਼ੁਰੂ ਹੋ ਗਏ ਸਨ। ਜਦ ਅਮਰੀਕਾ ਵਿਚ ਮਕਾਨਾਂ ਦੀਆਂ ਕੀਮਤਾਂ ਹੇਠਾਂ ਡਿੱਗੀਆਂ ਸਨ ਤਾਂ ਬੰਧਕ ਬੈਂਕਾਂ ਨੂੰ ਮਿਲਣ ਵਾਲੇ ਕਰਜ਼ ਬੰਦ ਹੋਣ ਲੱਗੇ ਇਸ ਨਾਲ ਕਰਜ਼ ਕਾਰੋਬਾਰ 'ਚ ਵਿਸ਼ਵਾਸ ਟੁੱਟਣ ਲੱਗਿਆ। ਵੱਡੇ ਬੈਂਕ

ਤੇ ਵਿਧੀ ਸੰਸਥਾਨ ਕਰਜ਼ ਦੇਣ ਤੋਂ ਅਨਾਦਾਨੀ ਜਾਂ ਇਨਕਾਰ ਕਰਨ ਲੱਗੇ। ਇਸ ਦੀ ਇਕ ਉਦਾਹਰਣ ਇੰਗਲੈਂਡ ਦੇ ਨਾਰਥਕ ਰਾਜ ਬੈਂਕ ਦਾ ਦਿਵਾਲੀਆ ਹੋਣਾ ਹੈ।

ਨਾਰਥਕ ਰਾਜ ਬੈਂਕ ਛੋਟੇ ਸਮੇਂ ਦੇ ਕਰਜ਼ੇ ਬਾਜ਼ਾਰ ਤੋਂ ਕਰਜ਼ਾ ਲੈਂਦਾ ਸੀ। ਅਤੇ ਇਸ ਦੀ ਵਰਤੋਂ ਲੰਮੇ ਸਮੇਂ ਦੇ ਕਰਜ਼ਿਆਂ ’ਤੇ ਕਰਦਾ ਸੀ। ਇਹ ਦੂਜੀਆਂ ਵਿੱਤੀ ਸੰਸਥਾਵਾਂ ਦੀ ਤੁਲਨਾ ’ਚ ਘੱਟ ਵਿਆਜ ’ਤੇ ਕੰਮ ਕਰਦਾ ਸੀ। ਇਸ ਨੇ ਵੱਡੇ ਪੈਮਾਨੇ ’ਤੇ ਕਰਜ਼ੇ ਲੈ ਰੱਖੇ ਸਨ। ਜਦ ਤੱਕ ਛੋਟੇ ਅਰਸੇ ਦਾ ਕਰਜ਼ ਇਸ ਨੂੰ ਮਿਲਦਾ ਰਿਹਾ ਇਸ ਦਾ ਕੰਮ ਅਸਾਨੀ ਨਾਲ ਚੱਲਦਾ ਰਿਹਾ। ਜਦ ਇਹ ਛੋਟੇ ਅਰਸੇ ਦਾ ਕਰਜ਼ਾ ਇਸ ਨੂੰ ਮਿਲਣਾ ਬੰਦ ਹੋ ਗਿਆ ਤਾਂ ਇਹ ਬੈਂਕ ਢਹਿ ਢੇਰੀ ਹੋ ਗਿਆ। ਇਸ ਬੈਂਕ ਨੇ ਸਭ ਪ੍ਰਾਈਮ ਬੰਧਕਾਂ ’ਚ ਨਿਵੇਸ਼ ਕਰ ਰੱਖਿਆ ਸੀ। ਜਦ ਸਭ ਪ੍ਰਾਈਮ ਸੰਕਟ ਆਇਆ ਤਾਂ ਇਸ ਦੇ ਸਾਹਮਣੇ ਕਰਜ਼ਾ ਮਿਲਣ ਦਾ ਸੰਕਟ ਸੀ ਅਤੇ ਇਸੇ ਨਾਲ ਢਹਿ ਢੇਰੀ ਹੋ ਗਿਆ। ਸਭ ਪ੍ਰਾਈਮ ਕਰਜ਼ਿਆਂ ਦੇ ਹੜ੍ਹ ਨਾਲ ਫੌਰੀ ਤੌਰ ’ਤੇ ਇਹ ਸੰਕਟ ਜੁੜਿਆ ਹੋਇਆ ਦਿਸਦਾ ਹੈ। ਪਰ ਇਸ ਦੀਆਂ ਜੜ੍ਹਾਂ ਖੁਦ ਅਮਰੀਕੀ ਅਰਥਚਾਰੇ ਵਿਚ ਹੋਣ ਵਾਲੀਆਂ ਭਾਰੀ ਤਬਦੀਲੀਆਂ ’ਚ ਹਨ। ਦੂਜੀ ਸੰਸਾਰ ਜੰਗ ਪਿਛੋਂ ਦੀ ਅਮਰੀਕੀ ਅਰਥ ਵਿਵਸਥਾ ’ਚ ਭਾਰੀ ਉਛਾਲ ਆਇਆ ਸੀ। ਉਸ ਸਮੇਂ ਅਮਰੀਕਾ ਦੀ ਵਿੱਤੀ ਪੂੰਜੀ ਸਨਅਤਾਂ ਤੇ ਦੂਜੀਆਂ ਵਪਾਰਕ ਬੈਂਕਾਂ ਦੇ ਨਾਲ ਨਾਲ ਮਕਾਨਾਂ ਲਈ ਕਰਜ਼ਾ ਮੁਹੱਈਆ ਕਰਦੀ ਸੀ ਉਸ ਸਮੇਂ ਦਾ ਇਸ ਦਾ ਰਿਸ਼ਤਾ ਕਾਫੀ ਸਪੱਸ਼ਟ ਸੀ। ਇਹ ਵਾਧੂ ਮੁੱਲ ਵਿਚੋਂ ਇਕ ਹਿੱਸਾ ਆਪਣੇ ਲਈ ਹੜਪ ਲੈਂਦਾ ਸੀ। ਹੁਣ ਇਹ ਤਰੀਕਾ ਕਾਫੀ ਬਦਲ ਗਿਆ ਹੈ। ਹੁਣ ਇਹ ਵਧ ਤੋਂ ਵਧ ਮੁੱਲ ਤੋਂ ਇਕ ਹਿੱਸਾ ਹੀ ਨਹੀਂ ਹੜਪਦੀ ਬਲਕਿ ਇਹ ਹੁਣ ਪ੍ਰਸੰਪਤੀ ਦੇ ਮੁੱਲਾਂ ’ਚ ਤਬਦੀਲੀ ਰਾਹੀਂ। ਇਹ ਆਪਣਾ ਹਿੱਸਾ ਹੜੱਪਦੀ ਹੈ।

ਇਹ ਦੂਸਰਾ ਤਰੀਕਾ ਇਸ ਦਾ ਮੁਖ ਤਰੀਕਾ ਬਣ ਗਿਆ ਹੈ। ਇਹ ਦੂਸਰੇ ਤਰੀਕੇ ’ਚ ਜਾਣੇ ਅਣਜਾਣੇ ਯਾਨੀ ਕਿ ਵਿੱਤੀ ਬਾਜ਼ਾਰਾਂ ਵਿਚ ਆਪਣੀਆਂ ਸਰਗਰਮੀਆਂ ਰਾਹੀਂ ਆਪਣਾ ਹਿੱਸਾ ਹੜੱਪਦੀ ਹੈ। ਇਹ ਦੂਸਰਾ ਤਰੀਕਾ ਇਸ ਦਾ ਮੁੱਖ ਤਰੀਕਾ ਬਣ ਗਿਆ ਹੈ। ਇਸ ਦੂਜੇ ਤਰੀਕੇ ’ਚ ਜਾਣ ਦਾ ਮੂਲ ਕਾਰਨ ਇਹ ਹੈ ਕਿ 1970 ਦੇ ਦਹਾਕੇ ’ਚ ਮੁਨਾਫੇ ਦੀ ਦਰ ’ਚ ਗਿਰਾਵਟ ਆਉਣ ਲੱਗੀ ਅਤੇ 1980 ਦੇ ਦਹਾਕੇ ਦੌਰਾਨ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਅਮਰੀਕਾ ’ਚ ਮੁਨਾਫੇ ਦੀ ਦਰ ਨੂੰ ਲੋੜੀਦੇ ਰੂਪ ’ਚ ਵਧਾਇਆ ਨਹੀਂ ਜਾ ਸਕਿਆ। ਇਸ ਨਾਲ ਨਾ ਸਿਰਫ ਉਦਯੋਗਾਂ ਦੇ ਢਾਂਚੇ ਵਿਚ ਅਤੇ ਮਜ਼ਦੂਰ ਵਰਗ ਵਿਰੁੱਧ ਹਮਲਿਆਂ ’ਚ ਤੇਜ਼ੀ ਲਿਆਉਣ ’ਚ ਤਬਦੀਲੀ ਹੋਈ ਬਲਕਿ ਵਿੱਤੀ ਪੂੰਜੀ ਦਾ ਵੀ ਪੁਨਰਗਠਨ ਹੋਇਆ। ਪਰ ਅਸੀਂ ਵੀਹਵੀ ਸਦੀ ’ਚ ਅਮਰੀਕੀ ਸਾਮਰਾਜ ਦੀ ਵਿਕਾਸ ਯਾਤਰਾ ਨੂੰ ਵੇਖੀਏ ਤਾਂ ਪਤਾ ਲੱਗੇਗਾ ਕਿ ਇਹ ਵਿਨਿਰਮਾਣ ਉਦਯੋਗ ਦੇ ਪ੍ਰਭੂਤਟ ਤੇ ਅਧਾਰਤ ਸੀ ਜਦਕਿ ਸਦੀ ਦੇ ਅੰਤ ਵਿਚ ਅਮਰੀਕੀ ਅਰਥਚਾਰੇ ਵਿਚ ਵਿੱਤ, ਬੀਮਾ ਤੇ ਰਾਇਲ ਅਸਟੇਟ ਖੇਤਰ ਦਾ ਹਿੱਸਾ 20 ਫੀਸਦੀ ਹੋ ਗਿਆ ਹੈ ਵਿਨਿਰਮਾਣ ਖੇਤਰ 14.5 ਫੀਸਦੀ ਰਹਿ ਗਿਆ। ਇਕ ਲੇਖਕ ਨੇ ਲਿਖਿਆ ਹੈ ਕਿ 1990 ਦੇ ਦਹਾਕੇ ਦੇ ਅੱਧ ਵਿਚ ਵਿਨਿਰਮਾਣ ਖੇਤਰ ਦੇ ਮੁਨਾਫੇ ਨੂੰ ਵਿੱਤੀ ਖੇਤਰ ਨੇ ਪਿੱਛੇ ਛੱਡ ਦਿੱਤਾ। ਇਸ ਪਿਛੋਂ ਉਹ ਤੇਜ਼ੀ ਨਾਲ ਅੱਗੇ ਵਧਦਾ ਰਿਹਾ। 2004 ਤੱਕ ਵਿੱਤੀ ਫਰਮਾਂ ਨੇ ਸਮੁੱਚੇ ਅਮਰੀਕੀ

ਮੁਨਾਫਿਆਂ ਦਾ ਲਗਭਗ 40 ਫੀਸਦੀ ਹਾਸਲ ਕੀਤਾ। ਵਿੱਤੀ ਖੇਤਰ ਦੇ ਪੁਨਰਗਠਨ ਨਾਲ ਜੋ ਬੈਂਕਿਗ ਵਿਵਸਥਾ ਉਭਰੀ, ਉਹ ਪਹਿਲਾਂ ਤੋਂ ਭਿੰਨ ਸੀ।

ਇਸ ਭਿੰਨ ਵਿਵਸਥਾ 'ਚ ਬੈਂਕ ਆਪਣੇ ਮੁਨਾਫੇ ਉਨ੍ਹਾਂ ਜਾਇਦਾਦਾਂ ਨੂੰ ਵੇਚਣ ਦੀ ਆਪਣੀ ਯੋਗਤਾ ਦੁਆਰਾ ਬਟੋਰਨ 'ਚ ਵਧਾਉਂਦੇ ਹਨ ਜਿਨ੍ਹਾਂ ਨੂੰ ਮੂਲ ਰੂਪ 'ਚ ਬੰਧਕ ਰੱਖਦੇ ਹਨ। ਇਸ ਨੂੰ ਕੁਝ ਲੋਕ 'ਉਦਗਮ ਤੇ ਵੰਡ' ਪ੍ਰਣਾਲੀ ਕਹਿੰਦੇ ਹਨ। ਇਸ ਅਨੁਸਾਰ ਉਧਾਰ ਦੀ ਮਾਤਰਾ ਕਰਜ਼ੇ ਦੀ ਵੰਡ ਦੀ ਯੋਗਤਾ ਦੁਆਰਾ ਤਹਿ ਹੁੰਦੀ ਹੈ। ਯਾਨੀ ਕਿ ਸੁਰੱਖਿਅਤ ਕਰਜ਼ੇ ਲਈ ਵਿੱਤੀ ਬਾਜ਼ਾਰ ਦੀ ਮੰਗ ਦੁਆਰਾ ਤਹਿ ਹੁੰਦੀ ਹੈ। ਘੱਟ ਵਿਆਜ ਦਰਾਂ ਦੇ ਤਹਿਤ ਵਿੱਤੀ ਬਾਜ਼ਾਰਾਂ ਨਾਲ ਨਵੇਂ ਤੇ ਵਧ ਜ਼ੋਖਮ ਭਰੇ ਕਰਜ਼ੇ ਦੇ ਦਬਾਅ ਕਾਰਨ ਮੰਗ ਉਚੀ ਬਣੀ ਰਹਿੰਦੀ ਹੈ। ਵਿੱਤੀ ਖੇਤਰ ਦੇ ਪੁਨਰਗਠਨ ਨੇ ਵਿੱਤੀ ਪੂੰਜੀ ਦੀ ਅਮਰੀਕੀ ਅਰਥਚਾਰੇ 'ਚ ਪ੍ਰਭੂਤਵਕਾਰੀ ਹਾਲਤ ਅਤੇ ਇਸ ਨਾਲ ਵਧ ਧਨੀ ਭੂਤ ਰੂਪ ਵਿਚ 'ਸਭ ਪ੍ਰਾਈਮ' ਸੰਕਟ ਨੂੰ ਜਨਮ ਦਿੱਤਾ ਜਿਸ ਨੇ ਇਸ ਦੇ ਸਮੁੱਚੇ ਵਿੱਤੀ ਤੰਤਰ ਨੂੰ ਝੰਜੋੜ ਦਿੱਤਾ, ਵਿਸ਼ਵ ਦੇ ਸਾਰੇ ਅਰਥਚਾਰੇ ਨੂੰ ਇਕ ਗਹਿਰੇ ਆਰਥਕ ਸੰਕਟ ਵੱਲ ਧੱਕ ਦਿੱਤਾ।

**ਵਿਸ਼ਵੀਕਰਨ ਤੇ ਬਾਜ਼ਾਰ ਪ੍ਰਬੰਧ ਦੇ ਵਿਨਾਸ਼ਕਾਰੀ ਸਿੱਟੇ** - 1990 ਦੇ ਦਹਾਕੇ ਦੇ ਸ਼ੁਰੂ ਤੋਂ ਅਮਰੀਕੀ ਸਾਮਰਾਜਵਾਦੀ ਤੇ ਹੋਰ ਸਾਮਰਾਜੀ ਦੇਸ਼ ਤੇ ਉਨ੍ਹਾਂ ਦੀਆਂ ਕੌਮਾਂਤਰੀ ਵਿੱਤੀ ਸੰਸਥਾਵਾਂ ਬਾਜ਼ਾਰ ਪ੍ਰਬੰਧ ਦਾ ਗੁਣਗਾਨ ਕਰਦੇ ਨਹੀਂ ਥਕਦੇ ਸਨ। ਉਹ ਵਿਸ਼ਵੀਕਰਨ ਨੂੰ ਅਜਿਹੀ ਰਾਮਬਾਣ ਦਵਾਈ ਹੋਣ ਦਾ ਦਾਅਵਾ ਕਰਦੇ ਸਨ ਜੋ ਦੁਨੀਆਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰ ਦੇਵੇਗੀ। ਉਹ ਆਰਥਕ ਕ੍ਰਿਆਕਲਪਾਂ ਦੇ ਖੇਤਰ ਵਿਚ ਰਾਜ ਦੇ ਘੱਟੋ ਘੱਟ ਦਖਲ ਦੀ ਵਕਾਲਤ ਕਰਦੇ ਸਨ। ਖੁਦ ਅਮਰੀਕਾ ਦੇ ਅੰਦਰ ਪਿਛਲੇ ਤਿੰਨ ਦਹਾਕਿਆਂ ਤੋਂ 'ਮੁਕਤ ਬਾਜ਼ਾਰ' ਇਕ ਧਰਮ ਦਾ ਦਰਜਾ ਦੇ ਦਿੱਤਾ ਗਿਆ ਸੀ। ਪੂੰਜੀਵਾਦੀ ਬਾਜ਼ਾਰ ਨੂੰ ਇਸ ਦਾ ਦੇਵਤਾ ਐਲਾਨ ਦਿੱਤਾ ਗਿਆ। ਇਸ ਸਮੁੱਚੇ ਅਰਸੇ ਵਿਚ ਅਮਰੀਕਾ ਦੀਆਂ ਦੋਨੋਂ ਪੂੰਜੀਵਾਦੀ ਪਾਰਟੀਆਂ ਦੀਆਂ ਸਰਕਾਰਾਂ ਰਹੀਆਂ ਹਨ। ਬਾਜ਼ਾਰ ਦੀ ਅਖੌਤੀ ਅਚੂਕਤਾ ਦੇ ਨਾਂ 'ਤੇ ਵੱਡੀਆਂ ਵਪਾਰਕ ਸਰਗਰਮੀਆਂ ਨੂੰ ਵਿਨੈਮਿਤ ਕੀਤਾ ਗਿਆ। ਵੱਡੇ ਸਨਅਤੀ ਤੇ ਵਿੱਤੀ ਘਰਾਣਿਆਂ ਰਾਹੀਂ ਮੁਨਾਫਾ ਵਟੋਰਨ 'ਤੇ ਸਭ ਕਾਨੂੰਨੀ ਪਾਬੰਦੀਆਂ ਹਟਾ ਲਈਆਂ ਗਈਆਂ ਅਤੇ ਵਿੱਤੀ ਘੱਟ-ਤੰਤਰ ਦੇ ਹੱਥਾਂ ਵਿਚ ਜਾਇਦਾਦ ਦੀ ਉਤਪਤੀ ਹੋਰ ਵੀ ਵੱਡੇ ਪੱਧਰ 'ਤੇ ਹੋਣ ਲੱਗੀ। ਅਮਰੀਕੀ ਵਿਨਿਰਮਾਣ ਤਕਨੀਕ ਜਾਂ ਸਨਅਤੀ ਸ਼ਕਤੀ ਵਿਚ ਕੋਈ ਸੰਸਾਰਕ ਨੇਤਾ ਨਹੀਂ ਰਿਹਾ ਬਲਕਿ ਵਿੱਤੀ ਸੱਟੇਬਾਜ਼ੀ ਤੇ ਪ੍ਰਜੀਵੀਪਨ 'ਚ ਸੰਸਾਰ ਨੇਤਾ ਹੋ ਗਿਆ।

ਹਾਲ ਦੇ ਸਾਲਾਂ ਵਿਚ ਲੇਹਮਾਨ ਕੰਪਨੀ ਆਪਣੇ ਹੋਰ ਵਿਰੋਧੀਆਂ ਨਾਲੋਂ ਘੱਟੋ ਘੱਟ ਮੁਦਰਾ 'ਚ ਜਾਇਦਾਦ ਖਰੀਦਣ ਲਈ ਕਰਜ਼ਾ ਲੈਣ 'ਚ ਜੁਟ ਗਿਆ ਸੀ। ਬੀਤੇ ਇਕ ਮਹੀਨੇ ਦੀਆਂ ਘਟਨਾਵਾਂ ਇਹ ਜ਼ਾਹਰ ਕਰਦੀਆਂ ਹਨ ਕਿ ਅਮਰੀਕੀ ਵਿੱਤੀ ਜਮਾਤ ਸਮੁੱਚੇ ਦੇਸ਼ ਨੂੰ ਦਿਵਾਲੀਏਪਣ ਵੱਲ ਲੈ ਜਾ ਰਹੇ ਹਨ। ਇਥੇ ਇਹ ਵੀ ਧਿਆਨ ਦੇਣ ਯੋਗ ਗੱਲ ਹੈ ਕਿ ਅਮਰੀਕੀ ਪੂੰਜੀਵਾਦ ਦੇ ਪ੍ਰਜੀਵੀਪਨ ਵਾਲੇ ਆਪਣੇ ਕਿਰਦਾਰ ਅਨੁਸਾਰ ਹੀ ਵੱਡੇ ਪੈਮਾਨੇ 'ਤੇ ਭ੍ਰਿਸ਼ਟਾਚਾਰ ਤੇ ਅਪਰਾਧਾਂ ਨੂੰ ਉਤਸ਼ਾਹਿਤ ਕਰ ਰਿਹਾ ਹੈ। ਹਾਲੀ ਹੀ 'ਚ ਫਾਈਨੈਂਸ਼ੀਅਲ ਟਾਈਮਜ਼ 'ਚ ਇਹ ਰਿਪੋਰਟ ਆਈ ਕਿ ਸਭ ਤੋਂ

ਵੱਡੇ ਅਮਰੀਕੀ ਬੈਂਕਾਂ ਦੇ ਵੱਡੇ ਅਮਰੀਕੀ ਬੈਂਕਾਂ ਦੇ ਵੱਡੇ ਅਧਿਕਾਰੀਆਂ ਨੇ ਪਿਛਲੇ ਤਿਨ ਸਾਲਾਂ ਦੇ ਮੁਆਵਜੇ ਦੇ ਬਤੌਰ 95 ਅਰਬ ਡਾਲਰ ਹਾਸਲ ਕੀਤੇ ਜਦਕਿ ਇਸ ਦੌਰਾਨ ਇਨ੍ਹਾਂ ਬੈਂਕਾਂ ਨੇ 500 ਅਰਬ ਡਾਲਰ ਦਾ ਨੁਕਸਾਨ ਉਠਾਇਆ। ਜਿਸ ਪ੍ਰਕਾਰ ਦੇ ਵਿਸ਼ਵੀਕਰਨ ਨੂੰ ਅੰਜਾਮ ਦਿੱਤਾ ਗਿਆ ਸੀ। ਉਸ ਦੇ ਵਿਨਾਸ਼ਕਾਰੀ ਸਿੱਟੇ ਸਮੁੱਚੀ ਦੁਨੀਆਂ 'ਚ ਵੇਖੇ ਜਾ ਰਹੇ ਹਨ। ਸਮੁੱਚੀ ਦੁਨੀਆਂ 'ਚ ਅਮਰੀਕੀ ਵਿੱਤੀ ਸੰਕਟ ਦੇ ਝਟਕੇ ਹੋਰ ਵਧ ਡੂੰਘੇ ਰੂਪ 'ਚ ਦਿਖਾਈ ਦੇ ਰਹੇ ਹਨ। ਹੁਣ ਏਸ਼ੀਆ ਵਿਕਾਸ ਬੈਂਕ ਵੀ ਖੇਤਰੀ ਬਾਜ਼ਾਰਾਂ 'ਚ ਏਸ਼ੀਆਈ ਪੂੰਜੀ ਨਿਵੇਸ਼ ਦੀਆਂ ਗੱਲਾਂ ਉਹ ਪੱਛਮੀ ਦੇਸ਼ਾਂ 'ਚ ਵਿੱਤੀ ਨਿਵੇਸ਼ ਦੇ ਖਤਰਿਆਂ ਤੋਂ ਸਾਵਧਾਨ ਕਰ ਰਹੇ ਹਨ। ਤੇ ਪੱਛਮੀ ਸਾਮਰਾਜੀ ਦੇਸ਼ਾਂ ਦੇ ਅਰਥਚਾਰਿਆਂ ਤੋਂ ਵੱਖ ਹੋਣ ਦੀ ਸਲਾਹ ਦੇ ਰਹੇ ਹਨ। "ਵਿਸ਼ਵੀਕਰਨ" ਦੇ ਪੈਰੋਕਾਰ ਅਲੱਗ ਹੋਣ ਦੀਆਂ ਗੱਲਾਂ ਕਰ ਰਹੇ ਹਨ। ਇਸ ਤਰ੍ਹਾਂ, 'ਮੁਕਤ ਬਾਜ਼ਾਰ' ਦੀ ਹਮਾਇਤ ਕਰਨ ਵਾਲਾ ਅਮਰੀਕਾ ਹੁਣ ਬੈਂਕਾਂ ਨੂੰ ਕੰਟਰੋਲ 'ਚ ਲਿਆਉਣ ਦਾ ਯਤਨ ਕਰ ਰਿਹਾ ਹੈ।

ਅਰਥਚਾਰੇ 'ਚ ਦਖਲਅੰਦਾਜ਼ੀ ਦੀਆਂ ਗੱਲਾਂ ਕਰਨ ਵਾਲਾ ਅਮਰੀਕਾ ਰਾਜ ਦੀ ਦਿਉ ਕੱਦ ਬੀਮਾ ਕੰਪਨੀ ਅਮਰੀਕੀ ਇੰਟਰਨੈਸ਼ਨਲ ਗਰੁੱਪ ਨੂੰ ਦਿਵਾਲੀਆ ਹਣ ਤੋਂ ਬਚਾਉਣ ਲਈ 85 ਅਰਬ ਡਾਲਰ ਦੇ ਚੁੱਕਾ ਹੈ। ਇਥੇ ਇਹ ਗੱਲ ਧਿਆਨ 'ਚ ਰੱਖਣ ਦੀ ਹੈ ਕਿ ਅਮਰੀਕੀ ਇੰਟਰਨੈਸ਼ਨਲ ਗਰੁੱਪ ਨਾ ਤਾਂ ਅਮਰੀਕੀ ਸਰਕਾਰ ਵੱਲੋਂ ਪ੍ਰਯੋਜਿਤ ਸੰਸਥਾ ਹੈ ਅਤੇ ਨਾ ਹੀ ਸੰਘੀ ਸਰਕਾਰ ਦੇ ਪ੍ਰਤੱਖ ਕੰਟਰੋਲ 'ਚ ਹੈ। ਇਸ ਦੇ ਪਹਿਲੇ ਫੈਨੀ ਤੇ ਫ੍ਰੈਡੀ ਮੈਕ ਨਾਂ ਦੀਆਂ ਦੋ ਬੰਧਕ ਸੰਸਥਾਵਾਂ ਨੂੰ ਪਹਿਲਾਂ ਹੀ ਅਮਰੀਕੀ ਸਰਕਾਰ ਆਪਣੇ ਹੱਥਾਂ 'ਚ ਲੈ ਚੁੱਕੀ ਹੈ। ਇਹ ਕਈ ਬੈਂਕ ਦੇ ਰਲੇਵੇਂ ਨੂੰ ਉਤਸ਼ਾਹਿਤ ਕਰ ਰਹੀ ਹੈ। ਇਸ ਤੋਂ ਇਲਾਵਾ ਇਹ ਵਿੱਤੀ ਵੱਡੀਆਂ ਕੰਪਨੀਆਂ ਨੂੰ ਉਭਾਰਨ ਲਈ 700 ਅਰਬ ਡਾਲਰ ਦੇ ਚੁੱਕੀ ਹੈ। ਇਹ ਕੰਮ ਵੱਖ-ਵੱਖ ਯੂਰਪੀ ਸਰਕਾਰਾਂ ਕਰ ਰਹੀਆਂ ਹਨ। 'ਮੁਕਤ ਬਾਜ਼ਾਰ' ਦੇ ਇਨ੍ਹਾਂ ਪੈਰੋਕਾਰਾਂ ਦੇ ਪ੍ਰੋਗਰਾਮ ਤੇ ਯੋਜਨਾਵਾਂ ਢਹਿ ਢੇਰੀ ਹੋ ਗਈਆਂ ਹਨ ਹੁਣ ਇਹ ਕਠੋਰ ਨਿਯਮਾਂ ਦੀਆਂ ਗੱਲਾਂ ਕਰ ਰਹੇ ਹਨ। ਬੈਂਕਾਂ ਦੇ ਵਿੱਤੀ ਸੰਸਥਾਵਾਂ ਦਾ ਕੌਮੀਕਰਨ ਕਰ ਰਹੇ ਹਨ। "ਮੁਕਤ ਬਾਜ਼ਾਰ" ਦੇ ਭਗਵਾਨ ਨੂੰ ਇਨ੍ਹਾਂ ਦੇ ਅਰਥਸਾਸ਼ਤਰੀ ਤੇ ਵਿਦਵਾਨ ਹੁਣ ਕੰਟਰੋਲ 'ਚ ਲਿਆਉਣ ਦੀਆਂ ਗੱਲਾਂ ਕਰ ਰਹੇ ਹਨ। ਕੁਝ ਲੋਕ ਕੀਂਸਵਾਦ ਦੀ ਮੁੜ ਵਾਪਸੀ ਦੀਆਂ ਕਰਨ ਲੱਗੇ ਹਨ। ਅਸਲੀਅਤ ਇਹੀ ਹੈ ਕਿ ਜਿਸ ਪ੍ਰਕਾਰ 'ਮੁਕਤ ਬਾਜ਼ਾਰ' ਅਜੇ ਤੱਕ ਵਿੱਤੀ ਮਗਰਮੱਛਾਂ ਦੇ ਵਾਧੂ ਮੁਨਾਫੇ ਵਟੋਰਨ ਦਾ ਔਜਾਰ ਸੀ ਉਸੇ ਤਰ੍ਹਾਂ 'ਕੌਮੀਕਰਨ' ਅਤੇ ਸਰਕਾਰੀ ਕੰਟਰੋਲ ਨੂੰ ਕਰੜਾ ਕਰਨਾ ਵੀ ਉਨ੍ਹਾਂ ਵਿੱਤੀ ਤੇ ਸਨਅਤੀ ਸ਼ਾਖ਼ਾਵਾਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਫਿਰ ਤੋਂ ਵਾਧੂ ਮੁਨਾਫਾ ਵਟੋਰਨ ਦੀਆਂ ਹਾਲਤਾਂ ਤਿਆਰ ਕਰਨ ਦਾ ਉਪਾਅ ਹੈ। ਪਰ ਇਸ ਨਾਲ ਇਹ ਬਹੁਤ ਸਪੱਸ਼ਟ ਹੋ ਗਿਆ ਹੈ ਕਿ ਮੌਜੂਦਾ ਵਿੱਤੀ ਸੰਕਟ ਸੰਸਾਰੀਕਰਨ ਤੇ ਮੁਕਤ ਬਾਜ਼ਾਰ ਦੀਆਂ ਨੀਤੀਆਂ ਦਾ ਸੁਭਾਵਿਕ ਸਿੱਟਾ ਹੈ ਜੋ ਖੁਦ ਅਮਰੀਕੀ ਪੂੰਜੀਵਾਦ ਦੇ ਆਪਣੇ ਅਰਥਚਾਰੇ ਦੇ ਵਿੱਤੀ ਤਾਣੇ ਬਾਣੇ ਦੇ ਪੁਨਰਗਠਨ ਨਾਲ ਜੁੜੀ ਹੋਈ ਹੈ। ਇਹ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ ਅਮਰੀਕੀ ਅਰਥਚਾਰਾ ਅਤੇ ਉਸ ਦੀ ਮੁਦਰਾ ਡਾਲਰ ਦਾ ਸੰਸਾਰ 'ਤੇ ਪ੍ਰਭੂਤਵ ਕਮਜ਼ੋਰ ਹੋ ਰਿਹਾ ਹੈ।

ਅਮਰੀਕੀ ਆਰਥਕ ਅਜ਼ਾਰੇਦਾਰੀ ਕੰਮਜ਼ੋਰ ਹੋਣ ਵੱਲ – ਦੂਜੀ ਸੰਸਾਰ ਜੰਗ ਪਿਛੋਂ ਅਮਰੀਕੀ ਅਰਥਚਾਰੇ 'ਚ ਨਵਾਂ ਉਛਾਲ ਆਇਆ ਸੀ ਇਸ ਦੌਰਾਨ ਦੂਨੀਆਂ 'ਤੇ ਅਮਰੀਕੀ ਅਜ਼ਾਰੇਦਾਰੀ ਸਿਰਫ ਉਸ ਦੀ ਫੌਜੀ ਤਾਕਤ 'ਤੇ ਹੀ ਨਹੀਂ ਅਧਾਰਿਤ ਸੀ ਬਲਕਿ ਇਹ ਉਸ ਦੀ ਆਰਥਕ ਵੀਰਤਾ 'ਤੇ ਵੀ ਅਧਾਰਤ ਸੀ। ਹੁਣ ਇਸ ਸਮੇਂ ਆਰਥਕ ਅਜ਼ਾਰੇਦਾਰੀ ਕਮਜ਼ੋਰ ਹੋ ਗਈ ਹੈ। ਚੀਨ ਦੇ ਅਰਥਚਾਰੇ ਦਾ ਉਭਾਰ, ਰੂਸ ਦਾ ਫਿਰ ਤੋਂ ਇਕ ਆਰਥਕ ਤਾਕਤ ਵਜੋਂ ਉਭਰਨਾ ਅਤੇ ਯੂਰਪੀ ਯੂਨੀਅਨ ਤੇ ਯੂਰੋ ਦੀ ਮਜ਼ਬੂਤੀ ਅਮਰੀਕੀ ਆਰਥਕ ਅਜ਼ਾਰੇਦਾਰੀ ਲਈ ਇਕ ਚੁਣੌਤੀ ਬਣਦੀ ਜਾ ਰਹੀ ਹੈ।

ਸੰਸਾਰ ਪੂੰਜੀਵਾਦ ਪ੍ਰਬੰਧ (ਸਾਮਰਾਜ) ਤੇ ਅਮਰੀਕੀ ਆਰਥਕ ਅਜ਼ਾਰੇਦਾਰੀ ਕਮਜ਼ੋਰ ਹੋਣ ਨਾਲ ਕੌਮਾਂਤਰੀ ਸਬੰਧਾਂ 'ਚ ਤਬਦੀਲੀਆਂ ਆ ਰਹੀਆਂ ਹਨ। ਫਿਰ ਵੀ ਅਮਰੀਕੀ ਸਾਮਰਾਜਵਾਦ ਅਤੇ ਆਰਥਕ ਅਜ਼ਾਰੇਦਾਰੀ ਦੇ ਕਮਜ਼ੋਰ ਹੋਣ ਨੂੰ ਫੌਜੀ ਸਾਧਨਾਂ ਰਾਹੀਂ ਭਰਪਾਈ ਕਰਨਾ ਚਾਹੁੰਦਾ ਹੈ। ਇਹ ਅਮਰੀਕੀ ਫੌਜੀਵਾਦ ਦੇ ਉਭਰਨ ਦੇ ਕਾਰਨਾਂ 'ਚੋਂ ਇਕ ਹੈ। ਇਰਾਕ ਇਸ ਦੀ ਤਾਜੀ ਉਦਾਹਰਨ ਹੈ। ਵਿਸ਼ਵ ਪੂੰਜੀਵਦ ਪ੍ਰਬੰਧ ਦੇ ਆਰਥਕ ਢਾਂਚੇ 'ਚ ਮਹੱਤਵਪੂਰਨ ਤਬਦੀਲੀਆਂ ਹੋਈਆਂ ਹਨ। 15 ਸਾਲ ਪਹਿਲਾਂ ਜੀ-7 ਦੇ ਅਰਥਚਾਰੇ 'ਚ ਵਿਸ਼ਵੀ ਆਰਥਕ ਸਰਗਰਮੀਆਂ ਦੇ ਲਗਭਗ 70 ਫੀਸਦੀ 'ਤੇ ਕਾਬਜ ਸੀ ਜੋ ਇਸ ਸਮੇਂ ਘੱਟ ਕੇ 62 ਫੀਸਦੀ ਰਹਿ ਗਈ ਹੈ।

ਅਮਰੀਕੀ ਸਾਮਰਾਜਵਾਦ ਨੂੰ ਨਾ ਸਿਰਫ ਪੁਰਾਣੀਆਂ ਸ਼ਕਤੀਆਂ ਤੋਂ ਆਰਥਕ ਤੌਰ 'ਤੇ ਚੁਣੌਤੀ ਮਿਲ ਰਹੀ ਹੈ। ਇਸ ਨੇ ਡਾਲਰ ਦੀ ਤਾਕਤ ਨੂੰ ਵੀ ਮੁਕਾਬਲਾਤਨ ਕਮਜ਼ੋਰ ਕੀਤਾ ਹੈ। ਜੇ ਡਾਲਰ ਅਜੇ ਵੀ ਮੁਖ ਕੌਮਾਂਤਰੀ ਮੁਦਰਾ ਵਜੋਂ ਸਥਾਪਤ ਹੈ ਤਾਂ ਉਹ ਚੀਨ ਤੇ ਹੋਰ ਦੇਸ਼ਾਂ ਦੀ ਸਸਤੀ ਮਜ਼ਦੂਰੀ 'ਤੇ ਅਧਾਰਤ ਅਮਰੀਕਾ ਨੂੰ ਬਰਾਮਦ ਦੀ ਵਜ੍ਹਾ ਕਰਕੇ ਹੈ। ਚੀਨ ਵੱਲੋਂ ਡਾਲਰ ਦੀ ਭਾਰੀ ਮਾਤਰਾ 'ਚ ਅਮਰੀਕੀ ਦੇ ਅੰਦਰ ਜਮਾ ਰਾਸ਼ੀ ਉਥੇ ਸਿੱਕੇ ਦੇ ਫੈਲਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਪਰ ਮੌਜੂਦਾ ਵਿੱਤੀ ਸੰਕਟ ਕਾਰਨ ਹੁਣ ਡਾਲਰ ਦੇ ਹੋਰ ਵਧ ਕਮਜ਼ੋਰ ਹੋਣ ਦੇ ਦਿਨ ਨੇੜੇ ਆ ਰਹੇ ਹਨ।

ਮੌਜੂਦਾ ਸਮੇਂ 'ਚ ਅਜਿਹੀ ਹਾਲਤ ਬਣਦੀ ਜਾ ਰਹੀ ਹੈ ਕਿ ਹੁਣ ਹੋਰ ਯੂਰਪੀ ਅਰਥਚਾਰੇ ਵੀ ਡਿੱਗਣ ਵੱਲ ਜਾਣ ਦੇ ਸ਼ਿਕਾਰ ਹਨ। ਇਸ ਦੇ ਝਟਕੇ ਨਾ ਸਿਰਫ ਯੂਰਪ ਬਲਕਿ ਏਸ਼ੀਆ ਵਿਚ ਵੀ ਗੰਭੀਰ ਤੌਰ 'ਤੇ ਆਉਣ ਲੱਗੇ ਹਨ। ਇਹ ਇਸ ਗੱਲ ਦਾ ਸੂਚਕ ਹੈ ਕਿ ਮੌਜੂਦਾ ਪੂੰਜੀਵਾਦੀ ਖੋਲ ਦੇ ਅੰਦਰ ਸੰਸਾਰ ਅਰਥਚਾਰੇ ਦਾ ਕੋਈ ਮੌਲਿਕ ਹੱਲ ਨਹੀਂ ਹੋ ਸਕਦਾ। ਮਜ਼ਦੂਰਾਂ ਮਿਹਨਤਕਸ਼ਾਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨਾ ਤਾਂ ਦੂਰ ਇਹ ਉਨ੍ਹਾਂ ਹੋਰ ਵਧ ਡੂੰਘਾ ਕਰਦੀ ਜਾ ਰਹੀ ਹੈ। ਇਸ ਵਿੱਤੀ ਸੰਕਟ ਨੇ ਲੱਖਾਂ ਲੋਕਾਂ ਨੂੰ ਬੇਰੁਜ਼ਗਾਰ ਬਣਾਇਆ ਹੈ। ਲੱਖਾਂ ਨੂੰ ਬੇਘਰ ਕੀਤੈ। ਜਿੰਦਗੀ ਦੀਆਂ ਆਮ ਲੋੜਾਂ ਦੀਆਂ ਚੀਜ਼ਾਂ ਵੀ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ।

# ਸੰਸਾਰ-ਵਿਆਪੀ ਵਿੱਤੀ ਸੰਕਟ ਤੇ ਭਾਰਤ

ਲਗਭਗ 8 ਦਹਾਕਿਆਂ ਪਿੱਛੋਂ ਸੰਸਾਰ ਇਕ ਵਾਰੀ ਫਿਰ ਭਿਅੰਕਰ ਵਿੱਤੀ ਸੰਕਟ ਵਿੱਚ ਫਸ ਗਿਆ ਹੈ। ਇਹ ਨਵੇਂ ਵਿਸ਼ਵੀਕਰਨ ਯੁੱਗ ਦਾ ਪਹਿਲਾ ਸੰਕਟ ਹੈ ਜਿਸ ਦਾ ਵਿਸਥਾਰ ਤੇ ਪ੍ਰਭਾਵ ਅਭੂਤਪੂਰਵ ਹੈ। ਸੰਸਾਰ ਦਾ ਕੋਈ ਦੇਸ਼ ਇਸ ਤੋਂ ਅਛੂਤ ਨਹੀਂ ਹੈ। ਕਿਹਾ ਜਾ ਰਿਹਾ ਹੈ ਕਿ ਇਹ ਵਿੱਤੀ ਸੰਕਟ ਇਕ ਛੂਤ ਦੇ ਰੋਗ ਵਾਗੂੰ ਹੈ ਜਿਸ ਦੀ ਲਪੇਟ ਵਿੱਚ ਕੁਲ ਮਿਲਾ ਕੇ ਸਭ ਇਲਾਕੇ ਤੇ ਉਨ੍ਹਾਂ ਦੇ ਵਾਸੀ ਆ ਗਏ ਹਨ। ਜਿਸ ਨੇ ਵਾਸ਼ਿੰਗਟਨ ਆਮ ਰਾਏ ’ਤੇ ਅਧਾਰਿਤ ਵਿਸ਼ਵੀਕਰਨ ਨੂੰ ਜਿੰਨੇ ਉਤਸ਼ਾਹ ਨਾਲ ਅਪਣਾਇਆ ਹੈ ਉਸ ਦੀ ਹਾਲਤ ਉਨੀ ਹੀ ਖਰਾਬ ਹੈ। ਯਾਦ ਰਹੇ ਕਿ ਵਾਸ਼ਿੰਗਟਨ ਆਮ ਰਾਏ ਦੇ ਤਹਿਤ ਅਰਥਚਾਰੇ ਦੇ ਸੰਚਾਲਨ ਤੇ ਤਬਾਦਲੇ ਨੂੰ ਪੂਰੀ ਤਰ੍ਹਾਂ ਬਾਜ਼ਾਰ ਦੀਆਂ ਸ਼ਕਤੀਆਂ ’ਤੇ ਛੱਡਣ ਦੀ ਗੱਲ ਹੈ। ਰਾਜ ਦੀ ਭੂਮਿਕਾ ਬੇਹੱਦ ਸੀਮਤ ਹੁੰਦੀ ਹੈ। ਕਿਵੇਂ, ਕੀ ਤੇ ਕਿਨ੍ਹਾਂ ਲਈ ਪੈਦਾਵਾਰ ਹੋਵੇ? ਪੈਦਾਵਾਰ ਨਾਲ ਜੁੜੇ ਇਹਨਾਂ ਤਿੰਨ ਸਭ ਤੋਂ ਮਹੱਤਵਪੂਰਨ ਪ੍ਰਸ਼ਨਾਂ ਦੇ ਉਤਰ ਬਾਜ਼ਾਰ ਦੀਆਂ ਸਾਮਰਾਜੀ ਸ਼ਕਤੀਆਂ ’ਤੇ ਛੱਡ ਦਿੱਤੇ ਜਾਂਦੇ ਹਨ। ਉਨ੍ਹਾਂ ਹੀ ਵਸਤਾਂ ਤੇ ਸੇਵਾਵਾਂ ਦੀ ਪੈਦਾਵਾਰ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਬਾਜ਼ਾਰ ’ਚ ਵੱਧ ਮੰਗ ਹੁੰਦੀ ਹੈ। ਉਹਨਾਂ ਹੀ ਤੌਰ ਤਰੀਕਿਆਂ ਜਾਂ ਤਕਨੀਕਾਂ ਦੇ ਅਧਾਰ ’ਤੇ ਪੈਦਾਵਾਰ ਨਹੀਂ ਹੁੰਦੀ ਜਿਥੇ ਲਾਗਤ ਘੱਟੋ ਘੱਟ ਹੋਵੇ। ਪੈਦਾਵਾਰ ਉਹਨਾਂ ਲੋਕਾਂ ਲਈ ਹੁੰਦੀ ਹੈ ਜਿਨ੍ਹਾਂ ਕੋਲ ਭਰਪੂਰ ਅਮਲੀ ਸ਼ਕਤੀ ਹੁੰਦੀ ਹੈ। ਸਪੱਸ਼ਟ ਹੈ ਕਿ ਪੈਦਾਵਾਰ ਦਾ ਉਦੇਸ਼ ਮੁਨਾਫੇ ਨੂੰ ਵਧ ਤੋਂ ਵਧ ਕਰਨਾ ਹੁੰਦਾ ਹੈ। ਜਿਸ ਦੇ ਲਈ ਲਾਗਤ ਨੂੰ ਘੱਟੋ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਭਾਵੇਂ ਹੀ ਬੇਰੁਜ਼ਗਾਰੀ ਵਧੇ ਅਤੇ ਦੇਸ਼ ’ਚ ਖੇਤਰੀ ਅਸੰਤੁਲਨ ਵਿਚ ਵਾਧਾ ਹੋਵੇ। ਰਾਜ ਦੀ ਭੂਮਿਕਾ ਬਾਜ਼ਾਰ ਦੀਆਂ ਸ਼ਕਤੀਆਂ ਦੇ ਰਾਹ ’ਚ ਆਉਣ ਵਾਲੀਆਂ ਔਕੜਾਂ ਨੂੰ ਦੂਰ ਕਰਨ, ਉਨ੍ਹਾਂ ਦੇ ਨਿਰਵਿਘਨ ਕੰਮ ਕਰਨ ਲਈ ਵਾਜਬ ਸਥਿਤੀਆਂ ਪੈਦਾ ਕਰਨੀਆਂ ਹੁੰਦੀ ਹੈ। ਇਸ ਤਰ੍ਹਾਂ ਰਾਜ ਆਪਣੀ ਭੂਮਿਕਾ ਨੂੰ ਬਾਹਰੀ ਹਮਲੇ ਨਾਲ ਦੇਸ਼ ਦੀ ਰਾਖੀ, ਅੰਦਰੂਨੀ ਕਾਨੂੰਨ ਅਤੇ ਵਿਵਸਥਾ ਤੇ ਸਿਖਿਆ, ਸਿਹਤ, ਸੜਕਾਂ, ਰੇਲ ਮਾਰਗ, ਨਹਿਰ, ਬਿਜਲੀ ਆਦਿ ਸਮੂਹਕ ਸੇਵਾਵਾਂ ਨੂੰ ਪ੍ਰਦਾਨ ਕਰਨ ਤੱਕ ਹੀ ਸੀਮਤ ਰੱਖਦਾ ਹੈ। ਉਹ ਗਰੀਬੀ ਹਟਾਉਣ ਤੇ ਕਮਜ਼ੋਰ ਵਰਗਾਂ ਦੀ ਰਾਖੀ ਤੇ ਕਿਰਤ ਕਾਨੂੰਨਾਂ ਨੂੰ ਬਣਾਉਣ ਤੇ ਲਾਗੂ ਕਰਨ ਤੋਂ ਆਪਣੇ ਆਪ ਨੂੰ ਦੂਰ ਰੱਖਦਾ ਹੈ। ਜੇ ਭਾਰਤ ਨੇ 1990 ਦੇ ਦਹਾਕੇ ਵਿਚ ਵਾਸ਼ਿਗਟਨ ਆਮ ਰਾਇ ’ਤੇ ਅਧਾਰਤ ਵਿਸ਼ਵੀਕਰਨ ਨੂੰ ਅੰਗੀਕਾਰ ਕੀਤਾ ਅਤੇ ਆਰਥਕ ਸੁਧਾਰ ਦੇ ਪ੍ਰੋਗਰਾਮ ਸ਼ੁਰੂ ਕੀਤੇ, ਫਿਰ ਵੀ ਬੜੀ ਤੇਜ਼ੀ ਨਾਲ ਇਸ ਮਾਰਗ ’ਤੇ ਅੱਗੇ ਨਹੀਂ ਵਧ ਸਕਿਆ। ਇਸ ਪਿੱਛੇ ਸਭ ਤੋਂ ਵੱਡਾ ਕਾਰਨ ਬਾਲਗ ਮਤਦਾਨ ਤੇ ਅਧਾਰਤ ਲੋਕ ਰਾਜ ਵਿਵਸਥਾ। ਭਾਜਪਾ ਦੀ ਅਗਵਾਈ ਵਾਲੀ ਰਾਜਗ ਸਰਕਾਰ ਨੇ ਇਸ ਦਿਸ਼ਾ ਵਿਚ ਰਫ਼ਤਾਰ ਤੇਜ਼ ਕਰਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੇ ਅਰੁਣ ਸ਼ੋਰੀ ਦੇ ਤਹਿਤ ਆਪਨਿਵੇਸ ਮੰਤਰਾਲਾ ਬਣਾ ਕੇ ਜਨਤਕ ਅਦਾਰਿਆਂ ਨੂੰ ਵੇਚਣਾ ਸ਼ੁਰੂ ਕੀਤਾ ਅਤੇ ਇਸ ਕੰਮ ਕਾਰਨ ਪ੍ਰਿੰਟ ਤੇ ਇਲੈਕਟ੍ਰੌਨਿਕ ਮੀਡੀਆ ਨੇ ਉਸ ਦੀ ਤਾਰੀਫ਼ ਦੇ ਪੁਲ ਬੰਨੇ ਅਤੇ ਇਸ ਸਿੱਟੇ ਤੇ ਆ ਗਈ ਕਿ ਭਾਰਤ ਚਮਕਣ

ਲੱਗਿਆ ਹੈ ਅਤੇ ਹਰ ਪਾਸੇ ਆਨੰਦ ਹੀ ਆਨੰਦ ਹੈ ਪਰੰਤੂ ਇਹ ਭਰਮ ਜਲਦੀ ਹੀ ਟੁੱਟ ਗਿਆ ਜਦ ਵੋਟਰਾਂ ਨੇ ਉਸ ਨੂੰ ਗਦੀਓਂ ਲਾਹ ਦਿੱਤਾ। ਇਸ ਨਾਲ ਨਾ ਸਿਰਫ਼ ਭਾਰਤੀ ਅਰਥਚਾਰਾ ਪੂਰੀ ਤਰ੍ਹਾਂ ਵਿਸ਼ਵੀਕ੍ਰਿਤ ਅਰਥਚਾਰੇ ਨਾਲ ਇਕਮਿਕ ਹੋ ਸਕਿਆ ਅਤੇ ਨਾ ਹੀ ਰਾਜ ਦੀ ਸਰਗਰਮ ਭੂਮਿਕਾ ਨੂੰ ਪੂਰੀ ਤਰ੍ਹਾਂ ਨਿਸਚਿਤ ਕਰ ਸਕਿਆ।

ਸੰਨ 2004 ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਹਕੂਮਤ 'ਚ ਆਈ ਤੇ ਆਪਣਾ ਹੱਥ ਆਮ ਲੋਕਾਂ ਦੇ ਨਾਲ ਰੱਖਣ ਦੇ ਵਾਅਦੇ ਦੇ ਅਧਾਰ 'ਤੇ ਅੱਗੇ ਵਧੀ। ਇਸ ਦੇ ਬਾਵਜੂਦ ਉਸ ਨੇ ਵਸ਼ਿੰਗਟਨ ਆਮ ਰਾਇ 'ਤੇ ਅਧਾਰਤ ਸੁਧਾਰ ਪ੍ਰੋਗਰਾਮਾਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਵਿਚ ਕੋਈ ਕਸਰ ਨਾ ਛੱਡੀ। ਫਿਰ ਵੀ ਰਾਜਸੀ ਮਜ਼ਬੂਰੀਆਂ ਕਾਰਨ ਵਿਸੇਸ਼ ਸਫਲਤਾ ਨਹੀਂ ਮਿਲੀ। ਆਪ ਨਿਵੇਸ਼ ਪ੍ਰੋਗਰਾਮ ਠੰਡੇ ਬਸਤੇ 'ਚ ਚਲੇ ਗਏ। ਬੈਂਕਾਂ ਤੇ ਬੀਮਾ ਕੰਪਨੀਆਂ ਨੂੰ ਜਨਤਕ ਖੇਤਰ 'ਚੋਂ ਕੱਢ ਕੇ ਨਿੱਜੀ ਹੱਥਾਂ ਵਿਚ ਪੂਰੀ ਤਰ੍ਹਾਂ ਤਾਂ ਨਹੀਂ ਸੌਂਪਿਆ ਜਾ ਸਕਿਆ। ਨਿੱਜੀ ਨਿਵੇਸ਼ਕਾਂ ਨੂੰ ਘੱਟ ਵਿਆਜ ਦਰ 'ਤੇ ਕਰਮਚਾਰੀ ਪ੍ਰੋਵੀਡੈਂਟ ਫੰਡ ਮੁਹੱਈਆ ਕਰਾਉਣ ਦੀ ਮੰਨਸ਼ਾ ਵੀ ਪੂਰੀ ਨਹੀਂ ਹੋ ਸਕੀ। ਫੈਸ਼ਨ ਫੰਡ ਦੀ ਯੋਜਨਾ ਤਾਂ ਲਾਗੂ ਹੋ ਗਈ ਪਰ ਉਸ ਨੂੰ ਸ਼ੇਅਰ ਬਾਜ਼ਾਰ 'ਚ ਪਾਉਣ ਲਈ ਸਰਕਾਰ ਨੂੰ ਹਰੀ ਝੰਡੀ ਨਹੀਂ ਮਿਲ ਸਕੀ। ਰਾਜਸੀ ਮਜ਼ਬੂਰੀਆਂ ਦੇ ਕਾਰਨ ਵਾਸ਼ਿੰਗਟਨ ਆਮ ਰਾਏ ਦੇ ਪੱਖੀ ਅਰਥ ਸਾਸ਼ਤਰੀਆਂ ਜਿਵੇਂ ਕੈਸ਼ਿਕ ਬਸੂ ਰਘੂਰਾਮ ਰਾਜਨ, ਸੁਰਜੀਤ ਭੱਲਾ ਆਦਿ ਦੇ ਵਿਰੋਧ ਦੇ ਬਾਵਜੂਦ ਕੌਮੀ ਪੇਂਡੂ ਰੁਜ਼ਗਾਰ ਗਾਰੰਟੀ ਯੋਜਨਾ ਲਾਗੂ ਹੋਈ ਤੇ ਪੀੜਤ ਖੇਤੀ ਮਜ਼ਦੂਰਾਂ ਨੂੰ ਰਾਹਤ ਦਾ ਐਲਾਨ ਕੀਤਾ ਗਿਆ। ਰੁਪਏ ਨੂੰ ਪੂੰਜੀ ਖਾਤੇ ਵਿਚ ਪੂਰੀ ਤਰ੍ਹਾਂ ਤਬਦੀਲੀ ਯੋਗ ਨਹੀਂ ਬਣਾਇਆ ਜਾ ਸਕਿਆ। ਉੱਪਰ ਜੋ ਕੁਝ ਕਿਹਾ ਗਿਆ ਹੈ ਉਸ ਤੋਂ ਸਪੱਸ਼ਟ ਹੈ ਕਿ ਸਰਕਾਰੀ ਇੱਛਾ ਦੇ ਬਾਵਜੂਦ ਭਾਰਤੀ ਅਰਥਚਾਰੇ ਨੂੰ ਪੂਰੀ ਤਰ੍ਹਾਂ ਵਿਸ਼ਵੀਕ੍ਰਿਤ ਅਰਥਚਾਰੇ ਦਾ ਅਜੇ ਅੰਗ ਨਹੀਂ ਬਣਾਇਆ ਜਾ ਸਕਿਆ ਅਤੇ ਇਹ ਇਕ ਵੱਡਾ ਕਾਰਨ ਹੈ ਕਿ ਭਰਤੀ ਅਰਥਚਾਰਾ ਖਾਸ ਕਰਕੇ ਵਿੱਤੀ ਸੰਸਥਾਨ ਇਸ ਮਹਾਂਮਾਰੀ ਨਾਲ ਪੂਰੀ ਤਰ੍ਹਾਂ ਤਬਾਹ ਨਹੀਂ ਹੋਏ ਹਨ। ਇਸ ਤੱਥ ਦੀ ਚਰਚਾ ਕਰਦਿਆਂ ਨਿਊਯਾਰਕ ਟਾਈਮਜ਼ ਨੇ ਇਕ ਪ੍ਰਬੰਧਕੀ ਮਾਹਰ ਰਮਾ ਬੀਜਾਪੁਰਕਰ, ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਅਨੇਕਾਂ ਦੇਸ਼ਾਂ ਦੇ ਮੁਕਾਬਲੇ ਵੱਧ ਸੁਰੱਖਿਅਤ ਹੈ ਕਿਉਂਕਿ ਇਹ ਵਿਸ਼ਵ ਵਿੱਤੀ ਖੇਤਰ ਦੇ ਦਾਖਲੇ ਲਈ ਆਪਣੇ ਦਰਵਾਜ਼ੇ ਖੋਲ੍ਹਣ ਵਿਚ ਸੁਸਤ ਰਿਹਾ ਹੈ। 'ਸਾਨੂੰ ਸੇਕ ਤਾਂ ਲੱਗੂਗਾ ਹੀ ਪਰ ਇਸ ਅੱਗ ਵਿਚ ਅਸੀਂ ਭਸਮ ਨਹੀਂ ਹੋ ਸਕਾਂਗੇ।' ਧਿਆਨ ਰੱਖਣ ਦੀ ਗੱਲ ਇਹ ਹੈ ਕਿ ਨਿੱਜੀ ਖੇਤਰ ਦੇ ਬੈਂਕ ਜਨਤਕ ਖੇਤਰ ਦੇ ਬੈਂਕਾਂ ਦੇ ਮੁਕਾਬਲਾਤਣ ਵੱਧ ਝੁਲਸੇ ਹਨ। ਦੋਨੋਂ ਕਿਸਮ ਦੇ ਬੈਂਕਾਂ ਦਾ ਆਪਣੀਆਂ ਵਿਦੇਸ਼ੀ ਸ਼ਖਾਵਾਂ ਤੇ ਸਹਾਇਕ ਕੰਪਨੀਆਂ ਦੇ ਰਾਹੀਂ ਵਿਦੇਸ਼ੀ ਵਿੱਤੀ ਸੰਸਥਾਵਾਂ ਨਾਲ ਕੁਲ ਮਿਲਾ ਕੇ ਇਕ ਅਰਬ ਡਾਲਰ ਦਾ ਲੈਣ ਦੇਣ ਦੇ ਰਿਹਾ ਹੈ। ਜਿਨ੍ਹਾਂ ਸੰਸਥਾਵਾਂ ਨਾਲ ਇਹ ਸਬੰਧ ਰਿਹਾ ਹੈ ਉਹਨਾਂ 'ਚ ਪੰਜ ਸੰਕਟ ਗਸ੍ਰਿਤ ਵਿੱਤੀ ਸੰਸਥਾਵਾਂ ਵਾਚੋਵਿਆ, ਵਾਸ਼ਿੰਗਟਨ, ਮਿਊਚਲ, ਏ ਆਈ ਜੀ, ਫੋਰਟਿਸ, ਤੇ ਲੀਮਨ ਬ੍ਰਦਰਜ਼ ਸ਼ਾਮਲ ਹਨ। ਇਹ ਸਭ ਸੰਸਥਾਵਾਂ ਡੁੱਬ ਗਈਆਂ ਹਨ। ਇਸ ਜੁਲਾਈ ਦੇ ਅੰਤ ਤੱਕ ਭਾਰਤੀ ਬੈਂਕਾਂ ਨੇ ਅਮਰੀਕਾ ਵਿਚ 45 ਕਰੋੜ ਡਾਲਰ ਦਾ ਨੁਕਸਾਨ ਉਠਾਇਆ ਜਿਸ ਵਿਚ ਜਨਤਕ ਖੇਤਰ ਦੇ ਬੈਂਕਾਂ ਦਾ ਨੁਕਸਾਨ ਸਿਰਫ਼ 9 ਕਰੋੜ

ਰਿਹਾ ਜਦਕਿ ਨਿੱਜੀ ਬੈਂਕਾਂ ਦੇ ਹਿੱਸੇ 36 ਕਰੋੜ ਡਾਲਰ ਆਇਆ। ਨਿੱਜੀ ਖੇਤਰ ਦੇ ਸਭ ਤੋਂ ਵੱਡੇ ਬੈਂਕ ਆਈ ਸੀ ਆਈ ਸੀ ਆਈ ਦੀ ਸਥਿਤੀ ਡਾਵਾਂਡੋਲ ਹੋਣ ਦੀ ਅਫ਼ਵਾਹ ਫੈਲਣ ਨਾਲ ਭਗਦੜ ਮੱਚ ਗਈ। ਪਿਛਲੇ ਵਿੱਤੀ ਸਾਲ ਦੌਰਾਨ 39 ਖਰਬ 97 ਅਰਬ 95 ਕਰੋੜ ਰੁਪਏ ਦੀਆਂ ਜਾਇਦਾਦਾਂ ਵਾਲੇ ਇਸ ਬੈਂਕ ਨੂੰ 41 ਅਰਬ 59 ਕਰੋੜ ਰੁਪਏ ਦਾ ਮੁਨਾਫਾ ਹੋਇਆ ਸੀ ਪਰ ਇਹ ਅਫ਼ਵਾਹ ਫੈਲਦੇ ਹੀ ਕਿ ਉਸ ਦੀ ਵਿਦੇਸ਼ੀ ਸਹਾਇਕ ਕੰਪਨੀ ਦੇ ਢੇਰ ਸਾਰੇ ਪੈਸੇ ਅਮਰੀਕੀ ਮਕਾਨਾਂ ਲਈ ਕਰਜਾ ਦੇਣ ਦੇ ਅਮਲ ’ਚ ਡੁੱਬ ਗਏ ਹਨ, ਉਸ ਦੇ ਸ਼ੇਅਰ ਦੀ ਕੀਮਤ ਵਿਚ ਤੇਜ਼ੀ ਨਾਲ ਗਿਰਾਵਟ ਆਉਣ ਲੱਗੀ। ਭਾਰਤੀ ਰਿਜ਼ਰਵ ਬੈਂਕ ਨੇ ਅਫ਼ਵਾਹ ਦਾ ਖੰਡਨ ਕਰਕੇ ਸਥਿਤੀ ਨੂੰ ਸੰਭਾਲਿਆ। ਫਿਰ ਵੀ ਬੈਂਕ ਨੂੰ ਕੁਝ ਝਟਕਾ ਲੱਗਿਆ ਹੀ। ਬੈਕਾਂ ਤੇ ਬੀਮਾ ਕੰਪਨੀਆਂ ਦੀ ਇਕ ਕਾਫੀ ਵੱਡੀ ਗਿਣਤੀ ਜਨਤਕ ਖੇਤਰ ਵਿਚ ਹੋਣ ਤੇ ਸੰਪੂਰਨ ਵਿੱਤੀ ਕਾਰੋਬਾਰ ਰਿਜ਼ਰਵ ਬੈਂਕ ਤੇ ਸਰਕਾਰ ਵੱਲੋਂ ਚੁਸਤੀ ਨਾਲ ਤਬਦੀਲ ਹੋਣ ਨਾਲ ਮਹਾਂਮਾਰੀ ਦਾ ਅਸਰ ਕੁਝ ਟਾਲਿਆ ਜਾ ਸਕਦਾ ਹੈ। 1990 ਦੇ ਦਹਾਕੇ ਪਹਿਲੇ ਅੱਧ ਵਿਚ ਭਾਰਤ ਸਰਕਾਰ ਨੇ ਰਿਜ਼ਰਵ ਬੈਂਕ ਦੇ ਇਕ ਸਾਬਕਾ ਗਵਰਨਰ ਐਮ. ਨਰਸਿੰਮਹਾ ਨੂੰ ਬੈਕਾਂ ਤੇ ਵਿੱਤੀ ਅਦਾਰਿਆਂ ਦੇ ਕੰਮਕਾਜ ਦੀ ਭਾਵੀ ਦਿਸ਼ਾ ਸਬੰਧੀ ਇਕ ਰਿਪੋਰਟ ਦੇਣ ਨੂੰ ਕਿਹਾ ਸੀ। ਇਸ ਸੰਮਤੀ ਨੇ ਬੈਂਕਾਂ ਅਤੇ ਵਿੱਤੀ ਅਦਾਰਿਆਂ ਲਈ ਹਾਸਲ ਪੂੰਜੀ ਦੀ ਵਿਵਸਥਾ ਕਰਨ ਦੇ ਨਾਲ ਹੀ ਉਹਨਾਂ ਦੇ ਕੰਮਕਾਰ ਤੇ ਲਗਾਤਾਰ ਨਿਗਾਹ ਰੱਖਣ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਨ ਦੀ ਸਿਫ਼ਾਰਸ ਕੀਤੀ। ਧਿਆਨ ਦੇਣ ਦੀ ਗੱਲ ਹੈ ਕਿ ਇਸ ਸੰਮਤੀ ਨੇ ਵਪਾਰਕ ਬੈਂਕਾਂ ਨੂੰ ਨਿਵੇਸ਼ ਬੈਂਕ ਵਜੋਂ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਵਿਰੋਧ ਕੀਤਾ। ਯਾਦ ਰਹੇ ਕਿ ਮਹਾਂਮੰਦੀ ਦੇ ਅਨੁਭਵਾਂ ਦੇ ਅਧਾਰ ’ਤੇ ਅਮਰੀਕਾ ਵਿਚ 1933 ਦੇ ਗਲਾਸ-ਸਿਟਗਲ ਐਕਟ ਅਨੁਸਾਰ ਵਪਾਰਕ ਬੈਂਕ ਤੇ ਨਿਵੇਸ਼ ਬੈਂਕ ਨੂੰ ਵੱਖ-ਵੱਖ ਰੱਖਣ ਦੀ ਗੱਲ ਕੀਤੀ ਗਈ ਸੀ। ਇਸ ਐਕਟ ਨੂੰ 1990 ਦੇ ਦਹਾਕੇ ਵਿਚ ਖਤਮ ਕਰ ਦਿੱਤਾ ਗਿਆ। ਸਿੱਟੇ ਵਜੋਂ ਵਪਾਰਕ ਬੈਂਕਾਂ ਅਦਾਰਿਆਂ ਦੀ ਖਰੀਦ ਲਈ ਕਰਜੇ ਦਿੱਤੇ ਅਤੇ ਹੋਰ ਸ਼ਕੀ ਕਾਰੋਬਾਰ ’ਚ ਨਿਵੇਸ਼ ਕੀਤੇ। ਅਤੇ ਜਮ੍ਹਾ ਕਰਵਾਉਣ ਵਾਲਿਆਂ ਦੇ ਪੈਸੇ ਡਬੋ ਦਿੱਤੇ। ਉਨ੍ਹਾਂ ਦੇ ਡੁੱਬਣ ਦੇ ਨਾਲ ਹੀ ਅਜਿਹੇ ਜਮ੍ਹਾ ਕਰਤਾਵਾਂ ਨੂੰ ਬੁਢਾਪੇ ’ਚ ਕਸ਼ਟ ਭੋਗਣ ਵਾਸਤੇ ਛੱਡ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਜੀਵਨ ਭਰ ਦੀ ਕਮਾਈ ਉਨ੍ਹਾਂ ਵਿਚ ਰੱਖੀ ਸੀ। ਅਖਬਾਰਾਂ ’ਚ ਛਪੀਆਂ ਤਸਵੀਰਾਂ ਅਨੁਸਾਰ ਅਨੇਕਾਂ ਬਿਰਧ ਘਰ ਤੇ ਜੀਵਨ ਭਰ ਦੀ ਕਮਾਈ ਗਵਾਉਣ ਪਿੱਛੋਂ ਪਾਰਕਾਂ ਤੇ ਸੜਕਾਂ ਦੇ ਕਿਨਾਰੇ ਆਪਣੀਆਂ ਰਾਤਾਂ ਕੱਟਣ ਲਈ ਮਜ਼ਬੂਰ ਹਨ।

ਭਾਰਤ ’ਚ ਅਜਿਹਾ ਨਹੀਂ ਹੋਇਆ ਕਿਉਂਕਿ ਰਿਜ਼ਰਵ ਬੈਂਕ ਨੇ ਹਮੇਸ਼ਾਂ ਧਿਆਨ ਰੱਖਿਆ ਕਿ ਵਿੱਤੀ ਸੰਸਥਾਵਾਂ ਅਨੁਸ਼ਾਸਣ ’ਚ ਰਹਿਣ, ਲੋੜੀਂਦੀ ਪੂੰਜੀ ਨਰਸਿਮਹਾ ਸੰਮਤੀ ਦੀਆਂ ਸਿਫ਼ਾਰਸਾਂ ਨੂੰ ਉਲਟਾਉਣ ਲਈ ਤਿਆਰੀ ਕੁਝ ਸਮੇਂ ਤੋਂ ਚੱਲ ਰਹੀ ਸੀ। ਯੋਜਨਾ ਕਮਿਸ਼ਨ ਵੱਲੋਂ ਕੌਮਾਤਰੀ ਮੁਦਰਾ ਕੋਸ਼ ਦੇ ਇਕ ਸਾਬਕਾ ਪ੍ਰਧਾਨ ਆਰਥਕ ਸਲਾਹਕਾਰ ਰਘੂਰਾਮ ਜੀ ਰਾਜਨ ਦੀ ਪ੍ਰਧਾਨਗੀ ’ਚ ਗਠਿਤ ਕਮੇਟੀ ਨੇ ਕੁਝ ਸਮਾਂ ਪਹਿਲਾਂ ਆਪਣੀ ਮੁਢਲੀ ਰਿਪੋਰਟ ਪੇਸ਼ ਕੀਤੀ ਸੀ ਜਿਸ ਵਿਚ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ, ਵਿਦੇਸ਼ੀ ਬੈਂਕਾਂ ਨੂੰ ਪੇਂਡੂ ਇਲਾਕਿਆਂ ਵਿਚ ਸ਼ਾਖਾਵਾਂ

ਖੋਹਲਣ ਤੇ ਰੁਪਏ ਨੂੰ ਪੂੰਜੀ ਖਾਤੇ 'ਚ ਪੂਰਨ ਵਟਾਂਦਰਾ ਯੋਗ ਬਣਾਉਣ ਦੀ ਸਿਫ਼ਾਰਸ ਕੀਤੀ ਸੀ। ਸੰਮਤੀ ਦੀ ਅੰਤਿਮ ਰਿਪੋਰਟ ਆਉਣ ਤੇ ਉਸ ਦੀਆਂ ਸਿਫ਼ਾਰਸ਼ਾਂ ਨੂੰ ਅਮਲ 'ਚ ਲਿਆਉਣ ਤੋਂ ਪਹਿਲਾਂ ਵਿੱਤੀ ਸੰਕਟ ਦਾ ਸੁਨਾਮੀ ਆ ਗਿਆ ਅਤੇ ਇਸ ਦਿਸ਼ਾ ਵਿਚ ਕੋਈ ਕਦਮ ਨਹੀਂ ਉਠਾਇਆ ਜਾ ਸਕਿਆ। ਜੇ ਇਹ ਸੁਨਾਮੀ ਰਾਜਨ ਸੰਮਤੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਪਿੱਛੋਂ ਆਉਂਦਾ ਤਾਂ ਭਾਰਤੀ ਅਰਥਚਾਰੇ ਨੂੰ ਤਹਿਸ ਨਹਿਸ ਹੋਣ ਤੋਂ ਬਚਾ ਸਕਣਾ ਮੁਸ਼ਕਿਲ ਹੁੰਦਾ। ਅੱਜ ਭਾਰਤੀ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਦੇ ਸਾਹਮਣੇ ਦੀਵਾਲੀਆ ਹੋਣ ਦਾ ਕੋਈ ਖਤਰਾ ਨਹੀਂ ਹੈ, ਪੈਸੇ ਦੀ ਘਾਟ ਜ਼ਰੂਰ ਹੈ ਜਿਸ ਨੂੰ ਰਿਜ਼ਰਵ ਬੈਂਕ ਅਤੇ ਭਾਰਤ ਸਰਕਾਰ ਅਨੇਕਾਂ ਤਰ੍ਹਾਂ ਨਾਲ ਦੂਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਨਕਦੀ ਰਿਜ਼ਰਵ ਅਨੁਪਾਤ (ਸੀ ਆਰ ਆਰ) ਨੂੰ ਘਟਾਇਆ ਗਿਆ ਹੈ। ਵਿਆਜ਼ ਦੀ ਦਰ ਨੂੰ ਘੱਟ ਕੀਤਾ ਗਿਆ ਹੈ ਅਤੇ ਰਿਵਰਸ ਰਿਪੋਰਟ 'ਤੇ ਲੱਗੀ ਪਾਬੰਦੀ ਹਟਾ ਦਿੱਤੀ ਗਈ ਹੈ ਸਪੱਸ਼ਟ ਹੈ ਕਿ ਨਕਦੀ ਰਿਜ਼ਰਵ ਅਨੁਪਾਤ ਘਟਾਉਣ ਦੇ ਕਾਰਨ ਬੈਂਕਾਂ ਕੋਲ ਉਧਾਰ ਦੇਣ ਲਈ ਪਹਿਲਾਂ ਦੇ ਮੁਕਾਬਲੇ ਵੱਧ ਪੈਸੇ ਹੋਣਗੇ। ਇਸ ਪ੍ਰਕਾਰ ਕਰਜੇ ਦੀ ਸਪਲਾਈ ਵਧੇਗੀ ਅਤੇ ਇਸ ਪ੍ਰਕਾਰ ਕਾਰੋਬਾਰ ਅੱਗੇ ਵਧੇਗਾ। ਮੌਜੂਦਾ ਵਿਸ਼ਵ ਵਿਆਪੀ ਵਿੱਤੀ ਸੰਕਟ ਦਾ ਸਭ ਤੋਂ ਬੁਰਾ ਅਸਰ ਸਾਡੇ ਸ਼ੇਅਰ ਬਾਜ਼ਾਰ ਤੇ ਪਿਆ ਹੈ। ਮੁੰਬਈ ਸਟਾਕ ਅਕਸਚੇਂਜ ਦਾ ਸਬੰਧੀ ਸੂਚਕ ਅੰਕ ਦਸ ਹਜ਼ਾਰ ਤੋਂ ਵੀ ਹੇਠਾ ਚਲਾ ਗਿਆ ਹੈ। ਇਸ ਕਾਰਨ ਜੋ ਲੋਕ ਸ਼ੇਅਰ ਬਾਜ਼ਾਰ ਵਿਚ ਸਰਗਰਮ ਰਹੇ ਉਨ੍ਹਾਂ ਦੀ ਕਾਗਜ਼ੀ ਜਾਇਦਾਦ ਤੇ ਹੈਸੀਅਤ ਵਿਚ ਭਾਰੀ ਗਿਰਾਵਟ ਹੋਈ ਹੈ।

ਸਤੰਬਰ ਦੇ ਚੌਥੇ ਹਫਤੇ ਦੌਰਾਨ ਪ੍ਰਕਾਸ਼ਿਤ ਅੰਕੜਿਆਂ ਅਨੁਸਾਰ ਇਕ ਅਰਬ ਡਾਲਰ ਜਾਂ ਉਸ ਤੋਂ ਵਧ ਹੈਸੀਅਤ ਰੱਖਣ ਵਾਲੀਆਂ ਭਾਰਤੀ ਕੰਪਨੀਆਂ ਦੀ ਗਿਣਤੀ 227 ਤੋਂ ਘੱਟ ਕੇ 139 'ਤੇ ਆ ਗਈ ਯਾਨੀ 38 ਫੀਸਦੀ ਦੀ ਗਿਰਾਵਟ ਹੋਈ। ਡਾਲਰ ਦੇ ਮੁਕਾਬਲੇ ਰੁਪਏ ਦਾ ਵਟਾਂਦਰਾ ਮੁੱਲ ਘਟਣ ਨਾਲ ਗਿਰਾਵਟ ਜਾਰੀ ਹੈ। ਉਧਰ ਸ਼ੇਅਰ ਬਾਜ਼ਾਰ 'ਚ ਉਤਰਨ ਨੂੰ ਇੱਛਕ ਲੋਕ ਆਉਣ ਵਾਲੇ ਕਈ ਸਾਲਾਂ ਤੱਕ ਨਿਰਾਸ਼ ਹੋਣਗੇ। ਜਿਨ੍ਹਾਂ ਛੋਟੇ ਤੇ ਦਰਮਿਆਨੇ ਨਿਵਾਸ਼ਕਾਂ ਨੇ ਆਪਣੇ ਪੈਸੇ ਸ਼ੇਅਰਾਂ 'ਚ ਲਾਏ ਸਨ, ਉਹ ਪਛਤਾ ਰਹੇ ਹਨ। ਇਸ ਨਾਲ 10 ਜਨਵਰੀ ਨੂੰ ਸੰਵੇਦੀ ਸੂਚਕ ਅੰਕ ਆਪਣੇ ਸਿਖਰ 'ਤੇ ਸੀ ਜਿਸ ਪਿੱਛੋਂ ਉਸ ਦਾ ਰੁਝਾਨ ਹੇਠਾਂ ਡਿੱਗਣ ਦਾ ਹੋ ਗਿਆ ਜਿਸ ਪਿੱਛੇ ਵਾਲ ਸਟਰੀਟ 'ਚ ਆਇਆ ਵਿੱਤੀ ਸੰਕਟ ਮੁੱਖ ਹੈ। ਅਚਲ ਸੰਮਤੀ (ਯਾਨੀ ਜ਼ਮੀਨ ਤੇ ਇਮਾਰਤ ਉਸਾਰੀ) ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਨਾਲ ਜੁੜੀਆਂ ਕੰਪਨੀਆਂ ਨੂੰ ਸਭ ਤੋਂ ਵਧ ਝਟਕਾ ਲੱਗਿਆ ਹੈ। ਇਨ੍ਹਾਂ ਵਿਚ ਪੂਰਵਕਾਰਾ, ਓਮੈਕਸ, ਪਾਸ਼ਰਵਨਾਥ, ਅਨੰਤਰਾਜ, ਅੰਸਲ, ਗਾਮਾਂ, ਪੈਨਿਨਸੁਲਾ, ਅਤੇ ਸ਼ੋਭਾ ਡੇਵਲ ਪਾਰਸ ਮੁੱਖ ਹਨ। ਹੋਰ ਖੇਤਰ ਦੀਆਂ ਜਿਨ੍ਹਾਂ ਕੰਪਨੀਆਂ 'ਤੇ ਮਾੜਾ ਅਸਰ ਪਿਆ ਹੈ ਉਨ੍ਹਾਂ ਵਿਚ ਵੋਲਟਾਜ਼, ਮੈਕਸ ਇੰਡੀਆ, ਅਸ਼ੋਕ ਲਿਲੈਂਡ, ਏਡ ਲੈਬਸ, ਜੀਵੀ ਦੇ ਪਾਵਰ, ਗੋਦਰੇਜ਼ ਇੰਡਸਟ੍ਰੀਜ਼, ਅਡੇਲਵੇਸ, ਇੰਡੀਆ ਇੰਫਲਾਇਨ, ਮੋਤੀ ਲਾਲ, ਓਸਵਾਲ, ਜੇ. ਐਮ, ਫਾਇਨੈਨਸ਼ੀਅਲ, ਰੇਲੀਗੇਅਰ, ਜੈੱਟ ਏਅਰਵੇਜ਼ ਸੀ. ਐਸ. ਆਈ., ਇਸਪਾਤ ਅਤੇ ਸੈਂਚੂਰੀ ਟੈਕਸ ਟਾਈਲ ਮੁਖ ਹਨ। ਅਨੇਕਾਂ ਭਾਰਤੀ ਕੰਪਨੀਆਂ ਦਾ ਕਾਰੋਬਾਰ ਮਾੜੇ ਰੁਖ ਪ੍ਰਭਾਵਿਤ ਹੋਣ ਤੇ ਕਈ ਮਸ਼ਹੂਰ ਵਿਦੇਸ਼ੀ ਕੰਪਨੀਆਂ ਨੇ ਆਪਣੇ ਕਾਰੋਬਾਰ ਭਾਰਤ 'ਚ ਬੰਦ ਕਰ ਦਿੱਤੇ ਹਨ ਜਾਂ ਘਟਾ ਦਿੱਤੇ ਹਨ। ਉਧਰ

ਅਮਰੀਕੀ ਰਿਸਰਚ ਫਰਮ ਫਾਰਿਸਟਰ ਅਨੁਸਾਰ ਭਾਰਤੀ ਸੂਚਨਾ ਤਕਨੋਲੋਜੀ ਖੇਤਰ ਨੂੰ ਡੂੰਘਾ ਝਟਕਾ ਲੱਗਣਾ ਸ਼ੁਰੂ ਹੋ ਗਿਆ ਹੈ। ਉਸ ਦੀ ਸੇਵਾਵਾਂ ਦੀ ਮੰਗ ਤੇਜੀ ਨਾਲ ਘੱਟ ਹੋ ਰਹੀ ਹੈ। ਭਾਰਤੀ ਸਾਫਟ ਵੇਅਰ ਦਾ ਬਾਜ਼ਾਰ ਸੁੰਗੜਨ ਲੱਗਿਆ ਹੈ। ਕਾਲ ਸੈਂਟਰ ਬੰਦ ਹੋਣ ਲੱਗੇ ਹਨ। ਜੋ ਲੋਕ ਪਹਿਲਾਂ ਤੋਂ ਕੰਮ ਤੇ ਸਨ ਉਨ੍ਹਾਂ ਦੇ ਸਿਰ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਜੋ ਛਾਂਟੀ ਨਹੀਂ ਚਾਹੁੰਦੇ ਉਨ੍ਹਾਂ ਨੂੰ ਘੱਟ ਤਨਖਾਹ 'ਤੇ ਕੰਮ ਕਰਨ ਲਈ ਰਾਜੀ ਹੋਣਾ ਪਿਆ। ਜਿਵੇਂ ਕਿ ਜੈਟ ਏਅਰਵੇਜ਼ ਦੇ ਕਰਮਚਾਰੀਆਂ ਸਬੰਧੀ ਹੋਇਆ ਹੈ। ਉਚੀ ਤਨਖਾਹ, ਐਸ਼ੋ ਆਰਾਮ, ਵਿਸ਼ਵ ਟੂਰ ਆਦਿ ਦੇ ਸੁਪਨੇ ਜੋ ਨੌਜਵਾਨਾਂ ਨੇ ਵੇਖੇ ਸਨ ਉਹ ਚਕਨਾਚੂਰ ਹੋ ਰਹੇ ਹਨ। ਇੰਜੀਨਰਿੰਗ ਕਾਲਜਾਂ ਅਤੇ ਪ੍ਰਬੰਧਕੀ ਸਿਖਲਾਈ ਨਾਲ ਜੁੜੇ ਅਦਾਰਿਆਂ 'ਚ ਮਾਯੂਸੀ ਦਾ ਮਾਹੌਲ ਹੈ। ਡਰ ਹੈ ਕਿ ਮਾਯੂਸੀ ਅਨੇਕਾਂ ਨੌਜਵਾਨਾਂ ਨੂੰ ਮਨੋਰੋਗੀ ਨਾ ਬਣਾ ਦੇਵੇ। ਦੀਵਾਲੀ ਮੌਕੇ ਖਰੀਦਦਾਰੀ ਦੀ ਘਾਟ ਰਹੀ। ਬੇਰੁਜ਼ਗਾਰੀ ਤੇ ਆਮਦਨ 'ਚ ਘਾਟ ਨਾਲ ਦੀਵਾਲੀ ਤੋਂ ਪਹਿਲਾਂ ਖਰੀਦਦਾਰੀ ਵਿਚ 40 ਫੀਸਦੀ ਦੀ ਘਾਟ ਆਈ। 1990 ਦੇ ਦਹਾਕੇ ਤੋਂ ਖਪਤਵਾਦ ਦੀ ਜੋ ਹਨੇਰੀ ਚੱਲ ਰਹੀ ਸੀ, ਉਸ 'ਚ ਕਰੈਡਿਟ ਕਾਰਡ ਦਾ ਕਾਫੀ ਹੱਥ ਰਿਹਾ। ਨੌਜਵਾਨ ਵਰਗ ਨੂੰ ਭਵਿੱਖ ਦੀ ਆਮਦਨ ਦੇ ਉਧਾਰ 'ਤੇ ਉਕਸਾਉਣ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਬੈਂਕ ਨੌਜਵਾਨ ਲੋਕਾਂ ਨੂੰ ਹਰ ਤਰ੍ਹਾਂ ਨਾਲ ਭਰਮਾ ਕੇ ਕਰੈਡਿਟ ਕਾਰਡ ਲੈਣ ਲਈ ਰਾਜ਼ੀ ਕਰਦੇ ਰਹੇ ਹਨ। ਕਰੈਡਿਟ ਕਾਰਡ ਨਾਲ ਦੇਸ਼ ਵਿਦੇਸ਼ ਕਿਤੋਂ ਦੀ ਵੀ ਖਰੀਦਦਾਰੀ ਕੀਤੀ ਜਾ ਸਕਦੀ ਹੈ। ਕਰੈਡਿਟ ਕਾਰਡ ਕਾਰਨ ਸਟੇਟਸ ਸਿੰਬਲ ਬਣ ਗਿਆ ਸੀ। ਸ਼ਾਇਦ ਹੀ ਕੋਈ ਉੱਚੀ ਆਮਦਨ ਵਾਲਾ ਬੰਦਾ ਹੋਵੇ ਜਿਸ ਕੋਲ ਇਕ ਤੋਂ ਵੱਧ ਕਰੈਡਿਟ ਕਾਰਡ ਨਾ ਹੋਣ। ਕਰੈਡਿਟ ਕਾਰਡ ਰਾਹੀਂ ਕੀਤੀ ਖਰੀਦਦਾਰੀ ਦਾ ਬਿਲ ਸਮੇਂ ਸਿਰ ਨਾ ਮਿਲਣ 'ਤੇ ਉਚੀ ਦਰ 'ਤੇ ਵਿਆਜ ਵਸੂਲਿਆ ਜਾਂਦਾ ਰਿਹਾ ਹੈ।

ਹੁਣ ਜਦ ਨੌਕਰੀ ਖਤਰੇ ਵਿਚ ਹੋਵੇ ਅਤੇ ਭਵਿੱਖ ਅੰਧਕਾਰਮਈ ਤਦ ਕਰੈਡਿਟ ਕਾਰਡ ਜੀ ਦਾ ਜੰਜਾਲ ਹੋ ਜਾਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ। ਤਾਜਾ ਖਬਰਾਂ ਅਨੁਸਾਰ ਕਰੈਡਿਟ ਕਾਰਡ ਦੀ ਮੰਗ ਤਾਂ ਘਟੀ ਹੈ ਅਨੇਕਾਂ ਕਾਰਡ ਧਾਰਕਾਂ ਨੇ ਕਾਰਡ ਵਾਪਸ ਕਰਨੇ ਸ਼ੁਰੂ ਕਰ ਦਿੱਤੇ ਹਨ। ਬੈਂਕ ਸਾਵਧਾਨ ਹਨ ਕਿ ਬਿੱਲ ਦੇ ਪੈਸੇ ਕਿਵੇਂ ਉਗਰਾਹੇ ਜਾਣਗੇ। ਇਸ ਪ੍ਰਕਾਰ ਕਰੈਡਿਟ ਕਾਰਡ ਜਾਰੀ ਕਰਨ ਦਾ ਧੰਦਾ ਮੰਦਾ ਹੋਣ ਲੱਗਿਆ ਹੈ। ਜ਼ਮੀਨ, ਮਕਾਨ ਤੇ ਮੋਟਰ ਗੱਡੀਆਂ ਦੀ ਮੰਗ ਤੇਜੀ ਨਾਲ ਡਿੱਗਣ ਲੱਗੀ ਹੈ। ਇਸ ਪਿੱਛੇ ਆਮਦਨ ਦੀ ਗੈਰ ਯਕੀਨੀ ਤੇ ਵਿਆਜ ਦੀ ਦਰ 'ਚ ਵਾਧਾ ਹੈ। ਹੁਣ ਨੌਜਵਾਨ ਵਰਗ ਨੂੰ ਇਹ ਭਰੋਸਾ ਨਹੀਂ ਰਿਹਾ ਕਿ ਇੰਜੀਨਰਿੰਗ ਤੇ ਮੈਨੇਜਮੈਂਟ ਦੀ ਪੜ੍ਹਾਈ ਖਤਮ ਕਰਕੇ ਅਤੇ ਚਾਰਟਡ ਅਕਾਊਂਟ ਬਣਦਿਆਂ ਹੀ ਅੱਛੀਆਂ ਨੌਕਰੀਆਂ ਮਿਲਣਗੀਆਂ ਜਿਸ ਨਾਲ ਹੋਣ ਵਾਲੇ ਕਮਾਈ ਦੇ ਭਰੋਸੇ ਫਲੈਟ, ਗੱਡੀ, ਫਰਿਜ, ਟੈਲੀਵਿਜ਼ਨ, ਵਾਸ਼ਿੰਗ ਮਸ਼ੀਨ ਆਦਿ ਅਸਾਨੀ ਨਾਲ ਬੈਂਕ ਤੋਂ ਕਰਜਾ ਲੈ ਕੇ ਖਰੀਦੀ ਜਾ ਸਕਦੀ ਹੈ ਤੇ ਬੈਂਕ ਤੋਂ ਕਰਜੇ ਦਾ ਭੁਗਤਾਣ ਕਿਸ਼ਤਾਂ 'ਚ ਮਾਮੂਲੀ ਵਿਆਜ 'ਤੇ ਕੀਤਾ ਜਾ ਸਕਦਾ ਹੈ। ਕਈ ਨੌਜਵਾਨਾਂ ਨੇ ਪੜ੍ਹਾਈ ਲਈ ਬੈਂਕਾਂ ਤੋਂ ਕਰਜਾ ਲੈ ਰੱਖਿਆ ਹੈ ਉਸ ਦਾ ਭੁਗਤਾਨ ਇਕ ਵੱਡਾ ਦਰਦ ਬਣ ਸਕਦਾ ਹੈ। ਇਸ ਦਾ ਦੂਜਾ ਪਹਿਲੂ ਵੇਖੀਏ। ਜ਼ਮੀਨ ਤੇ ਭਵਨ ਨਿਰਮਾਣ ਕਾਰ ਉਤਪਾਦਕ ਤੇ

ਵਿਕ੍ਰੇਤਾ, ਫ੍ਰਿਜ, ਏਅਰਕੰਡੀਸ਼ਨਰ, ਮਾਈਕਰੋਵੇਬ, ਓਵਨ, ਟੀ ਵੀ ਅਤੇ ਡੀ ਵੀ ਡੀ ਦੇ ਕਾਰੋਬਾਰ 'ਚ ਲੱਗੇ ਲੋਕਾਂ ਸਾਹਮਣੇ ਬੇਰੁਜ਼ਗਾਰੀ ਦੀ ਸਮੱਸਿਆ ਸਾਲਾਂ ਬੱਧੀ ਰਹੇਗੀ। ਹਵਾਈ ਸਫਰ ਦਾ ਬੁਰਾ ਹਾਲ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਜੋ ਸੰਕਟ ਚੱਲ ਰਿਹਾ ਸੀ। ਉਹ ਹਵਾਈ ਸਫਰ ਦੀ ਮੰਗ ਕਮਜ਼ੋਰ ਹੋਣ ਨਾਲ ਡੂੰਘਾ ਹੁੰਦਾ ਜਾ ਰਿਹਾ ਹੈ। ਸਭ ਤੋਂ ਵੱਡੀ ਹਵਾਈ ਸੇਵਾ ਏਅਰ ਇੰਡੀਆ ਪ੍ਰੇਸ਼ਾਨ ਹੈ। ਖਬਰ ਹੈ ਕਿ ਕਈ ਕੌਮਾਂਤਰੀ ਹਵਾਈ ਸੇਵਾ ਯਾਤਰਾ ਦੌਰਾਨ ਜਹਾਜ਼ਾਂ 'ਚ ਮਾਲ ਵਰਗੀ ਵਿਵਸਥਾ ਲਿਆਉਣੀ ਚਾਹੁੰਦੀ ਹੈ ਜਿਨ੍ਹਾਂ ਨਾਲ ਯਾਤਰੀ ਵੁਸਤੂਆਂ ਖਰੀਦਣ ਤੇ ਕੰਪਨੀਆਂ ਦੀ ਕਮਾਈ ਵਧਾਉਣ।

ਮੌਜੂਦਾ ਵਿੱਤੀ ਸੰਕਟ ਦਾ ਅਸਰ ਸਾਲਾਂ ਤੱਕ ਚੱਲਣ ਲੱਗਿਆ ਹੈ। ਹੁਣ ਤੱਕ ਸਪੱਸ਼ਟ ਨਹੀਂ ਹੈ ਕਿ ਉਸ ਤੋਂ ਉਭਰਨ ਦਾ ਟਿਕਾਊ ਰਾਹ ਕੀ ਹੈ। ਸਰਕਾਰ ਜੋ ਕੁਝ ਕਰ ਰਹੀ ਹੈ ਉਸ ਨਾਲ ਉਸ ਦੇ ਮਾੜੇ ਪ੍ਰਭਾਵ ਕੁਝ ਹੀ ਘੱਟ ਸਕਦੇ ਹਨ। ਮਹਾਮਾਰੀ ਤੇ ਮੌਜੂਦਾ ਸੰਕਟ ਵਿਚਕਾਰ ਅਨੇਕਾਂ ਗੁਣਆਤਮਕ ਫਰਕ ਹੈ। ਇਕ ਵੱਡਾ ਫਰਕ ਅਰਥਚਾਰੇ ਦੇ ਵਿੱਤੀ ਕਰਨ ਨੂੰ ਲੈ ਕੇ ਹੈ। ਸ਼ੇਅਰ ਬਾਜ਼ਾਰ 'ਚ ਹੋਣ ਵਾਲਾ ਕਾਰੋਬਾਰ ਪਹਿਲਾਂ ਦੇ ਮੁਕਾਬਲੇ ਕਾਫੀ ਗੁੰਝਲਦਾਰ ਹੈ। ਆਮ ਆਦਮੀ ਲਈ ਉਸ ਨੂੰ ਵਿਸ਼ਵੀਕਰਨ ਦਾ ਦਬਾਅ ਵਧਣ ਅਤੇ ਸੂਚਨਾ ਟੈਕਨੋਲੋਜੀ ਦੇ ਖੇਤਰ ਵਿਚ ਹੋਏ ਇਨਕਲਾਬੀ ਪ੍ਰਵਰਤਨਾ ਦੇ ਸਿੱਟੇ ਵਜੋਂ ਕਿਸੇ ਇਕ ਦੇਸ਼ ਲਈ ਸੰਕਟ ਦੇ ਪ੍ਰਭਾਵਾਂ ਨਾਲ ਨਿਪਟਣਾ ਬੇਹੱਦ ਕਠਿਨ ਹੈ। ਨਵੇਂ ਸਿਰੇ ਤੋਂ ਸੋਚਣਾ ਪਵੇਗਾ। ਭਾਰਤ ਸਰਕਾਰ ਨੇ ਆਪਣਆਂ ਕਈ ਨੀਤੀਆਂ ਨੂੰ ਹਬੜਾ ਦਬੜੀ 'ਚ ਬਦਲਣਾ ਸ਼ੁਰੂ ਕੀਤਾ ਹੈ। ਜਿਵੇਂ ਪਾਰਟੀ ਸਿਪੇਟਰੀ ਨੋਟਿਸ ਦੀ ਵਰਤੋਂ ਕਰਨ ਦੀ ਇਜਾਜ਼ਤ ਜਿਸ ਦੇ ਦੂਰਗਾਮੀ ਪਭਾਵ ਘਾਤਕ ਹੋ ਸਕਦੇ ਹਨ। ਅੰਤ 'ਚ ਭਾਰਤ ਵਲੋਂ 1990 ਦੇ ਦਹਾਕੇ 'ਚ ਅਪਣਾਏ ਗਏ ਸਾਮਰਾਜੀ ਵਿਸ਼ਵੀਕਰਨ ਤੇ ਉਸ ਦੇ ਤਹਿਤ ਚਲਣ ਵਾਲੇ ਆਰਥਕ ਸੁਧਾਰ ਪ੍ਰੋਗਰਾਮਾਂ 'ਤੇ ਖੁੱਲ੍ਹ 'ਤੇ ਬਹਿਸ ਦੀ ਲੋੜ ਹੈ। ਨਿਯੋਜਨ, ਜਨਤਕ ਖੇਤਰ, ਰਾਜ ਦੀ ਆਰਥਕ ਭੂਮਿਕਾ ਆਦਿ ਦੇ ਪੁਨਰ ਵਿਚਾਰ ਦੀ ਲੋੜ ਹੈ। ਕੀ ਬਾਜ਼ਾਰ ਦੀਆਂ ਸ਼ਕਤੀਆਂ ਦੀ ਅਸਮਰਥਤਤਾ ਤੇ ਉਨ੍ਹਾਂ ਉੱਪਰ ਅੱਖਾਂ ਮੀਚ ਕੇ ਭਰੋਸਾ ਕਰਨ ਦੀ ਨੀਤੀ ਅਸਫਲ ਨਹੀਂ ਹੋ ਗਈ ਹੈ? ਜੇ ਹਾਂ ਤਾਂ ਉਦਾਰਵਾਦ ਨੂੰ ਛੱਡ ਕੇ ਸਮਾਜਵਾਦ ਦੀ ਰਾਹ ਅਪਣਾਉਣ 'ਚ ਝਿਜਕ ਨਹੀਂ ਹੋਣੀ ਚਾਹੀਦੀ। ਆਰਥਕ ਵਾਧਾ ਦਰ ਦੇ 5 ਫੀਸਦੀ ਤੱਕ ਡਿੱਗ ਜਾਣ ਦਾ ਡਰ ਹੈ। ਨਾਲ ਹੀ ਬਰਾਮਦ ਵਧਣ ਨਾਲ ਵਪਾਰ ਦਾ ਧਾਟਾ ਵੱਧ ਸਕਦਾ ਹੈ।

# ਭਾਰਤ ਅੰਦਰ ਅਮਰੀਕੀ ਆਰਥਕ ਮੰਦਾ ਕੀ ਗੁਲ ਖਿਲਾਏਗਾ?

ਅੱਜ ਦੇ ਭੂਮੰਡਲੀਕ੍ਰਿਤ ਵਿਸ਼ਵ ਦਾ ਕੇਂਦਰ ਬਿਨਾਂ ਸ਼ੱਕ ਅਮਰੀਕਾ ਹੈ ਅਤੇ ਅਮਰੀਕਾ ਦੀ ਆਰਥਕ ਰਾਜਧਾਨੀ ਨਿਊਯਾਰਕ ਹੈ ਜਿਸ ਦਾ ਕੇਂਦਰ ਬਿੰਦੂ ਹੈ ਮੈਨਹਟਨ ਮੁਹੱਲੇ ਦੀ ਵਾਲ ਸਟਰੀਟ। ਇਸ ਸੜਕ 'ਤੇ ਵਿੱਤੀ ਕਾਰੋਬਾਰ ਨਿਊਯਾਰਕ ਸਟਾਕ ਐਕਸਚੇਂਜ ਰਾਹੀ ਹੁੰਦਾ ਹੈ। ਜੇ ਤੁਸੀ ਉਥੇ ਜਾਓਗੇ ਤਾਂ ਵੇਖੋਗੇ ਕਿ ਨਿਊਯਾਰਕ ਸਟਾਕ ਐਕਸਚੇਂਜ ਦੇ ਭਵਨ ਪਾਸ ਹੀ ਇਕ ਹੋਰ ਇਤਿਹਾਸਕ ਇਮਾਰਤ ਹੈ ਜਿਸ ਨੂੰ ਫੈਡਰਲ ਹਾਲ ਕਿਹਾ ਜਾਂਦਾ ਹੈ ਜਿਸ ਦਾ ਨਿਰਮਾਣ 1833-42 ਦੌਰਾਨ ਹੋਇਆ ਸੀ। ਇਸ ਥਾਂ 'ਤੇ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਨੇ ਅਹੁਦੇ ਦੀ ਸਹੁੰ ਚੁੱਕੀ ਸੀ। ਇਸ ਭਵਨ ਦੇ ਬੂਹੇ 'ਤੇ ਜਾਰਜ ਵਾਸ਼ਿੰਗਟਨ ਦੀ ਇਕ ਵਿਸ਼ਾਲ ਆਦਮਕੱਦ ਮੂਰਤੀ ਹੈ, ਉਸ ਦਾ ਹੱਥ ਇਸ ਤਰ੍ਹਾਂ ਉੱਪਰ ਹੈ ਕਿ ਜਿਵੇਂ ਉਹ ਨਿਊਯਾਰਕ ਸਟਾਕ ਐਕਸਚੇਂਜ ਦਾ ਉਦੈ 1789 'ਚ ਹੋਇਆ ਜਦ ਜਾਰਜ ਵਾਸ਼ਿੰਗਟਨ ਨੇ ਅਮਰੀਕੀ 'ਅਜ਼ਾਦੀ ਸੰਗਰਾਮ' ਦੀ ਲਾਗਤ ਨੂੰ ਪੂਰਾ ਕਰਨ ਲਈ ਅੱਠ ਕਰੋੜ ਡਾਲਰ ਦੇ ਬਾਂਡ ਜਾਰੀ ਕਰਕੇ ਧਨ ਜੁਟਾਇਆ। ਇਨ੍ਹਾਂ ਬਾਂਡਾਂ ਦੀ ਖਰੀਦੋ ਫਰੋਖਤ ਨਾਲ ਅਮਰੀਕੀ ਸਟਾਕ ਐਕਸਚੇਂਜ ਅੱਗੇ ਵਧਿਆ। ਪਹਿਲਾਂ ਇਹ ਫਿਲਾਡੈਲਫੀਆ ਵਿਚ ਰਿਹਾ ਕੁਝ ਸਾਲਾਂ ਬਾਅਦ 17 ਮਈ 1792 ਨੂੰ ਨਿਊਯਾਰਕ ਆਇਆ ਜਿਥੇ ਵਾਲ ਸਟਰੀਟ 'ਚ ਇਕ ਦਰੱਖਤ ਹੇਠਾਂ 24 ਕਾਰੋਬਾਰੀ ਰੋਜ਼ਾਨਾ ਮਿਲਣ ਲੱਗੇ। ਉਦੋਂ ਤੋਂ ਅੱਜ ਤੱਕ ਨਿਊਯਾਰਕ ਸਟਾਕ ਐਕਸਚੇਂਜ ਸਰਗਰਮ ਹੀ ਨਹੀਂ ਬਲਕਿ ਆਪਣੇ ਪਹਿਲੇ ਨਾਂ ਵਾਲ ਸਟਰੀਟ ਨਾਲ ਹੀ ਦੁਨੀਆਂ ਭਰ 'ਚ ਜਾਣਿਆ ਜਾਂਦਾ ਹੈ। ਅਮਰੀਕੀ ਅਰਥਚਾਰੇ ਤੇ ਅਮਰੀਕੀ ਮੁਦਰਾ ਦੇ ਤਾਕਤਵਰ ਹੋਣ ਦੇ ਨਾਲ ਵਾਲ ਸਟਰੀਟ ਉਸ ਦਾ ਪ੍ਰਤੀਕ ਬਣਿਆ। ਉਦੋਂ ਤੋਂ ਲੈ ਕੇ ਹੁਣ ਤੱਕ ਕਈ ਵਾਰੀ ਵਾਲ ਸਟਰੀਟ ਦੇ ਮੁਕਤ ਬਾਜ਼ਾਰ ਦਾ ਪ੍ਰਤੀਕ ਮੰਨਿਆ ਅਤੇ ਬਾਜ਼ਾਰ ਦੀਆਂ ਸ਼ਕਤੀਆਂ ਨੂੰ ਸਵੈ ਚਾਲਿਤ ਐਲਾਨ ਕੇ ਰਾਜ ਦੇ ਅਧਿਕਾਰ ਖੇਤਰ ਤੋਂ ਬਾਹਰ ਹੋਣ ਦਾ ਦਾਅਵਾ ਕੀਤਾ ਗਿਆ ਹੈ। ਇਸ ਧਾਰਨਾ ਦੇ ਅਨਕੂਲ ਆਚਰਣ ਨੇ ਨਾ ਸਿਰਫ ਅਮਰੀਕੀ ਬਲਕਿ ਸਮੁੱਚੇ ਸੰਸਾਰ ਦੇ ਅਰਥਚਾਰੇ ਨੂੰ ਡੂੰਘੇ ਸੰਕਟ ਵਿਚ ਧੱਕ ਦਿੱਤਾ ਹੈ। ਪਹਿਲਾਂ ਸਭ ਤੋਂ ਭਿਅੰਕਰ ਤੇ ਵਿਆਪਕ ਸੰਕਟ 1929 'ਚ ਵਾਲ ਸਟਰੀਟ ਤੋਂ ਸ਼ੁਰੂ ਹੋ ਕੇ 1933 ਤੱਕ ਜਾਰੀ ਰਿਹਾ। ਇਸ ਮਹਾਂਮੰਦੀ ਦੇ ਆਉਣ ਤੱਕ ਫਰਾਂਸੀਸੀ ਅਰਥ ਸਾਸ਼ਤਰੀ ਜਯਾ ਬੈਪਤ੍ਰਿਸੇ ਸੇਕੇ ਦੇ ਇਸ ਸਿਧਾਂਤ ਦਾ ਦਬਦਬਾ ਰਿਹਾ ਕਿ 'ਪੂਰਤੀ ਆਪਣੀ ਮੰਗ ਖੁਦ ਪੈਦਾ ਕਰਦੀ ਹੈ', ਤੁਸੀਂ ਨਿਵੇਸ਼ ਕਰਕੇ ਪੈਦਾਵਾਰ ਵਧਾਉਂਦੇ ਜਾਓ, ਮੰਗ ਆਪਣੇ ਆਪ ਪੈਦਾ ਹੋ ਜਾਵੇਗੀ ਅਤੇ ਅਣਵਿਕੇ ਮਾਲ ਦਾ ਸੰਕਟ ਦੂਰ ਰਹੇਗਾ। ਇਸ ਤਰ੍ਹਾਂ ਅਰਥਚਾਰੇ ਦੇ ਸੰਚਾਲਨ ਵਿਚ ਰਾਜ ਦੀ ਭੂਮਿਕਾ ਨੂੰ ਨਕਾਰਿਆ ਗਿਆ। ਮੰਦੀ ਨੇ ਸੇਕੇ ਸਿਧਾਂਤ ਨੂੰ ਧਰਾਸ਼ਾਈ ਕਰ ਦਿੱਤਾ। ਕੇਂਸ ਦੇ ਇਸ ਕਥਨ ਨੂੰ ਮਨਜ਼ੂਰੀ ਮਿਲੀ ਕਿ ਪ੍ਰਭਾਵਕਾਰੀ ਮੰਗ ਦੀ ਮਾਇਆ ਆਪਣੇ ਆਪ ਉਤਪਾਦਨ ਦੀ ਮਾਇਆ ਦੇ

ਬਰਾਬਰ ਨਹੀਂ ਹੋ ਸਕਦੀ। ਜਿਸ ਨਾਲ ਬਾਜ਼ਾਰ ਵਿਚ ਅਣਵਿਕੇ ਮਾਲ ਦੀ ਸਮੱਸਿਆ ਨਾ ਖੜੀ ਹੋਵੇ। ਉਤਪਾਦਕਾਂ ਤੇ ਉਪਭੋਗਤਾਵਾਂ ਵਿਚਕਾਰ ਤਵਾਜਨ ਸਥਾਪਤ ਕਰਨ ਲਈ ਰਾਜ ਦੀ ਦਖਲਅੰਦਾਜ਼ੀ ਦੀ ਜਰੂਰਤ ਹੁੰਦੀ ਹੈ। ਇਸ ਤਰ੍ਹਾਂ ਸੰਚਾਲਿਤ ਬਾਜ਼ਾਰ ਦੀ ਧਾਰਨਾ ਨੂੰ ਖਾਰਜ ਕਰਕੇ ਕੇਸ ਦੇ ਨੁਸਖੇ ਨੂੰ ਅਪਣਾਇਆ ਤਦ ਜਾ ਕੇ 1939 ਆਉਂਦੇ ਆਉਂਦੇ ਹੀ ਅਰਥਚਾਰਾ ਸੰਕਟ ਮੁਕਤ ਹੋ ਸਕਿਆ।

ਫ੍ਰੇਡ ਸਹਾਇਕ ਅਤੇ ਮਿਲਨ ਫ੍ਰੀਡਮੈਨ ਦੇ ਸਿਧਾਂਤਾਂ ਨੂੰ ਮਾਰਗੈਟ ਥੈਚਰ ਅਤੇ ਰੋਨਾਲਡ ਮਗਨ ਵੱਲੋਂ ਅਪਣਾਏ ਜਾਣ ਪਿਛੋਂ ਬਾਜ਼ਾਰ ਇਕ ਵਾਰ ਫਿਰ ਹਾਵੀ ਹੋ ਗਿਆ ਅਤੇ ਉਸ ਨੇ ਬਾਜ਼ਾਰ ਦੀ ਸਰਗਰਮ ਭੂਮਿਕਾ ਨੂੰ ਨਾਕਾਮ ਕਰ ਦਿੱਤਾ। ਇਹ ਦਾਅਵਾ ਕੀਤਾ ਗਿਆ ਕਿ ਸੂਚਨਾ ਤਕਨੋਲੋਜੀ ’ਤੇ ਅਧਾਰਤ ‘ਨਵਾਂ ਅਰਥਚਾਰਾ ਸੰਕਟ ਮੁਕਤ ਹੈ। ਪਰ ਜਲਦੀ ਹੀ ‘ਡਾਟ ਕਾਮ’ ਸੰਕਟ ਨੇ ਇਸ ਨੂੰ ਢਹਿ ਢੇਰੀ ਕਰ ਦਿੱਤਾ। ਪਿਛਲੇ ਸਾਲ ਮਕਾਨਾਂ ਨਾਲ ਜੁੜੀ ਸਭ ਪ੍ਰਾਈਮ ਸ਼੍ਰੇਣੀ ਦੀ ਅਦਾਇਗੀ ਨੂੰ ਲੈ ਕੇ ਜੋ ਸੰਕਟ ਸ਼ੁਰੂ ਹੋਇਆ ਸੀ ਉਸ ਨੇ ਪੂਰੀ ਅਮਰੀਕਾ ਹੀ ਨਹੀਂ ਬਲਕਿ ਸੰਸਾਰ ਅਰਥਚਾਰੇ ਨੂੰ ਸੰਕਟ ਵਿਚ ਪਾ ਦਿੱਤਾ ਹੈ। ਕਈ ਵੱਡੀਆਂ ਅਮਰੀਕੀ ਤੇ ਵਿਦੇਸ਼ੀ ਕਾਰਪੋਰੇਸ਼ਨਾ ਦੀ ਹੋਂਦ ਖਤਮ ਹੋ ਗਈ ਹੈ। ਹੋਰ ਅਨੇਕਾਂ ਕਾਰਪੋਰੇਸ਼ਨ ਵਿਨਾਸ਼ਮੁਖੀ ਹਨ। ਇਹ ਸੰਕਟ 19 ਸਤੰਬਰ ਨੂੰ ਆਪਣੇ ਸਿਖਰਲੇ ਰੂਪ ’ਚ ਉਦੋਂ ਸਾਹਮਣੇ ਆਇਆ ਜਦ ਵਾਲ ਸਟਰੀਟ ਨਾਲ ਜੁੜੇ ਡਾਊ ਜੌਂਸ ਸੂਚਕਾਂਕ ਵਿਚ 778 ਅੰਕਾਂ ਦੀ ਗਿਰਾਵਟ ਹੋਈ ਅਤੇ ਇਕ ਅਰਬ ਡਾਲਰ ਦੀ ਪੂੰਜੀ ਡੁੱਬ ਗਈ। ਅਜਿਹਾ ਇਸ ਲਈ ਹੋਇਆ ਕਿ ਵਿੱਤੀ ਸੰਸਥਾਨਾ ਨੂੰ ਦਿਵਾਲੀਆਪਣ ਤੋਂ ਉਭਰਨ ਲਈ ਰਾਸ਼ਟਰ ਵੱਲੋਂ ਪ੍ਰਸਤਾਵਿਤ, 7 ਅਰਬ ਡਾਲਰ ਦੀ ਰਾਸ਼ੀ ਨੂੰ ਤੁਰੰਤ ਅਮਰੀਕੀ ਕਾਂਗਰਸ ਨੇ ਮਨਜ਼ੂਰੀ ਨਹੀਂ ਦਿੱਤੀ। ਪਿਛਲੇ ਸਾਲ ਅਕਤੂਬਰ ਤੋਂ ਲੈ ਕੇ ਹੁਣ ਤੱਕ ਵਾਲ ਸਟਰੀਟ ਵਿਚ 50 ਅਰਬ ਡਾਲਰ ਦੀ ਰਕਮ ਹਾਵੀ ਹੋ ਚੁੱਕੀ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਕਾਂਗਰਸ ਦੀ ਮਨਜ਼ੂਰੀ ਮਿਲਣ ਦੇ ਨਾਲ ਹੀ ਸੰਕਟ ਖਤਮ ਹੋ ਗਿਆ ਹੈ। ਅਜੇ ਕਾਫੀ ਸੰਭਾਵਨਾਵਾਂ ਹਨ ਕਿ ਸੰਕਟ ਹੋਰ ਡੂੰਘਾ ਹੋਵੇਗਾ ਕਿਉਂਕਿ ਅਰਥਸਾਸ਼ਤਰੀਆਂ ਦਾ ਮੰਨਣਾ ਹੈ ਕਿ ਸੰਕਟ ਨਾਲ ਨਿਪਟਣ ਲਈ ਸਰਕਾਰ ਕੋਲ ਕੋਈ ਠੋਸ ਰਣਨੀਤੀ ਨਹੀਂ ਹੈ। ਉਹ ਤਾਂ ਸਿਰਫ ਕੁਝ ਫੌਰੀ ਕਦਮ ਉਠਾਉਣ ਦੀ ਹੀ ਸੋਚ ਰਹੀ ਹੈ ਜਿਵੇਂ ਇਕ ਦਮ ਅੱਗ ਲੱਗਣ ਪਿਛੋਂ ਹਟਾਏ ਜਾਂਦੇ ਹਨ। ਉਹ ਬੈਂਕਾਂ ’ਚ ਘਟਦੇ ਵਿਸ਼ਵਾਸ ਨੂੰ ਠਲ੍ਹ ਪਾਉਣ ਚਾਹੁੰਦੀ ਹੈ। ਮੌਜੂਦਾ ਸੰਕਟ ਪਿਛੇ ਧਨੀ ਸੇਠਾਂ ਦਾ ਲਾਲਚ, ਬੇਲਗਾਮ ਸੱਟੇਬਾਜ਼ੀ, ਸਰਕਾਰ ਵੱਲੋਂ ਵਟਾਂਦਰੇ ਦੀ ਘਾਟ ਆਦਿ ਮੁਖ ਕਾਰਨ ਹਨ। 1930 ਦੇ ਦਹਾਕੇ ਦੇ ਸ਼ੁਰੂ ਵਿਚ ਸਰਕਾਰ ਨੇ ਵਪਾਰਕ ਬੈਂਕਾਂ ਤੇ ਨਿਵੇਸ਼ ਬੈਂਕਾਂ ਦੇ ਧੰਦਿਆਂ ਨੂੰ ਨਾਲ ਨਾਲ ਚਲਾਉਣ ’ਤੇ ਪਾਬੰਦੀ ਲਾਉਣ ਦੇ ਅਮਰੀਕੀ ਕਾਨੂੰਨ (ਗਲਾਸ-ਸਿਟਰਾਲ ਐਕਟ) ਨੂੰ ਸਖਤੀ ਨਾਲ ਲਾਗੂ ਕੀਤਾ ਪਰ ਨਵੰਬਰ 1999 ਵਿਚ ਇਸ ਨੂੰ ਮੱਠਾ ਕਰ ਦਿੱਤਾ ਗਿਆ ਜਿਸ ਨਾਲ ਬੈਂਕਾਂ ਨੇ ਲਾਲਚ ਤੋਂ ਪ੍ਰੇਰਿਤ ਹੋ ਕੇ ਬੇਧੜਕ ਜੋਖਮ ਭਰੇ ਕਾਰੋਬਾਰ ’ਚ ਪੈਸੇ ਲਾਉਣੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਮੌਜੂਦਾ ਸੰਕਟ ਆਇਆ ਤੇ ਉਹ ਦਿਵਾਲੀਏਪਣ ਦੇ ਕੰਢੇ ’ਤੇ ਆ ਗਏ। ਏਨਾ ਹੀ ਨਹੀਂ ਵਿੱਤੀ ਸੰਸਥਾਨਾ ਨੇ ਕਾਰੋਬਾਰ ਦੇ ਨਵੇਂ ਤੌਰ-ਤਰੀਕੇ ਲੱਭ ਲਏ। ਅਤੇ ਸਰਕਾਰ ਨੇ ਆਪਣੀ ਨਵ-ਉਦਾਰਵਾਦੀ ਖੁੱਲੇ ਬਾਜ਼ਾਰ ਵਾਲੇ ਨਜ਼ਰੀਏ ਕਾਰਨ ਆਸਤ੍ਰ ਖਤਰਿਆਂ ਨੂੰ ਵੇਖਣ ਤੋਂ ਇਨਕਾਰ ਕਰ ਦਿੱਤਾ। ਅੰਨਾਪਣ

ਏਨਾ ਵਧਦਾ ਗਿਆ ਕਿ ਇਕ ਨਵਾਂ ਕਾਨੂੰਨ 2000 ਈ. 'ਚ ਬਣਾ ਕੇ ਡੇਰੀਵੇ ਟਿਵਸ ਨੂੰ ਸੇਕ ਦੇ ਦਾਅਰੇ ਤੋਂ ਬਾਹਰ ਕਰ ਦਿੱਤਾ ਗਿਆ। ਇਸ ਦੇ ਸਿੱਟੇ ਵਜੋਂ ਬੇਲਗਾਮ ਸੱਟੇਬਾਜ਼ੀ ਸ਼ੁਰੂ ਹੋ ਗਈ। ਸਿੱਟਾ ਹੈ ਮੌਜੂਦਾ ਸੰਕਟ ਜੋ ਰੁਕਣ ਦਾ ਨਾਂ ਨਹੀਂ ਲੈ ਰਿਹਾ ਹੈ। ਡਾਊ ਜੋਨਸ ਦੇ ਦਸ ਹਜ਼ਾਰ ਤੋਂ ਹੇਠਾਂ ਜਾਣ ਦੀ ਖਬਰ ਇਸ ਲੇਖ ਲਿਖਣ ਵੇਲੇ, ਆ ਚੁੱਕੀ ਹੈ। ਇਸ ਗਿਰਾਵਟ ਨਾਲ ਦੁਨੀਆਂ ਦੇ ਸਭ ਦੇਸ਼ ਕੁਲ ਮਿਲਾ ਕੇ ਪ੍ਰਭਾਵਿਤ ਹੋਣਗੇ। ਹੈਰਾਨੀ ਨਹੀਂ ਹੋਵੇਗੀ ਜੇ ਮੌਜੂਦਾ ਸੰਕਟ ਇਕ ਮਹਾਂਮੰਦੀ 'ਚ ਤਬਦੀਲ ਹੋ ਜਾਵੇ। ਜਿਥੋਂ ਤੱਕ ਭਾਰਤ ਦਾ ਸੁਆਲ ਹੈ ਸਾਡਾ ਅਰਥਚਾਰਾ ਸਾਮਰਾਜੀ ਵਿਸ਼ਵੀਕਰਨ ਦੇ ਗਲਬੇ ਹੇਠ ਬੁਰੀ ਤਰ੍ਹਾਂ ਆ ਚੁਕਿਆ ਹੈ, ਇਸੇ ਕਾਰਨ ਉਸ ਦੇ ਬੁਰੇ ਦਿਨਾਂ ਦੇ ਸਿੱਟੇ ਸਾਨੂੰ ਭੁਗਤਣੇ ਪੈਣਗੇ।

ਖੁਦ ਪ੍ਰਧਾਨ ਮੰਤਰੀ ਨੇ ਮੰਨਿਆ ਹੈ ਕਿ ਬਾਹਰੀ ਦੁਨੀਆਂ 'ਚ ਜੋ ਕੁਝ ਹੋ ਰਿਹਾ ਹੈ ਉਸ ਤੋਂ ਅਸੀਂ ਬੇਅਸਰ ਨਹੀਂ ਰਹਿ ਸਕਦੇ। ਇਹ ਗੱਲ ਵੱਖਰੀ ਹੈ ਕਿ ਸਾਡੇ ਉੱਪਰ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਅਸਰ ਪਵੇਗਾ। ਪ੍ਰਧਾਨ ਮੰਤਰੀ ਨੇ ਮੰਨਿਆ ਹੈ ਕਿ ਵਰਤਮਾਨ ਸੰਕਟ ਕਾਰਨ ਭਾਰਤ ਵਿਚ ਵਿਦੇਸ਼ੀ ਪੂੰਜੀ ਦਾ ਆਉਣਾ ਘੱਟ ਹੋ ਸਕਦਾ ਹੈ। ਸਾਡੇ ਇਥੇ ਵਿਦੇਸ਼ੀ ਪੂੰਜੀ ਦੋ ਰੂਪਾਂ 'ਚ ਆਉਂਦੀ ਹੈ। ਪਹਿਲਾਂ ਰੂਪ ਹੈ ਵਿਦੇਸ਼ੀ ਪ੍ਰਤੱਖ ਨਿਵੇਸ਼, ਜਿਸ ਨਾਲ ਨਵੀਂ ਪੈਦਾਵਾਰ ਯੋਗਤਾ ਲਾਈ ਜਾਂਦੀ ਹੈ ਅਤੇ ਪੁਰਾਣੀਆਂ ਉਤਪਾਦਕ ਇਕਾਈਆਂ ਵਿਚ ਸਮਰਥਾ ਦਾ ਵਿਸਥਾਰ ਹੁੰਦਾ ਹੈ। ਜਿਸ ਨਾਲ ਪੈਦਾਵਾਰ ਤੇ ਰੁਜ਼ਗਾਰ ਦੇ ਮੌਕੇ ਵਧਦੇ ਹਨ। ਵਿਦੇਸ਼ੀ ਪ੍ਰਤੱਖ ਨਿਵੇਸ਼ ਘਟਣ ਨਾਲ ਇਨ੍ਹਾਂ ਦੋਵਾਂ 'ਤੇ ਬੁਰਾ ਅਸਰ ਪਵੇਗਾ।

ਦੂਜਾ ਰੂਪ ਹੈ - ਵਿਦੇਸ਼ੀ ਸੰਸਥਾਗਤ ਨਿਵੇਸ਼ ਜੋ ਮੁੱਖ ਤੌਰ 'ਤੇ ਸ਼ੇਅਰਾਂ, ਬਾਂਡਾਂ, ਡਿਵੇਂਚਰਾਂ ਆਦਿ ਵਿਚ ਜਾਂਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸ਼ੇਅਰ ਬਾਜ਼ਾਰ ਆਏ ਉਛਾਲ 'ਚ ਇਸ ਨਿਵੇਸ਼ ਦਾ ਭਾਰੀ ਹੱਥ ਰਿਹਾ ਹੈ। ਸ਼ੇਅਰਾਂ ਦੀਆਂ ਕੀਮਤਾਂ ਵਧਣ ਨਾਲ ਕਈ ਮਾਲਾਮਾਲ ਹੋ ਗਏ ਹਨ। ਹੁਣ ਜੇ ਵਿਦੇਸ਼ੀ ਸੰਸਥਾਗਤ ਨਿਵੇਸ਼ ਨਾ ਆਏ ਅਤੇ ਉਸ ਦੇ ਨਾਲ ਹੀ ਵਿਦੇਸ਼ੀ ਸੰਸਥਾਗਤ ਨਿਵੇਸ਼ਕ ਆਪਣੀ ਜਾਇਦਾਦ ਵੇਚ ਕੇ ਆਪਣੇ ਪੈਸੇ ਕੱਢ ਕੇ ਲੈ ਜਾਣ ਲੱਗੇ ਤਾਂ ਸ਼ੇਅਰ ਬਾਜ਼ਾਰ 'ਚ ਹਫੜਾ ਦਫੜੀ ਸੁਭਾਵਿਕ ਹੈ। ਇਸ ਦੇ ਬੁਰੇ ਸੰਕੇਤ ਮਿਲ ਰਹੇ ਹਨ। 'ਇਕਨਾਮਿਕ ਟਾਈਮਜ਼' ਅਨੁਸਾਰ ਸਾਲ 2008 ਵਿਚ ਨਿਕਲ ਵਿਦੇਸ਼ੀ ਨਿਵੇਸ਼ 'ਚ ਵਾਧਾ ਹੋਣ ਬਦਲੇ ਉਸ ਵਿਚ ਗਿਰਾਵਟ ਆਵੇਗੀ। ਅਨੁਮਾਨ ਹੈ ਕਿ ਪੂਰੇ ਸਾਲ ਦੌਰਾਨ ਉਸਨੂੰ 3.5 ਅਰਬ ਡਾਲਰ ਦਾ ਪ੍ਰਤੱਖ ਵਿਦੇਸ਼ੀ ਸੰਸਥਾਗਤ ਨਿਵੇਸ਼ਕ 7 ਅਰਬ ਡਾਲਰ ਦੀ ਰਕਮ ਜਾਇਦਾਦਾਂ ਵੇਚ ਕੇ ਲੈ ਗਏ। ਵਾਲ ਸਟਰੀਟ ਦੇ ਸੰਕਟ ਕਾਰਨ ਵੱਡੀਆਂ ਭਾਰਤੀ ਕੰਪਨੀਆਂ ਲਈ ਆਪਣੇ ਕਾਰੋਬਾਰ ਵਾਸਤੇ ਵਿਦੇਸ਼ੀ ਪੂੰਜੀ ਇਕੱਠੀ ਕਰਨੀ ਮੁਸ਼ਕਿਲ ਹੋਵੇਗੀ। ਟਾਟਾ ਮੋਟਰਜ਼ ਨੇ 80 ਅਰਬ ਡਾਲਰ ਦੇ ਆਪਣੇ ਪ੍ਰੈਫਰੇਂਸ ਸ਼ੇਅਰਜ ਜਾਰੀ ਕਰਨ ਦਾ ਇਰਾਦਾ ਮੁਲਤਵੀ ਕਰ ਦਿੱਤਾ। ਏਨਾ ਹੀ ਨਹੀਂ ਹਿੰਡਾਲਕੋ ਵਰਗੀ ਮਸ਼ਹੂਰ ਕੰਪਨੀ ਵੀ ਆਪਣੇ ਰਾਈਟਸ ਇਸ਼ੂ ਜਾਰੀ ਕਰਨ ਸੰਬੰਧੀ ਮੁੜ ਵਿਚਾਰ ਕਰ ਰਹੀ ਹੈ। ਅਨੁਮਾਨ ਹੈ ਕਿ ਅਨੇਕਾਂ ਭਾਰਤੀ ਕੰਪਨੀਆਂ ਹੁਣ ਅਰਬਪਤੀਆਂ ਦੇ ਸਮੂਹ ਤੋਂ ਬਾਹਰ ਹੋ ਗਈਆਂ ਹਨ। ਹੁਣੇ-ਹੁਣੇ ਖਬਰ ਆਈ ਹੈ ਕਿ ਕੌਮਾਂਤਰੀ ਪੱਧਰ 'ਤੇ ਭਾਰਤੀ ਸਰਮਾਏਦਾਰ ਲੱਛਮੀ ਮਿੱਤਲ ਦੀ ਹੈਸੀਅਤ ਪਹਿਲਾਂ ਨਾਲੋਂ ਕਾਫੀ ਘਟੀ ਹੈ। ਸਭ ਤੋਂ ਮਾੜਾ ਅਸਰ ਭਾਰਤੀ

ਨੌਜਵਾਨਾਂ ’ਤੇ ਪੈ ਰਿਹਾ ਹੈ ਜਿਨ੍ਹਾਂ ਪ੍ਰਤਿਭਾਸ਼ਾਲੀ ਨੌਜਵਾਨਾਂ ਨੇ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਕੇ ਆਈ ਆਈ ਟੀਜ਼ ਤੇ ਏਮਜ਼’ ਦਾਖਲਾ ਲੈ ਕੇ ਸੁਨਹਿਰੇ ਭਵਿੱਖ ਦੇ ਸੁਪਨੇ ਵੇਖਣੇ ਸ਼ੁਰੂ ਕਰ ਦਿੱਤੇ ਸੀ, ਉਹ ਹੁਣ ਨਿਰਾਸ਼ ਹੋਣਗੇ। ਲੱਖਾਂ ’ਚ ਤਨਖਾਹਾਂ, ਸ਼ਾਨਦਾਰ ਮਕਾਨ, ਵਿਦੇਸ਼ੀ ਫੇਰੀਆਂ, ਪੰਜ ਸਿਤਾਰਾ ਹੋਟਲਾਂ ’ਚ ਠਹਿਰ ਆਦਿ ਫੌਰੀ ਤੌਰ ’ਤੇ ਦੂਰ ਹੁੰਦੇ ਨਜ਼ਰ ਆ ਰਹੇ ਹਨ। ਟਾਟਾ ਕੰਸਲਟੈਂਸੀ, ਸਤਿਅਮ ਕੰਪਿਊਟਰਜ਼ ਇੰਫੋਸਿਸ, ਵਿਗ੍ਰੋ ਆਦਿ ਨੂੰ ਹੁਣ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੇ ਠੇਕੇ ਘੱਟ ਮਿਲਣਗੇ।

ਹੁਣ ਕਾਲ ਸੈਂਟਰ ਅਤੇ ਬੀ. ਪੀ. ਓ ਦੀ ਗਿਣਤੀ ਘਟੇਗੀ। ਲੀਮਨ ਬਰਦਰਜ਼ ਨੇ 2500 ਭਾਰਤੀ ਕਰਮਚਾਰੀਆਂ ਦੀ ਛਾਂਟੀ ਕਰ ਦਿੱਤੀ ਹੈ। ਆਉਣ ਵਾਲੇ ਦਿਨਾਂ ਵਿਚ ਹੀਕਲੇਟ ਪੈਕਰਡ ਵਰਗੀਆਂ ਕੰਪਨੀਆਂ ਆਪਣੇ ਬਹੁਤ ਸਾਰੇ ਕਰਮਚਾਰੀਆਂ ਨੂੰ ਅਲਵਿਦਾ ਕਹਿਣ ਵਾਲੀ ਹੈ। ਅਨੁਮਾਨ ਲਾਇਆ ਜਾ ਰਿਹਾ ਹੈ ਕਿ ਜਨਵਰੀ-ਮਾਰਚ 2009 ਦੀ ਤਿਮਾਹੀ ਦੌਰਾਨ ਜਿੰਨੇ ਲੋਕਾਂ ਨੂੰ ਕੰਮ ’ਤੇ ਲਾਉਣ ਦੀ ਯੋਜਨਾ ਸੀ ਉਸ ਵਿਚ 23 ਫੀਸਦੀ ਜਾਂ ਉਸ ਤੋਂ ਵਧ ਦੀ ਕਮੀ ਆਵੇਗੀ।

ਅਮਰੀਕਾ ਤੇ ਹੋਰ ਵਿਕਸਿਤ ਦੇਸ਼ਾਂ ਵਿਚ ਮੰਦੇ ਨਾਲ ਭਾਰਤੀ ਬਰਾਮਦ ਤੇ ਪੈਦਾਵਾਰ ’ਤੇ ਬੁਰਾ ਅਸਰ ਪਵੇਗਾ ਜਿਸ ਨਾਲ ਰੁਜ਼ਗਾਰ ਦੇ ਮੌਕੇ ਵਧਣ ਦੀ ਬਜਾਏ ਘਟਣਗੇ। ਸਿੱਟੇ ਵਜੋਂ ਆਮਦਨ ਘੱਟ ਹੋਵੇਗੀ ਅਤੇ ਸਾਡੇ ਘਰੇਲੂ ਬਾਜ਼ਾਰ ’ਚ ਮੰਗ ਦੀ ਮਾਤਰਾ ਘਟੇਗੀ ਅਤੇ ਮੰਦੀ ਦੇ ਆਸਾਰ ਉਜਾਗਰ ਹੋਣਗੇ। ਉੱਪਰ ਜਿਨ੍ਹਾਂ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਦੇ ਦੂਰਗਾਮੀ ਸਮਾਜਿਕ ਰਾਜਸੀ ਤੇ ਮਨੋਵਿਗਿਆਨਕ ਸਿੱਟੇ ਹੋਣਗੇ। ਸਾਡੇ ਕਈ ਪ੍ਰਤਿਭਾਵਾਨ ਨੌਜਵਾਨ ਲੜਕੇ-ਲੜਕੀਆਂ ’ਚ ਨਿਰਾਸ਼ਾਜਨਕ ਰੋਗ ਵਧ ਫੁਲ ਸਕਦੇ ਹਨ। ਕੁੱਲ ਮਿਲਾ ਕੇ ਸਥਿਤੀ ਭਿਅੰਕਰ ਹੋ ਸਕਦੀ ਹੈ। ਵਿਸ਼ਵੀਕਰਨ ਦੇ ਇਸ ਪਹਿਲੂ ’ਤੇ ਹੁਣ ਤੱਕ ਕਿਸੇ ਨੇ ਕੋਈ ਧਿਆਨ ਕਿਉਂ ਨਹੀਂ ਦਿੱਤਾ।

# ਵਿਸ਼ਵੀ ਮੰਦੇ ਦਾ ਭਾਰਤ ’ਤੇ ਪ੍ਰਭਾਵ

ਭਾਰਤ ਦੀ ਸਰਕਾਰ ਲਗਾਤਾਰ ਇਹ ਗੱਲ ਕਹਿ ਰਹੀ ਹੈ ਕਿ ਵਿਸ਼ਵ ਅਰਥਚਾਰੇ ’ਚ ਸੰਕਟ ਦਾ ਭਾਰਤ ’ਤੇ ਜ਼ਿਆਦਾ ਅਸਰ ਨਹੀਂ ਪਵੇਗਾ। ਵੱਧ ਤੋਂ ਵੱਧ ਥੋੜ੍ਹਾ ਜਿੰਨ੍ਹਾਂ ਅਸਿੱਧਾ ਅਸਰ ਹੀ ਪਵੇਗਾ। ਭਾਰਤ ਦੇ ਅਰਥਚਾਰੇ ਦੇ ਮੂਲਭੂਤ ਤੱਤ ਮੌਜੂਦ ਹਨ ਤੇ 2008-09 ’ਚ ਵੀ ਵਾਧੇ ਦੀ ਦਰ 7.5 ਤੋਂ 8 ਫੀਸਦੀ ਰਹੇਗੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਵਿੱਤ ਮੰਤਰੀ ਪੀ ਚਿਦੰਬਰਮ ਲਗਾਤਾਰ ਇਸ ਤਰ੍ਹਾਂ ਦੇ ਬਿਆਨ ਅਸਲ ਤਥਾਂ ’ਤੇ ਖੁਦ ਸਰਕਾਰੀ ਵਿਹਾਰ ਦੇ ਉਲਟ ਹਨ। ਅਗਸਤ 2008 ’ਚ ਸਨਅਤੀ ਖੇਤਰ ’ਚ ਵਾਧਾ ਦਰ ਡਿੱਗ ਕੇ ਸਿਰਫ 1.3 ਫੀਸਦੀ ਸਦੀ ਰਹਿ ਗਈ। ਸ਼ੇਅਰ ਬਾਜ਼ਾਰ ਲਗਾਤਾਰ ਡਿੱਗਦਾ ਹੀ ਜਾ ਰਿਹਾ ਹੈ। ਆਈ. ਸੀ. ਆਈ. ਸੀ. ਆਈ ਵਰਗੇ ਵੱਡੇ ਨਿੱਜੀ ਬੈਂਕਾਂ ਦੇ ਦਿਵਾਲੀਆ ਹੋਣ ਦੀਆਂ ਅਫਵਾਹਾਂ ਲਗਾਤਾਰ ਵਧ ਰਹੀਆਂ ਹਨ। ਭਾਰਤ ਦਾ ਰਿਜ਼ਰਵ ਬੈਂਕ ਬਜ਼ਾਰ ’ਚ ਮੁਦਰਾ ਦੀ ਸਪਲਾਈ ਬਣਾਈ ਰੱਖਣ ਲਈ ਇਕ ਤੋਂ ਪਿਛੋਂ ਇਕ ਕਦਮ ਚੁੱਕੇ ਜਾ ਰਹੇ ਹਨ। ਇਹ ਕਦਮ ਲਗਾਤਾਰ ਨਾ ਕਾਫੀ ਸਾਬਤ ਹੋ ਰਹੇ ਹਨ। ਅਜੇ ਬਹੁਤ ਦਿਨ ਹੋਏ ਭਾਰਤ ਸਰਕਾਰ ਦੇ ਪੂੰਜੀਵਾਦੀ ਮਾਹਿਰ ਇਹ ਕਹਿੰਦੇ ਫਿਰ ਰਹੇ ਸਨ ਕਿ ਭਾਰਤ ਦਾ ਅਰਥਚਾਰਾ ਸੰਸਾਰਿਕ ਅਰਥਚਾਰੇ ਨਾਲ ‘ਡੀਕਪਲਡ’ ਹੈ ਅਤੇ ਵਿਸ਼ਵੀ ਸੰਕਟ ਦਾ ਭਾਰਤ ’ਤੇ ਅਸਰ ਨਹੀਂ ਪਵੇਗਾ। ਜੁਲਾਈ 2007 ’ਚ ਸਬਪ੍ਰਾਈਮ ਸੰਕਟ ਦੇ ਸ਼ੁਰੂ ਹੋਣ ਪਿਛੋਂ ਜਦ ਭਾਰਤ ਦੇ ਸ਼ੇਅਰ ਬਾਜ਼ਾਰ ਵਧਦੇ ਹੀ ਰਹੇ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਦਾ ਆਮ ਪ੍ਰਚਲਣ ਹੋ ਗਿਆ। ਇਸ ਨੂੰ ਇਕ ਦਮ ਬੇਸ਼ਰਮੀ ਨਾਲ ਛਪਾਇਆ ਗਿਆ ਕਿ ਜੁਲਾਈ 2007 ਪਿਛੋਂ ਇਹ ਵਾਧਾ ਖੁਦ ਇਸ ਸੰਕਟ ਦਾ ਸਿੱਟਾ ਸੀ। ਅਮਰੀਕੀ ਵਿੱਤੀ ਬਾਜ਼ਾਰ ਦੇ ਸੰਕਟ ਕਾਰਨ ਕੁਝ ਵਿੱਤੀ ਨਿਵੇਸ਼ਕਾਂ ਨੇ ਭਾਰਤ ਵੱਲ ਰੁੱਖ ਕੀਤਾ ਸੀ ਅਤੇ ਇਸ ਕਾਰਨ ਭਾਰਤ ਦੇ ਸ਼ੇਅਰ ਬਾਜ਼ਾਰ ਤੇ ਡਾਲਰ ਦੇ ਮੁਕਾਬਲੇ ਤੇ ਰੁਪਏ ਦੇ ਮੁੱਲ ਦੋਨਾਂ ’ਚ ਭਾਰੀ ਉਛਾਲ ਆਇਆ। ਪਰ ਜਦ ਅਮਰੀਕੀ ਸੰਕਟ ਹੋਰ ਡੂੰਘਾ ਹੋਇਆ ਤਾਂ ਮੁਦਰਾ ਦਾ ਸੰਕਟ ਗੰਭੀਰ ਹੋ ਗਿਆ। ਤਾਂ ਉਲਟਾ ਸਿੱਟਾ ਨਿਕਲਣਾ ਸ਼ੁਰੂ ਹੋ ਗਿਆ। ਤਦ ਵਿਦੇਸ਼ੀ ਨਿਵੇਸ਼ਕ ਭਾਰਤੀ ਬਾਜ਼ਾਰ ਤੋਂ ਪੂੰਜੀ ਕੱਢਣ ਲੱਗੇ। ਜਿਥੇ 2007 ’ਚ ਨਿਵੇਸ਼ਕ ਭਾਰਤੀ ਬਾਜ਼ਾਰ ’ਚ 17 ਲੱਖ ਡਾਲਰ ਦਾ ਵਿਦੇਸ਼ੀ ਨਿਵੇਸ਼ ਹੋਇਆ ਸੀ। ਉਥੇ ਸਤੰਬਰ 2008 ਤਕ 9 ਲੱਖ ਡਾਲਰ ਬਾਹਰ ਜਾ ਚੁੱਕੇ ਸਨ। ਸਿੱਟੇ ਵਜੋਂ ਭਾਰਤ ਦਾ ਸ਼ੇਅਰ ਬਾਜ਼ਾਰ ਤੇ ਰੁਪਇਆ ਤਹਿਸ ਨਹਿਸ ਹੋ ਗਏ। ਭਾਰਤ ਦੇ ਵਿੱਤ ਬਾਜ਼ਾਰ ’ਚ 2008 ਤੋਂ ਜਾਰੀ ਇਸ ਤਾਂਡਵ ਨੇ ਹੁਣ ਮਾਮਲਿਆਂ ਨੂੰ ਉਥੇ ਪਹੁੰਚਾ ਦਿੱਤਾ ਹੈ ਜਿਥੇ ਪ੍ਰਧਾਨ ਮੰਤਰੀ ਨੂੰ ਇਹ ਕਹਿਣਾ ਪੈ ਰਿਹਾ ਹੈ ਕਿ ਵਿਸ਼ਵੀਕਰਨ ਦੇ ਇਸ ਜਮਾਨੇ ’ਚ ਕੋਈ ਵੀ ਵਿਸ਼ਵੀ ਸੰਕਟ ਤੋਂ ਅਛੂਤ ਨਹੀਂ ਰਹਿ ਸਕਦੇ। ਮਨਮੋਹਨ ਸਿੰਘ ਨੇ ਲੋਕ ਸਭਾ ਵਿੱਚ ਕਿਹਾ ਕਿ ਸੰਕਟ ਦਾ ਕੁਝ ਅਸਿੱਧਾ ਅਸਰ ਭਾਰਤ ’ਤੇ ਪਵੇਗਾ। ਅਸਲ ਗੱਲ ਇਹ ਹੈ ਕਿ ਭਾਰਤ ਸਰਕਾਰ ਅਜੇ ਸਚਾਈ ਛੁਪਾ ਰਹੀ ਹੈ। ਤੇ ਉਹ ਇਹ ਕੰਮ ਪੂਰੀ ਬੇਸ਼ਰਮੀ ਨਾਲ ਕਰ ਰਹੀ ਹੈ। ਜਦ ਅਗਸਤ ਮਹੀਨੇ ’ਚ ਵਾਧਾ ਦਰ 1.3 ਫੀਸਦੀ ਤਕ ਡਿੱਗ ਪਈ ਤਾਂ ਚਿਦੰਬਰਮ ਨੇ ਕਿਹਾ ਕਿ ਇਹ ਅੰਕੜੇ ਵਿਸਵਾਸ਼ਯੋਗ ਨਹੀਂ ਹਨ। ਇਹ 1993

ਦੇ ਆਧਾਰ 'ਤੇ ਹੈ ਤੇ ਸਚਾਈ ਨੂੰ ਜਾਹਰ ਨਹੀਂ ਕਰਦੇ। ਜਦ ਵਾਧਾ ਦਰ 10 ਫੀਸਦੀ ਸੀ। ਤਦ ਇਹ ਅੰਕੜੇ ਸਚਾਈ ਦੱਸਦੇ ਸਨ ਪਰ ਅੱਜ ਨਹੀਂ ਕਿੰਨੀ ਹਾਸੋਹੀਣੀ ਗੱਲ ਹੈ ਪਰ ਮਨਮੋਹਨ ਚਿਦੰਬਰਮ ਦੀ ਪੋਲ ਜਹਾਜ਼ੀ ਸੰਕਟ ਨੇ ਖੋਲ ਦਿੱਤੀ। ਏਅਰਵੇਜ ਨੇ ਜਿਥੇ 1500 ਕਰਮਚਾਰੀਆਂ ਦੀ ਛਾਂਟੀ ਕਰਨ ਦੀ ਕੋਸ਼ਿਸ਼ ਕੀਤੀ ਉਥੇ ਏਅਰ ਇੰਡੀਆ ਨੇ 500 ਕਰਮਚਾਰੀਆਂ ਨੂੰ ਦੋ ਸਾਲ ਲਈ ਛੁੱਟੀ 'ਤੇ ਭੇਜਣ ਦੀ ਗੱਲ ਕਹੀ। ਵਿਜੈ ਮਾਲਵਾ ਦੀ ਕਿੰਗਫਿਸਰ ਨੇ ਆਪਣੇ ਕੱਟੜ ਵਿਰੋਧੀ ਜੈੱਟ ਨਾਲ ਰਲੇਵੇਂ ਦੀ ਗੱਲ ਕਹੀ। ਜਹਾਜ ਖੇਤਰ ਦਾ ਇਹ ਸੰਕਟ ਕਿਸ ਗੱਲ ਦਾ ਇਜਾਹਰ ਹੈ? ਕੀ ਇਹ ਭਾਰਤੀ ਅਰਥਚਾਰੇ ਦੇ ਡੂੰਘੇ ਹੁੰਦੇ ਸੰਕਟ ਨੂੰ ਨਹੀਂ ਦਰਸਾਉਂਦੇ? ਗੱਲ ਸਿਰਫ ਇਥੋਂ ਤਕ ਸੀਮਤ ਨਹੀਂ ਹੈ। ਪਿਛਲੇ ਸਾਲਾਂ 'ਚ ਸਰਕਾਰ ਆਪਣੇ ਭੁਗਤਾਨ ਸੰਤੁਲਨ ਤੇ ਕਰਜੇ ਸਬੰਧੀ ਆਸਵੰਦ ਸੀ। ਪਰ ਹੁਣ ਕੀ ਹੋ ਗਿਆ? ਪਿਛਲੇ ਸਾਲਾਂ 'ਚ ਭਾਰਤ ਦਾ ਵਪਾਰ ਘੱਟਦਾ ਵੱਧਦਾ ਗਿਆ ਹੈ ਯਾਨੀ ਬਰਾਮਦ ਦੇ ਬਦਲੇ ਦਰਾਮਦ ਵਧਦੀ ਗਈ ਹੈ। ਇਸ ਦੀ ਪੂਰਤੀ ਵਿਦੇਸ਼ੀ ਪੂੰਜੀ ਨਿਵੇਸ਼ ਬੀ. ਪੀ. ਓ. ਖੇਤਰ ਤੋਂ ਆਮਦਨ ਤੇ ਪ੍ਰਵਾਸੀ ਮਜਦੂਰਾਂ ਵਲੋਂ ਦੇਸ਼ 'ਚ ਵਿਦੇਸ਼ੀ ਮੁਦਰਾ ਭੇਜਣ ਨਾਲ ਹੁੰਦੀ ਰਹੀ ਹੈ। ਪਰ ਵਿਸ਼ਵ ਅਰਥਚਾਰੇ 'ਚ ਸੰਕਟ ਨਾਲ ਇਹ ਸਭ ਖੇਤਰ ਪ੍ਰਭਾਵਿਤ ਹੋਣਗੇ। ਇਹਨਾਂ ਨਾਲ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ 'ਚ ਤੇਜੀ ਨਾਲ ਕਮੀ ਹੋਵੇਗੀ। ਬਾਹਰੀ ਸੰਕਟ 'ਚ ਧੱਕ ਸਕਦਾ ਹੈ। ਪਿਛਲੇ ਸਾਲਾਂ 'ਚ ਭਾਰਤ ਵਿੱਤੀ ਅਦਾਰਿਆਂ ਤੇ ਉਤਪਾਦਨ ਕੰਪਨੀਆਂ ਨੇ ਵਿਦੇਸ਼ੀ ਬਾਜ਼ਾਰਾਂ ਤੋਂ ਕਾਫੀ ਪੈਸਾ ਉਗਰਾਹਿਆ ਸੀ। ਇਹ ਹੁਣ ਸਾਰਾ ਠੱਪ ਹੋ ਗਿਆ ਹੈ। ਦੂਜੇ ਪਾਸੇ ਦੇਸ਼ ਦੇ ਮੁਦਰਾ ਬਾਜ਼ਾਰ ਵਿੱਚ ਸਥਿਤੀ ਸੰਕਟ ਗ੍ਰਸਿਤ ਹੋ ਗਈ ਹੈ। ਅਜੇਹੇ 'ਚ ਉਤਪਾਦਨ 'ਚ ਨਿਵੇਸ਼ 'ਤੇ ਹੀ ਨਹੀਂ ਅਸਰ ਪਵੇਗਾ ਬਲਕਿ ਉਹਨਾਂ ਦੀ ਆਮ ਵਿੱਤੀ ਸਥਿਤੀ ਵੀ ਸੰਕਟਪੂਰਨ ਹੋ ਜਾਵੇਗੀ। ਇਸ ਦਾ ਸਿੱਧਾ ਸਿੱਟਾ ਮੰਦੀ ਹੋਵੇਗਾ।

ਮਾਮਲਾ ਉਦੋਂ ਹੋਰ ਵੱਧ ਸੰਗੀਨ ਹੋ ਜਾਵੇਗਾ ਜਦ ਭਾਰਤ ਦੇ ਵਿੱਤੀ ਅਦਾਰੇ ਗੰਭੀਰ ਸੰਕਟ 'ਚ ਫਸ ਜਾਣਗੇ। ਆਈ. ਸੀ. ਆਈ. ਸੀ. ਆਈ. ਵਰਗੇ ਬੈਂਕ ਦੇ ਢੇਰੀ ਢੇਰੀ ਹੋਣ 'ਤੇ ਇਹਨਾਂ ਦਾ ਖਤਰਾ ਬਹੁਤ ਵੱਧ ਜਾਵੇਗਾ। ਇਸ ਲਈ ਸਰਕਾਰ ਉਹਨਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕਰੇਗੀ। ਉਕਤ ਸਾਰੇ ਤੱਥਾਂ ਦਾ ਸਿੱਟਾ ਹੈ ਕਿ ਭਾਰਤ ਵਿਸ਼ਵੀ ਵਿਤੀ ਸੰਕਟ ਤੋਂ ਨਾ ਸਿਰਫ ਪ੍ਰਭਾਵਿਤ ਹੋਵੇਗਾ ਬਲਕਿ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਵੇਗਾ।

# ਸ਼ੇਅਰ ਬਾਜ਼ਾਰ 'ਚ ਨਿਰਾਸ਼ਤਾ

ਦਿੱਲੀ ਦੇ ਮਸ਼ਹੂਰ ਵਿਹਾਰ ਇਲਾਕੇ 'ਚ ਕਿਰਾਏ 'ਤੇ ਰਹਿਣ ਵਾਲੇ 34 ਸਾਲਾਂ ਮਨੀਸ਼ ਕੁਮਾਰ ਪਿਛਲੇ ਕਈ ਸਾਲਾਂ ਤੋਂ ਆਪਣਾ ਮਕਾਨ ਬਣਾਉਣ ਦਾ ਸੁਪਨਾ ਲਈ ਬੈਠਾ ਹੈ। ਇਕ ਨਿੱਜੀ ਕੰਪਨੀ 'ਚ ਉਪ ਪ੍ਰਬੰਧਕ ਦੇ ਅਹੁਦੇ 'ਤੇ ਤਾਇਨਾਤ ਮਨੀਸ਼ ਕੁਮਾਰ ਨੇ ਤਕਰੀਬਨ 8 ਸਾਲ ਦੀ ਨੌਕਰੀ 'ਚ 10 ਲੱਖ ਰੁਪਏ ਜਮ੍ਹਾ ਕੀਤੇ। ਪਿਛਲੇ ਸਾਲ ਦੀਵਾਲੀ 'ਤੇ ਉਸ ਨੇ ਆਪਣੀ ਇਸ ਜਮ੍ਹਾ ਪੂੰਜੀ ਤੇ ਹੋਰ ਪੰਜ ਲੱਖ ਰੁਪਏ ਰਿਸ਼ਤੇਦਾਰਾਂ ਤੋਂ ਇਕੱਠੇ ਕਰਕੇ ਇਕ ਫਲੈਟ ਖਰੀਦਣ ਦਾ ਮਨ ਬਣਾਇਆ। ਫਲੈਟ ਦੀ ਕੀਮਤ ਸੀ 35 ਲੱਖ ਮਨੀਸ਼ ਦਾ ਮੰਨਣਾ ਸੀ ਕਿ ਉਹ 15 ਲੱਖ ਰੁਪਏ ਖੁਦ ਜਮ੍ਹਾ ਕਰਕੇ ਬਾਕੀ ਰਾਸ਼ੀ ਬੈਂਕ ਤੋਂ ਕਰਜ਼ਾ ਲਵੇਗਾ ਤੇ ਹੌਲੀ ਹੌਲੀ ਅਸਾਨ ਕਿਸ਼ਤਾਂ 'ਚ ਮੋੜ ਦੇਵੇਗਾ। ਪਰ ਉਸ ਸਮੇਂ ਭਾਰਤ ਸਮੇਤ ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ 'ਚ ਚੱਲ ਰਹੇ ਜਬਰਦਸਤ ਤੇਜੀ ਦੇ ਦੌਰ ਵੱਲ ਮਨੀਸ਼ ਦਾ ਧਿਆਨ ਗਿਆ। ਉਸ ਨੇ ਆਪਣੇ ਕੁਝ ਮਿੱਤਰਾਂ ਦੀ ਸਲਾਹ ਲਈ ਤੇ ਇਸ ਉਮੀਦ ਨਾਲ ਕਿ ਅਗਲੇ ਸਾਲ 'ਚ ਉਸ ਦਾ ਖੁਦ ਦਾ ਪੈਸਾ ਦੁੱਗਣਾ ਹੋ ਜਾਵੇਗਾ ਤੇ ਮਕਾਨ ਨਕਦ ਹੀ ਖਰੀਦ ਸਕੇਗਾ। ਉਸ ਨੇ ਸਾਰਾ 15 ਲੱਖ ਰੁਪਿਆ ਸ਼ੇਅਰ ਬਾਜ਼ਾਰ 'ਚ ਲਾ ਦਿੱਤਾ। ਅੱਜ ਉਸ ਦੇ ਨਿਵੇਸ਼ ਬਾਜ਼ਾਰ 'ਚ ਕੀਮਤ ਘਟ ਕੇ 6 ਲੱਖ ਰੁਪਏ ਰਹਿ ਗਏ ਹਨ ਮਕਾਨ ਲੈਣ ਸਕਣ ਤਾਂ ਦੂਰ ਉਸ ਨੂੰ ਆਪਣੇ ਰਿਸ਼ਤੇਦਾਰਾਂ ਦੇ ਪੈਸੇ ਵਾਪਸ ਕਰਨ ਦੀ ਚਿੰਤਾ ਸਤਾ ਰਹੀ ਹੈ। ਇਹ ਕਹਾਣੀ ਇਕੱਲੇ ਮਨੀਸ਼ ਦੀ ਨਹੀਂ ਹੈ। ਸ਼ੇਅਰ ਬਾਜ਼ਾਰ ਦੀ ਚਕਾ ਚੌਂਦਾ 'ਚ ਜੀਵਨ ਭਰ ਦੀ ਕਮਾਈ ਗਵਾ ਚੁੱਕੇ ਪਤਾ ਨਹੀਂ ਕਿੰਨੇ ਮਨੀਸ਼ ਮੁੰਬਈ ਤੇ ਦਿੱਲੀ ਵਰਗੇ ਮਹਾਂਨਗਰਾਂ 'ਚ ਆਪਣੀ ਕਿਸਮਤ ਦਾ ਰੋਣਾ ਰੋ ਰਹੇ ਹਨ। ਇਹ ਤਾਂ ਇਕ ਸਬਕ ਹੈ। ਉਹਨ੍ਹਾਂ ਸਾਰਿਆਂ ਲਈ ਜੋ ਸ਼ੇਅਰ ਬਾਜ਼ਾਰ ਤੋਂ ਕਮਾਈ ਕਰਨਾ ਚਾਹੁੰਦੇ ਹਨ ਪਰ ਆਪਣੀ ਪੂੰਜੀ ਨੂੰ ਗਵਾਉਣਾ ਨਹੀਂ ਚਾਹੁੰਦੇ। ਸਭ ਤੋਂ ਪਹਿਲਾਂ ਪਿਛਲੇ ਚਾਰ ਸਾਲਾਂ ਦੌਰਾਨ ਸ਼ੇਅਰ ਬਾਜ਼ਾਰ ਦੇ ਉਤਰਾਅ-ਚੜ੍ਹਾਅ 'ਤੇ ਇਕ ਨਜ਼ਰ ਮਾਰਨ ਦੀ ਲੋੜ ਹੈ। ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਮੁੰਬਈ ਸਟਾਕ ਐਕਸਚੇਂਜ ਦਾ ਸੰਵੇਦੀ ਸੂਚਲਾਂਕ ਯਾਨੀ ਸੈਂਸੇਕਸ 4500 ਤੋਂ 5000 ਅੰਕ ਵਿਚਕਾਰ ਝੂਲ ਰਿਹਾ ਸੀ। ਚੋਣਾਂ ਪਿੱਛੋਂ ਦੇਸ਼ 'ਚ ਇਕ ਸਥਿਰ ਸਰਕਾਰ ਤੇ ਆਰਥਿਕ ਸੁਧਾਰਾਂ ਦੀ ਉਮੀਦ 'ਚ ਹੌਲੀ ਹੌਲੀ ਸ਼ੇਅਰ ਬਾਜ਼ਾਰ ਉੱਪਰ ਵੱਲ ਵਧਣ ਲੱਗਿਆ। ਇਸ 'ਚ ਮਦਦ ਕੀਤੀ ਵਿਦੇਸ਼ ਤੋਂ ਆਏ ਸੰਸਥਾਗਤ ਵਿਦੇਸ਼ੀ ਨਿਵੇਸ਼ਕਾਂ ਯਾਨੀ ਨੇ ਸਲਾਨਾ ਨੌਂ ਫੀਸਦੀ ਦੀ ਰਫਤਾਰ ਨਾਲ ਵਧ ਰਹੇ ਭਾਰਤੀ ਅਰਥਚਾਰੇ ਵੱਲ ਦੁਨੀਆਂ ਦਾ ਧਿਆਨ ਗਿਆ ਅਤੇ ਵੱਡੀ ਮਾਤਰਾ 'ਚ ਆਪਣਾ ਪੂੰਜੀ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਸਰਕਾਰ ਦੀ ਉਦਾਰੀਕਰਨ ਦੀ ਨੀਤੀ ਅਤੇ ਢਾਂਚਗਤ ਬੁਨਿਆਦੀ ਸਹੂਲਤਾਂ ਦੇ ਵਿਕਾਸ ਵੱਲ ਦਿੱਤੇ ਜ਼ੋਰ ਨੇ ਨਿਵੇਸ਼ਕਾਂ ਦੀ ਹੌਸਲਾ ਹੋਰ ਵਧਾਇਆ। ਹੌਲੀ ਹੌਲੀ ਉਪਰ ਚੜ੍ਹਦੇ ਹੋਇਆ ਸੇਂਸਕਸ 2008 ਦੀ ਸ਼ੁਰੂਆਤ 'ਚ 21000 ਅੰਕ ਦੇ ਪੱਧਰ ਨੂੰ ਵੀ ਲੰਘ ਗਿਆ। ਸੇਂਸਕਸ ਨੇ ਇਸ ਮਹੀਨੇ 'ਚ ਕਿਸੇ ਇਕ ਕਾਰੋਬਾਰੀ ਸੈਸ਼ਨ ਦੌਰਾਨ 21205 ਅੰਕ ਦਾ ਆਪਣਾ ਹੁਣ ਤਕ ਦਾ ਸਭ ਤੋਂ ਉੱਚਾ ਪੱਧਰ ਛੂਹਿਆ। 8 ਜਨਵਰੀ 2008

ਨੂੰ ਹੀ ਸੈਂਸਕਸ 20873 ਅੰਕ ਦੇ ਹੁਣ ਦੇ ਸਭ ਤੋਂ ਉੱਚੇ ਪੱਧਰ 'ਤੇ ਬੰਦ ਹੋਇਆ। ਪਰ ਇਸ ਰਫਤਾਰ ਨੂੰ ਇਕ ਨਾ ਇਕ ਦਿਨ ਬਰੇਕ ਤਾਂ ਲੱਗਣੀ ਹੀ ਸੀ। ਆਪਣੇ ਸਭ ਤੋਂ ਉੱਚੇ ਪੱਧਰ ਨੂੰ ਛੂਹਣ ਦੇ ਠੀਕ 13 ਦਿਨਾਂ ਬਾਅਦ ਯਾਨੀ 21 ਜਨਵਰੀ ਨੂੰ ਸੈਂਸੇਕਸ ਨੇ 7.41 ਫੀਸਦੀ ਸਦੀ ਦੀ ਜਬਰਦਸਤ ਡੁਬਕੀ ਦਰਜ ਕੀਤੀ ਗਈ ਹੁਣ ਤਕ ਦੀ 10 ਸਭ ਤੋਂ ਵੱਡੀ ਗਿਰਾਵਟ ਚਾਲੂ ਸਾਲ ਦੌਰਾਨ ਹੀ ਦਰਜ ਕੀਤੀ ਗਈ। ਪਿਛਲੇ 52 ਹਫਤਿਆਂ ਦੌਰਾਨ ਸੈਂਸੇਕਸ 'ਚ 45 ਫੀਸਦੀ ਤੋਂ ਵੀ ਵੱਧ ਦੀ ਗਿਰਾਵਟ ਆਈ ਹੈ। ਸੇਬੀ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਿਛਲੇ ਇਕ ਮਹੀਨੇ ਦੌਰਾਨ ਹੀ ਸੇਨਸੇਕਸ 'ਚ ਕਰੀਬ 25 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਹੁਣ 17 ਅਕਤੂਬਰ ਨੂੰ ਤਾਂ ਸੈਂਸੇਕਸ 10 ਹਜ਼ਾਰ ਦੇ ਪੱਧਰ ਤੋਂ ਵੀ ਹੇਠਾਂ ਡਿੱਗ ਕੇ 9975 ਅੰਕ 'ਤੇ ਆ ਗਿਆ। 20 ਜੂਨ 2000 ਪਿਛੋਂ ਪਹਿਲੀ ਵਾਰੀ ਸੈਂਸੇਕਸ ਇਸ ਪੱਧਰ 'ਤੇ ਆਇਆ ਹੈ।

ਪਰ ਆਖਰਕਾਰ ਐਸਾ ਹੋਇਆ ਕਿਉਂ? ਜਿਸ ਦੀ ਵਜਾਹ ਨਾਲ ਇਹ ਵਧਦਾ ਹੋਇਆ ਸ਼ੇਅਰ ਬਾਜ਼ਾਰ ਅਚਾਨਕ ਤਹਿਸ ਨਹਿਸ ਹੋਣਾ ਸ਼ੁਰੂ ਹੋ ਗਿਆ ਇਸ ਦੀ ਸਭ ਤੋਂ ਵੱਡੀ ਵਜਾਹ ਰਹੀ ਅਮਰੀਕੀ ਬਾਜ਼ਾਰ 'ਚ ਸ਼ੁਰੂ ਹੋਈ ਮੰਦੀ ਦਾ ਦੌਰ 2008 ਦੇ ਸ਼ੁਰੂ ਹੁੰਦੇ ਅਮਰੀਕੀ ਸਬਪ੍ਰਾਈਮ ਦੀਆਂ ਖਬਰਾਂ ਛਣ ਕੇ ਬਾਹਰ ਆਉਣ ਲੱਗੀਆਂ ਸਨ। ਅਮਰੀਕੀ ਬਾਜ਼ਾਰਾਂ 'ਚ ਮੰਦੀ ਦੇ ਚਲਦਿਆਂ ਉਥੋਂ ਦੇ ਨਿਵੇਸ਼ਕਾਂ ਦੁਨੀਆਂ ਭਰ ਦੇ ਬਾਜ਼ਾਰਾਂ ਤੋਂ ਆਪਣੀ ਪੂੰਜੀ ਕੱਢਣ ਲੱਗੇ। ਸਭ ਤੋਂ ਵੱਧ ਪੂੰਜੀ ਉਹਨਾਂ ਬਾਜ਼ਾਰਾਂ ਤੋਂ ਕੱਢੀ ਗਈ। ਜਿਥੇ ਉਹਨਾਂ ਨੇ ਸਭ ਤੋਂ ਵੱਧ ਲਾਭ ਕਮਾਇਆ ਸੀ। ਅਜੇ ਇਹ ਬਾਜ਼ਾਰਾਂ 'ਚ ਭਾਰਤ ਦੇ ਸ਼ੇਅਰ ਬਾਜ਼ਾਰ ਮੁੱਖ ਸਨ। ਅਮਰੀਕੀ ਨਿਵੇਸ਼ਕਾਂ ਦੀ ਦੇਖਾ ਦੇਖੀ ਹੋਰ ਦੇਸ਼ਾਂ ਦੇ ਨਿਵੇਸ਼ਕਾਂ ਨੇ ਵੀ ਆਪਣੀ ਪੂੰਜੀ ਕੱਢਣੀ ਸ਼ੁਰੂ ਕਰ ਦਿੱਤੀ। ਅੰਕੜੇ ਦੱਸਦੇ ਹਨ ਕਿ ਸਾਲ 2008 ਦੌਰਾਨ ਭਾਰਤੀ ਸ਼ੇਅਰ ਬਾਜ਼ਾਰਾਂ ਤੋਂ 11.56 ਅਰਬ ਡਾਲਰ ਵਾਪਸ ਨਿਕਲ ਚੁੱਕੇ ਹਨ। ਸਿਰਫ ਅਕਤੂਬਰ ਮਹੀਨੇ 'ਚ ਐਫ. ਆਈ. ਆਈ. ਨੇ ਹੁਣ ਤਕ 2.40 ਅਰਬ ਡਾਲਰ ਕੱਢੇ ਹਨ। ਦੂਜੇ ਪਾਸੇ ਖਾਣ ਵਾਲੇ ਪਦਾਰਥਾਂ ਤੇ ਕੱਚੇ ਤੇਲ ਸਮੇਤ ਹੋਰ ਵਸਤਾਂ ਦੇ ਭਾਅ ਵਧ ਰਹੇ ਸਨ। ਇਨ੍ਹਾਂ ਵਸਤਾਂ ਦੀਆਂ ਕੀਮਤਾਂ 'ਚ ਵਾਧੇ ਕਾਰਨ ਭਾਰਤ 'ਚ ਮਹਿੰਗਾਈ ਦਰ ਕਰੀਬ 13 ਫੀ ਸਦੀ ਤਕ ਪਹੁੰਚ ਗਈ। ਵਧਦੀ ਮਹਿੰਗਾਈ ਨੂੰ ਰੋਕਣ ਲਈ ਸਰਕਾਰ ਨੇ ਬਾਜ਼ਾਰ 'ਚ ਪੂੰਜੀ ਦੀ ਉਪਲੱਭਤਾ 'ਤੇ ਲਗਾਮ ਲਾਉਣ ਲਈ ਕਦਮ ਉਠਾਏ। ਇਹਨਾਂ ਕਦਮ ਦਾ ਸਿੱਧਾ ਅਸਰ ਇਹ ਹੋਇਆ ਕਿ ਬਾਜ਼ਾਰ 'ਚ ਪੂੰਜੀ ਦੀ ਤਰਲਤਾ ਨਕਦੀ ਘਟ ਗਈ। ਇਸ ਕਮੀ ਦੀ ਪੂਰਤੀ ਲਈ ਘਰੇਲੂ ਨਿਵੇਸ਼ਕਾਂ ਨੇ ਸ਼ੇਅਰ ਬਾਜ਼ਾਰਾਂ 'ਚ ਲੱਗਿਆ ਆਪਣਾ ਪੈਸਾ ਕੱਢਣਾ ਸ਼ੁਰੂ ਕਰ ਦਿੱਤਾ। ਇਸ ਦੇ ਨਾਲ ਹੀ ਵਧਦੀ ਮਹਿੰਗਾਈ ਕਾਰਨ ਘਰੇਲੂ ਖਪਤਕਾਰਾਂ ਦੀ ਮੰਗ ਘਟ ਗਈ। ਨਾਲ ਹੀ ਹੀ ਬੈਂਕਾਂ ਤੋਂ ਪੂੰਜੀ ਨਾ ਮਿਲਣ ਕਰਕੇ ਉਦਯੋਗਾਂ ਪਾਸ ਵੀ ਨਿਵੇਸ਼ ਲਈ ਧਨ ਦੀ ਘਾਟ ਹੋਣ ਲੱਗੀ। ਇਹਨਾਂ ਸਭ ਕਦਮਾ ਦਾ ਮਿਲਿਆ ਜੁਲਿਆ ਅਸਰ ਇਹ ਹੋਇਆ ਕਿ ਭਾਰਤੀ ਅਰਥਚਾਰੇ ਦੀ ਰਫਤਾਰ 9 ਫੀਸਦੀ ਤੋਂ ਘਟ ਕੇ 6 ਫੀਸਦੀ ਅਤੇ ਹੁਣ 7 ਫੀਸਦੀ ਦੇ ਆਸ ਪਾਸ ਆਉਣ ਦਾ ਅੰਦਾਜਾ ਲਾਇਆ ਜਾਣ ਲੱਗਿਆ ਹੈ।

ਸਰਕਾਰੀ ਵੱਲੋਂ ਜਾਰੀ ਕੀਤੇ ਹਾਲ ਹੀ 'ਚ ਅੰਕੜਿਆਂ ਮੁਤਾਬਕ ਅਗਸਤ

2008 ਦੌਰਾਨ ਦੇਸ਼ 'ਚ ਸਨਅਤੀ ਪੈਦਾਵਾਰ ਦੀ ਵਿਕਾਸ ਦਰ ਪਿਛਲੇ ਸਾਲ ਇਸੇ ਮਹੀਨੇ ਦੀ 10.9 ਫੀਸਦੀ ਤੋਂ ਘਟ ਕੇ ਸਿਰਫ 1.3 ਫੀਸਦੀ ਰਹਿ ਗਈ ਹੈ। ਦੇਸ਼ ਦੀ ਰੋਜਾਨਾ ਖਰਾਬ ਹੁੰਦੀ ਜਾ ਰਹੀ ਇਸ ਆਰਥਿਕ ਹਾਲਤ ਨਾਲ ਨਿਵੇਸ਼ਕਾਂ ਦੀ ਮਾਨਸਿਕ ਸਥਿਤੀ 'ਤੇ ਜਬਰਦਸਤ ਉਲਟਾ ਅਸਰ ਪਿਆ ਹੈ ਤੇ ਉਹਨਾਂ ਨੂੰ ਭਾਰਤੀ ਬਾਜ਼ਾਰਾਂ ਤੋਂ ਬੇਹਤਰ ਰਿਟਰਨ ਯਾਨੀ ਲਾਭ ਮਿਲਣ ਦੀ ਉਮੀਦ ਨਹੀਂ ਰਹਿ ਗਈ ਹੈ। ਅਜਿਹੀ ਹਾਲਤ ਵਿੱਚ ਭਲਾ ਕੋਈ ਵੀ ਨਿਵੇਸ਼ਕ ਕਿਸੇ ਦੇਸ਼ ਦੇ ਸ਼ੇਅਰ ਬਾਜ਼ਾਰ 'ਚ ਆਪਣੀ ਪੂੰਜੀ ਕਿਉਂ ਲਵੇਗਾ?

# ਕਿਵੇਂ ਫੁੱਟਿਆ ਸ਼ੇਅਰ ਬਾਜ਼ਾਰ ਦਾ ਬੁਲਬਲਾ

ਅਮਰੀਕੀ ਭਵਨ ਬਾਜ਼ਾਰ 'ਚ ਫੁਲਿਆ ਸੱਟੇਬਾਜ਼ੀ ਦਾ ਬੁਲਬੁਲਾ ਫਟਣ ਨਾਲ ਦੁਨੀਆਂ ਭਰ 'ਚ ਨਿਵੇਸ਼ ਜਾਇਦਾਦ ਦੇ ਅਰਬ ਡਾਲਰ ਨਸ਼ਟ ਹੋ ਗਏ ਹਨ। ਬੈਂਕ ਪ੍ਰਬੰਧ ਨਸ਼ਟ ਹੋ ਗਿਆ ਹੈ। ਦਸ ਲੱਖ ਦੇ ਕਰੀਬ ਰੁਜ਼ਗਾਰ ਗਾਇਬ ਹੋ ਗਏ ਹਨ। ਅਤੇ ਭਾਰਤ ਵੀ ਇਸ ਤੋਂ ਅਛੂਤ ਨਹੀਂ ਹੈ। ਬਹੁਤ ਸਾਰੇ ਲੋਕ ਜਿਨ੍ਹਾਂ ਦੇ ਰੁਜ਼ਗਾਰ ਖੁੱਸ ਗਏ ਹਨ, ਉਨ੍ਹਾਂ ਦੀ ਜੀਵਨ ਸ਼ੈਲੀ 'ਚ ਸਥਾਈ ਮੁੱਲ ਘਟਾਈ ਰੂ-ਬ-ਰੂ ਹੈ। ਸਨਅਤਾਂ ਨਾਲ ਜੁੜੇ ਬਾਕੀ ਲੋਕ ਵੀ ਉਸ ਜ਼ਖਮੀ ਹਾਲਤ 'ਚ ਗੁਜ਼ਰ ਰਹੇ ਹਨ ਜਿਸ 'ਚ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਉਨ੍ਹਾਂ ਦਾ ਵਾਰੀ ਵੀ ਆਵੇਗੀ ਅਤੇ ਕਦੋਂ ਆ ਜਾਵੇਗੀ, ਦੋਸ਼ੀ ਕੌਣ ਹੈ।

**ਸਾਲ** 2003 **'ਤੇ ਨਜ਼ਰ** - ਘਰ ਖਰੀਦਣ ਦੇ ਅਮਰੀਕੀ ਸੁਪਨੇ ਦੇ ਇਰਦ ਗਿਰਦ ਇਕ ਸੰਸਾਰਕ ਵਿੱਤੀ ਮਕੜ ਜਾਲ ਦੀ ਉਸਾਰੀ ਹੋਣੀ ਜ਼ਰੂਰੀ ਸ਼ੁਰੂ ਹੋਈ ਤੇ ਉਸ ਦੀ ਬੁਨਿਆਦ ਇਹ ਮਾਨਤਾ ਸੀ ਕਿ 'ਘਰਾਂ ਦੀਆਂ ਕੀਮਤਾਂ ਵਧਦੀਆਂ ਰਹਿਣਗੀਆਂ" ਜਦ ਦੁਨੀਆਂ ਭਰ ਦੇ ਨਿਵੇਸ਼ਕ ਭਾਈਚਾਰੇ 'ਚ ਸੀ ਡੀ ਓ ਦੀ ਮੰਗ ਵਧੀ ਤੱਕ (ਲੇਹਮੈਨ ਵਰਗੇ) ਉਹ ਨਿਵੇਸ਼ਕ ਬੈਂਕ ਜੋ ਇਨ੍ਹਾਂ ਯੁਕਤੀਆਂ ਨੂੰ ਵੇਚਣ ਵਾਲੇ ਬਣਦੇ ਸਨ, ਖ਼ੁਦ ਆਪਣੀ ਪੂੰਜੀ ਦਾ ਵੱਡਾ ਹਿੱਸਾ ਇਨ੍ਹਾਂ ਵਿਚ ਨਿਵੇਸ਼ ਕਰਨ ਲੱਗੇ। ਹੌਲੀ ਹੌਲੀ ਸੀ. ਡੀ. ਓ. ਅਤੇ ਸਾਖ ਅਸਮਰਥਤਾ ਅਦਲਾ ਬਦਲੀ ਦਾ ਬਾਜ਼ਾਰ ਵਿਆਪਕ ਹੁੰਦਾ ਗਿਆ - ਵਪਾਰੀ ਤੇ ਨਿਵੇਸ਼ਕ ਇਨ੍ਹਾਂ ਨੂੰ ਅਜਿਹੇ ਖਰੀਦਣ ਤੇ ਵੇਚਣ ਲੱਗੇ ਜਿਵੇਂ ਇਹ ਕਿਸੇ ਕੰਪਨੀ ਦੇ ਸ਼ੇਅਰ ਹੋਣ - ਉਹ ਖੁਸ਼ੀ ਖੁਸ਼ੀ ਇਹ ਭੁੱਲ ਗਏ ਕਿ ਇਨ੍ਹਾਂ ਯੁਕਤੀਆਂ ਦੀ ਬੁਨਿਆਦ 'ਚ ਉਹ ਲੋਕ ਹੋਣ ਜਿਨ੍ਹਾਂ ਨੇ ਇਹ ਘਰੇਲੂ ਕਰਜ਼ੇ ਲਏ ਸਨ। ਅਤੇ ਜਿਨ੍ਹਾਂ ਦੀ ਕਰਜਾ ਅਦਾਇਗੀ ਦੀ ਸਮਰਥਾ 'ਤੇ ਇਨ੍ਹਾਂ ਯੁਕਤੀਆਂ ਦੀ ਸੁਰੱਖਿਆ ਨਿਰਭਰ ਸੀ। ਲੇਹਮੈਨ ਵਰਗੀ ਵਾਲ ਸਟਰੀਟ ਫਰਮ ਵੱਧ ਤੋਂ ਵੱਧ ਘਰੇਲੂ ਕਰਜ਼ਿਆਂ ਨੂੰ ਮਿੱਥ ਕੇ ਸੀ. ਡੀ. ਓ ਬਣਾਉਂਦੀ ਗਈ ਅਤੇ ਉਨ੍ਹਾਂ ਨੂੰ ਵੇਚਦੀ ਜਾਂ ਉਨ੍ਹਾਂ ਵਿਚ ਆਪਣਾ ਖ਼ੁਦ ਦਾ ਧਨ ਨਿਵੇਸ਼ ਕਰਦੀ ਗਈ, ਇਸ ਨਾਲ ਬੈਂਕਾਂ 'ਤੇ ਦਬਾਅ ਫਰਮਾਂ ਤੋਂ ਬਚਾਇਆ ਜਾ ਸਕੇ ਅਤੇ ਕਮਿਸ਼ਨ ਲਿਆ ਜਾ ਸਕੇ। ਹੌਲੀ ਹੌਲੀ ਬੈਂਕਾਂ ਨੇ ਘਰੇਲੂ ਕਰਜ਼ਾ ਲੈਣ ਦੀ ਸ਼ਾਖ ਗੁਣਵੰਣਤਾ (ਯੋਗਤਾ ਮਾਪਦੰਡ) ਨੂੰ ਹੇਠਾਂ ਲਿਆਉਣਾ ਸ਼ੁਰੂ ਕਰ ਦਿੱਤਾ ਅਤੇ ਹਮਲਾਵਰ ਰੂਪ ਨਾਲ ਨਵੇਂ ਕਰਜਿਆਂ ਦੇ ਸਰੋਤਾਂ ਦੇ ਨੁਮਾਇੰਦਿਆਂ ਦੀ ਵਰਤੋਂ ਕੀਤੀ। ਇਹ ਤਿਲਕਣ ਭਰੀ ਢਲਾਣ ਇਸ ਹੱਦ ਤੱਕ ਵਧੀ ਕਿ 2005 'ਚ ਲਗਭਗ ਕੋਈ ਵੀ ਇਕ ਲੱਖ ਡਾਲਰ (45 ਲੱਖ ਭਾਰਤੀ ਰੁਪਏ) ਜਾਂ ਵਧ ਕੀਮਤ ਦਾ ਘਰ ਖਰੀਦ ਸਕਦਾ ਸੀ। ਬਿਨਾਂ ਆਮਦਨ ਸਰਟੀਫਿਕੇਟ ਦੇ, ਬਿਨਾਂ ਹੋਰ ਜਾਇਦਾਦ ਦੇ, ਬਿਨਾਂ ਸ਼ਾਖ ਦੇ ਅਤੇ ਕਦੀ ਕਦੀ ਤਾਂ ਬਿਨਾਂ ਕਿਸੇ ਨੌਕਰੀ ਦੇ ਵੀ । ਇਨ੍ਹਾਂ ਕਰਜਿਆਂ "ਨੀਨੋ" (No incom no assets) ਨੂੰ "ਆਮਦਨ ਮੁਕਤ ਜਾਇਦਾਦ ਮੁਕਤ ਕਿਹਾ ਜਾਂਦਾ ਸੀ।"

ਅਮਰੀਕੀ ਭਵਨ ਬਾਜ਼ਾਰ ਪੱਧਰ ਦੀ ਸਿੱਟੇਬਾਜ਼ੀ ਦਾ ਬੁਲਬੁਲਾ ਬਣਿਆ। ਘਰੇਲੂ ਕਰਜ਼ਾ ਲੈਣਾ ਅਸਾਨ ਸੀ ਇਸ ਲਈ ਜ਼ਿਆਦਾਤਰ ਲੋਕ ਕਰਜ਼ਾ ਲੈ ਰਹੇ ਸਨ। ਮਕਾਨਾਂ ਦੀ ਵਧਦੀ ਮੰਗ ਪੈਦਾ ਹੋਈ ਕਿਉਂਕਿ ਲੋਕ ਘਰਾਂ ਨੂੰ ਨਿਵੇਸ਼ ਵਜੋਂ ਵੇਖਣ

ਲੱਗੇ – ਐਸਾ ਨਿਵੇਸ਼ ਜਿਸ ਦੇ ਮੁੱਲ ’ਚ ਕਦੇ ਗਿਰਾਵਟ ਨਹੀਂ ਆਉਂਦੀ।

**ਸੰਕੇਤ ਜਿਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ** - 2008 ਦੇ ਅਖੀਰ ਵਿਚ ਗਹਿਣੇ ਮਕਾਨਾਂ ’ਤੇ ਉਧਾਰ ਦੇਣ ਵਾਲਿਆਂ ਨੇ ਕੁਝ ਅਜਿਹੀ ਚੀਜ਼ ਵੇਖੀ ਜੋ ਉਨ੍ਹਾਂ ਨੇ ਪਹਿਲਾਂ ਕਦੇ ਨਹੀਂ ਵੇਖੀ ਸੀ। ਲੋਕ ਮਕਾਨ ਵੇਖਣਗੇ, ਖਰੀਦਣਗੇ, ਉਸਦੇ ਗਹਿਣੇ ਦੇ ਸਾਰੇ ਕਾਗਜ਼ ਤਿਆਰ ਕਰਨੇਗੇ ਅਤੇ ਫਿਰ ਪਹਿਲੀ ਕਿਸ਼ਤ ਹੀ ਭੁਗਤਾਨ ਨਹੀਂ ਕਰਨਗੇ। ਹਾਲਾਂ ਕਿ ਕੋਈ ਵੀ ਅਸਲ ਵਿਚ ਇਹ ਸਮਝ ਨਹੀਂ ਸਕਿਆ। ਪਰ ਉਹ ਸਮਾਂ ਸੀ ਜਦ ਅਮਰੀਕੀ ਇਤਿਹਾਸ ਦਾ ਸੱਟੇਬਾਜ਼ੀ ਦਾ ਵੱਡਾ ਬੁਲਬੁਲਾ ਫਟਿਆ ਸੀ। ਇਕ ਹੋਰ ਕਾਰਕ, ਜਿਸ ਦੇ ਕਾਰਨ ਭਵਨ ਬੁਲਬੁਲਾ ਫਟਿਆ। 2004 ਤੋਂ 2006 ਦੇ ਮੱਧ ’ਚ ਵਿਆਜ ਦਰਾਂ ਦਾ ਵਧਣਾ ਸੀ। ਬਹੁਤ ਸਾਰੇ ਲੋਕਾਂ ਨੇ ਚੱਕਰਵਰਤੀ ਵਿਆਜ ਦਰ ’ਤੇ ਹਾਊਸ ਲੋਨ ਲਏ ਸਨ ਜਿਨ੍ਹਾਂ ਦੀਆਂ ਦਰਾਂ ਵਧਣ ਲੱਗੀਆਂ ਜਿਸ ਦਾ ਅਸਰ ਉੱਚੀਆਂ ਮਾਸਿਕ ਦਰਾਂ ਨਾਲ ਸੀ; ਜਿਸ ਦੇ ਲਈ ਕਰਜ ਦਰਾਂ ਦੀ ਤਿਆਰੀ ਨਹੀਂ ਸੀ। ਸਮੱਸਿਆ ਇਹ ਸੀ ਕਿ ਇਕ ਵਾਰੀ ਜਾਇਦਾਦ ਦਾ ਮੁੱਲ ਹੇਠਾਂ ਆਉਂਦਿਆਂ ਹੀ ਜੋ ਕੁਝ ਬੁਲਬੁਲੇ ’ਚ ਹੋ ਰਿਹਾ ਸੀ, ਉਸ ਦਾ ਉਲਟਾ ਸ਼ੁਰੂ ਹੋ ਗਿਆ। ਜਦ ਹੋਰ ਵੱਧ ਲੋਕ ਕਿਸ਼ਤ ਦੇਣ ਤੋਂ ਅਸਮਰਥ ਹੋਏ ਤਦ ਹੋਰ ਵਧ ਮਕਾਨ ਬਾਜ਼ਾਰ ’ਚ ਆਏ। ਖਰੀਦਦਾਰਾਂ ਦੀ ਘਾਟ ਕਾਰਨ ਕੀਮਤਾਂ ਹੋਰ ਵੀ ਡਿੱਗ ਪਈਆਂ।

2007 ਦੇ ਸ਼ੁਰੂ ਵਿਚ ਜਦ ਦੁਨੀਆਂ ਨੇ ਡੁਬਕੀ ਲਾਉਣੀ ਸ਼ੁਰੂ ਕੀਤੀ ਵਾਲ ਸਟਰੀਟ ’ਚ ਸਾਰੇ ਗਹਿਣੇ ਅਧਾਰਤ ਪ੍ਰਤੀਭੂਮੀ ਡੈਸਕਾਂ ’ਤੇ ਚੇਤਾਵਨੀ ਦੀ ਘੰਟੀ ਵੱਜਣ ਲੱਗੀ। ਵਾਲ ਸਟਰੀਟ ਦੇ ਲੋਕਾਂ ਨੂੰ ਨਿਵੇਸ਼ਕਾਂ ਦੇ ਫੋਨ ਆਉਣ ਲੱਗੇ ਕਿ ਉਨ੍ਹਾਂ ਦੇ ਬਕਾਇਆ ਵਿਆਜ ਭੁਗਤਾਨ ਨਹੀਂ ਹੋ ਰਹੇ ਹਨ। ਵਾਲ ਸਟਰੀਟ ਦੀਆਂ ਫਰਮਾਂ ਨੇ ਸਥਾਨਕ ਬੈਂਕਾਂ ਤੋਂ ਹਾਊਸ ਲੋਨ ਖਰੀਦਣੇ ਬੰਦ ਕਰ ਦਿੱਤੇ। ਇਸ ਦਾ ਖਾਸ ਕਰਕੇ ਛੋਟੇ ਬੈਂਕਾਂ ਅਤੇ ਵਿੱਤੀ ਕੰਪਨੀਆਂ ’ਤੇ ਕਰਜੇ ਵਾਲਾ ਪ੍ਰਭਾਵ ਪਿਆ ਜਿਨ੍ਹਾਂ ਨੇ ਵੱਡੇ ਬੈਂਕਾਂ ਤੋਂ ਧਨ ਉਧਾਰ ਲਿਆ ਸੀ ਤਾਂ ਕਿ ਹੋਰ ਵਧੇਰੇ ਹਾਊਸ ਲੋਨ ਜਾਰੀ ਕਰ ਸਕਣ। ਉਹਨਾਂ ਨੇ ਸੋਚਿਆ ਸੀ ਕਿ ਇਨ੍ਹਾਂ ਕਰਜਿਆਂ ਨੂੰ ਵਾਲ ਸਟਰੀਟ ਦੀ ਲੇਹਮੈਨ ਵਰਗੀਆਂ ਫਰਮਾਂ ਨੂੰ ਵੇਚ ਕੇ ਪੈਸਾ ਕਮਾ ਸਕਣਗੇ। ਹਰ ਕੋਈ ਇਕ ਮੂਰਖਤਾ ਪੂਰਵਕ ਭੱਜਦੌੜ ਵਿਚ ਸ਼ਾਮਲ ਹੋ ਗਿਆ ਅਤੇ ਮਕਾਨਾਂ ਨੂੰ ਕਬਜੇ ਵਿਚ ਲੈ ਕੇ ਅਤੇ ਵੇਚ ਕੇ ਘੱਟੋ ਘੱਟ ਕੁਝ ਪੈਸਾ ਵਾਪਸ ਹਾਸਲ ਕਰਨ ਦੇ ਯਤਨ ਕਰਨ ਲੱਗਾ ਪਰ ਖਰੀਦਣ ਵਾਲੇ ਲੋਕ ਕਤਈ ਕਾਫੀ ਗਿਣਤੀ ਵਿਚ ਨਹੀਂ ਸਨ। ਉਹ ਲੋਕ ਜਿਨ੍ਹਾਂ ਨੇ ਇਨ੍ਹਾਂ ਕਰਜਿਆਂ ਦਾ ਬੀਮਾ ਇਹ ਸੋਚ ਕੇ ਕੀਤਾ ਸੀ, ਇਨ੍ਹਾਂ ’ਚ ਲਗਭਗ ਸਿਫਰ ਜੋਖਿਮ ਹੈ (ਮਿਸਾਲ–ਏ. ਆਈ. ਜੀ) ਦਾ ਵਿਆਜ ਦੀ ਵਿਸ਼ਾਲ ਸੰਖਿਆ ਦਾ ਨਿਪਟਾਰਾ ਨਹੀਂ ਕਰ ਸਕੇ। ਸਭ ਤੋਂ ਵਧੀਆ ਗੱਲ ਇਹ ਸੀ ਕਿ ਕਿਉਂਕਿ ਬੀਮਾ ਪਾਲਸੀ (ਸ਼ਾਖ ਅਸਮਰਥਤਾ ਅਦਲਾ ਬਦਲੀ) ਖ਼ੁਦ ਹੀ ਵੇਚੀ ਜਾ ਸਕਦੀ ਸੀ। ਲੋਕਾਂ ਦੇ ਵੱਖ ਵੱਖ ਪੱਧਰਾਂ ਨੇ ਉਨ੍ਹਾਂ ਨੂੰ ਖਰੀਦਿਆ ਅਤੇ ਵੇਚਿਆ। ਇਸ ਨਾਲ ਇਹ ਨਿਰਧਾਰਿਤ ਕਰਨਾ ਕਿ ਘਾਟੇ ਦੀ ਭਰਪਾਈ ਕੌਣ ਕਰੇਗਾ, ਬਹੁਤ ਮੁਸ਼ਕਿਲ ਹੋ ਗਿਆ।

ਗਹਿਣੇ ਅਧਾਰਤ ਸੰਸਾਰਿਕ ਵਿਤੀ ਮਕੜ ਜਾਲ ਆਪਣੇ ਪਤਨ ਦੇ ਮੁਹਾਨੇ ’ਤੇ ਹੈ। ਵੱਡੀਆਂ ਅਤੇ ਛੋਟੀਆਂ ਫਰਮਾਂ ਕੁਝ ਨਵੀਆਂ ਅਤੇ 100 ਸਾਲ ਪੁਰਾਣੀਆਂ ਫਰਮਾਂ ਤੱਕ ਲੜਖੜਾਉਂਦੀਆਂ ਜਇਦਾਦ ਕੀਮਤਾਂ ਦੇ ਪ੍ਰਸੰਗ ਇਕ ਦੂਜੇ ਨਾਲ

ਲੜਦੀਆਂ ਲੁਟਕ ਗਈਆਂ। ਲੇਹਮਾਨ ਦੇ ਭਾਰਤ ਅੰਸ਼ਕ ਜਿਨ੍ਹਾਂ ’ਚ 1000 ਤੋਂ ਵੱਧ ਕਰਮਚਾਰੀ ਨਿਯੋਜਿਤ ਸਨ, ਵਿਕਰੀ ਲਈ ਤਿਆਰ ਹਨ ਤੇ ਬਹੁਤ ਸਾਰੇ ਕਰਮਚਾਰੀਆਂ ਨੂੰ ਜਾਣ ਲਈ ਕਹਿ ਦਿੱਤਾ ਹੈ। ਗਹਿਣੇ ਸਬੰਧੀ ਕਰਜੇ ਦੀ ਭਰਪਾਈ ਦੇ ਯਤਨ ’ਚ ਜਦ ਵਾਲ ਸਟਰੀਟ ਦੇ ਭੀਮਾਂ ਨੇ ਜੋ ਕੁਝ ਬਚਿਆ, ਉਨ੍ਹਾਂ ਦੀ ਰਾਖੀ ਕਰਦਿਆਂ ਆਪਣੇ ਨਿਵੇਸ਼ਕਾਂ ਨੂੰ ਇਸ ਦੇਸ਼ ਵਿਚ ਵੇਚਿਆ ਤਾਂ ਭਾਰਤੀ ਸ਼ੇਅਰ ਬਾਜ਼ਾਰ ਆਪਣੀ ਚੋਟੀ ਤੋਂ 50 ਫੀਸਦੀ ਹੇਠਾਂ ਡਿੱਗ ਪਿਆ। ਪੂਰੀ ਦੁਨੀਆਂ ਦੇ ਬਾਜ਼ਾਰਾਂ ਦਾ ਇਹ ਹਾਲ ਹੈ। ਪੂਰੇ ਸੰਸਾਰ ਦੇ ਪੈਨਸ਼ਨ ਕੋਸ਼, ਹੇਜ ਕੋਸ਼ ਬੀਮਾ ਕੰਪਨੀਆਂ ਨਿਵੇਸ਼ਕਾਂ ਦੇ ਧਨ ’ਚ ਅਰਬਾਂ ਰੁਪਏ ਗੁਆ ਚੁੱਕੇ ਹਨ। ਭਾਰਤੀ ਤੇ ਵਿਦੇਸ਼ੀ ਵਿੱਤ ਖੇਤਰ ’ਚ ਭਾਰਤੀ ਪ੍ਰਬੰਧ ਕਾਲਜਾਂ (ਆਈ. ਆਈ. ਐਮ.) ਦੇ ਕਈ ਵਿਦਿਆਰਥੀਆਂ ਦੇ (ਪਹਿਲਾਂ ਨਿਯੁਕਤ ਪ੍ਰਸਤਾਵ ਪ੍ਰਾਪਤ) ਪ੍ਰਸਤਾਵ ਜਾਂ ਤਾਂ ਰੱਦ ਕਰ ਦਿੱਤੇ ਗਏ ਜਾਂ ਉਨ੍ਹਾਂ ਦੀ ਨਿਯੁਕਤੀ ਦੀਆਂ ਤਰੀਕਾਂ ਅਨਿਸ਼ਚਿਤ ਸਮੇਂ ਲਈ ਟਾਲ ਦਿੱਤੀਆਂ ਗਈਆਂ ਹਨ। ਸੂਚਨਾ ਟੈਕਨੋਲੋਜੀ ਦੀਆਂ ਫਰਮਾਂ ਨੇ ਜੋ ਅਮਰੀਕੀ ਗਹਿਣੇ ਸਨਅਤ ਜਾਂ ਸਬੰਧਤ ਨਿਵੇਸ਼ਕ ਬੈਂਕਾਂ ਲਈ ਸਾਫਟਵੇਅਰ ਬਣਾਉਂਦੀਆਂ ਤੇ ਉਸ ਦੀ ਦੇਖਭਾਲ ਕਰਦੀਆਂ ਸਨ ਆਪਣੀਆਂ ਕਾਰੋਬਾਰ ਇਕਾਈਆਂ ਬੰਦ ਕਰ ਦਿੱਤੀਆਂ ਹਨ ਲੋਕਾਂ ਦੀ ਛਾਂਟੀ ਕਰ ਦਿੱਤੀ ਹੈ ਜਾਂ ਉਨ੍ਹਾਂ ਨੂੰ ਉੱਚੇ ਅਹੁਦਿਆਂ ’ਤੇ ਬਦਲ ਦਿੱਤਾ ਗਿਆ ਹੈ। ਵਾਲ ਸਟਰੀਟ ਦੇ ਤੇਜ ਅਤੇ ਆਧੁਨਿਕ ਲੋਕਾਂ ਬਾਰੇ ਸਾਰੀ ਗੱਲ ਕਹਿਣ ਦੇ ਬਾਵਜੂਦ ਮੌਜੂਦਾ ਵਿੱਤੀ ਸੰਕਟ ਨੇ ਤੰਤਰ ਦੀ ਕਮਜ਼ੋਰੀ ਦਾ ਉਦਘਾਟਨ ਕਰ ਦਿੱਤਾ ਹੈ। ਵਾਲ ਸਟਰੀਟ ਪੂਰੇ ਘਟਨਾ ਕ੍ਰਮ ਦਾ ਦੋਸ਼ ਉਨ੍ਹਾਂ ਲੋਕਾਂ ’ਤੇ ਮੜ੍ਹ ਰਿਹਾ ਹੈ ਜੋ ਆਪਣੇ ਹਾਊਸ ਲੋਨ ਦਾ ਮੁੜ ਭੁਗਤਾਨ ਨਹੀਂ ਕਰ ਸਕੇ। ਉਨ੍ਹਾਂ ਲੋਕਾਂ ਦੀ ਮੂਰਖਤਾ ਜਿਨ੍ਹਾਂ ਨੇ ਇਹ ਸਾਰਾ ਧਨ ਕਰਜੇ ਵਿਚ ਦਿੱਤਾ ਉਨ੍ਹਾਂ ਵਿੱਤੀ ਸੰਸਥਾਵਾਂ ਜਿਨ੍ਹਾਂ ਨੇ ਆਕਰਸ਼ਕ ਪੈਕੇਜ ਬਣਾਏ ਅਤੇ ਸਿੱਟੇ ਵਜੋਂ ਇਨ੍ਹਾਂ ਦੁਰਬਲ ਗੁਣਵੰਣਤਾ ਦੇ ਕਰਜਿਆਂ ਵਿਚ ਅਰਬਾਂ ਦੀ ਖਰੀਦ ਫਰੋਖਤ ਅਤੇ ਨਿਵੇਸ਼ ਦਾ ਰਾਹ ਮੁਹਈਆ ਕਰਵਾਇਆ, ਉਹ ਹੁਣ ਇਨਕਾਰ ਕਰਦੀਆਂ ਲੱਗ ਰਹੀਆਂ ਹਨ। ਅਮਰੀਕੀ ਸਰਕਾਰ ਵਿੱਤੀ ਸੱਟੇਬਾਜ਼ਾਂ ਦੇ ਡੁੱਬ ਚੁੱਕੇ ਧਨ ਦੀ ਭਰਪਾਈ ਲਈ ਵਾਲ ਸਟਰੀਟ ਦੀਆਂ ਫਰਮਾਂ ਨੂੰ 700 ਅਰਬ ਡਾਲਰ ਦੀ ਗਰਾਂਟ ਦੇਣ ਦੀ ਯੋਜਨਾ ਬਣਾ ਰਹੀ ਹੈ ਕਿ ਇਹ ਲਾਲਚ ਤੇ ਮੂਰਖਤਾ ਨੂੰ ਉਤਸ਼ਾਹਿਤ ਕਰਨਾ ਵਰਗਾ ਨਹੀਂ? ਇਕ ਅਗਲੇਰੇ ਨਿਵੇਸ਼ਕ ਬੈਂਕ ਦੇ ਮੁਖੀ ਨੇ ਕਿਹਾ “ਐਸਾ ਵਿੱਤੀ ਕਲਪਨਾ ਸ਼ਕਤੀ ਨੂੰ ਬਣਾਈ ਰੱਖਣਾ ਜ਼ਰੂਰੀ ਹੈ ਅਸੀਂ ਇਹ ਧਨ ਖ਼ੁਦ ’ਤੇ ਖਰਚ ਨਹੀਂ ਕਰਨਾ ਚਾਹੁੰਦੇ, ਬਸ ਅਸੀਂ ਇਹ ਧਨ ਬਜ਼ਾਰਾਂ ’ਚ ਸਰਗਰਮ ਕਰਨਾ ਚਾਹੁੰਦੇ ਹਾਂ ਤਾਂ ਕਿ ਅਸੀਂ ਜਟਲ ਜਾਇਦਾਦਾਂ ਦਾ ਵਪਾਰ, ਧਨ ਨੂੰ ਖਰੀਦਣਾ ਅਤੇ ਵੇਚਣਾ ਜਾਰੀ ਰੱਖ ਸਕੀਏ।”

(ਹਾਂ ਠੀਕ ਤਾਂ ਕਿ ਇਸ ਨਾਲ ਵਧ ਡੂੰਘੇ ਵਿਸ਼ਲੇਸ਼ਣ ਬਿਨਾਂ ਸਭ ਇਉਂ ਚੱਲਦਾ ਰਹੇ ਜਿਵੇਂ ਕਿ ਕੁਝ ਹੋਇਆ ਨਾ ਹੋਵੇ) ਅਸਲ ਪ੍ਰਸ਼ਨ ਹੈ: ਇਸ ਦੇ ਅਧਾਰ ਨਾਲ ਪੈਦਾ ਹੋਈ ਬਾਜ਼ਾਰ ਦੀ ਤਰਲਤਾ ’ਚ ਦੁਨੀਆਂ ਭਰ ਦੇ ਜਿਨ੍ਹਾਂ ਆਮ ਨਿਵੇਸ਼ਕਾਂ ਨੇ ਆਪਣੀ ਦੌਲਤ ਗੁਆ ਦਿੱਤੀ ਹੈ, ਉਨ੍ਹਾਂ ਦੀ ਭਰਪਾਈ ਕੌਣ ਕਰੇਗਾ? (ਸਿੱਧੀ ਜਾਂ ਪੈਨਸ਼ਨ ਕੋਸ਼ਾਂ ਰਾਹੀਂ) ਪਿਛਲੇ ਇਕ ਮਹੀਨੇ ਤੱਕ ਪਹੁੰਚ ਤੋਂ ਬਾਹਰ ਰਹਿਣ ਪਿੱਛੋਂ ਲੋਕਾਂ ਨੇ ਆਪਣੀ ਨੌਕਰੀ ਗੁਆ ਲਈ ਹੈ।

# ਸਾਮਰਾਜ ਵਿਤੀ ਸੰਕਟ ਦਾ ਪਿਛੋਕੜ

ਵਿਸ਼ਵ ਅਰਥਚਾਰ ਦੇ ਮੌਜੂਦਾ ਸੰਕਟ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਉਸ ਨੂੰ ਅੱਜ ਦੇ ਪੂੰਜੀਵਾਦ (ਸਾਮਰਾਜ) ਦੇ ਉਦਾਰੀਕ੍ਰਿਤ ਵਿਸ਼ਵੀਕ੍ਰਿਤ ਪੂੰਜੀਵਾਦ ਵਜੋਂ ਵੇਖਿਆ ਜਾਵੇ। ਸਾਮਰਾਜੀ-ਪੂੰਜੀਵਾਦੀ ਦੀ ਪਹਿਲੇ ਦੋ-ਤਿੰਨ ਦਹਾਕਿਆਂ 'ਚ ਹੋਂਦ 'ਚ ਆਮ ਰਫਤਾਰ ਹੀ ਇਸ ਸੰਕਟ ਦੇ ਕਿਰਦਾਰ ਨੂੰ ਸਹੀ ਤਰੀਕੇ ਨੂੰ ਦੱਸ ਸਕਦੀ ਹੈ। ਮੌਜੂਦਾ ਉਦਾਰੀਕ੍ਰਿਤ ਵਿਸ਼ਵਕ੍ਰਿਤ ਦੁਨੀਆਂ ਨੂੰ ਸਮਝਣ ਪਿੱਛੇ 1929 ਦੀ ਮਹਾਮੰਦੀ ਆਉਣ ਤੱਕ ਪੂੰਜੀਵਾਦੀ ਅਰਥਸ਼ਾਸ਼ਤਰੀਆਂ ਤੇ ਸਰਕਾਰ ਦੇ ਨੀਤੀ ਘਾੜਿਆਂ ਵਿਚਕਾਰ ਖੁੱਲ੍ਹੇ ਮੁਕਾਬਲੇ ਬਾਜ਼ਾਰ ਦੀਆਂ ਅਦਿੱਖ ਸ਼ਕਤੀਆਂ ਦਾ ਰਾਜ ਸੀ। ਪੂੰਜੀਵਾਦ ਦੀ ਪੈਦਾਇਸ਼ ਦੇ ਜ਼ਮਾਨੇ 'ਚ ਚਲੀ ਆ ਰਹੀ ਧਾਰਨਾ ਅਜੇ ਵੀ ਮਜ਼ਬੂਤੀ ਨੂੰ ਜੜ੍ਹ ਡੂੰਘੀ ਕਰਦੀ ਸੀ ਕਿ ਬਾਜ਼ਾਰ ਦੀ ਸ਼ਕਤੀਆਂ ਨੂੰ ਆਪਣਾ ਕੰਮ ਕਰਨ ਦਿੱਤਾ ਜਾਏ। ਜੇ ਖੁੱਲ੍ਹੇਆਮ 'ਚ ਅੜਿੱਕਾ ਨਾ ਲਾਇਆ ਜਾਵੇ ਤਾਂ ਇਹ ਅਰਥਚਾਰੇ ਲਈ ਉਤਮ ਹੋਵੇਗਾ। ਪਰ ਇਸ ਦੌਰਾਨ ਅਸਲੀ ਅਰਥਚਾਰੇ 'ਚ ਖੁੱਲ੍ਹਾ ਮੁਕਾਬਲਾ ਖਤਮ ਹੋ ਗਿਆ ਸੀ ਬਲਕਿ ਵੱਧ ਸਹੀ ਕਹੀਏ ਤਾਂ ਇਹ ਗਣਾਤਮਕ ਤੌਰ 'ਤੇ ਬਦਲ ਗਈ ਸੀ ਅਜਾਦ ਮੁਕਾਬਲਾ ਇਹ ਮੰਨ ਕੇ ਚੱਲਦਾ ਹੈ ਕਿ ਬਾਜ਼ਾਰ 'ਤੇ ਉਤਪਾਦਨ ਵੰਡ 'ਤੇ ਕਿਸੇ ਵੀ ਅਜ਼ਾਰੇਦਾਰੀ ਨਹੀਂ ਹੈ। ਢੇਰਾਂ ਛੋਟੇ-ਛੋਟੇ ਉਤਪਾਦਨ ਜੋ ਆਪਣਾ ਮਾਲ ਬਾਜ਼ਾਰ 'ਚ ਲਿਆਉਂਦੇ ਹਨ ਅਤੇ ਆਪਸੀ ਮੁਕਾਬਲਾ ਕਰਕੇ ਆਪਣਾ ਮਾਲ ਵੱਧ ਤੋਂ ਵੱਧ ਵੇਚਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ 'ਚ ਕੋਈ ਇਨ੍ਹਾਂ ਵੱਡਾ ਨਹੀਂ ਹੁੰਦਾ ਕਿ ਉਹ ਆਪਣੇ ਦਮ 'ਤੇ ਬਾਜ਼ਾਰ ਨੂੰ ਕੰਟਰੋਲ ਕਰ ਲਵੇ। ਪਰ ਇਸ ਸਥਿਤੀ ਵਿੱਚ ਹੀ ਸਹੀ ਅਰਥਾ 'ਚ ਅਜ਼ਾਦ ਮੁਕਾਬਲਾ ਹੋ ਸਕਦਾ ਹੈ ਅਤੇ 'ਬਾਜ਼ਾਰ ਦੀ ਅਦਿੱਖ ਸ਼ਕਤੀਆਂ ਕੰਮ ਕਰ ਸਕਦੀਆਂ ਹਨ। ਪਰ ਵੀਹਵੀ ਸਦੀ ਦੀ ਸ਼ੁਰੂਆਤ ਹੁੰਦਿਆਂ ਹੁੰਦਿਆਂ ਵਿਸ਼ਵ ਪੂੰਜੀਵਾਦ ਅਜਿਹਾ ਨਹੀਂ ਰਹਿ ਗਿਆ। 1870 ਦੇ ਦਹਾਕੇ ਤੋਂ ਸ਼ੁਰੂ ਹੋਏ ਵੱਡੇ ਪੈਮਾਨੇ ਦੇ ਸੰਕੇਂਦ੍ਰਣ ਕਾਰਨ ਬਹੁਤੇ ਵਿਕਸਤ ਦੇਸ਼ਾਂ ਵਿੱਚ ਵਿਸ਼ਾਲ ਉਦਯੋਗਿਕ ਸੰਘ ਹੋਂਦ ਵਿੱਚ ਆ ਗਏ। ਕਾਰਟੇਲ ਸਿੰਡੀਕੇਟ ਅਤੇ ਟਰਸਟ ਵਜੋਂ ਇਹਨਾਂ ਸੰਘਾਂ ਨੇ ਪੈਦਾਵਾਰ ਦੇ ਇਕ ਵੱਡੇ ਹਿੱਸੇ 'ਤੇ ਕੰਟਰੋਲ ਕਰ ਲਿਆ ਤੇ ਨਾਲ ਹੀ ਨਾਲ ਆਪਸ ਵਿੱਚ ਗਠਜੋੜ ਕਰ ਲਿਆ। ਵਿਕਸਤ ਪੂੰਜੀਵਾਦੀ ਦੇਸ਼ਾਂ 'ਚ ਉਤਪਾਦਨ ਦੀ ਹਾਲਤ ਨੇ ਪਹਿਲਾਂ ਹੀ ਉਸ ਸਥਿਤੀ ਦਾ ਅੰਤ ਕਰ ਦਿੱਤਾ। ਕਿਸੇ ਮਾਲ ਦੇ ਖੇਤਰ ਵਿੱਚ ਦੋ-ਚਾਰ ਸੰਘਾਂ ਦਾ ਹੀ ਰਾਜ ਚੱਲਣ ਲੱਗਿਆ। ਬਿਜਲੀ ਦੇ ਖੇਤਰ 'ਚ ਤਾਂ ਇਕ ਅਮਰੀਕੀ ਕੰਪਨੀ ਤੇ ਯੂਰਪੀ ਸੰਘ ਨੇ ਸਮੁੱਚੇ ਬਿਜਲੀ ਉਦਯੋਗ 'ਤੇ ਕੰਟਰੋਲ ਕਰ ਲਿਆ ਤੇ ਨਾਲ ਹੀ ਆਪਸ 'ਚ ਵੀ ਗਠਬੰਧਨ ਕਰ ਲਿਆ। ਜਦ ਛੋਟੇ ਛੋਟੇ ਅਣਗਿਣਤ ਉਤਪਾਦਕ ਹੁੰਦੇ ਸਨ। ਹੌਲੀ ਹੌਲੀ ਅਜ਼ਾਦ ਮੁਕਾਬਲੇ ਦਾ ਹੀ ਅੰਤ ਹੋ ਗਿਆ। ਇਸ ਬਦਲੇ ਜੰਮਿਆ ਜਾਂ ਉਭਰਿਆ ਅਜ਼ਾਰੇਦਾਰੀ ਕਾਇਮ ਕਰ ਲਈ। ਇਸ ਦਾ ਮਤਲਬ ਇਹ ਨਹੀਂ ਸੀ ਕਿ ਮੁਕਾਬਲਾ ਪੂਰੀ ਤਰ੍ਹਾਂ ਖਤਮ ਹੋ ਗਿਆ। ਮੁਕਾਬਲਾ ਅਜੇ ਹੀ ਮੌਜੂਦਾ ਸੀ ਪਰ ਹੁਣ ਇਹ ਛੋਟੇ ਛੋਟੇ ਅਣਗਿਣਤ ਉਤਪਾਦਕਾਂ ਵਿਚਕਾਰ ਮੁਕਤ ਮੁਕਾਬਲਾ ਨਾ ਰਹਿ ਕੇ ਮੁੱਠੀ ਭਰ ਵਿਸ਼ਾਲ ਸੰਘਾਂ ਵਿਚਕਾਰ ਕੰਟਰੋਲ ਅਧੀਨ

ਮੁਕਾਬਲਾ ਹੋ ਗਿਆ। ਇਸ ਮੁਕਾਬਲੇ 'ਚ ਮੁਕਾਬਲਾ ਤੇ ਗੱਠਜੋੜ ਦੋਹਵੇਂ ਚੱਲਦੇ ਰਹੇ ਸਨ। ਇਸ ਤਰ੍ਹਾਂ ਮੁਕਾਬਲੇ ਦਾ ਕਿਰਦਾਰ ਗੁਣਾਤਮਕ ਤੌਰ 'ਤੇ ਬਦਲ ਕੇ ਸਾਮਰਾਜੀ ਹੋ ਗਿਆ।

ਇਸ ਬਦਲੇ ਹੋਏ ਪੂੰਜੀਵਾਦ ਨੂੰ ਬਾਅਦ 'ਚ ਅਜ਼ਾਰੇਦਾਰੀ ਪੂੰਜੀਵਾਦ ਜਾਂ ਸਾਮਰਾਜਵਾਦ ਵਜੋਂ ਸੂਤਰਬੱਧ ਕੀਤਾ ਗਿਆ। ਇਕ ਅਜ਼ਾਰੇਦਾਰੀ ਪੂੰਜੀਵਾਦ ਵਿੱਚ ਮੁੱਠੀਭਰ ਪੂੰਜੀਵਾਦ ਕੰਪਨੀਆਂ ਨੇ ਨਾ ਸਿਰਫ ਵਿਕਸਤ ਪੂੰਜੀਵਾਦੀ ਦੇਸ਼ਾਂ ਸਾਮਰਾਜੀ ਦੇਸ਼ਾਂ ਨੇ ਬਾਕੀ ਦੁਨੀਆਂ 'ਤੇ ਕਬਜਾ ਕਰ ਲਿਆ। ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕੇ ਵਿੱਚ ਵਿਸ਼ਵ ਪੂੰਜੀਵਾਦ ਦੀ ਅਸਲੀਅਤ ਸੀ। ਅਜ਼ਾਰੇਦਾਰੀ ਪਰ ਪੂੰਜੀਵਾਦੀ ਵਿਚਾਰਕ ਅਜੇ ਵੀ 'ਆਜ਼ਾਦ ਮੁਕਾਬਲੇ' ਦੀ ਰਟ ਲਾਈ ਜਾ ਰਹੇ ਹਨ। ਦੂਜੇ ਪਾਸੇ ਸਾਮਰਾਜੀ ਸਰਕਾਰਾਂ ਅਜ਼ਾਰੇਦਾਰੀ ਪੂੰਜੀ ਦੇ ਮਜਬੂਤ ਹੁੰਦਿਆਂ ਵੀ ਕੁਝ ਹੱਦ ਤਕ ਆਜ਼ਾਦ ਮੁਕਾਬਲੇ ਦੀ ਪੁਰਾਣੀ ਨੀਤੀ 'ਤੇ ਚੱਲ ਰਹੀਆਂ ਸਨ ਕਿ ਬਾਜ਼ਾਰ ਦੀਆਂ ਸ਼ਕਤੀਆਂ ਨੂੰ ਆਪਣਾ ਕੰਮ ਕਰਨ ਦਿਉ। ਇਸ ਤਰ੍ਹਾਂ ਆਰਥਕ ਯਥਾਰਥ ਅਤੇ ਆਰਥਿਕ ਨੀਤੀ 'ਚ ਅੰਤਰ ਵਿਰੋਧ ਸਪੱਸ਼ਟ ਸਨ। ਇਸ ਅੰਤਰ ਵਿਰੋਧ ਨੇ ਪੂੰਜੀਵਾਦ ਦੇ ਆਮ ਅੰਤਰ ਵਿਰੋਧ ਸਮੂਹਕ ਪੈਦਾਵਾਰ ਪਰ ਨਿੱਜੀ ਮਾਲਕੀ ਫੈਕਟਰੀ ਦੇ ਪੈਮਾਨੇ 'ਤੇ ਯੋਜਨਾਬੱਧ ਪਰ ਸਮਾਜ ਦੇ ਪੈਮਾਨੇ 'ਤੇ ਅਰਾਜਨਕ ਉਤਪਾਦਿਕ ਸ਼ਕਤੀਆਂ ਦਾ ਵਿਸ਼ਵੀਕਰਨ ਪਰ ਸਬੰਧਾਂ ਦਾ ਕੌਮੀ ਹੋਣ ਦੇ ਨਾਲ ਮਿਲ ਕੇ ਅੰਤ ਨੂੰ 1929 ਦੀ ਮਹਾਂਮੰਦੀ ਨੂੰ ਜਨਮ ਦਿੱਤਾ।

ਇਸ ਮਹਾਂਮੰਦੀ ਦੇ ਇਕ ਝਟਕੇ ਨਾਲ ਮੁਕਤ ਮੁਕਾਬਲੇ ਦੀ ਸੋਚ ਤੇ ਨੀਤੀ ਤਹਿਸ ਨਹਿਸ ਹੋ ਗਈ। ਸਾਰੇ ਦੇਸ਼ਾਂ ਦੇ ਪੂੰਜੀਪਤੀ ਖੁਦ ਨੂੰ ਬਚਾਉਣ ਲਈ ਆਪਣੀਆਂ ਸਰਕਾਰਾਂ ਦੀ ਰਾਖੀ ਦੀ ਮੰਗ ਕਰਨ ਲੱਗੇ ਅਤੇ ਸਾਰੀਆਂ ਸਰਕਾਰਾਂ ਇਸ ਮੰਗ ਨੂੰ ਮੰਨਣ ਲੱਗੀਆਂ। ਵਿਸ਼ਵੀ ਪੈਮਾਨੇ 'ਤੇ ਮੁਕਤ ਬਾਜ਼ਾਰ ਦੇ ਮੁਕਾਬਲੇ ਵਪਾਰਕ ਯੁੱਧ ਸੁਰੱਖਿਅਤ ਯੁਕਤ ਕੰਟਰੋਲ ਵਪਾਰ ਯੁੱਧ ਸ਼ੁਰੂ ਹੋ ਗਿਆ। ਸਭ ਤੋਂ ਵੱਡੇ ਸਾਮਰਾਜੀ ਦੇਸ਼ ਇੰਗਲੈਂਡ ਦੀ ਮੁਦਰਾ ਪਾਊਂਡ ਸਟਰਲਿੰਗ ਜੋ ਕਿ ਉਦੋਂ ਤਕ ਕੌਮਾਂਤਰੀ ਮੁਦਰਾ ਦਾ ਕੰਮ ਕਰ ਰਹੀ ਸੀ ਆਪਣੀ ਸਾਖ ਗੁਆ ਬੈਠੀ ਅਤੇ ਸਾਰੇ ਦੇਸ਼ਾਂ ਦੀਆਂ ਮੁਦਰਾਵਾਂ ਡੋਲਣ ਲੱਗੀਆਂ। ਸਾਰੇ ਦੇਸ਼ ਆਪਣੀ ਆਪਣੀ ਮੁਦਰਾ ਨੂੰ ਬਚਾਉਣ 'ਚ ਲੱਗ ਗਏ। ਇਸ ਮਹਾਂਮੰਦੀ ਨੇ ਪੈਦਾਵਾਰ ਨੂੰ ਜਿਸ ਤਰ੍ਹਾਂ ਨਾਲ ਤਹਿਸ ਨਹਿਸ ਕੀਤਾ ਅਤੇ ਬੇਰੁਜਗਾਰੀ ਤੇ ਮੰਦਹਾਲੀ ਦਾ ਜੋ ਵਿਸ਼ਾਲ ਸਮੁੰਦਰ ਕਾਇਮ ਕੀਤਾ ਇਹ ਵੱਖਰੀ ਕਹਾਣੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਜਦ ਕੁਝ ਸਾਲਾਂ ਬਾਅਦ ਹੀ ਇਸ ਮੰਦੇ ਤੋਂ ਮੁਕਤੀ ਮਿਲੀ ਅਤੇ 1924 ਦਾ ਹਲਕਾ ਜਿਹਾ ਸੁਧਾਰ ਵੀ 1937 'ਚ ਫਿਰ ਗਾਇਬ ਹੋ ਗਿਆ ਤਦ ਪੂੰਜੀਵਾਦੀ ਹਲਕਿਆਂ 'ਚ ਇਹ ਧਾਰਨਾ ਆਮ ਹੋਣ ਲੱਗੀ ਕਿ ਪੂੰਜੀਵਾਦੀ ਅਰਥਚਾਰਾ ਹੁਣ ਆਪਣੇ ਦਰਾ 'ਤੇ ਮਹਾਂਮੰਦੀ ਤੋਂ ਨਹੀਂ ਨਿਕਲ ਸਕਣਾ। ਇਸ ਲਈ ਸਰਕਾਰ ਨੂੰ ਦਖ਼ਲ ਅੰਦਾਜੀ ਕਰਨੀ ਪਵੇਗੀ। ਯਾਨੀ ਬਾਜ਼ਾਰ ਦੀਆਂ ਸ਼ਕਤੀਆਂ 'ਤੇ ਸਰਕਾਰੀ ਕੰਟਰੋਲ ਲਾਉਣਾ ਪਵੇਗਾ। ਇਸ ਸੋਚ ਨੂੰ ਸਭ ਤੋਂ ਮੁੱਖ ਤੌਰ 'ਤੇ 1936 'ਚ ਜਾਰਜ ਮੇਨਾਰਡ ਕੀ ਨਸ ਨੇ ਪੇਸ਼ ਕੀਤਾ ਉਹਨਾਂ ਨੇ ਉਸ ਸਾਲ ਆਪਣੀ ਪ੍ਰਕਾਸ਼ਿਤ ਪੁਸਤਕ 'ਰੁਜ਼ਗਾਰ, ਮੁਦਰਾ ਤੇ ਕਰਧਾਨ' ਦਾ ਆਮ ਸਿਧਾਂਤ 'ਚ ਕਿਹਾ ਕਿ ਜੇ ਤੀਜੇ ਪਾਸੇ ਮੰਦੀ ਦੇ ਸੰਕਟ 'ਤੇ ਕਾਬੂ ਪਾਉਣਾ ਹੈ ਤਾਂ ਇਸ ਨੂੰ ਮਹਾਂਮੰਦੀ

ਵਰਗੀ ਤਬਾਹੀ ਬਚਾਉਣ ਤੋਂ ਰੋਕਣਾ ਹੈ ਤਾਂ ਸਰਕਾਰ ਨੂੰ ਅਰਥ ਵਿਵਸਥਾ ’ਚ ਦਖਲ ਅੰਦਾਜੀ ਕਰਨੀ ਪਵੇਗੀ। ਜਦ ਮੰਦੀ ਦਾ ਦੌਰ ਹੋਵੇ ਤਾਂ ਸਰਕਾਰ ਨੂੰ ਪੈਸਾ ਬਾਜ਼ਾਰ ’ਚ ਝੋਕਣਾ ਪਵੇਗਾ। ਜਿਸ ਨਾਲ ਵਸਤਾਂ ਦੀ ਮੰਗ ਪੈਦਾ ਹੋ ਸਕੇ। ਇਸ ਲਈ ਜੇ ਸਰਕਾਰ ਨੂੰ ਨਿਰਾਰਥਕ ਕੰਮ ਜਿਵੇਂ ਟੋਏ ਪੁੱਟਣੇ ਤੇ ਭਰਨ ਦਾ ਕੰਮ ਕਰਨਾ ਪਵੇ ਤਾਂ ਕਰਨਾ ਚਾਹੀਦਾ ਹੈ। ਸਰਕਾਰ ਨੂੰ ਇਸ ਖਾਤਰ ਪੈਸਾ ਇਕੱਠਾ ਕਰਨ ਲਈ ਘਾਟੇ ਦਾ ਬਜਟ ਬਣਾਉਣਾ ਚਾਹੀਦਾ ਹੈ। ਯਾਨੀ ਆਮਦਨ ਘੱਟ ਖਰਚਾ ਵੱਧ। ਇਹਨਾਂ ਸਾਰਿਆਂ ਪੰਪ ਪ੍ਰਾਈਮਿੰਗ ਕਿਹਾ ਜਾਂਦਾ ਹੈ। ਯਾਨੀ ਜਿਸੇ ਤਰ੍ਹਾਂ ਮੋਟਰ ਤੋਂ ਪਾਣੀ ਖਿੱਚਣ ਲਈ ਪਹਿਲਾਂ ਕੁਝ ਪਾਣੀ ਪਾਉਣਾ ਪੈਂਦਾ ਹੈ ਉਸੇ ਤਰ੍ਹਾਂ ਸਰਕਾਰ ਨੂੰ ਅਰਥਚਾਰੇ ਨੂੰ ਮੰਦੇ ਤੋਂ ਕੱਢਣ ਲਈ ਬਾਜ਼ਾਰ ’ਚ ਕੁਝ ਪੈਦਾ ਝੌਂਕਣਾ ਚਾਹੀਦਾ ਹੈ। ਜਦ ਅਰਥਚਾਰਾ ਮੰਦੇ ਤੋਂ ਉਭਰ ਕੇ ਤੇਜੀ ’ਚ ਪਹੁੰਚ ਜਾਵੇਗਾ ਤਦ ਵਧੇ ਹੋਏ ਕਾਰੋਬਾਰ ਤੇ ਲਗਾਤਾਰ ਸਰਕਾਰ ਆਪਣੇ ਪਹਿਲਾਂ ਦੇ ਬਜਟ ਘਾਟੇ ਦੀ ਪੂਰਤੀ ਕਰ ਸਕਦੀ ਹੈ। ਕੀਂਸ ਦੀ ਯੋਜਨਾ ਪ੍ਰਕਾਰੰਤਰ ਨਾਲ ਵਿਚ ਮੰਗ ਕਰਦੀ ਹੈ ਕਿ ਸਰਕਾਰ ਅਰਥਚਾਰੇ ’ਤੇ ਖਾਸਾ ਕੰਟਰੋਲ ਸਥਾਪਤ ਕਰੇ ਯਾਨੀ ਇਹ ਬਾਜ਼ਾਰ ’ਚ ਮੰਗ ਪੈਦਾ ਕਰਨ ਲਈ ਕੁਝ ਪੈਸਾ ਝੌਂਕਣ ਤੋਂ ਵੱਧ ਸੀ। ਇਸ ’ਚ ਪੈਦਾਵਾਰ ਤੇ ਵੰਡ ਉਪਰ ਇਕ ਹੱਦ ਤਕ ਦਾ ਕੰਟਰੋਲ ਲਾਜਮੀ ਸੀ। ਇਹਨਾਂ ਸਭ ਨੀਤੀਆਂ ਨੂੰ ਮਿਲਾ ਕੇ ਬਾਅਦ ’ਚ ਕਲਿਆਣਕਾਰੀ ਰਾਜ ਦੀਆਂ ਨੀਤੀਆਂ ਕੁਝ ਬਣੀਆਂ। ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਨੀਤੀਆਂ ਕੁਝ ਸਕੇਂਡ ਨੇਵਾਈ ਦੇਸ਼ ’ਚ ਦੋ ਦਹਾਕੇ ਤੋਂ ਲਾਗੂ ਕੀਤੀਆਂ ਜਾ ਰਹੀਆਂ ਸਨ ਅਤੇ 1933 ਵਿੱਚ ਰਾਸ਼ਟਰਪਤੀ ਬਣਨ ਪਿੱਛੋਂ ਫ੍ਰੇਕਲਿਨ ਡੀ ਰੂਜਵੇਲਟ ਨੇ ਵੀ ਅਮਰੀਕਾ ’ਚ ਇਸ ਤਰ੍ਹਾਂ ਦੀਆਂ ਨੀਤੀਆਂ ਵੱਲ ਕਦਮ ਉਠਾ ਦਿੱਤੇ ਸਨ। ਰੂਜਵੇਲਟ ਦਾ ਪ੍ਰਸਿੱਧ ‘ਨਿਊ ਡੀਲ’ ਅਜਿਹੇ ਹੀ ਕਦਮਾ ਦੀ ਲੋੜ ਸੀ। ਯਾਨੀ ਪੂੰਜੀਵਾਦੀ ਸਿਧਾਂਤਕਾਰਾਂ ਤੋਂ ਪਹਿਲਾਂ ਖੁਦ ਯਥਾਰਥ ਪੂੰਜੀਵਾਦੀ ਸਰਕਾਰਾਂ ਨੂੰ ਇਸ ਵੱਲ ਧੱਕ ਰਿਹਾ ਸੀ। ਜਿਵੇਂ ਕਿ ਸਭ ਨੂੰ ਪਤਾ ਹੈ ਕਿ 1930 ਦੇ ਦਹਾਕੇ ਦੀ ਮਹਾਂਮੰਦੀ ਖਤਮ ਨਹੀਂ ਹੋਈ ਬਲਕਿ ਦੂਜੀ ਸੰਸਾਰ ਜੰਗ ਵਿੱਚ ਵਿਲੀਨ ਹੋ ਗਈ ਯਾਨੀ ਦੂਜੀ ਸੰਸਾਰ ਜੰਗ ਦੀ ਤਿਆਰੀ ਤੇ ਉਸ ਦੇ ਭਿਆਨਕ ਵਿਕਾਸ਼ ਨਾਲ ਪੈਦਾ ਹੋਈ ਮੰਗ ਨੇ ਹੀ ਮਹਾਂਮੰਦੀ ਨੂੰ ਖਤਮ ਕੀਤਾ ਜਿਥੇ 1938 ’ਚ ਪੈਦਾਵਾਰ 1929 ਤੋਂ ਪਹਿਲਾਂ ਦੇ ਪੱਧਰ ਨੂੰ ਦੋ ਤਿਹਈ ਜਾਂ ਤਿੰਨ ਚੌਥਾਈ ਸੀ ਅਤੇ ਬੇਰੁਜਗਾਰੀ ਦਰ 25 ਫੀਸਦੀ ਸੀ ਉਥੇ 1941 ਆਉਂਦੇ ਆਉਂਦੇ ਬੇਰੁਜਗਾਰੀ ਲੱਗਭਗ ਖਤਮ ਹੋ ਗਈ ਸੀ ਅਤੇ ਪੈਦਾਵਾਰ 1929 ਤੋਂ ਪਹਿਲਾਂ ਦੇ ਪੱਧਰ ਤੋਂ ਅੱਗੇ ਨਿਕਲ ਗਈ ਸੀ। ਪਰ ਪੂੰਜੀਵਾਦੀ ਹਾਕਮ 1930 ਦੇ ਦਹਾਕੇ ਦੀ ਮਹਾਂਮੰਦੀ ਨੂੰ ਭੁੱਲੇ ਨਹੀਂ ਜਿਸ ’ਚੋਂ ਉਹ ਪੂਰਾ ਜ਼ੋਰ ਲਾ ਕੇ ਵੀ ਨਹੀਂ ਨਿਕਲ ਸਕੇ ਸਨ ਅਤੇ ਦੂਜੀ ਸੰਸਾਰ ਜੰਗ ਖਤਮ ਹੋਣ ’ਤੇ ਉਹਨਾਂ ਨੇ ਕਲਿਆਣਕਾਰੀ ਰਾਜ ਦਾ ਪੂਰਾ ਤਾਣਾ ਬਾਣਾ ਖੜ੍ਹਾ ਕੀਤਾ ਸੀ। ਅਰਥਚਾਰੇ ’ਤੇ ਸਰਕਾਰ ਦਾ ਵਿਆਪਕ ਪੈਮਾਨੇ ’ਤੇ ਕੰਟਰੋਲ ਇਸ ਦੀਆਂ ਮੁੱਖ ਵਿਸ਼ੇਸ਼ਤਾਵਾਂ ਸਨ ਇਥੇ ਕਹਿਣ ਦੀ ਲੋੜ ਨਹੀਂ ਕਿ ਵਿਸ਼ਵ ਪੱਧਰ ’ਤੇ ਇਕ ਮਜ਼ਬੂਤ ਸਮਾਜਵਾਦੀ ਖੇਮੇ ਦੀ ਮੌਜੂਦਗੀ ਅਤੇ ਉਹਨਾਂ ਦੇਸ਼ਾਂ ’ਚ ਮਜ਼ਦੂਰ ਅੰਦੋਲਨ ਨੇ ‘ਕਲਿਆਣਕਾਰੀ ਰਾਜ’ ਦੀ ਵੱਲ ਧੱਕਣ ਦੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਇਸ ‘ਕਲਿਆਣਕਾਰੀ ਰਾਜ’ ਦੇ ਜ਼ਮਾਨੇ ਵੱਚ ਅਰਥਚਾਰੇ ’ਤੇ ਸਰਕਾਰ ਦੇ ਕੰਟਰੋਲ ਦੀ ਜ਼ਰੂਰਤ ਵਿਆਪਕਤਾ

ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 1970 ਦੇ ਦਹਾਕੇ 'ਚ ਕਈ ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਸਰਕਾਰਾਂ ਪੈਦਾਵਾਰ ਤੇ ਵੰਡ ਦੇ 40-50 ਫੀਸਦੀ ਹਿੱਸੇ ਦੀ ਮਾਲਕ ਹੁੰਦੀ ਸੀ। ਇਸ ਦੇ ਨਾਲ ਹੀ ਮੁਦਰਾ ਵਿਤ ਬਾਜ਼ਾਰ ਅਤੇ ਵਪਾਰ ਦੇ ਸਮੁੱਚੇ ਢੰਗ ਨਾਲ ਸੰਚਾਲਨ ਲਈ ਜਾਇਜ਼ ਨੀਤੀਆਂ ਬਣਾਈਆਂ ਗਈਆਂ ਅਤੇ ਕੌਮਾਂਤਰੀ ਮੁਦਰਾ ਕੋਸ਼ ਤੇ ਗੈਟ ਵਰਗੀਆਂ ਸੰਸਥਾਵਾਂ ਦਾ ਗਠਨ ਕੀਤਾ ਗਿਆ। ਅਖੌਤੀ ਬ੍ਰਿਟੇਨ ਵੂਡਸ ਵਿਵਸਥਾ ਜਿਸ ਦੇ ਤਹਿਤ ਅਮਰੀਕੀ ਡਾਲਰ ਨੂੰ ਪੈਮਾਨਾ ਮੰਨ ਕੇ ਬਾਕੀ ਮੁਦਰਾਵਾਂ ਨਿਯਮਤ ਹੁੰਦੀਆਂ ਸਨ ਅਤੇ ਵਪਾਰ ਦੀਆਂ ਗੈਟ ਵਾਰਤਾਵਾਂ ਨੇ ਇਸ ਨੂੰ ਸੁਖਾਲਾ ਬਣਾਇਆ ਸੀ। ਇਸ ਰਾਹੀਂ ਸਾਮਰਾਜੀ ਪੂੰਜੀਵਾਦ ਨੇ ਇਹ ਹੱਦ ਤੱਕ ਆਪਣੀਆਂ ਨੀਤੀਆਂ ਨੂੰ ਅਰਥਚਾਰੇ ਦੇ ਅਥਾਰਥ ਦੇ ਅਨੁਕੂਲ ਢਾਲਣ ਦੀ ਕੋਸ਼ਿਸ਼ ਕੀਤੀ ਸੀ। ਅਜ਼ਾਰੇਦਾਰੀ ਪੂੰਜੀਵਾਦ ਅਤੇ ਅਜ਼ਾਦ ਮੁਕਾਬਲੇ ਦੇ ਅੰਤਰ ਵਿਰੋਧ ਨੂੰ ਕਿਸ ਹੱਦ ਤੱਕ ਹੱਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਪਰ ਪੂੰਜੀਵਾਦੀ ਦੁਨੀਆਂ ਵਿੱਚ ਉਸ ਸਮੇਂ ਕੁਝ ਲੋਕ ਸਨ ਜੋ ਪੂੰਜੀਵਾਦ 'ਤੇ ਇਸ ਕੰਟਰੋਲ ਦੇ ਖਿਲਾਫ ਸਨ। ਇਹਨਾਂ ਵਿਚੋਂ ਇਕ ਸਨ 'ਫ੍ਰੇਡਰਿਕ ਵਾਨ ਹਯੇਕ ਉਹਨਾਂ ਨੇ 1944 'ਚ ਹੀ ਇਕ ਕਿਤਾਬ ਲਿਖੀ ਮੁਦਸੱਤਾ ਦਾ ਮਾਰਗ (ਰੋਡ ਨੂੰ ਸਰਫਡਮ) ਇਸ ਵਿਚ ਉਹਨਾਂ ਨੇ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਰੂਜਵੈਲਟ ਅਤੇ ਕੀਂਸ ਮਾਰਕਾ ਨੀਤੀਆਂ ਵਿਅਕਤੀਗਤ ਪਹਿਲ ਕਦਮੀ 'ਚ ਅੜਿੱਕਾ ਲਾ ਦੇਣਗੀਆਂ। ਅਤੇ ਸਾਰਾ ਵਿਕਾਸ ਰੁਕ ਜਾਵੇਗਾ। ਪਰ ਤਦ ਤਕ ਮਹਾਂਮੰਦੀ ਦੀ ਯਾਦ ਇਕ ਦਮ ਤਾਜਾ ਸੀ ਅਤੇ ਲੋਕਾਂ ਨੇ ਇਸ ਗੱਲ 'ਤੇ ਧਿਆਨ ਨਹੀਂ ਦਿੱਤਾ। ਦੂਜੀ ਸੰਸਾਰ ਜੰਗ ਪਿੱਛੋਂ ਦੇ ਢਾਈ ਦਹਾਕੇ ਇਕ ਤਰ੍ਹਾਂ ਨਾਲ ਪੂੰਜੀਵਾਦ ਦੇ ਸੁਨਹਿਰੀ ਦਿਨ ਸਨ। ਸਾਮਰਾਜੀ ਅਰਥਚਾਰੇ ਨੇ ਖੂਬ ਵਾਧਾ ਹਾਸਲ ਕੀਤਾ। ਇਸ ਦੌਰਾਨ ਮੰਦੀ ਦੇ ਦੌਰ ਬੇਹੱਦ ਹਲਕੇ ਸਨ। ਪਰ 1970 ਦੇ ਦਹਾਕੇ ਦੀ ਸ਼ੁਰੂਆਤ ਆਉਂਦੇ ਆਉਂਦੇ ਇਹ ਸਭ ਖਤਮ ਹੋਣ ਲੱਗਿਆ ਅਤੇ ਸਾਮਰਾਜੀ ਦੁਨੀਆਂ ਇਕ ਲੰਮੇ ਸਮੇਂ ਦੇ ਠਹਿਰਾਅ ਵੱਲ ਵਧਣ ਲੱਗੀ। 1971 'ਚ ਡਾਲਰ ਸੋਨਾ ਮਾਰਕ ਇਕ (ਆਊਂਸ ਸੋਨੇ ਦਾ ਮੁੱਲ 35 ਡਾਲਰ) ਦੇ ਭੰਗ ਹੋਣ ਨਾਲ ਦੁਨੀਆਂ 'ਚ ਇਕ ਨਵੇਂ ਪੜਾਅ 'ਚ ਦਾਖਲ ਹੋ ਗਈ। ਜਦ 1970 ਦੇ ਦਹਾਕੇ 'ਚ ਪੂੰਜੀਪਤ ਵਰਗ ਦਾ ਮੁਨਾਫਾ ਘਟਣ ਲੱਗਿਆ ਤਦ ਪੂੰਜੀਪਤ ਜਮਾਤ ਨੇ 'ਕਲਿਆਣਕਾਰੀ ਰਾਜ' ਦਾ ਤਿਆਗ ਕਰਨਾ ਸ਼ੁਰੂ ਕਰ ਦਿੱਤਾ। ਜਿਥੇ ਪਹਿਲਾਂ ਪੈਦਾਵਾਰ ਤੇ ਵੰਡ 'ਚ ਸਰਕਾਰ ਦੀ ਦਖਲ ਅੰਦਾਜੀ ਨੂੰ ਜ਼ਰੂਰੀ ਮੰਨ ਲਿਆ ਗਿਆ ਸੀ। ਉਥੇ ਇਸ ਨੂੰ ਹੁਣ ਮੁਨਾਫਾ ਵਧਾਉਣ ਦੇ ਰਾਹ 'ਚ ਰੋੜਾ ਸਮਝਿਆ ਜਾਣ ਲੱਗਿਆ। ਪੂੰਜੀਪਤੀ ਜਮਾਤ ਦੀ ਇਹ ਧਾਰਨਾ ਆਮ ਹੋਣ ਲੱਗੀ ਕਿ ਹਰ ਖੇਤਰ 'ਚ ਹਰ ਤਰੀਕੇ ਨਾਲ ਮੁਨਾਫਾ ਵਧਾਉਣ ਦੀ ਖੁੱਲ੍ਹੀ ਛੁੱਟੀ ਹੋਣੀ ਚਹੀਦੀ ਹੈ। ਉਸ ਨੂੰ ਸਿਰਫ ਆਮ ਕਾਨੂੰਨ ਵਿਵਸਥਾ ਤਕ ਆਪਣੇ ਆਪ ਨੂੰ ਸੀਮਤ ਕਰ ਲੈਣਾ ਚਾਹੀਦਾ ਹੈ। ਸਰਕਾਰ ਦਾ ਕੰਮ ਆਲੂ ਚਿਪਸ ਬਣਾਉਣਾ ਤੇ ਵੇਚਣਾ ਨਹੀਂ ਹੈ। ਹਯੇਕ ਦੀਆਂ ਗੱਲਾਂ ਨੇ ਲੋਕਪ੍ਰਿਯਤਾ ਹਾਸਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਹਨਾਂ ਨੇ 'ਵਾਸ਼ਿੰਗਟਨ ਆਮ ਸਹਿਮਤ' ਇਕ ਭਆਊ ਨਾ ਰੱਖ ਲਿਆ। ਇਹਨਾਂ ਨੀਤੀਆਂ ਦੇ ਸਭ ਤੋਂ ਵੱਡੇ ਹਮਾਇਤੀ ਨਿਕਲੇ ਅਮਰੀਕਾ ਦੇ ਰਾਸ਼ਟਰਪਤੀ ਰੋਨਾਲਡ ਰੀਗਨ ਅਤੇ ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਿਟ ਥੈਚਰ। ਹੋਰਾਂ ਨੇ 1980 ਦੇ ਦਹਾਕੇ 'ਚ ਆਪਣੇ ਦੇਸ਼ਾਂ 'ਚ

ਇਹਨਾਂ ਨੀਤੀਆਂ ਨੂੰ ਲਾਗੂ ਕੀਤਾ ਅਤੇ ਬਾਕੀ ਸਾਮਰਾਜੀ ਦੇਸ਼ਾਂ 'ਤੇ ਦਬਾਅ ਪਾਇਆ ਕਿ ਇਸ ਦਿਸ਼ਾ ਵੱਲ ਵਧਣਾ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਕੌਮਾਂਤਰੀ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਰਾਹੀਂ ਇਹਨਾਂ ਨੀਤੀਆਂ ਨੂੰ ਲਾਗੂ ਕਰਵਾਇਆ। ਇਹਨਾਂ ਨੀਤੀਆਂ ਦਾ ਸਾਰ ਤੱਤ ਇਹ ਸੀ ਕਿ ਮਜ਼ਦੂਰ ਮੇਹਨਤਕਸ਼ ਜਨਤਾ ਦੀ ਆਮਦਨ ਨੂੰ ਖੋਹ ਕੇ ਪੂੰਜੀਪਤੀਆਂ ਦਾ ਮੁਨਾਫਾ ਵਧਾਉਣਾ, ਮਜ਼ਦੂਰਾਂ ਦੀ ਮਜ਼ਦੂਰੀ ਘੱਟ ਕਰਨਾ, ਉਹਨਾਂ ਤੋਂ ਕੰਮ ਵੱਧ ਲੈਣਾ। ਛੋਟੀ ਜਾਇਦਾਦ ਵਾਲਿਆਂ ਦੀ ਜਾਇਦਾਦ ਖੋਹਣਾ। ਸਭ ਇਸ ਦੇ ਹੀ ਹਿੱਸੇ ਸਨ। ਇਸ ਦੇ ਲਈ ਸਰਕਾਰ ਨੇ ਪੈਦਾਵਾਰ ਦੀ ਵੰਡ ਤੋਂ ਆਪਣਾ ਹੱਥ ਪਿੱਛੇ ਖਿੱਚ ਲਿਆ ਉਸ ਨੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰ ਦਿੱਤਾ। ਪੂੰਜੀ ਤੇ ਲੱਗੀਆਂ ਅਨੇਕਾਂ ਪਾਬੰਦੀਆਂ 'ਤੇ ਨਿਯਮਾਂ ਨੂੰ ਖਤਮ ਜਾਂ ਢਿੱਲਾ ਕਰ ਦਿੱਤਾ ਗਿਆ ਹੈ। ਇਸ ਨੂੰ ਵਿਸ਼ਵੀਕਰਨ ਨਿੱਜੀਕਰਨ ਉਦਾਰੀਕਰਨ ਦਾ ਨਾਂ ਦਿੱਤਾ ਗਿਆ। ਅਜ਼ਾਦ ਮੁਕਾਬਲੇ 'ਤੇ ਬਾਜ਼ਾਰ ਦੀਆਂ ਸ਼ਕਤੀਆਂ ਫਿਰ ਚਾਰ ਪਾਸੇ ਗੂੰਜਣ ਲੱਗੀਆਂ।

ਪਰ ਪੂੰਜੀ ਤੇ ਪੂੰਜੀਪਤੀਆਂ ਨੂੰ ਇਨੀ ਛੋਟ ਮਿਲਣ ਪਿੱਛੋਂ ਵੀ ਪੂੰਜੀਵਾਦੀ ਠਹਿਰਾਅ ਨਹੀਂ ਟੁੱਟ ਸਕਿਆ। ਇਹ ਟੁੱਟ ਵੀ ਨਹੀਂ ਸਕਦਾ ਸੀ। ਮਜ਼ਦੂਰ ਮੇਹਨਤਕਸ਼ ਜਨਤਾ ਦੀ ਕਿਰਿਆ ਸ਼ਕਤੀ ਘਟ ਕੇ ਉਸ ਨੂੰ ਹੋਰ ਬਦਹਾਲ ਕਰਕੇ ਪੈਦਾਵਾਰ ਨੂੰ ਨਹੀਂ ਵਧਾਇਆ ਜਾ ਸਕਦਾ ਸੀ। ਹਾਲਾਤ ਇਹ ਹੋ ਗਏ ਕਿ ਅਦਾਰੇ ਆਪਣੀ ਸਮਰੱਥਾ ਦਾ 60-70 ਫੀਸਦੀ 'ਤੇ ਕੰਮ ਕਰਨ ਨੂੰ ਮਜ਼ਬੂਰ ਹੋ ਗਏ। ਪੈਦਾਵਾਰ ਵੰਡ 'ਚ ਪੂੰਜੀ ਨਿਵੇਸ਼ ਵੀ ਗੁੰਜਾਇਸ਼ ਘੱਟੋ ਘੱਟ ਹੋਣ ਲੱਗੀ।

ਅਜਿਹੇ 'ਚ ਸਾਮਰਾਜੀਆਂ ਪੂੰਜੀਪਤੀਆਂ ਦੇ ਹੱਥ 'ਚ ਪਾਈ ਵਿਸ਼ਾਲ ਪੂੰਜੀ ਦਾ ਕੀ ਕੀਤਾ ਜਾਂਦਾ, ਇਹ ਪੂੰਜੀ ਜੋ ਮਜਦੂਰ ਮੇਹਨਤਕਸ਼ ਜਨਤਾ ਨੂੰ ਹੋਰ ਵੱਧ ਬਦਹਾਲੀ 'ਚ ਧੱਕ ਕੇ ਉਠਾਈ ਜਾ ਰਹੀ ਸੀ। ਪੈਦਾਵਾਰ ਵੰਡ 'ਚ ਤਾਂ ਇਹ ਲੱਗ ਨਹੀਂ ਸਕਦੀ ਸੀ। ਹੱਦ ਇਸ ਪੂੰਜੀ ਨੇ ਸੱਟੇਬਾਜੀ ਵੱਲ ਰੁਖ ਕੀਤਾ। 1980 ਦੇ ਦਹਾਕੇ ਤੋਂ ਹੀ ਇਫਰਾਤ ਪਈ ਵਿੱਤੀ ਪੂੰਜੀ ਤੇਜੀ ਨਾਲ ਤੇਜ ਰਫਤਾਰ ਨਾਲ ਸੱਟੇਬਾਜੀ ਵੱਲ ਵਧਣ ਲੱਗੀ। ਸਰਕਾਰ ਨੇ 1970 ਦੇ ਦਹਾਕੇ ਤੋਂ ਹੀ ਜੋ ਉਦਾਰੀਕਰਨ ਵਿਸ਼ਵੀਕਰਨ ਕਿਹਾ ਕੀਤਾ ਸੀ ਉਸ ਨੇ ਇਸ ਸੱਟੇਬਾਜੀ ਵਿਚ ਭਾਰੀ ਮਦਦ ਕੀਤੀ। ਇਹੀ ਨਹੀਂ, ਇਸ ਸੱਟੇਬਾਜੀ ਨੇ ਸਰਕਾਰਾਂ ਨੂੰ ਹੋਰ ਵੱਧ ਉਦਾਰੀਕਰਨ ਕਰਨ ਵੱਲ ਧੱਕਿਆ। ਵਿਕਸਤ ਸਾਮਰਾਜੀ ਦੇਸ਼ਾਂ 'ਚ ਵਿੱਤੀ ਪੂੰਜੀ ਭਾਰੀ ਮਾਤਰਾ 'ਚ ਕੰਟਰੋਲ ਤੋਂ ਮੁਕਤ ਕਾਰੋਬਾਰ ਮੁੱਖ ਤੌਰ 'ਤੇ ਸੱਟੇਬਾਜੀ ਕਰਨ ਲੱਗੀ।

ਲਗਾਤਾਰ ਵਧਦੀ ਸੱਟੇਬਾਜੀ ਇਕਵੀਂ ਸਦੀ ਦੀ ਸ਼ੁਰੂਆਤ 'ਚ ਉਥੇ ਪੁੱਜ ਗਈ ਜਿਥੇ ਪੈਦਾਵਾਰ ਵੰਡ 'ਚ ਲੱਗੀ ਪੂੰਜੀ ਇਕ ਤਰ੍ਹਾਂ ਨਾਲ ਗੌਣ ਹੋ ਗਈ। ਦੁਨੀਆਂ ਦਾ ਸਾਰਾ ਵਿੱਤੀ ਤਾਣਾ ਬਾਣਾ ਖਾਸ ਕਰਕੇ ਸੱਟੇਬਾਜੀ ਕਿਸੇ ਇਕ ਦੇਸ਼ ਤਾਂ ਕੀ ਸਾਰੇ ਦੇਸ਼ ਦੇ ਬੂਤੇ ਤੋਂ ਬਾਹਰ ਹੋ ਗਿਆ। ਇਸ ਸਾਰੇ ਮਾਮਲੇ 'ਚ ਅਗ੍ਰਣੀ ਭੂਮਿਕਾ ਨਿਭਾਈ ਸੀ ਅਮਰੀਕੀ 'ਤੇ ਬ੍ਰਿਟਿਸ਼ ਸਾਮਰਾਜੀਆਂ ਨੇ ਉਹ ਵੀ ਸਭ ਤੋਂ ਵੱਧ ਬੇਲਗਾਮ ਸੱਟੇਬਾਜੀ 'ਚ ਲੱਗੇ ਸਨ ਹਾਲਾਂਕਿ ਜਪਾਨੀ ਤੇ ਯੂਰਪੀ ਸਾਮਰਾਜੀ ਵੀ ਬਹੁਤੇ ਪਿੱਛੇ ਨਹੀਂ ਸਨ।

ਪਿਛਲੇ ਤਿੰਨ ਦਹਾਕਿਆਂ ਦੇ ਨਿਜੀਕਰਨ ਉਦਾਰੀਕਰਨ ਤੇ ਵਿਸ਼ਵੀਕਰਨ ਦੇ ਅਮਲ 'ਚ ਹੀ ਇਹ ਵਿੱਤੀ ਬੁਲਬੁਲਾ ਬਣਿਆ ਅਤੇ ਹੁਣ ਇਸੇ ਉਦਾਰੀਕ੍ਰਿਤ

ਵਿਸ਼ਵੀਕ੍ਰਿਤ ਦੁਨੀਆਂ 'ਚ ਇਹ ਬੁਲਬੁਲਾ ਫਟ ਰਿਹਾ ਹੈ। ਅੱਜ ਸਾਮਰਾਜੀ ਪੂੰਜੀਵਾਦੀ ਦੀਆਂ ਸਾਰੀਆਂ ਚਾਰਿਤਕ ਵਿਸ਼ੇਸ਼ਤਾਵਾਂ ਇਹ ਜਾਹਰ ਕਰਦੀਆਂ ਹਨ ਕਿ ਇਸ ਤਰ੍ਹਾਂ ਦਾ ਉਦਾਰਕ੍ਰਿਤ ਪੂੰਜੀਵਾਦ ਸਿਰਫ ਵਿਸ਼ਾਲ ਪੈਮਾਨੇ ਦੀ ਤਬਾਹੀ ਨੂੰ ਹੀ ਸੱਦਾ ਦੇ ਸਕਦਾ ਹੈ। ਜੇ ਬੇਹੱਦ ਵਿਸ਼ਾਲ ਅਜ਼ਾਰੇਦਾਰ ਕੰਪਨੀਆਂ ਦੇ ਜ਼ਮਾਨੇ 'ਚ ਖੁੱਲ੍ਹੇ ਮੁਕਾਬਲੇ ਨੂੰ ਇਜਾਜ਼ਤ ਦਿੱਤੀ ਜਾਵੇਗੀ ਤਾਂ ਇਹ ਸਾਰੀ ਦੁਨੀਆਂ ਦੇ ਅਰਥਚਾਰੇ ਲਈ ਵਿਸ਼ਾਲ ਖਤਰਾ ਹੀ ਪੈਦਾ ਕਰੇਗੀ। ਅੱਜ ਸਾਮਰਾਜੀ ਅਰਥਚਾਰਿਆਂ ਨੂੰ ਕੋਈ ਚੀਜ ਜੇ ਬਚਾ ਰਹੀ ਹੈ ਤਾਂ ਉਹ ਹੈ ਕਿਸੇ ਹੱਦ ਤਕ ਅਰਥਚਾਰੇ ਉਪਰ ਕੰਟਰੋਲ ਸਾਰੇ ਉਦਾਰੀਕਰਨ ਦੇ ਬਾਵਜੂਦ ਅੱਜ ਸਥਿਤੀਆਂ 1929 ਦੇ ਪਹਿਲਾਂ ਤੋਂ ਭਿੰਨ ਹਨ, ਸਹੀ ਗੱਲ ਤਾਂ ਇਹ ਹੈ ਕਿ ਪਿਛਲੇ ਤਿੰਨ ਦਹਾਕੇ ਦਾ ਉਦਾਰੀਕਰਨ ਵਿਸ਼ਵੀਕਰਨ ਪੂੰਜੀਪਤੀਆਂ ਲਈ ਹੋਇਆ ਹੈ। ਸੰਕਟ ਸਮੇਂ ਸਰਕਾਰਾਂ ਵੱਲੋਂ ਪੂੰਜੀਪਤੀਆਂ ਨੂੰ ਬਚਾਉਣਾ ਇਸ ਨੀਤੀ ਦਾ ਅਹਿਮ ਿੱਸਾ ਹੈ। ਇਸ ਲਈ ਕੁਝ ਲੋਕਾਂ ਨੇ ਨਾਂ ਦਿੱਤਾ ਹੈ। ਮੁਨਾਫਾ ਨਿੱਜੀ ਘਾਟਾ ਜਨਤਕ ਜੇ 1929 ਦੇ ਪਹਿਲੇ ਵਰਗੀਆਂ ਹਾਲਤਾਂ ਹੁੰਦੀਆਂ ਤਾਂ ਦੁਨੀਆਂ ਕਦੋਂ ਦੀ ਮੰਦੇ 'ਚ ਦਾਖਲ ਹੋ ਚੁੱਕੀ ਹੁੰਦੀ। ਦੁਨੀਆਂ ਦੀ ਮਜ਼ਦੂਰ ਮੇਹਨਤਕਸ਼ ਜਨਤਾ ਨੂੰ ਪਿਛਲੇ ਤਿੰਨ ਦਹਾਕਿਆਂ 'ਚ ਆਕਾਸ਼ ਛੂੰਹਦੀ ਬਦਹਾਲੀ 'ਚ ਧੱਕਣ ਅਤੇ ਸੰਸਾਰ ਅਰਥਚਾਰੇ ਨੂੰ ਢਹਿ ਢੇਰੀ ਹੋਣ ਦੇ ਕਿਨਾਰੇ 'ਤੇ ਪਹੁੰਚ ਦੇਣ ਪਿੱਛੋਂ ਅੱਜ ਸਾਮਰਾਜਵਾਦੀ ਫਿਰ ਅਰਥਚਾਰੇ 'ਤੇ ਸਰਕਾਰੀ ਕੰਟਰੋਲ ਦੀ ਗੱਲ ਕਰਨ ਲੱਗੇ ਹਨ। 10 ਅਕਤੂਬਰ ਨੂੰ ਜੀ-7 ਦੀ ਬੈਠਕ ਵਿੱਚ ਵੀ ਬੈਂਕਾਂ 'ਚ ਸਰਕਾਰੀ ਮਾਲਕੀ ਕਾਇਮ ਕਰਨ ਦੀ ਨੀਤੀ ਤਹਿ ਹੋਈ। ਇਥੋਂ ਤਕ ਗੱਲ ਉਠੀ ਕਿ ਦੁਨੀਆਂ ਦੇ ਸਾਰੇ ਦੇਸ਼ ਆਪਣੀਆਂ ਵਿੱਤੀ ਕਾਰਵਾਈਆਂ ਦਾ ਸੰਸਾਰ ਪੈਮਾਨੇ 'ਤੇ ਸੰਯੋਜਨ ਕਰਨ। ਯਾਨੀ ਦੇਸ਼ ਹੀ ਜਾਂ ਦੁਨੀਆਂ ਦੇ ਪੈਮਾਨੇ 'ਤੇ ਅਰਥਚਾਰੇ ਨੂੰ ਨਿਯਮਤ ਕਰਨ ਦੀ ਗੱਲ ਕੀਤੀ ਜਾ ਰਹੀ ਹੈ ਅਤੇ ਇਹ ਗੱਲਾਂ ਕਰਨ ਵਾਲੇ ਕੌਣ ਹਨ?

ਅਮਰੀਕਾ ਇੰਗਲੈਂਡ ਉਦਾਰੀਕਰਨ ਵਿਸ਼ਵੀਕਰਨ ਦੇ ਜਿਹਾਦੀ। ਉਹਨਾਂ ਨੇ ਅਜਾਦ ਮੁਕਾਬਲੇ ਦੇ ਆਪਣੇ ਸਿਧਾਂਤ ਨੂੰ ਹੌਲੀ ਕਰਕੇ ਚੁੱਪ ਚਪੀਤੇ ਠੰਡੇ ਬਸਤੇ 'ਚ ਪਾ ਦਿੱਤਾ ਹੈ। ਵਿਸ਼ਵ ਅਰਥਚਾਰੇ ਦਾ ਇਹ ਸੰਕਟ ਅਤੇ ਉਸ 'ਤੇ ਸਾਮਰਾਜੀ ਦੇਸ਼ਾਂ ਦੀ ਪ੍ਰਤੀਕਿਰਿਆ ਇਹ ਦੱਸਦੀ ਹੈ ਕਿ ਤਿੰਨ ਦਹਾਕਿਆਂ ਦੇ ਉਦਾਰੀਕਰਨ ਨਿੱਜੀਕਰਨ ਵਿਸ਼ਵੀਕਰਨ ਅਮਲ ਆਪਣੀ ਟੀਸੀ 'ਤੇ ਪਹੁੰਚ ਕੇ ਆਪਣੇ ਗੁਲ ਖਿਲਾ ਚੁੱਕਿਆ ਹੈ। ਹੁਣ ਸੰਸਾਰ ਪੂੰਜੀਵਾਦ ਨੂੰ ਚਲਾਉਣ ਲਈ ਕੁਝ ਨਵਾਂ ਕਰਨਾ ਜ਼ਰੂਰੀ ਹੋ ਗਿਆ ਹੈ। ਇਹ ਗੌਰ ਕਰਨ ਦੀ ਇਹ ਫਰਾਂਸ ਦੇ ਮੌਜੂਦਾ ਰੂੜੀਵਾਦੀ ਰਾਸ਼ਟਰਪਤੀ ਨਿਕੋਸਸ ਸਰਕੋਜ਼ੀ ਇਹ ਫਰਮਾ ਰਹੇ ਹਨ ਕਿ ਅਮਰੀਕਾ ਦਾ ਇਹ ਵਿਸ਼ਵੀ ਮਾਡਲ ਅਸਫਲ ਹੋ ਗਿਆ ਜੋ ਕਹਿੰਦਾ ਸੀ ਕਿ ਬਾਜ਼ਾਰ ਖੁਦ ਨੂੰ ਕੰਟਰੋਲ ਕਰ ਲਵੇਗਾ। 18 ਅਕਤੂਬਰ ਨੂੰ ਉਹਨਾਂ ਜਾਰਜ ਬੁਸ਼ ਨੂੰ ਕਿਹਾ ਕਿ ਉਹਨਾਂ ਨੂੰ ਯੂਰਪੀ ਸਮੁਦਾਇ ਦੇ ਦੇਸ਼ਾਂ ਦੀ ਇਹ ਜਾਇ ਦੱਸਣ ਦਾ ਅਧਿਕਾਰ ਹੈ ਕਿ ਬ੍ਰਿਟੇਨ ਵੂਡਸ ਅਰਥਚਾਰਾ ਨੂੰ ਗੈਰਪ੍ਰੰਸਿਕ ਹੋ ਗਿਆ ਹੈ। ਹੁਣ ਇਕ ਵਿਸ਼ਵੀ ਵਿੱਤੀ ਵਿਵਸਥਾ ਕਾਇਮ ਕੀਤੀ ਜਾਣੀ ਚਾਹੀਦੀ ਹੈ। ਵਰਤਮਾਨ ਵਿੱਤੀ ਸੰਕਟ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਮੌਜੂਦਾ ਵਿਸ਼ਵੀ ਪੂੰਜੀਵਾਦ ਪਹਿਲਾਂ ਵਾਂਗੂ ਨਹੀਂ ਚੱਲ ਸਕਦਾ। ਜੇ ਇਹ ਸੰਕਟ ਡੂੰਘਾ ਹੋ ਕੇ ਵਿਸ਼ਵ ਪੱਧਰ 'ਤੇ ਭਿਆਨਕ ਉਥਲ ਪੁਥਲ ਤੇ ਵਿਦਰੋਹੀ ਕ੍ਰਾਂਤੀਆਂ ਨੂੰ ਜਨਮ ਨਹੀਂ ਦਿੰਦਾ

ਤਾਂ ਵੀ ਪਹਿਲਾਂ ਵਾਂਗੂ ਨਹੀਂ ਚੱਲ ਸਕਦਾ। ਪੂੰਜੀਪਤੀ ਜਮਾਤ ਨੂੰ ਆਪਣੇ ਪੂੰਜੀਵਾਦੀ ਪ੍ਰਬੰਦ ਨੂੰ ਬਚਾਉਣ ਲਈ ਕਦਮ ਚੁੱਕਣੇ ਪੈਣਗੇ। ਮਾਨਵੀ ਚੇਹਰੇ ਵਾਲੇ ਪੂੰਜੀਵਾਦ ਦੀ ਗੱਲ ਸ਼ੁਰੂ ਵੀ ਹੋ ਗਈ ਹੈ।

ਇਹ ਸੰਕਟ ਸਾਮਰਾਜੀ ਦੇਸ਼ਾਂ ਨੂੰ ਮਜ਼ਬੂਰ ਕਰ ਰਿਹਾ ਹੈ ਕਿ ਵਿੱਤੀ ਪੂੰਜੀ ਨੂੰ ਵਿਸ਼ਵੀ ਪੈਮਾਨੇ ’ਤੇ ਕੰਟਰੋਲ ਕਰਨ ਲਈ ਕੋਈ ਕਦਮ ਚੁੱਕਣ। ਸਰਕਾਰਾਂ ਇਹ ਜ਼ੋਖ਼ਮ ਨਹੀਂ ਉਠਾ ਸਕਦੀਆਂ ਕਿ ਵਿਤੀ ਪੂੰਜੀ ਤੇ ਵੱਖ-ਵੱਖ ਸਰਕਾਰੀ ਤੇ ਨਿੱਜੀ ਪਹਿਲੂ ਮਨਮਾਨੇ ਤਰੀਕੇ ਨਾਲ ਵਿਹਾਰ ਕਰਨ ਅਤੇ ਇਸ ਅਮਲ ’ਚ ਸਮੁੱਚਾ ਪੂੰਜੀਵਾਦੀ ਅਰਥਚਾਰਾ ਹੀ ਖਤਰੇ ’ਚ ਪਾ ਦੇਣ। ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਗਠਨ ਅੱਜ ਇਸ ਸਮਸਿਆ ਦਾ ਹੱਲ ਨਹੀਂ ਬਲਕਿ ਸਮੱਸਿਆ ਪੈਦਾ ਕਰਨ ਵਾਲੇ ਅਦਾਰੇ ਹਨ।

ਵਿਤੀ ਪੂੰਜੀ ਦਾ ਵਿਸ਼ਵੀ ਪੱਧਰ ’ਤੇ ਇਹ ਨਿਯਮੀਕਰਨ ਅੱਜ ਵਿਸ਼ਵੀਕ੍ਰਿਤ ਪੂੰਜੀਵਾਦ ਦੀ ਤਸਵੀਰ ਹੋਵੇਗਾ ਅਤੇ 1944 ਦੇ ਬ੍ਰਿਟੇਨ ਵੂਡਸ ਸਮਝੌਤੇ ਤੋਂ ਵੱਖ ਹੋਵੇਗਾ। ਇਸ ’ਚ ਅਮਰੀਕਾ ਦੀ ਉਹ ਭੂਮਿਕਾ ਨਹੀਂ ਹੋਣੀ ਜੋ ਬ੍ਰਿਟੇਨ ਵੂਡਸ ਵਿਵਸਥਾ ਸੀ। ਇਸ ’ਚ ਅਮਰੀਕਾ ਦੇ ਨਾਲ ਯੂਰਪੀ ਭਾਈਚਾਰੇ ਜਪਾਨ ਰੂਸ ਤੇ ਬ੍ਰਾਜੀਲ ਚੀਨ ਭਾਰਤ ਵਰਗੇ ਕਮਜ਼ੋਰ ਦੇਸ਼ਾਂ ਦੀ ਵੀ ਹਿੱਸੇਦਾਰੀ ਸੰਸਾਰਕ ਪੈਮਾਨੇ ’ਤੇ ਵਿਤੀ ਵਿਵਸਥਾ ਦਾ ਇਹ ਨਿਯਮੀਕਰਨ ਕਿਸ ਹੱਦ ਤੱਕ ਅਰਥਚਾਰਿਆਂ ’ਤੇ ਸਰਕਾਰਾਂ ਦੇ ਕੰਟਰੋਲ ਨੂੰ ਹੀ ਜਨਮ ਦੇਵੇਗਾ। ਉਸ ਦੇ ਨਾਲ ਮਜ਼ਦੂਰ ਮੇਹਨਤਕਸ਼ ਨੂੰ ਰਾਹਤ ਦੇਣ ਲਈ ਕੁਝ ਟੁਕੜੇ ਸੁੱਟੇ ਜਾਣਗੇ। ਦੱਖਣੀ ਅਮਰੀਕਾ ਦੀ ਲੂਸਾ-ਮੋਰਲੇਸ ਚਾਵੇਜ ਵਰਗੇ ਸੁਧਾਰ ਦੁਨੀਆਂ ਦੇ ਕਈ ਦੇਸ਼ਾਂ ’ਚ ਦੇਖਣ ਨੂੰ ਮਿਲ ਸਕਦੇ ਹਨ। ਪਰ ਇਹ ਸਾਰਾ ਕੁਝ ਵੀ ਵਿਸ਼ਵ ਪੂੰਜੀਵਾਦ ਨੂੰ ਫੌਰੀ ਰਾਹਤ ਹੀ ਪਹੁੰਚਾਵੇਗਾ। ਅੱਜ ਵਿਸ਼ਵ ਪੂੰਜੀਵਾਦ ਦੇ ਸੰਕਟ ਏਨੇ ਆਮ ਹੋ ਚੁੱਕੇ ਹਨ ਕਿ ਸੰਕਟ ਦੂਜੇ ਰੂਪ ’ਚ ਕੁਝ ਸਮੇਂ ਬਾਅਦ ਫਿਰ ਫੁੱਟ ਪਵੇਗਾ। ਪੂੰਜੀ ਦਾ ਅਤਿਭੇਕ ਫਿਰ ਆਪਣਾ ਕਮਾਲ ਵਿਖਾਵੇਗਾ। ਪਰ ਇਸ ਸਭ ਤਾਂ ਹੀ ਹੋਵੇਗਾ ਜਦ ਪੂੰਜੀਪਤੀ ਜਮਾਤ ਮੌਜੂਦਾ ਸੰਕਟ ’ਚੋਂ ਉਭਰੇ। ਮੌਜੂਦਾ ਸੰਕਟ ਤੋਂ ਮੁਕਤੀ ਅਜੇ ਵੀ ਭਵਿੱਖ ’ਤੇ ਨਿਰਭਰ ਹੈ।

ਪਿਛਲੇ 15 ਮਹੀਨਿਆਂ ਤੋਂ ਇਹ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹੈ। ਹਰ ਦੋ ਤਿੰਨ ਮਹੀਨਿਆਂ ਬਾਅਦ ਤਿੱਖੇ ਝਟਕਿਆਂ ਦੇ ਨਾਲ ਇਹ ਹੋਰ ਵਧੀ ਜਾ ਰਿਹਾ ਹੈ। ਸਾਮਰਾਜੀਆਂ ਸਮੇਤ ਦੁਨੀਆਂ ਦੀ ਸਰਕਾਰੀ ਸਰਕਾਰਾਂ ਵਿਸ਼ਵ ਅਰਥਚਾਰੇ ਨੂੰ ਸੰਪੂਰਨ ਤਹਿਸ ਨਹਿਸ ਹੋਣ ਤੋਂ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਪਰ ਉਹ ਸਫਲ ਨਹੀਂ ਹੋ ਸਕੀਆਂ। ਇਸ ਦੌਰਾਨ ਪਿਛਲੇ ਤਿੰਨ ਦਹਾਕਿਆਂ ਦੇ ਉਦਾਰੀਕਰਨ ਨਿਜੀਕਰਨ ਵਿਸ਼ਵੀਕਰਨ ਦੀ ਮਾਰ ਨਾਲ ਬਦਹਾਲ ਮਜ਼ਦੂਰ ਮੇਹਨਤਕਸ਼ ਲੋਕਾਂ ਦੀ ਜ਼ਿੰਦਗੀ ਹੋਰ ਵੱਧ ਸੰਕਟ ਵੱਲ ਵਧ ਰਹੀ ਹੈ ਪੂਰੀ ਤਰ੍ਹਾਂ ਢਹਿ ਢੇਰੀ ਹੋਣ ਤੋਂ ਘੱਟ ਵਾਲਾ ਮੰਦਾ ਵੀ ਉਸ ਦੀ ਜਿੰਦਗੀ ਨੂੰ ਨਰਕ ਬਣਾ ਦੇਵੇਗਾ। ਪਰ ਇਹ ਮਜ਼ਦੂਰ ਮੇਹਨਤਕਸ਼ ਲੋਕ ਦੇ ਆਪਣੇ ਸਾਮਰਾਜੀ ਪੂੰਜੀਵਾਦ ਦੇ ਰਾਖਸ਼ੀ ਚੇਹਰੇ ਨੂੰ ਹੋਰ ਵੱਧ ਨੰਗਾ ਕਰਕੇ ਉਸ ਨੂੰ ਸੰਘਰਸ਼ ਬਗਾਵਤਾਂ ਤੇ ਇਨਕਲਾਬਾਂ ਵੱਲ ਹੀ ਧਕਣਗੇ। ਇਹ ਸੰਕਟ ਮਜ਼ਦੂਰ ਮੇਹਨਤਕਸ਼ ਜਨਤਾ ਲਈ ਅੰਦੋਲਨਾ ਬਗਾਵਤਾਂ ਦਾ ਮੌਕਾ ਵੀ ਮੁਹੱਈਆ ਕਰੇਗਾ।

# ਸੰਸਾਰ ਅਰਥਚਾਰੇ ਅਤੇ ਜੀ-20 ਬੈਠਕ

ਵਾਸ਼ਿੰਗਟਨ ’ਚ 15 ਨਵੰਬਰ ਨੂੰ ਜੀ–20 ਦੀ ਬੈਠਕ ’ਚ ਜਿਸ ਵਿੱਚ ਸੰਸਾਰ ਦੇ ਸਭ ਤੋਂ ਧਨੀ ਦੇਸ਼ਾਂ ਅਮਰੀਕਾ, ਜਪਾਨ, ਇੰਗਲੈਂਡ, ਫਰਾਂਸ, ਰੂਸ, ਜਰਮਨੀ ਆਦਿ ਤੋਂ ਇਲਾਵਾ ਭਾਰਤ, ਚੀਨ ਬ੍ਰਾਜੀਲ, ਦੱਖਣੀ ਅਫਰੀਕਾ, ਦੱਖਣੀ ਕੋਰੀਆ ਵਰਗੇ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਸੱਦਿਆ ਗਿਆ। ਅਮਰੀਕੀ ਰਾਸ਼ਟਰਪਤੀ ਬੁਸ਼ ਨੇ ਇਹ ਬੈਠਕ ਸੰਸਾਰ ਅਰਥਚਾਰੇ ’ਚ ਆਏ ਸੰਕਟ ਤੇ ਉਸਦੇ ਵੱਡੇ–ਵੱਡੇ ਬੈਂਕਾਂ ’ਤੇ ਵਿਤੀ ਸੰਸਥਾਵਾਂ ਦੇ ਦਿਵਾਲੀਏਪਣ ਨਾਲ ਸ਼ੁਰੂ ਹੋਈ ਇਸ ਆਰਥਿਕ ਸੁਨਾਮੀ ਨਾਲ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਭਾਰਤ ਤੇ ਚੀਨ ਸਮੇਤ ਵਿਕਾਸਸ਼ੀਲ ਦੇਸ਼ ਵੀ ਇਸ ਤੋਂ ਕਾਫੀ ਪ੍ਰਭਾਵਿਤ ਹੋਏ ਹਨ। ਭਾਰਤ ਦਾ ਸ਼ੇਅਰ ਬਾਜ਼ਾਰ ਜੋ ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ਾਂ ਦੀ ਸਟੇਬਾਜ ਪੂੰਜੀ ਦੀ ਵਜਾਹ ਨਾਲ ਚੜ ਕੇ 21000 ਦੇ ਸੂਚਕਾਂਕ ਚੜ੍ਹ ਗਿਆ ਸੀ, ਤਹਿਸ ਨਹਿਸ ਹੋ ਕੇ ਅੱਜ 8000 ਤੋਂ 10000 ਦੀ ਪੱਧਰ ’ਤੇ ਡੋਲ ਰਿਹਾ ਹੈ। ਅਮਰੀਕਾ ’ਚ ਲੱਖਾਂ ਲੋਕ ਆਪਣੀ ਨੌਕਰੀ ਗਵਾ ਚੁੱਕੇ ਹਨ। ਭਾਰਤ ’ਚ ਵੀ ਇਸ ਦੇ ਅਸਰ ਨਾਲ ਛਾਂਟੀਆਂ ਦੀ ਸਿਲਸਿਲਾ ਸ਼ੁਰੂ ਹੋ ਗਿਆ ਹੈ। ਟੈਲਕੋ ’ਚ ਲਗਭਗ ਪੰਜ ਦਿਨ ਪੈਦਾਵਾਰ ਬੰਦ ਰਹੀ ਤੇ ਉਥੋਂ ਹਜ਼ਾਰਾਂ ਕੱਚੇ ਕਾਮੇ ਕੰਮ ਤੋਂ ਕੱਢ ਦਿੱਤੇ ਗਏ। ਸੂਚਨਾ ਟੈਕ ਨੋਲੋਜੀ ’ਤੇ ਅਮਰੀਕੀ ਸੰਕਟ ਦੇ ਕਾਲੇ ਬੱਦਲ ਮੰਡਰਾ ਰਹੇ ਹਨ। ਲੱਖਾਂ ਲੋਕਾਂ ਦੀ ਗਾੜ੍ਹੀ ਕਮਾਈ ਦੇ 10 ਕਰੋੜ ਰੁਪਏ ਨਾਲ ਕੁਝ ਵੱਧ ਸ਼ੇਅਰ ਬਾਜ਼ਾਰ ਦੇ ਢੇਰੀ ਹੋਣ ਨਾਲ ਡੁੱਬ ਗਏ ਤੇ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਦੇ ਮੁਨਾਫੇ ’ਚ ਤਬਦੀਲ ਹੋ ਗਏ, ਇਸ ਤਰ੍ਹਾਂ ਆਪਣੇ ਆਰਥਿਕ ਸੰਕਟ ਨੂੰ ਹੱਲ ਕਰਨ ਲਈ ਵਿਦੇਸ਼ੀ ਸੰਸਥਾਗਤ ਪੂੰਜੀ ਨਿਵੇਸ਼ਕਾਂ ਨੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਤੋਂ ਮੁਨਾਫੇ ਵਜੋਂ ਆਪਣਾ ਧਨ ਕਮਾ ਕੇ ਆਪਣੇ ਦੇਸ਼ਾਂ ’ਚ ਲਾਇਆ ਹੈ। ਇਹ ਸਾਮਰਾਜੀ ਪੂੰਜੀ ਦੀ ਖੇਡ ਹੈ। ਜਿਸ ਨਾਲ ਵਿਕਾਸਸ਼ੀਲ ਦੇਸ਼ਾਂ ਦੀ ਅਰਥ ਵਿਵਸਥਾ ਤੇ ਉਥੋਂ ਦੀ ਜਨਤਾ ਨੂੰ ਲੁੱਟਿਆ ਜਾਂਦਾ ਹੈ। ਮੌਜੂਦਾ ਵਿਸ਼ਵੀ ਸੰਕਟ ਦੇ ਸਮੇਂ ਹੀ ਇਹੀ ਕੀਤਾ ਜਾ ਰਿਹਾ ਹੈ। ਘਰ ਇਸ ਵਿਸ਼ਾਲ ਸੰਕਟ ਦੇ ਦੌਰ ਵਿੱਚ ਅਮਰੀਕਾ ਸਮੇਤ ਸਾਰੇ ਵਿਕਸਤ ਪੂੰਜੀਵਾਦੀ ਸਾਮਰਾਜੀ ਦੇਸ਼ਾਂ ਦੀ ਮੇਹਨਤਕਸ਼ ਜਨਤਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਉਹਨਾਂ ਦੀਆਂ ਨੌਕਰੀਆਂ ਵੀ ਜਾਂ ਰਹੀਆਂ ਹਨ, ਉਹਨਾਂ ਦੀ ਜਮ੍ਹਾ ਪੂੰਜੀ ਵੀ ਡੁੱਬੀ ਹੈ। ਇਹ ਡੂੰਘਾ ਤੇ ਵਿਆਪਕ ਆਰਥਿਕ ਸੰਕਟ ਜਿਸ ਨਾਲ ਵਿਸ਼ਵ ਪੂੰਜੀਵਾਦ ਆਪਣੇ ਗੜ੍ਹ ਅਮਰੀਕਾ ’ਚ ਤਹਿਸ ਨਹਿਸ ਹੋਇਆ ਹੈ ਉਸ ਦੇ ਹੱਲ ਲਈ ਜੀ–ਅੱਠ ਦੇਸ਼ਾਂ ਦੀ ਬੈਠਕ ਨੇ ਜੋ ਕਾਰਜ ਯੋਜਨਾ (ਐਕਸ਼ਨ ਪਲਾਨ) ਬਣਾਇਆ ਹੈ, ਉਹ ਹਾਸੋਹੀਣਾ ਹੈ। ਉਹ ਕੈਂਸਰ ਦੀ ਬੀਮਾਰੀ ਦਾ ਇਲਾਜ ਕਰੋਸਿਨ ਦੀ ਗੋਲੀ ਨਾਲ ਕਰਨ ਵਰਗਾ ਹੈ। ਇਸ ਕਾਰਜ ਯੋਜਨਾ ਅਨੁਸਾਰ ਵਿਤੀ ਸੰਸਥਾਵਾਂ ਦੇ ਕ੍ਰੈਡਿਟ ਰੇਟਿੰਗ ਏਜੰਸੀ ਦੇ ਪੱਧਰ ਨੂੰ ਉੱਚਾ ਕੀਤਾ ਜਾਵੇਗਾ। ਅਕਾਊਂਟ ਤੇ ਵਿਤੀ ਐਲਾਨਾ ਦੀ ਵਿਵਸਥਾ ਦੀਆਂ ਕਮਜ਼ੋਰੀਆਂ ਨੂੰ ਦੂਰ ਕੀਤਾ ਜਾਵੇਗਾ। ਦੇਸ਼ ਦੇ ਵੱਖ–ਵੱਖ ਪ੍ਰਾਧਿਕਾਰਾਂ ਵਿਚਕਾਰ ਤਾਲਮੇਲ ਕਾਇਮ ਕੀਤਾ ਜਾਵੇਗਾ ਅਤੇ ਬੈਂਕਾਂ ਲਈ ਸੰਕਟ ਤੋਂ ਪਹਿਲਾਂ ਦੀ ਚੇਤਾਵਨੀ ਦੀ ਵਿਵਸਥਾ ਕੀਤੀ ਜਾਵੇਗੀ। ਨਾਲ ਹੀ ਇਹ ਵੀ ਸਹਿਮਤੀ ਹੋਈ ਕਿ ਆਈ. ਐਮ. ਐਫ. ਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ’ਚ ਭਾਰਤ ਸਮੇਤ ਹੋਰ

ਵਿਕਾਸਸ਼ੀਲ ਦੇਸ਼ਾਂ ਦੇ ਅਧਿਕਾਰਾਂ 'ਚ ਵਾਧਾ ਕੀਤਾ ਜਾਵੇਗਾ। ਪਹਿਲੀ ਵਾਰੀ ਅਮਰੀਕਾ ਤੇ ਹੋਰ ਵਿਕਸਤ ਦੇਸ਼ ਇਸ ਗੱਲ ਲਈ ਤਿਆਰ ਹੋਏ ਕਿ ਉਹਨਾਂ ਦੀਆਂ ਵਿਤੀ ਸੰਸਥਾਵਾਂ 'ਤੇ ਸਰਕਾਰੀ ਕੰਮਕਾਜਾਂ (ਆਰਥਿਕ) ਦੀ ਸਮੀਖਿਆ ਕੌਮਾਂਤਰੀ ਵਿਤੀ ਸੰਸਥਾਵਾਂ ਕਰਨਗੀਆਂ।

ਪਰ ਕੀ ਇਸ ਵਿਵਸਥਾ ਦੇ ਕਰਨ ਨਾਲ ਭਵਿੱਖ 'ਚ ਇਸ ਤਰ੍ਹਾਂ ਦੇ ਆਰਥਿਕ ਸੰਕਟ ਤੋਂ ਬਚਾਅ ਹੋ ਸਕਣਾ ਸੰਭਵ ਹੋਵੇਗਾ? ਉਪਰੋਕਿਤ ਕਾਰਜ ਯੋਜਨਾ ਇਸ ਸੰਕਟ ਦੇ ਕਾਰਨਾ ਦੀ ਸਤਈ ਤੇ ਫੌਰੀ ਸਮਝ ਦੀ ਹੀ ਉਪਜ ਹੈ। ਇਹਨਾਂ ਦੇਸ਼ਾਂ ਦੇ ਨੇਤਾਵਾਂ ਅਨੁਸਾਰ ਇਹ ਸੰਕਟ ਇਸ ਲਈ ਆਇਆ ਕਿਉਂਕਿ ਬੈਂਕਾਂ ਤੇ ਵਿਤੀ ਸੰਸਥਾਵਾਂ ਨੇ ਕਰਜ਼ਾ ਦੇਣ 'ਚ ਲਾਹਪ੍ਰਵਾਹੀ ਕੀਤੀ ਅਤੇ ਆਰਥਿਕ ਲੇਖੇ ਜੋਖੇ ਦਾ ਪੱਧਰ ਠੀਕ ਨਹੀਂ ਸੀ। ਜਦਕਿ ਇਸ ਸੰਕਟ ਦਾ ਅਸਲੀਕਰਨ ਪੂੰਜੀ ਦੇ ਸੰਕਟ ਕਿਰਦਾਰ 'ਚ ਸਮੋਇਆ ਹੋਇਆ ਹੈ। ਸਾਮਰਾਜਵਾਦ ਨੇ ਪੂਰੀ ਦੁਨੀਆਂ ਦੇ ਲੋਕਾਂ ਦੇ ਕੁਦਰਤੀ ਸਾਧਨਾ ਦੀ ਲੁੱਟ ਨਾਲ ਇਹਨਾਂ ਬੇਸ਼ੁਆਰ ਧਨ ਜਮ੍ਹਾ ਕਰ ਲਿਆ ਕਿ ਇਸ ਧਨ ਦਾ ਬਹੁਤਾ ਹਿੱਸਾ ਉਹ ਸੱਟੇਬਾਜ਼ੀ 'ਚ ਵਰਤਣ ਲੱਗਿਆ ਹੈ। ਸੱਟੇਬਾਜ਼ੀ 'ਚ ਜੋਖਿਮ (ਰਿਸਕ) ਤਾਂ ਹੁੰਦਾ ਹੀ ਹੈ। ਇਹ ਪੂੰਜੀ ਦਾ ਉਹੀ ਰੁਝਾਣ ਹੈ ਜੋ ਸ਼ੁਰੂਆਤੀ 'ਚ ਘੋੜਿਆਂ 'ਤੇ ਜਾਂ ਕ੍ਰਿਕਟ ਮੈਚ 'ਤੇ ਸੱਟੇਬਾਜ਼ੀ 'ਚ ਪਹਿਲਾਂ ਹੁੰਦਾ ਹੈ ਸਾਡੇ ਇਥੇ ਦਿਵਾਲੀ 'ਚ ਸੇਠ ਸ਼ਾਹੂਕਾਰ ਕਰੋੜਾਂ ਅਰਬਾਂ ਰੁਪਏ ਦਾ ਜੂਆ ਖੇਡ ਜਾਂਦੇ ਹਨ। ਉਥੇ ਦੂਜੇ ਪਾਸੇ ਹੋਰ ਕਰੋੜਾਂ ਲੋਕਾਂ ਕੋਲ ਖਾਣੇ ਲਈ ਪੈਸਾ ਤੱਕ ਨਹੀਂ ਹੈ।

ਸਾਮਰਾਜਵਾਦ ਦੇ ਇਸ ਰੁਝਾਣ ਦੇ ਕਾਰਨ ਲੈਨਿਨ ਨੇ ਇਸ ਨੂੰ ਮਰਨਕੰਢੇ ਪੂੰਜੀਵਾਦੀ ਦਾ ਨਾਂ ਦਿੱਤਾ ਸੀ। ਇਕ ਪਾਸੇ ਬੁਸ਼ ਵਰਗੇ ਸਾਮਰਾਜੀ ਨੇਤਾ ਵਿਸ਼ਵੀਕਰਨ ਦੇ ਨਾਂ 'ਤੇ ਵਿਸ਼ਵ ਪੱਧਰ 'ਤੇ ਸ਼ੇਅਰ ਬਾਜ਼ਾਰ ਸਮੇਤ ਹੋਰ ਉਪਾਵਾਂ ਨਾਲ ਸੱਟੇਬਾਜ਼ੀ ਅਤੇ ਬਗੈਰ ਪੈਦਾਵਾਰ ਮੁਨਾਫਾਖੋਰੀ ਦੀ ਵਕਾਲਤ ਕਰਦੇ ਹਨ ਤਾਂ ਉਹ ਜਦ ਸੱਟੇਬਾਜੀ ਦਾ ਬੁਲਬੁਲਾ ਫੁੱਟ ਜਾਂਦਾ ਹੈ ਤਾਂ ਮਗਰਮੱਛ ਤੇ ਹੰਝੂ ਵਹਾਉਂਦੇ ਵੱਧ ਸਾਵਧਾਨੀ ਤੇ ਸਰਕਾਰੀ ਕੰਟਰੋਲ ਦੀ ਗੱਲ ਕਰਦੇ ਹਨ। ਹਕੀਕਤ ਬੜੀ ਕੌੜੀ ਹੈ। ਆਰਥਿਕ 'ਵਿਕਾਸ' ਦੇ ਸਮੇਂ ਵੀ ਵਿਸ਼ਵੀਕਰਨ ਨਿੱਜੀਕਰਨ ਤੇ ਉਦਾਰੀਕਰਨ ਦੀ ਵਿਵਸਥਾ 'ਚ ਅਮਰੀਕਾ ਸਮੇਤ ਸਾਰੇ ਸਾਮਰਾਜੀ ਦੇਸ਼ਾਂ ਦੇ ਪੂੰਜੀਪਤੀਆਂ ਨੇ ਬੇਥਾਹ ਧਨ ਕਮਾਇਆ ਅਤੇ ਅੱਜ ਉਸ ਵਿਸ਼ਵ ਅਰਥਚਾਰੇ ਦਾ ਦਿਵਾਲਾ ਨਿਕਲ ਗਿਆ ਹੈ। ਤਦ ਵੀ ਇਹਨਾਂ ਪੂੰਜੀਪਤੀਆਂ ਨੂੰ ਸਰਕਾਰੀ (ਜਨਤਾ ਦੇ) ਧਨ ਦੇ ਕੇ ਇਸ ਵਿਵਸਥਾ ਨੂੰ ਬਚਾਉਣ ਦੀ ਕਸਰਤ ਕੀਤੀ ਜਾ ਰਹੀ ਹੈ। ਅੱਜ ਪੂਰੀ ਦੁਨੀਆਂ 'ਚ ਕਰੀਬ 40000 ਅਰਬ ਡਾਲਰ ਸਰਕਾਰੀ ਪੂੰਜੀ ਲਾ ਕੇ ਜਾਂ ਖਰਚ ਕਰਕੇ ਸਾਮਰਾਜੀ ਪ੍ਰਬੰਧ ਨੂੰ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਧਨ ਨੂੰ ਜੇ ਲੋਕਾਂ ਦੇ ਕਲਿਆਣ 'ਤੇ ਖਰਚ ਕੀਤਾ ਜਾਵੇ ਤਾਂ ਪੂਰੀ ਦੁਨੀਆਂ ਤੋਂ ਗਰੀਬੀ ਬੇਰੁਜ਼ਗਾਰੀ ਤੇ ਮੰਦਹਾਲੀ ਨੂੰ ਮਿਟਾਇਆ ਜਾ ਸਕਦਾ ਹੈ। ਪਰ ਸਾਮਰਾਜੀ ਸ਼ਕਤੀਆਂ ਅਜਿਹਾ ਨਹੀਂ ਹੋਣ ਦੇਣਗੀਆਂ ਪਰ ਇਹਨਾਂ ਦੇ 'ਉਪਾਵਾਂ' ਨਾਲ ਵਰਤਮਾਨ ਸੰਕਟ ਨੂੰ ਸਿਰਫ ਕੁਝ ਸਮੇਂ ਲਈ ਟਾਲਿਆ ਹੀ ਜਾ ਸਕਦਾ ਹੈ। ਮਿਟਾਇਆ ਨਹੀਂ ਜਾ ਸਕਦਾ। ਇਸ ਦਾ ਅਸਥਾਈ ਹੱਲ ਪੂੰਜੀ ਦੇ ਕਿਰਦਾਰ ਨੂੰ ਬਦਲ ਕੇ ਹੀ ਕੀਤਾ ਜਾ ਸਕਦਾ ਹੈ। ਜੋ ਸਾਮਰਾਜ ਦੇ ਢਹਿ ਢੇਰੀ ਹੋਣ ਤੇ ਸਮਾਜਵਾਦ ਦੇ ਜਿੱਤਣ ਨਾਲ ਹੀ ਸੰਭਵ ਹੋਵੇਗਾ।

# ਸਾਮਰਾਜੀ ਬੁਲਬੁਲਾ ਫਟਨ ਦੇ ਸਿੱਟੇ

ਵਿਤੀ ਬਜ਼ਾਰਾਂ ਦੇ ਸਟੋਰਿਓ, ਮੁਨਾਫੇ ਖੋਰਾਂ ਵਲੋਂ ਪਿਛਲੇ 30 ਸਾਲਾਂ ਤੋਂ ਪੂੰਜੀ-ਬਾਜ਼ਾਰ ਦਾ ਬੇਲਗਾਮ ਰਾਜ ਚਲਾਇਆ ਜਾ ਰਿਹਾ ਸੀ। ਅੱਜ ਇਹ ਆਖਿਰਕਾਰ ਵਿਸਫੋਟ ਵਜੋਂ ਜਾਹਰ ਹੋਇਆ ਉਨੀਵੀਂ ਸਦੀ ਦੇ ਸ਼ੁਰੂ 'ਚ ਜਾਲਮ ਪੂੰਜੀਵਾਦੀ ਪ੍ਰਬੰਧ 'ਚ ਜੋ ਸੰਕਟ ਵੇਖਿਆ ਗਿਆ ਸੀ, ਇਸ ਵਾਰੀ ਦਾ ਸੰਕਟ ਉਸ ਤੋਂ 100 ਗੁਣਾ ਵੱਧ ਗੰਭੀਰ ਹੈ। ਉਸ ਸਮੇਂ ਪੂੰਜੀਵਾਦੀ ਵਿਵਸਥਾ ਦੇ ਸੰਕਟ ਦੀ ਰਾਫਲ ਇਮਰਸਨ ਨੇ ਨਿਮਨ ਸ਼ਬਦਾਂ 'ਚ ਵਿਆਖਿਆ ਕੀਤੀ ਸੀ।

"ਸਮਾਜ ਨੇ ਆਪਣਾ ਦਾਅ ਚੱਲਿਆ ਹੈ। ਇਸ ਨੇ ਸ਼ਾਹ-ਮਾਤ ਦਿੱਤੀ ਹੈ। ਨੌਜਵਾਨ ਪੀੜੀ ਲਈ ਕੋਈ ਉਮੀਦ ਨਹੀਂ ਬਚੀ ਹੈ। ਬਾਲਗ ਦਿਹਾੜੀ ਮਜ਼ਦੂਰਾਂ ਵਜੋਂ ਸੜਕਾਂ 'ਤੇ ਵਿਹਲੇ ਬੈਠੇ ਰਹਿੰਦੇ ਹਨ। ਕੋਈ ਉਹਨਾਂ ਨੂੰ ਕੰਮ 'ਤੇ ਨਹੀਂ ਬੁਲਾਉਂਦਾ ਹੈ। ਬੁੱਢੇ ਆਪਣੇ ਕਰੜ ਬਰੜੇ ਵਾਲਾਂ 'ਤੇ ਗਰਮਜੋਸ਼ੀ ਭਰੇ ਜੀਵਨ ਦਾ ਤਾਜ ਨਹੀਂ ਪਹਿਨਦੇ ਹਨ। ਮੌਜੂਦਾ ਪੀੜੀ ਜਾਇਦਾਦ ਦੇ ਨਾਲ-ਨਾਲ ਸਿਧਾਂਤ ਤੇ ਇੱਛਾਵਾਂ ਤੋਂ ਮਹਿਰੂਮ ਹੋ ਗਈ ਹੈ।"

ਇਸ ਸੰਕਟ ਗ੍ਰਥ ਪੂੰਜੀਵਾਦੀ ਵਿਵਸਥਾ ਨੇ 'ਕਮਿਊਨਿਸਟ ਲੀਗ ਤੇ ਕਮਿਊਨਿਸਟ ਮੈਨੀਫੈਸਟੋ' ਨੂੰ ਜਨਮ ਦਿੱਤਾ ਸੀ ਕਿ ਇਸ ਦੀ ਵਜਾਹ ਪੈਦਾਵਾਰ ਦੇ ਸਮਾਜੀਕਰਨ ਤੇ ਵਸਤਾਂ ਦੀ ਨਿਜੀ ਮਾਲਕੀ ਵਿਚਕਾਰ ਲਗਾਤਾਰ ਤਿੱਖਾ ਹੁੰਦਾ ਅੰਤਰਵਿਰੋਧ ਹੈ। ਕੌਮਾਂਤਰੀ ਮੁਦਰਾ ਕੋਸ਼ ਦੇ ਬੁਲਾਰੇ ਅਨੁਸਾਰ ਮੌਜੂਦਾ ਸੰਕਟ 1929 ਦੇ ਮਹਾਂਮੰਦੇ ਤੋਂ ਕਿਥੇ ਵੱਧ ਗੰਭੀਰ ਹੈ। ਤਦ ਸੰਕਟ 'ਤੇ ਕਾਬੂ ਪਾਉਣ ਲਈ ਪੂੰਜੀਵਾਦੀ ਅਰਥਸ਼ਾਸਤਰੀ ਕੀਨਸ ਦੇ ਸਿਧਾਤਾਂ ਅਨੁਸਾਰ ਕਲਿਆਣਕਾਰੀ ਰਾਜ ਦੀ ਧਾਰਨਾ 'ਤੇ ਅਮਲ ਕੀਤਾ ਗਿਆ ਸੀ ਤੇ ਅਰਥਚਾਰੇ 'ਚ ਸਟੇਟ ਦੀ ਦਖਲਅੰਦਾਜੀ ਰਾਜਕੀ ਨਿਵੇਸ਼ ਦੀ ਨੀਤੀ ਅਪਣਾਈ ਗਈ ਸੀ। ਪਰ ਇਸ ਨਾਲ ਵੀ ਸੰਕਟ ਹੱਲ ਨਹੀਂ ਸੀ ਹੋਇਆ ਕਿਉਂਕਿ ਇਹ ਪੂੰਜੀਵਾਦੀ ਸਾਮਰਾਜੀ ਵਿਵਸਥਾ ਦਾ ਜਮਾਂਦਰੂ ਲੱਛਣ ਹੈ। ਇਸ ਲਈ ਅੱਜ ਇਹ ਕੀਂਸਵਾਦ ਫਿਰ ਤੋਂ ਨਵੇਂ ਰੂਪ 'ਚ ਲਾਗੂ ਕੀਤਾ ਜਾ ਰਿਹਾ ਹੈ। ਪਰ ਸੰਕਟ ਦਾ ਹੱਲ ਫੇਰ ਨਹੀਂ ਹੋਣਾ। 13 ਸਤੰਬਰ 2008 ਨੂੰ ਅਮਰੀਕਾ 'ਚ ਵਿਤੀ ਬੁਲਬੁਲਾ ਫਟਨਾ ਸ਼ੁਰੂ ਹੋਇਆ ਤਾਂ ਇਸ ਅਸਰ ਪੂਰੀ ਦੁਨੀਆਂ 'ਚ ਮਹਿਸੂਸ ਕੀਤਾ ਗਿਆ। ਅਮਰੀਕਾ 'ਚ ਮੁਨਾਫੇ ਦੇ ਲੁਟੇਰਿਆਂ ਨੂੰ ਸੱਟੇਬਾਜੀ ਦੇ ਸੰਕਟ ਤੋਂ ਬਾਹਰ ਲਿਆਉਣ ਲਈ ਪਹਿਲੇ 700 ਬਿਲੀਅਨ ਡਾਲਰ ਦੇ ਜਮਾਨਤ ਪੈਕੇਜ ਦਾ ਐਲਾਨ ਕੀਤਾ ਗਿਆ ਹੁਣ ਇਹ ਅਨੁਮਾਨ ਲਾਇਆ ਜਾ ਰਿਹਾ ਹੈ ਕਿ ਇਹਾਂ ਸੱਟੇਬਾਜ਼ ਪ੍ਰਜੀਵੀ ਵਿਤੀ ਸਰਗਣਿਆਂ ਨੂੰ ਜਮਾਨਤ 'ਤੇ ਸੰਕਟ ਤੋਂ ਬਾਹਰ ਲਿਆਉਣ ਲਈ ਸਰਕਾਰੀ ਖਜਾਨੇ ਤੋਂ 2.5 ਟ੍ਰਿਲੀਅਨ ਡਾਲਰ ਜਾਂ ਉਸ ਤੋਂ ਵੱਧ ਰਕਮ ਖਰਚ ਕਰਨੀ ਪਵੇਗੀ। ਲਗਭਗ ਏਨੀ ਹੀ ਰਾਸ਼ੀ ਹੋਰ ਸਾਮਰਾਜੀ ਦੇਸ਼ਾਂ ਦੇ ਵਿਤੀ ਬਾਜ਼ਾਰ 'ਚ ਵੀ ਪਾਉਣੀ ਪਊ ਤਾਂ ਕਿ ਉਸ ਦਾ ਸਾਹ ਚੱਲਦਾ ਰਹੇ। ਭਾਰਤ ਵਰਗੇ ਦੇਸ਼ਾਂ ਵਿੱਚ ਜਿਨਾਂ 'ਤੇ ਪਹਿਲਾਂ ਦਲਾਲਾਂ ਰਾਹੀਂ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਠੋਸ ਦਿੱਤੀਆਂ ਗਈਆਂ ਸਨ, ਹੁਣ ਵਿਤੀ ਤਾਣੇ ਬਾਣੇ 'ਚ ਚਾਲੂ ਰਾਸ਼ੀ ਨੂੰ ਵੀ ਜੋੜ ਲਿਆ ਜਾਵੇ

ਤਾਂ ਸੰਸਾਰ ਪੱਧਰ 'ਤੇ ਜਮਾਨਤ ਪੈਕੇਜ 5 ਟ੍ਰਿਲੀਅਨ ਡਾਲਰ ਦੋਂ ਵੱਧ ਹੋ ਜਾਵੇਗਾ। ਧਿਆਨ ਦੇਣ ਤੇ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਇਹਨਾਂ ਮੁਨਾਫਾਖੋਰਾਂ ਨੇ ਪਹਿਲਾਂ ਤਾਂ ਸੱਟੇਬਾਜੀ ਤੋਂ ਜਾਇਦਾਦ ਇਕੱਠੀ ਕੀਤੀ ਅਤੇ ਹੁਣ ਜਮਾਨਤ ਪੈਕੇਜ ਦੇ ਨਾਂ 'ਤੇ ਉਹਨਾਂ ਨੂੰ ਹੀ ਟੈਕਸ ਆਦਿ ਲਈ ਸਰਕਾਰੀ ਖਜਾਨੇ 'ਚ ਜਮ੍ਹਾ ਰਕਮ ਦਿੱਤੀ ਜਾ ਰਹੀ ਹੈ। ਜਿਹਨਾਂ ਨੂੰ ਜੇਲ੍ਹ ਵਿੱਚ ਹੋਣਾ ਚਾਹੀਦਾ ਸੀ ਲੋਕ ਵਿਰੋਧੀ ਸਰਕਾਰਾਂ ਉਹਨਾਂ ਨੂੰ ਜਮਾਨਤ ਦੇ ਰਹੀਆਂ ਹਨ। ਇਹਨਾਂ ਸਾਰੇ ਉਪਾਵਾਂ ਦੇ ਬਾਵਜੂਦ ਸਾਮਰਾਜੀ ਪ੍ਰਬੰਦ ਦਾ ਸੰਕਟ ਵੱਖ-ਵੱਖ ਰੂਪਾਂ 'ਚ ਖਤਰਨਾਕ ਢੰਗ ਨਾਲ ਪੂਰੀ ਦੁਨੀਆਂ ਨੂੰ ਆਪਣੀ ਮਾਰ ਹੇਠਾਂ ਲੈਂਦਾ ਜਾ ਰਿਹਾ ਹੈ।

ਇਹ ਅੰਦਾਜਾ ਲਾਇਆ ਗਿਆ ਹੈ ਕਿ ਇਸ ਗੰਭੀਰ ਆਰਥਿਕ ਮੰਦੇ ਦੀ ਵਜਾਹ ਕਾਰਨ ਤਕਰੀਬਨ ਦੋ ਕਰੋੜ ਲੋਕਾਂ ਦੀ ਨੌਕਰੀ ਖੁੱਸ ਸਕਦੀ ਹੈ। ਕਿਉਂਕਿ ਜਮਾਨਤ ਰਾਸ਼ੀ ਸਟੀਰੀਓ ਲਈ ਹੈ, ਮਜਦੂਰ ਜਮਾਤ, ਮੇਹਨਤਕਸ਼ ਜਾਂ ਪੀੜਤ ਲੋਕਾਂ ਲਈ ਨਹੀਂ ਹੈ। ਇਸ ਲਈ ਬੇਰੁਜ਼ਗਾਰੀ ਦੇ ਨਾਲ ਨਾਲ ਗਰੀਬੀ ਦੀ ਵਧੇਗੀ ਲੋਕ ਬੇਘਰ ਹੋਣਗੇ। ਸਿਖਿਆ ਤੇ ਸਿਹਤ ਵਰਗੇ ਕਲਿਆਣਕਾਰੀ ਕੰਮਾਂ ਤੋਂ ਉਹ ਵਾਂਝੇ ਹੋ ਜਾਣਗੇ। ਸੰਕਟ ਦੇ ਮਾੜੇ ਪ੍ਰਭਾਵ ਬਹੁਤ ਭਿਅੰਕਰ ਹੋਣਗੇ। ਪੂਰੀ ਦੁਨੀਆਂ 'ਚ ਸ਼ੇਅਰ ਬਾਜ਼ਾਰ ਮੂਧੇ ਮੂੰਹ ਡਿੱਗ ਰਿਹਾ ਹੈ। ਵਿਦੇਸ਼ੀ ਸੰਸਥਾਗਤ ਨਿਵੇਸ਼ਕ ਸ਼ੇਅਰ ਬਾਜ਼ਾਰ ਤੋਂ ਆਪਣਾ ਪੈਸਾ ਕੱਢ ਰਹੇ ਹਨ ਅਤੇ ਉਸ ਨੂੰ ਡਾਲਰ 'ਚ ਤਬਦੀਲ ਕਰ ਰਹੇ ਹਨ। ਇਸ ਨਾਲ ਹੋਰ ਮੁਦਰਾਵਾਂ ਦੀ ਕਦਰ ਘਟਾਈ ਹੋ ਰਹੀ ਹੈ। ਦੁਨੀਆਂ ਦੇ ਮੋਹਰੀ ਅਰਥਚਾਰਿਆਂ 'ਚ ਮੰਦਾ ਸ਼ੁਰੂ ਹੋ ਗਿਆ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਬੈਰਾਕ ਓਬਾਮਾ ਨੇ ਚੋਣ ਪ੍ਰਚਾਰ ਸਮੇਂ ਹੀ ਐਲਾਨ ਕੀਤਾ ਸੀ ਕਿ ਉਹ ਅਮਰੀਕਾ 'ਚ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਦੇ ਲਈ ਆਊਟ ਸੋਰਸਿੰਗ 'ਚ ਕਟੌਤੀ ਕਰਨਗੇ। ਇਸ ਨਾਲ ਸੰਸਾਰ ਪੱਧਰ 'ਤੇ ਵਿਕਾਸ ਦੀ ਦਰ ਹੋਰ ਘੱਟ ਹੋ ਜਾਵੇਗੀ। ਸੂਚਨਾ ਟੈਕਨਾਲੋਜੀ (ਆਈ. ਟੀ.) ਜਮੀਨੀ ਤਬਾਦਲਾ ਉਦਯੋਗ ਤੇ ਬਰਾਮਦ ਅਧਾਰਤ ਉਦਯੋਗ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਭਾਰਤੀ ਦੀ ਇੱਕ ਮੁੱਖ ਸੂਚਨਾ ਤਕਨਾਲੋਜੀ ਕੰਪਨੀ ਇੰਫੋਸਿਸ ਨੇ ਆਪਣੇ ਇਕ ਲੱਖ ਕੰਪਿਊਟਰ ਇੰਜਨੀਅਰਾਂ ਤੇ ਕਰਮਚਾਰੀਆਂ ਨੂੰ ਕਿਹਾ ਹੈ ਕਿ ਉਹ ਅੱਧੀ ਤਨਖਾਹ ਲੈਣ ਜਾਂ ਘਰ ਬੈਠ ਜਾਣ।

ਇਸ ਹਾਲਤ 'ਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਮਜ਼ਬੂਰ ਹੋ ਕੇ ਸਹੀ, ਇਹ ਕਹਿਣ ਲਈ ਮਜ਼ਬੂਰ ਹੋਏ ਹਨ ਕਿ ਸੰਕਟ ਦਾ ਭਾਰਤੀ ਅਰਥਚਾਰੇ 'ਤੇ ਅਸਰ ਦਰਦ ਨਾਇਕ ਹੋਵੇਗਾ। ਦਲਾਲ ਸਟਰੀਟ (ਬੰਬੇ ਸ਼ੇਅਰ ਬਾਜ਼ਾਰ) 'ਚ ਸ਼ੇਅਰਾਂ ਦੇ ਭਾਅ 8000 ਅੰਕਾਂ ਤਕ ਹੇਠਾਂ ਡਿੱਗੇ ਪਏ। ਪਹਿਲਾਂ 10-11 ਫੀਸਦੀ ਵਿਕਾਸ ਦਰ ਦਾ ਦਾਅਵਾ ਕੀਤਾ ਜਾਂਦਾ ਸੀ ਅੱਜ ਰਿਜ਼ਰਵ ਬੈਂਕ ਦੇ ਮੁਖੀ 7.8 ਫੀਸਦੀ ਵਿਕਾਸ ਦਰ ਦੀ ਗੱਲ ਕਰ ਰਹੇ ਹਨ। ਇਹ ਵੀ ਧੋਖਾਧੜੀ ਹੀ ਹੈ। ਇਸ ਦੀ ਸੰਭਾਵਨਾ ਅਸਲ 'ਚ ਬਹੁਤ ਘੱਟ ਹੈ। ਆਈ. ਸੀ. ਆਈ. ਵਰਗੀ ਸੇਟੇਬਾਜ ਸੰਸਥਾ ਨੂੰ ਬੇਲਆਊਟ ਕਰਨ ਦਾ ਐਲਾਨ ਵਿਤੀ ਵਿਵਸਥਾ ਨੂੰ ਬਚਾਅ ਨਹੀਂ ਸਕਦਾ ਹੈ। ਇਸ ਤਰ੍ਹਾਂ ਯੂ. ਪੀ. ਏ. ਸਰਕਾਰ ਨੇ ਕੌਮਾਂਤਰੀ ਬਾਜ਼ਾਰ 'ਚ ਪੈਟਰੋਲੀਅਮ ਤੇਲ ਦੀ ਕੀਮਤ ਵਧਾਉਣ ਦੇ ਨਾਂ 'ਤੇ ਕਈ ਵਾਰੀ ਪੈਟਰੋਲੀਅਮ ਵਸਤਾਂ ਦੀਆਂ ਕੀਮਤਾਂ ਨੂੰ ਵਧਾਇਆ ਹੈ। ਪਰ ਅੱਜ ਕੌਮਾਂਤਰੀ ਬਾਜ਼ਾਰ 'ਚ ਇਸ ਦੇ ਭਅ 147 ਡਾਲਰ ਪ੍ਰਤੀ ਬੈਰਲ ਤੋਂ ਘੱਟ ਕੇ 62 ਡਾਲਰ

ਪ੍ਰਤੀ ਬੈਰਲ ਤਕ ਆ ਗਏ ਹਨ ਪਰ ਸਰਕਾਰ ਕੀਮਤਾਂ ਘਟਾਉਣ ਲਈ ਅੜੀ ਨਹੀਂ ਹੈ। ਇਸ ਨਾਲ ਆਮ ਲੋਕਾਂ ਨੂੰ ਕੋਈ ਰਾਹਤ ਨਹੀਂ ਮਿਲ ਪਾ ਰਹੀ ਹੈ। ਅੱਜ ਵੀ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਫਿਰ ਵੀ ਮਨਮੋਹਨ ਚਿਤੰਬਰਮ ਜੋੜੀ ਇਹਨੀਂ ਦਿਨੀਂ ਚੋਣਾਂ ਕਾਰਨ ਲੋਕਾਂ ਨੂੰ ਭਰਮ 'ਚ ਰੱਖਣ ਲਈ ਚਿਹਰੇ ਉਪਰ ਬਣਾਉਟੀ ਮੁਸਕਰਾਹਟ ਬਣਾ ਕੇ ਰੱਖੀ ਹੋਈ ਹੈ। ਸੰਕਟ ਹੋਰ ਗੰਭੀਰ ਹੋ ਜਾਵੇਗਾ। ਪਰ ਸਰਕਾਰ ਵਿਸ਼ਵੀਕਰਨ ਨੂੰ ਭੰਗ ਕਰਨ ਦੀ ਮੰਗ ਨਹੀਂ ਕਰ ਰਹੀ ਅਤੇ ਕੋਈ ਵੀ ਪਾਰਟੀ ਇਕ ਸਵੈ-ਨਿਰਭਰ ਆਰਥਿਕ ਨੀਤੀ ਦੇ ਪੱਖ ਵਿੱਚ ਨਹੀਂ ਹੈ। ਬੁਲਬੁਲੇ ਫਟਨ ਤੇ ਇਸ ਦੇ ਮਾੜੇ ਅਸਰਾਂ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਸਾਮਰਾਜਵਾਦੀ ਤੇ ਖੇਤੀਬਾੜੀ ਹਕੂਮਤ ਨੂੰ ਉਲਟਾਉਣ ਲਈ ਇਨਕਲਾਬੀ ਤਾਕਤਾਂ ਨੂੰ ਪਹਿਲ ਕਰਨੀ ਪੈਣੀ ਹੈ। ਲੋਕਾਂ, ਜਮਹੂਰੀ ਤੇ ਦੇਸ਼ ਭਗਤਾਂ ਤਾਕਤਾਂ ਦਾ ਦੇਸ਼ ਵਿਆਪੀ ਮੋਰਚਾ ਬਣਾਉਣਾ ਹੋਵੇਗਾ।

# ਜੀਨੇਟਿਕਲ ਮਾਡੀਫਾਇਡ ਵਸਤਾਂ

ਕੇਂਦਰ ਸਰਕਾਰ ਜੀਨੇਟਿਕਲੀ ਮਾਡੀਫਾਇਡ ਵਸਤਾਂ ਨੂੰ ਨਿਯਮਤ ਕਰਨ ਲਈ ਸੰਸਦ 'ਚ ਬਿੱਲ ਲਿਆਉਣ ਦੀ ਤਿਆਰੀ ਵਿਚ ਹੈ। ਇਸ ਦਾ ਮਸੌਦਾ ਤਿਆਰ ਹੋ ਗਿਆ ਹੈ। ਅਤੇ ਸੰਸਦ ਦੇ ਆਉਣ ਵਾਲੇ ਸੈਸ਼ਨ ਵਿਚ ਇਸ ਨੂੰ ਪੇਸ਼ ਕੀਤੇ ਜਾਣ ਦੀ ਬੇਹੰਦ ਸੰਭਾਵਨਾ ਹੈ। ਰਾਸ਼ਟਰੀ ਜੈਵ ਤਕਨਾਲੋਜੀ ਨਿਆਮਕ ਬਿੱਲ ਨਾਂ ਹੇਠ ਤਿਆਰ ਕੀਤੇ ਗਏ ਮਸੌਦੇ ਵਿਚ ਰਾਸ਼ਟਰੀ ਜੈਵੀ ਤਕਨਾਲੋਜੀ ਨਿਆਂਮਿਕ ਅਥਾਰਟੀ ਦੇ ਗਠਨ ਦੀ ਵੀ ਵਿਵਸਥਾ ਹੈ। ਇਸ ਅਥਾਰਟੀ ਰਾਹੀਂ ਦੇਸ਼ 'ਚ ਜੀਨ ਸੰਵਧ੍ਰਿਤ ਵਸਤਾਂ, ਜਿਹਨਾਂ ਵਿਚ ਪ੍ਰੋਸੈਸਡ ਫੂਡ, ਸਬਜੀਆਂ ਅਤੇ ਦਾਲ ਸਾਮਲ ਹੈ, ਨੂੰ ਬਜ਼ਾਰ 'ਚ ਲਿਆਂਦੇ ਜਾਣ ਦੀ ਗੱਲ ਹੈ। ਅਜੇ ਤੱਕ ਦੇਸ਼ 'ਚ ਜਨੇਟਿਕਲੀ ਮੋਡੀਫਾਇਡ ਖਾਣ ਵਾਲੇ ਪਦਾਰਥਾਂ ਦੀ ਵਿਕਰੀ ਦੀ ਇਜਾਜ਼ਤ ਨਹੀਂ ਹੈ। ਉਹਨਾਂ 'ਤੇ ਅਜੇ ਤਜ਼ਰਬੇ ਹੀ ਚਲ ਰਹੇ ਹਨ ਅਤੇ ਖੇਤੀ ਮੰਤਰਾਲੇ ਦੇ ਉਚ ਸੂਤਰਾਂ ਅਨੁਸਾਰ ਅਗਲੇ ਛੇ ਮਹੀਨਿਆਂ ਵਿਚ ਜਨੇਟਿਕਲੀ ਮਾਡੀਫਾਇਡ ਪਹਿਲੀ ਸਬਜ਼ੀ ਬਜ਼ਾਰ 'ਚ ਲਿਆਉਣ ਦੀ ਇਜਾਜ਼ਤ ਮਿਲਣ ਵਾਲੀ ਹੈ। ਇਹ ਸਬਜੀ ਹੈ ਬੈਂਗਨ। ਕੇਂਦਰ ਸਰਕਾਰ ਇਸ ਬਿਲ ਨੂੰ ਜਿਸ ਹਫੜਾ-ਤਫੜੀ 'ਚ ਪੇਸ਼ ਕਰਨ 'ਤੇ ਬਜ਼ਿਦ ਨਜ਼ਰ ਆ ਰਹੀ ਹੈ, ਉਸ ਦੀ ਵੱਡੀ ਵਜਾਹ ਜੀਨ ਮੋਡੀ ਫਾਇਡ ਖੇਤੀ 'ਚ ਲੱਗੀਆਂ ਬਹੁਕੌਮੀ ਕੰਪਨੀਆਂ ਦਾ ਦਬਾਅ ਵੀ ਹੈ ਜਿਹਨਾਂ ਨੇ ਵੱਡੇ ਪੈਮਾਨੇ 'ਤੇ ਆਪਣੀ ਪੂੰਜੀ ਵੀ ਲਾ ਰੱਖੀ ਹੈ।

ਇਸ ਪ੍ਰਸ਼ਤਾਵਿਤ ਬਿੱਲ ਦਾ ਕਿਸਾਨ ਜਥੇਬੰਦੀਆਂ 'ਤੇ ਹੋਰ ਸਮਾਜ ਸੇਵੀ ਸੰਸਥਾਵਾਂ ਸਖਤ ਵਿਰੁੱਧ ਕਰ ਰਹੀਆਂ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਦੇ ਪ੍ਰਸਤਾਵਾਂ 'ਚ ਦੇਸ਼ 'ਚ ਜੀਨ ਦੀ ਦੁਨੀਆਂ 'ਚ ਖਤਰਨਾਕ ਪ੍ਰਯੋਗ ਕਰਨ ਵਾਲੀਆਂ ਕੰਪਨੀਆਂ ਨੂੰ ਖੁੱਲੀ ਛੋਟ ਦਿੱਤੀ ਜਾ ਰਹੀ ਹੈ। ਇਹਨਾਂ ਵਿਵਸਥਾਵਾਂ 'ਤੇ ਚਰਚਾ ਕਰਨ ਤੋਂ ਪਹਿਲਾਂ ਜਰੂਰੀ ਹੈ ਜੀਨ ਮੋਡੀਫਾਇਡ ਖੇਤੀ ਤੇ ਉਸ ਦੀਆਂ ਵਸਤਾਂ ਬਾਰੇ ਜਾਨਣਾ। ਜੀਨ ਰਾਹੀਂ ਸੋਧੀਆਂ ਵਸਤਾਂ ਦਾ ਮਤਲਬ ਹੈ ਕਿਸੇ ਵਸਤ ਜਾਂ ਫਸਲ 'ਚ ਉਹ ਜੀਨ ਪਾਉਣਾ ਜੋ ਉਸ ਵਿਚ ਕੁਦਰਤੀ ਰੂਪ 'ਚ ਨਾ ਹੋਵੇ। ਖੇਤੀ ਦੇ ਪ੍ਰਸੰਗ 'ਚ ਇਸ ਦੀ ਵਰਤੋਂ ਜਾਂ ਤਾਂ ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਜਾਂ ਫਿਰ ਵੱਧ ਪੌਸ਼ਟਿਕ ਬਣਾਉਣ ਲਈ ਕੀਤੀ ਜਾਂਦੀ ਹੈ। ਮਿਸ਼ਾਲ ਵਜੋਂ ਅੱਜ ਦੇਸ਼ 'ਚ ਧਾਨ ਦੀ ਇਕ ਫਸਲ ਨੂੰ ਇਨਸਾਨ ਲਿਵਰ ਦੇ ਜੀਨ ਨਾਲ ਸੋਧਣ ਦਾ ਤਜ਼ਰਬਾ ਚਲ ਰਿਹਾ ਹੈ। ਅਜਿਹਾ ਕਰਕੇ ਉਸ ਨੂੰ ਵੱਧ ਪੌਸ਼ਟਿਕ ਬਣਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਦੇਸ਼ 'ਚ ਅਜੇ 13-14 ਕਿਸਮਾਂ ਦੀਆਂ ਫਸਲਾਂ ਨੂੰ ਜੀਨ ਰਾਹੀਂ ਸੋਧਣ ਦਾ ਕੰਮ ਤਜ਼ਰਬੇ ਦੇ ਆਖਰੀ ਪੜਾਅ ਵਿੱਚ ਹੈ। ਜਿਨ੍ਹਾਂ ਵਿੱਚ ਬੈਂਗਨ, ਭਿੰਡੀ, ਚਾਵਲ, ਅਰਹਰ ਦੀ ਦਾਲ, ਮੂੰਗਫਲੀ, ਪੱਤਾ ਗੋਭੀ, ਫੁੱਲ ਗੋਭੀ, ਟਮਾਟਰ ਆਦਿ ਮੁੱਖ ਹਨ। ਸਿਰਫ਼ ਭਾਰਤ ਹੀ ਨਹੀਂ ਦੁਨੀਆਂ ਭਰ 'ਚ ਜੀਨ ਰਾਹੀਂ ਸੋਧੀਆਂ ਫਸਲਾਂ ਤੇ ਵਸਤਾਂ ਝਮੇਲੇ ਦਾ ਵਿਸ਼ਾ ਰਹੀਆਂ ਹਨ ਅਤੇ ਉਹਨਾਂ ਨੂੰ ਵਾਤਾਵਰਨ ਤੇ ਸਿਹਤ ਦੀ ਦ੍ਰਿਸ਼ਟੀ ਤੋਂ ਖਤਰਨਾਕ ਸਮਝਿਆ ਜਾਂਦਾ ਹੈ। ਇਹੀ ਵਜਾਹ ਹੈ ਕਿ 180 ਦੇਸ਼ਾਂ 'ਚ ਜੀਨਾਂ ਰਾਹੀ ਸੋਧੀ ਖੇਤੀ ਜਾਂ ਵਸਤਾਂ 'ਤੇ ਪੂਰੀ ਤਰ੍ਹਾਂ ਰੋਕ ਹੈ। ਸੰਸਾਰ ਦੀ ਕੁਲ ਜੀਨ ਰਾਹੀਂ ਸੋਧੀ ਖੇਤੀ ਦੀ70-

75 ਫੀਸਦੀ ਦੁਨੀਆ ਦੇ ਚਾਰ ਦੇਸ਼ਾਂ ਅਮਰੀਕਾ ਕਨੇਡਾ ਬਾਜੀਲ ਤੇ ਅਰਜਨਟਾਈਨਾ ਵਿੱਚ ਹੁੰਦੀ ਹੈ। ਇਥੇ ਵੀ ਸਿਰਫ਼ ਚਾਰ ਫ਼ਸਲਾਂ ਵਿੱਚ-ਕਪਾਹ, ਸੋਆਬੀਨ, ਮੱਕੀ ਤੇ ਕੈਨੌਲਾ ਰੂੰ ਦੀ ਇਕ ਕਿਸਮ ਵਿੱਚ ਹੀ ਛੋਟ ਹੈ। ਇਹ ਵੀ ਸਭ ਦੀ ਵਰਤੋਂ 'ਚ ਕੰਮ ਆਉਂਦੀ ਹੈ। ਇਹਨਾਂ ਵਿਚੋਂ ਬਹੁਤਿਆਂ ਦੀ ਵਰਤੋਂ ਬਾਇਓਡੀਜ਼ਲ ਬਣਾਉਣ ਲਈ ਕੀਤੀ ਜਾ ਰਹੀ ਹੈ। ਅਤੇ ਕਈ ਹਿੱਸੇ ਜਾਨਵਰਾਂ ਦੇ ਚਾਰੇ ਵਜੋਂ ਖਪ ਜਾਦਾ ਹੈ। ਜਿਸ ਪੱਧਰ 'ਤੇ ਇਸ ਦੀ ਵਰਤੋਂ ਭਾਰਤ ਵਿੱਚ ਹੋ ਰਹੀ ਹੈ ਅਤੇ ਆਉਣ ਵਾਲੇ ਸਮੇਂ 'ਚ ਜਿਸ ਪੱਧਰ 'ਤੇ ਇਸਦੀ ਖਪਤ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਉਹੋ ਜਿਹੀ ਹੋਰ ਕਿਤੇ ਵੀ ਨਹੀਂ ਹੈ। ਸਭ ਤੋਂ ਵੱਡੀ ਦਿੱਕਤ ਇਹ ਹੈ ਕਿ ਇਹਨਾ ਸਾਰੀਆਂ ਫਸਲਾਂ ਤੇ ਵਸਤਾਂ ਦਾ ਕਿਤੇ ਵੀ ਟੈਸਟ ਨਹੀਂ ਹੋਇਆ ਹੈ। ਮੌਜੂਦਾ ਪ੍ਰਸਤਵਿਤ ਬਿੱਲ ਵਿੱਚ ਸਭ ਤੋਂ ਵੱਖ ਜਿਸ ਵਿਵਸਥਾ ਸਬੰਧੀ ਵਿਰੋਧ ਹੋ ਰਿਹਾ ਹੈ ਉਹ ਸਿੰਗਲ ਵਿੰਡੋ ਯਾਨੀ ਇਕ ਹੀ ਜਗਾਹ ਤੋਂ ਜੀਨ ਵਸਤਾਂ ਦੀ ਮੰਨਜ਼ੂਰੀ ਦੇਣ ਦਾ ਅਜਿਹਾ ਕਰਨ ਪਿਛੇ ਝਟਪਟ ਅਜਿਹੀਆਂ ਵਸਤਾਂ ਦੀ ਮੰਨਜ਼ੂਰੀ ਦੇ ਕੇ ਉਹਨਾਂ ਨੂੰ ਬਜਾਰ 'ਚ ਲਿਆਉਣ ਦੀ ਹਫੜਾ-ਤਫੜੀ ਨਜ਼ਰ ਆ ਰਹੀ ਹੈ। ਅਜਿਹਾ ਉਦੋਂ ਕੀਤਾ ਜਾ ਰਿਹਾ ਹੈ ਜਦ ਅਮਰੀਕਾ ਵਰਗੇ ਉਦਾਰਵਾਦੀ ਦੇਸ਼ਾਂ ਵਿੱਚ ਤਿੰਨ ਪੜਾਵਾਂ ਤੋ ਹੋ ਕੇ ਇਕ ਪ੍ਰਸਤਾਵ ਤਜਵੀਜ਼ ਮੰਨਜ਼ੂਰ ਹੁੰਦੀ ਹੈ। ਕੁਝ ਮਿਲਾ ਕੇ ਸਾਰੇ ਹੀ ਦੇਸ਼ਾਂ ਵਿੱਚ ਜਿੱਥੇ ਅਜਿਹੀ ਖੇਤੀ ਤੇ ਵਸਤਾਂ ਨੂੰ ਵਿਕਰੀ ਦੀ ਮੰਨਜ਼ੂਰੀ ਹੈ, ਉਥੇ ਕਰੜੀ ਕਾਨੂੰਨੀ ਵਿਵਸਥਾ ਹੈ। ਇਥੋਂ ਤੱਕ ਕਿ ਸਵਾਮੀਨਾਥਨ ਟਾਸਕ ਫੋਰਸ ਨੇ ਜਿਸ ਦ੍ਰਿਸ਼ਟੀਕੋਣ ਦੇ ਤਹਿਤ ਇਸ ਤਰ੍ਹਾਂ ਦੀ ਅਥਾਰਟੀ ਦਾ ਜ਼ਿਕਰ ਕੀਤਾ ਗਿਆ ਸੀ ਉਹ ਵੀ ਮਜੌਂਦਾ ਵਿਵਸਥਾ 'ਚ ਪੂਰੀ ਤਰ੍ਹਾਂ ਗਾਇਬ ਹੈ। ਇਸ ਟਾਸਕ ਫੋਰਸ ਦੀ ਮੰਨਸਾ ਸੀ ਕਿ ਵਾਤਾਵਰਣ ਦੀ ਰਾਖੀ ਕਿਸਾਨਾਂ ਦੀ ਰਾਖੀ ਤੇ ਖਪਤਕਾਰਾਂ ਦੀ ਸਿਹਤ ਦੀ ਰਾਖੀ ਦੀ ਗਰੰਟੀ ਜਰੂਰੀ ਹੈ। ਇਸ ਲਈ ਕਰੜੇ ਨਿਯਮ ਬਣਾਉਣ ਤੇ ਕਈ ਪੱਧਰਾਂ ਦੀ ਜਾਂਚ ਯੁਕਤ ਪ੍ਰਣਾਲੀ ਵਿਕਸਤ ਕਰਨ ਦੀ ਲੋੜ ਹੈ। ਇਹਨਾਂ ਸਾਰਿਆਂ ਗੱਲਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਪ੍ਰਸਤਾਵਿਤ ਬਿਲ ਨੇ ਖਾਲੀ ਇਸ ਗੱਲ 'ਤੇ ਜੋਰ ਦਿੱਤਾ ਹੈ ਕਿ ਕਿਸੇ ਵੀ ਤਰ੍ਹਾਂ ਨਾਲ ਇਕ ਹੀ ਜਗਾਹ ਤੋਂ ਜਲਦੀ ਤੋਂ ਜਲਦੀ ਜੀਨਾ ਰਾਹੀਂ ਸੋਧੀਆਂ ਵਸਤਾਂ ਦੀ ਮੰਨਜ਼ੂਰੀ ਮਿਲ ਜਾਵੇ। ਇਸ ਦੇ ਨਾਲ ਹੀ ਜੁੜਿਆਂ ਹੋਇਆਂ ਸੁਆਲ ਹੈ ਜੈਵ ਅੱਤਵਾਦ ਦਾ ਜੋ ਜੈਵ-ਤਕਨੀਕ ਦੀ ਵਰਤੋਂ ਕਰਕੇ ਵੱਧ ਫੁੱਲ ਸਕਦਾ ਹੈ। ਅਜਿਹੇ ਵਿਚ ਇਕ ਖਿੜਕੀ ਤੋਂ ਇਹਨਾਂ ਪ੍ਰਸਤਾਵਾਂ ਨੂੰ ਮੰਨਜ਼ੂਰੀ ਦੇਣਾ ਖਤਰਨਾਕ ਹੋ ਸਕਦਾ ਹੈ। ਇਸ ਬਾਰੇ ਲੰਬੇ ਸਮੇਂ ਤੋਂ ਖੇਤੀ ਖੇਤਰ ਵਿਚ ਵਿਗਿਆਨਕ ਖੋਜਾਂ ਨਾਲ ਜੁੜੀ ਕਵਿਤਾ ਕੁਰੂਗੰਟੀ ਨੇ ਦੱਸਿਆ ਇਸ ਸਮੇਂ ਜ਼ਰੂਰਤ ਅਜਿਹੇ ਕਾਨੂੰਨ ਦੀ ਹੈ, ਜੋ ਦੇਸ਼ ਦੀ ਜਨਤਾ ਨੂੰ ਗਿਨੀ ਪਿੱਗ ਵਿਗਿਆਨ ਪ੍ਰਯੋਗਾਂ ਲਈ ਵਰਤੇ ਜਾਣ ਵਾਲੇ ਚੂਹੇ ਬਣਾਉਣ ਤੋਂ ਬਚਾਉਣ। ਪਹਿਲਾਂ ਹੀ ਵੱਡੀ ਖਤਰਨਾਕ ਪੱਧਰ 'ਤੇ ਲੋਕਾਂ ਦੀ ਸਿਹਤ ਦੇ ਨਾਲ ਜੀਨ ਨਾਲ ਸੋਧੀਆਂ ਵਸਤਾਂ ਤੇ ਫਸਲਾਂ ਖਿਲਵਾੜ ਕਰ ਰਹੀਆਂ ਹਨ। ਇਸ ਸਮੇਂ ਕਿਸੇ ਨੂੰ ਪਤਾ ਨਹੀਂ ਕਿ ਦੇਸ਼ 'ਚ ਕਿੰਨੇ ਵੱਡੇ ਪੈਮਾਨੇ 'ਤੇ ਜੀਨ ਸੋਧਿਤ ਵਸਤਾਂ ਦਰਾਮਦ ਹੋ ਰਹੀਆਂ ਹਨ ਅਤੇ ਸ਼ਹਿਰੀ ਮੱਧਵਰਗ ਬਿਨ੍ਹਾਂ ਉਹਨਾਂ ਦਾ ਨੁਕਸਾਨ ਜਾਣੇ ਵਰਤੋਂ ਕਰ ਰਿਹਾ ਹੈ। ਕਿਉਂਕਿ ਉਸ ਲਈ ਵਿਦੇਸ਼ ਤੋਂ ਜੋ ਵੀ ਚੀਜ਼ ਆ ਰਹੀ ਹੈ। ਉਹ ਵਧੀਆ ਹੈ। ਜਰੂਰਤ ਇਸ ਗੱਲ ਦੀ ਹੈ ਕਿ ਇਸ ਤਰ੍ਹਾਂ ਦੀ ਜੋ ਅੰਨੀ ਛੋਟ ਵਿਦੇਸ਼ੀ ਵਸਤਾਂ

ਨੂੰ ਮਿਲੀ ਹੈ ਉਸ ਤੇ ਰੋਕ ਲੱਗੇ।

ਮਜੌਦਾ ਵਿਵਸਥਾਵਾਂ ਇਹਨਾਂ ਸਾਮਰਾਜੀ ਬਹੁਕੌਮੀ ਕੰਪਨੀਆਂ ਨੂੰ ਖੁੱਲੀ ਲੁੱਟ ਦਾ ਮੌਕਾ ਦੇਣ ਵਾਲੇ ਹਨ। ਇਹਨਾਂ ਨਾਲ ਗੜਬੜ ਹੋਣ ਦੀ ਹਾਲਤ ਵਿੱਚ ਹਰਜਾਨੇ ਜਾਂ ਜਿੰਮੇਦਾਰੀ ਤਹਿ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਪ੍ਰਸਤਾਵਿਤ ਬਿਲ ਦੀ ਧਾਰਾ 33 ’ਚ ਅਪੀਲ ਕਰਨ ਲਈ ਤਿੰਨ ਸਾਲ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ। ਇਸ ਵਿਚ ਦਿੱਕਤ ਇਹ ਹੈ ਕਿ ਜੀਨ ਸੋਧਿਤ ਖੇਤੀ ਦੇ ਉਲਟ ਅਸਰ ਕਿੰਨੇ ਦਿਨਾਂ ’ਚ ਪਤਾ ਲੱਗਣਗੇ, ਇਸ ਬਾਰੇ ਅਜੇ ਤੱਕ ਕੋਈ ਠੋਸ ਨਹੀਂ ਕਿਹਾ ਜਾ ਸਕਦਾ। ਅਜਿਹੀ ਹਾਲਤ ’ਚ ਤਿੰਨ ਸਾਲ ਦਾ ਅਰਸਾ ਨਿਰਧਾਰਿਤ ਕਰਕੇ ਭਵਿਖ ’ਚ ਹੋਣ ਵਾਲੀਆਂ ਦਿੱਕਤਾਂ ਦੀ ਸੁਣਵਾਈ ਅਤੇ ਉਹਨਾਂ ਦੇ ਵਿਸਲੇਸ਼ਣ ਦਾ ਰਾਹ ਬੰਦ ਕਰ ਦਿੱਤਾ ਗਿਆ ਹੈ। ਨਾਲ ਹੀ, ਬਾਕੀ ਕਾਨੂੰਨਾਂ ਵਾਗੂੰ ਇਸ ਵਿਚ ਸ਼ਰਤਾਂ ਤਹਿਤ ਮੰਨਜੂਰੀ ਦੇਣ ਦਾ ਕੋਈ ਜ਼ਿਕਰ ਨਹੀਂ ਹੈ। ਜਿਸ ਨੂੰ ਸ਼ਰਤਾਂ ਪੂਰੀਆਂ ਨਾ ਹੋਣ ਦੀ ਹਾਲਤ ਵਿਚ ਨਿਰਧਾਰਿਤ ਸਮੇਂ ਅੰਦਰ ਵਾਪਸ ਲਿਆ ਜਾ ਸਕੇ। ਖੇਤੀ ਅਜੇ ਰਾਜ ਸੂਚੀ ’ਚ ਸ਼ਾਮਲ ਹੈ ਪਰ ਖੇਤੀ ਦੇ ਖੇਤਰ ਵਿੱਚ ਕੀਤੇ ਜਾ ਰਹੇ ਏਨੇ ਵੱਡੇ ਤਜ਼ਰਬਿਆਂ ’ਚ ਰਾਜ ਸਰਕਾਰਾਂ ਤੇ ਉਹਨਾਂ ਦੀ ਰਾਇ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਹੈ। ਅਥਾਰਟੀ ’ਚ ਰਾਜ ਸਰਕਾਰਾਂ ਤੇ ਉਹਨਾਂ ਦੇ ਨੁਮਾਇੰਦਿਆਂ ਸਮੇਤ ਕਿਸਾਨ ਜਥੇਬੰਦੀਆਂ ਦਾ ਕੋਈ ਦਖਲ ਨਹੀਂ ਹੋਵੇਗਾ। ਖੇਤੀ ਅਰਥ ਸਾਸ਼ਤਰੀ ਦਵਿੰਦਰ ਸ਼ਆ ਨਵੇਂ ਬਿਲ ਨੂੰ ਪੂਰੀ ਤਰ੍ਹਾਂ ਕਿਸਾਨਾਂ ਦੇ ਹਿੱਤਾਂ ਤੇ ਭਾਰਤੀ ਖਪਤਕਾਰਾਂ ਦੀ ਸਿਹਤ ਨਾਲ ਖਿਲਵਾੜ ਦਸਦੇ ਹਨ ਉਹਨਾਂ ਦਾ ਕਹਿਣਾ ਹੈ ਕਿ ਜੀਨ ਨਾਲ ਸੋਧੇ ਅਨਾਜ ਬਾਰੇ ਅਜੇ ਤਾਈਂ ਕੌਈ ਭਰੋਸੇਮੰਦ ਜਾਂਚ ਸਾਹਮਣੇ ਨਹੀਂ ਆਈ ਹੈ। ਚੂਹਿਆਂ ’ਤੇ ਇਹਨਾਂ ਦਾ ਤਜ਼ਰਬਾ ਹੋਇਆ ਹੈ ਤੇ ਉਸ ਦੇ ਵੀ ਪ੍ਰਤੀਕੂਲ ਨਤੀਜੇ ਸਾਹਮਣੇ ਆਏ ਹਨ ਪ੍ਰਯੋਗ ਪਿਛੋਂ ਚੂਹਿਆਂ ਵਿਚ ਲਿਵਰ ਵਕਾਰ ਤੋਂ ਲੈ ਕੇ ਕੈਂਸਰ ਤਕ ਦੇ ਮਾਮਲੇ ਦਰਜ ਕੀਤੇ ਗਏ ਹਨ ਅਜਿਹੇ ’ਚ ਭਾਰਤ ਸਰਕਾਰ ਐਸੀਆਂ ਖਤਰਨਾਕ ਵਿਵਸਥਾਵਾਂ ਦੇ ਨਾਲ ਬਿੱਲ ਬਣਾਉਣ ਦੀ ਜਿੰਨੀ ਤੇਜੀ ਦਿਖਾ ਰਹੀ ਹੈ, ਉਹ ਸਮਝ ਤੋਂ ਪਰ੍ਹੇ ਹੈ। ਅਜੇ ਵੀ ਭਾਰਤ ਅਮਰੀਕਾ ਸਮੇਤ ਬਾਕੀ ਦੇਸ਼ਾਂ ਦੀ ਲਬਾਟਰੀ ਬਣਿਆ ਹੋਇਆ ਹੈ ਬਾਹਰ ਤੋਂ ਜੋ ਸੋਆਬੀਨ ਦਾ ਤੇਲ ਆ ਰਿਹਾ ਹੈ, ਉਸ ਨੂੰ ਲੇਬਲ ਲਾਉਣ ਤੋਂ ਮੁਕਤ ਕਰ ਦਿੱਤਾ ਗਿਆ ਹੈ। ਭਾਵ ਸਾਨੂੰ ਪਤਾ ਹੀ ਨਹੀਂ ਲਗਦਾ ਕਿ ਉਸ ਵਿਚ ਕੀ-ਕੀ ਮਿਲਿਆ ਹੋਇਆ ਹੈ। ਇਸ ਦੀ ਆੜ ਵਿੱਚ ਜੀਨ ਸੋਧਿਤ ਸੋਆਬੀਨ ਦਾ ਤੇਲ ਧੜੱਲੇ ਨਾਲ ਭਾਰਤ ਵਿਚ ਆ ਰਿਹਾ ਹੈ। ਪਹਿਲਾਂ ਹੀ ਦੇਸ਼ ਵਿਚ ਬੀ ਟੀ ਕਾਟਨ ਦੇ ਚਲਦਿਆਂ ਵੱਡ ਪੈਮਾਨੇ ’ਤੇ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਇਹਨਾਂ ਕੰਪਨੀਆਂ ਨੂੰ ਖੁੱਲ੍ਹੀ ਛੋਟ ਦੇਣਾ ਘਾਤਕ ਹੋਵੇਗਾ। ਉਤਰ ਪ੍ਰਦੇਸ਼ ’ਚ ਸਰਗਰਮ ਸੈਂਟਰ ਫਾਰ ਕੰਟਪਰੇਰੀ ਸਟੱਡੀਜ਼ ਦੇ ਸਿਨਹਾ ਇਸ ਨੂੰ ਗੱਡੀ ਨੂੰ ਉਲਟੀ ਦਿਸ਼ਾਂ ’ਚ ਚਲਾਉਣਾ ਦਸਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਅੱਜ ਜਰੂਰਤ ਜੈਨਿਟ ਵਸਤਾਂ ਤੇ ਫਸਲਾਂ ’ਤੇ ਕਰੜੀ ਨਜ਼ਰ ਰੱਖਣ ਦੀ ਹੈ। ਇਸ ਦੇ ਉਲਟ ਪ੍ਰਸਤਾਵਿਤ ਬਿੱਲ ’ਚ ਨਿਗਰਾਨੀ ਤੋਂ ਪੂਰੀ ਛੋਟ ਦੇ ਕੇ ਅਥਾਰਟੀ ਨੂੰ ਸਿਰਫ ਮੰਜ਼ੂਰੀ ਦੇਣ ਵੀ ਸੰਸਥਾ ਬਣਾਇਆ ਜਾ ਰਿਹਾ ਹੈ।

# ਹਥਿਆਰਾਂ ਦੀ ਦੌੜ

'ਸਾਨੂੰ ਅਜਿਹਾ ਕਰਨ ਦੀ ਲੋੜ ਨਹੀਂ ਸੀ ਅਤੇ ਸਾਨੂੰ ਪਤਾ ਸੀ ਕਿ ਸਾਨੂੰ ਇਉਂ ਕਰਨ ਦੀ ਲੋੜ ਨਹੀਂ ਅਤੇ ਉਹਨਾਂ ਨੂੰ ਵੀ ਪਤਾ ਸੀ ਕਿ ਸਾਨੂੰ ਪਤਾ ਹੈ ਕਿ ਸਾਇਦ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਅਸੀ ਉਹਨਾਂ ਨੂੰ ਦੋ ਪ੍ਰਮਾਣੂ ਬੰਬਾਂ ਦੇ ਤਜ਼ਰਬੇ ਲਈ ਵਰਤਿਆ' ਅਮਰੀਕੀ ਫੌਜ ਦੇ ਫੌਜੀ ਖਫ਼ੀਆ ਅਧਿਕਾਰੀ ਬ੍ਰਿਗੇਡੀਅਰ ਜਨਰਲ ਕਾਰਟਰ ਕਲਾਰਕ ਨੇ ਜਪਾਨ 'ਚ ਹੀਰੋਸ਼ੀਮਾ ਤੇ ਨਾਗਾਸਕੀ ਉਪਰ ਬੰਬ ਸੁੱਟਣ 'ਤੇ ਇਹ ਟਿਪਣੀ ਕੀਤੀ ਸੀ।

6 ਅਤੇ 9 ਅਗਸਤ 1945 ਨੂੰ ਅਮਰੀਕਾ ਨੇ ਆਪਣੇ ਰਾਸ਼ਟਰਪਤੀ ਹੈਰੀ ਐਸ ਟ੍ਰੂਮੈਨ ਦੇ ਹੁਕਮ ਨਾਲ 'ਲਿਟਿਲ ਬੁਆਏ' ਅਤੇ 'ਫੈਟ ਮੈਨ' ਨਾ ਦੇ ਕੋਡ ਨਾਲ ਜਪਾਨ ਦੇ ਦੋ ਮੁੱਖ ਸਨਅਤੀ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਉਪਰ ਦੋ ਪ੍ਰਮਾਣੂ ਬੰਬ ਸੁੱਟੇ ਸਨ। ਪਰ ਦੋ ਸ਼ਹਿਰ ਦੀ ਬੰਬਾਰੀ ਨਾਲ ਪਹਿਲੇ 6 ਮਹੀਨਿਆਂ ਤਕ ਜਪਾਨ ਦੇ 67 ਸ਼ਹਿਰਾਂ 'ਚ ਸਥਾਨਕ ਬੰਬਾਰੀ ਕੀਤੀ ਗਈ ਸੀ। ਬੰਬਾਰੀ ਨਾਲ ਹੀਰੋਸ਼ੀਮਾ ਵਿੱਚ 1,40,000 ਲੋਕ ਮਾਰੇ ਗਏ ਸਨ ਜੋ ਕਿ ਸ਼ਹਿਰਾ ਦੀ ਕੁਲ ਆਬਾਦੀ ਦਾ ਅੱਧੇ ਤੋਂ ਵੱਧ ਸਨ, ਉਸ ਸਮੇਂ ਹੀਰੋਸ਼ੀਆ ਦਾ ਆਬਾਦੀ 2,55,000 ਸੀ। ਦੂਜੇ ਪ੍ਰਮਾਣੂ ਬੰਬ ਨਾਲ ਨਾਗਾਸਾਕੀ ਵਿੱਚ ਕਰੀਬ 80,000 ਲੋਕ ਮਾਰੇ ਗਏ ਸਨ। ਇਹਨਾਂ ਬੰਬਾਂ ਦੇ ਰੇਡਿਓ ਧਰਮੀ ਪ੍ਰਭਾਵ ਨਾਲ ਜਖਮੀ ਤੇ ਬੀਮਾਰ ਕਈ ਹਜ਼ਾਰ ਲੋਕਾਂ ਦੀ ਬਾਅਦ 'ਚ ਮੌਤ ਹੋ ਗਈ। ਦੋਨੋ ਹੀ ਸ਼ਹਿਰਾ ਵਿਚ ਮਰਨ ਵਾਲੇ ਜ਼ਿਆਦਾਤਰ ਲੋਕ ਆਮ ਸ਼ਹਿਰੀ ਸਨ। 60 ਕਿਲੋਗ੍ਰਾਮ ਯੂਰੇਨੀਅਮ ਭਰਪੂਰ ਬੰਦੂਕ ਦੀ ਸ਼ਕਲ ਵਿਚ ਵਾਲੇ 'ਲਿਟਲ ਬੁਆਏ' ਪ੍ਰਮਾਣੂ ਬੰਬ ਦੇ ਫਿਸਫੋਟ ਦਾ ਅਸਰ ਏਨਾ ਭਿਆਨਕ ਸੀ ਕਿ 4.4 ਕਿਲੋਮੀਟਰ ਦਾ ਖੇਤਰਫਲ ਤਬਾਹ ਹੋ ਗਿਆ। ਅਮਰੀਕਾ ਦੀ ਇਸ ਕਾਰਵਾਈ ਦੀ ਦੁਨੀਆ ਭਰ 'ਚ ਚਾਰੇ ਪਾਸੋਂ ਨਿੰਦਾ ਹੋਈ ਸੀ। ਆਈਜਨਹਾਵਰ ਜੋ ਬਾਅਦ 'ਚ ਅਮਰੀਕਾ ਦੇ ਰਾਸ਼ਟਰਪਤੀ ਬਣੇ ਨੇ ਕਿਹਾ ਕਿ 'ਜਪਾਨੀ ਆਤਮ ਸਮਰਪਣ ਲਈ ਤਿਆਰ ਸਨ ਅਤੇ ਉਹਨਾਂ 'ਤੇ ਅਜਿਹੇ ਭਿਆਨਕ ਹਥਿਆਰ ਦੀ ਲੋੜ ਨਹੀਂ ਸੀ। ਜਪਾਨ ਜਲਦੀ ਹੀ ਆਤਮ ਸਮਰਪਣ ਕਰਨ ਵਾਲਾ ਸੀ ਅਤੇ ਸੱਚ ਤਾਂ ਇਹ ਹੈ ਕਿ ਉਹ ਜੰਗ 'ਚੋਂ ਬਾਹਰ ਹੋਣ ਦਾ ਸਹੀ ਮੌਕਾ ਲੱਭ ਰਹੇ ਸਨ।' ਜਪਾਨ ਨੇ ਆਤਮ ਸਮਰਪਣ ਲਈ ਪਾਟ੍ਰਸਡੈਮਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਸ ਦਾ ਮੰਨਣਾ ਸੀ ਕਿ ਉਹ ਸ਼ਰਤ ਦੇਸ਼ ਤੇ ਸਮਰਾਟ ਲਈ ਬੇਹੱਦ ਅਪਮਾਨ ਜਨਕ ਸਨ ਜਿਹਾ ਕਿ ਪਹਿਲੀ ਸੰਸਾਰ ਜੰਗ ਦੀ ਸਮਾਪਤੀ ਪਿਛੋਂ ਜਰਮਨੀ ਨਾਲ ਹੋਇਆ ਸੀ।

ਅਸਲ ਵਿਚ 1945 ਤੋਂ ਪਿਛੋਂ ਦੇ ਮਹੀਨਿਆਂ ਵਿਚ ਲੜਾਈ ਦਾ ਧਾਰਾ ਬਦਲਣ ਲੱਗੀ ਸੀ। ਅਪ੍ਰੈਲ ਦੇ ਸ਼ੁਰੂ ਵਿਚ ਪੱਛਮੀ ਸਹਿਯੋਗੀ ਦੇਸ਼ਾਂ ਨੇ ਇਟਲੀ ਨੂੰ ਅੱਗੇ ਕਰਕੇ ਸਮੁੱਚੀ ਪੱਛਮੀ ਜਰਮਨੀ ਨੂੰ ਘੇਰ ਲਿਆ ਸੀ। ਜਦ ਕਿ ਸੋਵੀਅਤ ਫੌਜਾਂ ਨੇ ਬਰਲਨ 'ਤੇ ਧਾਵਾ ਬੋਲ ਦਿੱਤਾ ਸੀ। ਇਟਲੀ ਦੇ ਫਾਸ਼ੀ ਵਾਦ ਵਿਰੋਧੀਆਂ ਨੇ 28 ਅਪ੍ਰੈਲ ਨੂੰ ਮੁਸੋਲੀਨੀ ਦਾ ਕਤਲ ਕਰ ਦਿੱਤਾ ਸੀ ਅਤੇ ਦੋ ਦਿਨ ਬਾਅਦ ਹੀ ਹਿਟਲਰ ਨੇ ਆਤਮ ਹੱਤਿਆ ਕਰ ਲਈ ਸੀ। ਜਰਮਨੀ ਨੇ 8 ਮਈ ਨੂੰ ਸਵੀਅਤ ਫੌਜ ਮੂਹਰੇ

ਹਥਿਆਰ ਸੁੱਟ ਦਿੱਤੇ ਸਨ। ਪੂਰਬ ਵਿਚ ਅਮਰੀਕੀ ਸੈਨਾਵਾਂ ਫਿਲੀਪੀਸ ਤੋਂ ਹੁੰਦੀਆਂ ਹੋਈਆਂ ਜਪਾਨ ਵੱਲ ਵਧ ਰਹੀਆਂ ਸਨ ਅਤੇ ਜੂਨ ਤੱਕ ਈਵੋ ਜੀਨਾ ਅਤੇ ਔਕੀਨਾਵਾ 'ਤੇ ਉਹਨਾਂ ਦਾ ਕਬਜਾ ਹੋ ਚੁੱਕਿਆ ਸੀ। ਜਪਾਨੀ ਸ਼ਹਿਰਾ 'ਤੇ ਲਗਾਤਾਰ ਅਮਰੀਕੀ ਬੰਬਾਰੀ ਹੋ ਰਹੀ ਸੀ ਅਤੇ ਅਮਰੀਕਾ ਦੇ ਬੁੱਧਪੋਤਾਂ ਨੇ ਜਪਾਨ ਦੀ ਦਰਾਮਤ ਦੀ ਨਾਕਾਬੰਦੀ ਕਰ ਦਿੱਤੀ ਸੀ। ਉਸ ਸਮੇ ਤੱਕ ਬ੍ਰਿਟਿਸ਼ ਫੌਜਾਂ ਬੰਬਾਂ ਨਾਲ ਜਪਾਨੀ ਫੌਜਾਂ ਨੂੰ ਖਦੇੜ ਚੁੱਕੀਆਂ ਸਨ। ਇਹਨਾਂ ਹਾਲਤਾਂ 'ਚ ਜਪਾਨ ਇਕੱਲਾ ਗਠਜੋੜ ਫੌਜ ਖਿਲਾਫ਼ ਮੋਰਚਾ ਜ਼ਾਰੀ ਨਹੀਂ ਰੱਖ ਸਕਦਾ ਸੀ ਅਤੇ ਜਲਦੀ ਹੀ ਉਸਦੀ ਫੌਜ ਨੇ ਪੂਰੀ ਤਰਾਂ ਆਤਮ ਸਮਰਪਣ ਕਰ ਦਿੱਤਾ ਸੀ।

ਹੁਣ ਇਹ ਸੁਆਲ ਪੈਦਾ ਹੁੰਦਾ ਹੈ ਕਿ ਅਮਰੀਕਾ ਨੂੰ ਪ੍ਰਮਾਣੂ ਬੰਬ ਸੁੱਟਣ ਦਾ ਵਿਨਾਸਕਾਰੀ ਫੈਸਲਾ ਕਿਉਂ ਕਰਨਾ ਪਿਆ। ਇਸ ਸੁਆਲ ਦਾ ਜੁਆਬ ਉਸ ਸਮੇਂ ਦੇ ਦੁਨੀਆ ਦੇ ਅਸਲੀ ਦ੍ਰਿਸ਼ ਅਤੇ ਵੱਡੀ ਤਾਕਤ ਵਜੋਂ ਉਭਾਰ 'ਚ ਲੱਭਿਆ ਜਾਂ ਸਕਦਾ ਹੈ। ਰੂਸ ਵਿੱਚ ਬਾਲਸਵਿਕ ਕ੍ਰਾਤੀ ਨੇ ਅਜ਼ਾਦੀ ਲਈ ਲੜਨ ਵਾਲਿਆਂ ਨੂੰ ਲੜਨ ਦੀ ਨਵੀਂ ਰਾਜਸੀ ਦਿਸ਼ਾ ਦੇ ਦਿੱਤੀ ਸੀ।

ਪੱਛਮ ਵਿੱਚ ਯੁੱਧ ਦੇ ਅੰਤ ਦੇ ਨਾਲ ਹੀ ਸਰਕਾਰਾਂ ਬਦਲਣ ਲੱਗੀਆਂ ਅਤੇ ਬਾਲਿਟਕ ਖੇਤਰ ਅਤੇ ਪੂਰਬੀ ਯੂਰਪ ਦੇ ਅਨੇਕ ਦੇਸ਼ਾਂ ਵਿਚ ਕਮਿਊਨਿਸ਼ਟ ਪਾਰਟੀ ਦੇ ਹੱਥਾਂ ਵਿੱਚ ਸੱਤਾ ਆ ਗਈ ਸੀ। ਖਾਸ਼ ਗੱਲ ਇਹ ਹੈ ਕਿ ਲਾਲ ਫੌਜ਼ ਦੇ ਸਾਹਮਣੇ ਨਾਜੀ ਫੌਜ਼ਾ ਦੇ ਆਤਮ ਸਮਰਪਣ ਨੇ ਕਮਿਊਨਿਸਟਾਂ ਦਾ ਰੁਤਬਾ ਵਧਾ ਦਿੱਤਾ ਸੀ ਅਤੇ ਸਮੁੱਚੇ ਪੂਰਬੀ ਜੁਆਨੀ ਵਿੱਚ ਉਹਨਾਂ ਦੀ ਸਥਿਤੀ ਮਜ਼ਬੂਤ ਹੋ ਗਈ ਸੀ। ਏਸ਼ੀਆਈ ਖੇਤਰ ਵਿੱਚ  ਸੋਵੀਅਤ ਸੰਘ ਭੂਗੋਲਿਕ ਦ੍ਰਿਸਟੀ ਤੋਂ ਬੇਹਤਰ ਸਥਿਤੀ ਵਿੱਚ ਸੀ ਅਤੇ ਚੀਨ ਵਿੱਚ ਇਨਕਲਾਬੀ ਸੰਘਰਸ਼ ਹੋਰ ਮਜਬੂਤ ਹੁੰਦਾ ਜਾ ਰਿਹਾ ਸੀ। ਇਸ ਤਰਾ ਯੁੱਧ ਦਾ ਅੰਤ ਕਰਕੇ ਅਤੇ ਲਾਲ ਫੌਜ ਦੀ ਬੜਤ ਰੋਕਣ ਤੇ ਨਾਲ ਹੀ ਆਪਣਾ ਫੌਜੀ ਗਲਬਾ ਕਾਇਮ ਕਰਨ ਲਈ ਹੀ ਹੀਰੋਸੀਮਾ ਤੇ ਨਾਗਾਸਾਕੀ 'ਤੇ ਪ੍ਰਮਾਣੂ ਬੰਬ ਸੁੱਟਣ ਦਾ ਅਮਰੀਕਾ ਦਾ ਇਹ ਸੋਚਿਆ ਸਮਝਿਆ ਕਦਮ ਸੀ। ਪਰ ਯੁੱਧ ਪਿੱਛੋ ਦੋਨੋਂ ਮਹਾਂ ਸਕਤੀਆਂ ਸੋਵੀਅਤ ਸੰਘ ਤੇ ਅਮਰੀਕਾ ਅਤੇ ਇਹਨਾਂ ਦੋਹਾਂ ਦੇ ਸਹਿਯੋਗੀ ਦੇਸ਼ਾਂ ਨੇ ਹੋਰ ਵੱਧ ਉਨਤ ਤੇ ਘਾਤਕ ਹਥਿਆਰਾਂ ਦੀ ਪੈਦਾਵਰ ਸੁਰੂ ਕਰ ਦਿੱਤੀ। ਇਹਨਾਂ 'ਚੋਂ ਬਹੁਤੇ ਉਨਤ ਹਥਿਆਰ ਸ਼ੀਤ ਯੁੱਧ ਦੌਰਾਨ ਤਿਆਰ ਕੀਤੇ ਗਏ। ਸਾਲ 1940 ਤੋਂ ਲੈ ਕੇ 1990 ਦੇ ਦਹਾਕੇ ਦੀ ਸ਼ੁਰੂਆਤ ਤੱਕ ਅਮਰੀਕਾ ਤੇ ਸੋਵੀਅਤ ਸੰਘ ਵਿਚਕਾਰ ਤਣਾਅ ਤੇ ਟਕਰਾਅ ਨਾਲ ਭਰੇ ਸਬੰਧਾਂ ਨੂੰ ਹੀ ਸ਼ੀਤ ਯੁੱਧ ਕਿਹਾ ਜਾਂਦਾ ਹੈ। ਸ਼ੀਤ ਯੁੱਧ ਦੀ ਹਾਲਤ ਨੇ ਦੋਹਾਂ ਮਹਾਂਸ਼ਕਤੀਆਂ 'ਚ ਰਖਿਆ ਖਰਚਾ ਵਧਾਉਣ, ਰਵਾਇਤੀ ਤੇ ਪ੍ਰਮਾਣ-ਹਥਿਆਰ ਦਾ ਜ਼ਖੀਰਾ ਉਸਾਰਨ ਦੀ ਦੋੜ ਲਾ ਦਿੱਤੀ ਸੀ। ਨਤੀਜਾ ਇਹ ਹੈ ਕਿ ਅੱਜ ਦੁਨੀਆ ਕੋਲ ਪ੍ਰਮਾਣੂ-ਹਥਿਆਰਾਂ ਦਾ ਏਨਾ ਵੱਡਾ ਜਖੀਰਾ ਹੈ ਕਿ ਸਮੁੱਚੀ ਮਾਨਵ ਜਾਤੀ ਅਤੇ ਸਾਰੀਆਂ ਸਭਿਤਾਵਾਂ ਨੂੰ ਨਸ਼ਟ ਕਰ ਸਕਦਾ ਹੈ।

ਸ਼ੀਤ ਯੁੱਧ ਦੀ ਸਮਾਪਤੀ ਪਿੱਛੋਂ ਦੁਨੀਆਂ ਨੂੰ ਲੱਗਣ ਲੱਗਿਆ ਸੀ ਕਿ ਹਥਿਆਰਾਂ ਦੀ ਦੌੜ ਖਤਮ ਹੋ ਗਈ ਹੈ ਪਰ ਮੰਨਿਆ ਜਾਂਦਾ ਸੀ ਕਿ ਤਾਕਤਾਂ ਦੇ ਦੋ ਮੁੱਖ ਕੇਂਦਰ ਹੋਣ ਕਾਰਨ ਹੀ ਇਹ ਦੌੜ ਚਲ ਰਹੀ ਸੀ। ਪਰ ਸੋਵੀਅਤ ਸੰਘ ਤੇ ਸਮਾਜਵਾਦੀ ਦੇਸ਼ਾਂ ਦੇ ਢਾਂਚੇ ਦੇ ਬਿਖਰਨ ਪਿਛੋਂ ਵੀ ਹਥਿਆਰਾਂ ਦੀ ਦੌੜ ਰੁਕੀ ਨਹੀਂ।

ਸ਼ੀਤ ਯੁੱਧ ਦੌਰਾਨ ਤੋਂ ਬਾਅਦ ਦੇ ਸਮੇਂ ਦੌਰਾਨ ਖੇਤਰੀ ਸੰਘਰਸ਼ਾਂ ਤੇ ਹਥਿਆਰਾਂ ਦੀ ਪੈਦਾਵਾਰ 'ਚ ਵਾਧਾ ਹੀ ਹੋਇਆ ਸੀ। ਸਭ ਦੇਸ਼ਾਂ 'ਚ ਰਖਿਆ ਖਰਚਾ ਕਈ ਗੁਣਾ ਵਧ ਗਿਆ ਹੈ। ਅਮਰੀਕਾ ਨੇ ਸਾਲ 2007 ਵਿਚ ਰੱਖਿਆ ਸਹੂਲਤਾਂ ਤੇ ਲਗਭਗ 626.1 ਅਰਬ ਡਾਲਰ ਖਰਚ ਕੀਤਾ। ਅਮਰੀਕਾ ਦਾ ਫੌਜੀ ਬਜਟ ਦੁਨੀਆਂ ਦੇ ਬਾਕੀ ਸਾਰੇ ਦੇਸ਼ਾਂ ਦੇ ਕੁਝ ਰਖਿਆ ਖਰਚਿਆ ਦੇ ਕਰੀਬ ਬਰਾਬਰ ਹੈ। ਅਤੇ ਚੀਨ ਦੇ ਰਖਿਆ ਬਜਟ ਤੋਂ ਲਗਭਗ ਅੱਠ ਗੁਣਾ ਵੱਧ ਹੈ। ਭਾਰਤ ਦਾ ਰਖਿਆ ਬਜਟ 1,22,000 ਕਰੋੜ ਹੈ। ਅਮਰੀਕਾ ਦੇ ਸਕਲ ਘਰੇਲੂ ਉਤਪਾਦ 'ਚ ਤਕਰੀਬਨ 40 ਫ਼ੀਸਦੀ ਹਿੱਸੇਦਾਰੀ ਰੱਖਿਆ ਪੈਦਾਵਾਰ ਦੀ ਹੈ ਅਤੇ ਉਹ ਦੁਨੀਆਂ ਨੂੰ ਹਥਿਆਰਾਂ ਦੀ ਸਪਲਾਈ ਕਰਨ ਵਾਲਾ ਸਭ ਤੋਂ ਵੱਡਾ ਦੇਸ਼ ਹੈ। ਭਾਰਤ ਤੇ ਪਾਕਿਸਤਾਨ ਦੋਨੋਂ ਹੀ ਹਥਿਆਰਾਂ ਦੇ ਵੱਡੇ ਹਿੱਸੇ ਦੀ ਖਰੀਦ ਲਈ ਅਮਰੀਕਾ 'ਤੇ ਨਿਰਭਰ ਹੈ। ਦੇਖਿਆ ਜਾਵੇ ਤਾਂ ਹੋਰ ਦੇਸ਼ਾਂ ਦਾ ਰਖਿਆ ਖਰੀਦ 'ਤੇ ਜਿਨ੍ਹਾਂ ਖਰਚ ਹੋਵੇਗਾ,ਉਨ੍ਹਾਂ ਹੀ ਵੱਧ ਫਾਇਦਾ ਅਮਰੀਕਾ ਅਰਥ ਚਾਰੇ ਨੂੰ ਹੋਵੇਗਾ ਦੂਜੇ ਪਾਸੇ ਗਰੀਬ ਤੇ ਵਿਕਾਸਸ਼ੀਲ ਦੇਸ਼ ਆਪਣੇ ਨਾਗਰਿਕਾਂ ਲਈ ਕਲਿਆਣ ਕਾਰੀ ਯੋਜਨਾਵਾਂ ਦੀ ਬਜਾਏ ਹਥਿਆਰਾਂ ਦੀ ਖਰੀਦ 'ਤੇ ਖਰਚ ਕਰ ਰਹੇ ਹਨ। ਇਹਨਾਂ ਦੇਸ਼ਾਂ ਵਿਚ ਗਰੀਬੀ ਬੇਰੁਜ਼ਗਾਰੀ ਅਣਪੜ੍ਹਤਾ ਤੇ ਸਿਹਤ ਸਹੂਲਤਾਂ ਦੀ ਘਾਟ ਵਧਦੀ ਜਾ ਰਹੀ ਹੈ। ਦੁਨੀਆਂ ਭਰ 'ਚ ਲਗਭਗ ਇਕ ਅਰਬ ਬਾਲਗ ਅਣਪੜ੍ਹ ਹਨ। ਜਿਹਨਾਂ ਵਿਚੋਂ 98 ਫ਼ੀਸਦੀ ਵਿਕਾਸਸ਼ੀਲ ਦੇਸ਼ਾਂ ਵਿਚ ਹਨ। 52 ਫ਼ੀਸਦੀ ਅਨਪੜ੍ਹ ਭਾਰਤ ਤੇ ਚੀਨ ਵਿਚ ਹਨ। ਅਫਰੀਕੀ ਮਹਾਂਦੀਪ ਵਿਚ ਸਾਖਰਤਾ ਦਰ 60% ਤੋਂ ਘੱਟ ਹੈ।

ਦੁਨੀਆਂ ਨੂੰ ਇਕ ਧਰੁਵੀ ਬਣਾਉਣ ਅਤੇ ਸਭ ਦੇਸ਼ਾਂ ਦੇ ਆਰਥਿਕ ਤੇ ਰਾਜਸੀ ਮਾਮਲਿਆਂ 'ਤੇ ਆਪਣਾ ਗਲਬਾ (ਸਾਮਰਾਜੀ ਬੌਂਸ) ਕਾਇਮ ਰੱਖਣ ਦੀ ਅਮਰੀਕਾ ਦੀ ਵਿਸਥਾਰਵਾਦੀ ਮੰਨਸ਼ਾ ਨੇ ਦੁਨੀਆ ਭਰ 'ਚ ਉਸ ਦਾ ਫੌਜੀ ਨੈਟਵਰਕ ਮਜ਼ਬੂਤ ਕਰ ਦਿੱਤਾ ਹੈ। ਸਾਰੇ ਮਹਾਂਦੀਪਾਂ 'ਚ ਅਮਰੀਕਾ ਨੇ ਆਪਣੇ ਫੌਜੀ ਅੱਡੇ ਕਾਇਮ ਕੀਤੇ ਹੋਏ ਹਨ। ਅਤੇ ਸਾਰੇ ਸਾਮਰਿਕ ਕੇਂਦਰਾਂ 'ਤੇ ਪ੍ਰਮਾਣੂ ਹਥਿਆਰ ਤੈਨਾਤ ਕੀਤੇ ਹਨ। ਇਹ ਹੈਰਾਨੀ ਵਾਲੀ ਹੀ ਗੱਲ ਕਹਾਂਗੇ ਕਿ ਅਮਰੀਕਾ ਦੇ ਪ੍ਰਮਾਣੂ ਹਮਲੇ ਨਾਲ ਸਭ ਤੋਂ ਪਹਿਲਾਂ ਪੀੜਤ ਦੇਸ਼ ਜਪਾਨ ਨੇ ਅਮਰੀਕਾ ਨੂੰ ਫੌਜੀ ਅੱਡੇ ਮੁਹੱਈਆ ਕਰਵਾਏ ਹੋਏ ਹਨ। ਅੱਜ ਅਮਰੀਕਾ ਉਤਰ ਕੋਰੀਆ ਤੇ ਈਰਾਨ ਨੂੰ ਲਗਾਤਾਰ ਪ੍ਰੇਸ਼ਾਨ ਕਰ ਰਿਹਾ ਹੈ ਤਾਂ ਕਿ ਇਹ ਦੋਨੋਂ ਦੇਸ਼ ਆਪਣੇ ਪ੍ਰਮਾਣੂ ਪ੍ਰੋਗਰਾਮ ਰੋਕਣ ਦੇਣ ਅਤੇ ਦੁਨੀਆ ਚੁਪਚਾਪ ਅਮਰੀਕਾ ਦੀ ਦਾਦਾ ਗਿਰੀ ਨੂੰ ਵੇਖ ਰਹੀ ਹੈ। ਦੂਜੇ ਪਾਸੇ ਅਮਰੀਕਾ ਤੇ ਬ੍ਰਿਟੇਨ 21 ਵੀਂ ਸਦੀਂ ਲਈ ਹਥਿਆਰਾਂ ਦੇ ਵਿਸਥਾਰ 'ਤੇ ਅੰਧਾਧੁੰਕ ਪੈਸਾ ਖਰਚ ਕਰ ਰਹੇ ਹਨ।

ਨਾਟੋ ਨੇ ਰੂਸ ਦੀ ਸਰਹੱਦ ਦੇ ਨਾਲ ਲੱਗਦੇ ਖੇਤਰਾਂ 'ਚ ਪ੍ਰਮਾਣੂ ਹਥਿਆਰ ਤੈਨਾਤ ਕਰ ਰਖੇ ਹਨ ਇਸ ਸਾਰੇ ਕੁਝ ਨਾਲ ਮਾਨਵਤਾ ਦੇ ਲਈ ਨਿਸ਼ਚੈ ਹੀ ਭਿਅੰਕਰ ਖਤਰਾ ਪੈਦਾ ਹੋ ਗਿਆ ਹੈ ਜਿਵੇਂ ਕਿ ਆਪਾਂ ਇਰਾਕ 'ਚ ਵੇਖਿਆ ਕਿ ਵਿਸਥਾਰ-ਵਾਦੀ ਤਾਕਤਾਂ ਦੂਜੇ ਦੇਸ਼ਾਂ ਦੇ ਸਾਧਨ (ਤੇਲ ਆਦਿ) ਲੁਟਣ ਲਈ ਸਭ ਅਨੈਤਿਕ ਤਰੀਕੇ ਵਰਤ ਰਹੀਆਂ ਹਨ।

ਇਰਾਕ ਉਪਰ ਮਨਘੜ੍ਹਤ ਦੋਸ਼ ਲਾ ਕੇ ਹਮਲਾ ਕੀਤਾ ਗਿਆ ਕਿ ਉਹ

ਵਿਆਪਕ ਵਿਨਾਸ਼ ਲਈ ਹਥਿਆਰ ਵਿਕਸਤ ਕਰ ਰਿਹਾ ਹੈ। ਜਦ ਕਿ ਜਾਂਚ ਪਿਛੋਂ ਇਹ ਦੋਸ਼ ਝੂਠਾ ਸਾਬਤ ਹੋਇਆ। ਜਾਹਰ ਹੈ ਕਿ ਇਸ ਸਮਾਰਾਜੀ ਹਮਲੇ ਦਾ ਮਕਸਦ ਇਰਾਕ ਦੇ ਤੇਲ ਖੂਹਾਂ 'ਤੇ ਕਬਜਾ ਕਰਨਾ ਸੀ ਅਤੇ ਹੁਣ ਇਸੇ ਲੁਟ ਘਸੁੱਟ ਦੀ ਮੰਨਸ਼ਾ ਨਾਲ ਈਰਾਨ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਈਰਾਕ ਤੇ ਅਮਰੀਕਾ ਹਮਲੇ 'ਚ ਲੱਖਾਂ ਆਮ ਲੋਕਾਂ ਦੀ ਮੌਤ ਹੋਈ ਜਿਹਨਾਂ 'ਚ ਬੱਚੇ ਤੇ ਔਰਤਾਂ ਸ਼ਾਮਲ ਹਨ। 2003'ਚ ਹੋਏ ਇਸ ਹਮਲੇ ਪਿਛੋਂ ਵੀ ਲਗਭਗ ਇਕ ਲੱਖ ਲੋਕ ਮਾਰੇ ਜਾ ਚੁੱਕੇ ਹਨ ਅਤੇ ਮਰਨ ਵਾਲੇ ਲੋਕਾਂ ਦੀ ਕੁਲ ਗਿਣਤੀ ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਹੋਈ ਬੰਬਾਰੀ 'ਚ ਮਾਰੇ ਗਏ ਲੋਕਾਂ ਤੋਂ ਵੀ ਵੱਧ ਹੈ। ਸੰਸਾਰ ਤੇ ਮੌਜੂਦਾ ਹਾਲਾਤ ਹੋਰ ਵੀ ਤਣਾਅਪੂਰਨ ਹੋ ਗਏ ਹਨ ਪਰ ਬੰਬਾਰੀ ਦੇ 6 ਸਾਲਾਂ ਬਾਅਦ ਵੀ ਦੁਨੀਆਂ 'ਤੇ ਇਸ ਭਿਅੰਕਰ ਦਬਾਹੀ ਦਾ ਖਤਰਾ ਮੰਡਰਾ ਰਿਹਾ ਹੈ।

# ਭਾਰਤ ਅਤੇ ਵਿਸ਼ਵ ਵਿਆਪੀ ਮਹਿੰਗਾਈ

ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਵਾਈ. ਵੀ. ਰੈਡੀ ਨੇ ਨਕਦੀ ਜਮ੍ਹਾ ਅਨੁਪਾਤ (ਸੀ. ਆਰ. ਆਰ) ਨੂੰ ਹੁਣ ਤੱਕ ਦੇ ਸਭ ਤੋਂ ਉੱਚੇ 9 ਫੀਸਦੀ 'ਤੇ ਲਿਆਉਣ ਪਿੱਛੋਂ ਟਿੱਪਣੀ ਕੀਤੀ ਸੀ ਕਿ ਦਵਾ ਹਮੇਸ਼ਾਂ ਕੌੜੀ ਹੁੰਦੀ ਹੈ ਪਰ ਹਰ ਵਿਅਕਤੀ ਸਿਹਤਮੰਦ ਵੀ ਰਹਿਣਾ ਚਾਹੁੰਦਾ ਹੈ, ਉਨ੍ਹਾਂ ਦੀ ਇਹ ਗੱਲ ਸਹੀ ਹੈ ਕਿ ਪਰ ਗਲਤ ਦਵਾ ਵਿਅਕਤੀ ਨੂੰ ਮਾਰ ਵੀ ਸਕਦੀ ਹੈ। ਜ਼ੁਕਾਮ ਦੇ ਇਲਾਜ ਲਈ ਨੱਕ ਕਟਾਉਣਾ ਕਿੰਨਾ ਕੁ ਜਾਇਜ਼ ਹੈ? ਜਿਸ ਰੋਗੀ ਨੂੰ ਉਹ ਮਾਰ ਰਹੇ ਹਨ ਕੀ ਉਹ ਭਾਰਤੀ ਅਰਥਚਾਰਾ ਨਹੀਂ ਹੈ? ਰੈਡੀ ਜਿਸ ਰੋਗ ਦਾ ਇਲਾਜ ਕਰਨ ਦੀ ਗੱਲ ਕਰਦੇ ਹਨ ਉਹ ਹੈ ਸਿੱਕੇ ਦਾ ਫੈਲਾਅ। ਜੋ ਦਸੰਬਰ 'ਚ 3.5 ਫੀਸਦੀ ਸੀ ਅਤੇ ਜੁਲਾਈ ਦੇ ਸ਼ੁਰੂ 'ਚ ਵਧ ਕੇ 11.9 ਫੀਸਦੀ ਤੱਕ ਪਹੁੰਚ ਗਈ। ਇਸ ਲਈ ਜੋ ਦਵਾ ਉਨ੍ਹਾਂ ਨੇ ਦਿੱਤੀ ਹੈ ਉਹ ਹੈ ਮੰਗ ਵਿਚ ਕਮੀ ਲਿਆਉਣਾ ਪਰ ਜੇ ਦੋਸ਼ੀ ਮੰਗ ਦਾ ਵਧ ਹੋਣਾ ਹੈ ਤਾਂ ਫਿਰ ਰੈਡੀ ਜੋ ਦਵਾ ਦੇ ਰਹੇ ਹਨ ਉਹ ਮਹਿੰਗਾਈ 'ਤੇ ਕਾਬੂ ਪਾਉਣ ਵਿਚ ਸਫਲ ਕਿਉਂ ਨਹੀਂ ਹੋ ਰਹੀ?

ਰੈਡੀ ਦਸੰਬਰ 2006 ਤੋਂ ਸੀ. ਆਰ. ਆਰ. (ਬੈਂਕਾਂ ਕੋਲ ਜਨਤਕ ਜਮ੍ਹਾ ਰਾਸ਼ੀ ਦਾ ਉਹ ਅਨੁਪਾਤ ਜੋ ਉਨ੍ਹਾਂ ਨੂੰ ਰਿਜ਼ਰਵ ਬੈਂਕ ਕੋਲ ਜਮ੍ਹਾਂ ਰੱਖਣਾ ਜ਼ਰੂਰੀ ਹੁੰਦਾ ਹੈ) ਵਧਾਉਣ ਲੱਗੇ ਹਨ ਅਤੇ ਉਹ ਹੁਣ ਤੱਕ ਇਸ ਵਿਚ 4 ਫੀਸਦੀ ਦੇ ਵਾਧੇ ਕਰਕੇ ਅੱਠ ਸਾਲਾਂ ਵਿਚ ਸਭ ਤੋਂ ਉੱਚੀ ਪੱਧਰ 'ਤੇ ਲੈ ਆਏ ਹਨ। ਇਸ ਨਾਲ ਕਮਰਸ਼ੀਅਲ ਬੈਂਕਾਂ ਦੀ ਵਿਆਜ ਦਰ ਵੀ 2 ਤੋਂ 4 ਫੀਸਦੀ ਤੱਕ ਵਧੀ ਹੈ ਤਾਂ ਫਿਰ ਸਿੱਕੇ ਦਾ ਫੈਲਾਅ ਕਿਉਂ ਵਧ ਰਿਹਾ ਹੈ? ਰੈਡੀ ਨੇ ਦਸੰਬਰ 2007 ਦੇ ਅੰਤ ਤੱਕ ਇਸ ਅਧਾਰ 'ਤੇ ਸੀ. ਆਰ. ਆਰ. ਦੇ ਵਾਧੇ ਨੂੰ ਨਿਆਂ ਸੰਗਤ ਠਹਿਰਾਇਆ ਹੈ ਕਿ ਇਸ ਨਾਲ ਸਿੱਕੇ ਦੇ ਫੈਲਾਅ 'ਚ ਵਾਧੇ ਦੀਆਂ ਸੰਭਾਵਨਾਵਾਂ ਨੂੰ ਰੋਕਿਆ ਜਾ ਸਕੇਗਾ। 2 ਦਸੰਬਰ 2007 ਤੇ ਅੰਤ ਵਿਚ ਆਪਣੀ ਤਿਮਾਹੀ ਸਮੀਖਿਆ ਵਿਚ ਰੈਡੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਨੀਤੀ ਕਾਰਗਰ ਸਾਬਤ ਹੋਈ। ਸਨਅਤੀ ਵਾਧਾ ਦਰ 12 ਫੀਸਦੀ ਤੋਂ ਘਟ ਕੇ 9 ਫੀਸਦੀ ਰਹਿ ਗਈ। ਉਸ ਸਮੇਂ ਉਨ੍ਹਾਂ ਨੇ ਕਿਹਾ ਕਿ ਭਾਰਤੀ ਨਿਵੇਸ਼ਕਾਂ ਦੀ ਹੋਰ ਵਧ ਨਿਵੇਸ਼ ਕਰਨ ਦੀ ਭੁੱਖ ਖਤਮ ਨਹੀਂ ਹੋਈ ਹੈ। ਉਨ੍ਹਾਂ ਦਾ ਅਜਿਹਾ ਸੋਚਣ ਦਾ ਅਧਾਰ ਇਹ ਸੀ ਕਿ ਅਕਤੂਬਰ 'ਚ ਪੂੰਜੀਅਤ ਅਤੇ ਸਿੱਕੇ ਦੇ ਫੈਲਾਅ ਦੀ 6.6 ਦੇ ਸਭ ਤੋਂ ਉੱਚੇ ਪੱਧਰ ਤੱਕ ਪਹੁੰਚਣ ਪਿਛੋਂ ਘਟ ਕੇ 3.5 ਫੀਸਦੀ ਤੱਕ ਆ ਗਿਆ ਸੀ। ਪਰ ਉਸ ਪਿਛੋਂ ਦੇ ਸਨਅਤੀ ਪ੍ਰਦਰਸ਼ਨ ਤੋਂ ਲੱਗਦਾ ਹੈ ਕਿ ਰੈਡੀ ਦੀ ਦਵਾ ਨੇ ਕੁਝ ਜ਼ਿਆਦਾ ਹੀ ਅੱਛਾ ਅਧਾਰ ਵਿਖਾਇਆ ਸਾਲ 2006-07 'ਚ ਸਨਅਤੀ ਵਿਕਾਸ ਦਰ 12.5 ਫੀਸਦੀ ਸੀ ਜੋ 2007-08 'ਚ ਘਟ ਕੇ 8.8 ਫੀਸਦੀ ਰਹਿ ਗਈ। ਜਿਸ ਪੂੰਜੀ ਮਾਲ ਖੇਤਰ ਦੇ ਵਾਧੇ ਦੀਆਂ ਸ਼ੇਖੀਆਂ ਮਾਰੀਆਂ ਜਾ ਰਹੀਆਂ ਸਨ, ਉਸ 'ਚ ਨਵੰਬਰ 'ਚ ਤੇਜ਼ੀ ਨਾਲ ਗਿਰਾਵਟ ਆਈ ਅਤੇ ਅਪ੍ਰੈਲ-ਮਈ ਵਿਚ ਉਨ੍ਹਾਂ ਦੀ ਵਿਕਾਸ ਦਰ 2.5 ਫੀਸਦੀ ਰਹਿ ਗਈ। ਭਾਰਤ ਦੀ ਸਨਅਤੀ ਪੈਦਾਵਾਰ ਦਾ ਸੰਕੇਤ ਦੇਣ ਵਾਲੇ ਲੋਹਾ, ਸਟੀਲ, ਸੀਮੇਂਟ ਤੇ ਰਸਾਇਣਾਂ ਵਰਗੀਆਂ ਵਸਤੂਆਂ ਦੀ

ਪੈਦਾਵਾਰ ਇਨ੍ਹਾਂ ਦੋ ਮਹੀਨਿਆਂ ਵਿਚ 1.2 ਫੀਸਦੀ ਘੱਟ ਗਈ। ਉਚੀਆਂ ਵਿਆਜ ਦਰਾਂ ਨੇ ਸ਼ੇਅਰ ਬਜ਼ਾਰ ਨੂੰ ਲਗਭਗ ਚੌਪਟ ਕਰ ਦਿੱਤਾ ਹੈ। ਇਹ ਭਵਿੱਖ 'ਚ ਨਿਵੇਸ਼ ਦੀਆਂ ਸੰਭਾਵਨਾਵਾਂ ਲਈ ਅੱਛਾ ਨਹੀਂ ਹੈ। ਇਸ ਲਈ ਜੇ ਹਰ ਖੇਤਰ ਵਿਚ ਮੰਗ ਘਟਣ ਲੱਗੀ ਹੈ ਤਾਂ ਸਿੱਕੇ ਦੇ ਫੈਲਾਅ ਪਿਛਲੇ 6 ਮਹੀਨਿਆਂ ਵਿਚ 7 ਫੀਸਦੀ ਕਿਵੇਂ ਵਧ ਗਿਆ? ਕਿਉਂ ਇਸਪਾਤ ਦੀ ਕੀਮਤ ਜਨਵਰੀ ਤੋਂ ਅਪ੍ਰੈਲ ਦੌਰਾਨ 25 ਫੀਸਦੀ ਵਧ ਗਈ। ਜਦਕਿ ਉਸਾਰੀ ਨਾਲ ਵਾਹਨ ਤੱਕ ਦੇ ਹਰ ਉਸ ਉਦਯੋਗ 'ਚ ਮੰਗ ਘਟੀ ਹੈ, ਜਿਥੇ ਇਸਪਾਤ ਦੀ ਖਪਤ ਹੁੰਦੀ ਹੈ। ਇਸ ਦਾ ਜੁਆਬ ਸਰਕਾਰ ਨੇ ਹੀ ਅਸਿਧੇ ਢੰਗ ਨਾਲ ਦੇ ਦਿੱਤਾ ਜਦ ਉਸ ਨੇ ਨਿਰਮਾਤਾਵਾਂ ਤੋਂ ਇਸਪਾਤ ਦੀ ਕੀਮਤ ਘਟਾਉਣ ਨੂੰ ਕਿਹਾ। ਇਸ ਇਹ ਭਿਆਤੀ ਸਲਾਹ ਨਾਲ ਇਹ ਪਤਾ ਲੱਗਦਾ ਹੈ ਕਿ ਇਸਪਾਤ ਦੀ ਕੀਮਤ 'ਚ ਵਾਧਾ ਘਰੇਲੂ ਨਹੀਂ। ਕੌਮਾਂਤਰੀ ਬਜ਼ਾਰਾਂ ਅਤੇ ਖਾਸ ਕਰਕੇ ਚੀਨ 'ਚ ਵੀ ਵਧਦੀ ਮੰਗ ਕਾਰਨ ਹੋ ਰਿਹਾ ਹੈ। ਇਸਪਾਤ ਦੀ ਕੀਮਤ ਵਧ ਰਹੀ ਹੈ ਕਿਉਂਕਿ ਚੀਨ ਉਸ ਨੂੰ ਇਉਂ ਹਥਿਆ ਰਿਹਾ ਹੈ ਜਿਵੇਂ ਕੱਲ ਤਾਂ ਆਉਣਾ ਹੀ ਨਹੀਂ ਹੈ। ਇਨ੍ਹਾਂ ਹਲਾਤਾਂ 'ਚ ਜਿਨ੍ਹਾਂ ਭਾਰਤੀ ਇਸਪਾਤ ਉਦਪਾਦਕਾਂ ਦੀ ਪੈਦਾਵਾਰ ਯੋਗਤਾ ਸੀਮਤ ਸੀ ਉਨ੍ਹਾਂ ਦੇ ਸਾਹਮਣੇ ਸੁਆਲ ਸੀ ਕਿ ਉਹ ਆਪਣੀ ਵਸਤੂ ਘਰੇਲੂ ਬਾਜ਼ਾਰ ਵਿਚ ਵੇਚਣਾ ਜਾਂ ਵਧ ਕੀਮਤ 'ਤੇ ਵਿਦੇਸ਼ ਵਿਚ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਫੈਲਾਅ ਲਈ ਜ਼ਿੰਮੇਵਾਰ ਤਿੰਨ ਮੁੱਖ ਘਟਕਾਂ ਦਾ ਕਾਰਨ ਵਿਸ਼ਵੀ ਘਾਟਾਂ ਹਨ। ਇਨ੍ਹਾਂ ਦੀ ਵਜ੍ਹਾ ਕਰਕੇ ਇਸਪਾਤ ਦੀਆਂ ਕੀਮਤਾਂ 'ਚ 5 ਫੀਸਦੀ, ਊਰਜਾ ਤੇ ਡੀਜ਼ਲ 'ਚ 17 ਫੀਸਦੀ ਅਤੇ ਖਾਣ ਵਾਲੇ ਤੇਲਾਂ 'ਚ 18 ਫੀਸਦੀ ਦਾ ਵਾਧਾ ਹੋਇਆ ਹੈ। ਖਾਣ ਵਾਲੇ ਤੇਲਾਂ ਵਿਚ ਆਈ ਤੇਜ਼ੀ ਕਾਰਨ 2007 'ਚ ਖੇਤੀ ਤਿਲਹਨਾ ਦੀ ਪੈਦਾਵਾਰ 16 ਫੀਸਦੀ ਵਧੀ। ਇਹ 2006 'ਚ ਖੇਤੀ ਵਸਤਾਂ 'ਚ ਆਈ ਵਿਸ਼ਵੀ ਤੇਜ਼ੀ ਦੀ ਵਜ੍ਹਾ ਕਾਰਨ ਹੋ ਰਿਹਾ ਹੈ। ਸੰਸਾਰਕ ਸਪਲਾਈ 'ਚ ਕਮੀ ਦਾ ਇਲਾਜ ਘਰੇਲੂ ਮੰਗ ਨੂੰ ਘਟਾਉਣ ਨਾਲ ਨਹੀਂ ਹੋ ਸਕਦਾ। ਸਰਕਾਰ ਨੇ ਚਲਾਕੀ ਨਾਲ ਇਹ ਗੱਲ ਉਸ ਸਮੇਂ ਮੰਨ ਲਈ ਜਦ ਉਸ ਨੇ ਪਹਿਲੀ ਗੈਰ-ਬਾਸਮਤੀ ਅਤੇ ਮਾਰਚ 'ਚ ਬਾਸਮਤੀ ਚਾਵਲ ਦੀ ਬਰਾਮਦ 'ਤੇ ਰੋਕ ਲਾਈ। ਉਸ ਨੇ ਤਦ ਵੀ ਇਹ ਮੰਨ ਲਿਆ ਸੀ ਕਿ ਇਸਪਾਤ ਵਸਤਾਂ ਦੀ ਬਰਾਮਦ 'ਤੇ ਰੋਕ ਲਾਈ। ਹੁਣ ਕੀਮਤ ਘੱਟ ਕਰਨ ਲਈ ਸਰਕਾਰ ਕੁਝ ਨਹੀਂ ਕਰ ਸਕਦੀ। ਇਸ ਲਈ ਹੁਣ ਅਜਿਹੀ ਨੀਤੀ 'ਤੇ ਚੱਲ ਰਹੀ ਹੈ ਜਿਸ ਨਾਲ ਹੋਣਾ ਤਾਂ ਕੁਝ ਨਹੀਂ ਹੈ ਪਰ ਲੋਕਾਂ ਨੂੰ ਯਕੀਨ ਦਵਾ ਸਕਦੀ ਹੈ ਕਿ ਉਹ ਆਪਣੀ ਤਰਫ਼ੋਂ ਪੂਰੀ ਕੋਸ਼ਿਸ਼ ਕਰ ਰਹੀ ਹੈ। ਇਹ ਇਕ ਬਹੁਤ ਵੱਡਾ ਧੋਖਾ ਹੈ, ਇਸ ਦਾ ਪ੍ਰਭਾਵ ਸਿਰਫ ਇੰਨਾ ਹੋ ਰਿਹਾ ਹੈ ਕਿ ਨੌਕਰੀਆਂ 'ਚ ਨਵੀਆਂ ਥਾਵਾਂ ਦੇ ਬਣਨ ਦੀ ਦਰ 'ਚ ਕਮੀ ਆਈ ਹੈ। ਅਤੇ ਇਹ ਉਹ ਸਮਾਂ ਹੈ ਜਦ ਗਰੀਬ ਆਦਮੀ ਲਈ ਜਿਉਣਾ ਹੋਰ ਵਧ ਦੁੱਭਰ ਹੁੰਦਾ ਜਾ ਰਿਹਾ ਹੈ ਜਿਥੋਂ ਤੱਕ ਰਾਜਨੀਤੀ ਦਾ ਸੁਆਲ ਹੈ। 2004 'ਚ ਭਾਜਪਾ ਵੋਟਰ ਨੂੰ ਇਹ ਯਕੀਨ ਦਿਵਾਉਣ 'ਚ ਸਫਲ ਨਹੀਂ ਹੋ ਸਕੀ ਕਿ ਭਾਰਤ ਜਗਮਗਾ ਰਿਹਾ ਹੈ ਪਰ ਹੁਣ 2009 'ਚ ਇਹ ਉਨ੍ਹਾਂ ਨੂੰ ਵਿਸਵਾਸ਼ ਦਿਵਾਉਣ 'ਚ ਸਫਲ ਹੋ ਸਕਦੀ ਹੈ ਕਿ ਕਾਂਗਰਸ ਨੇ ਉਸ ਦੀ ਛੱਡੀ ਹੋਈ ਜਗਮਗਾਉਂਦੀ ਅਰਥ ਵਿਵਸਥਾ ਨੂੰ ਤਹਿਸ ਨਹਿਸ ਕਰ ਦਿੱਤਾ ਹੈ।

# ਵਿਸ਼ਵੀਕਰਨ ਤੇ ਮਨੁੱਖੀ ਅਧਿਕਾਰ

ਇਤਿਹਾਸ ਆਪਣੀ ਯਾਤਰਾ ਵਿਚਾਰਧਾਰਾ ਦੇ ਬਲਬੂਤੇ ਤਹਿ ਕਰਦਾ ਹੈ ਅਤੇ ਭਾਰੂ ਜਮਾਤ ਵਿਚਾਰਧਾਰਾ ਦੇ ਹਮਲੇ ਨਾਲ ਆਪਣੀ ਗੱਲ ਮਨਵਾਉਂਦੀ ਹੈ। ਸਮਾਜਕ ਰਾਜਨੀਤਕ ਸ਼ਕਤੀ ਹਮੇਸ਼ਾ ਵਿਚਾਰਧਾਰਾ ਦੇ ਮਾਧਿਆਮ ਰਾਹੀਂ ਸਰਗਰਮ ਤੇ ਤਾਕਤਵਾਰ ਬਣਦੀ ਹੈ। ਸੰਸਾਰ 'ਚ ਤਾਕਤ ਦੀ ਖੇਡ 'ਚ ਵਿਚਾਰਧਾਰਾ ਦਾ ਹੀ ਮਹੱਤਵ ਹੈ। ਸ਼ਕਤੀਸ਼ਾਲੀ ਲੋਕ ਤੇ ਦੇਸ਼ ਹੀ ਤਹਿ ਕਰਦੇ ਹਨ ਕਿ ਕੀ ਕਹਿਣਾ ਹੈ ਕੀ ਨਹੀਂ ਕਹਿਣਾ ਹੈ, ਉਸ ਨੂੰ ਕਿਵੇਂ ਕਹਿਣਾ ਹੈ ਜੋ ਵਿਚਾਰ ਵਟਾਂਦਰਾ ਤੇ ਵਿਚਾਰਧਾਰਾ ਦੀ ਸ਼ਕਤੀ ਰਖਦੇ ਹਨ ਅਤੇ ਜਿਨ੍ਹਾਂ ਨੂੰ ਪੂੰਜੀਵਾਦੀ ਸਾਮਰਾਜੀ ਕਹਿਣ ਨਾਲ ਵੀ ਉਹਨਾਂ ਦਾ ਕੁਝ ਨਹੀਂ ਵਿਗੜਦਾ ਉਹ ਵੀ ਇਤਿਹਾਸ ਨੂੰ ਅੱਗੇ ਵਧਾਉਂਦੇ ਹਨ।

ਯੂਰਪ ਕੇਂਦਰਿਤ ਸੱਤਾ ਬਸਤੀਵਾਦੀ ਗੁਲਾਮੀ ਨੂੰ ਕਾਇਮ ਰੱਖਣ ਵਿਚ ਸਫਲ ਹੋਇਆ ਅਤੇ ਉਸ ਨੇ ਮੁਕਤ ਬਜ਼ਾਰਵਾਦ ਭਾਵ ਵਿਸ਼ਵੀਕਰਨ ਦਾ ਉਤਰ ਅਧੁਨਿਕਤਾਵਾਦੀ ਚਿੰਤਨ ਪੱਕਾ ਕੀਤਾ। ਵਿਸ਼ਵੀਕਰਨ ਅਤੇ ਗਲੋਬਲ ਪਿੰਡ' ਦੇ ਭਰਮਾਊ ਨਾਹਰਿਆਂ ਸੁਪਨਿਆਂ ਛੱਲ ਕਪਟਾਂ ਨੇ ਸਾਨੂੰ ਹਟਕਾ ਕੇ ਹੀ ਦਮ ਲਿਆ ਹੈ। ਪੱਛਮੀ ਗਿਆਨ ਵਿਗਿਆਨ ਨੇ ਵਿਗਿਆਨਕ ਤੇ ਤਕਨੋਲੋਜੀ ਇਨਕਲਾਬ ਲਈ ਸਾਨੂੰ ਮਜ਼ਬੂਰ ਕਰ ਦਿੱਤਾ ਹੈ ਵਿਸ਼ਵੀਕਰਨ ਦੀ ਆਮਦ ਹੇਠਾਂ ਪੱਛਮੀ ਸਾਮਰਾਜਵਾਦ ਨੇ ਬੜੀ ਹੀ ਚਤਰਾਈ ਨਾਲ ਏਸ਼ੀਆ ਦੀ ਧਰਤੀ ਤੇ ਸੱਭਿਆਚਾਰਕ ਸਾਮਰਾਜਵਾਦ ਦਾ ਝੰਡਾ ਲਹਿਰਾ ਦਿੱਤਾ ਹੈ। ਫੌਜੀ ਕਰਵਾਈ ਕਰਕੇ ਅਮਰੀਕਾ ਇਰਾਕ ਨੂੰ ਗੁਲਾਮ ਨਹੀਂ ਬਣਿਆ ਸਕਿਆ ਪਰ ਉਸ ਦੇ ਸੱਭਿਆਚਾਰਕ ਪ੍ਰਬੰਧ ਨੇ ਅੱਜ ਦੱਖਣੀ ਏਸ਼ੀਆਈ ਦੇਸ਼ਾਂ ਨੂੰ ਆਪਣਾ ਗੁਲਾਮ ਬਣਾ ਲਿਆ ਹੈ। ਅੱਜ ਭਾਰਤੀ ਉਪ ਮਹਾਂਦੀਪ ਦੇ ਘਰਾਂ ਵਿਚ ਬੈਡਰੂਮ ਕਿਚਨ ਤੇ ਬਾਥਰੂਮ ਤਕ ਵਿਚ ਅਮਰੀਕਾ ਘੁਸਿਆ ਹੋਇਆ ਹੈ। ਸਾਡੇ ਬੁਨਿਆਦੀ ਵਿਸ਼ਵਾਸ਼, ਪ੍ਰੀਵਾਰਰਿਕ ਸਮਾਜਕ ਸਬੰਧ ਤੇ ਮਨੁੱਖੀ ਸਬੰਧਾਂ ਸਭ ਨੂੰ ਇਹ ਮੰਧੋਲ ਰਿਹਾ ਹੈ। ਇਹ ਸਾਨੂੰ ਖਿੰਡਾਅ ਦੀ ਪੀੜ ਦਾ ਅਨੁਭਵ ਵੀ ਨਹੀਂ ਹੋਣ ਦੇ ਰਿਹਾ ਹੈ ਕਿਉਂਕਿ ਇਹ ਸਾਡੇ ਦਿਮਾਗ ਦਾ ਅਨੁਕੂਲਨ ਕਰ ਰਿਹਾ ਹੈ। ਇਕ ਅਜੀਬ ਕਿਸਮ ਦੀ ਆਪਾਧਾਪੀ, ਹਿੰਸਾ ਤੇ ਹਵਸ਼ ਦਾ ਸਭਿਆਚਾਕ ਸਾਡੇ ਉੱਪਰ ਲੱਦਿਆ ਜਾ ਰਿਹਾ ਹੈ ਅਤੇ ਸਾਡੀ ਆਪਣੀਆਂ ਸੱਭਿਆਚਾਕ ਵਿਰਾਸਤਾਂ ਤੇ ਜੀਵਨ ਕਦਰਾਂ ਕੀਮਤਾਂ ਪਿਛੇ ਧੱਕੀਆਂ ਜਾ ਰਹੀਆਂ ਹਨ।

ਦੇਰਿਦਾ ਨੇ ਟੁਕੜਿਆਂ ਰਾਹੀਂ ਹਰੇਕ ਖੇਤਰ ਦੇ ਸੰਰਚਨਾਵਾਦ ਨੂੰ ਤੋੜਨ ਦਾ ਸੱਦਾ ਦਿੱਤਾ। ਕੇਂਦਰੀਕਰਨ ਨੂੰ ਚੁਣੌਤੀ ਦਿੱਤੀ। ਉਸ ਨੇ ਖਿੰਡਾਅ ਰਾਹੀਂ ਕੇਂਦਰਕ੍ਰਿਤ ਵਿਵਸਥਾ ਦੇ ਇਕ ਸਮੂਹ ਨੂੰ ਤੋੜਿਆ, ਪਰ ਇਸ ਦੀ ਥਾਂ ਹੋਰ ਕੋਈ ਵਿਵਸਥਾ ਜਨਮ ਨਹੀਂ ਲੈ ਸਕੀ ਬਲਕਿ ਇਕ ਵਿਵਸਥਾਹੀਣ ਸਭਿਆਚਾਰ ਨੇ ਜਨਮ ਲਿਆ ਉਸ ਦੇ ਇਤਿਹਾਸ ਨੂੰ ਫਿਰ ਤੋਂ ਪੜਨ ਦੀ ਸਲਾਹ ਦਿੱਤੀ, ਉਸ ਨੇ ਚੇਲਿਆਂ ਨੇ ਇਤਿਹਾਸ ਨੂੰ ਨਾਕਾਰ ਦਿੱਤਾ। ਸੋਵੀਅਤ ਸੰਘ ਟੁਟਿਆ ਤਾਂ ਫਰਾਂਸਿਸ ਫੂਕੂਯਾਮਾ ਨੇ ਐਲਾਨ ਕਰ ਦਿੱਤਾ ਕਿ ਇਤਿਹਾਸ ਦਾ ਅੰਤ ਹੋ ਗਿਆ ਹੈ ਪਰੰਤੂ ਉਹਨਾਂ ਸੁਆਲਾਂ ਦਾ ਕੀ ਹੋਇਆ ਜਿਨ੍ਹਾਂ ਨੂੰ ਸੋਵੀਅਤ ਸਮਾਜਵਾਦੀ ਸੱਤਾ ਹੱਲ ਨਹੀਂ ਕਰ ਸਕੀ? ਫੂਕੂਯਾਮਾ

ਨੇ ਇਤਿਹਾਸ ਦੇ ਅੰਤ ਦਾ ਐਲਾਨ ਤਾਂ ਕਰ ਦਿੱਤਾ ਪਰ ਕੋਈ ਨਵਾਂ ਇਤਿਹਾਸ ਰਚਿਆ ਜਾਵੇ, ਇਸ ਦੀ ਗੁੰਜਾਇਸ਼ ਕਿਥੇ ਛੱਡੀ? ਅਰਥਾਤ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਵਿਕਾਸ ਦੀ ਆਖਰੀ ਹੱਦ ਉਹੀ ਹੈ ਜਿਥੇ ਪੱਛਮ ਦੇ ਵਿਕਸਤ ਦੇਸ ਪਹੁੰਚ ਚੁੱਕੇ ਹਨ। ਇਤਿਹਾਸ ਦਾ ਅੰਤ ਹੋ ਗਿਆ ਵਿਚਾਰ ਦਾ ਅੰਤ ਹੋ ਗਿਆ। ਲੇਖਕ ਦਾ ਅੰਤ ਹੋ ਗਿਆ ਫਿਰ ਬਚਿਆ ਕੀ? ਅੰਤ ਦੇ ਬਾਅਦ ਕੋਈ ਨਵੀਂ ਚੀਜ਼ ਬਣਦੀ ਹੈ ਪਰ ਇਥੇ ਕੁਝ ਬਣਦਾ ਹੀ ਨਹੀਂ ਹੈ? ਅੰਤ ਦਾ ਇਕ ਅੰਤਹੀਣ ਸਿਲਸਲਾ ਹੈ। ਅੰਤ ਤੋਂ ਬਾਅਦ ਅੰਤ। ਭਾਵ ਅਸੀਂ ਇਤਿਹਾਸਵੀਹਣਾ ਜੀਵਨ, ਜਗਤ, ਸਮਾਜ ਤੇ ਪ੍ਰੀਵਾਰ ਦੀ ਧਾਰਨਾ ਤੋਂ ਕਟੀ ਆਸਥਾ ਸੰਵੇਦਨਾ ਆਦਿ ਮੂਲਭੂਤ ਮੁੱਲਾਂ ਤੋਂ ਵਾਂਝੇ ਸਮੇਂ 'ਚ ਅਸੀਂ ਜਿਉਂਣਾ ਹੈ। ਅੱਜ ਧਰਮ ਤੇ ਮੁੱਲ ਦੇ ਅਧਾਰ 'ਤੇ ਦੁਨੀਆਂ ਦੇ ਗਰੀਬ ਲੋਕ ਸੰਘਰਸ਼ ਕਰ ਰਹੇ ਹਨ ਅਤੇ ਇਕ ਅਮਰੀਕੀ ਬੁਧੀਜੀਵੀ ਹਟਿਗਟਨ ਅਟਹਾਸ ਦੀ ਮੁਦਰਾ 'ਚ ਇਸ ਧਰਮ ਨੂੰ ਸਭਿਆਤਾਵਾਂ ਦੇ ਭੇੜ ਵਜੋਂ ਪੇਸ਼ ਕਰ ਰਿਹਾ ਹੈ।

ਵਿਸ਼ਵੀਕ੍ਰਿਤ ਦੁਨੀਆਂ 'ਚ ਜਿਸ ਤਰ੍ਹਾਂ ਨਾਲ ਯੂਰਪ ਤੇ ਅਮਰੀਕਾ ਦੇ ਰਾਜ ਨੇਤਾਵਾਂ ਨੇ ਆਪਣੀ ਦਮਨਕਾਰੀ ਸਾਮਰਾਜਵਾਦੀ ਨੀਤੀਆਂ ਨਾਲ ਮਨੁੱਖਤਾ ਦਾ ਘਾਣ ਕੀਤਾ ਹੈ। ਜਿਸ ਤਰ੍ਹਾਂ ਨਾਲ ਉਹਨਾਂ ਦੇ ਦਮਨਕਾਰੀ ਸਾਮਰਾਜਵਾਦ ਨਾਲ ਮਨੁੱਖੀ ਅਧਿਕਾਰ ਤਹਿਸ ਨਹਿਸ ਹੋ ਰਹੇ ਹਨ ਤੇ ਮਨੁੱਖਤਾ ਬੇਇਜ਼ਤ ਹੁੰਦੀ ਆ ਰਹੀ ਹੈ ਉਹ ਲੁਕਿਆ ਹੋਇਆ ਨਹੀਂ ਕਿਉਂਕਿ ਮਨੁੱਖੀ ਅਧਿਕਾਰਾਂ ਤੇ ਲੋਕ ਰਾਜ ਦੀ ਸਭ ਤੋਂ ਵੱਧ ਦੁਹਾਈ ਉਹੀ ਦਿੰਦੇ ਹਨ। ਜਿਸ ਤਰ੍ਹਾਂ ਨਾਲ ਤੀਜੀ ਦੁਨੀਆਂ ਬਰਮਾ (ਮੀਆਮਾਰ) ਬੰਗਲਾ ਦੇਸ਼, ਸ੍ਰੀ ਲੰਕਾ, ਚੀਨ, ਇੰਡੋਨੇਸ਼ੀਆ ਵਰਗੇ ਦੇਸ਼ਾਂ ਵਿਚ ਅੱਜ ਵੀ ਲੋਕ ਰਾਜ ਦੇ ਪਰਦੇ ਹੇਠਾਂ ਜਾਗੀਰਦਾਰੀ ਪ੍ਰੀਵਾਰਵਾਦ, ਲਿੰਗਭੇਦ, ਜਾਤੀਵਾਦ ਤੇ ਨਸਲਵਾਦ ਮੌਜੂਦ ਹੈ ਤੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੋ ਰਹੀ ਹੈ ਅਤੇ ਭੁੱਖ ਪੇਟਾਂ ਨੂੰ ਅੰਨ, ਪੀਣ ਦਾ ਪਾਣੀ ਤੇ ਸਿਰ ਉੱਪਰ ਛੱਤ ਮੁਹਈਆ ਕਰਵਾਉਣ ਤੱਕ ਵਿਚ ਇਹਨਾਂ ਦੀਆਂ ਸਰਕਾਰਾਂ ਦੀ ਦਿਲਚਸਪੀ ਨਹੀਂ ਹੈ ਅਤੇ ਜਿਸ ਤਰ੍ਹਾਂ ਨਾਲ 1968 ਦੇ ਫਰਾਂਸ ਤੋਂ ਲੈ ਕੇ 70 ਦੇ ਦਹਾਕੇ ਵਿਚ ਵਿਅਤਨਾਮ ਯੁੱਧ ਵਿਰੋਧੀ ਅਮਰੀਕਾ ਤੱਕ 80 ਦੇ ਦਹਾਕੇ ਵਿਚ ਤਿਆਨਮੈਨ ਸਕਵਾਇਰ ਦੇ ਲੋਕ ਰਾਜ ਸਮਰਥਕ ਵਿਦਿਆਰਥੀਆਂ 'ਤੇ ਟੈਂਕਾਂ ਦੇ ਹਮਲੇ ਤਕ ਮਨੁੱਖ ਦੇ ਅਧਿਕਾਰ ਕੁਚਲਣ ਵਾਲੇ ਸਾਮਰਾਜਵਾਦ ਤੇ ਉਸ ਦੇ ਜਬਰ ਖਿਲਾਫ ਵਿਆਪਕ ਅਤੇ ਪ੍ਰਭਾਵਸ਼ਾਲੀ ਇਨਕਲਾਬ ਤੇ ਪ੍ਰਤੀਕਰਮ ਹੁੰਦੇ ਰਹੇ ਹਨ। ਉਸ ਨਾਲ ਇਹ ਖਤਰਾ ਸਾਫ ਝਲਕਦਾ ਹੈ ਕਿ ਜੇ ਗੈਲਪ ਰਪਟ ਦੀ ਚੇਤਾਵਨੀ ਸਹੀ ਹੈ ਤਾਂ ਲੋਕਤੰਤਰ ਦੀ ਦਸ਼ਾ-ਦਿਸ਼ਾ ਦੇ ਰਖਵਾਲੇ ਰਾਜਸੀ ਨੇਤਾਵਾਂ ਤੋਂ ਜਨਤਾ ਦਾ ਮੋਹ ਭੰਗ ਦੁਨੀਆਂ ਨੂੰ ਇਕ ਬੇਲਗਾਮ ਕਾਰਪੋਰੇਟ ਬਜਾਰਵਾਦ ਦੇ ਹਵਾਲੇ ਨਾ ਕਰ ਦੇਵੇ ਜੋ ਪੁੰਜੀ ਦੀ ਆਜ਼ਾਦੀ ਦੇ ਪੱਖ ਵਿਚ ਵੱਧ ਹੈ ਅਤੇ ਮਨੁੱਖੀ ਅਧਿਕਾਰਾਂ ਦੇ ਪੱਖ ਵਿਚ ਘੱਟ। ਬੇਲਗਾਮ ਕਾਰਪੋਰੇਟ ਬਜ਼ਾਰਵਾਦ ਦਾ ਖਤਰਾ ਇਹ ਹੈ ਕਿ ਇਸ ਕਾਰਨ ਸਮਾਜਰਥਕ ਵਿਸ਼ਸਤਾ ਨਾਬਰਾਬਰੀ ਤੇ ਸਮਾਜਿਕ ਅਨਿਆ 'ਚ ਵਾਧਾ ਹੁੰਦਾ ਹੈ ਅਤੇ ਸਮਾਜਾਰਥਕ(socio-economic)ਤਣਾਅ ਪੈਦਾ ਹੁੰਦਾ ਹੈ ਇਸ ਕਰਾਨ ਭਾਰਤ ਅੱਤਵਾਦੀ, ਅਸੰਤੁਸ਼ਟ ਤੇ ਵੰਚਿਤ ਸਮੂਹ ਪੈਦਾ ਹੁੰਦੇ ਹਨ। ਜਿਹਨਾਂ ਵਿਚ ਅਪਰਾਧਿਕ ਅੱਤਵਾਦੀ ਤੇ ਆਤੰਕਵਾਦੀ ਤੱਤ ਉਭਰਦੇ ਹਨ। ਜਿਹਨਾਂ ਦੀਆਂ ਹਿੰਸਕ ਗਰਮੀਆਂ 'ਤੇ ਕਾਬੂ ਪਾਉਣ ਲਈ ਸਰਕਾਰ ਇਸ ਬਹਾਨੇ

ਮੀਸਾ ਤੇ ਟਾਡਾ ਪੋਟਾ ਵਰਗੇ ਕਾਲੇ ਕਾਨੂੰਨ ਵਰਤਦੀਆਂ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਜਿਹਨਾਂ ਦੀ ਆੜ ਵਿਚ ਪੁਲਸ ਤੇ ਫੌਜ ਬੇਰਹਿਮੀ ਨਾਲ ਹੋਰ ਖੁੱਲ੍ਹੇ ਆਮ ਮਨੁੱਖ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਜੋ ਮਨੁੱਖਤਾ ਲਈ ਇਕ ਗੰਭੀਰ ਚਣੌਤੀ ਹੈ ਕਿਉਂਕਿ ਮਨੁੱਖ ਮਾਣ ਇਜਤ ਅਜਾਦੀ ਤੇ ਉਸ ਨੂੰ ਬਰਕਰਾਰ ਰੱਖਣ ਵਾਲਾ ਇਕ ਮਜ਼ਬੂਤ ਲੋਕਰਾਜੀ ਢਾਚਾ ਅੱਜ ਯੂਰਪ ਤੇ ਅਮਰੀਕਾ ਵਿਚ ਹੀ ਨਹੀਂ ਸਮੁੱਚੀ ਦੁਨੀਅਏ ਦੇ ਸਾਰੇ ਦੇਸ਼ਾਂ ਦੀ ਹੋਂਦ ਬਚਾਈ ਰੱਖਣ ਦੀ ਇਕ ਬੁਨਿਆਦੀ ਸ਼ਰਤ ਵੀ ਹੈ ਇਹ ਬਿਨ੍ਹਾਂ ਕਾਰਨ ਹੀ ਨਹੀਂ ਹੈ ਕਿ ਅੱਜ ਪਾਕਿਸਤਾਨੀ ਸਮਾਜ ਤੇ ਰਾਜ ਨੀਤੀ ਵਿਚ ਕੱਟੜ ਪੰਥੀਆਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ। ਧਰਮ ਦੀ ਆੜ ਵਿਚ ਉਥੇ ਅੱਤਵਾਦ ਦਾ ਕਾਰੋਬਾਰ ਚਲ ਰਿਹਾ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਧਰਮਾਂ ਤੋਂ ਪ੍ਰੇਰਨਾ ਲੈਣ ਵਾਲੇ ਲੋਕ ਆਪਣੇ ਇਸਲਾਮ ਧਰਮ ਦੀਆਂ ਮੂਲ ਧਾਰਨਾਵਾਂ ਦੇ ਵੀ ਉਲਟ ਜਾਬਰ, ਹਿੰਸਕ ਤੇ ਗੈਰ ਮਨੁੱਖੀ ਵਰਤਾਅ ਕਰਨ ਤੋਂ ਨਹੀਂ ਹਿਚਕਚਾਉਂਦੇ ਰਹੇ। ਇਹ ਮੱਧਯੁਗੀ ਰੁਝਾਣ ਨਹੀਂ ਤਾਂ ਹੋਰ ਕੀ ਹੈ ਪਾਕਿਸਤਾਨ ਦੇ ਸਰਹੱਦੀ ਖੇਤਰਾਂ ਦੇ ਲੋਕਾਂ ਦਾ ਕਬੀਲਾਈ ਜੀਵਨ ਮੱਧਵਰਗ ਤੋਂ ਅੱਗੇ ਵਧ ਦਾ ਨਹੀਂ ਦਿਸ ਰਿਹਾ ਅਧੁਨਿਕ ਸੰਸਥਾਵਾਂ ਇਹ ਸਮਾਜਾਂ 'ਚ ਦਾਖਲ ਨਹੀਂ ਹੋ ਸਕੀਆਂ ਹਨ। ਲੋਕਰਾਜੀ ਸੰਸਥਾਵਾਂ ਦੀ ਆੜ ਵਿਚ ਭਰਿਸ਼ਟਾਚਾਰ ਤੇ ਅਕੁਸ਼ਲਤਾ ਨੇ ਜੁੜਾਂ ਜਮਾਂ ਲਈਆਂ ਹਨ। ਇਸ ਨਾਲ ਲੋਕਰਾਜੀ ਤੇ ਰਾਜਨੀਤੀ ਪ੍ਰਤੀ ਇਸ ਖੇਤਰ 'ਚ ਨਫਰਤ ਹੈ, ਭੁਖ ਹੈ। ਪਾਕਿਸਤਾਨੀ ਸਮਾਜ ਵਿਚ ਹਫੜਾ ਤਫੜੀ ਇਸ ਲਈ ਦਿਸ ਰਹੀ ਹੈ ਕਿ ਗ਼ਰੀਬੀ ਨਾਲ ਬੇਚੈਨ ਸਮਾਜਾਂ ਵਿਚ ਹਫੜਾ ਤਫੜੀ ਵੱਧ ਹੁੰਦੀ ਹੈ। ਜਿਨ੍ਹਾਂ ਸਮਾਜਾਂ ਵਿਚ ਬੱਚੇ ਗਰੀਬੀ, ਗੈਰਬਰਬਰੀ, ਅਨਿਆਂ ਤੇ ਮੱਧਵਰਗੀ ਸਿਖਿਆ ਪ੍ਰਣਾਲੀ ਵਿਚ ਪੈਦਾ ਹੁੰਦੇ ਹਨ ਉਹਨਾਂ ਦਾ ਦੁਨੀਆਂ ਨਾਲ ਮੋਹਭੰਗ, ਅਸ਼ਾਂਤੀ, ਉਨਮਾਦ, ਅੱਤਵਾਦ, ਹਮਲਾਵਰਤਾ ਅਤੇ ਯੁੱਧ ਦੀ ਜ਼ਮੀਨ ਤਿਆਰ ਹੁੰਦੀ ਹੈ। ਪਾਕਿਸਤਾਨੀ ਹਾਕਮ ਜਮਾਤ ਪੂਰੀ ਤਰ੍ਹਾਂ ਨਾਲ ਢੀਠ ਚਲ ਰਹੀ ਹੈ। ਆਪਣੀ ਜਨਤਾ ਦੇ ਦੁਖਦਰਦ ਤੋਂ ਬਿਲਕੁਲ ਬੇਖਬਰ ਤੇ ਬੇਰੁਖਾ। ਅੱਜ ਪੂਰੀ ਦੁਨੀਆਂ 'ਚ ਬਜ਼ਾਰਵਾਦ ਦੀ ਧੁੰਮ ਹੈ। ਉਦਾਰੀ ਕਰਨ, ਨਿਜੀਕਰਨ ਤੇ ਵਿਸ਼ਵੀਕਰਨ ਬਜ਼ਾਰਵਾਦ ਦੇ ਇਹ ਤਿੰਨ ਔਜਾਰ ਹਨ। ਇਹ ਤਿੰਨੋ ਹੀ ਇਕ ਜੜ ਤੋਂ ਉਗਦੇ ਹਨ। ਸਾਡੇ ਸਮੇਂ ਦੀ ਮੁਖੀ ਬਹਿਸ 'ਬਜ਼ਾਰਵਾਦ' ਇਹਨਾਂ ਔਜਾਰਾ ਦੇ ਇਰਦ ਗਿਰਦ ਘੁੰਮਦੀ ਹੈ। ਜਿਥੇ ਕੁਝ ਲੋਕ ਮਨੁੱਖ ਦੀਆਂ ਸਾਰੀਆਂ ਸਮਸਿਆਵਾਂ ਦਾ ਹੱਲ 'ਬਜ਼ਾਰਵਾਦ' ਦੇ ਇਹੀ ਔਜਾਰ ਹਨ। ਉਦਾਰੀ ਕਰਨ ਅਨੁਸਾਰ ਮਨੁੱਖ ਦੇ ਸਾਰੇ ਸਭਿਆਚਾਰਕ ਯਤਨਾ ਦਾ ਉਦੇਸ਼ ਹੈ ਉਸ ਨੂੰ ਖੁਲਮਖੁਲਾ ਬਣਾਉਣਾ ਵੱਖ-ਵੱਖ ਕਾਰਨਾ ਕਰਕੇ ਘਰ ਕਰ ਰਹੀ ਕਰੂਰਤਾਂ ਤੋਂ ਮਨੁੱਖ ਨੂੰ ਆਜ਼ਾਦ ਕਰਵਾਉਣਾ ਇਕ ਉਦਾਰ ਮਨਚਾਹੇ ਮਨੁੱਖ ਲਈ ਆਪਣੇ ਅੰਦਰ ਸਨਮਾਨਜਨਕ ਜਗਾਹ ਬਣਾ ਸਕਦਾ ਹੈ। ਸਭ ਤੋਂ ਉਪਰ ਮਨੁੱਖ ਦੇ ਹੋਣ ਦੇ ਸੱਚ ਲਈ ਮਨੁੱਖ ਨੂੰ ਉਦਾਰ ਹੋਣਾ ਪੈਂਦਾ ਹੈ। ਮਨੁੱਖ ਦੇ ਸਭਿਆਚਾਰਕ ਉਦਮ ਕੇਂਦਰੀ ਰਚਨਾ 'ਚ ਉਦਾਰਤਾ ਦਾ ਸਦਾਵਾਸ ਹੈ। ਉਦਾਰ ਹੋਣਾ ਜਾਂ ਲਿਬਰਲ ਹੋਣਾ ਮਨੁੱਖ ਦਾ ਸੁਪਨਾ ਰਿਹਾ ਹੈ। ਬਜ਼ਾਰ ਦੀ ਬਹਿਸ ਵਿਚ 'ਉਦਾਰੀਕਰਨ' ਦੀ ਵਰਤੋਂ ਸਭਿਆਚਾਰ ਦੀ ਚਿਰਸਥਾਈ ਯੁਕਤੀ ਵਜੋਂ ਨਾ ਹੋ ਕੇ ਤਬਾਹੀ ਦੀ ਨਵੀਂ ਪ੍ਰਯੁਕਤੀ ਵਜੋਂ ਹੁੰਦਾ ਹੈ। ਆਪਣੇ ਵਿਨਾਸ਼ਕਾਰੀ ਸਕੰਲਪਾਂ ਕਾਰਨ 'ਉਦਾਰੀਕਰਣ' ਮਨੁੱਖ ਤੋਂ ਵੱਧਬਜ਼ਾਰ ਨਾਲ ਜੁੜਦਾ ਹੈ। ਇਥੇ ਇਸ

ਦਾ ਅਰਥ ਹੋ ਜਾਂਦਾ ਹੈ ਇਕ ਜਗ੍ਹਾ ਬਣੀ ਵਸਤੂ ਦਾ ਦੂਜੀ ਥਾਂ ਬਜਾਰੀ ਸਹੂਲਤਾਂ ਪ੍ਰਦਾਨ ਕਰਨ 'ਚ ਉਦਾਰਤਾ ਵਰਤਨਾ। 'ਬਜ਼ਾਰਵਾਦ' ਆਪਣੇ ਨਾਲ ਜਿਸ ਪੂੰਜੀ ਨੂੰ ਲੈ ਕੇ ਆਉਂਦਾ ਹੈ ਓਹ ਆਪਣੇ ਸੁਭਾਅ ਤੋਂ ਹੀ ਵੱਧ ਚੰਚਲ ਹੁੰਦੀ ਹੈ। ਉਸ ਦੀ ਇਹ ਚੰਚਲਤਾ ਪੂੰਜੀ ਦੀ ਗਤਿਆਤਮਕੱਤਾ ਨੂੰ ਨਹੀਂ ਬਲਕਿ ਪੂੰਜੀ ਦੇ ਅਸਥਿਰ ਮਜਾਜ ਤੇ ਵਿਕਾਸ ਦੀ ਵਿਸਵਾਸਨੀਅਤਾ ਦੀ ਘਾਟ ਦਾ ਹੀ ਸੰਕੇਤ ਦਿੰਦੀ ਹੈ। ਐਸੀ ਪੂੰਜੀ ਵਿਚ 'ਕਿਰਤ' ਨਾਲ ਸਹਿ ਮੇਲ ਦਾ ਭਾਵ ਨਹੀਂ ਹੁੰਦਾ। ਪੈਦਾਵਾਰ ਤੇ ਵੰਡ 'ਚ ਪੂੰਜੀ ਤੇ ਕਿਰਨ ਦੇ ਸਹਿਮੇਲ ਤੇ ਉਸ ਦੀ ਸਮਾਜਿਕਤਾ ਨੂੰ ਬਹਾਲ ਨਾ ਰੱਖਿਆ ਜਾਵੇ ਤਾਂ ਉਸ ਦਾ ਮਾਨਵੀ ਚਿਹਰਾ ਵਿਗੜ ਜਾਂਦਾ ਹੈ। ਬਜ਼ਾਰਵਾਦ ਨਾਲ ਜੁੜ ਜਾਣ ਕਰਕੇ ਉਦਾਰਵਾਦ ਜੋ ਵੈਸੇ ਤਾਂ ਇਕ ਸਭਿਆਚਾਰਕ ਸ਼ਬਦਵਾਲੀ ਹੈ, ਦੀ ਉਦਾਰਤਾ ਦਾ ਰੁਝਾਣ ਇਸ ਦੀ ਅੰਤਰਵਸਤੂ ਪੂਰੀ ਤਰ੍ਹਾਂ ਬਦਲ ਗਈ ਹੈ। ਉਦਾਰਵਾਦ ਭਾਵ ਉਦਾਰਤਾ ਦੀ ਇਸ ਬਦਲੀ ਹੋਈ ਅੰਤਰਵਸਤੂ ਦੀ ਮੂਲ ਚੇਤਨਾ ਇਸ ਦੀ ਆਪਣੀ ਰਵਾਇਤੀ ਪ੍ਰਸੰਗਿਕ ਮੂਲ-ਚੇਤਨਾ ਤੋਂ ਨਾਂ ਸਿਰਫ ਭਿੰਨ ਹੈ ਬਲਕਿ ਵਿਰੋਧੀ ਵੀ ਹੈ।

ਇਹ ਬਿਨਾ ਕਾਰਨ ਦੇ ਨਹੀਂ ਹੈ ਕਿ ਵਿਸ਼ਵੀਕਰਨ ਦੀ ਹਨੇਰੀ 'ਚ ਅਤੇ ਬਜ਼ਾਰਵਾਦ ਦੀ ਗਹਿਮਾ-ਗਹਿਮੀ 'ਚ ਲੋਕ ਰਾਜਾਂ ਨੂੰ ਚਲਾਉਣ ਵਾਲੇ ਰਾਜਸੀ ਨੇਤਾਵਾਂ, ਰਾਜਸੀ ਦਲਾਂ ਤੇ ਰਾਜ ਸੰਸਥਾਵਾਂ 'ਚ ਆਮ ਲੋਕਾਂ, ਹਾਸ਼ੀਏ 'ਤੇ ਜੀਉਣ ਵਾਲੇ ਲੋਕਾਂ ਦੇ ਹਿੱਤਾਂ ਤੇ ਉਹਨਾਂ ਦੇ ਮਾਨਵੀ ਅਧਿਕਾਰਾਂ ਦੀ ਰਾਖੀ ਕਰਨ ਦੀ ਚਿੰਤਾ ਗੌਣ ਹੁੰਦੀ ਜਾ ਰਹੀ ਹੈ। ਲੋਕ ਰਾਜੀ ਢੰਗ ਨਾਲ ਜਿੱਤ ਕੇ ਆਈਆਂ ਸਰਕਾਰਾਂ ਤੋਂ ਹਾਸਲ ਸ਼ਕਤੀਆਂ ਦੀ ਵਰਤੋਂ ਲੋਕ ਰਾਜ ਦੀ ਮੂਲ ਭਾਵਨਾ ਦੇ ਵਿਰੁੱਧ ਕਰਨ ਤੋਂ ਗੁਰੇਜ ਨਹੀਂ ਕਰ ਰਹੀਆਂ ਹਨ। ਲੋਕ ਤੰਤਰ ਹੁਣ ਸੱਤਾ ਦੇ ਗਲਿਹਿਰਿਆਂ ਤੋਂ ਬਾਹਰ ਦੇ ਲੋਕਾਂ ਦੀ ਚਿੰਤਾ ਬਣਦਾ ਜਾ ਰਿਹਾ ਹੈ। ਜੋ ਲੋਕ ਲੋਕਰਾਜੀ ਅਮਲ ਨਾਲ ਸੱਤਾ 'ਚ ਆਉਂਦੇ ਹਨ, ਸੱਤਾ ਦੇ ਸਿਖ਼ਰ 'ਤੇ ਪਹੁੰਚ ਕੇ ਉਹਨਾਂ ਨੂੰ 'ਲੋਕਰਾਜ' ਜਹਿਮਤ ਹੀ ਲਗਦਾ ਹੈ।

ਕੱਟੜਤਾ ਨਾਲ ਉਦਾਰਤਾ ਲੜ ਸਕਦੀ ਹੈ ਪਰ 'ਬਜ਼ਾਰਵਾਦ' ਦੇ ਉਦਾਰੀਕਰਨ ਦੀ ਪ੍ਰੀਕ੍ਰਿਆਵਾਂ ਉਦਾਰੀਕਰਨ ਤੋਂ ਇਹ ਸ਼ਕਤੀ ਵੀ ਖੋਹ ਲੈਣ 'ਤੇ ਤੁਲੀਆਂ ਹੋਈਆਂ ਹਨ। 'ਬਜ਼ਾਰਵਾਦ' ਲੋਕਰਾਜ ਦੇ ਰੁਝਾਣ ਨਾਲ ਆਪਣੇ ਟਕਰਾਅ ਨੂੰ ਜਾਣਦਾ ਹੈ। ਇਸ ਲਈ 'ਬਜ਼ਾਰਵਾਦ' ਲੋਕਰਾਜ ਫਾਲਤੂਪੁਣੇ ਦੇ ਅਹਿਸਾਸ ਨਾਲ ਜੋੜਨਾ ਚਾਹੁੰਦਾ ਹੈ। ਬਜ਼ਾਰਵਾਦ ਉਹਨਾਂ ਲੋਕਾਂ ਨੂੰ ਆਪਣੇ 'ਮੰਡਲ' ਵਿਚ ਥਾਂ ਦਿੰਦਾ ਹੈ। ਜਿਨ੍ਹਾਂ 'ਚ ਖਰੀਦਣ ਵੇਚਣ ਦੀ ਯੋਗਤਾ ਹੁੰਦੀ ਹੈ। ਮੰਡਲ ਵਿਚ ਉਹਨਾਂ ਲਈ ਉਨੀ ਹੀ ਥਾਂ ਹੁੰਦੀ ਹੈ। ਵਿਸ਼ਵੀਕਰਨ ਖਰੀਦਣ-ਵੇਚਣ ਵਿਚ ਯੋਗ ਲੋਕਾਂ ਵਿਚਕਾਰ ਵੀ ਏਕਤਾ ਦਾ ਭਰਮ ਹੀ ਫੈਲਾਉਂਦਾ ਹੈ। ਰੱਜੇ-ਪੁੱਜੇ ਲੋਕਾਂ ਲਈ ਭੂਮੰਡਲ ਇਕ ਹੋਵੇ, ਇਹੀ ਭਾਵ ਹੈ ਵਿਸ਼ਵੀਕਰਨ ਦਾ ਜੋ ਸਾਮਰਾਜਵਾਦ ਦੇ ਮਨੋਨਕੂਲ ਨਹੀਂ ਹੈ,ਉਹਨਾਂ ਲਈ ਇਹ ਭੂਮੰਡਲ ਕਲੇਸ਼ ਨਾਲ ਘਿਰਿਆ, ਖੰਡਤ ਤੇ ਬੁਰੇ ਪ੍ਰਭਾਵਾਂ ਨਾਲ ਭਰਿਆ, ਹੌਲੀ-ਹੌਲੀ ਮੌਤ ਵੱਲ ਵਧਣ ਵਾਲਾ ਪ੍ਰਲੋਕ ਹੀ ਹੈ। ਸੱਚ ਤਾਂ ਇਹ ਹੈ ਕਿ ਬਜ਼ਾਰਵਾਦ ਇਕ ਔਜਾਰ ਹੈ ਸਾਮਰਾਜਵਾਦ ਦਾ ਸਾਮਰਾਜੀ ਉਦਾਰੀਕਰਨ, ਨਿਜੀਕਰਨ, ਵਿਸ਼ਵੀਕਰਨ ਤੇ ਬਜ਼ਾਰਵਾਦੀ ਵਿਚ ਮਨੁੱਖੀ ਸੰਵੇਦਨ ਸ਼ੀਲਤਾ ਤੇ ਮਨੁੱਖੀ ਅਧਿਕਾਰਾਂ ਦੀ ਗੁੰਜਾਇਸ਼

ਨਹੀਂ ਹੈ। ਭੂ ਮੰਡਲੀਕਰਨ ਮਨੁੱਖੀ ਅਧਿਕਾਰਾਂ ਸੰਬਧੀ ਤੇ ਹੋਰ ਕਈ ਤਰ੍ਹਾਂ ਦੇ ਜੋ ਸਮਾਜਿਕ ਰਾਜਸੀ ਅੰਦੋਲਨ ਚਲਾਏ ਜਾ ਰਹੇ ਹਟ ਉਹਨਾਂ ਨੂੰ ਤੋੜਨ ਲਈ ਆਪਣੀ ਯੋਗਤਾ ਸਿੱਧ ਕਰਨੀ ਚਾਹੁੰਦਾ ਹੈ। ਬਜ਼ਾਰਵਾਦ ਨਿਜੀਕਰਨ ਦੇ ਮਾਧਿਅਮ ਰਾਹੀਂ 'ਇਕ ਨਾਲ ਇਕ' ਬਲਕਿ 'ਇਕ ਦੇ ਉਪਰ ਇਕ' ਦੀ ਹੋਂਦ ਦੀ ਗੱਲ ਨੂੰ ਉਤਸ਼ਾਹਿਤ ਕਰਦਾ ਹੈ। ਬਜਾਰ ਦੀ ਉਤਪਤੀ ਕੋਈ ਅੱਜ ਦੀ ਗੱਲ ਨਹੀਂ ਹੈ। ਬਜ਼ਾਰ ਦਾ ਉਦੈ ਤਾਂ ਬਹੁਤ ਪਹਿਲਾਂ ਦੀ ਗੱਲ ਹੈ। ਕਬੀਰ ਨੇ ਕਿਹਾ ਸੀ 'ਕਬੀਰਾ ਖੜਾ ਬਾਜ਼ਾਰ ਮੇਂ, ਮਾਂਗੇ ਸਭਕੀ ਖੈਰ, ਅਤੇ ਇਹ ਵੀ ਕਿ 'ਕਬੀਰਾ ਖੜਾ ਬਾਜ਼ਾਰ ਮੇਂ' ਲੀਏ ਲੁਆਠੀ ਹਾਥ।' ਭਾਵ ਬਜ਼ਾਰ ਐਸੀ ਜਗਾਹ ਰਿਹਾ ਹੈ ਜਿਥੇ ਸ਼ਿਲਪੀ ਵਰਗਾਂ ਨੂੰ ਲੋਕ ਰਖਿਆ ਮਿਲਣੀ ਸ਼ੁਰੂ ਹੋਈ। ਇਸ ਤੋਂ ਪਹਿਲਾਂ ਕਿਰਤ ਤੇ ਹੁਨਰ ਨੂੰ ਰਖਿਆ ਦੇਣ ਤੋਂ ਵੱਧ ਉਹਨਾਂ ਤੋਂ ਬੈਗਾਰ ਕਰਵਾਉਣ ਵਾਲੇ ਰਾਜਾ-ਮਹਾਰਾਜਾ ਅਤੇ ਜਾਗੀਰਦਾਰੀ ਹੀ ਦ੍ਰਿਸ਼ ਦੇ ਸਿਖਰ 'ਤੇ ਸਨ। ਬਾਜ਼ਾਰ ਨੇ ਇਹ ਸੰਭਵ ਕੀਤਾ ਕਿ ਇਕ ਸ਼ਿਲਪੀ ਨੂੰ ਅਤੇ ਇਕ ਕਿਰਤੀ ਨੂੰ ਉਸ ਦੇ ਹੁਨਰ ਤੇ ਉਸ ਦੀ ਮੇਹਨਤ ਦਾ ਸਹੀ ਮੁੱਲ ਮਿਲੇ। ਪਰ ਅੱਜ ਦਾ ਬਾਜ਼ਾਰਵਾਦ ਬੀਤੇ ਕੱਲ ਦੇ ਬਾਜ਼ਾਰਵਾਦ ਤੋਂ ਵਖਰਾ ਹੈ। ਸਾਮਰਾਜਵਾਦ ਦੇ ਇਹਨਾਂ ਦਿਨਾ ਵਿਚ ਸਮੋਹਕ ਇਸ਼ਤਿਹਾਰਬਾਜੀ ਰਾਹੀਂ ਵਿਅਕਤੀ ਨੂੰ ਖਪਤਕਾਰੀ ਵਸਤੂ ਵਿਚ ਬਦਲਿਆ ਜਾ ਰਿਹਾ ਹੈ। ਇਛਾਵਾਂ ਦਾ ਜਰੂਰਤਾਂ ਨਾਲ ਕੋਈ ਸਬੰਧ ਨਹੀਂ ਰਹਿ ਗਿਆ ਹੈ। ਸਾਰੇ ਵਿਕਾਸਸ਼ੀਲ ਤੇ ਅਵਿਕਸਤ ਦੇਸ਼ਾਂ ਨੂੰ (ਇਹ ਸ਼ਬਦਾਵਲੀ ਵੀ ਪੱਛਮ ਦੀ ਹੀ ਹੈ) ਅਖੌਤੀ ਵਿਕਸਤ ਦੇਸ਼ ਆਪਣੀ ਤਕਨੀਕ ਸਮੇਂ-ਸਮੇਂ ਸਿਰ ਪਾਉਣ ਦਾ ਸਥਾਨ ਬਣਾਈ ਬੈਠੇ ਹਨ। ਜੇ ਅਸੀਂ ਬਜ਼ਾਰਵਾਦ 'ਤੇ ਗਹਿਰਾਈ ਨਾਲ ਵਿਚਾਰ ਕਰੀਏ ਤੇ ਇਸ ਰਾਹੀਂ ਉਸਰੇ ਚਰਚਿਤ ਔਜਾਰ 'ਵਿਸ਼ਵੀਕਰਨ' ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਅਸੀਂ ਵੇਖਾਂਗੇ ਕਿ ਭੂ ਮੰਡਲੀਕਰਨ ਸੰਸਾਰ ਦੀ ਸਾਰੀ ਮਨੁੱਖੀ ਅਬਾਦੀ ਨੂੰ ਆਪਣੇ ਦਾਇਰੇ 'ਚ ਬਿਲਕੁਲ ਵੀ ਨਹੀਂ ਸਮੇਟ ਦਾ। ਅਸਲ ਵਿਚ ਭੂ ਮੰਡਲ ਕਰਨ ਆਪਣੇ ਸਹੀ ਅਥਰਾਂ ਵਿਚ ਭੂ ਮੰਡਲਕਰਨ ਹੈ। ਅਰਥਾਤ ਇਹ ਦੁਨੀਆ ਹੋਰ ਕੁਝ ਨਹੀਂ ਸਿਰਫ਼ ਖਰੀਦਣ ਵੇਚਣ ਦੀ ਥਾਂ ਹੈ। ਇਕ ਮੰਡੀ ਹੈ, ਇਕ ਬਾਜ਼ਾਰ ਹੈ, ਦੁਨੀਆਂ ਦੇ ਸਾਮਰਾਜ ਦੀਆਂ ਨਜ਼ਰਾਂ ਵਿਚ ਗਰੀਬ-ਗੁਰਬੇ ਭੁੱਖੇ-ਨੰਗੇ ਲੋਕ, ਹਾਸ਼ੀਏ 'ਤੇ ਜਿਉਣ ਵਾਲੇ ਲੋਕ ਫਾਲਤੂ ਦਾ ਬੋਝ ਹਨ, ਜੋ ਬਜ਼ਾਰ 'ਚੋਂ ਜਦੋਂ ਲੰਘਦੇ ਹਨ ਤਾਂ ਉਹਨਾਂ ਦੇ ਖਰੀਦਦਾਰ ਨਹੀਂ ਹੁੰਦੇ (ਕਿਉਂਕਿ ਉਹਨਾਂ ਦੀਆਂ ਜੇਬਾਂ ਖਾਲੀ ਰਹਿੰਦੀਆਂ ਹਨ) ਜਾਂ ਉਹ ਦੁਨੀਆਂ 'ਚ ਰਹਿੰਦੇ ਤਾਂ ਹਨ, ਪਰ ਦੁਨੀਆਂ ਦੇ ਤਲਬਗਾਰ ਨਹੀਂ ਹੁੰਦੇ। ਭੂ ਮੰਡਲੀਕਰਨ ਦਾ ਮਾਨਵੀ ਚਿਹਰਾ ਮਖੌਟਾ ਹੈ। ਨਹੀਂ ਤਾਂ ਅਜਿਹੇ ਕਿਉਂ ਹੈ ਕਿ ਅੱਜ ਦੇ ਬਾਜ਼ਾਰਗਾਦ ਦੇ ਦੌਰ ਵਿਚ ਤੇਜੀ ਨਾਲ ਆਰਥਿਕ ਵਿਕਾਸਵੱਲ ਗਤੀਸ਼ੀਲ ਅਰਥ ਚਾਰਿਆਂ ਵਿਚ ਵੀ ਰੁਜ਼ਗਾਰ ਸਮਾਜਿਕ-ਸੁਰੱਖਿਆ, ਸਿਹਤ ਤੇ ਸਿਖਿਆ ਵਰਗੀਆਂ ਬੁਨਿਆਦੀ ਮਨੁੱਖੀ ਜਰੂਰਤਾਂ ਲਈ ਵੀ ਲੋੜੀਦੇ ਮੌਕੇ ਨਹੀਂ ਬਣ ਰਹੇ ਹਨ। ਲੋਕਰਾਜ ਦੇ ਵਿਰੁੱਧ ਵਿਚ ਹਵਾ ਚਲ ਰਿਹਾ ਹੈ ਅਤੇ ਮਨੁੱਖੀ ਅਧਿਕਾਰਾਂ 'ਤੇ ਚਾਰੇ ਪਾਸਿਉਂ ਹਮਲੇ ਹੋ ਰਹੇ ਹਨ। ਇਹ ਸੋਚਣ ਦੀ ਗੱਲ ਹੈ ਕਿ ਕੀ ਆਮ ਆਦਮੀ ਲੋਕਰਾਜ ਬਿਨ੍ਹਾਂ ਆਦਮੀ ਰਹਿ ਸਕੇਗਾ? ਅੱਜ ਬਜ਼ਾਰ ਦੀ ਸ਼ਾਨ ਖਾਤਰ ਹਰ ਮੁਲਕ ਨੂੰ ਵਿਸ਼ਵੀਕਰਨ ਦੇ ਜ਼ਹਿਰ ਨੂੰ ਪੀਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਵਿਸ਼ਵੀਕਰਨ ਇਕ ਤਰਫਾ ਮਾਰਗ ਹੈ ਜਿਥੇ ਵਿਚਾਰਾਂ ਤੇ ਵਸਤੁਆਂ (ਸਾਮਗਰੀ) ਦਾ ਪ੍ਰਵਾਹ ਇਕ ਹੀ ਦਿਸ਼ਾ ਵਿਚ

ਹੋ ਰਿਹਾ ਹੈ। ਇਹ ਇਕ ਇਕ ਤਰਫਾ ਰਾਹ (One Way Traffic) ਹੈ ਜਿਥੇ ਸਾਰੀਆਂ ਗੱਡੀਆਂ ਉੱਤਰ ਦਿਸ਼ਾ ਵਿਚ ਜਾ ਰਹੀਆਂ ਹਨ ਤੇ ਜਿਥੇ ਸਾਰਾ ਧੂੰਆ ਦੱਖਣ ਵੱਲ। ਸਿਟੇ ਵਜੋਂ ਭੂ ਮੰਡਲੀਕਰਨ ਵਿਰੋਧੀ ਕਤਾਰਾਂ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ। ਇਸ ਦਾ ਵਿਰੋਧੀ ਕਰਨ ਵਾਲੇ ਸਿਰਫ ਉਹ ਨਹੀਂ ਹਨ ਜਿਹਨਾਂ ਨੂੰ ਸਨਕੀ ਜਾਂ ਅੱਤਵਾਦੀ ਕਿਹਾ ਜਾਂਦਾ ਹੈ। ਇਹਨਾ ਵਿਚ ਖੱਬੇ ਪੱਖੀ ਵੀ ਹਨ ਦੇਸ਼ ਭਗਤ ਵੀ ਤੇ ਗ੍ਰੀਨ ਪਾਰਟੀ ਦੇ ਵੀ ਹਨ। ਹੁਣ ਆਦੀਵਾਸੀ ਤੇ ਗਰੀਬੀ ਦੀ ਮਾਰ ਹੇਠ ਆਏ ਲੋਕ ਵੀ ਇਸ ਮੁਹਿੰਮ ਵਿਚ ਸਾਮਲ ਹੋ ਰਹੇ ਹਨ। 'ਇੰਡ ਆਫ ਪਾਵਰਟੀ' (ਦਲਿਦਰਤਾ ਦਾ ਅੰਤ) ਦੇ ਲੇਖਕ ਜੈਫਰੀ ਸੈਸ ਦਾ ਕਹਿਣਾ ਹੈ ਕਿ ਸਕੂਲ, ਸੜਕਾਂ, ਬਿਜਲੀ, ਬੰਦਰਗਾਹ ਸਾਫ ਪਾਣੀ ਵਗੈਰਾ ਸਿਹਤਮੰਦ ਜੀਵਨ ਲਈ ਹੀ ਨਹੀਂ ਬਲਕਿ ਸਰਗਰਮੀਆਂ ਲਈ ਵੀ ਜਰੂਰੀ ਹੈ। ਉਹਨਾਂ ਦਾ ਕਹਿਣਾ ਹੈ ਕਿ ਮੈ ਦੁਨੀਆਂ ਦੇ ਕੋਨੇ-ਕੋਨੇ ਵਿਚ ਵੇਖਿਆ ਹੈ ਕਿ ਗਰੀਬਾਂ ਦੇ ਸਾਹਮਣੇ ਵਿਵਸਥਾ ਦੀ ਚੁਣੌਤੀ ਸਭ ਤੋਂ ਵੱਡੀ ਹੈ ਜੋ ਉਨ੍ਹਾਂ ਨੂੰ ਵਿਕਾਸ ਦੀ ਪਹਿਲੀ ਪੌੜੀ 'ਤੇ ਵੀ ਪੈਰ ਨਹੀਂ ਰੱਖਣ ਦਿੰਦੀ। ਪਰ ਗੰਦਗੀ ਦਾ ਸੜਾਂਦ ਤੋਂ ਅਮੀਰ ਬਸਤੀਆਂ ਵੀ ਕਿਵੇਂ ਬਚਣਗੀਆਂ? ਸੁਖ ਦੀ ਦਲੀਲ ਵੰਡੀ ਹੋਣੀ ਚਾਹੀਦੀ ਹੈ। ਗੰਦਗੀ ਦੀਆਂ ਸ਼ਿਕਾਰ ਦੋ ਸਭ ਤੋਂ ਵੱਡੀਆਂ ਜਮਾਤਾਂ ਹਨ : ਔਰਤ ਤੇ ਬੱਚੇ। ਉਪਰ ਤੋਂ ਗਰੀਬ। ਇਨ੍ਹਾਂ ਦੀ ਸੌਦੇਬਾਜ਼ੀ ਦੀ ਸਮੱਰਥਾ ਸਿਫਰ ਹੁੰਦੀ ਹੈ। ਇਨ੍ਹਾਂ ਨੂੰ ਗੰਦਾ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਸਾਫ ਰੱਖਣ ਦਾ ਕੀ ਪ੍ਰਬੰਧ ਅਸੀਂ ਕੀਤਾ? ਸਮੁੱਚੇ ਗਰੀਬ ਦੇਸ਼ਾਂ 'ਚ ਲੜਕੀਆਂ ਇਸ ਲਈ ਸਕੂਲ ਨਹੀਂ ਜਾਂਦੀਆਂ ਕਿਉਂਕਿ ਉਨ੍ਹਾਂ ਨੂੰ ਘਰ ਵਿਚ ਪਾਣੀ ਭਰਨਾ ਪੈਂਦਾ ਹੈ।

ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀ ਇਕ ਔਰਤ ਨੂੰ ਦਿਨ ਭਰ ਦੇ ਕੰਮਾਂ ਲਈ ਘੱਟੋ ਘੱਟ ਸੱਤ ਲੀਟਰ ਪਾਣੀ ਚਾਹੀਦਾ ਹੈ। ਦੁਨੀਆਂ ਵਿਚ ਕਰੀਬ 110 ਕਰੋੜ ਵਿਅਕਤੀਆਂ ਦੀ ਪਹੁੰਚ ਔਸਤਨ 5 ਲੀਟਰ ਪਾਣੀ ਤੱਕ ਵੀ ਨਹੀਂ ਹੈ। ਇਹ ਪਾਣੀ ਵੀ ਉਨ੍ਹਾਂ ਦੇ ਘਰ ਤੋਂ ਘੱਟੋ ਘੱਟ ਇਕ ਕਿਲੋਮੀਟਰ ਦੀ ਦੂਰੀ 'ਤੇ ਹੈ। ਪਖਾਨਿਆਂ, ਗੁਸਲਖਾਨਿਆਂ ਦੀ ਹਾਲਤ ਇਸ ਤੋਂ ਵੀ ਬੁਰੀ ਹੈ। ਅਜਿਹਾ ਨਹੀਂ ਕਿ ਪਾਣੀ ਦੀ ਥੁੜ ਹੈ। ਦੁਨੀਆਂ ਪਾਸ ਖੇਤੀ, ਸਨਅਤ ਦੇ ਰੋਜ਼ਾਨਾ ਵਰਤੋਂ ਦੇ ਲਾਇਕ ਭਰਪੂਰ ਪਾਣੀ ਹੈ। ਥੁੜੋਂ ਸਿਰਫ ਗਰੀਬ ਲਈ ਪੈਦਾ ਕੀਤੀ ਗਈ ਹੈ। ਦੁਨੀਆਂ ਪਾਸ ਨਾ ਗਰੀਬੀ ਦੂਰ ਕਰਨ ਲਾਇਕ ਸਾਧਨ ਹੈ ਬਲਕਿ ਸਮੁੱਚੀ ਮਨੁੱਖਤਾ ਨੂੰ ਸੁਖੀ ਬਣਾਉਣ ਲਈ ਭਰਪੂਰ ਕੁਦਰਤੀ ਸੋਮੇ ਹਨ। ਵਿਸ਼ਵ ਬੈਂਕ ਦੇ ਅਰਥਚਾਰੀਆਂ ਦਾ ਅਨੁਮਾਨ ਹੈ ਕਿ ਸੰਨ 2001 ਵਿਚ ਜੋ 1.1 ਲੋਕ ਗਰੀਬੀ ਦੀ ਸੰਸਾਰਕ ਰੇਖਾ ਯਾਨੀ 1.08 ਡਾਲਰ ਰੋਜ਼ਾਨਾ ਦੀ ਆਮਦਨ ਤੋਂ ਹੇਠਾਂ ਦੇ ਪੱਧਰ 'ਤੇ ਸਨ, ਉਨ੍ਹਾਂ ਵਿਚੋਂ ਹਰੇਕ ਬੰਦੇ ਨੂੰ ਸਾਲ ਵਿਚ 113 ਡਾਲਰ ਹੋਰ ਦੇ ਦਿੱਤੇ ਹਨ ਤਾਂ ਉਹ ਰੇਖਾ ਤੋਂ ਉੱਪਰ ਆ ਸਕਦਾ ਹੈ। ਇਹ ਰਾਸ਼ੀ ਬਣਦੀ ਹੈ ਕਰੀਬ 124 ਅਰਬ ਡਾਲਰ। ਇਹ ਰਕਮ 22 ਅਮੀਰ ਦੇਸ਼ਾਂ ਦੀ ਸਕਲ ਘਰੇਲੂ ਆਮਦਨ ਦੇ 0.6 ਫੀਸਦੀ ਦੇ ਆਸਪਾਸ ਹੈ। ਕੀ ਅਮੀਰ ਦੇਸ਼ ਇੰਨੀ ਰਕਮ ਵੀ ਨਹੀਂ ਦੇ ਸਕਦੇ?

ਬੇਸ਼ਕ ਹਾਲਾਤ ਖਰਾਬ ਹਨ ਪਰ ਸਾਡੀਆਂ ਤਰਜੀਹਾਂ ਗਲਤ ਹਨ, ਪਰ ਜਦ ਇਕ ਦੇਸ਼ ਠੂਠਾ ਲੈ ਕੇ ਮਿੰਨਤਾਂ ਤਰਲੇ ਕਰਦਿਆਂ ਸੰਸਾਰ ਬੈਂਕ ਜਾਂ ਆਈ. ਐਮ. ਐਫ. ਸਾਹਮਣੇ ਗੋਡੇ ਟੇਕੇ ਅਤੇ ਉਹ ਵੀ ਭੀਖ ਲਈ ਹੀ ਨਹੀਂ ਬਲਕਿ ਕਈ ਗੁਣਾ

ਵਿਆਜ ਦੇ ਨਾਲ ਕਰਜ਼ਾ ਹਾਸਲ ਕਰਨ ਲਈ ਤਾਂ ਲਾਜ਼ਮੀ ਹੀ ਸਵੈਮਾਨ ਦਾ ਵੱਡਾ ਸੁਆਲ ਖੜਾ ਹੋ ਜਾਂਦਾ ਹੈ ਅਤੇ ਇਹ ਸੱਤਾ 'ਚ ਬੈਠੇ ਮੁਠੀਭਰ ਦਲਾਲਾਂ ਦਾ ਨਹੀਂ ਬਲਕਿ ਲੋਕਾਂ ਦਾ ਹੈ। ਨਾ ਸਿਰ ਸਵੈਮਾਨ ਬਲਕਿ ਇਸ ਤੋਂ ਵੀ ਅੱਗੇ ਦੇਸ਼ ਦੀ ਪ੍ਰਭੂਸਤਾ ਅਜਾਦੀ ਤੇ ਹੋਂਦ ਦਾ ਸੁਆਲ ਉਸ ਤੋਂ ਕਿਤੇ ਵੱਧ ਮਹੱਤਵਪੂਰਨ ਹੁੰਦਾ ਹੈ। ਅੱਜ ਸੰਸਾਰ ਬੈਂਕ, ਡਬਲਯੂ. ਟੀ. ਓ. ਆਈ. ਐੱਮ. ਐੱਫ ਬਹੁਕੌਮੀ ਕੰਪਨੀਆ ਜਾਂ ਸਾਮਰਾਜੀ ਅਮਰੀਕਾ ਵਰਗੇ ਦੇਸ਼ਾਂ ਦਾ ਸ਼ਿਕੰਜਾ ਕਸਿਆ ਜਾਂ ਰਿਹਾ ਹੈ। ਸਿਕੰਜਾ ਗੁਲਾਮੀ ਦੀ ਇਸ ਦਿਸ਼ਾ ਵੱਲ ਸੰਕੇਤ ਕਰ ਰਿਹਾ ਹੈ। ਪਹਿਲੇ ਡੈਵਿਸਨ ਐਲ ਬੂਧੂ ਨੇ ਆਪਣੇ ਪ੍ਰਤ “Enough is enough” ਵਿਚ ਅਤੇ ਫਿਰ ਜੌਸਫ ਸਿਟਗਿਲਜ਼ ਨੇ ਸੀਆਰ ਬੈਂਕ, ਕੌਮਾਤਰੀ ਮੁਦਰਾ ਕੌਸ਼ ਤੇ ਵਿਸ਼ਵ ਵਪਾਰ ਸੰਗਠਨ ਦੀ ਮਿਲੀ ਭੁਗਤ ਨਾਲ ਵਿਕਾਸਸੀਲ ਦੇਸ਼ਾ ਦੀਆਂ ਸਰਕਾਰਾਂ ਨੂੰ ਭਾਰੀ ਰਿਸਵਤ ਦੇ ਕੇ ਉਹਨਾਂ ਦੇ ਜਨਤਕ ਅਦਾਰਿਆ ਦੇ ਨਿੱਜੀ ਕਰਨ ਦੀਆਂ ਸ਼ਾਜਿਸਾਂ ਦਾ ਕੱਚਾ ਚਿੱਠਾ ਖੋਹ ਲਿਆ। ਨਿਸ਼ਚੈ ਹੀ ਇਸ ਦੇ ਲਈ ਸਾਡੇ ਹਾਕਮਾਂ ਦੀਆਂ ਕਰਤੂਤਾਂ ਜਿੰਮੇਵਾਰ ਹਨ ਅਤੇ ਅੱਜ ਸਮਾਜ ਦੇ ਹਰ ਖੇਤਰ ਵਿਚ ਚਾਹੇ ਉਹ ਖੇਤੀ ਹੋਵੇ ਜਾਂ ਸਨਅਤ ਕਿਰਤ ਹੋਵੇ , ਔਰਤ ਹੋਵੇ, ਆਦੀਵਾਸੀ ਹੋਵੇ, ਜੰਗਲ ਹੋਵੇ, ਦਰਾਮਦ-ਬਰਾਮਦ ਹੋਵੇ, ਜਨਤਕ ਹੋਵੇ ਜਾਂ ਫਿਰ ਨਿੱਜੀ ਹੋਵੇ, ਇਨ੍ਹਾਂ ਸਾਰੇ ਖੇਤਰਾਂ ਵਿਚ ਆਰਥਿਕ ਸੁਧਾਰ ਦੇ ਨਾ 'ਤੇ ਜਿਸ ਤਰ੍ਹਾਂ ਦੀ ਵਿਦੇਸ਼ੀ ਘੁਸਪੈਠ ਦੀ ਛੋਟ ਅਸੀ ਦਿੰਦੇ ਜਾਂ ਰਹੇ ਹਾਂ ਉਸ ਦੇ ਸਿੱਟੇ ਸਾਫ ਸਾਫ ਦੇਖੇ ਜਾ ਸਕਦੇ ਹਨ ਪੂੰਜੀਵਾਦ ਦੀ ਸਿਖਰ ਸਾਮਰਾਜੀ ਅਮਰੀਕਾਂ ਤੇ ਉਸ ਦੇ ਸੇਠਾਂ (ਬਹੁਕੌਮੀ ਕੰਪਨੀਆਂ) ਨੂੰ ਦੁਨੀਆ ਦੇ ਬਜ਼ਾਰ ਦੀ ਲੋੜ ਸੀ। ਆਪਣੇ ਮਾਲ ਨੂੰ ਖਪਾਉਣ ਲਈ ਭਾਰਤ ਵਰਗੇ ਤੀਜੀ ਦੁਨੀਆ ਦੇ ਗਰੀਬ, ਪਿਛੜੇ ਦੇਸ਼ਾਂ ਦੇ ਬਜ਼ਾਰ ਸਭ ਤੋਂ ਵੱਧ ਸੁਲਭ, ਉਪਯੋਗੀ ਤੇ ਲਾਭਦਾਇਕ ਸਨ। ਉਥੇ ਦੂਜੀ ਤੇ ਸਮਾਜਵਾਦੀ ਦੁਨੀਆ ਦੇ ਖਾਤਮੇ ਪਿੱਛੋਂ ਹੋਂਦ ਵਿਚ ਆਈ ਇਕ ਧਰੁਵੀ ਦੁਨੀਆ ਵਿਚ ਅਮਰੀਕੀ ਹਥਿਆਰ ਸਨਅਤ ਅਚਾਨਕ ਭਾਰੀ ਸੰਕਟ ਵਿਚ ਆ ਗਏ ਹਨ ਪਰ ਸੰਸਾਰ ਭਰ 'ਚ ਤੇਜ਼ੀ ਨਾਲ ਉਭਰ ਰਹੇ ਅੱਤਵਾਦ, ਦੇਸ਼ਾ ਵਿਚਕਾਰ ਦੀ ਨਫਰਤ ਦੇ ਖੌਫ ਨੂੰ ਬਣਾਈ ਰੱਖ ਕੇ ਹਥਿਆਰਾਂ ਦੇ ਧੰਦੇਬਾਜਾਂ ਨੇ ਆਪਣਾ ਵਿਕਲਪਿਕ ਬਜ਼ਾਰ ਖੋਜ਼ ਲਿਆ ਹੈ ਤਾਂ ਹੀ ਤਾਂ ਸ਼ੀਤ ਯੁੱਧ ਦੀ ਸਮਾਪਤੀ ਪਿਛੋਂ ਅੱਜ ਵੀ ਦੁਨੀਆਂ 800 ਅਰਬ ਡਾਲਰ ਹਥਿਆਰਾਂ 'ਤੇ ਅਤੇ 400 ਅਰਬ ਡਾਲਰ ਨਸ਼ੀਲੇ ਪਦਾਰਥਾਂ ਉਤੇ ਖਰਚ ਕਰਦੀ ਹੈ।

ਸੰਸਾਰੀਕਰਨ ਦੇ ਇਸ ਦੋਰ ਵਿਚ ਵਿਕਾਸਸ਼ੀਲ ਤੇ ਪਿਛੜੇ ਦੇਸ਼ ਆਰਥਿਕ ਤੌਰ 'ਤੇ ਗੁਲਾਮ ਬਣਦੇ ਜਾ ਰਹੇ ਹਨ ਅਤੇ ਕੌਮਾਂਤਰੀ ਵਿੱਤੀ ਸੰਗਠਨ ਜਾ ਪੂੰਜੀਵਾਦ ਮਜਬੂਤ ਹੁੰਦਾ ਜਾ ਰਿਹਾ ਹੈ। ਇਸ ਨਾਲ ਉਨ੍ਹਾਂ ਦਾ ਦੂਜੇ ਦੇਸ਼ਾਂ ਵਿਚ ਦਾਖਲਅੰਦਾਜੀ ਦੀ ਤਾਕਤ ਵੀ ਵੱਧ ਰਹੀ ਹੈ। ਉਥੇ ਦੂਜੇ ਪਾਸੇ ਖੁਦਮੁਖਤਿਆਰ ਦੇਸ਼-ਰਾਜ ਦੀ ਧਾਰਨਾ ਵੀ ਸੰਕਟ ਵਿਚ ਪੈ ਗਈ ਹੈ। ਉਧਾਰੀਕਰਨ ਬਰਾਮਦ ਮੁੱਖੀ ਆਰਥਿਕ ਨੀਤੀ ਨਿੱਜੀਕਰਨ, ਸੰਸਾਰੀਕਰਨ, ਵਿਸ਼ਵਬਜ਼ਾਰ, ਢਾਚਾਗਤ ਸੁਧਾਰ ਵਰਗੇ ਸ਼ਬਦ ਅਡੰਬਰਾ ਨਾਲ ਸੁਸ਼ੋਭਿਤ ਸੰਸਾਰ ਸਾਮਰਾਜਵਾਦ ਨੇ ਇਸ ਸਮੇਂ ਪੂਰੀ ਦੁਨੀਆਂ ਵਿਚ ਹਲਚਲ ਮਚਾ ਰੱਖੀ ਹੈ। ਕਿਹਾ ਗਿਆ ਸੀ ਕਿ ਬੇਲਾਮ, ਖੁੱਲਾ ਬਜ਼ਾਰ, ਵੱਧ ਨਿੱਜੀਕਰਨ ਤੇ ਆਰਥਿਕ ਖੇਤਰ ਨਾਲ ਰਾਜ ਦੇ ਹੱਟ ਜਾਣ 'ਤੇ ਸਮਾਜ ਦਾ ਵੱਧ ਅੱਛਾ, ਆਰਥਿਕ ਤੇ ਸਮਾਜਿਕ ਵਿਕਾਸ ਹੋਵੇਗਾ। ਪਰ ਹੋ ਬਿਲਕੁਲ ਹੀ ਇਸ ਦੇ ਉਲਟ ਰਿਹਾ ਹੈ। ਪ੍ਰਸਿੱਧ

ਇਨਕਲਾਬੀ ਤੇ ਕਿਊਬਾ ਦੇ ਰਾਸ਼ਟਰਪਤੀ ਫਿਦੇਲ ਕਾਸਤਰੋ ਕਹਿੰਦੇ ਹਨ ਕਿ 'ਵਿਸਵੀਕਰਨ ਵਿਕਾਸ ਦਾ ਨਹੀਂ ਗਰੀਬੀ ਦਾ ਹੋ ਰਿਹਾ ਹੈ ਜਿਸ ਵਿਚ ਦੇਸ਼ ਦੀ ਪ੍ਰਭੂਸੱਤਾ ਵੀ ਦਾਅ 'ਤੇ ਲੱਗੀ ਹੋਈ ਹੈ। ਉਹ ਕਹਿੰਦੇ ਹਨ ਕਿ ਜੋ ਤਕਨੀਕੀ ਵਿਕਾਸ ਵਿਕਾਸ ਇਸ ਪ੍ਰਿਥਵੀਗ੍ਰਹਿ ਨੂੰ ਸੰਸਾਰ ਤੇ ਫਾਸਲਿਆ ਦੇ ਲਿਹਾਜ ਨਾਲ ਛੋਟਾ ਕਰ ਰਹੇ ਹਨ ਉਹੀ ਵਿਕਾਸ ਅੱਜ ਦੌਲਤ ਅਤੇ ਗਰੀਬ, ਵਿਕਾਸ ਅਤੇ ਅੱਲਪ ਵਿਕਾਸ ਦੇ ਫਰਕ ਨੂੰ ਲਗਾਤਾਰ ਵਧਾ ਰਹੇ ਹਨ।

ਅੱਜ ਦੀ ਵਿਵਸਥਾ ਵਿਚ ਜੋ ਦੁਕਾਨਦਾਰ ਜਾਂ ਖਰੀਦਦਾਰ ਨਹੀਂ ਹੈ ਉਸ ਨੂੰ ਨਿਚੋੜ ਕੇ ਸੁੱਟ ਦੇਣ ਦੀ ਨੀਅਤ ਹੈ। ਇਹ ਗੱਲ ਸਿਰਫ ਵਿਅਕਤੀਆਂ 'ਤੇ ਹੀ ਨਹੀਂ ਦੇਸ਼ਾਂ 'ਤੇ ਵੀ ਲਾਗੂ ਹੁੰਦੀ ਹੈ। ਅੱਜ ਸੰਸਾਰੀਕਰਨ ਦਾ ਇਹ ਅਮਲ ਦੁਨੀਆਂ 'ਤੇ ਪੂੰਜੀ ਤਕਨੋਲੋਜੀ ਕੁਦਰਤੀ ਸਾਧਨ, ਹਥਿਆਰ ਤੇ ਸੰਚਾਰ ਮਾਧਿਅਮ ਰਾਹੀਂ ਆਪਣੀ ਅਜਾਰੇਦਾਰੀ ਸਥਾਪਤ ਕਰਨਾ ਚਾਹੁੰਦੀ ਹੈ। ਇਹਨਾਂ ਸਾਰਿਆ ਵੱਲੋਂ ਕੁਦਰਤ 'ਤੇ ਵੀ ਹਮਲਾ ਚਾਲੂ ਹੈ ਤੇ ਕੋਸ਼ਿਸ਼ ਹੈ ਇਸ ਦੇ ਸਮਰੂਪੀਕਰਨ ਦੀ। ਇਹ ਸਮਰੂਪੀਕਰਨ, ਨਿਸਚੈ ਹੀ ਅਮਰੀਕਾ ਜਾਂ ਯੂਰਪੀ ਸਭਿਆਚਾਰ ਦਾ ਹੋਵੇਗਾ। ਜ਼ਾਹਿਰ ਹੈ ਕਿ ਸੰਸਾਰ ਬੈਂਕ, ਆਈ. ਐਮ. ਐਫ, ਡਬਲਯੂ ਟੀ ਓ ਵੀ ਖਤਰਾ ਹੁਣ 'ਵਿਤ ਦੇ ਵਿਸ਼ਵੀਕਰਨ' ਦਾ ਹੈ। ਜਿਸ ਵਿਚ ਪੂੰਜੀ ਦਾ ਵਪਾਰ ਹੋਵੇਗਾ, ਵਸਤੂ ਦਾ ਨਹੀਂ। ਅੱਜ ਇਹ ਸਾਫ ਸਾਫ ਮੰਨਿਆ ਜਾ ਰਿਹਾ ਹੈ ਕਿ ਆਰਥਿਕ ਸੁਧਾਰਾਂ ਦੇ ਤਹਿਤ ਹੁਣ ਤੱਕ ਉਠਾਏ ਗਏ ਕਦਮਾਂ ਨਾਲ ਆਮ ਜਨਤਾ ਨੂੰ ਬਹੁਤਾ ਲਾਭ ਨਹੀਂ ਪਹੁੰਚਿਆ ਅਤੇ ਸੰਸਾਰੀਕਰਨ ਦਾ ਚਿਹਰਾ ਮਾਨਵੀ ਨਹੀਂ ਹੈ। ਮਹਿਸੂਸ ਕੀਤਾ ਜਾ ਰਿਹਾ ਹੈ ਕਿ ਵਿਸ਼ਵੀਕਰਨ ਦਾ ਅਮਲ ਅਪਣਾਉਣ ਵਿਚ ਇਹ ਸਾਵਧਾਨੀ ਵਰਤੀ ਜਾਵੇ ਜਿਸ ਨਾਲ ਇਸ ਦੇ ਫਾਇਦੇ ਆਮ ਲੋਕਾਂ ਤੱਕ ਪਹੁੰਚਣ ਤੇ ਉਹਨਾਂ ਦੇ ਜੀਵਨ ਪੱਧਰ ਵਿਚ ਸੁਧਾਰ ਆਵੇ। ਆਰਥਿਕ ਸੁਧਾਰਾਂ ਨੂੰ ਮਾਨਵੀ ਚਿਹਰੇ ਨਾਲ ਲਾਗੂ ਕਰਨ ਦੀ ਗੱਲ ਵੀ ਕੀਤੀ ਜਾ ਰਹੀ ਹੈ। ਪਰ 'ਮਾਨਵੀ ਚਿਹਰੇ ਨਾਲ ਉਧਾਰੀਕਰਨ' ਇਹ ਇਕ ਐਸਾ ਜੁਮਲਾਂ ਹੈ ਜਿਸ ਨੂੰ ਅੱਜ ਤੱਕ ਕੋਈ ਵੀ ਨੇਤਾ ਜਾ ਅਰਥਸਾਸ਼ਤਰੀ ਸਪੱਸ਼ਟ ਤੌਰ 'ਤੇ ਪ੍ਰਭਾਸ਼ਿਤ ਨਹੀਂ ਕਰ ਸਕਿਆ ਹੈ। ਫਿਰ ਵੀ ਜੇ ਕਿਸੇ ਅਜੇਹੇ ਚਿਹਰੇ ਵਾਲੇ ਉਦਾਰੀਕਰਨਦੀਆਂ ਨੀਤੀਆਂ ਨਾਲ ਆਮ ਲੋਕਾਂ ਦੀ ਖੁਸ਼ਹਾਲੀ ਵਧਦੀ ਹੈ ਤਾਂ ਇਸ ਤੋਂ ਬੇਹਤਰ ਹੋਰ ਕੀ ਹੋ ਸਕਦੀ ਹੈ? ਅਜਿਹੇ ਆਪਾ ਵਿਰੋਧਾਂ ਦੇ ਚਲਦਿਆਂ ਵਿਸ਼ਵੀਕਰਨ ਦੇਸ਼ ਭਰ 'ਚ ਸਿਰਫ ਤੀਹ ਕਰੋੜ ਲੋਕਾਂ ਨੂੰ ਲਾਭ ਪਹੁੰਚਾਉਣ ਤੇ ਬਾਕੀ 70 ਕਰੋੜ ਆਬਾਦੀ ਦੇ ਇਸ ਤੋਂ ਵਾਝੇ ਰਹਿ ਜਾਣ ਦਾ ਦੋਸ਼ ਲਗਦਾ ਹੈ।

ਜਰੂਰਤ ਇਸ ਗੱਲ ਦੀ ਹੈ ਕਿ ਉਦਾਰੀਕਰਨ ਦੇ ਇਸ ਦੌਰ 'ਚ ਆਮ ਜਨਤਾ ਨੂੰ ਨਾ ਭੁਲਾਇਆ ਜਾਵੇ ਅਤੇ ਸਮਾਜਿਕ ਸੁਰਖਿਆ ਤੇ ਜਨ ਕਲਿਆਣ ਦੀਆਂ ਸਰਗਰਮੀਆਂ ਵਿਚ ਤੇਜ਼ੀ ਲਿਆਂਦੀ ਜਾਵੇ। ਪਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੇ ਉਚ ਤੇ ਦਰਮਿਆਨੇ ਵਰਗ ਗੈਰ-ਜ਼ਿੰਮੇਵਾਰ ਹਨ। ਨਾਰਵੇ, ਸਵੀਡਨ, ਡੈਨਮਰਰਕ ਤੇ ਫਿਨਲੈਂਡ ਵਰਗੇ ਸਕੈਂਡਨੇਵਾਈ ਕਲਿਆਣੇਕਾਰੀ ਰਾਜ ਮਾਨਵ ਵਿਕਾਸ 'ਚ ਕਿਉਂ ਅੱਗੇ ਰਹਿੰਦੇ ਹਨ। ਡੇਨਮਾਰਕ ਕੌਮੀ ਆਮਦਨ ਦਾ 29.2 ਫੀਸਦੀ ਕਲਿਆਣ ਕੰਮਾਂ 'ਤੇ ਖਰਚ ਕਰਦਾ ਹੈ। ਸਵੀਡਨ 28.9, ਫਰਾਂਸ 28.5, ਜਰਮਨੀ 27.4, ਫਿਨਲੈਂਡ 24.8, ਨਾਰਵੇ 23.9, ਜਪਾਨ 16.9 ਅਤੇ ਅਮਰੀਕਾ 14.8 ਫੀਸਦੀ। ਭਾਰਤ ਤੇ

ਪਾਕਿਸਤਾਨ ਦੇ ਅੰਕੜੇ ਮਿਲਦੇ ਨਹੀਂ ਹਨ। ਪਰ ਇਹ ਸ਼ਾਇਦ ਪੰਜ ਛੇ ਫੀਸਦੀ ਵੀ ਖਰਚ ਨਹੀਂ ਕਰਦੇ। ਪੈਸਾ ਇਕ ਚੀਜ ਹੈ ਅਤੇ ਇੱਛਾ ਸ਼ਕਤੀ ਦੂਜੀ। ਇਹ ਵੀ ਲਾਪਤਾ ਹੈ। ਵਿਸ਼ਵੀਕਰਨ ਤਹਿਤ ਇਹ ਸੁਹਣਾ ਸੁਪਨਾ ਵਿਖਾਇਆ ਗਿਆ ਹੈ ਕਿ ਮੁਕਤ ਬਜ਼ਾਰਾਂ ਪੂੰਜੀ ਨਵੀਂ ਤਕਨੀਕੀ ਤੇ ਰਾਜ ਦਹ ਘਟਦੀ ਭੂਮਿਕਾ ’ਤੇ ਅਧਾਰਤ ਅਰਥਚਾਰੇ ਨਾਲ ਤੀਜੀ ਦੁਨੀਆਂ ਦੇ ਦੇਸ਼ ਦੀ ਕਾਇਆ ਕਲਪ ਹੋ ਜਾਵੇਗੀ ਮੌਕੇ ਵਧਣ ਨਾਲ ਉਹ ਤੇਜੀ ਨਾਲ ਵਿਕਾਸ ਕਰਨਗੇ ਅਤੇ ਲੋਕਾਂ ਦੀ ਖੁਸ਼ਹਾਲੀ ਵਧੇਗੀ। ਪਰ ਵਿਆਹ ’ਚ ਇਹਨਾ ਨੀਤੀਆਂ ਦੇ ਲਾਭ ਭਾਰੀ-ਮਲਾਈ ਅਮਰੀਕੀ ਬਹੁਕੌਮੀ ਕੰਪਨੀਆਂ ਨੂੰ ਮਿਲੀ। ਅਮੀਰ ਅਤੇ ਗਰੀਬ ਦੇਸ਼ਾਂ ਵਿਚਕਾਰ ਖਾਈ ਚੌੜੀ ਹੁੰਦੀ ਗਈ। ਰੁਜ਼ਗਾਰ ਦੇ ਮੌਕੇ ਘਟੇ, ਅਤੇ ਕੁਦਰਤੀ ਸਾਧਨਾਂ ਦੀ ਗੈਰ ਉਪਜਾਈ ਢੰਗ ਨਾਲ ਵਰਤੋਂ ਕਰਕੇ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਭਾਰਤ ਵੀ ਇਨ੍ਹਾਂ ਸਾਰਿਆਂ ਤੋਂ ਅਛੂਤ ਨਹੀਂ ਹੈ ਕਿਉਂਕਿ ਉਸ ਨੇ ਅੰਧਾਧੁੰਦ ਤਰੀਕੇ ਨਾਲ ਉਧਾਰ ਆਰਥਕ ਨੀਤੀਆਂ ਲਾਗੂ ਕੀਤੀਆਂ ਅਤੇ ਨਤੀਜਾ ਇਹ ਕਿ ਇਸ ਦਾ ਲਾਭ ਸਮਾਜ ਦੇ ਸਿਰਫ ਇਕ ਬੇਹੱਦ ਛੋਟੇ ਵਰਗ ਨੂੰ ਮਿਲਿਆ ਬਾਕੀ ਬਹੁਗਿਣਤੀ ਵਰਗ ਤਾਂ ਵੱਖ ਵੱਖ ਕਿਸਮ ਦੀਆਂ ਕਠਿਨਾਈਆਂ ਵਿਚ ਫਸਦੇ ਜਾ ਰਹੇ ਹਨ। ਭੂਮੰਡਲੀਕਰਨ ਨਾਲ ਦੁਨੀਆਂ ਦੇ ਗਰੀਬਾਂ ਨੂੰ ਕੋਈ ਰਾਹਤ ਨਹੀਂ ਮਿਲੀ ਬਲਕਿ ਉਨ੍ਹਾਂ ਦੇ ਕਸ਼ਟ ਤਾਂ ਵਧੇ ਹਨ। ਦੁਨੀਆਂ ਦੀ ਕੁੱਲ 600 ਕਰੋੜ ਆਬਾਦੀ ਵਿਚੋਂ 450 ਗਰੀਬ ਲੋਕ ਇਕ ਡਾਲਰ ਰੋਜ਼ਾਨਾ ’ਤੇ ਜਿਉਂ ਰਹੇ ਹਨ। ਜਿਸ ਨੂੰ ਕੌਮਾਂਤਰੀ ਗਰੀਬੀ ਰੇਖਾ ਮੰਨਿਆ ਜਾ ਰਿਹਾ ਹੈ। ਵਿਕਾਸ਼ਸੀਲ ਦੇਸ਼ਾਂ ਦੀ 450 ਕਰੋੜ ਦੇਸ਼ਾਂ ਦੀ ਅਬਾਦੀ ਵਿਚੋਂ ਇਕ ਚੌਥਾਈ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹਨ। 130 ਕਰੋੜ ਲੋਕਾਂ ਨੂੰ ਪੀਣ ਦਾ ਸਾਫ ਪਾਣੀ ਨਹੀਂ ਮਿਲਦਾ ਹਰ ਸੱਤਵਾਂ ਬੱਚਾ ਸਕੂਲ ਨਹੀਂ ਜਾ ਸਕਦਾ। 84 ਕਰੋੜ ਲੋਕ ਕੁਪੋਸ਼ਣ (ਭੁਖਮਰੀ) ਦਾ ਸ਼ਿਕਾਰ ਹਨ। ਇਹੀ ਨਹੀਂ ਅਮੀਰ ਦੇਸ਼ਾਂ ਦੀ ਆਬਾਦੀ ਦਾ ਵੀ ਅੱਠਵਾਂ ਹਿੱਸਾ ਗਰੀਬੀ ਵਿਚ ਜਿਉਂ ਰਿਹਾ ਹੈ। ਟਿੱਬੇ ਦੱਸਦੇ ਹਨ ਕਿ ਕਿਤੇ ਨਾ ਕਿਤੇ ਜ਼ਰੂਰ ਖੱਡਾ ਹੈ। ਇਹ ਗੱਲ ਪਿੱਛੇ ਜਿਹੇ ਹੀ ਪ੍ਰਕਾਸ਼ਿਤ ‘ਵਰਲਡ ਹੈਲਥ ਰਿਪੋਰਟ’ ਦੇ ਅੰਕੜਿਆਂ ’ਤੇ ਬਿਲਕੁਲ ਠੀਕ ਬੈਠਦੀ ਹੈ। ਅੰਕੜਿਆਂ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ 70 ਹਜ਼ਾਰ ਕਰੋੜਪਤੀ ਹਨ ਜਿਨ੍ਹਾਂ ਵਿਚੋਂ 9 ਹਜ਼ਾਰ ਧਨਕੁਬੇਰ ਤਾਂ ਸਿਰਫ 2004 ਵਿਚ ਹੀ ਬਣੇ। ਧੰਨਕੁਬੇਰਾਂ ਦੀ ਵਾਧਾ ਦਰ 14.6 ਫੀਸਦੀ ਵਿਖਾਈ ਗਈ ਹੈ। ਜਿਸ ਅਨੁਸਾਰ 2009 ਤੱਕ ਭਾਰਤ ’ਚ 16 ਲੱਖ ਕਰੋੜਪਤੀ ਹ ਜਾਣਗੇ। 10 ਜੂਨ 2005 ਨੂੰ “ਮੈਰਿਲਲਿੰਚ ਗਲੋਬਲ ਪ੍ਰਾਈਵੇਟ ਕਲਾਇੰਟਸ” ਦੀ ਵਰਡ ਵੈਲਥ ਰਿਪੋਰਟ ਵਿਚ ਭਾਰਤ ਦਾ ਬੇਹੱਦ ਚਮਕੀਲਾ ਆਰਥਕ ਸਵਰੂਪ ਪੇਸ਼ ਕੀਤਾ ਗਿਆ ਹੈ। ਪਰ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨੇ ਇਕ ਪਾਸੇ ਭਾਰਤ ਨੇ ਧਨਕੁਬੇਰਾਂ ਦੀ ਗਿਣਤੀ ’ਚ ਵਾਧਾ ਹੋ ਰਿਹਾ ਹੈ ਤਾਂ ਦੂਜੇ ਪਾਸੇ ਭਾਰਤ ਦੇ ਪੇਂਡੂ ਖੇਤਰਾਂ ਵਿਚ 3 ਫੀਸਦੀ ਲੋਕਾਂ ਨੂੰ ਦੋ ਜੂਨ ਦੀ ਰੋਟੀ ਤੱਕ ਨਸੀਬ ਨਹੀਂ ਹੁੰਦੀ। ਬਿਹਾਰ, ਉੜੀਸਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਪੱਛਮੀ ਬੰਗਾਲ, ਕਰਨਾਟਕਾ ਤੇ ਸਾਬਕਾ ਹਾਈ ਟੈਕ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦਾ ਰਾਜ ਆਂਧਰਾ ਪ੍ਰਦੇਸ਼ ਆਦਿ। ਰਾਜਾਂ ਦੇ ਕਿਸਾਨ ਤੇ ਗਰੀਬ ਮਜ਼ਦੂਰ ਆਰਥਕ ਘਾਟ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜ਼ਬੂਰ ਹਨ।

ਭਾਰਤ ਦੀ ਤਰੱਕੀ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਪਰ ਇਨ੍ਹਾਂ

ਭਰਮਾਊ ਨਾਅਰਿਆਂ ਨਾਲ ਗਰੀਬਾਂ ਦਾ ਭਲਾ ਹੋਣ ਵਾਲਾ ਨਹੀਂ ਹੈ। ਹਕੀਕਤ ਤਾਂ ਇਹ ਹੈ ਕਿ ਪਿਛਲੇ 61 ਸਾਲਾਂ ਦੇ ਸਫ਼ਰ ਵਿਚ ਅੱਜ ਤੱਕ ਭਾਰਤ ਦੇ ਵੱਡੇ ਭੂ-ਭਾਗ 'ਚ ਪੀਣ ਦਾ ਸਾਫ ਪਾਣੀ ਤੱਕ ਵੀ ਨਹੀਂ ਹੈ। ਗਰੀਬ ਮਜ਼ਦੂਰ ਤੇ ਕਿਸਾਨ ਪਦੂਸ਼ਿਤ ਪਾਣੀ ਪੀਣ ਲਈ ਮਜ਼ਬੂਰ ਹਨ। ਭਾਰਤ 'ਚ 5 ਸਾਲ ਤੋਂ ਘੱਟ ਉਮਰ ਦੇ ਕੁਪੋਸ਼ਿਤ ਬੱਚਿਆਂ ਦੀ ਗਿਣਤੀ 7 ਕਰੋੜ ਤੋਂ ਵਧ ਹੈ। ਇਨ੍ਹਾਂ ਹਾਲਤਾਂ ਵਿਚ 70 ਹਜ਼ਾਰ ਕਰੋੜਪਤੀਆਂ ਦੀ ਸੂਚੀ ਦੇ ਅਧਾਰ 'ਤੇ ਭਾਰਤ ਦੇ ਤੇਜ਼ ਆਰਥਕ ਵਿਕਾਸ ਦੇ ਦਾਅਵਿਆਂ ਨੂੰ ਕਿਵੇਂ ਮੰਨਿਆ ਜਾ ਸਕਦਾ ਹੈ? ਇਕਵੀ ਸਦੀ ਵਿਚ ਦਾਖਲ ਹੋ ਰਹੀ ਦੁਨੀਆਂ 'ਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਿਸ਼ਵੀਕਰਨ ਦੇ ਅਮਲ ਨਾਲ ਪੂਰੀ ਦੁਨੀਆਂ ਦਾ ਭਲਾ ਹੋ ਰਿਹਾ ਹੈ, ਪੂਰੀ ਦੁਨੀਆ ਨਜ਼ਦੀਕ ਆਉਂਦੀ ਜਾ ਰਹੀ ਹੈ ਅਤੇ ਦੁਨੀਆਂ 'ਵਿਸ਼ਵ ਪਿੰਡ' (Global Village) 'ਚ ਬਦਲ ਰਹੀ ਹੈ। ਕੌਮਾਂਤਰੀ ਵਪਾਰ ਵਧਣ ਨਾਲ ਦੁਨੀਆਂ ਦੇ ਸਾਰੇ ਦੇਸ਼ਾਂ 'ਚ ਫਾਇਦਾ ਹੁੰਦਾ ਹੈ ਪਰ ਸੱਚਾਈ ਕੁਝ ਹੋਰ ਨਜ਼ਰ ਆਉਂਦੀ ਹੈ। ਦੁਨੀਆਂ ਵਿਚ ਗੈਰ ਬਰਾਬਰੀ ਵਧਦੀ ਜਾ ਰਹੀ ਹੈ। ਆਮਦਨੀ, ਜਾਇਦਾਦ ਤੇ ਸਾਧਨਾਂ ਦਾ ਮੁਠੀਭਰ ਦੇਸ਼ਾਂ ਵਿਅਕਤੀਆਂ ਤੇ ਕੰਪਨੀਆਂ ਦੇ ਹੱਥਾਂ ਵਿਚ ਕੇਂਦਰੀਕਰਨ ਹੋ ਰਿਹਾ ਹੈ। ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ਾਂ ਵਿਚ ਰਹਿਣ ਵਾਲੀ 20 ਫੀਸਦੀ ਆਬਾਦੀ ਤੇ ਸਭ ਤੋਂ ਗਰੀਬ ਦੇਸ਼ਾਂ ਵਿਚ ਰਹਿਣ ਵਾਲੀ 80 ਫੀਸਦੀ ਆਬਾਦੀ ਵਿਚਕਾਰ ਪਾੜਾ ਵਧਦਾ ਜਾ ਰਿਹਾ ਹੈ। ਉਨ੍ਹਾਂ ਦੀ ਆਮਦਨ ਦਾ ਅਨੁਪਾਤ 1960 ਵਿਚ 30/1 ਹੋ ਗਿਆ। 1997 ਵਿਚ 74/1 ਹੋ ਗਿਆ। ਦੂਜੇ ਸ਼ਬਦਾਂ ਵਿਚ ਦੁਨੀਆਂ ਦੀ ਸਭ ਤੋਂ ਅਮੀਰ 20 ਫੀਸਦੀ ਆਬਾਦੀ ਦੀ ਆਮਦਨ ਦੁਨੀਆਂ ਦੀ ਸਭ ਤੋਂ ਗਰੀਬ 20 ਫੀਸਦੀ ਆਬਾਦੀ ਤੋਂ 1960 'ਚ 30 ਗੁਣਾ ਸੀ। 1990 ਵਿਚ ਇਹ 60 ਗੁਣਾ ਹੋ ਗਈ ਅਤੇ 1997 'ਚ 74 ਗੁਣਾ ਹੋ ਗਈ। ਸੱਚ ਤਾਂ ਇਹ ਹੈ ਕਿ ਵਿਸ਼ਵੀਕਰਨ ਜਾਂ ਭੂਮੰਡਲੀਕਰਨ ਦੀ ਤਸਵੀਰ ਉਨੀ ਸੁੰਦਰ ਨਹੀਂ ਹੈ ਜਿੰਨੀ ਪੇਸ਼ ਕੀਤੀ ਜਾ ਰਹੀ ਹੈ। ਇਸ ਨਾਲ ਦੁਨੀਆਂ ਦੇ ਨਜ਼ਦੀਕ ਆਉਣ ਦੀ ਬਜਾਏ ਦੂਰੀਆਂ ਵਧ ਰਹੀਆਂ ਹਨ। ਨਵੀਂ ਵੰਡ ਹੋਈ ਹੈ ਤੇ ਨਫ਼ਰਤ ਵਧੀ ਹੈ। ਅਜ਼ਾਰੇਦਾਰੀ ਰੁਝਾਣ ਮਜ਼ਬੂਤ ਹੋਏ ਹਨ। ਵਿਸ਼ਵੀਕਰਨ ਦੇ ਫਾਇਦੇ ਮੁਠੀਭਰ ਦੇਸ਼ਾਂ ਤੇ ਲੋਕਾਂ ਤੱਕ ਸੀਮਤ ਰਹੇ ਹਨ। ਇਹ ਅਮਲ ਅਸਲ ਵਿਚ ਪੂਰੇ ਸੰਸਾਰ ਦੇ ਹਿੱਤ ਵਿਚ ਹੈ ਜਾਂ ਨਹੀਂ ਇਸ 'ਤੇ ਗੰਭੀਰ ਪੁਨਰ ਵਿਚਾਰ ਦੀ ਲੋੜ ਹੈ।

ਇਹ ਸੋਚਣ ਤੇ ਸਮਝਣ ਦੀ ਗੱਲ ਹੈ ਕਿ ਜਿਸ ਇਸਲਾਮਿਨ ਫਾਸ਼ੀਵਾਦ ਤੇ ਕੌਮਾਂਤਰੀ ਅੱਤਵਾਦ ਦਾ ਜਾਰਜ ਬੁਸ਼ ਹੱਲਾ ਮਚਾ ਕੇ ਇਕ ਓਸਾਮਾ ਦੀ ਤਲਾਸ਼ ਵਿਚ ਅਫਗਾਨਿਸਤਾਨ 'ਚ ਲੱਖਾਂ ਨਿਰਦੋਸ਼ ਬੱਚਿਆਂ, ਔਰਤਾਂ, ਮਰਦਾਂ ਨੂੰ ਮਹੀਨਿਆਂ ਬੱਧੀ ਬੰਦ ਸੁੱਟ ਕੇ ਮਾਰ ਸੁੱਟਦੇ ਹਨ। ਮਹਾਂ ਵਿਨਾਸ਼ ਦੇ ਹਥਿਆਰ (WMD) ਦੇ ਬਹਾਨੇ ਇਰਾਕ 'ਤੇ ਹਮਲਾ ਕਰਕੇ ਲੱਖਾਂ ਬੱਚੇ, ਮਰਦਾਂ, ਬੁਢਿਆਂ, ਜਵਾਨਾਂ ਤੋਂ ਜਿਉਣ ਦਾ ਅਧਿਕਾਰ ਖੋਹ ਲੈਂਦੇ ਹਨ। ਕੀ ਇਹ ਬੁਸ਼ ਤੇ ਉਸ ਦਾ ਅਮਰੀਕੀ ਰਾਜ ਜੋ ਭੂਮੰਡਲੀਕ੍ਰਿਤ ਵਿਸ਼ਵ ਦੇ ਸੰਸਥਾਪਕ ਹਨ ਅਤੇ ਜੋ ਲੋਕਰਾਜ ਅਤੇ ਮਨੁੱਖੀ ਅਧਿਕਾਰਾਂ ਦੀ ਦੁਹਾਈ ਦਿੰਦੇ ਨਹੀਂ ਥੱਕਦੇ। ਉਨ੍ਹਾਂ ਧਰਮ ਅਰਥ, ਕੱਟੜ, ਮੱਧਯੁਗੀ ਮਦਰੱਸਿਆਂ ਵਾਲੀ ਸਿੱਖਿਆ ਪ੍ਰਣਾਲੀ ਦੀ ਉਪਜ ਇਸਲਾਮਿਕ ਅੱਤਵਾਦੀਆਂ ਤੇ ਜਹਾਦੀਆਂ ਤੋਂ ਬੇਹਤਰ ਹਨ? ਜੋ ਧਰਮ ਦੀ ਅਫ਼ੀਮ ਖਾ ਕੇ ਹੋਸ਼ ਖੋਹ ਬੈਠਦੇ ਹਨ ਤੇ ਸੈਂਕੜਿਆਂ ਨੂੰ ਮਾਰ ਸੁੱਟਦੇ

ਹਨ। ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਮਨੁੱਖੀ ਅਧਿਕਾਰਾਂ ਦੀ ਇਹ ਉਲੰਘਣਾ ਉਹ ਲੋਕਰਾਜ ਤੇ ਮਨੁੱਖ ਅਧਿਕਾਰਾਂ ਦੀ ਰਾਖੀ ਦੀ ਦੁਹਾਈ ਪਾ ਕੇ ਕਰਦੇ ਹਨ। ਜਾਂ ਫਿਰ ਸਭਿਅਤਾਵਾਂ ਦੇ ਭੇੜ (Clash of civilisation) ਦੇ ਪਰਦੇ ਪਿੱਛੇ। ਇਰਾਕ, ਅਫਗਾਨਿਸਤਾਨ ਤੇ ਵਿਸ਼ਵੀ ਅੱਤਵਾਦ ਦੇ ਖਿਲਾਫ਼ ਮੁਹਿੰਮ ਵਿਚ ਲੱਖਾਂ ਲੋਕਾਂ ਦੀ ਮੌਤ ਹੋਈ ਹੈ। ਲੱਖਾਂ ਬੇਘਰ ਹੋਏ ਹਨ। ਅਰਾਜਕਤਾ ਵਧੀ ਹੈ। ਮੱਧ ਏਸ਼ੀਆ ਤੋਂ ਲੈ ਕੇ ਪੱਛਮੀ ਏਸ਼ੀਆ ਤੱਕ ਦੀਆਂ ਸਾਰੀਆਂ ਜਾਤੀਆਂ ਦੇ ਲੋਕਾਂ ਦੀ ਬੇਚੈਨੀ ਵਧੀ ਹੈ। ਸੜਕਾਂ ’ਤੇ ਪੁਲ ਢਹਿ ਢੇਰੀ ਹੋਏ ਹਨ। ਖੇਤੀ ਤਬਾਹ ਹੋਈ ਹੈ। ਅੱਜ ਜਦ ਪਸ਼ੂਆਂ ਦੇ ਪ੍ਰਤੀ ਕਰੂਰ ਵਿਹਾਰ ਖਿਲਾਫ਼ ਦੁਨੀਆਂ ਭਰ ਵਿਚ ਪਸ਼ੂ ਅਧਿਕਾਰ ਅੰਦੋਲਨ (Animal Rights) ਚਲਾਇਆ ਜਾ ਰਿਹਾ ਹੈ। ਕਿਉਂਕਿ ਮਨੁੱਖੀ ਅਧਿਕਾਰਾਂ ਦੀ ਕਲਪਨਾ ਆਦਰਸ਼ ਅਧਿਕਾਰਾਂ ਵਜੋਂ ਕੀਤੀ ਜਾਂਦੀ ਹੈ ਅਤੇ ਇਹ ਮੰਨਿਆ ਜਾਂਦਾ ਹੈ ਕਿ ਇਹ ਸਮਾਜਕ ਜੀਵਨ ਦੇ ਸਭ ਤੋਂ ਉੱਚੇ ਮਕਸਦਾਂ ਨੂੰ ਜ਼ਾਹਰ ਕਰਦੇ ਹਨ। ਇਸ ਲਈ ਸਮਕਾਲੀਨ ਹਾਲਤਾਂ ’ਚ ਮਨੁੱਖੀ ਅਧਿਕਾਰਾਂ ਦਾ ਦਾਇਰਾ ਬੇਹੱਦ ਵਿਆਪਕ ਹੋ ਗਿਆ ਹੈ। ਹੁਣ ਇਹ ਮੰਨਿਆ ਜਾਣ ਲੱਗ ਪਿਆ ਹੈ ਕਿ ਮਨੁੱਖਾਂ ਦੇ ਮਹੱਤਵਪੂਰਨ ਸਮਾਜਕ, ਆਰਥਕ ਤੇ ਸਭਿਆਚਾਰਕ ਅਧਿਕਾਰ ਵੀ ਹਨ ਜਿਨ੍ਹਾਂ ਵਿਚ ਸਿੱਖਿਆ, ਸਿਹਤ, ਰੁਜ਼ਗਾਰ, ਸਮਾਜਕ ਸੁਰੱਖਿਆ, ਰਹਿਣ ਸਹਿਣ ਦੇ ਸਹੀ ਪੱਧਰ ਦਾ ਅਧਿਕਾਰ ਆਦਿ ਸ਼ਾਮਲ ਹਨ। ਇਨ੍ਹਾਂ ਅਧਿਕਾਰਾਂ ਦੀ ਵਿਵਸਥਾ ਸਮਾਜਕ ਨਿਆਂ (Social Justice) ਦੀ ਸਮੱਸਿਆ ਨਾਲ ਜੁੜੀ ਹੈ।

ਅੱਜ ਦੇ ਯੁੱਗ ਵਿਚ ਜੀਵਨ ਤੇ ਸਿਹਤ ਦੀ ਸਮੱਸਿਆ ਹੋਰ ਵੀ ਗੁੰਝਲਦਾਰ ਹੋ ਗਈ ਹੈ। ਅੱਤਵਾਦ (Terrorism) ਨਸ਼ੀਲੀਆਂ ਦਵਾਈਆਂ ਦੇ ਵਪਾਰ (Drug trafficking) ਅਤੇ ਵਾਤਾਵਰਣ ਪ੍ਰਦੂਸ਼ਣ ਦੇ ਕਾਰਨ ਲੋਕਾਂ ਦੇ ਜੀਵਨ ਨੂੰ ਜੋ ਨਵੇਂ ਨਵੇਂ ਖਤਰੇ ਪੈਦਾ ਹੋ ਗਏ ਹਨ ਉਨ੍ਹਾਂ ਨਾਲ ਮਨੁੱਖੀ ਜੀਵਨ ਨੂੰ ਸੁਰੱਖਿਅਤ ਕਰਨਾ ਵੀ ਅੱਜ ਦੀਆਂ ਸਰਕਾਰਾਂ ਦਾ ਫਰਜ ਬਣ ਗਿਆ ਹੈ। ਪਰ ਇਨ੍ਹਾਂ ਨਵੇਂ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਵਿਵਸਥਾ ਲਈ ਸੰਸਾਰੀ ਯਤਨ ਜ਼ਰੂਰੀ ਹੈ। ਹਰ ਸਾਲ ਦੁਨੀਆਂ ਵਿਚ ਕਿਤੇ ਨਾ ਕਿਤੇ ਸੈਂਕੜੇ ਬੰਦੇ ਲਾਪਤਾ ਹੋ ਜਾਂਦੇ ਹਨ। ਸਿਰਫ ਸ਼ੱਕ ਦੇ ਅਧਾਰ ’ਤੇ ਅਤੇ ਕਈ ਵਾਰ ਸਿਰਫ ਰਾਜਸੀ ਵਿਰੋਧ ਲਈ ਵਿਰੋਧੀਆਂ ਪਾਰਟੀਆਂ ਜਾਂ ਗੁੱਟਾਂ ਦੇ ਵਿਅਕਤੀਆਂ ਨੂੰ ਮਨਮਾਨੇ ਢੰਗ ਨਾਲ ਗ੍ਰਿਫਤਾਰ ਕਰਕੇ ਜ਼ੇਲ ਵਿਚ ਸੁੱਟ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਬੇਰਹਿਮ ਤਸੀਹੇ ਦਿੰਦੇ ਹੋਇਆਂ ਗੰਭੀਰ ਕਿਸਮ ਦੀਆਂ ਜ਼ਿਆਦਤੀਆਂ ਕੀਤੀਆਂ ਜਾਂਦੀਆਂ ਹਨ। ਰੰਗ, ਜਾਤੀ, ਧਰਮ ਤੇ ਨਸਲ ਦੇ ਅਧਾਰ ’ਤੇ ਭੇਦਭਾਵਪੂਰਨ ਵਰਤਾਅ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਮ ਬਰਾਬਰ ਮਨੁੱਖੀ ਅਧਿਕਾਰਾਂ ਤੋਂ ਵਾਂਝਿਆਂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਤਾਜ਼ਾ ਪ੍ਰਸੰਗ ਵਿਚ ਫਰਾਂਸ, ਬ੍ਰਿਟੇਨ ਤੇ ਹੋਰ ਕਈ ‘ਖੁੱਲੇ ਦਿਲ’ ਅਤੇ ‘ਦਿਮਾਗ’ ਵਾਲੇ ਯਰੂਪੀ ਦੇਸ਼ਾਂ ਵਿਚ ਸੈਕੁਲਰਿਜ਼ਮ ਦੇ ਨਾਂ ’ਤੇ ਕਾਲਾ ਕਾਨੂੰਨ ਬਣਾ ਕੇ ਸਿੱਖ ਤੇ ਮੁਸਲਿਮ ਅਪ੍ਰਵਾਸੀਆਂ ’ਤੇ ਪੱਗੜੀ ਤੇ ਸਕਾਰਫ ਵਰਗੇ ਧਾਰਮਿਕ ਚਿੰਨ ਅਤੇ ਪ੍ਰਤੀਕ ਪਹਿਨਣ ਦੀ ਪਾਬੰਦੀ ਲਾ ਕੇ ਉਨ੍ਹਾਂ ਦੀ ਮੂਲ ਕੌਮੀ ਅਤੇ ਸਭਿਆਚਾਰ ਪਹਿਚਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਹੋਰ ਵੀ ਕਈ ਰੂਪ ਹਨ ਜਿਵੇਂ

ਲੜਾਈਆਂ ਵਿਚ ਫ਼ੌਜ ਵੱਲੋਂ ਮਾਸੂਮ ਬੱਚਿਆਂ ਨੂੰ ਨਾ ਸਿਰਫ ਹਿੰਸਕ ਵਿਹਾਰ, ਬਲਕਿ ਯੁੱਧ ਲਈ ਆਪਣੀ ਫੌਜ 'ਚ ਬੱਚਿਆ ਦੀ ਭਰਤੀ ਤੇ ਵੱਖ ਵੱਖ ਫੌਜੀ ਕੰਮਾਂ ਲਈ ਓਹਨਾਂ ਦੀ ਵਰਤੋਂ ਮਨਮਾਨੀ ਨਜ਼ਰਬੰਦੀ ਦੋਸ਼ ਦੀ ਅਜ਼ਾਦੀ ਤੇ ਚੌਂਕ ਗੈਰ-ਨਿਆਂਇਕ ਤਰੀਕਿਆਂ ਨਾਲ ਫਾਂਸੀ ਦਿੱਤੇ ਜਾਣ ਯੁੱਧ ਬੰਦੀਆਂ ਵਿਚਾਰਧੀਨ ਕੈਦੀਆਂ ਅਪਾਰਾਧ ਦੇ ਸ਼ੱਕੀ ਵਿਅਕਤੀਆ ਜਾਂ ਰਾਜਸੀ ਵਿਰੋਧੀਆਂ ਦੀ ਸਟੇਟ ਵਲੋਂ ਮਾਨਸਿਕ ਤੇ ਸ਼ਰੀਰਕ ਲੁੱਟ ਮਾਦਾ ਭਰੂਣ ਹੱਤਿਆ ਲੜਕੀ ਪੈਦਾ ਹੋਣ ਤੇ ਜਹਿਰ ਦੇ ਕੇ ਜਾਂ ਗਲਾ ਘੱਟ ਕੇ ਉ ਨੂੰ ਮਾਰ ਦੇਣਾ ਦਹੇਜ ਹੱਤਿਆ ਬਲਾਤਕਾਰ ਕੰਮ ਕਰਨ ਦੀਆਂ ਥਾਵਾਂ 'ਤੇ ਯੌਨ ਸੋਸ਼ਣ ਜਬਰੀ ਵੇਸ਼ਵਾਬਿਰਤੀ ਫਿਰੌਤੀ ਵਸੂਲਣ ਲਈ ਔਰਤ ਦਾ ਅਰਾਵਾਅ ਡਾਇਨ ਐਲਾਨ ਕੇ ਕਿਸੇ ਵੀ ਔਰਤ ਨੂੰ ਨੰਗਿਆਂ ਘੁਮਾਉਣਾ ਤੇ ਫਿਰ ਉਸ ਨੂੰ ਪੱਧਰ ਮਾਰ ਮਾਰ ਕੇ ਮਾਰ ਸੁੱਟਣਾ ਪਰਿਵਾਰ ਦੀ ਇੱਜਤ ਦੀ ਖਾਤਰ ਲੜਕੀ ਜਾਂ ਔਰਤ ਦੀ ਹੱਤਿਆ ਕਰ ਦੇਣਾ (ਜਿਵੇਂ ਕਿ ਭਾਰਤ ਸਮੇਤ ਪਾਕਿਸਤਾਨ ਤੇ ਕੁਝ ਹੋਰ ਦੇਸ਼ਾਂ ਵਿਚ ਹੁੰਦਾ ਆਇਆ ਹੈ) ਧਾਰਮਕ ਰੀਤੀ ਰਿਵਾਜਾਂ ਦੇ ਨਾਂ 'ਤੇ ਸੁੰਨਤ ਵਰਗੀਆਂ ਹਿੰਸਕ ਤੇ ਦੇਵਦਾਸੀ ਵਰਗੀਆਂ ਯੌਨ ਸ਼ੌਸਣਕਾਰੀ ਪ੍ਰਮਪ੍ਰਾਵਾਂ ਅੱਧੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਦੇ ਘੋਰ ਅੰਦੋਲਨ ਦੇ ਕੁਝ ਮੁੱਖ ਰੂਪ ਹਨ।

ਮਨੁੱਖੀ ਅਧਿਕਾਰਾਂ ਦੇ ਇਹ ਉਲੰਘਣ ਕਿਧਰੇ ਸਮਾਜ ਦੇ ਹੀ ਲੋਕਾਂ ਵੱਲੋਂ ਹੁੰਦੇ ਹਨ ਤੇ ਕਿਧਰੇ ਉਨ੍ਹਾਂ ਸਰਕਾਰਾਂ ਵੱਲੋਂ ਜਿਨ੍ਹਾਂ 'ਤੇ ਉਨ੍ਹਾਂ ਦੀ ਰਾਖੀ ਦੀ ਸੰਵਿਧਾਨਿਕ ਜ਼ਿੰਮੇਵਾਰੀ ਹੁੰਦੀ ਹੈ। ਰਾਜ, ਯਾਨੀ ਸਰਕਾਰਾਂ ਵੱਲੋਂ ਮਨੁੱਖੀ ਅਧਿਕਾਰ ਉਲੰਘਣਾ ਦਾ ਜ਼ਿਆਦਾਤਰ ਨਿਸ਼ਾਨਾ ਜਿਥੇ ਅਪਰਾਧਾਂ ਦੇ ਸ਼ੱਕੀ ਵਿਅਕਤੀ ਤੇ ਵਿਚਾਰਧੀਨ ਕੇਂਦਰੀ, ਰਾਜਸੀ ਵਿਰੋਧੀ ਹੁੰਦੇ ਹਨ ਉਥੇ ਸਮਾਜ ਦੇ ਨਿਸ਼ਾਨੇ 'ਤੇ ਔਰਤਾਂ ਮੁਕਾਬਲਤਨ ਗਰੀਬ ਦਲਿਤ, ਭਾਸ਼ਾਈ ਤੇ ਜਾਤੀ ਘੱਟ ਗਿਣਤੀ ਅਤੇ ਨੀਮ ਜਾਤੀ ਦੇ ਲੋਕ ਵਧ ਹੁੰਦੇ ਹਨ। ਵੀਹਵੀਂ ਸਦੀ ਦੇ ਸ਼ੁਰੂ 'ਚ ਸ਼ੁਰੂ ਹੋਇਆ 'ਸਭ ਲਈ ਸਭ ਮਨੁੱਖੀ ਅਧਿਕਾਰ' ਦੀ ਮੁਹਿੰਮ ਅਤੇ ਸੰਘਰਸ਼ ਅਨੇਕਾਂ ਪੜਾਵਾਂ ਵਿਚ ਦੀ ਸਫਲਤਾ ਪੂਰਵਕ ਗੁਜ਼ਰਦਿਆਂ ਮੌਜੂਦਾ ਇਕਵੀਂ ਸਦੀ ਵਿਚ ਵੀ ਆਪਣੀ ਮੰਜ਼ਿਲ ਤੋਂ ਕਾਫੀ ਦੂਰ ਹੈ।

***ਮਨੁੱਖੀ ਅਧਿਕਾਰਾਂ ਦੀਆਂ ਕੁਝ ਮੁੱਖ ਮਿਸਾਲਾਂ ਹਨ :***

✪ ਇਰਾਕ ਦੇ ਅਬੂ ਗਰੀਬ ਜ਼ੇਲ੍ਹ ਤਸੀਹਾ ਕਾਂਡ

✪ ਗੁਆਂਤਨਾਮੋ ਬੇ ਜ਼ੇਲ੍ਹ ਤਸੀਹਾ ਕਾਂਡ, ਕਿਊਬਾ ਦੇ ਇਕ ਕੰਢੇ 'ਤੇ ਅਮਰੀਕਾ ਵੱਲੋਂ ਬਣਾਏ ਗੁਆਂਤਨਾਮ ਬੇ ਵਿਚ ਸਥਿਤ ਖੂੰਖਾਰ ਅਮਰੀਕੀ ਜ਼ੇਲ੍ਹ 'ਚ ਕੈਦੀਆਂ ਨੂੰ ਨੰਗਾ ਕਰਕੇ ਕੁੱਟਿਆ ਗਿਆ ਅਤੇ ਔਰਤ ਫ਼ੌਜੀਆਂ ਨੇ ਮਰਦਾਂ ਨੂੰ ਨੰਗਾ ਕੀਤਾ। ਹੁਣ ਉਸ ਨੂੰ ਬੰਦ ਕਰਾਉਣ ਲਈ ਅਮਰੀਕਾ ਨੂੰ ਮਜ਼ਬੂਰ ਹੋਣਾ ਪੈ ਰਿਹਾ ਹੈ।

✪ ਨਸਲਵਾਦ ਦੀ ਹਿਟਲਰ ਨੂੰ ਯਹੂਦੀਆਂ ਨਾਲ ਬੇਹੱਦ ਘ੍ਰਿਣਾ ਸੀ। ਉਸ ਨੇ 50 ਲੱਖ ਯਹੂਦੀਆਂ ਨੂੰ ਗੈਸ ਚੈਂਬਰ 'ਚ ਮਰਵਾ ਦਿੱਤਾ। ਜਰਮਨ ਸੰਸਦ ਵਿਚ ਅੱਗ ਲਵਾ ਦਿੱਤੀ ਅਤੇ ਕਮਿਊਨਿਸਟਾਂ ਤੇ ਸੋਸ਼ਲਿਸਟਾਂ ਨੂੰ ਮਰਵਾ ਦਿੱਤਾ। ਬੁਧੀਜੀਵੀਆਂ ਤੇ ਮਜ਼ਦੂਰ ਨੇਤਾਵਾਂ ਨੂੰ ਡਰਾਇਆ ਧਮਕਾਇਆ ਤੇ ਮਰਵਾਇਆ। 6 ਲੱਖ ਬੱਚਿਆਂ ਨੂੰ ਮਿਲਟਰੀ ਬੂਟਾਂ ਨਾਲ ਕੁਚਲਵਾਇਆ।

✪ ਸੰਭਾਵਿਤ ਅਪਰਾਧੀਆਂ ਦੇ ਸਰੀਰ ’ਤੇ ਪੁਲਿਸ ਵੱਲੋਂ ਬੇਰਹਿਮੀ ਨਾਲ ਹੰਟਰ ਮਰਵਾਏ ਜਾਂਦੇ ਹਨੇ ਕਿਤੇ ਇਨ੍ਹਾਂ ਦੇ ਨੰਗੇ ਸ਼ਰੀਰ ਲਾਲ ਲੋਹੇ ਦੀਆਂ ਗਰਮ ਸ਼ਲਾਖਾਂ ਨਾਲ ਦਾਗੇ ਜਾਂਦੇ ਹਨ। ਕਿਤੇ ਇਨ੍ਹਾਂ ਨੂੰ ਬਰਫ ਦੀ ਸਿਲੀ ਤੇ ਸੁਲਵਾ ਕੇ ਛੱਡ ਦਿੱਤਾ ਜਾਂਦਾ ਹੈ। ਕਿਧਰੇ ਇਨ੍ਹਾਂ ਦੇ ਸਰੀਰ ’ਚ ਸੂਈਆਂ ਖੁਭੋਈਆਂ ਜਾਂਦੀਆਂ ਹਨ। ਕਿਧਰੇ ਇਨ੍ਹਾਂ ਦੇ ਹੱਥ-ਪੈਰ ਬੰਨ ਕੇ ਇਨ੍ਹਾਂ ’ਤੇ ਖ਼ੂੰਖਾਰ ਕੁੱਤੇ ਛੱਡ ਦਿੱਤੇ ਜਾਂਦੇ ਹਨ। ਕਿਧਰੇ ਇਨ੍ਹਾਂ ਨੂੰ ਬਿਜਲੀ ਦੇ ਝਟਕੇ ਲਾ ਕੇ ਤੜਪਾਇਆ ਜਾਂਦਾ ਹੈ।

✪ 1980 ’ਚ ਭਾਗਲਪੁਰ ਦੀ ਜ਼ੇਲ੍ਹ ਵਿਚ ਤੀਹ ਬੱਤੀ ਦੋਸ਼ੀਆਂ ਦੀਆਂ ਅੱਖਾਂ ਭੰਨ ਦਿੱਤੀਆਂ ਗਈਆਂ (ਭਾਗਲਪੁਰ ਦਾ ਖ਼ੂੰਖਾਰ ਅੱਖ ਫੋੜ ਕਾਂਡ)

✪ 1994 ਵਿਚ ਪੰਜਾਬ ਪੁਲਿਸ ਨੇ ਕੁਝ ਆਦੀਵਾਸੀ ਔਰਤਾਂ ਦੇ ਮੱਥੇ ’ਤੇ ‘ਜੇਬ ਕਤਰੀ’ ਖੁਦਵਾਇਆ ਸੀ।

✪ ਧੜੱਲੇ ਨਾਲ ਦੋਸ਼ੀ ਤੇ ਸ਼ੱਕੀ ਅਪਰਾਧੀਆਂ ਨੂੰ ਝੂਠੇ ਪੁਲਿਸ ਬਣਾ ਕੇ ਮਾਰ ਦਿੱਤਾ ਜਾਂਦਾ ਹੈ।

✪ ਬਾਲ ਮਜ਼ਦੂਰੀ ’ਤੇ ਪਾਬੰਦੀ ਦੇ ਬਾਵਜੂਦ ਚੋਰੀ-ਛਿਪੇ ਸੈਂਕੜੇ-ਹਜ਼ਾਰਾਂ ਛੋਟੀ ਉਮਰ ਦੇ ਬੱਚਿਆਂ ਨਾਲ ਧੜੱਲੇ ਨਾਲ ਬੇਰੋਕਟੋਕ ਜੋਖਮ-ਪੂਰਨ ਤੇ ਅਪਰਾਧਕ ਧੰਦਿਆਂ ਵਿਚ ਕੰਮ ਕਰਵਾਇਆ ਜਾਂਦਾ ਹੈ।

***ਅਜਿਹੇ ਕੰਮ ਧੰਦਿਆਂ ਦੀਆਂ ਕੁਝ ਉਦਾਹਰਣਾਂ ਹਨ :***

ਟਰਾਂਸਪੋਰਟ ਸਨਅਤ ਵਿਚ ਬਹੁਤ ਭਾਰੀ ਮਾਲ ਦੀ ਢੋਹਾ ਢੁਆਈ ਸੁਆਹ ਦੇ ਟੋਇਆਂ ਦੀ ਸਫਾਈ, ਮਾਚਿਸਾਂ, ਪਟਾਖਿਆਂ ਤੇ ਫਿਸਫੋਟਿਕ ਸਮੱਗਰੀ ਦਾ ਨਿਰਮਾਣ, ਉਤਪਾਦਨ ਸਨਅਤ, ਬੀੜੀ ਨਿਰਮਾਣ, ਅਭਰਕ ਦੀ ਕਟਾਈ, ਉੱਨ ਦੀ ਸਫਾਈ, ਵੈਲਡਿੰਗ ਆਦਿ।

ਕੌਮੀ ਪੱਧਰ ’ਤੇ ਭਾਰਤ ਵੱਲੋਂ ਬੱਚਿਆਂ ਪ੍ਰਤੀ ਕੀਤੇ ਗਏ ਅਪਰਾਧਾਂ, ਖਾਸ ਕਰਕੇ ਯੌਨ ਸੋਸ਼ਣ ਦੇ ਪ੍ਰਸੰਗ ’ਚ ਪਹਿਲੀ ਵਾਰੀ ਜੋ ਅਧਿਐਨ ਕਰਵਾਇਆ ਗਿਆ, ਉਸ ਦੀ ਰਿਪੋਰਟ ਅਨੁਸਾਰ ਦੰਗੇ, ਕੁਦਰਤੀ ਆਫ਼ਤਾਂ, ਗਰੀਬੀ ਭੁਖਮਰੀ ਦਾ ਸਭ ਤੋਂ ਬੁਰਾ ਸ਼ਿਕਾਰ ਬੱਚੇ ਹੀ ਹੁੰਦੇ ਹਨ ਉਹ ਬੇਕਸੂਰ ਹੁੰਦੇ ਹਨ। ਪਰ ਦੂਜਿਆਂ ਦੇ ਅਪਰਾਧਾਂ ਦਾ ਭਾਰ ਉਨ੍ਹਾਂ ਨੂੰ ਹੀ ਢੋਣਾ ਪੈਂਦਾ ਹੈ। ਦੇਸ਼ ਵਿਚ ਇਸ ਵਕਤ 53 ਫੀਸਦੀ ਤੋਂ ਵਧ ਬੱਚੇ ਕਈ ਤਰ੍ਹਾਂ ਦੀ ਹਿੰਸਾ ਦਾ ਸ਼ਿਕਾਰ ਹਨ। ਇਨ੍ਹਾਂ ਬੱਚਿਆਂ ਨੂੰ ਬਚਾਏ ਜਾਣ ਦੀ ਲੋੜ ਹੈ ਇਕ ਅਧਿਐਨ ਅਨੁਸਾਰ ਬੱਚਿਆਂ ’ਤੇ ਕੀਤੇ ਗਏ ਅਪਰਾਧਾਂ ’ਚ ਤਿੰਨ ਕਿਸਮ ਦੇ ਅਪਰਾਧ ਸ਼ਾਮਲ ਹਨ।

ਪਹਿਲਾਂ ਸਰੀਰਕ - ਜਿਸ ਵਿਚ ਮਾਰ ਕੁੱਟ, ਤਰ੍ਹਾਂ ਤਰ੍ਹਾਂ ਦੀ ਸਜ਼ਾ ਤੇ ਸਖਤ ਕੰਮ ਸ਼ਾਮਲ ਹਨ। ਦੂਜੇ ਨੰਬਰ ਤੇ ਜਿਣਸੀ (ਯੌਨ) ਸੋਸ਼ਣ ਤੇ ਤੀਜਾ ਭਾਵਨਾਤਮਕ ਪ੍ਰੇਸ਼ਾਨੀਆਂ ਸ਼ਾਮਲ ਹਨ। ਸਰੀਰਕ ਤਸੀਹੇ ਲੜਕੀਆਂ ਨੂੰ ਵਧ 54.68 ਫੀਸਦੀ ਤੇ ਉਨ੍ਹਾਂ ਦੇ ਮੁਕਾਬਲੇ ਲੜਕੀਆਂ ਨੂੰ ਘੱਟ 45.32 ਫੀਸਦੀ। ਯੌਨ ਸੋਸ਼ਣ (Social Abuse) ਲੜਕੀਆਂ ਨੂੰ 52-94 ਅਤੇ ਲੜਕੀਆਂ ਨੂੰ 47.60 ਹੈ ਹਾਂ ਭਾਵਨਾਤਮਕ ਤਸੀਹਿਆਂ ਦੇ ਮਾਮਲੇ ’ਚ ਲੜਕੇ 49.99 ਅਤੇ ਲੜਕੀ 50.01 ਹਨ। ਭਾਵਨਾਤਮਕ ਅਪਰਾਧ ਲੜਕੀਆਂ ਲਈ ਇਕ ਫੀਸਦੀ ਵਧ ਹੁੰਦੇ ਹਨ। ਭਾਵਨਾਤਮਕ ਅਪਰਾਧਾਂ

'ਚ ਗਾਲੀ ਗਲੋਚ, ਪੂਰਾ ਭੋਜਨ ਨਾ ਦੇਣਾ ਜਾਂ ਲੜਕੀ ਹੋਣ ਕਾਰਨ ਭੇਦਭਾਵ ਜਾਂ ਲੜਕੀ ਹੋਣ ਕਾਰਨ ਪੜ੍ਹਾਈ ਜਾਂ ਸਿਹਤ ਵੱਲ ਧਿਆਨ ਨਾ ਦੇਣਾ ਆਦਿ ਗੱਲਾਂ ਸ਼ਾਮਲ ਹਨ। ਆਂਧਰਾਂ ਪ੍ਰਦੇਸ਼, ਦਿੱਲੀ, ਆਸਾਮ ਤੇ ਬਿਹਾਰ ਵਿਚ ਹੋਰ ਰਾਜ ਦੇ ਮੁਕਾਬਲੇ ਬੱਚੇ ਵਧ ਸਤਾਏ ਜਾਂਦੇ ਹਨ। ਲੜਕੇ ਹੋਣ ਜਾਂ ਲੜਕੀਆਂ ਉਨ੍ਹਾਂ ਨੂੰ ਲਗਭਗ ਇਕੋ ਜਿਹੇ ਅਨੁਪਾਤ ਵਿਚ ਸਤਾਇਆ ਜਾਂਦਾ ਹੈ। 13-18 ਸਾਲ ਦੀ ਉਮਰ ਦੇ ਬੱਚਿਆਂ ਦੇ ਮੁਕਾਬਲੇ 5-12 ਸਾਲ ਤੱਕ ਦੀ ਉਮਰ ਦੇ ਬੱਚੇ ਵਧ ਪੀੜਤ ਕੀਤੇ ਜਾਂਦੇ ਹਨ। ਯੌਨ ਸੋਸ਼ਨ ਦੇ ਕੇਸਾਂ ਵਿਚ ਤਾਂ ਬੱਚਿਆਂ ਪ੍ਰਤੀ ਅਪਰਾਧ ਕਰਨ ਵਾਲੇ ਅਕਸਰ ਰਿਸ਼ਤੇਦਾਰ, ਪਰਿਵਾਰਿਕ ਮਿੱਤਰ ਜਾਂ ਪ੍ਰਚਿਤ ਹੁੰਦੇ ਹਨ। ਇਸ ਨਾਲ ਇਹ ਧਾਰਨਾ ਟੁੱਟਦੀ ਹੈ ਕਿ ਘਰ ਜਾਂ ਪਰਿਵਾਰ 'ਚ ਬੱਚੇ ਸਭ ਤੋਂ ਵਧ ਸੁਰੱਖਿਅਤ ਰਹਿੰਦੇ ਹਨ। ਸੱਤਰ ਫੀਸਦੀ ਬੱਚੇ ਇਨ੍ਹਾਂ ਅਪਰਾਧਾਂ ਬਾਰੇ ਕਿਸੇ ਨੂੰ ਦੱਸਦੇ ਵੀ ਨਹੀਂ ਹਨ। ਇਸ ਰਿਪੋਰਟ ਨਾਲ ਇਹ ਗੱਲ ਤਾਂ ਸਾਹਮਣੇ ਆਈ ਹੈ ਕਿ ਯੌਨ ਸੋਸ਼ਣ ਲੜਕੇ ਅਤੇ ਲੜਕੀਆਂ ਨੂੰ ਲਗਭਗ ਬਰਾਬਰ ਝੱਲਣੀ ਪੈ ਰਹੀ ਹੈ। ਇਸ ਅਧਿਐਨ ਮੁਤਾਬਕ ਲੜਕੇ ਤਾਂ ਲੜਕੀਆਂ ਤੋਂ ਵੀ ਵਧ ਯੌਨ ਸੋਸ਼ਣ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਵਿਚ ਕਾਫੀ ਫੀਸਦੀ ਬੱਚੇ ਅਜਿਹੇ ਹਨ ਜਿਨ੍ਹਾਂ ਨੂੰ ਗੰਭੀਰ ਕਿਸਮ ਦੇ ਯੌਨ ਅਪਰਾਧ ਜਿਨ੍ਹਾਂ 'ਚ ਬਲਾਤਕਾਰ ਤੋਂ ਲੈ ਕੇ ਨੰਗੀਆਂ ਫੋਟੋਆਂ ਤੱਕ ਸ਼ਾਮਲ ਹਨ, ਨੂੰ ਝੱਲਿਆ ਸੀ। 11-18 ਸਾਲ ਦੇ ਬੱਚਿਆਂ 'ਚ 73 ਫੀਸਦੀ ਬੱਚੇ ਕਿਸੇ ਨਾ ਕਿਸੇ ਪ੍ਰਕਾਰ ਦੇ ਯੌਨ ਸੋਸ਼ਣ ਦੇ ਸ਼ਿਕਾਰ ਹਨ। ਬੱਚੇ ਕਮਜ਼ੋਰ ਹੁੰਦੇ ਹਨ। ਉਹ ਵੱਡਿਆਂ ਦੀ ਸ਼ਕਤੀ ਦਾ ਮੁਕਾਬਲਾ ਨਹੀਂ ਕਰ ਸਕਦੇ ਇਸ ਲਈ ਵੱਡਿਆਂ ਦੀ ਹਿੰਸਾ ਦਾ ਸ਼ਿਕਾਰ ਹੋ ਜਾਂਦੇ ਹਨੇ ਬੱਚੇ ਚਾਹੇ ਸਕੂਲ ਜਾਂਦੇ ਹਨ, ਪੜ੍ਹਦੇ ਹੋਣ, ਬਾਲ ਮਜ਼ਦੂਰ ਹੋਣ ਜਾਂ ਘਰੋਂ ਭੱਜੇ। ਇਨ੍ਹਾਂ 'ਚ ਸਭ ਤੋਂ ਵਧ ਅਪਰਾਧ ਬਾਲ ਮਜ਼ਦੂਰਾਂ ਤੇ ਸੜਕਾਂ 'ਤੇ ਪਲਣ ਵਾਲੇ ਬੱਚਿਆਂ ਪ੍ਰਤੀ ਕੀਤੇ ਗਏ ਕਿਉਂਕਿ ਹੋਰ ਬੱਚਿਆਂ ਨੂੰ ਮਾਪਿਆਂ ਵੱਲੋਂ ਬਚਾਏ ਜਾ ਸਕਦੇ ਹਨੇ ਬੇਸਹਾਰਾ ਬੱਚਿਆਂ ਨੂੰ ਅਨਾਥ ਸਮਝ ਲਿਆ ਜਾਂਦਾ ਹੈ ਕਿ ਉਹ ਤਾਂ ਕਿਸੇ ਨੂੰ ਦੱਸ ਵੀ ਨਹੀਂ ਸਕਦੇ, ਉਹ ਭਿਆਕਰ ਰੋਗਾਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਇਰਾਕ ਯੁੱਧ ਪਿਛੋਂ ਉਥੋਂ ਦੇ ਬੱਚਿਆਂ 'ਤੇ ਸੰਕਟ ਦੇ ਬੱਦਲ ਛਾ ਗਏ ਹਨ। ਪਾਕਿਸਤਾਨ 'ਚ ਦੋ ਔਰਤਾਂ ਦੀ ਗਵਾਹੀ ਨੂੰ ਇਕ ਮਰਦ ਦੀ ਗਵਾਹੀ ਦੇ ਬਰਾਬਰ ਮੰਨਿਆ ਜਾਂਦਾ ਹੈ। ਬਲਾਤਕਾਰ ਦੇ ਮਾਮਲੇ 'ਚ ਸਿਰਫ ਔਰਤਾਂ ਦੀ ਗਵਾਹੀ 'ਤੇ ਕਿਸੇ ਬਲਾਤਕਾਰੀ ਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ। ਇਸ ਅਵਸਥਾ ਦਾ ਲਾਭ ਉਠਾ ਕੇ ਪੁਲਿਸ ਔਰਤਾਂ ਨੂੰ ਗ੍ਰਿਫ਼ਤਾਰ ਕਰਦੀ ਹੈ ਤੇ ਪੁਲਸ ਹਵਾਲਾਤ 'ਚ ਬਲਾਤਕਾਰ ਕਰਦੀ ਹੈ।

# ਵਪਾਰ ਅਤੇ ਖੇਡ ਸਨਅਤ

ਦੇਸ਼ 'ਚ ਜਲੰਧਰ ਦਾ ਜੇ ਨਾਂ ਹੈ ਤਾਂ ਖੇਡਾਂ ਦਾ ਸਮਾਨ ਬਣਾਉਣ ਵਾਲੀਆਂ ਫੈਕਟਰੀਆਂ ਕਾਰਨ ਹੈ। ਪਰ ਅੱਜ ਇਸ ਸ਼ਹਿਰ ਦੀ ਸ਼ਾਖ ਧੁੰਦਲੀ ਹੋ ਰਹੀ ਹੈ। ਕਿਉਂਕਿ ਖੇਡ ਸਨਅਤ ਹੁਣ ਸੰਕਟ ਵਿਚ ਹੈ। ਇਹ ਸਨਅਤ ਇਕ ਤਾਂ ਕੱਚੇ ਮਾਲ, ਕਾਰੀਗਰਾਂ ਦੀ ਘਾਟ ਤੇ ਤਕਨੀਕੀ ਪਿਛੜੇਪਣ ਕਾਰਨ ਸੰਕਟ ਵਿਚ ਹੈ। ਉਪਰੋਂ ਟੈਕਸਾਂ ਦੀ ਮਾਰ ਨੇ ਇਸ ਦਾ ਲੱਕ ਤੋੜ ਦਿੱਤਾ ਹੈ। ਸਰਕਾਰ ਦੀ ਰਾਜਨੀਤੀ ਦੀ ਖੇਡ ਇਸ ਸਨਅਤ ਨੂੰ ਬਰਬਾਦ ਕਰ ਰਹੀ ਹੈ। ਦੇਸ਼ ਦੀ ਵੰਡ ਪਿਛੋਂ 1947 'ਚ ਖੇਡਾਂ ਦੇ ਸਮਾਨ ਦੀ ਖਰੀਦਦਾਰੀ ਕਰਕੇ ਇਸ ਸਨਅਤ ਨੂੰ ਬਜ਼ਾਰ ਮੁਹੱਈਆ ਕਰਵਾਉਂਦੇ ਰਹੇ ਮੁੱਠੀਭਰ ਕਾਰੀਗਰਾਂ ਦੀਆਂ ਕੋਸ਼ਿਸ਼ਾਂ ਨਾਲ ਸ਼ੁਰੂ ਹੋਏ ਖੇਡਾਂ ਦੇ ਸਮਾਨ ਦੇ ਨਿਰਮਾਣ ਦੀ ਕੋਸ਼ਿਸ਼ ਨਾਲ ਅੱਜ 600 ਤੋਂ ਵਧ ਛੋਟੀਆਂ-ਵੱਡੀਆਂ ਇਕਾਈਆਂ ਵਜੋਂ ਸਾਹਮਣੇ ਹਨ। ਇਥੇ ਇਕ ਸਾਲ 'ਚ ਕਰੀਬ 500 ਕਰੋੜ ਰੁਪਏ ਦਾ ਕਾਰੋਬਾਰ ਹੁੰਦਾ ਹੈ। ਜੇ ਸਰਕਾਰਾਂ ਖੇਡ ਸਨਅਤ ਨੂੰ ਸਿਰਫ 'ਖਿਡੌਣਾ' ਨਾ ਸਮਝਣ ਤਾਂ ਇਹ ਸਨਅਤ ਅੱਜ ਹਜ਼ਾਰਾਂ ਕਰੋੜ ਰੁਪਏ ਜਮ੍ਹਾ ਕਰ ਰਹੀ ਹੁੰਦੀ। ਅਤੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਵੱਖਰਾ ਮਿਲਦਾ। ਅੱਜ ਇਸ ਸਨਅਤ ਦੀ ਗ੍ਰੋਥ ਬੇਹੱਦ ਹੌਲੀ ਹੈ ਪਿਛਲੇ ਦਸ ਸਾਲਾਂ 'ਚ ਇਕ ਵੀ ਵੱਡਾ ਯੂਨਿਟ ਇਥੇ ਨਹੀਂ ਲੱਗਿਆ। ਖੇਡ ਸਨਅਤ ਨਾਲ ਜੁੜੇ ਲੋਕਾਂ ਅਨੁਸਾਰ ਅੱਜ ਆਧੁਨਿਕ ਸਨਅਤ ਲਾਉਣ 'ਚ ਨਿਵੇਸ਼ ਤਾਂ ਕਰੋੜਾਂ ਦਾ ਹੈ ਪਰ ਮੁਨਾਫਾ ਘੱਟ ਗਿਆ ਹੈ। ਇਸ ਕਾਰਨ ਖੇਡ ਸਨਅਤ ਲਗਾਤਾਰ ਪਿਛੜ ਰਹੀ ਹੈ। ਇਸ ਪਿਛੜੇਪਣ ਦਾ ਕਾਰਨ ਕੀ ਹੈ? ਵਿਦੇਸ਼ਾਂ 'ਚ ਖੇਡ ਸਨਅਤ ਲਈ ਆਧੁਨਿਕ ਮਸ਼ੀਨਰੀ 'ਤੇ ਖੋਜ ਕੀਤੀ ਗਈ। ਜਲੰਧਰ 'ਚ ਲੋਹੇ ਅਤੇ ਲੈਦਰ ਇੰਡਸਟਰੀ ਲਈ ਸਿੱਖਿਆ ਕੋਰਸ ਅਤੇ ਰਿਸਰਚ ਸੈਂਟਰ ਖੋਲ੍ਹੇ ਗਏ ਪਰ ਖੇਡ ਉਦਯੋਗ ਲਈ ਕੁਝ ਨਹੀਂ ਕੀਤਾ। ਸਾਡੇ ਕੋਲ ਨਾਂ ਤਾਂ ਆਧੁਨਿਕ ਮਸ਼ੀਨਾਂ ਹਨ ਅਤੇ ਨਾ ਹੀ ਤਕਨੀਕੀ ਤੌਰ 'ਤੇ ਸਹੀ ਕਾਰੀਗਰ। ਇਸ ਕਾਰਨ ਵਿਸ਼ਵ ਬਜ਼ਾਰ 'ਚ ਅਸੀਂ ਖਾਸ ਜਗ੍ਹਾ ਨਹੀਂ ਬਣਾ ਸਕੇ। ਕੇਂਦਰ ਤੇ ਰਾਜ ਸਰਕਾਰ ਨੂੰ ਇਸ 'ਤੇ ਧਿਆਨ ਦੇਣਾ ਚਾਹੀਦਾ ਹੈ। ਸਾਰੀ ਮਸ਼ੀਨਰੀ ਵਿਦੇਸ਼ਾਂ ਤੋਂ ਆਉਂਦੀ ਹੈ। ਇਸ 'ਤੇ ਭਾਰੀ ਨਿਵੇਸ਼ ਹੁੰਦਾ ਹੈ ਜਦਕਿ ਸਾਡਾ ਬਜ਼ਾਰ ਛੋਟਾ ਹੈ। ਅਜਿਹੇ ਵਿਚ ਰਿਸਕ ਲੈਣ ਲਈ ਜਿਗਰ ਚਾਹੀਦਾ ਹੈ। ਸਰਕਾਰ ਸਸਤੀ ਮਸ਼ੀਨਰੀ ਤਿਆਰ ਕਰਵਾਏ ਤਾਂ ਹੀ ਭਲਾ ਹੋ ਸਕਦਾ ਹੈ। ਇਹ ਗੱਲ ਉਦੋਂ ਸੱਚ ਸਾਬਤ ਹੁੰਦੀ ਹੈ ਜਦ ਅਸੀਂ ਖੇਡ ਸਨਅਤ ਵਿਚ ਲੱਕੜੀ ਸੁਖਾਉਣ ਦੇ ਪਲਾਟਾਂ ਦੀ ਅਤੇ ਲੱਕੜੀ ਪ੍ਰੋਸੈਸਿੰਗ ਮਸ਼ੀਨਰੀ ਦੀ ਕਮੀ ਵੇਖਦੇ ਹਾਂ। ਤਕਨੀਕੀ ਪਿਛੜੇਪਣ ਕਾਰਨ ਇਸ ਉਦਯੋਗ ਲਈ ਕੱਚਾ ਮਾਲ ਯਾਨੀ ਲੱਕੜੀ, ਧਾਗਾ, ਰਬੜ, ਸਿਥੈਟਿਕ ਸ਼ੀਟ, ਸੂਜ਼ ਦੇ ਤਲੇ, ਡਿਜ਼ੀਟਲ ਜਿਮ ਮਸ਼ੀਨਰੀ ਦੇਸ਼ ਦੇ ਟੇਬਲ ਟੈਨਿਸ ਬਾਲ ਦੀ ਇਕ ਵੀ ਇਕਾਈ ਨਹੀਂ ਲੱਗ ਸਕੀ। ਟੇਬਲ ਟੈਨਿਸ ਬਾਲ ਚੀਨ ਤੋਂ ਦਰਾਮਦ ਹੁੰਦੀ ਹੈ। ਇਸ ਸਨਅਤ ਦੀ ਲੱਕੜੀ ਦੀ ਲੋੜ ਵੀ ਪੂਰੀ ਨਹੀਂ ਹੋ ਰਹੀ ਹੈ। ਸਨਅਤ ਨੂੰ ਕ੍ਰਿਕਟ ਬੈਟ ਬਣਾਉਣ ਲਈ ਕਸ਼ਮੀਰੀ ਵਿਲੋ ਚਾਹੀਦਾ ਹੈ। ਇਸ ਲਕੜੀ 'ਚ ਨਮੀ ਬਰਕਰਾਰ ਰਹਿੰਦੀ ਹੈ ਅਤੇ ਇਸ ਨਾਲ ਟਕਰਾਉਣ ਵਾਲੀ ਬਾਲ ਨੂੰ ਵਧ ਪੰਚ ਮਿਲਦਾ ਹੈ ਇਸ ਲਈ ਸੰਸਾਰ ਦੇ ਵਧੀਆ

ਬੈਟ ਇਸ ਤੋਂ ਹੀ ਬਣਦੇ ਹਨ। ਖੇਡ ਉਦਮੀ ਨੇਤਾ ਰਵਿੰਦਰ ਧੀਰ ਅਨੁਸਾਰ ਜਦ ਕ੍ਰਿਕਟ ਦਾ ਉਦੈ ਹੋਇਆ ਤਦ ਕਸ਼ਮੀਰੀ ਵਿਲੋ ਦੇ ਬਣੇ ਬੱਲਿਆਂ ਦੀ ਮੰਗ ਵਧੀ। ਕਸ਼ਮੀਰ ਸਰਕਾਰ ਨੇ ਇਕ ਖੇਡ ਖੇਡੀ ਅਤੇ 80 ਦੇ ਦਹਾਕੇ 'ਚ ਇਸ ਲੱਕੜੀ ਨੂੰ ਦੂਜੇ ਥਾਵਾਂ 'ਤੇ ਭੇਜਣ ਉੱਪਰ ਰੋਕ ਲਾ ਦਿੱਤੀ। ਰੋਕ ਅੱਜ ਵੀ ਜਾਰੀ ਹੈ। ਜਲੰਧਰ ਦੀ ਸਨਅਤ ਅੱਜ ਪਾਪੂਲਰ ਦੀ ਲੱਕੜੀ ਦੇ ਬੈਟ ਬਣਾਉਂਦੀ ਹੈ ਜੋ ਸਥਾਨਕ ਪੱਧਰ 'ਤੇ ਤਾਂ ਵਿਕ ਜਾਂਦੇ ਹਨ ਪਰ ਕੌਮਾਂਤਰੀ ਪੱਧਰ 'ਤੇ ਨਹੀਂ। ਕਸ਼ਮੀਰ ਸਰਕਾਰ ਦੀ ਰੋਕ ਪਿਛੋਂ ਕਸ਼ਮੀਰ 'ਚ ਵੀ ਬੈਟ ਬਣ ਰਹੇ ਹਨ ਪਰ ਜਲੰਧਰ ਦਾ ਧੰਦਾ ਤਹਿਸ ਨਹਿਸ ਹੋ ਗਿਐ। ਕੇਂਦਰ ਨੂੰ ਦਖਲ ਦੇ ਕੇ ਕਸ਼ਮੀਰੀ ਵਿਲੋ 'ਤੇ ਲੱਗੀ ਰੋਕ ਹਟਾਉਣੀ ਚਾਹੀਦੀ ਹੈ।

ਇਸ ਸਨਅਤ ਵਿਚ ਪੈਦਾਵਾਰ 'ਚ ਖਾਸ ਵਾਧਾ ਨਹੀਂ ਹੈ ਇਸ ਦਾ ਟਰਨਓਵਰ 200 ਕਰੋੜ ਤੋਂ ਵਧ ਕੇ 500 ਕਰੋੜ ਦਿਖਦਾ ਹੈ ਤਾਂ ਸਿਰਫ ਮਹਿੰਗਾਈ ਕਾਰਨ ਹੀ ਦਰਅਸਲ ਜੋ ਕ੍ਰਿਕਟ ਬਾਲ ਪਹਿਲਾਂ 24 ਰੁਪਏ ਦੀ ਸੀ ਅੱਜ ਉਹ 75 ਰੁਪਏ ਦੀ ਹੋ ਗਈ ਹੈ। ਕੀਮਤਾਂ ਵਧਣ ਨਾਲ ਅੰਕੜੇ ਤਾਂ ਵਧ ਗਏ ਹਨ ਪਰ ਬਾਜ਼ਾਰ ਦਾ ਦਾਇਰਾ ਨਹੀਂ ਵਧਿਆ ਹੈ। ਖੇਡ ਸਨਅਤ 'ਚ 80 ਫੀਸਦੀ ਯੂਨਿਟ ਇਕ ਕਰੋੜ ਤੋਂ ਘੱਟ ਦੀ ਟਰਨ ਓਵਰ ਵਾਲੇ ਹਨ। ਮੁਠੀਭਰ ਇਕਾਈਆਂ ਹਨ ਜੋ ਬਰਾਮਦ ਕਰ ਰਹੀਆਂ ਹਨ ਬਾਕੀ ਸਭ ਦੇਸ਼ ਦੇ ਅੰਦਰ ਵੀ ਵਪਾਰ ਕਰਦੇ ਹਨ। ਚੀਨ ਦਾ ਸਸਤਾ ਮਾਲ ਮਾਰਕਿਟ 'ਚ ਆਉਣ ਪਿਛੋਂ ਮਾਰ ਵੱਖਰੀ ਪਈ ਹੈ। ਦੇਸ਼ 'ਚ ਜਿਥੇ ਵੀ ਜਲੰਧਰ ਦੀ ਸਨਅਤ ਮਾਲ ਸਪਲਾਈ ਕਰਦੀ ਹੈ ਉਥੇ ਹੁਣ ਚੀਨ ਦੀ ਘੁਸਪੈਂਠ ਹੋ ਰਹੀ ਹੈ। ਜਲੰਧਰ ਦੀ ਸਨਅਤ ਚੀਨੀ ਮਾਲ 'ਤੇ ਡਿਊਟੀ ਲਾਉਣ ਦੀ ਮੰਗ ਕਰ ਰਹੀ ਹੈ ਪਰ ਕੇਂਦਰ ਸੁਣਦਾ ਨਹੀਂ। ਖੇਡ ਸਨਅਤ 'ਚ ਫੁੱਟਬਾਲ, ਕ੍ਰਿਕਟ ਦੀ ਗੇਂਦ, ਬੈਡਮਿੰਟਨ ਬਾਲ, ਸ਼ਟਲ ਅਤੇ ਰੈਕੇਟ, ਟੈਨਿਸ ਨੈਟ ਹੱਥਾਂ ਨਾਲ ਬਣਦੇ ਹਨ। ਜਲੰਧਰ, ਗੁਰਦਾਸ, ਹੁਸ਼ਿਆਰਪੁਰ, ਕਪੂਰਥਲਾ ਦੇ ਹਜ਼ਾਰਾਂ ਲੋਕ ਇਹ ਸਮਾਨ ਆਪਣੇ ਘਰਾਂ 'ਚ ਤਿਆਰ ਕਰਦੇ ਹਨ। ਇਸ ਨਾਲ ਖੇਡ ਸਨਅਤ ਨੂੰ ਲਘੂ ਸਨਅਤ ਦਾ ਰੂਪ ਮਿਲਦਾ ਹੈ। ਖੇਡ ਸਨਅਤ ਦੇ ਸੰਕਟ 'ਚ ਆਉਂਦਿਆਂ ਹੀ ਇਨ੍ਹਾਂ ਲੋਕਾਂ ਦੀ ਰੋਟੀ ਰੋਜ਼ੀ ਦੇ ਵੀ ਸੰਕਟ ਮੰਡਰਾਉਣ ਲੱਗਿਆ ਹੈ। ਕਾਰਖਾਨਾ ਮਾਲਕਾਂ ਕੋਲ ਜਦ ਆਰਡਰ ਨਹੀਂ ਆਉਂਦਾ ਤਾਂ ਘਰਾਂ 'ਚ ਬੈਠ ਕੇ ਕੰਮ ਕਰਦੇ ਹਜ਼ਾਰਾਂ ਲੋਕ ਪਰੇਸ਼ਾਨੀ 'ਚ ਪੈ ਜਾਂਦੇ ਹਨ। ਸੱਤ ਸਾਲ ਪਹਿਲਾਂ ਖੇਡ ਸਨਅਤ 'ਚ ਬਾਲ ਮਜ਼ਦੂਰੀ ਦਾ ਮੁੱਦਾ ਕੌਮਾਂਤਰੀ ਪੱਧਰ 'ਤੇ ਛਾਇਆ ਰਿਹਾ। ਇਸ ਕਾਰਨ ਜਲੰਧਰ ਦਾ ਕਰੋੜਾਂ ਦਾ ਮਾਲ ਡੰਪ ਹੋ ਗਿਆ ਸੀ। ਇਸ ਦਾ ਅਸਰ ਸਿੱਧਾ ਲੇਬਰ 'ਤੇ ਪਿਆ ਜਿਸ ਦੀ ਰੋਟੀ ਰੋਜ਼ੀ ਉਦੋਂ ਚੱਲੀ ਜਦ ਛੇ ਮਹੀਨੇ ਪਿਛੋਂ ਸਨਅਤੀ ਸੰਕਟ ਦੂਰ ਹੋਇਆ। ਕਾਰੀਗਰਾਂ ਅਨੁਸਾਰ ਹੁਣ ਫੁੱਟਬਾਲ ਦਾ ਕੰਮ ਪਹਿਲਾਂ ਤੋਂ ਘੱਟ ਹੋ ਗਿਆ ਹੈ। ਇਸ ਨਾਲ ਇਸ ਦੀ ਸਿਲਾਈ ਕਰਨ ਵਾਲਿਆਂ ਦਾ ਧੰਦਾ ਖਤਮ ਹੋ ਰਿਹਾ ਹੈ। ਪਹਿਲਾਂ ਜੁੱਤੇ ਦੇ ਉੱਪਰ ਦੀ ਸਿਲਾਈ ਦਾ ਕੰਮ ਆਉਂਦਾ ਸੀ ਪਰ ਜਦ ਤੋਂ ਲੈਦਰ ਦੀ ਬਜਾਏ ਸਿੰਥੈਟਿਕ ਸ਼ੀਟ ਦੇ ਸਪੋਰਟਸ ਸੂਜ਼ ਬਣਨ ਲੱਗੇ ਉਦੋਂ ਤੋਂ ਜੁੱਤੇ ਸਿਲਾਈ ਕਰਨ ਵਾਲੇ ਵਿਹਲੇ ਹੋ ਗਏ। ਸਪੋਰਟਸ ਇੰਡਸਟ੍ਰੀਅਲ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਖੇਡ ਸਨਅਤ ਦੀ ਸਲਾਮਤੀ ਨਾਲ ਹੀ ਉਨ੍ਹਾਂ ਦੀ ਰੋਟੀ ਰੋਜ਼ੀ ਦੀ ਸਲਾਮਤੀ ਹੈ।

# ਹਿਜਰਤ ਦੀ ਰਫ਼ਤਾਰ

ਪੰਜਾਬ ਦੇ ਉਦਮੀ ਤੇ ਕਿਸਾਨ ਅੱਜ ਕੱਲ ਗੱਲਬਾਤ ਦੌਰਾਨ ਸਪੱਸ਼ਟ ਮੰਨਦੇ ਹਨ ਕਿ ਬਿਹਾਰ ਤੋਂ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ 'ਚ 30 ਤੋਂ 50 ਫੀਸਦੀ ਤੱਕ ਕਮੀ ਆਈ ਹੈ। ਜਲੰਧਰ ਤੇ ਲੁਧਿਆਣਾ ਪੰਜਾਬ ਦੇ ਵੱਡੇ ਸਨਅਤੀ ਨਗਰ ਹਨ। ਜਲੰਧਰ ਸਥਿਤ ਪੁਆਇੰਟ ਐਕਸਟੇਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਅਨੁਸਾਰ ਬਿਹਾਰ ਤੋਂ ਆਉਣ ਵਾਲੇ ਗੈਰ ਹੁਨਰਮੰਦ, ਮਜ਼ਦੂਰਾਂ 'ਚ 30 ਫੀਸਦੀ ਤੋਂ ਵਧ ਦੀ ਕਮੀ ਆਈ ਹੈ ਤੇ ਇਸ ਨਾਲ ਉਦਯੋਗਾਂ 'ਤੇ ਮਾੜਾ ਅਸਰ ਪਿਆ। ਉਨ੍ਹਾਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕੌਮੀ ਰੁਜ਼ਗਾਰ ਗਾਰੰਟੀ ਯੋਜਨਾ (ਨਰੇਗਾ) ਅਤੇ ਸੜਕਾਂ ਦੇ ਨਿਰਮਾਣ ਵਿਚ ਆਪਣੇ ਸੂਬੇ 'ਚ ਹੀ ਕੰਮ ਥੋੜਾ ਬਹੁਤਾ ਮਿਲਣ ਕਾਰਨ ਮਜ਼ਦੂਰਾਂ ਦੀ ਆਮਦ ਘਟੀ ਹੈ। ਦੂਜੇ ਪਾਸੇ ਲੁਧਿਆਣੇ ਸਥਿਤ ਇੰਜਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕਾਊਂਸਲ ਦੇ ਖੇਤਰੀ ਪ੍ਰਧਾਨ ਐਸ. ਸੀ. ਰਹਿਲਨ ਨੇ ਦੱਸਿਆ ਕਿ ਬਿਹਾਰ ਤੋਂ ਹੁਣ ਸਿਰਫ ਹੁਨਰਮੰਦ ਮਜ਼ਦੂਰ ਹੀ ਆ ਰਹੇ ਹਨ। ਗੈਰ ਹੁਨਰਮੰਦ ਮਜ਼ਦੂਰਾਂ ਦੇ ਪੰਜਾਬ 'ਚ ਆਉਣ ਦੀ ਕਮੀ ਦਾ ਕਾਰਨ ਸਮਝ 'ਚ ਨਹੀਂ ਆ ਰਿਹਾ ਹੈ। ਹੋ ਸਕਦਾ ਹੈ ਕਿ ਹਰਿਆਣੇ 'ਚ ਸਨਅਤੀ ਵਿਕਾਸ ਦੀ ਦਰ ਤੇਜ਼ ਹੋਣ ਕਰਕੇ ਹੁਣ ਬਿਹਾਰ ਦੇ ਬਹੁਤੇ ਮਜ਼ਦੂਰ ਉਥੇ ਜਾ ਰਹੇ ਹੋਣ। ਪੰਜਾਬ ਦੀ ਸਨਅਤ 'ਤੇ ਇਸ ਦਾ ਮਾੜਾ ਅਸਰ ਪਿਆ ਹੈ। ਜਲੰਧਰ ਦੇ ਉੱਘੇ ਪੱਤਰਕਾਰ ਕ੍ਰਿਸ਼ਣੇ ਕੁਮਾਰ ਦਾ ਕਹਿਣਾ ਹੈ ਕਿ ਹਰ ਸਾਲ ਜਲੰਧਰ ਜਿਲੇ 'ਚ ਕਰੀਬ 16 ਹਜ਼ਾਰ ਬਿਹਾਰੀ ਮਜ਼ਦੂਰ ਖੇਤੀ ਕੰਮਾਂ ਲਈ ਆਉਂਦੇ ਹਨ ਪਰ ਇਸ ਵਾਰੀ ਇਸ ਵਿਚ 50 ਫੀਸਦੀ ਤੱਕ ਕਮੀ ਆਈ ਹੈ। ਇਸ ਕਾਰਨ ਧਾਨ ਦੀ ਬਿਜਾਈ ਪ੍ਰਭਾਵਿਤ ਹੋਈ ਹੈ ਤੇ ਕਿਸਾਨ ਵੀ ਚਿੰਤਤ ਰਹੇ। ਪੰਜਾਬ 'ਚ ਬਿਹਾਰੀ ਮਜ਼ਦੂਰ ਦੀ ਇਸ ਕਿੱਲਤ 'ਤੇ ਰਾਜਸੀ ਬਹਿਸ ਛਿੜ ਗਈ ਹੈ ਰਾਜ ਦੀ ਨਿਤਿਸ਼ ਸਰਕਾਰ ਇਸ ਨੂੰ ਆਪਣੇ ਪੌਣੇ ਤਿੰਨ ਸਾਲ ਦੇ ਕੰਮਾਂ ਦੀ ਪ੍ਰਾਪਤੀ ਦਿਸ ਰਹੀ ਹੈ। ਸੱਤਾ ਧਿਰ ਇਸ ਨੂੰ ਨਰੇਗਾ ਦੇ ਸਫਲ ਹੋਣ ਤੇ ਵਿਕਾਸ ਸਰਗਰਮੀਆਂ ਤੇਜ਼ ਹੋਣ ਦਾ ਸਿੱਟਾ ਮੰਨ ਰਹੀ ਹੈ। ਜਦਕਿ ਵਿਰੋਧੀ ਧਿਰ ਦਾ ਦੋਸ਼ ਹੈ ਕਿ ਮਜ਼ਦੂਰਾਂ ਦੀ ਹਿਜ਼ਰਤ 'ਚ ਕੋਈ ਕਮੀ ਨਹੀਂ ਆਈ ਬਲਕਿ ਹੁਣ ਉਹ ਪੰਜਾਬ ਦੀ ਬਜਾਏ ਹੋਰ ਸੂਬਿਆਂ ਦਾ ਰੁਖ ਕਰਨ ਲੱਗੇ ਹਨ। ਬਿਹਾਰ ਵਿਧਾਨ ਮੰਡਲ ਦੇ 24 ਤੋਂ 30 ਜੁਲਾਈ ਤੱਕ ਆਯੋਜਿਤ ਸੈਸ਼ਨ 'ਚ ਵੀ ਇਹ ਮੁੱਦਾ ਬਹਿਸ ਦਾ ਕੇਂਦਰ ਬਣਿਆ ਰਿਹਾ। ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਨੇ ਦਾਅਵਾ ਕੀਤਾ ਹੈ ਕਿ ਬਿਹਾਰ 'ਚ ਮਜ਼ਦੂਰਾਂ ਦੀ ਹਿਜ਼ਰਤ (ਪਲਾਇਨ) ਦੀ ਦਰ 'ਚ 40 ਤੋਂ 50 ਫੀਸਦੀ ਕਮੀ ਆਈ ਹੈ। ਮੋਦੀ ਨੇ ਕਿਹਾ ਕਿ ਨਰੇਗਾ ਤੇ ਵਿਕਾਸ ਕੰਮਾਂ ਦੇ ਕਾਰਨ ਅਜਿਹਾ ਹੋਇਆ ਹੈ ਤੇ ਇਸ ਦਾ ਅਸਰ ਪੰਜਾਬ 'ਚ ਦਿਸਣ ਲੱਗਿਆ ਹੈ। ਮੋਦੀ ਦੇ ਇਸ ਦਾਅਵੇ ਨਾਲ ਅਸੰਤੁਸ਼ਟ ਕੌਮੀ ਜਨਤਾ ਦਲ (ਰਾਜਦ) ਤੇ ਕਾਂਗਰਸ ਵਿਧਾਨ ਸਭਾ 'ਚੋਂ ਵਾਕ ਆਊਟ ਕੀਤਾ। ਕੁਝ ਸਮਾਂ ਪਹਿਲਾਂ ਰੇਲਵੇ ਦੇ ਅੰਕੜਿਆਂ ਦੇ ਹਵਾਲੇ ਨਾਲ ਵੀ ਰਾਜਦ ਨੇ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਸੀ ਕਿ ਬਿਹਾਰ ਤੋਂ ਮਜ਼ਦੂਰਾਂ ਦੇ ਪਲਾਇਨ 'ਚ ਕਮੀ ਨਹੀਂ ਆਈ ਹੈ। ਸੱਤਾ ਧਿਰ ਤੇ ਵਿਰੋਧੀ ਧਿਰ ਦੀ ਇਸ ਬਹਿਸ ਦਾ ਆਪਣਾ ਰਾਜਸੀ

ਮਨੋਰਥ ਹੈ ਪਰ ਜ਼ਮੀਨੀ ਸੱਚ ਇਹ ਹੈ ਕਿ ਹਿਜਰਤ (ਪਲਾਇਨ) ਕਮੀ ਨਹੀਂ ਆਈ ਹੈ। ਇਸ ਦੇ ਠੋਸ ਕਾਰਨ ਹਨ। ਪਹਿਲਾਂ ਬਿਹਾਰ ਦਾ ਯੋਜਨਾਕਾਰ 1000-2000 ਕਰੋੜ ਰੁਪਏ ਦਾ ਹੁੰਦਾ ਸੀ। ਹੁਣ ਇਹ 13 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਸ ਦੇ ਕਾਰਨ ਵਿਕਾਸ ਯੋਜਨਾਵਾਂ 'ਚ ਨਿਵੇਸ਼ ਚਾਰ-ਪੰਜ ਗੁਣਾ ਵਧਿਆ ਹੈ। ਸੜਕਾਂ, ਪੁਲਾਂ, ਕਾਲਜਾਂ ਦੀ ਬਿਲਡਿੰਗਾਂ, ਹਸਪਤਾਲ ਦੀ ਉਸਾਰੀ (ਭਾਵੇਂ ਨਿੱਜੀ ਖੇਤਰ ਹੀ ਹੋਵੇ) ਵਧੀ ਹੈ। ਮਜ਼ਦੂਰਾਂ ਨੂੰ ਕੁਝ ਕੰਮ ਮਿਲਿਆ ਹੈ। ਰਾਜ 'ਚ ਮਜ਼ਦੂਰੀ ਦੀ ਦਰ ਡੇਢੀ ਹੋਈ ਹੈ ਭਾਵੇਂ ਮਹਿੰਗਾਈ ਵਧੀ ਹੈ। ਇਹ ਮੰਗ ਤੇ ਸਪਲਾਈ ਦੇ ਗਣਿਤ ਦਾ ਸਿੱਟਾ ਹੈ। ਨਾ ਸਿਰਫ ਸਰਕਾਰੀ ਖੇਤਰ ਵਿਚ ਬਲਕਿ ਨਿੱਜੀ ਖੇਤਰ 'ਚ ਨਿਵੇਸ਼ ਕਾਫੀ ਵਧਿਆ ਹੈ ਕਾਨੂੰਨ ਵਿਵਸਥਾ 'ਚ ਸ਼ਾਇਦ ਕੁਝ ਸੁਧਾਰ ਹੋਇਆ ਹੈ। ਵੈਸੇ ਵੱਡੀ ਪੱਧਰ 'ਤੇ ਕੋਈ ਨਿਵੇਸ਼ ਨਹੀਂ ਹੋਇਆ ਹੈ।

ਗੱਲਬਾਤ ਦੇ ਸਰੋਤਾਂ ਰਾਹੀਂ ਪੜਤਾਲ ਕਰਨ ਤੇ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਬਿਹਾਰ 'ਚ ਕੰਮ ਦੇ ਮੌਕੇ ਵਧੇ ਹਨ। ਪਰ 50 ਫੀਸਦੀ ਪਲਾਇਨ ਘਟਣ ਦੇ ਸਰਕਾਰੀ ਦਾਅਵੇ ਨਾਲ ਲੋਕ ਸਿਰਫ ਸਹਿਮਤ ਨਹੀਂ ਹਨ। ਸਮਾਜਕ ਖੇਤਰ 'ਚ ਸਰਗਰਮ ਸੰਸਥਾਵਾਂ ਜਾਂ ਮਜ਼ਦੂਰ ਦੀ ਬਰਾਮਦ ਕਰਨ 'ਚ ਲੱਗੇ ਲੋਕ ਵੀ ਇਸ ਤੱਥ ਨਾਲ ਸਹਿਮਤ ਨਹੀਂ ਹਨ ਕਿ ਨਰੇਗਾ ਦੀ ਕਾਮਯਾਬੀ ਦਾ ਇੰਨਾ ਅਸਰ ਪਿਆ ਹੈ। ਵਰਨਣਯੋਗ ਹੈ ਕਿ ਬਿਹਾਰ ਇਕੱਲਾ ਰਾਜ ਹੈ ਜਿਥੇ ਕੇਂਦਰ ਪ੍ਰਯੋਜਿਤ 23 ਜਿਲਿਆਂ ਤੋਂ ਇਲਾਵਾ 15 ਜ਼ਿਲਿਆਂ ਵਿਚ ਰਾਜ ਸਰਕਾਰ ਆਪਣੀ ਪੱਧਰ 'ਤੇ ਇਸ ਯੋਜਨਾ ਨੂੰ ਚਲਾ ਰਹੀ ਹੈ। ਪਰ ਦੂਜਾ ਵੱਡਾ ਸੱਚ ਇਹ ਵੀ ਹੈ ਕਿ ਨਰੇਗਾ ਬਹੁਤੇ ਜਿਲਿਆਂ ਵਿਚ ਅੰਸ਼ਿਕ ਸਫਲਤਾ ਹੀ ਦਰਜ ਕਰਵਾ ਸਕਿਆ ਹੈ। ਇਸ ਨੂੰ ਲਾਗੂ ਹੋਇਆ ਢਾਈ ਸਾਲ ਬੀਤ ਗਏ ਹਨ ਪਰ ਹੁਣ ਤੱਕ ਜਾਬ ਕਾਰਡ ਵੰਡ ਦਾ ਕੰਮ ਪੂਰਾ ਨਹੀਂ ਹੋ ਸਕਿਆ ਹੈ। ਇਸ ਤੋਂ ਜਾਬ ਕਾਰਡਧਾਰੀ ਮਜ਼ਦੂਰਾਂ 'ਚ ਬਹੁਤ ਘੱਟ ਗਿਣਤੀ ਅਜਿਹੇ ਕਿਸਮਤ ਵਾਲਿਆਂ ਦੀ ਹੈ ਜਿਨ੍ਹਾਂ ਨੂੰ ਕੰਮ ਮਿਲਿਆ ਹੈ। ਤਾਂ ਫਿਰ ਆਖਰਕਾਰ ਘੱਟ ਹੋਣ ਦਾ ਕਾਰਨ ਕੀ ਹੈ? ਨਵੀਂ ਪੀੜੀ ਦੇ ਮਜ਼ਦੂਰਾਂ 'ਚ ਹੁਨਰ ਸਿੱਖਣ ਦੀ ਜਾਗ੍ਰਿਤੀ ਆਈ ਹੈ। ਖੇਤੀ ਕੰਮਾਂ 'ਚ ਹੱਡਭੰਨ ਮਿਹਨਤ ਤੋਂ ਵਧ ਦੀ ਮਜ਼ਦੂਰੀ ਘੱਟ ਹੈ ਤੇ ਇਥੇ ਮੌਸਮੀ ਕੰਮ ਮਿਲਦਾ ਹੈ। ਇਸ ਲਈ ਮਜ਼ਦੂਰ ਹੁਣ ਉਸਾਰੀ ਦੇ ਕੰਮਾਂ ਨੂੰ ਤਰਜੀਹ ਦੇਣ ਲੱਗੇ ਹਨ ਨਾਲ ਹੀ ਗੁਜਰਾਤ ਦੀ ਪੇਪਰ ਮਿਲ ਜਾਂ ਲੁਧਿਆਣੇ ਦੀ ਬਟਨ ਸਨਅਤ 'ਚ ਕੰਮ ਕਰਨ ਦਾ ਹੁਨਰ ਸਿੱਖ ਕੇ ਇਨ੍ਹਾਂ ਹੀ ਸਨਅਤਾਂ 'ਚ ਜਾਣਾ ਪਸੰਦ ਕਰਦੇ ਹਨ। ਉਤਰ ਬਿਹਾਰ 'ਚ ਕਈ ਅਤੀ ਪੱਛੜੀਆਂ ਜਾਤਾਂ ਦੇ ਲੋਕ ਪੱਛਮੀ ਬੰਗਾਲ 'ਚ ਡ੍ਰਾਈਵਿੰਗ ਸਿੱਖ ਕੇ ਡਰਾਇਵਰ ਦੀ ਨੌਕਰੀ ਕਰ ਰਹੇ ਹਨ। ਉਥੇ ਭਵਾਨੀਪੁਰ ਇਕ ਇਲਾਕਾ ਹੈ ਜਿਥੇ ਪੰਜ ਹਜ਼ਾਰ ਤੋਂ ਵਧ ਬਿਹਾਰੀ ਮਜ਼ਦੂਰ ਰਹਿੰਦੇ ਹਨ। ਵੈਸੇ ਨਰੇਗਾ ਤੇ ਵਿਕਾਸ ਕੰਮ ਨਾਲ ਹਿਜਰਤ 'ਚ ਕਮੀ ਆਈ ਹੈ ਪਰ ਪੰਜਾਬ 'ਚ ਮਜ਼ਦੂਰਾਂ ਦੀ ਭਾਰੀ ਕਿੱਲਤ ਤੋਂ ਅੰਦਾਜਾ ਲਾਉਣਾ ਗਲਤ ਹੈ ਕਿ ਇਸ ਦਾ ਕਾਰਨ ਪਲਾਇਨ (ਹਿਜਰਤ) 'ਚ ਕਮੀ ਹੈ। ਦਰਅਸਲ ਮਜ਼ਦੂਰ ਹੁਣ ਪੰਜਾਬ ਛੱਡ ਕੇ ਦੂਜੇ ਰਾਜਾਂ 'ਚ ਜਾਣਾ ਪਸੰਦ ਕਰਦੇ ਹਨ। ਸਿਖਿਅਤ ਨੌਜਵਾਨਾਂ ਲਈ ਵੀ ਪਿਛਲੇ ਦੋ ਸਾਲਾਂ 'ਚ ਰੁਜ਼ਗਾਰ ਦੇ ਮੌਕੇ ਵਧੇ ਹਨ। ਖਾਸ ਕਰਕੇ ਅਧਿਆਪਕ, ਪੰਚਾਇਤ ਸੇਵਕ, ਖੇਤੀ ਮਿੱਤਰ, ਨਿਆਂ ਮਿੱਤਰ ਵਜੋਂ ਬਹਾਲੀ ਤੋਂ ਇਲਾਵਾ ਸਿਹਤ ਸੰਸਥਾਵਾਂ 'ਚ ਭਰਤੀ ਦਾ

ਅਸਰ ਹੈ। ਨਵਾਦਾ ਜਿਲੇ ਦੇ ਅਵਧੇਸ਼ ਕਿਸ਼ੋਰ ਪੰਜਾਬ 'ਚ ਲੁਧਿਆਣੇ ਕੰਮ ਕਰਦੇ ਸਨ। ਪਿੰਡ ਆਏ ਤਾਂ ਉਥੇ ਹੀ ਰੁਕ ਗਏ। ਦਰਅਸਲ ਉਹ ਦੂਜੇ ਪੜਾਅ 'ਚ ਇਕ ਲੱਖ ਤੋਂ ਵਧ ਅਧਿਆਪਕਾਂ ਦੀ ਭਰਤੀ ਦੀ ਉਡੀਕ ਕਰ ਰਹੇ ਹਨ। ਉਸ ਦਾ ਕਹਿਣਾ ਹੈ ਕਿ ਜੇ ਉਸ ਨੂੰ ਇਸ ਇਲਾਕੇ 'ਚ ਇਹ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਪੰਜਾਬ ਕਿਉਂ ਜਾਣਗੇ। ਇਸ ਤਰ੍ਹਾਂ ਪੰਕਜ ਕੁਮਾਰ, ਮੁਕੇਸ਼ ਕੁਮਾਰ ਵੀ ਕਹਿੰਦੇ ਹਨ ਕਿ ਉਹ ਸਰਕਾਰੀ ਨੌਕਰੀ ਦੀ ਉਡੀਕ ਕਰ ਰਹੇ ਹਨ। ਅਗਲੇ ਦੋ-ਤਿੰਨ ਮਹੀਨਿਆਂ 'ਚ ਦਸ ਹਜ਼ਾਰ ਸਿਪਾਹੀਆਂ ਦੀ ਭਰਤੀ ਹੋਣ ਵਾਲੀ ਹੈ। ਵੈਸੇ ਨਬਾਦਾ ਜਿਲੇ ਤੋਂ ਮਜ਼ਦੂਰ ਹੁਣ ਇਲਾਹਾਬਾਦ ਗੋਰਖਪੁਰ, ਆਸਨਸੋਲ, ਕਾਨਪੁਰ ਆਦਿ ਸ਼ਹਿਰਾਂ 'ਚ ਜਾ ਰਹੇ ਹਨ। ਸਿਰਫ ਨਮਾਦਾ ਜਿਲੇ 'ਚ ਮਜ਼ਦੂਰਾਂ ਨੂੰ ਦੂਜੇ ਰਾਜਾਂ ਭੇਜਣ ਵਾਲੇ ਠੇਕੇਦਾਰਾਂ ਦੀ ਗਿਣਤੀ ਅਜੇ ਵੀ ਦਸ ਹੈ। ਪੂਰੇ ਬਿਹਾਰ 'ਚ ਅਜਿਹੇ 500 ਤੋਂ ਵਧ ਠੇਕੇਦਾਰ ਹਨ ਜਿਨ੍ਹਾਂ ਦਾ ਨੈਟਵਰਕ ਪਿੰਡ-ਪਿੰਡ ਤੱਕ ਫੈਲਿਆ ਹੋਇਆ ਹੈ।

# ਮੰਦਾ ਤੇ ਵਧਦੀ ਬੇਰੁਜ਼ਗਾਰੀ

ਅਮਰੀਕਾ ਤੋਂ ਸ਼ੁਰੂ ਹੋਇਆ ਵਿਤੀ ਸੰਕਟ ਯੂਰਪ ਏਸ਼ੀਆ ਤੇ ਲਤੀਨੀ ਅਮਰੀਕਾ ਦੇ ਦੇਸ਼ਾ ਨੂੰ ਆਪਣੀ ਲਪੇਟ 'ਚ ਲੈਂਦਾ ਜਾ ਰਿਹਾ ਹੈ। ਹੁਣ ਇਹ ਕੌਮਾਂਤਰੀ ਸੰਕਟ ਦਾ ਰੂਪ ਲੈ ਚੁੱਕਿਆ ਹੈ। ਇਸ ਨੇ ਅਸਲੀ ਅਰਥਚਾਰੇ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਸਾਮਰਾਜੀ ਤੇ ਯੂਰਪੀ ਸਾਮਰਾਜੀ ਆਪਣੇ ਆਪਣੇ ਵਿਤੀ ਧਨਸੇਠਾਂ ਨੂੰ ਬਚਾਉਣ ਲਈ ਅਰਬਾਂ ਖਰਬਾਂ ਡਾਲਰ ਵਿੱਤੀ ਪਬੰਦ 'ਚ ਝੋਂਕ ਰਹੇ ਹਨ। ਇਸ ਦੇ ਬਾਵਜੂਦ ਵਿੱਤੀ ਪ੍ਰਬੰਦ ਸੰਭਾਲਣ ਦਾ ਨਾਂ ਨਹੀਂ ਲੈ ਰਿਹਾ ਹੈ ਮਜ਼ਦੂਰ ਮੇਹਨਤਕਸ਼ਾਂ ਦੀ ਅਰਬਾਂ ਖਰਬਾਂ ਦੀ ਖ਼ੂਨ ਪਸੀਨੇ ਨਾਲ ਨਿਚੋੜੀ ਗਈ ਰਕਮ ਨੂੰ ਇਹ ਵਿੱਤੀ ਮਗਰਮੱਛਾਂ ਦੇ ਹਵਾਲੇ ਕਰ ਰਹੇ ਹਨ। ਇਸ ਵਿਚ ਗਰੀਬੀ ਬੇਰੁਜ਼ਗਾਰੀ ਤੇ ਲੁੱਟ ਵਿਸ਼ੇਸ਼ ਤੌਰ 'ਤੇ ਦੁਨੀਆਂ ਦੇ ਗਰੀਬ ਮੁਲਕਾਂ ਦੇ ਮਜ਼ਦੂਰਾਂ ਮੇਹਨਤਕਸ਼ਾਂ ਦੀ ਹੋਰ ਤਿੱਖੀ ਹੁੰਦੀ ਜਾ ਰਹੀ ਹੈ। ਦੁਨੀਆਂ ਭਰ ਦੇ ਵਿਸ਼ੇਸ਼ ਤੌਰ 'ਤੇ ਸਾਮਰਾਜੀ ਦੇਸ਼ਾਂ ਦੇ ਵਿੱਤੀ ਮਹਾਂ ਪ੍ਰਭੂਆਂ ਦੇ ਹੱਥ 'ਚ ਅਰਬਾਂ ਖਰਬਾਂ ਡਾਲਰ ਦੇ ਕੇ ਇਹਨਾਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਨਾਕਾਮ ਹੁੰਦੀਆਂ ਜਾ ਰਹੀਆਂ ਹਨ। ਖੁਦ ਅਮਰੀਕਾ ਤੇ ਯੂਰਪ 'ਚ ਸਨਅਤੀ ਤੇ ਉਸਾਰੀ ਕੰਪਨੀਆਂ ਤੇਜ਼ੀ ਨਾਲ ਪੈਦਾਵਰ 'ਚ ਕਟੌਤੀ ਕਰ ਰਹੀਆਂ ਹਨ ਛਾਂਟੀ ਤੇ ਅਦਾਰਿਆਂ ਦੀ ਬੰਦੀ ਇਹ ਦਰਸਾਉਂਦੀ ਹੈ ਕਿ ਅਮਰੀਕਾ ਤੇ ਯੂਰਪ ਦੇ ਦੇਸ਼ਾਂ ਵਿੱਚ ਅਰਥਚਾਰੇ ਬੁਰੀ ਹਾਲਤ 'ਚ ਹਨ। ਅਮਰੀਕਾ ਕਾਰ ਨਿਰਮਾਤਾ ਜੋ ਦਿਵਾਲੀਆਪਣ ਦੇ ਕੰਢੇ ਖੜੇ ਹਨ ਆਟੋ ਮਜ਼ਦੂਰਾਂ ਦੇ ਰੁਜ਼ਗਾਰ 'ਤੇ ਆਪਣੇ ਹਮਲੇ ਤੇਜ਼ ਕਰ ਰਹੇ ਹਨ। ਜਨਰਲ ਮੋਟਰਜ਼ ਆਪਣੇ ਤਿੰਨ ਅਦਾਰਿਆਂ ਦੇ 1600 ਮਜ਼ਦੂਰਾਂ ਦੀ ਛਾਂਟੀ ਕਰਨ ਜਾ ਰਹੀ ਹੈ। ਇਹ ਸਨਅਤੀ ਦਿਉ ਕੱਟ ਕੰਪਨੀ 2000 ਤੋਂ ਲੈ ਕੇ 2001 ਵਿਚਕਾਰ ਆਪਣੇ ਸੰਘਰਸ਼ੀਲ ਮਜ਼ਦੂਰਾਂ ਲਗਭਗ ਅੱਧਾ ਕਰ ਚੁੱਕੀ ਹੈ, ਆਉਣ ਵਾਲੇ ਦਿਨਾਂ 'ਚ ਹੋਰ ਵੱਧ ਛਾਂਟੀ ਕਰਨ ਦਾ ਇਸ ਨੇ ਐਲਾਨ ਕੀਤਾ ਹੋਇਆ ਹੈ। ਕ੍ਰਿਸਲਰ ਤੇ ਜਨਰਲ ਮੋਟਰਜ਼ ਵਿਚਕਾਰ ਰਲੇਵੇਂ ਦੀ ਗੱਲ ਚੱਲ ਰਹੀ ਹੈ। ਇਸ ਸਮੇਂ ਕਿਸੇ ਵੀ ਵੇਲੇ ਰਲੇਵ ਹੋਣ ਨਾਲ ਕਈ ਹਜ਼ਾਰ ਲੋਕ ਬੇਰੁਜਗਾਰ ਹੋ ਜਾਣਗੇ। ਅਮਰੀਕਾ ਦੀ ਸਨਅਤ ਪੈਦਾਵਾਰ ਤੇਜ਼ੀ ਨਾਲ ਡਿੱਗ ਰਹੀ ਹੈ। ਮਿਸ਼ੀਗਨ ਯੂਨੀਵਰਸਿਟੀ ਵਲੋਂ ਕਰਵਾਏ ਇਕ ਤਾਜਾ ਸਰਵੇਖਣ ਅਨੁਸਾਰ 1978 ਪਿਛੋਂ ਇਸ ਮਹੀਨੇ ਅਕਤੂਬਰ ਕਿਸੇ ਵੀ ਮਹੀਨੇ ਦੀ ਤੁਲਨਾ 'ਚ ਸਭ ਤੋਂ ਘੱਟ ਖਪਤਕਾਰ ਮਦ 'ਚ ਖਰਚ ਕੀਤੇ ਗਏ ਹਨ। ਮਕਾਨ ਦਾ ਬਾਜ਼ਾਰ ਲਗਾਤਾਰ ਗਿਰਾਵਟ ਦਰਜ ਕਰ ਰਿਹਾ ਹੈ। 7 ਅਕਤੂਬਰ ਨੂੰ ਜਾਰੀ ਇਕ ਅੰਕੜੇ ਅਨੁਸਾਰ ਸਤੰਬਰ ਮਹੀਨੇ 'ਚ ਮਕਾਨਾਂ ਦੀ ਉਸਾਰੀ 6.3% ਡਿੱਗੀ ਹੈ। ਪਰ ਗਿਰਾਵਟ ਦਾ ਅਸਲ ਰੂਪ 'ਚ ਵੀ ਜਾਰੀ ਹੈ। ਯੂਰਪ ਦਾ ਸਭ ਤੋਂ ਵੱਡਾ ਅਰਥਚਾਰਾ ਜਰਮਨੀ ਦੇ ਸਕਲ ਘਰੇਲੂ ਉਤਪਾਦ ਵਿੱਚ 2004 ਲਈ ਵਾਧੇ ਦੀ ਦਰ ਦਾ 1.2 ਫੀਸਦੀ ਦਾ ਅਨੁਮਾਨ ਸੀ ਇਸ ਨੂੰ ਹੁਣ 0.2 ਫੀਸਦੀ ਕਿਹਾ ਜਾ ਰਿਹਾ ਹੈ। ਇਕ ਸਰਵੇਖਣ ਅਨੁਸਾਰ ਜਰਮਨੀ 'ਚ 2009 'ਚ 40000 ਲੋਕ ਰੁਜ਼ਗਾਰ ਤੋਂ ਹੱਥ ਧੋ ਸਕਦੇ ਹਨ। ਯੂਰਪੀ ਆਟੋ ਮੋਬਾਇਲ ਐਸੋਸੀਏਸਨ ਦੀ ਇਕ ਰਿਪੋਰਟ ਅਨੁਸਾਰ ਸਤੰਬਰ 2007 ਦੀ ਤੁਲਨਾ ਵਿਚ ਸਤੰਬਰ 2008 ਵਿੱਚ ਨਵੀਆਂ ਸਵਾਰੀ ਗੱਡੀਆਂ ਦੀ ਰਜਿਸਟ੍ਰੇਸ਼ਨ ਵਿੱਚ 8.2 ਫੀਸਦੀ ਗਿਰਾਵਟ ਆਈ ਹੈ। ਜਰਮਨੀ

ਦੀ ਦਿਉ ਹੱਦ ਆਟੋ ਕੰਪਨੀ ਡੇਪਲਰ ਨੇ ਐਲਾਨ ਕੀਤਾ ਹੈ ਕਿ ਇਹ ਆਟੋ ਰਿਓ ਕਨੇਡਾ ਤੇ ਔਰਗਾਂਵ ਸਥਿਤ ਆਪਣੇ ਅਦਾਰਿਆਂ ਨੂੰ ਬੰਦ ਕਰ ਦੇਣਗੇ।

ਕੌਮਾਂਤਰੀ ਮੁਦਰਾ ਕੋਸ ਨੇ ਡਰ ਦਰਸਾਇਆ ਹੈ ਕਿ ਸਪੇਨ ਦਾ ਅਰਥਚਾਰਾ 2009 'ਚ ਘੋਰ ਮੰਦੇ ਦਾ ਸ਼ਿਕਰ ਹੋ ਸਕਦਾ ਹੈ। ਇਟਲੀ ਤੇ ਫਰਾਂਸ ਦੀ ਵਾਧਾ ਦਰ 'ਚ 2009 'ਚ ਗਿਰਾਵਟ ਸਪੱਸ਼ਟ ਦਿਸ ਰਹੀ ਹੈ। ਬ੍ਰਿਟੇਨ ਪਹਿਲਾਂ ਤੋਂ ਹੀ ਮੰਦੇ ਦੀ ਲਪੇਟ ਵਿੱਚ ਹੈ। ਅਕਤੂਬਰ ਦੇ ਦੂਜੇ ਹਫਤੇ ਅੰਦਰ ਹੀ ਨਿਸਾਨ ਕੰਪਨੀ ਨੇ ਐਲਾਨ ਕੀਤਾ ਹੈ ਕਿ ਉਹ ਆਏ ਬਾਰਿਸਲੋਨਾ ਸਪੇਨ ਅਦਾਰੇ ਤੋਂ 1980 ਦੇ ਲੋਕਾਂ ਨੂੰ ਬਾਹਰ ਕੱਢ ਰਹੀ ਹੈ। ਇਸ ਤਰ੍ਹਾਂ ਬੋਲਕਸਬੈਗਨ ਦੀ ਮਾਲਕੀ ਵੀ ਸਪੇਨਪ ਕਾਰ ਕੰਪਨੀ ਸੀਟ 4700 ਲੋਕਾਂ ਨੂੰ ਬਾਹਰ ਕੱਢਣ ਦੀ ਯੋਜਨਾ ਬਣਾ ਰਹੀ ਹੈ ਤਾਂ ਇਸ ਤਰ੍ਹਾਂ ਸਪੇਨ 'ਚ ਟਾਇਰ ਬਣਾਉਣ ਵਾਲੀ ਕੰਪਨੀ ਬ੍ਰਿਟਸਟੋਨ ਵੀ ਵਿਅਪਕ ਪੈਮਾਨੇ 'ਤੇ ਛਾਂਟੀ ਦੀ ਯੋਜਨਾ ਬਣਾ ਰਹੀ ਹੈ। ਅਕਤੂਬਰ ਦੇ ਤੀਜੇ ਹਫਤੇ 'ਚ ਐਸਾ ਇਕ ਵੀ ਦਿਨ ਨਹੀਂ ਰਿਹਾ ਜਦ ਕਿਸੇ ਨਾ ਕਿਸੇ ਯੂਰਪੀ ਕੰਪਨੀ ਨੇ ਆਪਣੇ ਪਹਿਲੇ ਨਿਵੇਸ਼ ਯੋਜਨਾ ਨੂੰ ਘੱਟ ਨਾ ਕੀਤਾ ਹੋਵੇ ਉਹ ਲਾਗਤ ਘੱਟ ਕਰਨ ਦੇ ਹੋਰ ਉਪਾਅ ਨਾ ਅਪਣਾਏ ਹੋਣ। ਅਮਰੀਕਾ ਤੇ ਯੂਰਪ 'ਚ ਵਿੱਤੀ ਸੁਨਾਮੀ ਦੇ ਆਉਣ ਤੇ ਉਸ ਨਾਲ ਨਿਪਟਣ ਲਈ ਇਹਨਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਜੀ ਤੋੜ ਯਤਨਾ ਦੇ ਬਾਵਜੂਦ ਇਹ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਉਹ ਆਪਣੀ ਜਦ ਵਿੱਚ ਅਸਲੀ ਅਰਥਚਾਰੇ ਨੂੰ ਵੀ ਲੈਂਦਾ ਜਾ ਰਿਹਾ ਹੈ। ਇਹ ਸਰਕਾਰਾਂ ਇਕ ਪਾਸੇ ਇਹਨੀਂ ਵਿੱਤੀ ਘਪਲੇ ਬਾਜ਼ਾਂ ਦੀ ਮਦਦ ਕਰਦੀਆਂ ਹਨ ਤੇ ਦੂਜੇ ਪਾਸੇ ਮਜਦੂਰ ਮੇਹਨਤਕਸ਼ਾਂ ਨੂੰ ਬੇਰੁਜ਼ਗਾਰ ਰਹੀਆਂ ਹਨ ਅਤੇ ਉਹਨਾਂ ਦੀ ਤਨਖਾਹ 'ਚ ਕਟੌਤੀ ਕਰ ਰਹੀਆਂ ਹਨ। ਉਹਨਾਂ ਨੂੰ ਬੇਘਰ ਕਰ ਰਹੀਆਂ ਹਨ। ਇਹ ਸਰਕਾਰਾਂ ਹੁਣ ਸਮਾਜਿਕ ਸੁਰੱਖਿਆ ਸਿਹਤ ਸਹੂਲਤਾਂ ਆਦਿ ਮੱਦਾ 'ਚ ਕਟੌਤੀ ਕਰਨ ਦੀ ਯੋਜਨਾ ਬਣਾ ਰਹੀਆਂ ਹਨ। ਇਹ ਹਾਲਤਾਂ ਸਾਮਰਾਜੀ ਦੇਸ਼ਾਂ ਦੀ ਹੈ। ਪਿਛੜੇ ਤੇ ਗਰੀਬ ਦੇਸ਼ਾਂ ਦੇ ਮਜ਼ਦੂਰਾਂ ਮੇਹਨਤਕਸ਼ਾਂ ਦੀ ਹਾਲਤ ਤਾਂ ਹੋਰ ਵੀ ਵੱਧ ਬੁਰੀ ਹੈ। ਹੁਣ ਆਰਥਿਕ ਸੰਕਟ ਦੀ ਮਾਰ ਇਹਨਾਂ ਦੇ ਉੱਪਰ ਹੋਰ ਵੱਧ ਪੈ ਰਹੀ ਹੈ। ਦੁਨੀਆਂ ਭਰ ਦੇ ਹਾਕਮ ਆਰਥਿਕ ਸੰਕਟ ਨਾਲ ਨਿਪਟਣ ਲਈ ਉਪਾਵਾਂ 'ਤੇ ਵਿਚਾਰ ਕਰ ਰਹੇ ਹਨ। ਇਸ ਨਾਲ ਨਾ ਸਿਰਫ ਸਾਮਰਾਜੀ ਹਾਕਮਾਂ ਦੇ ਅੰਦਰ ਵਿਰੋਧ ਉਜਾਗਰ ਹੋ ਰਹੇ ਹਨ। ਬਲਕਿ ਏਸ਼ੀਆ ਅਫਰੀਕਾ ਲਤੀਨੀ ਅਮਰੀਕੀ ਦੇਸ਼ਾਂ ਦੇ ਹਾਕਮਾਂ ਅਤੇ ਸਾਮਰਾਜੀ ਦੇਸ਼ਾਂ ਦੇ ਹਾਕਮਾਂ ਵਿਚਾਲੇ ਵੀ ਕੁਝ ਵਿਰੋਧ ਤਿੱਖੇ ਹੋ ਰਹੇ ਹਨ। ਹਾਲਾਂਕਿ ਇਹਨਾਂ ਦਲਾਲਾਂ ਦੀ ਵਿਸ਼ਵ ਪੂੰਜੀਵਾਦ ਵਿਵਸਥਾ ਨੂੰ ਯੂਰਪੀ ਸੰਘ ਵਿੱਚ 'ਚ ਅਵਾਜ ਉੱਠਣ ਲੱਗੀ ਹੈ। ਬ੍ਰੇਹਨ ਵੁਡ ਅਦਾਰਿਆਂ 'ਚ ਤਬਦੀਲੀ ਦੀਆਂ ਗੱਲਾਂ ਉਠ ਰਹੀਆਂ ਹਨ ਏਨਾ ਹੁਣ ਨਿਸ਼ਚਤ ਹੈ ਕਿ ਡਾਲਰ ਦਾ ਦਾਬਾ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਅਮਰੀਕੀ ਸਾਮਰਾਜੀਆਂ ਦੇ ਡਿੱਗਦੇ ਪ੍ਰਭਾਵ ਤੇ ਮੌਜੂਦਾ ਵਿੱਤੀ ਪ੍ਰਣਾਲੀ 'ਚ ਬਦਲਾਅ ਦੀ ਮੰਗ ਵੀ ਵਿਸ਼ਵ ਪੂੰਜੀਵਾਦੀ ਵਿਵਸਥਾ ਨੂੰ ਸੰਕਟ ਦੇ ਬੁਨਿਆਦੀ ਕਾਰਨਾ 'ਚ ਨਹੀਂ ਉਭਰ ਸਕੀ। ਆਉਣ ਵਾਲਾ ਸਮਾਂ ਮਜ਼ਦੂਰਾਂ ਮੇਹਨਤਕਸ਼ਾਂ ਲਈ ਹੋਰ ਵੀ ਵੱਧ ਤਬਾਹੀ ਬਰਬਾਦੀ ਲਿਆਵੇਗਾ। ਪਰ ਇਹ ਅਜਿਹਾ ਸਮਾਂ ਹੀ ਹੈ ਕਿ ਜਦ ਦੁਨੀਆਂ ਭਰ ਦੇ ਭਰ ਦੇ ਮਜ਼ਦੂਰ ਮੇਹਨਤਕਸ਼ ਲੋਕ ਪੂੰਜੀਵਾਦੀ ਵਿਵਸਥਾ ਦੇ ਵਿਰੁੱਧ ਸੰਘਰਸ਼ ਨੂੰ ਤੇਜ਼ ਕਰਨ ਲਈ ਅੱਗੇ ਵਧਣਗੇ।

# ਰਾਜ ਠਾਕਰੇ ਦੀ ਸਿਆਸਤ

ਮਹਾਰਾਸ਼ਟਰ 'ਚ ਇਕ ਵਾਰੀ ਫਿਰ ਰਾਜ ਠਾਕਰੇ ਦੀ ਘਿਨੌਣੀ ਖੇਡ ਰਫਤਾਰ ਫੜ ਚੁੱਕੀ ਹੈ। ਰਾਜ ਠਾਕਰੇ ਦੀ ਮਹਾਰਾਸ਼ਟਰ ਨਿਰਮਾਣ ਸੈਨਾ ਤੇ ਬਾਲ ਠਾਕਰੇ ਦੀ ਸ਼ਿਵ ਸੈਨਾ ਦੇ ਵਰਕਰਾਂ ਨੇ ਮੁੰਬਈ ਵਿੱਚ ਪ੍ਰੀਖਿਆ ਦੇਣ ਆਏ ਉਤਰ ਭਾਰਤੀ ਵਿਦਿਆਰਥੀਆਂ 'ਤੇ ਹਮਲਾ ਕਰਕੇ ਫਿਰ ਤੋਂ ਆਪਣੀ ਧੌਂਸ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਮਨਸੇ ਦੀ ਨਫਰਤ ਦੀ ਇਹ ਹਰਕਤ ਨਾ ਸਿਰਫ ਨਿੰਦਣਯੋਗ ਹੈ, ਉਨੀ ਹੀ ਚਿੰਤਾਜਨਕ ਵੀ ਹੈ। ਉਹਨਾਂ ਦੀ ਇਹ ਹਰਕਤ ਨਾ ਸਿਰਫ ਮਹਾਰਾਸ਼ਟਰ ਦੀ ਬਹੁਲਤਾ ਤੇ ਵਿਵਹਾਰਿਕਤਾ ਲਈ ਘਾਤਕ ਹੈ ਬਲਕਿ ਕੌਮੀ ਏਕਤਾ ਤੇ ਅਖੰਡਤਾ 'ਤੇ ਇਕ ਡੂੰਘੀ ਸੱਟ ਵੀ ਹੈ। ਮਰਾਠੀ ਮਨੁੱਖ ਦਾ ਰਾਗ ਅਲਾਪ ਰਹੇ ਰਾਜ ਠਾਕਰੇ ਦਾ ਕਹਿਣਾ ਹੈ ਕਿ ਉਤਰ ਭਾਰਤੀ ਵਿਦਿਆਰਥੀ ਸਥਾਨਕ ਲੋਕਾਂ ਦਾ ਰੁਜਗਾਰ ਖੋਹ ਰਹੇ ਹਨ। ਪਰ ਇਸ 'ਚ ਸ਼ੱਕ ਦੀ ਪੂਰੀ ਗੁੰਜਾਇਸ਼ ਹੈ ਕਿ ਮਹਾਂਰਾਸ਼ਟਰ ਦੀ ਨੌਜਵਾਨ ਦੀ ਨੌਜਵਾਨ ਪੀੜੀ ਸ਼ਾਇਦ ਹੀ ਉਹਨਾਂ ਪੇਸ਼ਿਆਂ 'ਚ ਆਉਣ ਦੀ ਇਛੁੱਕ ਹੋਵੇ ਜਿਸ ਨੂੰ ਖੋਹੇ ਜਾਣ ਦਾ ਖਿੰਡੋਰਾ ਲਗਾਤਾਰ ਪਿਟਿਆ ਜਾ ਰਿਹਾ ਹੈ। ਇਸ ਮੁੱਦੇ 'ਤ ਥਾਣੇ ਦੇ ਲਾਕ ਅੱਪ 'ਚ ਇਕ ਰਾਤ ਗੁਜਾਰਨ ਪਿਛੋਂ ਜਿੱਤ ਦੀ ਮੁਦਰਾ 'ਚ ਬਾਹਰ ਆਉਣ ਵਾਲੇ ਰਾਜ ਠਾਕਰੇ ਨੂੰ ਹੁਣ ਪੂਰੇ ਮਰਾਠੀ ਸਮਾਜ ਦੇ ਆਪਣੇ ਵੱਲ ਆ ਜਾਣ ਦਾ ਭਰਮ ਪੈਦਾ ਹੋ ਗਿਆ ਹੈ। ਪਰ ਸੱਚਾਈ ਇਸ ਤੋਂ ਕਿਤੇ ਵੱਖਰੀ ਹੈ। ਇਨ੍ਹਾਂ ਸਭ ਕੁਝ ਕਰਨ ਦੇ ਬਾਵਜੂਦ ਰਾਜ ਠਾਕਰੇ ਨਾ ਤਾਂ ਮਰਾਠੀ ਸਮਾਜ ਦੇ ਹੀਰੋ ਬਣ ਸਕੇ ਹਨ ਅਤੇ ਨਾ ਹੀ ਭਰਪੂਰ ਸਿਆਸੀ ਫਾਇਦਾ ਪਾਉਣ ਦੀ ਸਥਿਤੀ 'ਚ ਦਿਸ ਰਹੇ ਹਨ, ਉੱਤਰ ਭਾਰਤੀਆਂ ਖਿਲਾਫ ਮੁੰਬਈ 'ਚ ਹੋਈ ਤਾਜਾ ਹਿੰਸਾ 'ਚ ਬੁਰੀ ਤਰ੍ਹਾਂ ਸ਼ਿਕਾਰ ਹੋਏ 77 ਸਾਲ ਮਰਾਠੀ ਨਸਿਕੇਤ ਭੋਅਰ ਵਾਗੂੰ ਬਥੇਰੇ ਅਜਿਹੇ ਲੋਕ ਹਨ ਜੋ ਮੰਨਦੇ ਹਨ ਕਿ ਹਿੰਸਕ ਤਰੀਕੇ ਨਾਲ ਮਰਾਠੀਆਂ ਦਾ ਹੱਕ ਲੈਣਾ ਉਨ੍ਹਾਂ ਹੀ ਜਾਇਜ਼ ਨਹੀਂ ਹੈ। ਇਸ ਦੇ ਲਈ ਹਿੰਸਾ ਨੂੰ ਰੱਦ ਕਰਕੇ ਸਭ ਰਾਜਸੀ ਪਾਰਟੀਆਂ ਨੂੰ ਇਕੱਠੇ ਬਿਠਾਉਣ ਦੀ ਲੋੜ ਹੈ। ਮਹਾਂਰਾਸ਼ਟਰ ਦੇ ਕਿਸੇ ਉੱਘੇ ਭਾਰਤੀ ਨੇਤਾ ਦੀ ਹਮਾਇਤ ਇਸ ਅੰਦੋਲਨ ਨੂੰ ਨਹੀਂ ਹੈ। ਰਾਜ ਦੀ ਹਮਾਇਤ 'ਚ ਆਉਣ ਵਾਲੇ ਕੁਝ ਨੇਤਾ ਵੀ ਅਜਿਹੇ ਹਨ ਜੋ ਆਪਣੀਆਂ ਪਾਰਟੀਆਂ 'ਚ ਖੂੰਜੇ ਲੱਗੇ ਹੋਏ ਹਨ ਅਤੇ ਵਿਲਾਸਰਾਓ ਦੇਸ਼ ਮੁੱਖ ਜਾਂ ਫਿਰ ਸ਼ਰਦ ਪਵਾਰ 'ਤੇ ਕਿਸੇ ਕਿਸਮ ਦਾ ਦਬਾਅ ਪਾਉਣ ਦੀ ਸਥਿਤੀ ਵਿੱਚ ਉਨ੍ਹਾਂ ਹੀ ਨਹੀਂ ਹੈ। ਇਸ ਪੂਰੇ ਮਹੌਲ 'ਚ ਮੀਡੀਆ ਨੇ ਵੀ ਟੀ. ਆਰ. ਪੀ. ਦੀ ਖੇਡ ਖੇਡਦਿਆਂ ਬਲਦੀ 'ਤੇ ਤੇਲ ਪਾਉਣ ਦਾ ਕੰਮ ਕੀਤਾ। ਖਾਸ ਕਰਕੇ ਇਲੈਕਟ੍ਰਾਨਿਕ ਚੈਨਲਾਂ ਨੇ ਭਾਰਤ ਦੇ ਸਫਲ ਚੰਦਰਯਾਨ ਮੁਹਿੰਮ ਅਤੇ ਕ੍ਰਿਕਟ 'ਚ ਆਸਟ੍ਰੇਲੀਆ 'ਤੇ ਭਾਰਤ ਦੀ ਇਤਿਹਾਸਕ ਜਿੱਤ ਨੂੰ ਜਿਸ ਤਰ੍ਹਾਂ ਘਟਾ ਕੇ ਰਾਜ ਠਾਕਰੇ ਦੀ ਖਬਰਾਂ ਨੂੰ ਪਹਿਲ ਦਿੱਤੀ, ਉਹ ਵਾਕਿਆ ਹੀ ਦਰਦਨਾਕ ਰਿਹਾ। ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਮੁਤਾਬਕ ਮੀਡੀਆ ਇਕ ਸ਼ੈਤਾਨ ਨੂੰ ਭਗਵਾਨ ਬਣਾਉਣ 'ਚ ਲੱਗਿਆ ਹੋਇਆ ਹੈ। ਪਵਾਰ ਦੇ ਇਸ ਤਰਕ ਵਿੱਚ ਦਮ ਹੈ ਕਿਉਂਕਿ ਮੀਡੀਆ ਕਾਰਨ ਹੀ ਪੇਪਰ ਟਾਈਗਰ (ਕਾਗਜ਼ੀ ਸ਼ੇਰ) ਕੁਝ ਹੀ ਦਿਨਾਂ 'ਚ ਮੁਫਤ 'ਚ ਕਰੋੜਾਂ ਰੁਪਏ ਦਾ ਪ੍ਰਚਾਰ ਹਾਸਲ ਕਰਨ 'ਚ

ਸਫਲ ਰਿਹਾ। ਸਾਫ ਹੈ ਕਿ ਸ਼ਿਵ ਸੈਨਾ ਤੋਂ ਬਾਹਰ ਆਉਣ ਪਿਛੋਂ ਰਾਜ ਠਾਕਰੇ ਨੇ ਮਹਾਂਰਾਸ਼ਟਰ ਵਿੱਚ ਆਪਣੀ ਅਜ਼ਾਦ ਰਾਜਨੀਤੀ ਸਥਾਪਤ ਕਰਨ ਲਈ ਹਮਲਾਵਰ ਬਿਆਨਬਾਜ਼ੀ ਰਾਹੀਂ ਭਈਆਂ ਦਾ ਹਊਆ ਰਾਜ ਠਾਕਰੇ ਪਹਿਲਾਂ ਹੀ ਖੜਾ ਕਰ ਚੁੱਕੇ ਹਨ। ਪਰ ਸਮਾਜ ਦੇ ਇਕ ਵਰਗ ਵਿਰੁੱਧ ਦੂਜੇ ਵਾਗ ਨੂੰ ਖੜਾ ਕਰਕੇ ਹਮਾਇਤ ਹਾਸਲ ਕਰਨ ਦੀ ਇਹ ਰਾਜਸੀ ਚਾਲ ਲੋਕ ਤੇ ਸਮਾਜ ਵਿਰੋਧੀ ਹੈ। ਇੱਥੇ ਦੱਸ ਦੇਈਏ ਕਿ ਕੁਝ ਸਮਾਂ ਪਹਿਲਾਂ ਮਿਨਸੇ ਦੀ ਉਸਾਰੀ ਕਰਕੇ ਠਾਕਰੇ ਨੇ ਸਥਾਨਕ ਚੋਣਾਂ 'ਚ ਆਪਣੀ ਤਾਕਤ ਅਜਮਾਉਣੀ ਚਾਹੀ ਸੀ ਤਾਂ ਉਹ ਬੁਰੀ ਤਰ੍ਹਾਂ ਨਾਕਾਮ ਰਹੇ ਸਨ।

ਲਗਭਗ ਸਵਾ ਦੋ ਸੌ ਮੈਂਬਰਾਂ ਵਾਲੀ ਮੁੰਬਈ ਨਗਰ ਪਾਲਿਕਾ 'ਚ ਰਾਜ ਸਿਰਫ 8 ਸੀਟਾਂ ਹੀ ਜਿੱਤ ਸਕਿਆ। ਨਾਸਿਕ ਪੁਣੇ ਅਮਰਵਤੀ 'ਚ ਜ਼ਰੂਰ ਮਨਸੇ ਦਾ ਖਾਤਾ ਖੁੱਲ੍ਹਿਆ ਪਰ ਏਨੀ ਤਾਕਤ ਕਿਧਰੇ ਨਹੀਂ ਮਿਲੀ ਕਿ ਉਹ ਸ਼ਿਵ ਸੈਨਾ ਨੂੰ ਨਾਕਾਰ ਕੇ ਆਪਣੀ ਵੱਖਰਾ ਅਧਾਰ ਬਣਾ ਸਕੇ। ਲਿਹਾਜਾ ਜੂਨੀਅਰ ਠਾਕਰੇ ਨੂੰ ਆਪਣੇ ਚਾਚੇ ਬਾਲ ਠਾਕਰੇ ਦੀ ਉਸ ਨੀਤੀ ਦਾ ਸਹਾਰਾ ਲੈਣਾ ਪਿਆ। ਜਿਹੋ ਜਿਹਾ ਕਦੀ ਸੀਨੀਅਰ ਠਾਕਰੇ ਨੇ 70 ਦੇ ਦਹਾਕੇ ਦੇ ਸ਼ੁਰੂ 'ਚ ਹੋਟਲ ਕਾਰੋਬਾਰ 'ਚ ਬੇਹਤਰ ਕਰ ਰਹੇ ਦੱਖਣੀ ਭਾਰਤੀਆਂ ਖਿਲਾਫ 'ਉਠਾਓ ਲੂੰਗੀ, ਬਜਾਓ ਪੂੰਗੀ' ਦਾ ਨਾਹਰਾ ਦੇ ਕੇ ਕੀਤਾ ਸੀ। ਇਹ ਗੱਲ ਵੱਖਰੀ ਹੈ ਕਿ ਬਾਲ ਠਾਕਰੇ ਨੇ ਸਮੇਂ ਦੇ ਨਾਲ ਆਪਣੇ ਸ਼ਿਕਾਰ ਵੀ ਬਦਲੇ ਅਤੇ ਰਣਨੀਤੀ ਵੀ ਜਿਸ ਦੀ ਜਦ ਵਿਚ ਕਦੀ ਗੁਜਰਾਤੀ ਆਏ ਤਾਂ ਕਦੀ ਮੁਸਲਮਾਨ ਤੇ ਕਦੀ ਉਤਰ ਭਾਰਤੀ। ਹੁਣ ਚਾਚੇ ਭਤੀਜੇ ਦੀ ਇਸ ਸਿਆਸੀ ਲੜਾਈ 'ਚ ਉਤਰ ਭਾਰਤੀ ਲੋਕ ਮੁੱਖ ਤੌਰ 'ਤੇ ਮੋਹਰਾ ਬਣੇ ਹੋਏ ਹਨ। ਬਾਵਜੂਦ ਇਸ ਦੇ ਰਾਜ ਦੀ ਇਹ ਭੱਦੀ ਤਬਦੀਲੀ ਸਫਲ ਹੁੰਦੀ ਨਜ਼ਰ ਨਹੀਂ ਆਉਂਦੀ। ਇਸ ਪਿੱਛੇ ਵੱਡਾ ਕਾਰਨ ਇਹ ਹੈ ਕਿ ਖੁਦ ਮਰਾਠੀ ਸਮਾਜ ਵੀ ਪੂਰੀ ਤਰ੍ਹਾਂ ਰਾਜ ਦੇ। ਪਿੱਛੇ ਨਹੀਂ ਹੈ। ਪਹਿਲਾਂ ਤਾਂ ਇਸ ਗੱਲ 'ਚ ਵੀ ਸ਼ੱਕ ਹੈ ਕਿ ਆਮ ਮੁੰਬਈ ਕਾਮੇ ਨੂੰ ਸਕਿਊਰਿਟੀ ਗਾਰਡ ਸਬਜੀ ਵੇਚਣ ਮਕਾਨਾਂ 'ਚ ਮਜਦੂਰੀ ਕਰਨ ਟੈਕਸੀ ਚਲਾਉਣ ਵਰਗੇ ਕੰਮ 'ਚ ਵੱਧ ਰੁਚੀ ਹੈ। ਬਲਕਿ ਸੱਚਾਈ ਇਹ ਹੈ ਕਿ ਆਮ ਮਰਾਠੀ ਖਾਸ ਕਰਕੇ ਉਚ ਵਰਗ ਰਾਜ ਠਾਕਰੇ ਦੀ ਰੋਜ਼ ਰੋਜ਼ ਦੀ ਇਸ ਕਿਚ ਕਿਚ ਤੋਂ ਅੱਕ ਚੁੱਕੇ ਹਨ। ਜਦ ਕਿ ਮਰਾਠੀ ਵਰਗ ਦਾ ਇਕ ਹਿੱਸਾ ਪੜ ਲਿਖ ਕੇ ਬਾਹਰ 'ਚ ਆਪਣੀ ਬੇਹਤਰੀ ਦੀ ਤਾਲਾਸ਼ ਵਿੱਚ ਹੈ। ਇਸ ਤੋਂ ਇਲਾਵਾ ਕੁਝ ਲੋਕ ਮਰਾਠੀਵਾਦ ਤੋਂ ਨਿਕਲ ਕੇ ਵਿਸ਼ਵ ਵਿਆਪੀ ਪਿੰਡ ਦੇ ਹਮਜੌਲੀ ਬਣਨ ਦੀ ਖਾਹਸ ਵਿੱਚ ਹੈ।

ਰਾਜ ਸਰਕਾਰ ਦੀ ਨਰਮ ਨੀਤੀ ਕਾਰਨ ਹੁਣ ਤਕ ਲਗਾਤਾਰ ਹੰਕਾਰਦੇ ਰਾਜ ਠਾਕਰੇ ਦਾ ਗਰੂਰ ਇਸ ਵਾਰੀ ਟੁੱਟਦਾ ਦਿਸਿਆ। ਕੁਝ ਮੁੱਠੀ ਭਰ ਗੁੰਮਰਾਹ ਹੋਏ ਨੌਜਵਾਨਾਂ ਨੂੰ ਨਾਲ ਲੈ ਕੇ ਦੇਸ਼ ਨੂੰ ਆਪਣੀ ਤਾਕਤ ਵਿਖਾਉਣ 'ਤੇ ਬਜਿੱਟ ਰਾਜ ਨੂੰ ਇਕ ਰਾਤ ਦੀ ਹਲਾਲਾਤ ਨੇ ਲਗਪਗ ਤੋੜ ਦਿੱਤਾ ਹੈ। ਇਸ ਨੂੰ ਕਾਂਗਰਸ ਹਾਈਕਮਾਨ ਦਾ ਦਬਾਅ ਕਹੋ ਜਾਂ ਫਿਰ ਦਿੱਲੀ 'ਚ ਉਹ ਖੜੇ ਹੋਏ ਉਤਰ ਭਾਰਤੀ ਨੇਤਾਵਾਂ ਦਾ ਅਸਰ ਮੁੱਖ ਮੰਤਰੀ ਵਿਲਾਸਰਾਓ ਦੇਸ਼ ਮੁੱਖ ਨੇ ਇਸ ਵਾਰੀ ਜਿਸ ਤੇਜ਼ੀ ਨਾਲ ਰਾਜ ਨੂੰ ਗ੍ਰਿਫ਼ਤਾਰ ਕੀਤਾ ਅਤੇ ਸੂਬੇ ਦੇ ਕਈ ਇਲਾਕਿਆਂ 'ਚ ਉਹਨਾਂ ਖਿਲਾਫ ਮਾਮਲੇ ਦਰਜ ਕਰਵਾਏ। ਉਸ ਪਿੱਛੋਂ ਜੂਨੀਅਰ ਠਾਕਰੇ ਦੀ ਹੈਂਕੜ ਢਿੱਲੀ ਪੈਂਦੀ ਦਿੱਸ ਰਹੀ ਹੈ। ਹੁਣ ਇਕ ਤਾਂ ਰਾਜ ਠਾਕਰੇ ਨੂੰ ਲਗਾਤਾਰ ਥਾਣੇ ਤੇ ਕਚਹਿਰੀ 'ਚ ਹਾਜਰੀ

ਲਵਾਉਣੀ ਪਵੇਗੀ ਅਤੇ ਜੇਲ੍ਹ 'ਚ ਬੰਦ ਆਪਣੇ ਸਮਰਥਕਾਂ ਨੂੰ ਛੁਡਾਉਣ ਲਈ ਮਗਜ ਖਪਾਈ ਕਰਨੀ ਪਵੇਗੀ, ਦੂਜਾ ਅਦਾਲਤ ਨੇ ਉਸ ਦੇ ਭਾਸ਼ਣਾ 'ਤੇ ਪਬੰਦੀ ਲਾ ਕੇ ਉਹਨਾਂ 'ਤੇ ਪੂਰੀ ਤਰ੍ਹਾਂ ਨਕੇਲ ਕਸ ਦਿੱਤੀ ਹੈ। ਇਸ ਪਿੱਛੋਂ ਮਹਾਂਰਾਸ਼ਟਰ ਸਰਕਾਰ ਨੇ ਇਹ ਨਿਯਮ ਬਣਾ ਕੇ ਰਾਜ ਨੂੰ ਹੋਰ ਭੈਭੀਤ ਕਰ ਦਿੱਤਾ ਹੈ ਕਿ ਅੰਦੋਲਨ ਦੌਰਾਨ ਹੋਏ ਸਰਕਾਰੀ ਜਾਇਦਾਦ ਦੇ ਨੁਕਸਾਨ ਦੀ ਪੂਰਤੀ ਉਹਨਾਂ ਨੂੰ ਕਰਨੀ ਪੈ ਸਕਦੀ ਹੈ। ਸਰਕਾਰ ਤੇ ਅਦਾਲਤ ਦੀ ਕਾਰਵਾਈ ਨਾਲ ਬੇਹਾਲ ਰਾਜ ਠਾਕਰੇ ਤੇ ਉਸ ਦੇ ਹਮਾਇਤੀ ਟੁੱਟ ਚੁੱਕੇ ਹਨ। ਆਪਣੀ ਰਾਜਸੀ ਦੁਕਾਨਦਾਰੀ ਲਈ ਰਾਜ ਵਰਗੇ ਲੋਕ ਛੱਤ ਪੂਜਾ ਨੂੰ ਵੀ ਨਾਟਕ ਦੱਸ ਕੇ ਛੱਤ ਪੂਜਕਾਂ ਨੂੰ ਭਰਮਾ ਰਹੇ ਹਨ। ਪਰ ਮਰਾਠੀ ਮਨੁੱਖ ਦੇ ਨਾਲ ਹਿੰਦੂਤਵ ਦਾ ਝੰਡਾ ਬਰਦਾਰ ਬਣਨ ਵਾਲੇ ਠਾਕਰੇ ਪਰਿਵਾਰ ਨੂੰ ਕਿਸੇ ਵੀ ਧਾਰਮਿਕ ਭਾਵਨਾ ਤੇ ਆਸਥਾ ਨਾਲ ਕੀ ਲੈਣਾ ਦੇਣਾ। ਉਸ ਨੂੰ ਤਾਂ ਕਿਸੇ ਵੀ ਤਰ੍ਹਾਂ ਵੋਟਾਂ ਦੀ ਫਸਲ ਕੱਟਣ ਦੀ ਕਾਹਲੀ ਹੈ। ਜ਼ਰੂਰਤ ਹੈ ਵੱਖ-ਵੱਖ ਸੂਬਿਆਂ 'ਚ ਸੰਤੁਲਨ ਬਣਾ ਕੇ ਰੱਖਣ ਦੇ ਬਰਾਬਰ ਦੇ ਹੱਕ ਦੇਣ ਦੀ।

# ਭਗਤ ਸਿੰਘ ਸ਼ਹੀਦਾਂ ਦਾ ਸਿਰਤਾਜ

ਇਨਕਲਾਬੀ ਸੰਘਰਸ਼ ਵਿੱਚ ਵਿਚਾਰਾਂ ਪੱਖੋਂ ਤੇ ਲੋਕਾਂ 'ਚ ਹਰਮਨ ਪਿਆਰਤਾ ਪੱਖੋਂ ਜਿਨ੍ਹਾਂ ਉੱਚਾ ਨਾਂ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦਾ ਹੈ, ਉਨ੍ਹਾਂ ਉਸ ਦੇ ਕਿਸੇ ਸਮਕਾਲੀਨ ਕ੍ਰਾਂਤੀਕਾਰੀ ਦਾ ਨਹੀਂ ਆਪਣੇ ਜੀਵਨ ਕਾਲ ਵਿੱਚ ਵੀ ਉਹ ਪੂਰੇ ਭਾਰਤ ਦੀ ਨਵੀਂ ਪੀੜ੍ਹੀ ਦੇ ਹਰਮਨ-ਪਿਆਰੇ ਨਾਇਕ ਅਤੇ ਜੀਵਤ 'ਕਦਾਵਰ ਪੁਰਸ਼' ਬਣ ਗਏ ਸਨ। ਉਹਨਾਂ ਦੀ ਇਕ ਝਲਕ ਹਾਸਲ ਕਰ ਲਈ ਅਦਾਲਤ ਤੇ ਜੇਲ੍ਹ ਦੇ ਬਾਹਰ ਹਜ਼ਾਰਾਂ ਨੌਜਵਾਨ 'ਇਨਕਲਾਬ-ਜਿੰਦਾਬਾਦ' ਦੇ ਨਾਹਰੇ ਲਾਉਂਦੇ ਹੋਏ ਘੰਟਿਆਂ ਬੱਧੀ ਖੜੇ ਰਹਿੰਦੇ ਸਨ। ਅੱਜ ਸੌ ਸਾਲ ਬਾਅਦ ਵੀ ਭਗਤ ਸਿੰਘ ਦੀ ਹਰਮਨ ਪਿਆਰਤਾ 'ਚ 'ਦਰਜਾ-ਏ-ਅਵਲ' ਦਾ ਖਿਤਾਬ ਹਾਸਲ ਹੈ। ਏਨੇ ਸਾਲਾਂ ਬਾਅਦ ਵੀ ਕੀ ਕਾਰਨ ਹੈ ਕਿ ਭਗਤ ਸਿੰਘ ਦੀ ਪ੍ਰਸਿੰਗਿਕਤਾ 'ਵਿਅਕਤੀ' ਭਗਤ ਸਿੰਘ ਦੀ ਹੈ ਜਾਂ ਉਹਨਾਂ ਦੇ ਵਿਚਾਰਾਂ ਦੀ? ਸ਼ਾਇਦ ਦੋਨਾਂ ਦੀ ਕਿਉਂਕਿ ਭਗਤ ਸਿੰਘ ਉਹ ਸਖਸ਼ੀਅਤ ਸਨ, ਜੋ ਆਪਣੇ 'ਵਿਅਕਤੀ' ਤੋਂ ਆਪਣੇ ਵਿਚਾਰਾਂ ਨੂੰ ਵੱਡਾ ਮੰਨਦੇ ਸਨ। ਆਪਣੇ 'ਵਿਚਾਰ' ਨੂੰ ਆਕਾਰ ਦੇਣ ਲਈ ਆਪਣੀ ਜਿੰਦਗੀ ਨੂੰ ਦਾਅ 'ਤੇ ਲਾਉਣ ਦਾ ਮੌਕਾ, ਉਹ ਹਰ ਪਲ ਤਲਾਸ਼ਦੇ ਰਹਿੰਦੇ ਸਨ।

ਭਗਤ ਸਿੰਘ ਦੀ ਹਰਮਨ ਪਿਆਰਤਾ ਦਾ ਸਭ ਤੋਂ ਵੱਡਾ ਕਾਰਨ ਮੌਤ ਦੇ ਭੈਅ ਤੋਂ ਉਹਨਾਂ ਦਾ ਮੁਕਤ ਹੋ ਜਾਣਾ ਸੀ। ਅੱਜ ਸਾਰੇ ਲੋਕ ਆਦਮੀ ਨੂੰ 'ਜਿਉਣ ਦੀ ਕਲਾ ਸਿਖਾਉਣ 'ਚ ਲੱਗੇ ਹੋਏ ਹਨ। 'ਆਰਟ ਆਫ ਲਿਵਿੰਗ' ਸਿਖਾ ਰਹੇ ਹਨ, ਪਰ ਭਗਤ ਸਿੰਘ ਮਨੁੱਖਤਾ ਦੇ ਉਹਨਾਂ ਦੁਰਲੱਭ ਪੁਰਸ਼ਾਂ ਵਿਚੋਂ ਇਕ ਹਨ, ਜਿਨ੍ਹਾਂ ਨੇ ਆਦਮੀ ਨੂੰ ਗੌਰਵਸ਼ਾਲੀ ਢੰਗ ਨਾਲ ਮਰਨਾ ਸਿਖਾਇਆ। ਤਿਲ-ਤਿਲ ਕਰਕੇ ਮਰਨ ਤੋਂ ਚੰਗਾ ਹੈ ਆਪਣੇ ਅਧਿਕਾਰਾਂ ਲਈ ਪੂਰੀ ਤਿਆਰੀ ਦੇ ਨਾਲ ਮਰਨ ਦਾ ਹੌਸਲਾ ਪੈਦਾ ਕਰਨਾ ਭਗਤ ਸਿੰਘ 'ਚ ਉਹ 'ਡੈਥ ਇੰਸਟਿੰਕਟ ਸੀ, ਜਿਸ ਨੂੰ ਜਿੰਦਗੀ ਵੀ ਸਲਾਮ ਕਰਦੀ ਹੈ। ਮੌਤ ਦੇ ਭੈਅ ਤੋਂ ਮੁਕਤੀ ਕੋਈ ਅਚਾਨਕ ਹੋਏ ਬੋਧ ਕਾਰਨ ਨਹੀਂ ਸੀ ਅਤੇ ਨਾ ਹੀ ਰੁਮਾਨਿਅਤ ਦੇ 'ਨਿਰਦਾਲੂ ਰਸਾਇਣ' ਤੋਂ ਉਪਜੀ ਆਤਮਹੰਤਾ ਖੁਮਾਰੀ' ਸੀ ਬਲਕਿ ਅਰਾਜਕਤਾਵਾਦ ਸਰਵਨਕਾਰਵਾਦ ਤੇ ਸਮਾਜਵਾਦ ਦੇ ਪਾਇਦਾਨਾ 'ਤੇ ਚੜ੍ਹਦੀ ਉਸ ਚੇਤਨਾ ਦਾ ਵਿਕਾਸ ਸੀ, ਜਿਥੇ ਕੁਝ ਵਿਦਵਾਨਾ ਨੇ ਉਹਨਾਂ ਨੂੰ ਹਿੰਦੁਸਤਾਨ ਦਾ ਪਹਿਲਾਂ ਕਮਿਊਨਿਸਟ ਤੱਕ ਵੀ ਕਹਿ ਦਿੱਤਾ ਹੈ। ਭਗਤ ਸਿੰਘ ਤੋਂ ਸ਼ੁਰੂ ਤੋਂ ਹੀ ਆਪਣਾ ਆਦਰਸ਼ ਲਾਹੌਰ ਸਾਜਿਸ਼ ਕੇਸ (ਪਹਿਲੀ ਸਾਜਿਸ਼, 1915-1916) ਦੇ ਨਾਇਕ 18 ਸਾਲਾ ਕਰਤਾਰ ਸਿੰਘ ਸਰਾਭਾ ਨੂੰ ਮੰਨਦੇ ਰਹੇ। ਜਿਸ ਨੇ ਕਾਫੀ ਛੋਟੀ ਉਮਰ 'ਚ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹਾਦਤ ਦਾ ਇਤਿਹਾਸ ਲਿਖਿਆ। ਉਹ ਹਮੇਸ਼ਾ ਸਰਾਭੇ ਦੀ ਫੋਟੋ ਆਪਣੇ ਨਾਲ ਰੱਖਦੇ ਸਨ ਅਤੇ ਉਸ ਨੂੰ ਆਪਣਾ 'ਮਿੱਤਰ ਦਾਰਸ਼ਨਿਕ ਤੇ ਰਾਹ-ਦਰਸਾਵਾ ਮੰਨਦੇ ਸਨ। ਇਹ ਇਤਫਾਕ ਹੀ ਹੈ ਕਿ ਭਗਤ ਸਿੰਘ ਦੀ ਲਾਹੌਰ ਸਾਜਿਸ਼ ਕੇਸ (ਦੂਜਾ) ਦੇ 'ਮੁਜਰਮ' ਬਣੇ ਅਤੇ ਕਰਤਾਰ ਸਿੰਘ ਸਰਾਭਾ ਵਾਗੂੰ ਹੀ ਅਦਾਲਤ ਨੂੰ ਆਪਣੇ ਵਿਚਾਰਾਂ ਦੇ ਪਸਾਰੇ ਦਾ ਮੰਚ ਬਣਾ ਹੱਸਦੇ-ਹੱਸਦੇ ਫਾਂਸੀ ਦੇ ਫੰਦੇ 'ਤੇ ਝੂਲ ਗਏ। ਉਹ ਅਕਸਰ ਹੀ ਆਪਣੇ ਸਾਥੀਆਂ ਨੂੰ ਕਿਹਾ ਕਰਦੇ

ਸਨ "ਬ੍ਰਿਟਿਸ਼ ਹਕੂਮਤ ਲਈ ਮਰਿਆ ਹੋਇਆ ਭਗਤ ਸਿੰਘ, ਜਿੰਦਾ ਭਗਤ ਸਿੰਘ ਤੋਂ ਵੱਧ ਖ਼ਤਰਨਾਕ ਸਾਬਤ ਹੋਵੇਗਾ।" 1930 ਵਿੱਚ ਜੁਲਾਈ ਦਾ ਉਹ ਆਖਰੀ ਐਤਵਾਰ ਸੀ, ਲਾਹੌਰ ਸੈਂਟਰਲ ਜੇਲ੍ਹ ਤੋਂ ਇਜਾਜ਼ਤ ਲੈ ਕੇ ਭਗਤ ਸਿੰਘ ਬੋਸਟਰ ਜੇਲ੍ਹ ਵਿਚ ਆਪਣੇ ਸਾਥੀਆਂ ਨੂੰ ਮਿਲਣ ਆਏ ਸਨ। ਸਾਡੇ ਸਾਥੀ ਮਜ਼ਾਕ 'ਚ ਇਕ ਦੂਜੇ ਲਈ ਸਰਕਾਰ ਦੇ ਫੈਸਲੇ ਸੁਣਾਉਣ ਲੱਗੇ, ਤਦ ਭਗਤ ਸਿੰਘ ਨੇ ਕਿਹਾ "ਮੇਰੇ ਤੇ ਰਾਜਗੁਰੂ ਬਾਰੇ ਵੀ ਫੈਸਲਾ ਸੁਣਾਅ ਦਿਉ।" ਅਸੈਬਲੀ ਬੰਬ ਦੇ ਕੇਸ ਦੀ ਅਪੀਲ ਦੌਰਾਨ ਜਦ ਭਗਤ ਸਿੰਘ ਨੂੰ ਲਾਹੌਰ ਅਦਾਲਤ 'ਚ ਲਿਆਂਦਾ ਗਿਆ ਤਾਂ ਉਹਨਾਂ ਨੇ ਅਦਾਲਤ ਵਿੱਚ ਕਿਹਾ ਸੀ, "ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੇ ਤਿੱਖੀ ਹੁੰਦੀ ਹੈ।" ਉਹਨਾਂ ਦਾ ਇਹ ਧਿਆਨ ਉਹਨਾਂ ਦੀ ਇਸ ਮਾਨਸਿਕਤਾ ਨੂੰ ਅੱਛੀ ਤਰ੍ਹਾਂ ਜਾਹਰ ਕਰਦਾ ਹੈ ਕਿ ਸ਼ਹਾਦਤ ਦੀ ਇਹ ਲਲਕ ਮਹਿਜ ਭਾਵੁਕਤਾ ਨਹੀਂ ਸੀ। ਇਨਕਲਾਬ ਦੇ ਦਰੱਖਤ ਦੀਆਂ ਜੜ੍ਹਾਂ ਨੂੰ ਉਹਨਾਂ ਨੇ ਚੇਤਨਾ ਬੁਕਾਨਿਨ, ਲੈਨਿਨ, ਟ੍ਰਾਟਸਕੀ ਮਾਰਕਸ ਤੇ ਨਿਲੰਬ ਸਵਾਮੀ ਦੇ ਕ੍ਰਾਂਤੀਕਾਰੀ ਦਰਸ਼ਨ ਨਾਲ ਸਿੰਜਿਆ ਸੀ। ਸਾਕੋ ਪ੍ਰਿੰਸ ਕ੍ਰੋਪੇਟਕਿਨ ਅਤੇ ਵੈਜਲਰੀ ਵਰਗੇ ਇਨਕਲਾਬੀ ਜੋ ਆਜਾਦੀ ਲਈ ਫਾਂਸੀ ਨੂੰ ਇਕ ਜਰੀਆ ਦੇ 'ਕਿਰਤੀ' ਵਿੱਚ ਭਗਤ ਸਿੰਘ ਨੇ ਫਰਾਂਸਿਸੀ ਕ੍ਰਾਂਤੀਕਾਰੀ ਨਵਯੁਵਕ 'ਵੇਲਿੰਇੰਟ' 'ਤੇ ਇਕ ਲੇਖ ਲਿਖਿਆ ਸੀ, ਜਿਸ ਨੇ ਸਰਕਾਰ ਦੇ ਖਿਲਾਫ ਇਹ ਕਹਿੰਦੇ ਹੋਏ ਬੰਬ ਅਸੰਬਲੀ 'ਚ ਸੁੱਟਿਆ ਸੀ ਕਿ ਬੋਲਿਆਂ ਨੂੰ ਸੁਣਾਉਣ ਲਈ ਬੁਲੰਦ ਆਵਾਜ਼ ਦੀ ਲੋੜ ਹੁੰਦੀ ਹੈ। ਇਸ ਅਪਰਾਧ ਦੇ ਲਈ ਜੂਰੀ ਦਾ ਮੁਖੀ ਕਾਰਨੇਟ, ਵੇਲਿਇੰਟ ਨੂੰ ਫਾਂਸੀ ਦੀ ਸਜਾ ਸੁਣਾ ਦਿੰਦਾ ਹੈ ਜਿਸ 'ਤੇ ਲਿਖਿਆ ਸੀ–ਵੇਲਿਇੰਟ। ਇਸ ਪ੍ਰਸੰਗ ਨਾਲ ਭਗਤ ਸਿੰਘ ਖੁਦ ਸ਼ਹਾਦਤ ਲਈ ਏਨੇ ਉਤਾਵਲੇ ਹੋ ਜਾਂਦੇ ਹਨ ਕਿ 8 ਅਪ੍ਰੈਲ 1929 ਨੂੰ ਉਹਨਾਂ ਨੇ ਵੀ ਭਾਰਤ ਦੇ ਅਸੈਬਲੀ ਹਾਲ 'ਚ ਬੰਬ ਸੁੱਟਿਆ ਤੇ ਅਸੈਬਲੀ 'ਚ ਜੋ ਪਰਚੇ ਵੰਡੇ ਉਸ ਦਾ ਮਜ਼ਮੂਨ ਵੀ ਵੇਲਿੰਇੰਟ ਦ ਹਵਾਲੇ ਨਾਲ ਸ਼ੁਰੂ ਹੋਇਆ। ਅੱਗੇ ਇਸ ਪਰਚੇ 'ਚ ਭਗਤ ਸਿੰਘ ਨੇ ਇਹ ਵੀ ਲਿਖਿਆ ਸੀ ਕਿ "ਅਸੀਂ ਇਹ ਗੱਲ ਦੁਹਰਾਉਣਾ ਚਾਹੁੰਦੇ ਹਾਂ ਕਿ ਅਸੀਂ ਮਨੁੱਖ ਦੇ ਜੀਵਨ ਦਾ ਮੁੱਲ ਸਮਝਦੇ ਹਾਂ, ਉਸ ਨੂੰ ਸ਼ਬਦਾਂ 'ਚ ਨਹੀਂ ਬਿਆਨਿਆ ਜਾ ਸਕਦਾ ਅਤੇ ਮਨੁੱਖਤਾ ਲਈ ਬਿਨਾਂ ਕਿਸੇ ਭਗਤ ਸਿੰਘ ਦੇ ਲੇਖ ਦੀ ਜੇ ਬਰੀਕੀ ਨਾਲ ਪੜਤਾਲ ਕੀਤੀ ਜਾਵੇ ਤਾਂ ਉਹਨਾਂ ਨੇ ਜਿਹਨਾਂ ਵਿਅਕਤੀਆਂ ਨੂੰ ਆਪਣੇ ਲੇਖ ਦਾ ਕੇਂਦਰ ਬਿੰਦੂ ਬਣਾਇਆ ਸੀ। ਉਹ ਸਭ ਅੰਤ ਨੂੰ ਸ਼ਹੀਦ ਹੋ ਜਾਂਦੇ ਹਨ। ਕਿਰਤੀ' ਵਿਚ ਉਹਨਾਂ ਨੇ ਇਕ ਅਜੇ ਹੇ ਹੀ ਅਰਾਜਕਤਾਵਾਦੀ ਬਾਰੇ ਲਿਖਿਆ ਹੈ, ਜੋ ਜਰਮਨੀ ਦੀ 'ਹੇ' ਮਾਰਕਿਟ 'ਚ ਬੰਬ ਸੁੱਟਦਾ ਹੈ। 4 ਮਈ 1886 ਨੂੰ ਪੁਲੀਸ 'ਤੇ ਬੰਬ ਸੁੱਟਣ ਦੇ ਅਪਰਾਧ 'ਚ ਉਸ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਜਾਂਦੀ ਹੈ। ਸਜਾ ਸੁਣਨ ਪਿਛੋਂ ਉਹ ਇਨਕਲਾਬੀ ਕਹਿੰਦਾ ਹੈ "ਸ਼ਾਇਦ ਤੁਸੀਂ ਹੱਸੋ ਕਿ ਮੈਂ ਹੁਣ ਤਾਂ ਬੰਬ ਨਹੀਂ ਸੁੱਟ ਸਕੂੰਗਾ। ਪਰ ਫਾਂਸੀ ਚੜ੍ਹਨ ਨਾਲ ਮੇਰੇ ਪਾਤਰ ਹੋਰ ਕਈ ਪੈਦਾ ਹੋ ਜਾਣਗੇ। ਉਹਨਾਂ ਦੇ ਲਿਖੇ ਹਰ ਲੇਖ ਦਾ ਪਾਤਰ ਆਖਰ ਸ਼ਹੀਦ ਹੋ ਜਾਂਦਾ ਹੈ। ਜਿਸ ਨੂੰ ਉਹ ਆਪਣਾ ਆਦਰਸ਼ ਮੰਨਦੇ ਸਨ, ਉਹ ਕਰਤਾਰ ਸਿੰਘ ਸਰਾਭਾ, ਰਾਮ ਪ੍ਰਸਾਦ ਬਿਸਮਿਲ ਜਾਂ ਲਾਲਾ ਲਾਜਪਤ ਰਾਏ ਵਰਗੇ ਇਨਕਲਾਬੀ ਹੋਣ ਜਾਂ ਗੁਰੂ ਗੋਬਿੰਦ ਸਿੰਘ ਵਰਗੇ ਗੁਰੂ ਭਗਤ ਸਿੰਘ ਦੀ ਲੇਖਣੀ ਜ਼ਿਆਦਾਤਰ ਅਜੇ ਹੇ ਹੀ ਵੀਰ ਚਰਿੱਤਰਾਂ ਦਾ ਵਰਨਣ ਕਰਦੀ ਹੈ। ਫਾਂਸੀ

ਦਾ ਫੰਦਾ ਤੇ ਕਾਲ ਕੋਠੜੀ ਤਾਂ ਜਿਵੇਂ ਉਹਨਾਂ ਨੂੰ ਹਰ ਪਲ ਆਪਣੇ ਕੋਲ ਬਣਾਉਂਦੀ ਸੀ। 'ਮਤਵਾਲਾ' ਦੇ 16 ਮਈ 1925 ਦੇ 'ਨੌਜਵਾਨ' ਨਾਂ ਹੇਠ ਭਗਤ ਸਿੰਘ ਦਾ ਲੇਖ ਛਪਿਆ ਸੀ।

ਉਹਨਾਂ ਨੇ ਆਪਣਾ ਨਾਂ ਬਲਵੰਤ ਦਿੱਤਾ ਸੀ। ਇਸ ਲੇਖ ਤੋਂ ਅਜੇਹਾ ਲੱਗਦਾ ਹੈ ਕਿ ਜਿਵੇਂ ਨੌਜਵਾਨ ਦੇ ਮਾਧਿਅਮ ਰਾਹੀਂ ਭਗਤ ਸਿੰਘ ਨੇ ਆਪਣੀ ਹੀ ਆਤਮਕਥਾ ਲਿਖ ਦਿੱਤੀ ਸੀ। ਉਹਨਾਂ ਲਈ ਫਾਂਸੀ ਦੀ ਉਡੀਕ ਵਿੱਚ ਕਾਲਕੋਠੜੀ 'ਚ ਬੈਠੀ ਜਿੰਦਗੀ ਹੀ ਸਭ ਤੋਂ ਕੀਮਤੀ ਸੀ। ਆਪਣੀ 'ਜੇਲ੍ਹ ਡਾਇਰੀ' 'ਚ ਵੀ ਉਹਨਾਂ ਨੇ ਜੋ ਹੋਰ ਕਈਆਂ ਦੀਆਂ ਕਵਿਤਾਵਾਂ ਦਾ ਜ਼ਿਕਰ ਕੀਤਾ, ਉਹਨਾਂ ਦਾ ਮੂਲ ਤੱਤ ਵੀ ਮੌਤ ਨੂੰ ਵਰਨਣ ਕਰਨ ਦਾ ਹੈ। ਉਦੇਸ਼ ਭਰਪੂਰ ਹਿੰਮਤ ਭਰੀ ਮੌਤ ਦਾ ਵਰਨਣ।

ਜਾਰਸ਼ਾਹੀ ਵਿਰੁੱਧ ਸਰਵਨ ਕਾਰਵਾਈ ਨੌਜਵਾਨਾ ਦਾ ਰੋਜਾਨਾ ਪੁਲਸ ਨਾਲ ਟਕਰਾਅ ਪੁਲਸੀਆਂ ਦੀ ਹੱਤਿਆ ਤੇ ਸੰਗਠਨ ਦੇ ਨੌਜਵਾਨਾਂ ਦਾ ਰੋਜਾਨਾ ਫਾਂਸੀ 'ਤੇ ਚੜ੍ਹਨਾ ਅਤੇ ਉਸ ਸਾਹਿਤ ਨਾਲ ਭਗਤ ਸਿੰਘ ਦਾ ਨਿਰੰਤਰ ਰੂ-ਬ-ਰੂ ਹੋਣਾ ਇਕ ਸੱਚ ਦੀ ਸ਼ਕਲ ਅਖਤਿਆਰ ਕਰਨ ਲੱਗੀ ਸੀ। ਉਸ ਦੇ ਅੰਦਰ ਸ਼ਹਾਦਤ ਉਹਨਾਂ ਲਈ ਸਮਾਜਵਾਦ ਪ੍ਰਾਪਤੀ ਦਾ ਇਕ ਤਿਉਹਾਰ ਬਣਦੀ ਜਾ ਰਹੀ ਸੀ। ਮੌਤ ਵਰਣ ਦੀ ਲਲਕ ਉਹਨਾਂ 'ਚ ਦਿਨ-ਬ-ਦਿਨ ਗਾੜ੍ਹੀ ਹੁੰਦੀ ਜਾ ਰਹੀ ਸੀ। ਹਰ ਪਲ ਉਹਨਾਂ ਨੂੰ ਪੈਟ੍ਰਿਕ ਹੈਨਰੀ ਦੀਆਂ ਇਹ ਸਤਰਾਂ ਜਿਵੇਂ ਪ੍ਰੇਰਣਾ ਦਿੰਦੀਆਂ ਰਹਿੰਦੀਆਂ ਸਨ "ਜੇਲ੍ਹ ਦੀ ਕੋਠੜੀ ਤੋਂ ਬਾਹਰ ਜਿੰਦਗੀ ਬੜੀ ਮਹਿੰਗੀ ਹੈ ਪਰ ਜੇਲ੍ਹ ਦੀ ਕੋਠੜੀ 'ਚ ਜਿੰਦਗੀ ਹੋਰ ਵੀ ਮਹਿੰਗੀ ਹੈ।

ਇਥੇ ਇਸ ਦੀ ਕੀਮਤ ਸਵਤੰਤਰਤਾ ਸੰਗ੍ਰਾਮ ਵਜੋਂ ਚੁਕਾਈ ਜਾਂਦੀ ਹੈ।" ਦੁਨੀਆਂ 'ਚ ਕਿਧਰੇ ਵੀ ਕੁਝ ਵਾਪਰਦਾ, ਉਸ ਦਾ ਸਬੰਧ ਤਬਦੀਲੀ ਸੁਧਾਰ ਜਾਂ ਨਵੇਂਪਣ ਨਾਲ ਹੁੰਦਾ ਉਹ ਉਹਨਾਂ ਦੀ ਲੇਖਣੀ ਦਾ ਵਿਸ਼ਾ ਬਣ ਜਾਂਦਾ। ਸਮਾਜਵਾਦ ਤੇ ਮਾਰਕਸਵਾਦ ਉਹਨਾਂ ਨੂੰ ਸਮਾਜਕ ਆਰਥਕ ਪ੍ਰਬੰਦ ਨੂੰ ਚਣੌਤੀ ਦੇਣ ਦੀ ਰਾਹ ਲੱਗਣ ਲੱਗਿਆ ਇਸ ਸਬੰਧੀ ਭਗਤ ਸਿੰਘ ਨੇ ਚੰਦਰਸੇਖਰ ਆਜ਼ਾਦ ਅਜੈ ਘੋਸ, ਸ਼ਿਵ ਵਰਮਾ-ਵਰਗੇ ਆਪਣੇ ਸਾਰੇ ਸਾਥੀਆਂ ਨਾਲ ਵਿਚਾਰ-ਵਟਾਂਦਰਾ ਕਰਕੇ 'ਹਿੰਦੁਸਤਾਨ ਰੀਪਬਲੀਕਨ ਸੋਸਲਿਸਟ ਐਸੋਸੀਏਸ਼ਨ ਕਰ ਦਿੱਤਾ ਸੰਸਥਾ ਵਿੱਚ 'ਸੋਸਲਿਸਟ ਸ਼ਬਦ ਜੋੜਨਾ ਸਿਰਫ ਨਾਂ ਦਾ ਹੀ ਬਦਲਾਅ ਨਹੀਂ ਸੀ ਬਲਕਿ ਪੂਰੀ ਕਾਰਜ ਨੀਤੀ ਨੂੰ ਸਮਾਜਵਾਦੀ ਸੋਚ ਨਾਲ ਜੋੜਨਾ ਸੀ। ਪਹਿਲੀ ਵਾਰ 'ਭਾਰਤ ਮਾਤਾ ਦੀ ਜੈ' ਅਤੇ ਵੰਦੇ ਮਾਤਰਮ ਦੀ ਥਾਂ ਇਨਕਲਾਬ ਦਾ ਮੰਤਰ ਭਗਤ ਸਿੰਘ ਨੇ ਦਿੱਤਾ- 'ਇਨਕਲਾਬ ਜਿੰਦਾਬਾਦ' ਇਹ ਹਿੰਦੁਸਤਾਨ ਦੇ ਮਜਦੂਰਾਂ ਤੇ ਕਿਸਾਨਾਂ ਦੇ ਅੰਦੋਲਨਾ ਦਾ ਮੂਲ ਮੰਤਰ ਬਣ ਗਿਆ। ਖੁਦ ਭਗਤ ਸਿੰਘ ਵਾਲਟ ਹਿਟਮੈਨ ਦੇ ਇਸ ਵਿਚਾਰ ਦੇ ਕਾਇਲ ਸਨ ਕਿ 'ਤਾਨਾਸ਼ਾਹ ਨੂੰ ਚਿੱਤ ਕਰਨ ਲਈ ਅਦਿਖ ਆਤਮਾ ਕੋਈ ਹਥਿਆਰ ਨੂੰ ਹੁੰਦੀ। ਇਸ ਲਈ ਇਸ ਨੂੰ ਖੋਹਣਾ ਪਵੇ ਤਾਂ ਖੋਹ ਦਿਉ। ਪੂਰੀ ਦੁਨੀਆ 'ਚ ਸਿਰਫ ਜਾਗਰੂਕ ਵਿਚਾਰ ਦਾ ਡੰਡਾ ਹੀ ਤਾਨਾਸ਼ਾਹ ਨੂੰ ਸਿਕਸ਼ਤ ਦਿੰਦਾ ਹੈ।"

ਭਗਤ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਇਨਕਲਾਬ ਦਾ ਇਹ ਡੰਡਾ ਫੜਾ ਦਿੱਤਾ ਜਿਸ  ਨਾਲ ਵਿਦੇਸ਼ੀ ਹਕੂਮਤ ਨੂੰ ਬਾਹਰ ਉਖੇੜਨ ਦੀ ਜੁਅਰਤ ਉਸ 'ਚ ਪੈਦਾ ਹੋ ਸਕੀ। ਉਸ ਵਿਚ ਇਨਕਲਾਬ ਦਾ ਜਜਬਾ ਪੂਰੀ ਸ਼ਿਦਤ ਦੇ ਨਾਲ ਠਾਠਾਂ ਮਾਰ

ਸਕੇ, ਇਸ ਲਈ ਆਪਣੀ ਤੇ ਆਪਣੇ ਪਿਆਰੇ ਇਨਕਲਾਬੀਆਂ ਦੀ ਸ਼ਹਾਦਤ ਨੂੰ ਉਹਨਾਂ ਨੇ ਇਨਕਲਾਬ ਪਸੰਦ ਸੱਚ ਦਾ ਕੌਮੀ ਗੀਤ ਬਣਾ ਦਿੱਤਾ। ਕਦੀ ਆਪਣੇ ਤੇ ਕਦੀ ਇਨਕਲਾਬੀਆਂ ਦੇ ਜੀਵਨ ਰਾਹੀਂ ਉਹ ਹਮੇਸ਼ਾ ਇਹ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਕਿ ਜਿੰਦਗੀ ਅਜਾਦੀ ਤੋਂ ਮਹਿੰਗੀ ਨਹੀਂ ਹੁੰਦੀ, ਇਸ ਲਈ ਜਿੰਦਗੀ ਦੇ ਕੇ ਅਜਾਦੀ ਮਿਲਦੀ ਹੈ ਤਾਂ ਫੌਰਨ ਲੈ ਲਉ। ਚਾਂਦ ਦੇ ਫਾਂਸੀ ਅੰਕ (ਫਰਵਰੀ 1928 ) 'ਚ ਭਗਤ ਸਿੰਘ ਨੇ ਦੂਸਰੇ ਲਾਹੌਰ ਸਾਜਿਸ਼ ਕੇਸ ਦੇ ਇਨਕਲਾਬੀ ਬਲਵੰਤ ਸਿੰਘ ਉੱਪਰ (ਵਿਦਰੋਹੀ ਨਾਂ ਨਾਲ) ਲੇਖ ਲਿਖਿਆ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਬਲਵੰਤ ਸਿੰਘ ਸਿੱਖ ਸਨ, ਪਰ ਜੇਲ੍ਹ 'ਚ ਉਨ੍ਹਾਂ ਨੂੰ ਪਗੜੀ ਨਹੀਂ ਬੰਨ੍ਹਣ ਦਿੱਤੀ ਗਈ, ਇਸ ਲਈ ਉਹ ਸਿਰ 'ਤੇ ਕੰਬਲ ਲਪੇਟ ਲੈਂਦੇ ਸਨ ਸਿੰਗਾਪੁਰ ਦੀ ਕਾਲ ਕੋਠੜੀ 'ਜ ਕੈਦ ਇਸ ਇਨਕਲਾਬੀ ਦੇ ਕੰਬਲ ਦੇ ਇਕ ਕੋਨੇ ਵਿੱਚ ਕਿਸੇ ਨੇ ਅਫ਼ੀਮ ਬੰਨ੍ਹ ਦਿੱਤੀ ਅਤੇ ਪ੍ਰਚਾਰ ਕਰ ਦਿੱਤਾ ਕਿ ਬਲਵੰਤ ਸਿੰਘ ਆਤਮ ਹੱਤਿਆ ਕਰਨਾ ਚਾਹੁੰਦੇ ਸਨੇ। ਇਸ ਸਬੰਧੀ ਭਗਤ ਸਿੰਘ ਨੇ ਬਲਵੰਤ ਸਿੰਘ ਦਾ ਬਿਆਨ ਜਾਹਰ ਕੀਤਾ "ਮੌਤ ਸਾਹਮਣੇ ਖੜ੍ਹੀ ਹੈ, ਉਸ ਨੂੰ ਜੱਫੀ ਪਾਉਣ ਲਈ ਮੈਂ ਤਿਆਰ ਹੋ ਚੁੱਕਿਆ ਹਾਂ। ਆਤਮ ਹੱਤਿਆ ਕਰਕੇ ਮੈਂ 'ਮੌਤ ਲਾੜੀ' ਨੂੰ ਨਿਰਸ਼ ਨਹੀਂ ਕਰੂੰਗਾ, ਵਿਦਰੋਹ ਦੇ ਅਪਰਾਧ ਵਿੱਚ ਮੌਤ ਦੀ ਸਜਾ ਹਾਸਲ ਕਰਨ ਵਿੱਚ ਮੈਂ ਮਾਣ ਮਹਿਸੂਸ ਕਰਦਾ ਹਾਂ ਅਤੇ ਫ਼ਾਂਸੀ ਦੇ ਤਖ਼ਤੇ 'ਤੇ ਹੀ ਵੀਰਤਾ ਪੂਰਵਕ ਪ੍ਰਾਣ ਦੇਵਾਂਗਾ।"

ਉਹਨਾਂ ਇਨਕਲਾਬੀਆਂ ਨਾਲ ਭਗਤ ਸਿੰਘ ਨਰਾਜ਼ ਰਹਿੰਦੇ ਸਨ ਜੋ ਸ਼ਹਾਦਤ ਤੇ ਇਨਕਲਾਬ ਦੀਆਂ ਲੰਬੀਆਂ ਲੰਬੀਆਂ ਗੱਲਾਂ ਕਰਕੇ ਹੀ ਸੰਤੁਸ਼ਟ ਹੋ ਜਾਂਦੇ ਹਨ। ਉਨ੍ਹਾਂ ਨੂੰ ਫਟਕਾਰਦਿਆਂ ਭਗਤ ਸਿੰਘ ਨੇ ਲਿਖਿਆ "ਗੱਲਾਂ ਕਰਨਾ ਸੌਖਾ ਹੈ, ਬੜਕਾਂ ਮਾਰਨੀਆਂ ਆਸਾਨ ਹਨ, ਚਗਲ-ਚਗਲ ਕਰਨਾ ਹੋਰ ਗੱਲ ਹੈ, ਕੁਰਬਾਨੀ ਦੇਣਾ ਹੋਰ ਗੱਲ ਹੈ, ਪ੍ਰੀਖਿਆ ਅਲੂਣੀ ਦੀ ਚਟਾਨ ਹੈ ਜਿਸ ਨੂੰ ਚੱਟਣਾ ਸੌਖਾ ਨਹੀਂ ਹੈ।" ਇਨ੍ਹਾਂ ਕਾਕੋਰੀ ਦੇ ਵੀਰਾਂ ਨੇ ਕਿਸੇ ਹਿੰਮਤ, ਕਿਸੇ ਬਹਾਦਰੀ ਨਾਲ ਪ੍ਰੀਖਿਆ ਦਿੱਤੀ? ਇਸ ਦੀ ਬਹਾਦਰੀ ਕਦੀ ਭੁੱਲੀ ਜਾ ਸਕਦੀ ਹੈ?

ਇਕ ਹੋਰ ਗੱਲ ਵਰਨਣਯੋਗ ਹੈ ਕਿ ਭਗਤ ਸਿੰਘ ਦਾ 'ਮੌਤ ਨੂੰ ਆਪਣੇ ਉਦੇਸ਼ ਲਈ ਵਰਣ' ਦਾ ਜੋ ਸੋਚਿਆ ਸੀ, ਉਹ ਸੋਚ ਧਰਮ ਜਾਂ ਪਰੰਪਰਾ ਤੋਂ ਕੋਈ ਤਾਕਤ ਨਹੀਂ ਲੈ ਰਹੀ ਸੀ ਕਿਉਂਕਿ ਧਰਮ ਨੂੰ ਉਹ ਆਦਮੀ ਨੂੰ ਡਰੂ ਬਣਾਉਣ ਵਾਲੀ ਵਿਵਸਥਾ ਮੰਨਦੇ ਸਨ ਅਤੇ ਰੱਬ ਨੂੰ ਅਗਿਆਨਤਾ ਦਾ ਸਿੱਟਾ। ਮਰਨ ਦੇ ਇਸ ਸ਼ੌਂਕ ਨੇ ਉਨ੍ਹਾਂ ਨੂੰ ਪੁਲਿਸ ਅਦਾਲਤ ਦੇ ਸਰਕਾਰ ਦੇ ਜ਼ੁਲਮ ਦੇ ਅੱਗੇ ਚਟਾਨ ਵਾਂਗੂੰ ਖੜ੍ਹੇ ਹੋਣ ਦੀ ਜੁਅਰਤ ਦਿੱਤੀ ਸੀ। ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਦੀ ਕੋਈ ਵੀ ਕੋਸ਼ਿਸ਼ ਕੀਤੇ ਬਿਨਾਂ ਉਹਨਾਂ ਨੇ ਹਰ ਮੰਚ ਤੋਂ ਆਪਣਾ ਵਿਚਾਰ ਬੇਬਾਕੀ ਨਾਲ ਰੱਖਿਆ। ਹੱਦ ਤਾਂ ਉਦੋਂ ਹੋ ਗਈ ਜਦ ਉਹਨਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਜਿੱਥੇ ਸਰਕਾਰੀ ਗਵਾਹਾਂ ਨੇ ਆਪਣੇ ਬਿਆਨ ਬਦਲਣੇ ਸ਼ੁਰੂ ਕਰ ਦਿੱਤੇ, ਉੱਥੇ ਸਾਂਡਰਸ ਦੀ ਹੱਤਿਆ ਦੇ ਇੰਕ ਇੱਕ ਚਸ਼ਮਦੀਦ ਗਵਾਹ ਪੁਲਿਸ ਅਫ਼ਸਰ ਟ੍ਰੇਨ ਨੇ ਵੀ ਮੁਲਜ਼ਮ ਸ਼ਨਾਖਤੀ ਸਮੇਂ ਭਗਤ ਸਿੰਘ ਨੂੰ ਪਹਿਚਾਨਣ 'ਚ ਅਸਮਰਥਾ ਜਾਹਰ ਕੀਤੀ। ਸਰਕਾਰ ਦੇ ਸਾਰੇ ਅਦਾਲਤੀ ਪਾਖੰਡਾਂ ਦੇ ਬਾਵਜੂਦ ਬ੍ਰਿਟਿਸ਼ ਹਕੂਮਤ ਇਹ ਕੇਸ ਹਾਰਨ ਲੱਗੀ ਤਦ ਇਸ ਕੇਸ ਦੇ ਨਿਪਟਾਰੇ ਲਈ 'ਵਿਸ਼ੇਸ਼ ਅਦਾਲਤ' ਗਠਿਤ ਕਰਨ ਦਾ ਨਾਟਕ ਕੀਤਾ ਗਿਆ।

ਸਰਕਾਰ ਅਦਾਲਤ 'ਚ ਹੱਥ ਹਿਲਾ ਕੇ 'ਇਨਕਲਾਬ ਜ਼ਿੰਦਾਬਾਦ' ਦੇ ਨਾਹਰੇ ਲਾਉਣ ਵਾਲੇ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਵਧਦੀ ਹਰਮਨ ਪਿਆਰਤਾ ਤੋਂ ਏਨੀ ਘਬਰਾ ਗਈ ਕਿ ਆਰਡਰ ਕੀਤਾ ਕਿ ਇਹਨਾਂ ਇਨਕਲਾਬੀਆਂ ਦੇ ਹੱਥ ਹੱਥਕੜੀਆਂ ਨਾਲ ਬੰਨ੍ਹ ਕੇ ਅਦਾਲਤ 'ਚ ਪੇਸ਼ ਕੀਤਾ ਜਾਵੇ। ਜਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਹੱਥਕੜੀਆਂ ਦਾ ਵਿਰੋਧ ਕੀਤਾ ਤਾਂ ਅਦਾਲਤ 'ਚ ਜੱਜਾਂ ਮੂਹਰੇ ਹੀ ਪੁਲਿਸ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਰੇਤ ਦੀਆਂ ਬੋਰੀਆਂ ਵਾਂਗੂੰ ਆਦਲਤ 'ਚ ਜੱਜਾਂ ਮੂਹਰੇ ਉਹਨਾਂ ਨੂੰ ਸੁੱਟ ਦਿੱਤਾ। ਪੱਤਰਕਾਰ, ਰਿਸ਼ਤੇਦਾਰ ਤੇ ਵਕੀਲ ਕੋਈ ਇਸ ਵਿਸ਼ੇਸ਼ ਅਦਾਲਤ ਵਿੱਚ ਨਹੀਂ ਆ ਸਕਦਾ ਸੀ। ਇਹਨਾਂ ਇਨਕਲਾਬੀਆਂ ਦੀ ਪੁਲਸ ਨੇ ਏਨੀ ਬੇਰਹਿਮੀ ਨਾਲ ਮਾਰਕੁੱਟ ਕੀਤੀ ਕਿ ਟ੍ਰਿਬਿਊਨਲ ਦੇ ਇਕ ਜੱਜ ਆਗਾ ਹੈਦਰ ਨੇ ਪੁੱਛ ਲਿਆ "ਇਹਨਾਂ ਨੂੰ ਹੱਥ ਕੜੀਆਂ ਲਾਉਣ ਲਈ ਇਹਨਾਂ ਤੋਂ ਪੁੱਛਿਆ ਕਿਉਂ ਨਹੀਂ ਗਿਆ? "ਸਰਕਾਰ ਨੇ ਇਸ ਇਤਰਾਜ ਦੇ ਮੱਦੇਨਜ਼ਰ ਟ੍ਰਿਬਿਊਲ ਦੇ ਦੋਬਾਰਾ ਗਠਨ ਦਾ ਐਲਾਨ ਕਰ ਦਿੱਤਾ ਅਤੇ ਜੱਜ ਆਗਾ ਹੈਦਰ ਦਾ ਨਾਂ ਨਵੇਂ ਟ੍ਰਿਬਿਊਲ ਤੋਂ ਗਾਇਬ ਕਰ ਦਿੱਤਾ।

ਜਾਹਿਰ ਹੈ ਕਿ ਬ੍ਰਿਟਿਸ਼ ਸਰਕਾਰ ਕਿਸੇ ਵੀ ਕੀਮਤ 'ਤੇ ਇਹਨਾਂ ਨੂੰ ਫਾਂਸੀ ਦੇ ਫੰਦੇ ਤਕ ਪਹੁੰਚਾਉਣ ਲਈ ਬਜਿਦ ਸੀ। ਜਦ ਕਨੂੰਨੀ ਨਿਆਂ ਦਾ ਨਾਟਕ ਇਹਨਾਂ ਨੂੰ ਫਾਂਸੀ (23 ਮਾਰਚ, 1931) ਦੀ ਸਜਾ ਸੁਣਾਉਣ ਦੇ ਨਾਲ ਖਤਮ ਹੋਇਆ ਤਾਂ ਭਗਤ ਸਿੰਘ ਦੇ ਦੋਸਤ ਰਾਮਵਰਣ ਮੇਹਤਾ ਅਤੇ ਅਮਰਨਾਥ ਮੇਹਤਾ ਹਾਈਕੋਰਟ ਦੇ ਹੁਕਮ ਖਿਲਾਫ ਅਪੀਲ ਦਾ ਗੱਲ ਸੁਣ ਕੇ ਭਗਤ ਸਿੰਘ ਨੇ ਕਿਹਾ, "ਅਪੀਲ ਦੀ ਉਡੀਕ 'ਚ ਅੱਡੀਆਂ ਰਗੜਣ ਦੀ ਬਜਾਏ, ਫਾਂਸੀ ਹਾਸਲ ਕਰਨ 'ਚ ਵੱਧ ਲੁਤਫ ਆਉਂਦਾ ਹੈ। ਤੁਸੀਂ ਆਪਣਾ ਸਮਾਂ ਬਰਬਾਦ ਨਾ ਕਰੋ ਅਤੇ ਮੈਨੂੰ ਆਪਣੇ ਮਕਸਦ ਪ੍ਰਤੀ ਸ਼ਹੀਦ ਹੋਣ ਤੋਂ ਨਾ ਰੋਕੇ (20 ਅਕਤੂਬਰ 1930) ਮੌਤ ਪ੍ਰਤੀ ਉਹ ਕਿੰਨੇ ਬੇਪ੍ਰਵਾਹ ਸਨ। ਇਹ ਇਸ ਗੱਲ ਤੋਂ ਸਮਝਿਆ ਜਾ ਸਕਦਾ ਹੈ ਕਿ ਮੁਕੱਦਮੇ ਦੀ ਗਵਾਹੀ ਤੋਂ ਵੱਧ ਉਹ ਆਪਣੇ ਦੋਸਤ ਦੇ ਰਸਗੁੱਲੇ ਲੈ ਕੇ ਅਦਾਲਤ ਵਿੱਚ ਬਹਿਸ ਕਰਨਾ ਵੱਧ ਮਹੱਤਵਪੂਰਨ ਸਮਝਦੇ ਸਨ। 23 ਮਾਰਚ 1931 ਨੂੰ ਉਹਨਾਂ ਨੂੰ ਫਾਂਸੀ ਦੀ ਸਜਾ ਦਿੱਤੀ ਗਈ। ਉਹ ਖੁਸ਼ ਸਨ ਕਿ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਉਹਨਾਂ ਨੂੰ ਚਿਰਾਂ ਤੋਂ ਉਡੀਕਿਆ ਜਾ ਰਿਹਾ ਮੌਕਾ ਮੁਹੱਈਆ ਕਰ ਦਿੱਤਾ। ਜਦ ਉਹਨਾਂ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਜਾਂਦੀ ਗਈ ਤਾਂ ਉਹਨਾਂ ਨੇ ਅਕਤੂਬਰ 1930 ਸੈਂਟਰਲ ਜੇਲ੍ਹ ਲਾਹੌਰ ਤੋਂ ਬੁਕਟੇਸ਼ਵਰ ਦੱਤ ਨੂੰ ਪ੍ਰਤ ਲਿਖਨੇ ਇਸ ਦੀ ਸੂਚਨਾ ਬੜੇ ਹੀ ਖੁਸ਼ਨੁਮਾ ਅੰਦਾਜ ਵਿਚ ਦਿੱਤੀ, "ਮੈਨੂੰ ਸਜਾ ਸੁਣਾ ਦਿੱਤੀ ਗਈ ਹੈ ਅਤੇ ਫਾਂਸੀ ਦਾ ਹੁਕਮ ਹੋਇਆ ਹੈ। ਕਾਲ ਕੋਠੜੀਆਂ ਵਿਚ ਸਾਰੇ ਮੁਜਰਮ ਹਨ ਜੋ ਫਾਂਸੀ ਤੋਂ ਬਚਣ ਦੀ ਪ੍ਰਾਰਥਨਾ ਕਰ ਰਹੇ ਹਨ ਪਰ ਉਹਨਾਂ 'ਚੋਂ ਸ਼ਾਇਦ ਮੈਂ ਹੀ ਇਕੱਲਾ ਹਾਂ, ਜੋ ਬੜੀ ਬੇਸਬਰੀ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ। ਹੁਣ ਮੈਨੂੰ ਆਪਣੇ ਆਦਰਸ਼ ਲਈ ਫਾਂਸੀ ਦੇ ਤਖਤੇ 'ਤੇ ਚੜ੍ਹਨ ਦਾ ਮੌਕਾ ਮਿਲੇਗਾ ਮੈਨੂੰ। ਮੈਂ ਖੁਸ਼ੀ ਨਾਲ ਫਾਂਸੀ ਦੇ ਤਖਤੇ 'ਤੇ ਚੜ ਕੇ ਦੁਨੀਆਂ ਨੂੰ ਦਿਖਾ ਦਿਆਂਗਾ ਕਿ ਇਨਕਲਾਬੀ ਆਪਣੇ ਆਦਰਸ਼ਾਂ ਲਈ ਕਿੰਨੀ ਬਹਾਦਰੀ ਨਾਲ ਕੁਰਬਾਨੀ ਦੇ ਸਕਦੇ ਹਨ।" ਅਜੇਹਾ ਨਹੀਂ ਕਿ ਇੰਹ ਵੀਰਤਾ ਫਾਂਸੀ ਦੀ ਸਜਾ ਸੁਣਨ ਤੋਂ ਪਿਛੋਂ ਇਕੱਲਾਪਣ ਹੀਣਤਾ ਦੀ ਸਥਿਤੀ

ਦੇ ਗੁਣਗਾਉਣ ਦਾ ਉਹਨਾਂ ਦਾ ਢੰਗ ਹੋਵੇ। ਉਹਨਾਂ ਨੇ ਤਾਂ ਬਹੁਤ ਪਹਿਲਾਂ ਸੁਖਦੇਵ ਨੂੰ ਚਿੱਠੀ ਲਿਖ ਕੇ ਦਰਸਾ ਦਿੱਤਾ ਸੀ ਕਿ “ਜਦੋਂ ਤੈਨੂੰ ਇਹ ਖਤ ਮਿਲੇਗਾ, ਮੈਂ ਦੂਰ ਮੰਜਿਲ ਵੱਲ ਜਾ ਚੁਕਿਆ ਹੋਵਾਂਗਾ। ਮੇਰਾ ਯਕੀਨ ਕਰ ਅੱਜਕੱਲ ਮੈਂ ਬਹੁਤ ਖੁਸ਼ ਦਿਲੀ ਨਾਲ ਆਪਣੇ ਆਖਰੀ ਸਫਰ ਲਈ ਤਿਆਰ ਹਾਂ।” ਇਸ ਖਤ ’ਚ ਅੱਗੇ ਉਹਨਾਂ ਲਿਖਿਆ ਹੈ” ਮੇਰੇ ਪਿਤਾ ਜੀ ਦੀ ਹਾਜਰੀ ’ਚ ਖੁਫੀਆ ਪੁਲੀਸ ਦੇ ਲੋਕਾਂ ਮੈਨੂੰ ਕਿਹਾ ਮੇਰੇ ਵਰਗੇ ਵਿਸਵਾਸ ਤੇ ਵਿਚਾਰਾਂ ਵਾਲਾ ਵਿਅਕਤੀ ਵਿਅਰਥ ’ਚ ਮਰਨਾ ਕਦੀ ਸਹਿਣ ਨਹੀਂ ਕਰ ਸਕਦਾ ਹੈ। ਅਸੀਂ ਤਾਂ ਜੀਵਨ ਦਾ ਵੱਧ ਤੋਂ ਵੱਧ ਮੁੱਲ ਹਾਸਲ ਕਰਨ ’ਚ ਹੁੰਦੇ ਹਾਂ, ਮਾਨਵਤਾ ਦੀ ਵੱਧ ਤੋਂ ਵੱਧ ਸੇਵਾ ਕਰਨਾ ਚਾਹੁੰਦੇ ਹਾਂ।” ਯਾਨੀ ਫ਼ਾਂਸੀ ਦੀ ਸਜਾ ਸੁਣਨ ਤੋਂ 18 ਮਹੀਨੇ ਪਹਿਲਾਂ ਉਨ੍ਹਾਂ ਨੇ ਆਪਣੀ ਸ਼ਹਾਦਤ ਦੀ ਮਾਨਸਿਕ ਤਿਆਰੀ ਦਾ ਬਿਆਨ ਸੁਖਦੇਵ ਤਕ ਪਹੁੰਚਾ ਦਿੱਤਾ ਸੀ, ਜੋ ਇਸ ਗੱਲ ਦਾ ਸਬੂਤ ਹੈ ਕਿ ਸ਼ਹਾਦਤ ਦੀ ਲਲਕ ਉਹਨਾਂ ਨੂੰ ਵਿਚਾਰਾਂ ਨੂੰ ਅਤੇ ਮਕਸਦ ਨੂੰ ਅੰਜਾਮ ਤਕ ਪਹੁੰਚਾਉਣ ਦਾ ਜਰੀਆ ਪਹਿਲਾਂ ਤੋਂ ਸੀ, ਉਹ ਪੱਤਰ ਹੈ ਜੋ 11 ਅਪ੍ਰੈਲ 1929 ਨੂੰ ਸੁਖਦੇਵ ਦੀ ਗ੍ਰਿਫਤਾਰੀ ਸਮੇਂ ਪੁਲਸ ਦੇ ਹੱਥ ਲੱਗਿਆ ਸੀ ਅਤੇ ਜਿਸ ਨੂੰ ਭਗਤ ਸਿੰਘ ਨੇ ਅਸੈਬਲੀ ’ਚ ਬੰਬ ਸੁੱਟਣ ਤੋਂ ਪਹਿਲਾਂ ਲਿਖਿਆ ਸੀ ਸ਼ਹਾਦਤ ਦਾ ਜਨੂਨ ਉਸ ਨੂੰ ਏਨਾ ਜ਼ਿਆਦਾ ਸੀ ਕਿ ਫਾਂਸੀ ਦੀ ਸਜਾ ਸੁਣਾ ਦਿੱਤੀ ਗਈ ਤਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਨੇ ਟ੍ਰਿਬਿਊਨਲ ਨੂੰ ਇਸ ਪ੍ਰਤ ਲਿਖਿਆ ਜਿਸ ’ਚ ਉਹਨਾਂ ਇਹ ਦੱਸਣਾ ਚਾਹਿਆ ਕਿ ਸਾਂਡਰਸ ਦੀ ਹੱਤਿਆ ਨਾਲ ਉਸ ਦਾ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਉਹ ਪੂਰੀ ਤਰ੍ਹਾਂ ਨਿਰਦੋਸ਼ ਹੈ। ਜਦ ਉਸ ਦੀ ਖਬਰ ਭਗਤ ਸਿੰਘ ਨੂੰ ਮਿਲੀ ਤਾਂ ਉਹਨਾਂ ਨੇ ਤੁਰੰਤ (4 ਅਕਤੂਬਰ 1930) ਆਪਣੇ ਪਿਤਾ ਨੂੰ ਇਕ ਲੰਬਾ ਖ਼ਤ ਲਿਖਿਆ ਅਤੇ ਹੈਰਾਨੀ ਦਰਸਾਈ ਕਿ ਖੁਦ ਇਕ ਸੁਤੰਤਰਤਾ ਸੈਨਾਨੀ ਹੋਣ ਦੇ ਬਾਵਜੂਦ ਉਹ ਆਪਣੇ ਪੁੱਤਰ ਨੂੰ ਸ਼ਹਾਦਤ ਦੇ ਰਾਹ ’ਤੇ ਜਾਣ ਤੋਂ ਰੋਕਣ ਲਈ ਕਿਉਂ ਤੁਲੇ ਹੋਏ ਹਨ? “ਆਪ ਦੀ ਨਜ਼ਰ ’ਚ ਭਾਵੇਂ ਹੀ ਜਿੰਦਗੀ ਕੀਮਤ ਚੀਜ ਹੋਵੇ, ਪਰ ਮੈਂ ਸਜਾ ਦੇ ਤੌਰ ’ਤੇ ਜਿੰਦਗੀ ਦਾ ਏਨਾ ਅਹਿਮ ਨਹੀਂ ਮੰਨਦਾ ਇਹ ਏਨੀ ਕੀਮਤੀ ਚੀਜ ਨਹੀਂ ਹੈ, ਜਿਸ ਨੂੰ ਅਸੂਲ ਵੇਚ ਕੇ ਖਰੀਦਿਆ ਜਾਵੇ। ਅਸੀਂ ਇਕ ਨੀਤੀ ਅਖਤਿਆਰ ਕੀਤੀ ਹੈ ਅਤੇ ਅਖੀਰ ਤਕ ਉਸੇ ’ਤੇ ਡਟੇ ਰਹਾਂਗੇ। ਪ੍ਰਵਾਹ ਨਹੀਂ ਇਸ ਲਈ ਸਾਨੂੰ ਆਪਣੀ ਕੀਮਤੀ ਤੋਂ ਕੀਮਤੀ ਚੀਜ ਵੀ ਦਾਅ ’ਤੇ ਲਾਉਣੀ ਪਏ।” ਇਸੇ ਪ੍ਰਤ ’ਚ ਆਪਣੇ ਪਿਤਾ ਨੂੰ ਸੰਬੋਧਿਤ ਹੁੰਦਿਆ ਉਹ ਲਿਖਦੇ ਹਨ, “ਆਪਣੇ ਆਪ ਨੂੰ ਬਣਾਉਣ ਦੀ ਇੱਛਾ ਮੇਰੀ ਪਹਿਲਾਂ ਵੀ ਨਹੀਂ ਸੀ ਅਤੇ ਨਾ ਹੀ ਅੱਜ ਹੈ।”

ਬ੍ਰਿਟਿਸ਼ ਸਮਰਾਟ ਖਿਲਾਫ ਯੁੱਧ ਛੇੜਣ ਦਾ ਦੋਸ਼ ਲਾਉਂਦੇ ਹੋਇਆ ਲਾਹੌਰ ਸਾਜਿਸ਼ ਕੇਸ ਵਿਚ ਜਦ ਸਪੈਸ਼ਲ ਟ੍ਰਿਬਿਊਨਲ ਕੋਰਟ ਵਿੱਚ 7 ਅਕਤੂਬਰ 1930 ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ ਤਦ ਜਿੰਦਗੀ ਦੀ ਭੀਖ ਮੰਗਣ ਦੀ ਬਜਾਏ ਭਗਤ ਸਿੰਘ ਨੇ ਪੰਜਾਬ ਦੇ ਗਵਰਨਰ ਨੂੰ ਦਰਖਾਸਤ ਕੀਤੀ ਕਿ ਅਦਾਲਤ ਦੇ ਫੈਸਲੇ ਨੇ ਇਹ ਪੱਕਾ ਕਰ ਦਿੱਤਾ ਹੈ ਕਿ ਭਾਰਤ ਤੇ ਇੰਗਲੈਂਡ ਵਿਚਾਲੇ ਯੁੱਧ ਸ਼ੁਰੂ ਹੋ ਚੁੱਕਿਆ ਹੈ ਅਤੇ ਦੂਜੀ ਗੱਲ ਇਹ ਕਿ ਅਸੀਂ ਯੁੱਧ ਬੰਦੀ (ਜੰਗੀ ਕੈਦੀ) ਹਾਂ। ਇਸ ਲਈ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਜੰਗੀ ਕੈਦੀਆਂ ਵਾਗੂੰ ਹੀ ਗੋਲੀ ਨਾਲ

ਉਡਾਇਆ ਜਾਵੇ, ਬਜਾਏ ਇਸ ਦੇ ਕਿ ਫਾਂਸੀ ਦਿੱਤੀ ਜਾਵੇ। ਹੁਣ ਇਸ ਦੀ ਜਿੰਮੇਦਾਰੀ ਆਪ ਦੀ ਹੈ ਕਿ ਆਪ ਇਹ ਸਾਬਤ ਕਰੋ ਕਿ ਆਪ ਦੀ ਅਦਾਲਤ ਜੋ ਫੈਸਲਾ ਦਿੰਦੀ ਹੈ। ਉਸ ਨੂੰ ਤੁਸੀਂ ਗੰਭੀਰਤਾ ਨਾਲ ਲੈਂਦੇ ਹੋ।

ਪਰ ਛਲ ਕਪਟ ਦੀ ਬੁਨਿਆਦ ’ਤੇ ਬਣੀ ਸਾਮਰਾਜੀ ਬ੍ਰਿਟਿਸ਼ ਸਰਕਾਰ ਨੇ ਆਪਣੀ ਹੀ ਅਦਾਲਤ ਦੇ ਕਹੇ ਅਨੁਸਾਰ ਭਗਤ ਨੂੰ ਜੰਗੀ ਕੈਦੀ ਮੰਨਦੇ ਹੋਏ ਵੀ ਯੁੱਧਬੰਦੀ ਨਹੀਂ ਮੰਨਿਆ ਅਤੇ 23 ਮਾਰਚ 1931 ਨੂੰ ਸ਼ਾਮ 7 ਵਜੇ ਸੋਮਵਾਰ ਨੂੰ ਲਾਹੌਰ ਜੇਲ੍ਹ ’ਚ ਉਹਨਾਂ ਨੂੰ ਫਾਂਸੀ ’ਤੇ ਲਟਕਾ ਦਿੱਤਾ। ਜਿਸ ਤਰ੍ਹਾਂ ਸਿਰਫ (1907 ਤੋਂ 1931) 24 ਸਾਲ ਉਸ ਵਿਚੋਂ ਵੀ ਦੋ ਸਾਲ ਜੇਲ੍ਹ ਵਿੱਚ ਦੀ ਛੋਟੀ ਜਿਹੀ ਜਿੰਦਗੀ ਵਿੱਚ ਭਗਤ ਸਿੰਘ ਨੇ ਸਾਰੇ ਦੇਸ਼ ਨੂੰ ਅਜ਼ਾਦੀ ਸਮਾਜਵਾਦ ਤੇ ਨਾਸਤਿਕਤਾ ਤਾ ਮਹੱਤਵ ਦੱਸਦਿਆ ਇਕ ਨਵੇਂ ਰਾਜਸੀ ਨਜ਼ਰੀਏ ਦੀ ਬੁਨਿਆਦ ਰੱਖੀ। ਇਸੇ ਕਾਰਨ ਭਗਤ ਸਿੰਘ ਆਪਣੇ ਵਿਚਾਰਾਂ ਰਾਹੀਂ ਅੱਜ ਦੀ ਜਿੰਦਾ ਹੈ ਅਤੇ ਦੇਸ਼ ਉਸ ਨੂੰ ਸਿਰਫ ਸ਼ਹੀਦ ਹੀ ਨਹੀਂ ‘ਸ਼ਹੀਦੇ ਆਜਮ’ ਕਹਿੰਦਾ ਹੈ।

# ਹਿੰਸਾ ਦੀ ਵਰਤੋਂ ਸਬੰਧੀ ਭਗਤ ਸਿੰਘ ਦੇ ਵਿਚਾਰ

ਸਮਾਜ ਤੇ ਪ੍ਰਬੰਧ ਦੀ ਤਬਦੀਲੀ ਦੇ ਸਾਰੇ ਸੰਘਰਸ਼ ਸਮੇਂ 'ਹਿੰਸਾ' 'ਆਤੰਕ' ਤੇ 'ਅੱਤਵਾਦ' ਸਬੰਧੀ ਕਾਫੀ ਗੰਭੀਰ ਬਹਿਸਾਂ ਹੁੰਦੀਆਂ ਰਹਿੰਦੀਆਂ। ਚਾਹੇ ਫਰਾਂਸ ਦੀ ਰਾਜਨੀਤੀ ਹੋਵੇ ਜਾਂ ਰੂਸ ਦੀ ਇਨਕਲਾਬ ਜਾਂ ਚੀਨ ਦਾ ਨਵ-ਜਮਹੂਰੀ ਇਨਕਲਾਬੀ ਹਾਕਮ ਜਮਾਤਾਂ ਤੇ ਸਾਮਰਾਜੀ ਤਾਕਤਾਂ ਨੇ ਉਥੋਂ ਦੀਆਂ ਇਨਕਲਾਬੀ ਤਾਕਤਾਂ ਨੂੰ ਹਿੰਸਕ ਤੇ ਅੱਤਵਾਦੀ ਕਹਿ ਕੇ ਲਗਾਤਾਰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅੱਜ ਸਾਮਰਾਜੀ ਵਿਸ਼ਵੀਕਰਨ ਦੇ ਹਮਲਾਵਾਰ ਦੌਰ ਵਿੱਚ ਅਮਰੀਕੀ ਸਾਮਰਾਜਵਾਦ ਇਸ ਪ੍ਰਕਾਰ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਹੈ। ਇਸ ਨਾਲ ਭਾਰਤ ਤੇ ਨੇਪਾਲ ਦੇ ਇਨਕਲਾਬੀਆਂ ਦੇ ਨਾਲ ਨਾਲ ਕੌਮੀ ਮੁਕਤੀ ਲਈ ਸੰਘਰਸਸ਼ੀਲ ਤੇ ਆਪਣੀ ਹੋਂਦ ਤੇ ਮਾਨ ਸਨਮਾਨ ਦੀ ਰਾਖੀ ਲਈ ਸੰਘਰਸ਼ੀਲ ਦਰਜਨਾ ਜਥੇਬੰਦੀਆਂ ਨੂੰ 'ਅੱਤਵਾਦੀ' ਐਲਾਨ ਰੱਖਿਆ ਹੈ। ਇਸ ਤਰ੍ਹਾਂ ਅਮਰੀਕੀ ਸਾਮਰਾਜ ਦੀ ਦਲਾਲ ਭਾਰਤ ਸਰਕਾਰ ਨੇ ਵੀ 'ਅੱਤਵਾਦੀ' ਦੀ ਜਾਂ ਗੈਰ ਕਾਨੂੰਨੀ ਜਥੇਬੰਦਕ ਸਰਗਰਮੀਆਂ ਦੀ ਰੋਕਥਾਮ ਦੇ ਨਾਂ 'ਤੇ ਕਈ ਕਾਨੂੰਨ ਬਣਾਏ ਗਏ ਹਨ ਤੇ ਕਰੀਬ ਤਿੰਨ ਦਰਜਨ ਜਥੇਬੰਦੀਆਂ ਨੂੰ 'ਅੱਤਵਾਦੀਆਂ' ਦੀ ਸੂਚੀ 'ਚ ਪਾ ਰੱਖਿਆ ਹੈ। ਏਨਾ ਹੀ ਨਹੀਂ ਇਸ ਨੇ ਆਂਧਰਾ ਪ੍ਰਦੇਸ਼, ਉੜੀਸਾ ਝਾਰਖੰਡ ਤੇ ਛਤੀਸਗੜ ਵਰਗੇ ਰਾਜਾਂ 'ਚ ਦਰਜਨਾ ਜਨਤਕ ਜਥੇਬੰਦੀਆਂ ਨੂੰ ਵੀ ਪਾਬੰਦੀਸ਼ੁਦਾ ਐਲਾਨ ਰੱਖਿਆ ਹੈ। ਅਜਿਹੀ ਸੰਗੀਨ ਰਾਜਸੀ ਸਥਿਤੀ ਵਿੱਚ ਅੱਤਵਾਦ ਤੇ ਹਿੰਸਾ ਦੀ ਵਰਤੋਂ ਬਾਰੇ ਸ਼ਹੀਦੇ-ਏ-ਆਜਮ ਭਗਤ ਸਿੰਘ ਦੇ ਵਿਚਾਰਾਂ 'ਤੇ ਗੌਰ ਕਰਨਾ ਜ਼ਰੂਰੀ ਹੈ। ਭਾਰਤੀ ਹਾਕਮ ਜਮਾਤਾਂ ਤੇ ਪਿਛਾਖੜੀਆਂ ਅਤੇ ਸੁਧਾਰਵਾਦੀ ਬੁੱਧੀਜੀਵੀਆਂ ਵੱਲੋਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਉਪਰ ਦੋ ਤਰਫਾ ਰਾਜਸੀ ਹਮਲੇ ਕੀਤੇ ਗਏ ਹਨ ਇਕ ਪਾਸੇ ਉਹਨਾਂ 'ਤੇ ਅੱਤਵਾਦ ਦਾ ਸਹਾਰਾ ਲੈਣ 'ਤੇ ਅੱਤਵਾਦੀ ਹੋਣ ਦਾ ਦੋਸ਼ ਲਾਇਆ ਗਿਆ ਅਤੇ ਦੂਜੇ ਪਾਸੇ ਇਹ ਕਿਹਾ ਗਿਆ (ਤੇ ਅੱਜ ਵੀ ਕਿਹਾ ਜਾ ਰਿਹੈ) ਕਿ ਜੇਲ੍ਹ 'ਚ ਡੂੰਘੇ ਅਧਿਐਨ ਪਿਛੋਂ ਭਗਤ ਸਿੰਘ ਇਕ 'ਰੁਮਾਂਟਿਕ ਇਨਕਲਾਬੀ' ਤੋਂ ਵਿਗਿਆਨਕ ਇਨਕਲਾਬੀ ਬਣ ਗਏ ਅਤੇ ਉਹਨਾਂ ਨੇ ਇਨਕਲਾਬੀ ਅੰਦੋਲਨ 'ਚ ਹਿੰਸਾ ਦੀ ਵਰਤੋਂ ਦਾ ਵਿਰੋਧ ਕੀਤਾ। ਕੁਝ ਬੁੱਧੀਜੀਵੀਆਂ ਤਾਂ ਹੁਣ ਇਹ ਕਹਿ ਰਹੇ ਹਨ ਕਿ ਭਗਤ ਸਿੰਘ ਨੇ ਹਿੰਸਾ-ਅਹਿੰਸਾ ਦਾ ਕੋਈ ਪ੍ਰਯੋਗ ਨਹੀਂ ਕੀਤਾ। ਪ੍ਰਯੋਗ ਕੀਤਾ ਤਾਂ ਉਹ ਇਨਕਲਾਬ ਦਾ ਪ੍ਰਯੋਗ ਕੀਤਾ। ਸੱਚ ਦਾ ਪ੍ਰਯੋਗ। ਗਾਂਧੀ ਨੇ ਸੱਚ ਦਾ ਪ੍ਰਯੋਗ ਬਾਨੀ ਸੱਤਿਆਗ੍ਰਹਿ ਦੇ ਕਰੀਬ ਆਉਣ ਦੀ ਕੋਸ਼ਿਸ਼ 'ਚ ਇਹ ਭਟਕੇ ਬੁੱਧੀਜੀਵੀ ਇਥੋਂ ਤਕ ਸਿੱਟਾ ਕੱਢਦੇ ਹਨ ਕਿ ਗਾਂਧੀ ਨੂੰ 'ਵੈਦਿਕੀ ਹਿੰਸਾ' ਤੋਂ ਕੋਈ ਪ੍ਰਹੇਜ ਨਹੀਂ ਸੀ ਅਤੇ 1942 ਦੇ ਭਾਰਤ ਛੱਡ ਅੰਦੋਲਨ ਦੌਰਾਨ ਉਹਨਾਂ ਦੀ ਅਗਵਾਈ 'ਚ ਹੀ ਹਿੰਸਾ-ਅਹਿੰਸਾ ਦਾ ਭੇਦ ਖਤਮ ਹੋ ਗਿਆ ਸੀ। ਪਰ ਤੱਥ ਇਹ ਹੈ ਕਿ ਗਾਂਧੀ ਹੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਬ੍ਰਿਟਿਸ਼ ਸਰਕਾਰ ਵਾਗੂੰ 'ਸਿਰ ਫਿਰੇ' ਅੱਤਵਾਦੀ ਮੰਨਦੇ ਸਨ ਅਤੇ ਭਾਰਤ ਦੇ ਕੌਮੀ ਮੁਕਤੀ ਅੰਦੋਲਨ ਵਿੱਚ ਹਿੰਸਾ ਦੀ ਵਰਤੋਂ 'ਤੇ ਗਾਂਧੀ ਤੇ ਭਗਤ ਸਿੰਘ ਵਿਚਕਾਰ ਕਾਫੀ ਗੰਭੀਰ ਮੱਤਭੇਦ ਸਨ। ਅੱਤਵਾਦ ਤੇ ਹਿੰਸਾ ਦੀ ਵਰਤੋਂ ਬਾਰੇ ਭਗਤ ਸਿੰਘ ਦੇ ਬਹੁਮੁੱਲੇ ਵਿਚਾਰਾਂ 'ਤੇ ਗੌਰ ਕਰਨ ਦੀ ਲੋੜ ਹੈ।

**ਅੱਤਵਾਦ ਬਾਰੇ** :- ਇਹ ਸੱਚ ਹੈ ਕਿ ਭਗਤ ਸਿਘ ਰੂਸ ਦੇ ਮਸਹੂਰ ਅਰਾਜਕਤਾਵਾਦੀ ਨੇਤਾ ਬਾਕੁਨਿਨ ਤੋਂ ਪ੍ਰਭਾਵਿਤ ਸਨ ਅਤੇ ਉਹਨਾਂ ਤੇ ਉਹਨਾਂ ਦੇ ਸਾਥੀਆਂ ਨੇ ਕੁਝ ਅੱਤਵਾਦੀ (ਹਿੰਸਕ) ਕਾਰਵਾਈਆਂ ਨੂੰ ਅੰਜਾਮ ਵੀ ਦਿੱਤਾ ਸੀ ਪਰ ਉਹ ਕਦੇ ਵੀ ਅੱਤਵਾਦੀ ਜਾਂ ਅਰਾਜਕਤਾਵਾਦੀ ਨਹੀਂ ਸਨ। ਉਹਨਾਂ ਨੇ ਮਾਰਕਸ ਤੇ ਲੈਨਿਨ ਦੀ ਡੂੰਘੀ ਪੜਾਈ ਵੀ ਕੀਤੀ ਸੀ ਅਤੇ ਰੂਸ ਦੇ ਇਨਕਲਾਬ ਦੀ ਤਰਜ਼ ’ਤੇ ਭਾਰਤ ਦੇ ਇਨਕਲਾਬ ਦਾ ਵੀ ਇਕ ਪ੍ਰੋਗਰਾਮ ਤਿਆਰ ਕੀਤਾ ਸੀ। ਇਨਕਲਾਬੀ ਪ੍ਰੋਗਰਾਮ ਦਾ ਮਸੌਦਾ’ ਹਾਲਾਂਕਿ ਉਹਨਾਂ ਦੀ ਜਥੇਬੰਦੀ ‘ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ’ ਮੰਨਦੀ ਸੀ ਕਿ ‘ਇਨਕਲਾਬੀਆਂ ਵੱਲੋਂ ਮੁਕਾਬਲੇ ਦੀ ਦਹਿਸ਼ਤ ਹੀ ਬ੍ਰਿਟਿਸ਼ ਸਾਮਰਾਜੀਆਂ ਦੀ ਦਹਿਸ਼ਤ ਨੂੰ ਰੋਕਣ ’ਚ ਕਾਮਯਾਬ ਹੋ ਸਕਦੀ ਹੈ।

ਭਗਤ ਸਿੰਘ ਅਰਾਜਕਤਾਵਾਦੀਆਂ ਨੂੰ ਵੀ ਨਫਰਤ ਜਾਂ ਘ੍ਰਿਣਾ ਦੀ ਦ੍ਰਿਸ਼ਟੀ ਨਾਲ ਨਹੀਂ ਵੇਖਦੇ ਸਨ। ਉਹਨਾਂ ਨੇ ਮਈ 1928 ਵਿੱਚ ‘ਕਿਰਤੀ’ ਵਿੱਚ ‘ਅਰਾਜਕਤਾਵਾਦ’ ’ਤੇ ਇਕ ਲੇਖ ਲੜੀ ਸ਼ੁਰੂ ਕੀਤੀ ਸੀ ਜਿਹਨਾਂ ’ਚ ਅਰਾਜਕਤਾਵਾਦੀਆਂ ਦੇ ਉਦੇਸ਼ਾਂ ’ਤੇ ਵਿਸਥਾਰ ’ਚ ਚਰਚਾ ਕੀਤੀ ਗਈ। ਇਸ ਲੇਖ ਮਾਲਾ ਦੇ ਪਹਿਲੇ ਭਾਗ ’ਚ ਉਹਨਾਂ ਲਿਖਿਆ, ‘ਜਦ ਕੋਈ ਵਿਅਕਤੀ ਆਪਣੀ ਆਜ਼ਾਦੀ ਲਈ ਕਿਧਰੋਂ ਪਸਤੌਲ ਜਾਂ ਬੰਬ ਲੈ ਕੇ ਨਿਕਲਦਾ ਹੈ ਤਾਂ ਸਭ ਨੌਕਰਸ਼ਾਹੀ ਤੇ ਉਹਨਾਂ ਦੇ ਪਿੱਠੂ ‘ਅਨਾਰਕਿਸਟ ’ ਕਹਿ ਕੇ ਦੁਨੀਆਂ ਨੂੰ ਡਰਾਉਂਦੇ ਹਨ। ਅਨਾਰਕਿਸਟ ਇਕ ਵੱਡਾ ਖੂੰਖਾਰ ਵਿਅਕਤੀ ਸਮਝਿਆ ਜਾਂਦਾ ਹੈ ਕਿ ਜਿਸ ਦੇ ਦਿਲ ਵਿੱਚ ਭੌਰਾ ਵੀ ਤਰਸ ਨਾ ਹੋਵੇ, ਜੋ ਖੂਨ ਦਾ ਪਿਆਸਾ ਹੋਏ, ਨਾਸ-ਮਹਾਂ ਵਿਨਾਸ਼ ਵੇਖ ਕੇ ਝੂਮਣ ਲੱਗਦਾ ਹੋਵੇ। ਅਨਾਰਕਿਸਟ ਸ਼ਬਦ ਬਦਨਾਮ ਕੀਤਾ ਜਾ ਚੁੱਕਿਆ ਹੈ ਕਿ ਭਾਰਤ ਵਿਚ ਪ੍ਰਬੰਦ ਬਦਲਣ ਦੀ ਇੱਛਾ ਰੱਖਣ ਵਾਲਿਆਂ ਨੂੰ ਵੀ ਅਨਾਰਕਿਸਟ ਕਿਹਾ ਜਾਂਦਾ ਹੈ। ਸੁਆਰਥੀ ਨੇ ਜਿਸ ਤਰ੍ਹਾਂ ‘ਬਾਲਸਵਿਕ, ‘ਕਮਿਊਨਿਟ’ ਸੋਸਲਿਸਟ ਆਦਿ ਸ਼ਬਦਾਂ ਨੂੰ ਬਦਨਾਮ ਕੀਤਾ ਹੋਇਆ ਹੈ। ਹਾਲਾਂਕਿ ਅਰਾਜਕਤਾਵਾਦੀ, ਬੇਹੱਦ ਸੰਵੇਦਨਸ਼ੀਲ ਮਨਵਾਲੇ, ਸਾਰੀ ਦੁਨੀਆਂ ਦਾ ਭਲਾ ਚਾਹੁਣ ਵਾਲੇ ਹੁੰਦੇ ਹਨ। ਉਹਨਾਂ ਦੇ ਵਿਚਾਰਾਂ ਦੇ ਨਾਲ ਭਿੰਨਤਾ ਰੱਖਦੇ ਹੋਇਆ ਵੀ ਉਹਨਾਂ ਦੀ ਗੰਭੀਰਤਾ ਜਨਤਾ ਨਾਲ ਸਨੇਹ ਤਿਆਗਣ ਦੀ ਭਾਵਨਾ ਤੇ ਸਚਾਈ ਆਦਿ ’ਤੇ ਕਿਸੇ ਪ੍ਰਕਾਰ ਦੀ ਸੰਕਾ ਨਹੀਂ ਹੋ ਸਕਦੀ।’

ਇਸ ਤਰ੍ਹਾਂ ‘ਅੱਤ’ ਤੇ ਅੱਤਵਾਦ ਬਾਰੇ ਵੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰ ਕਾਫੀ ਸਪੱਸ਼ਟ ਹਨ। ਮਈ 1928 ਦੇ ਕਿਰਤੀ ’ਚ ਛਪੇ ਅੰਤ ਹਿੰਸਾ ਦੇ ਅਸਲੀ ਅਰਥ ਸਿਰਲੇਖ ਵਾਲੇ ਲੇਖ ਵਿੱਚ ਜੋ ਉਹਨਾਂ ਦੇ ਵਿਚਾਰਾਂ ਦੀ ਤਰਜਮਾਨੀ ਕਰਦਾ ਹੈ। ਇਸ ਵਿਸ਼ੇ ’ਤੇ ਵਿਸਤਾਰ ਨਾਲ ਰੋਸ਼ਨੀ ਪਾਈ ਗਈ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ‘ਆਤੰਕ’ ਸ਼ਬਦ ਦਾ ਕਾਫੀ ਗਲਤ ਅਰਥ ਕੱਢਿਆ ਜਾ ਰਿਹਾ ਹੈ। ਅਤੇ ‘ਤਾਕਤ ਦੀ ਵਰਤੋਂ ਨੂੰ ਇਸ ਦਾ ਮਿਲਦਾ ਜੁਲਦਾ ਬਣਾ ਦਿੱਤਾ ਗਿਆ ਹੈ। ਜਦਕਿ ‘ਬਲ ਪ੍ਰਯੋਗ ਕਰਨਾ’ ਆਪਣੇ ਆਪ ’ਚ ਕੋਈ ਜੁਲਮ ਅਤਿਆਚਾਰ ਜਾਂ ਆਤੰਕ ਨਹੀਂ ਹੈ। ਜੇ ਕਿਸੇ ਨੇਕ ਕੰਮ ਲਈ ਤਾਕਤ ਦੀ ਵਰਤੋਂ ਕੀਤੀ ਜਾਵੇ ਤਾਂ ਉਸ ਨੂੰ ਆਤੰਕ ਨਹੀਂ ਕਿਹਾ ਜਾ ਸਕਦਾ। ਪਰ ਜੇ ਨਿੱਜੀ ਹਿੱਤ ਜਾਂ ਨਿਰਦੋਸ਼ਾਂ ਨੂੰ ਦੁੱਖ ਦੇਣ ਲਈ ਤਾਕਤ ਦੀ ਵਰਤੋਂ ਕੀਤੀ ਜਾਵੇ ਤਾਂ ਲਾਜਮੀ ਹੀ ਉਸ ਨੂੰ ‘ਆਤੰਕ’

ਕਿਹਾ ਜਾਵੇਗਾ ਤੇ ਅਜਿਹੇ ਘ੍ਰਿਣਤ ਕੰਮ ਕਰਨ ਵਾਲਿਆਂ ਨੂੰ ਆਤੰਕਵਾਦੀ ਪਰ ਜਾਲਮ ਤੇ ਗੁੰਡਿਆਂ ਦੀ ਗੁੰਡਾਗਰਦੀ ਰੋਕਣ ਲਈ ਤਾਕਤ ਦੀ ਵਰਤੋਂ ਨੂੰ ਆਤੰਕ ਜਾਂ ਹਿੰਸਾ ਦੀ ਸੰਘਿਆ ਨਹੀਂ ਦਿੱਤੀ ਜਾ ਸਕਦੀ। ਇਸ ਲੇਖ ਵਿੱਚ ਰਾਜਸੀ ਖੇਤਰ ਵਿੱਚ ਵੀ 'ਆਤੰਕ' ਨੂੰ ਪ੍ਰਭਾਸ਼ਿਤ ਕਰਨ ਲਈ ਕੋਸ਼ਿਸ਼ ਕੀਤੀ ਗਈ ਅਤੇ ਕਿਹਾ ਗਿਆ ਕਿ ਆਸਟਰੀਆ ਵਲੋਂ ਤਲਵਾਰ ਦੇ ਜੋਰ 'ਤੇ ਇਟਲੀ ਤੇ ਰਾਜ ਕਰਨਾ ਇਕ ਅੱਤਵਾਦ ਸੀ। ਜਦ ਕਿ ਗੈਰ ਬਾਲਡੀ ਤੇ ਮੈਜਿਨੀ ਵੱਲੋਂ ਉਸ ਖਿਲਾਫ ਤਲਵਾਰ ਚੁੱਕਣਾ ਇਕ ਪੁੰਨ ਦਾ ਕੰਮ ਸੀ।

ਇਸ ਲੇਖ ਦੇ ਅੰਤ ਵਿੱਚ ਇਹ ਅਪੀਲ ਕੀਤੀ ਕਿ ਜੋ ਲੋਕ ਇਸ ਸਮੇਂ ਹਥਿਆਰਬੰਦ ਬਗਾਵਤ ਨੂੰ ਔਖਾ ਜਾਂ ਸਮੇਂ ਤੋਂ ਪਹਿਲਾਂ ਦਾ ਕਦਮ ਮੰਨਦੇ ਹੋਣ ਉਹ 'ਆਂਤਕ' ਦੀ ਓਟ ਲੈ ਕੇ ਉਸ ਵਿਚਾਰ (ਯਾਨੀ ਹਥਿਆਰਬੰਦ ਬਗਾਵਤ) ਨੂੰ ਹੀ ਬੇਲੋੜਾ ਨਾ ਬਣਾਉਣ' ਕਿਉਂਕਿ ਭਗਤ ਸਿੰਘ ਤੇ ਉਸ ਦੇ ਸਾਥੀ ਅਰਾਜਕਤਾਵਾਦੀਆਂ ਨੂੰ ਨੇਕ ਦਿੱਲ ਇਨਸਾਨ ਮੰਨਦੇ ਹਨ ਤੇ ਨੇਕ ਕੰਮ ਲਈ ਬਲਪ੍ਰਯੋਗ ਜਾਂ ਹਥਿਆਰਬੰਦ ਬਗਾਵਤ ਦੇ ਹਾਮੀ ਸਨ। ਇਸ ਲਈ ਬ੍ਰਿਟਿਸ ਸਾਮਰਾਜੀਆਂ ਤੇ ਉਹਨਾਂ ਦੇ ਦਲਾਲ ਭਾਰਤੀ ਰਾਜਸੀ ਆਗੂਆਂ ਨੇ ਉਹਨਾਂ ਨੂੰ ਅੱਤਵਾਦੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਭਗਤ ਸਿੰਘ ਨੇ ਅਸੈਬਲੀ ਹਾਲ 'ਚ ਸੁੱਟੇ ਗਏ ਪਰਚਿਆ ਸੈਸ਼ਨ ਕੋਰਟ ਤੇ ਹਾਈਕੋਰਟ 'ਚ ਦਿੱਤੇ ਗਏ ਬਿਆਨਾਂ ਤੇ 'ਇਨਕਲਾਬੀ ਪ੍ਰੋਗਰਾਮ ਦਾ ਮਸੌਦਾ' ਸਿਰਲੇਖ ਲੇਖ ਵਿੱਚ ਆਪਣੇ ਉੱਪਰ ਲਾਏ ਗਏ ਇਸ ਦੋਸ਼ ਅੱਤਵਾਦੀ ਹੋਣ ਦਾ ਸਹੀ ਜੁਆਬ ਦਿੱਤਾ ਹੈ। ਭਗਵਤੀ ਚਰਨ ਵੋਹਰਾ ਨੇ ਗਾਂਧੀ ਦੇ ਲੇਖ 'ਬੰਬ ਦੀ ਪੂਜਾ ਜਿਸ ਵਿਚ ਵਾਇਸ ਰਾਏ ਦੀ ਟ੍ਰੇਨ ਉਡਾਉਣ ਦੀ ਕੋਸ਼ਿਸ਼ ਨੂੰ ਅੱਤਵਾਦੀ ਕਾਰਵਾਈ ਕਿਹਾ ਗਿਆ ਸੀ ਦੇ ਜੁਆਬ ਬੰਬ ਦਾ ਦਰਸ਼ਨ ਸਿਰਲੇਖ ਇਕ ਕਾਫੀ ਚਰਚਿਤ ਲੇਖ ਲਿਖਿਆ। ਜਿਸ ਨੂੰ ਅੰਤਿਮ ਰੂਪ ਭਗਤ ਸਿੰਘ ਨੇ ਜੇਲ੍ਹ ਵਿੱਚ ਦਿੱਤਾ ਸੀ ਅਤੇ ਇਸ ਨੂੰ 26 ਜਨਵਰੀ 1930 ਨੂੰ ਪੂਰੇ ਦੇਸ਼ ਵਿੱਚ ਵੰਡਿਆ ਗਿਆ ਸੀ।

8 ਅਪ੍ਰੈਲ 1929 ਨੂੰ ਅਸੈਬਲੀ 'ਚ ਬੰਬ ਸੁੱਟਣ ਪਿਛੋਂ ਸੁੱਟੇ ਗਏ ਪਰਚੇ ਵਿੱਚ ਉਹਨਾਂ ਕਿਹਾ ਕਿ 'ਅਸੀਂ' ਮਨੁੱਖ ਦੇ ਜੀਵਨ ਨੂੰ ਪਵਿੱਤਰ ਮੰਨਦੇ ਹਾਂ। ਅਸੀਂ ਅਜਿਹੇ ਉਜਵਲ ਭਵਿੱਖ ਵਿੱਚ ਵਿਸਵਾਸ਼ ਰੱਖਦੇ ਹਾਂ ਜਿਸ ਵਿਚ ਹਰੇਕ ਵਿਅਕਤੀ ਨੂੰ ਪੂਰਨ ਸ਼ਾਂਤੀ ਤੇ ਆਜਾਦੀ ਦਾ ਮੌਕਾ ਮਿਲ ਸਕੇ। ਅਸੀਂ ਮਨੁੱਖ ਦਾ ਖੂਨ ਦੁਹਰਾਉਣ ਦੀ ਆਪਣੀ ਮਜ਼ਬੂਰੀ 'ਤੇ ਬੇਹੱਦ ਮਨੁੱਖ ਵਲੋਂ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਲਈ ਇਨਕਲਾਬ ਦੌਰਾਨ ਕੁਝ ਨਾ ਕੁਝ ਖੂਨ ਖਰਾਬਾ ਜ਼ਰੂਰੀ ਹੈ। ਸੈਸ਼ਨ ਤੇ ਹਾਈਕੋਰਟ 'ਚ ਦਿੱਤੇ ਬਿਆਨਾਂ 'ਚ ਉਹਨਾਂ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਅਸੈਬਲੀ ਵਿੱਚ ਬੰਬ ਸੁੱਟਣ ਦਾ ਉਦੇਸ਼ ਕਿਸੇ ਨੂੰ ਮਾਰਨਾ ਨਹੀਂ ਸੀ ਬਲਕਿ ਦਮਨਕਾਰੀ ਬ੍ਰਿਟਿਸ ਹਕੂਮਤ ਨੂੰ ਇਕ 'ਸੰਕੇਤਕ ਚੇਤਾਵਨੀ ਦੇਣਾ ਸੀ। ਇਹਨਾਂ ਬਿਆਨਾਂ 'ਚ ਉਹਨਾਂ ਨੇ ਨਾ ਸਿਰਫ 'ਕਲਪਨਿਕ ਹਿੰਸਾ' ਦੀ ਧਾਰਨਾ ਦਾ ਖੰਡਨ ਕੀਤਾ ਬਲਕਿ ਇਨਕਲਾਬ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਦਾ ਅਸਲੀ ਮਕਸਦ ਵੀ ਸਪੱਸ਼ਟ ਕੀਤਾ। ਉਹਨਾਂ ਨੇ ਅੱਤਵਾਦ 'ਤੇ ਸਿੱਧਾ ਹਮਲਾ ਕਰਦਿਆਂ ਫਰਵਰੀ 1931 ਵਿੱਚ ਲਿਖੇ ਗਏ ਇਨਕਲਾਬੀ ਪ੍ਰੋਗਰਾਮ ਦੇ ਮਸੌਦੇ 'ਚ ਕਿਹਾ-ਸਾਡੇ ਸਮਾਜ ਵਿੱਚ ਇਨਕਲਾਬੀ ਚਿੰਤਨ ਦੀ ਪਕੜ ਦੀ ਘਾਟ ਹੈ ਜਾਂ ਇਕ ਪਛਤਾਵਾ। ਇਸ ਤਰ੍ਹਾਂ ਇਹ ਆਪਣੀ ਅਸਫਲਤਾ ਨੂੰ ਮੰਨਣ ਵੀ ਹੈ। ਸ਼ੁਰੂ ਸ਼ੁਰੂ ਵਿੱਚ ਇਸ ਦਾ ਕੁਝ ਲਾਭ ਸੀ। ਇਸ ਨੇ ਰਾਜਨੀਤੀ ਵਿੱਚ ਬੁਨਿਆਦੀ

ਤਬਦੀਲੀ ਲਿਆਂਦੀ, ਨਵਯੁਵਕ ਬੁੱਧੀਜੀਵੀਆਂ ਦੀ ਸੋਚ ਨੂੰ ਚਮਕਾਇਆ, ਆਤਮ ਤਿਆਗ ਦੀ ਭਾਵਨਾ ਨੂੰ ਸਿਰਜਿਆ ਅਤੇ ਦੁਨੀਆਂ ਤੇ ਆਪਣੇ ਦੁਸ਼ਮਣਾਂ ਦੇ ਸਾਹਮਣੇ ਆਪਣੇ ਅੰਦੋਲਨ ਦੀ ਸਚਾਈ ਤੇ ਸ਼ਕਤੀ ਨੂੰ ਜਾਹਿਰ ਕਰਨ ਦਾ ਮੌਕਾ ਦਿੱਤਾ। ਪਰ ਇਹ ਏਨਾ ਹੀ ਕਾਫੀ ਨਹੀਂ ਹੈ। ਸਭ ਦੇਸ਼ਾਂ ਵਿੱਚ ਇਸ ਦਾ (ਅੱਤਵਾਦ ਦਾ) ਇਤਿਹਾਸ ਅਸਫਲਤਾ ਦਾ ਇਤਿਹਾਸ ਹੈ। ਫਰਾਂਸ, ਰੂਸ, ਜਰਮਨੀ, ਸਪੇਨ ਹਰ ਥਾਂ ਇਸ ਦੀ ਇਹੀ ਕਹਾਣੀ ਹੈ।'

ਉਪਰੋਕਿਤ ਹਵਾਲੇ ਤੋਂ ਅੱਛੀ ਤਰ੍ਹਾਂ ਸਪੱਸ਼ਟ ਹੈ ਕਿ ਭਗਤ ਸਿੰਘ ਇਕ ਅੱਤਵਾਦੀ ਨਹੀਂ ਬਲਕਿ ਇਨਕਲਾਬੀ ਸਨ, ਜਿਹਨਾਂ ਦੇ ਕੁਝ ਨਿਸਚਤ ਵਿਚਾਰ ਤੇ ਨਿਸ਼ਚਤ ਆਦਰਸ਼ ਸਨ ਤੇ ਜਿਨ੍ਹਾਂ ਪਾਸ ਇਨਕਲਾਬੀ ਦਾ ਇਕ ਮੁਕੰਮਲ ਪ੍ਰੋਗਰਾਮ ਸੀ।

**ਹਿੰਸਾ ਦੀ ਵਰਤੋਂ ਬਾਰੇ** - ਇਨਕਲਾਬੀ ਅੰਦੋਲਨ ਵਿੱਚ ਹਿੰਸਾਤਮਕ ਤਰੀਕਾ ਅਪਣਾਉਣ ਦੇ ਨਾਂ 'ਤੇ ਸ਼ੁਰੂ ਤੋਂ ਵੀ ਭਾਰਤੀ ਰਾਜਸੀ ਪਾਰਟੀਆਂ ਤੇ ਸੰਗਠਨਾ ਤੇ ਬੁੱਧੀਜੀਵੀਆਂ ਵਿਚਕਾਰ ਗੰਭੀਰ ਮੱਤਭੇਦ ਰਹੇ ਹਨ। ਸੀ. ਪੀ. ਆਈ. ਸੀ. ਪੀ. ਐਮ. ਵਰਗੀਆਂ ਪਾਰਟੀਆਂ ਤਾਂ ਹੁਣ ਖੁੱਲ੍ਹੇਆਮ ਪਾਰਲੀਮਾਨੀ ਰਾਹ ਦੀ ਵਕਾਲਤ ਕਰਦੇ ਹਨ ਅਤੇ ਹਥਿਆਰਬੰਦ ਇਨਕਲਾਬ ਦੀ ਧਾਰਨਾ ਨੂੰ ਪੂਰੀ ਤਰ੍ਹਾਂ ਖਾਰਜ ਕਰਦੇ ਹਨ। ਇਹੀ ਕਾਰਨ ਹੈ ਕਿ ਅਜਿਹੀਆਂ ਪਾਰਟੀਆਂ ਤੇ ਉਹਨਾਂ ਨਾਲ ਜੁੜੀਆਂ ਜਥੇਬੰਦੀਆਂ ਤੇ ਬੁੱਧੀਜੀਵੀਆਂ ਭਗਤ ਸਿੰਘ ਦੀਆਂ ਗੱਲਾਂ ਨੂੰ ਤਰੋੜ ਮਰੋੜ ਕੇ ਜਾਂ ਪ੍ਰਸੰਗ ਤੋਂ ਪੂਰੀ ਤਰ੍ਹਾਂ ਬਾਹਰ ਕੱਢ ਕੇ ਪੇਸ਼ ਕਰ ਰਹੇ ਹਨ। ਆਪਣੀਆਂ ਧਾਰਨਾਵਾਂ ਨੂੰ ਸਹੀ ਸਾਬਤ ਕਰਨ ਲਈ ਉਹ ਭਗਤ ਸਿੰਘ ਦੀਆਂ ਤਿੰਨ ਗੱਲਾਂ ਨੂੰ ਪੇਸ਼ ਕਰਦੇ ਹਨ।

ਪਹਿਲਾਂ ਕਥਨ ਜਨਵਰੀ 1930 'ਚ ਲਾਹੌਰ ਹਾਈਕੋਰਟ 'ਚ ਦਿੱਤੇ ਗਏ ਉਹਨਾਂ ਦੇ ਬਿਆਨ ਤੋਂ ਲਿਆ ਗਿਆ ਹੈ ਜੋ ਇਸ ਤਰ੍ਹਾਂ ਹੈ :

ਇਨਕਲਾਬ ਜਿੰਦਾਬਾਦ ਤੋਂ ਸਾਡਾ ਉਹ ਉਦੇਸ਼ ਨਹੀਂ ਸੀ ਜੋ ਆਮ ਤੌਰ 'ਤੇ ਗਲਤ ਅਰਥ ਵਿਚ ਸਮਝਿਆ ਜਾਂਦਾ ਹੈ। ਪਸਤੌਲ ਤੇ ਬੰਬ ਇਨਕਲਾਬ ਨਹੀਂ ਲਿਆਉਂਦੇ ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸ਼ਾਨ 'ਤੇ ਤਿੱਖੀ ਹੁੰਦੀ ਹੈ। ਇਹੀ ਚੀਜ਼ ਜਿਸ ਨੂੰ ਅਸੀਂ ਪ੍ਰਗਟ ਕਰਨਾ ਚਾਹੁੰਦੇ ਸੀ। ਦੂਜਾ ਕਥਨ ਮੈਂ ਨਾਸਤਿਕ ਕਿਉਂ ਹਾਂ? ਸਿਰਲੇਖ ਤੋਂ ਲਈ ਗਈ ਹੈ ਜਿਸ ਨੂੰ ਭਗਤ ਸਿੰਘ ਨੇ 5-6 ਅਕਤੂਬਰ 1930 ਨੂੰ ਜੇਲ੍ਹ ਵਿਚ ਲਿਖਿਆ ਸੀ ਉਹ ਇਸ ਪ੍ਰਕਾਰ ਹੈ :

'ਹਿੰਸਾ ਤਾਂ ਹੀ ਵਾਜਬ ਹੈ ਜਦ ਕਿਸੇ ਫੌਰੀ ਲੋੜ ਲਈ ਉਸ ਦਾ ਸਹਾਰਾ ਲਿਆ ਜਾਵੇ। ਅਹਿੰਸਾ ਸਭ ਜਨਤਕ ਅੰਦੋਲਨਾਂ ਦਾ ਲਾਜ਼ਮੀ ਸਿਧਾਂਤ ਹੋਣਾ ਚਾਹੀਦਾ ਹੈ,

ਤੀਜਾ ਕਥਨ ਮਾਡਰਨ ਰੀਵਿਊ ਦੇ ਸੰਪਾਦਕ ਦੇ ਨਾਂ ਲਿਖੇ ਖਤ ਤੋਂ ਲਿਆ ਗਿਆ ਹੈ ਜੋ ਇਸ ਪ੍ਰਕਾਰ ਹੈ :

"....ਇਨਕਲਾਬ ਦਾ ਅਰਥ ਲਾਜ਼ਮੀ ਹੀ ਹਥਿਆਰਬੰਦ ਅੰਦੋਲਨ ਨਹੀਂ ਹੁੰਦਾ"

ਇਹ ਖਤ ਭਗਤ ਸਿੰਘ ਨੇ ਬੀ. ਕੇ. ਕੱਤ ਨੇ ਸਾਂਝੇ ਤੌਰ 'ਤੇ 22 ਦਸੰਬਰ 1929 ਨੂੰ ਜੇਲ੍ਹ ਤੋਂ ਲਿਖਿਆ ਸੀ।

ਹੁਣ ਆਓ ਆਪਾਂ ਉਕਤ ਕਥਨਾ ਦੇ ਪ੍ਰਸੰਗ 'ਤੇ ਗੌਰ ਕਰੀਏ ਅਤੇ ਵੇਖੀਏ

ਕਿ ਭਗਤ ਸਿੰਘ ਨੂੰ ਕਿੰਨੇ ਗਲਤ ਤਰੀਕੇ ਨਾਂਲ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਹਿਲੇ ਸਥਾਨ ਵਿੱਚ ਭਗਤ ਸਿੰਘ ਨੇ ਜੱਜ ਨੂੰ 'ਇਨਕਲਾਬ ਜਿੰਦਾਬਾਦ' ਦਾ ਸਹੀ ਅਰਥ ਦੱਸਣ ਅਤੇ ਨਾਲ ਹੀ ਨਾਲ ਇਨਕਲਾਬ ਵਿੱਚ ਵਿਚਾਰਧਾਰਾਦੇ ਮਹੱਤਵ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ ਨਾ ਕਿ ਇਨਕਲਾਬ 'ਚ ਹਿੰਸਾਤਮਕ ਸੰਘਰਸ਼ ਦੀ ਭੂਮਿਕਾ ਨੂੰ ਨਿਕਾਰਨ ਦੀ ਉਸ ਕਥਨ ਤੋਂ ਬਾਅਦ ਹੀ ਅਗਲੀਆਂ ਲਾਈਨਾਂ ਹਨ 'ਸਾਡੇ ਇਨਕਲਾਬ ਦਾ ਅਰਥ ਪੂੰਜੀਵਾਦੀ ਯੁੱਧਾਂ ਦੀ ਮੁਸੀਬਤਾਂ ਦਾ ਅੰਤ ਕਰਨਾ ਹੈ। ਮੁੱਖ ਉਦੇਸ਼ ਤੇ ਉਸ ਨੂੰ ਹਾਸਲ ਕਰਨ ਦੇ ਅਮਲ ਨੂੰ ਸਮਝੇ ਬਿਨਾਂ ਕਿਸੇ ਸਬੰਧੀ ਫੈਸਲਾ ਦੇਣਾ ਸਹੀ ਨਹੀਂ ਹੈ। ਗਲਤ ਗੱਲਾਂ ਸਾਡੇ ਨਾਲ ਜੋੜਨਾ ਸਾਫ ਸਾਫ ਅਨਿਆਂ ਹੈ।' ਪਰ ਇਹਨਾਂ ਲਾਈਨਾਂ ਨੂੰ ਜਾਣ ਬੁੱਝ ਕੇ ਉਪਰ ਦੇ ਕਥਨ ਦੇ ਨਾਲ ਨਾਲ ਪੇਸ਼ ਨਹੀਂ ਕੀਤੀਆਂ ਜਾਂਦੀਆਂ।

ਦੂਜਾ ਇਸ ਬਿਆਨ 'ਚ ਭਗਤ ਸਿੰਘ ਨੇ ਸਾਫ ਸਾਫ ਸ਼ਬਦਾਂ 'ਚ ਕਿਹਾ ਸੀ ਕਿ 'ਸੈਸ਼ਨ ਜੱਜ ਦੀ ਅਦਾਲਤ ਵਿੱਚ ਅਸੀਂ ਜੋ ਲਿਖਤੀ ਬਿਆਨ ਦਿੱਤਾ ਸੀ ਉਹ ਸਾਡੇ ਉਦੇਸ਼ ਦੀ ਵਿਆਖਿਆ ਕਰਦਾ ਹੈ' ਆਓ ਦੇਖੀਏ ਕਿ ਸੈਸ਼ਨ ਕੋਰਟ 'ਚ ਉਹਨਾਂ ਨੇ ਕੀ ਬਿਆਨ ਦਿੱਤਾ ਸੀ? ਉਹਨਾਂ ਨੇ ਕਿਹਾ ਸੀ ਕਿ ਇਨਕਲਾਬ ਤੋਂ ਸਾਡਾ ਭਾਵ ਹੈ-ਅਨਿਆਂ 'ਤੇ ਅਧਾਰਤ ਮੌਜੂਦ ਸਮਾਜਿਕ ਵਿਵਸਥਾ 'ਚ ਮੁੱਢੋਂ ਤਬਦੀਲੀ ਇਸ ਬਿਆਨ 'ਚ ਇਹ ਵੀ ਕਿਹਾ ਗਿਆ ਸੀ ਕਿ ਅਸੀਂ ਲੋਕਾਂ ਨੂੰ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ 'ਕਲਪਨਿਕ ਅਹਿੰਸਾ ਦਾ ਯੁੱਗ ਹੁਣ ਖਤਮ ਹੋ ਚੁੱਕਿਆ ਹੈ ਅਤੇਅੱਜ ਦੀ ਉੱਠਦੀ ਨਵੀਂ ਪੀੜੀ ਨੂੰ ਉਸ ਦੀ ਵਿਅਰਥਤਾ 'ਚ ਕਿਸੇ ਕਿਸਮ ਦਾ ਸ਼ੱਕ ਨਹੀਂ ਰਹਿ ਗਿਆ ਹੈ। ਉਹਨਾਂ ਅੱਗੇ ਕਿਹਾ ਕਿ ਜੇ ਮੌਜੂਦਾ ਸ਼ਾਸ਼ਨ-ਵਿਵਸਥਾ ਉਠਦੀ ਹੋਈ ਲੋਕ ਸ਼ਕਤੀ ਦੇ ਰਾਹ ਵਿੱਚ ਰੋੜੇ ਅਟਕਾਉਣ ਤੋਂ ਬਾਜ ਨਾ ਆਈ ਤਾਂ ਇਨਕਲਾਬ ਦੇ ਇਸ ਆਦਰਸ਼ ਦੀ ਪੂਰਤੀ ਲਈ ਇਕ ਭਿਅੰਕਰ ਯੁੱਧ ਛਿੜਨਾ ਲਾਜਮੀ ਹੈ। ਸਭ ਅੜਿੱਕਿਆਂ ਨੂੰ ਪਾਰ ਕਰਕੇ ਅੱਗੇ ਵਧਦੇ ਹੋਏ ਇਸ ਯੁੱਧ ਦੇ ਸਿੱਟੇ ਵਜੋਂ ਮਜ਼ਦੂਰ ਜਮਾਤ ਦੇ ਰਾਜ ਦੀ ਸਥਾਪਨਾ ਹੋਵੇਗੀ।'

ਕੀ ਭਗਤ ਸਿੰਘ ਕਿਸੇ ਅਜਿਹੀ ਜੰਗ ਦੀ ਕਲਪਨਾ ਕਰ ਰਹੇ ਸਨ ਜੋ ਪੂਰੀ ਤਰ੍ਹਾਂ ਸ਼ਾਂਤਮਈ ਹੋਵੇਗੀ ਤੇ ਜਿਸ ਵਿਚ ਸਿਰਫ ਵਿਚਾਰਾਂ ਦੀਆਂ ਤਲਵਾਰਾਂ ਚਲਣਗੀਆਂ? ਕੀ ਇਹਨਾਂ ਸਾਰੇ ਹਵਾਲਿਆਂ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਭਗਤ ਸਿੰਘ ਮਜ਼ਦੂਰ ਜਮਾਤ ਦੀ ਸਰਕਾਰੀ ਦੀ ਸਥਾਪਨਾ ਤੇ ਪੂੰਜੀਵਾਦੀ ਸਮਾਰਾਜੀ ਯੁੱਧਾਂ ਦੇ ਅੰਤ ਲਈ ਹਥਿਆਰਬੰਦ ਸੰਘਰਸ਼ ਨੂੰ ਪੂਰਵ ਸ਼ਰਤ ਲਾਜ਼ਮੀ ਨਹੀਂ ਮੰਨਦੇ ਸਨ? ਜਿਥੋਂ ਤਕ ਦੂਜੇ ਹਵਾਲੇ ਦਾ ਸਬੰਧ ਹੈ ਇਸ ਦਾ ਤਾਂ ਪ੍ਰਸੰਗ ਹੀ ਪੂਰੀ ਤਰ੍ਹਾਂ ਭਿੰਨ ਹੈ, ਇਹ ਹਵਾਲਾ ਅਜਿਹੇ ਲੇਖ ਤੋਂ ਲਿਆ ਗਿਆ ਹੈ ਜਿਸ ਵਿੱਚ ਭਗਤ ਸਿੰਘ ਨੇ ਰੱਬ ਧਰਮ ਫਿਰਕੇ ਅੰਧਵਿਸਵਾਸ਼ ਬਾਰੇ ਆਪਣੇ ਵਿਗਿਆਨਕ ਵਿਚਾਰ ਪੇਸ਼ ਕੀਤੇ ਹਨ। ਇਸ ਲੇਖ ਵਿੱਚ ਕਿਧਰੇ ਵੀ ਇਨਕਲਾਬੀ ਅੰਦੋਲਨ 'ਚ ਹਿੰਸਾ ਦੀ ਵਰਤੋਂ 'ਤੇ ਪ੍ਰਸ਼ਨ ਨਹੀਂ ਖੜਾ ਕੀਤਾ ਗਿਆ ਹੈ। ਇਸ ਵਿੱਚ ਭਗਤ ਸਿੰਘ ਨੇ 1925 ਤੋਂ ਪਹਿਲਾਂ ਦੀਆਂ ਕਾਰਵਾਈਆਂ ਦੀ ਸਮੀਖਿਆ ਕੀਤੀ ਹੈ ਨਾਲ ਹੀ ਉਹਨਾਂ ਨੇ ਉਸ ਵੇਲੇ ਦੀ ਰਾਜਸੀ ਜਥੇਬੰਦਕ ਸਥਿਤੀ ਨੂੰ ਵੀ ਪੇਸ਼ ਕੀਤਾ ਹੈ। 1925 ਦੇ ਕਾਕੋਰੀ ਐਕਸ਼ਨ ਪਿਛੋਂ ਹਿੰਦੋਸਤਾਨ ਰੀਪਬਲੀਕਨ ਆਰਮੀ ਦੇ ਬਹੁਤੇ ਨੇਤਾ ਗ੍ਰਿਫਤਾਰ ਕਰ ਲਏ ਗਏ ਸਨ। ਇਸ ਪਿਛੋਂ ਪਾਰਟੀ ਦੀ ਜ਼ਿੰਮੇਵਾਰੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਮੋਢਿਆ 'ਤੇ ਆ

ਗਈ ਸੀ ਤੇ ਉਹਨਾਂ ਦੇ ਸਾਹਮਣੇ ਕਈ ਗੰਭੀਰ ਸੁਆਲ ਤੇ ਸਮੱਸਿਆਵਾਂ ਮੂੰਹ ਅੱਡੀ ਖੜੀਆਂ ਸਨ। ਇਹਨਾਂ ਸੁਆਲਾਂ ਤੇ ਸਮੱਸਿਆਵਾਂ ਦਾ ਹੱਲ ਲੱਭਣ ਲਈ ਉਹਨਾਂ ਨੇ ਦੇਸ਼ ਵਿਦੇਸ਼ ਦੇ ਇਨਕਲਾਬੀ ਅੰਦੋਲਨ ਦੀ ਗੰਭੀਰ ਪੜਾਈ ਤੇ ਵਿਸਲੇਸ਼ਣ ਕੀਤਾ। ਇਸ ਤੋਂ ਇਲਾਵਾ ਉਹਨਾਂ ਨੇ ਆਪਣੇ ਦੇਸ਼ ਦੇ ਇਨਕਲਾਬੀ ਅੰਦੋਲਨ ਨੂੰ ਰਹਿਸਵਾਦ ਜਾਂ ਧਾਰਮਿਕ ਅੰਧਵਿਸਵਾਸ਼ ਤੇ ਹਿੰਸਾਤਮਕ ਤਰੀਕੇ ਅਪਣਾਉਣ ਦੇ ਰੋਮਾਂਸ ਜਿਸ ਨਾਲ ਐਸ. ਆਰ. ਪੀ. ਤੋਂ ਪਹਿਲਾਂ ਸਭ ਨੇਤਾ ਗ੍ਰਸਿਤ ਸਨ ਤੋਂ ਮੁਕਤ ਕਰਾਉਣ ਤੇ ਇਨਕਲਾਬੀ ਸੰਘਰਸ਼ ਵਿੱਚ ਲੋਕ ਦੀ ਸ਼ਮੂਲੀਅਤ ਨੂੰ ਵਧਾਉਣ ਦਾ ਕੰਮਕਾਰ ਆਪਣੇ ਹੱਥ ਵਿੱਚ ਲੈ ਲਿਆ। ਇਹ ਸਾਰੀਆਂ ਗੱਲਾਂ ਇਕ ਦੂਜੇ ਕਥਨ ਦੇ ਠੀਕ ਉਪਰ ਦੀ ਲਾਈਨਾਂ 'ਚ ਕਹੀਆਂ ਗਈਆਂ ਹਨ ਜਿਹਨਾਂ ਨੂੰ ਸੁਧਾਰਵਾਦੀ ਦੀ ਤਾਕਤ ਨਜ਼ਰਅੰਦਾਜ਼ ਕਰ ਦਿੰਦੀਆਂ ਹਨ ਅਤੇ ਭਗਤ ਸਿੰਘ ਨੂੰ ਪ੍ਰਸੰਗ ਤੋਂ ਕੱਟ ਕੇ ਗਲਤ ਰੂਪ 'ਚ ਪੇਸ਼ ਕਰਦੀਆਂ ਹਨ। ਆਓ ਹੁਣ ਵੇਖੀਏ ਕਿ ਵਿਚਾਰ ਅਧੀਨ ਕਥਨ ਦੀਆਂ ਠੀਕ ਉਪਰ ਦੀਆਂ ਲਾਈਨਾਂ ਕੀ ਕਹਿੰਦੀਆਂ ਹਨ ਜੋ ਇਸ ਪ੍ਰਕਾਰ ਹਨ :-

– ਇਸ ਸਮੇਂ ਮੈਂ ਸਿਰਫ ਇਕ ਰੋਮਾਂਟਿਕ ਆਦਰਸ਼ਵਾਦੀ ਇਨਕਲਾਬੀ ਸੀ ਹੁਣ ਤਕ ਅਸੀਂ ਦੂਸਰਿਆਂ ਦਾ ਅਨੁਸਰਣ ਕਰਦੇ ਸੀ ਹੁਣ ਆਪਣੇ ਮੋਢਿਆਂ ਜਿੰਮੇਵਾਰੀ ਉਠਾਉਣ ਦਾ ਸਮਾਂ ਆਇਆ ਸੀ। ਕੁਝ ਸਮੇਂ ਤਕ ਤਾਂ ਮਾੜੇ ਅਮਲ ਕਰਨ ਦੀ ਪਾਰਟੀ ਦੀ ਹੋਂਦ ਹੀ ਅਸੰਭਵ ਜਿਹੀ ਦਿੱਸੀ। ਉਤਸ਼ਾਹੀ ਕਾਮਰੇਡਾਂ ਹੀ ਨਹੀਂ ਨੇਤਾਵਾਂ ਨੇ ਵੀ ਸਾਡਾ ਮਜਾਕ ਉਠਾਉਣਾ ਸ਼ੁਰੂ ਕਰ ਦਿੱਤਾ। ਕੁਝ ਸਮੇਂ ਤਕ ਮੈਨੂੰ ਇਹ ਡਰ ਲੱਗਿਆ ਕਿ ਇਕ ਦਿਨ ਮੈਂ ਵੀ ਕਿਤੇ ਆਪਣੇ ਪ੍ਰੋਗਰਾਮ ਬਾਰੇ ਬੇਆਸ ਨਾ ਹੋ ਜਾਵਾਂ। ਫਿਰ ਮੇਰੀ ਇਨਕਲਾਬੀ ਜੀਵਨ ਦਾ ਇਕ ਫੈਸਲਾਕੁੰਨ ਬਿੰਦੂ ਸੀ। 'ਅਧਿਐਨ ਦੀ ਪੁਕਾਰ ਮੇਰੇ ਮਨ ਦੇ ਗਲਹਿਰੇ ਵਿੱਚ ਗੂੰਜ ਰਹੀ ਸੀ-ਵਿਰੋਧੀਆਂ ਵੱਲੋਂ ਰੱਖੇ ਗਏ ਤਰਕਾਂ ਦਾ ਸਾਹਮਣਾ ਕਰਨ ਯੋਗ ਬਣਨ ਲਈ ਅਧਿਐਨ ਕਰੋ। ਆਪਣੇ ਪੱਖ ਵਿੱਚ ਤਰਕ ਦੇਣ ਲਈ ਯੋਗ ਹੋਣ ਵਾਸਤੇ ਪੜੋ। ਮੈਂ ਪੜ੍ਹਨਾ ਸ਼ੁਰੂ ਕਰ ਦਿੱਤਾ। ਇਸ ਨਾਲ ਮੇਰੇ ਪੁਰਾਣੇ ਵਿਚਾਰ ਤੇ ਵਿਸਵਾਸ਼ ਹੈਰਾਨਕੁੰਨ ਰੂਪ 'ਚ ਵਧੇ। ਹਿੰਸਾਤਮਕ ਤਰੀਕਿਆਂ ਨੂੰ ਅਪਣਾਉਣ ਦਾ ਰੋਮਾਂਸ ਜੋ ਕਿ ਸਾਡੇ ਪੁਰਾਣੇ ਸਾਥੀਆਂ ਵਿੱਚ ਵੱਧ ਵਿਆਪਕ ਸੀ ਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ ਹੁਣ ਰਹਿਸ਼ਵਾਦ ਤੇ ਅੰਧਵਿਸਵਾਸ਼ ਲਈ ਕੋਈ ਥਾਂ ਨਹੀਂ ਰਿਹਾ, ਯਥਾਰਥਵਾਦ ਸਾਡਾ ਅਧਾਰ ਬਣਿਆ। ਇਸ ਦੇ ਠੀਕ ਪਿਛੋਂ ਲਿਖਿਆ ਹੋਇਆ ਹੈ। 'ਹਿੰਸਾ ਤਾਂ ਹੀ ਵਾਜਬ ਜਿਸ ਕਿਸੇ ਤੁਰੰਤ ਜਰੂਰਤ 'ਚ ਉਸ ਦਾ ਸਹਾਰਾ ਲਿਆ ਜਾਵੇ ਅਹਿੰਸਾ ਸਾਰੇ ਜਨਤਕ ਸੰਘਰਸ਼ਾਂ ਦਾ ਲਾਜ਼ਮੀ ਸਿਧਾਂਤ ਹੋਣਾ ਚਾਹੀਦਾ ਹੈ। (ਵੇਖੋ ਜਗਮੋਹਨ ਸਿੰਘ ਤੇ ਚਮਨ ਲਾਲ ਵਲੋਂ ਸੰਪਾਦਿਤ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦਸਤਾਵੇਜ ਰਾਜਕਾਲ ਪ੍ਰਕਾਸ਼ਨ ਪੇਜ 409) ਇਸ ਸਾਰੇ ਕਥਨ ਤੋਂ ਅੱਛੀ ਤਰ੍ਹਾਂ ਸਪੱਸ਼ਟ ਹੈ ਕਿ ਜੇਲ੍ਹ ਵਿੱਚ ਅਧਿਐਨ ਤੋਂ ਬਾਅਦ ਭਗਤ ਸਿੰਘ ਪੂਰੀ ਤਰ੍ਹਾਂ ਯਥਾਰਥਵਾਦੀ ਹੋ ਗਏ, ਨਾ ਕਿ ਕ੍ਰਾਂਤੀ ਵਿੱਚ ਹਿੰਸਾ ਦੀ ਵਰਤੋਂ ਦੇ ਵਿਰੋਧੀ ਹਾਲਾਂਕਿ ਉਹ ਨਿਸਚੈ ਹੀ 'ਹਿੰਸਾਤਮਕ ਤਰੀਕੇ ਅਪਣਾਉਣ ਦੇ ਰੋਮਾਂਸ ਨੂੰ ਗਲਤ ਮੰਨਦੇ ਸਨ। ਉਹ ਹਿੰਸਾਤਮਕ ਸੰਘਰਸ਼ ਨੂੰ ਇਕ ਅਨਸਾਸ਼ਿਤ ਤਰੀਕੇ ਨਾਲ ਅਤੇ ਹਾਸਲ ਹਾਲਾਤ ਦੀ ਜ਼ਰੂਰਤਾਂ ਅਨੁਸਾਰ ਹੀ ਚਲਾਉਣਾ ਚਾਹੁੰਦੇ ਸਨ, ਇਥੇ ਆਖਰੀ ਦੋ ਲਾਈਨਾਂ ਦਾ ਹਿੰਦੀ ਅਨੁਵਾਦ ਠੀਕ ਤਰ੍ਹਾਂ ਨਾਲ ਨਹੀਂ ਕੀਤਾ ਗਿਆ ਹੈ। ਜਗਮੋਹਨ ਸਿੰਘ ਤੇ ਚਮਨਲਾਲ ਵੀ ਉਕਤ ਪੁਸਤਕ ਦੀ ਭੂਮਿਕਾ ਵਿੱਚ ਇਸ

ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ-ਕਿਸੇ ਵਿਸ਼ੇਸ਼ ਹਾਲਤ ਵਿੱਚ ਹਿੰਸਾ ਜਾਇਜ ਹੋ ਸਕਦੀ ਹੈ ਪਰ ਲੋਕ ਸੰਘਰਸ਼ਾਂ ਦਾ ਮੁੱਖ ਆਧਾਰ ਅਹਿੰਸਾ ਹੋਵੇਗਾ।' ਇਸ ਅਨੁਵਾਦ ਤੋਂ ਸਾਫ ਜਾਹਰ ਹੁੰਦਾ ਹੈ ਕਿ ਭਗਤ ਸਿੰਘ ਨੇ ਅਹਿੰਸਾ ਨੂੰ ਸਾਰੇ ਜਨਤਕ ਸੰਘਰਸ਼ਾਂ ਦੇ ਲਾਜਮੀ ਅਧਾਰ ਵਜੋਂ ਪੇਸ਼ ਨਹੀਂ ਕੀਤਾ ਹੈ। ਸਚਾਈ ਇਹ ਹੈ ਕਿ ਗਾਂਧੀ ਨਾਲ ਦਲੀਲਬਾਜੀ ਕਰਦਿਆਂ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਅਪਾਣੇ ਲੇਖਾਂ ਤੇ ਬਿਆਨਾਂ ਵਿੱਚ ਅਹਿੰਸਾਤਮਕ ਸੰਘਰਸ਼ ਵਿਅਰਥਤਾ ਨੂੰ ਹੀ ਸਾਹਮਣੇ ਲਿਆਂਦਾ ਹੈ। 1929 ਦੀ ਲਾਹੌਰ ਕਾਂਗਰਸ 'ਚ ਵੰਡੇ ਗਏ ਹਿੰਦੁਸਤਾਨ ਸੋਸ਼ਲਿਸਟ ਰਪਬਲੀਕਨ ਐਸੋਸੀਏਸ਼ਨ ਨੇ ਇਕ ਦਸਤਾਵੇਜ਼ ਵਿੱਚ ਸਾਫ ਸ਼ਬਦਾਂ ਵਿੱਚ ਕਿਹਾ ਗਿਆ ਕਿ ਅਹਿੰਸਾ ਭਾਵੇਂ ਹੀ ਇਕ ਨੇਕ ਆਦਰਸ਼ ਹੈ ਪਰ ਇਹ ਅਤੀਤ ਦੀ ਚੀਜ ਹੈ। ਜਿਸ ਸਥਿਤੀ ਵਿੱਚ ਅੱਜ ਅਸੀਂ ਹਾਂ ਸਿਰਫ ਅਹਿੰਸਾ ਰਾਹੀਂ ਕਦੀ ਅਜ਼ਾਦੀ ਨਹੀਂ ਹਾਸਲ ਕਰ ਸਕਦੇ ਹਾਂ। ਦੁਨੀਆਂ ਪੈਰਾਂ ਤੋਂ ਸਿਰ ਤਕ ਹਥਿਆਰਾਂ ਨਾਲ ਲੈਸ ਹੈ---।

ਅਸੀਂ ਪੁੱਛਦੇ ਹਾਂ ਕਿ ਜਦ ਦੁਨੀਆਂ ਦਾ ਵਾਤਾਵਰਣ ਹਿੰਸਾ ਤੇ ਗਰੀਬ ਦੀ ਲੁੱਟ ਨਾਲ ਭਰਿਆ ਹੋਇਆ ਹੈ ਤਾਂ ਦੇਸ਼ ਨੂੰ ਅਹਿੰਸਾ ਦੇ ਰਾਹ 'ਤੇ ਚਲਾਉਣ ਦੀ ਕੀ ਤੁਕ ਹੈ? ਅਸੀਂ ਹਿੰਸਾ ਵਿੱਚ ਵਿਸਵਾਸ਼ ਰੱਖਦੇ ਹਾਂ, ਆਪਣੇ ਆਪ ਦੇ ਆਖਰੀ ਉਦੇਸ਼ ਵਜੋਂ ਨਹੀਂ, ਬਲਕਿ ਇਕ ਨੇਕ ਸਿੱਟੇ ਤਕ ਪਹੁੰਚਣ ਲਈ ਅਪਣਾਏ ਗਏ ਤੌਰ ਤਰੀਕਿਆਂ ਦੇ ਨਾਤੇ ਇਸ ਤਰ੍ਹਾਂ ਤੀਜੀ ਦੁਨੀਆਂ ਦੀ ਪ੍ਰਸੰਗ ਵੀ ਬਿਲਕੁਲ ਵੱਖਰਾ ਹੈ। ਮਾਡਰਨ ਵਿਊ ਦੇ ਸੰਪਾਦਕ ਨੂੰ ਲਿਖੇ ਪ੍ਰਤ ਦਾ ਉਦੇਸ਼ 'ਇਨਕਲਾਬ ਜਿੰਦਾਬਾਦ' ਦੇ ਨਾਹਰੇ ਦੀ ਸਾਰਥਿਕਤਾ ਨੂੰ ਸਾਬਤ ਕਰਦਾ ਸੀ, ਨਾ ਕਿ ਕ੍ਰਾਂਤੀ ਦੀ ਵਰਤੋਂ ਨੂੰ ਨਿਰਾਰਥਕ ਬਿਆਨ ਹੈ ਕਿ ਮਾਡਰਨ ਰੀਵਿਊ ਦੇ ਦਸੰਬਰ 1929 ਦੇ ਇਕ ਅੰਕ ਵਿੱਚ ਇਨਕਲਾਬ ਜਿੰਦਾਬਾਦ ਦੇ ਨਾਹਰੇ ਨੂੰ ਨਿਰਾਰਥਕ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਜੁਆਬ ਦੇਣ ਦੀ ਲੜੀ ਵਿੱਚ ਭਗਤ ਸਿੰਘ ਤੇ ਬੀ. ਕੇ. ਦੱਤ ਨ। ਸੰਪਾਦਕ ਨੂੰ ਇਕ ਪੱਤਰ ਲਿਖਿਆ ਇਸ ਵਿਚ ਉਹਨਾਂ ਨੇ ਕਿਹਾ ਕਿ ਇਨਕਲਾਬ ਜਿੰਦਾਬਾਦ ਦੇ ਨਾਹਰੇ ਦੀ ਰਚਨਾ ਉਹਨਾਂ ਨੇ ਨਹੀਂ ਕੀਤੀ ਹੈ ਅਤੇ ਇਸ ਨਾਹਰੇ ਦੀ ਵਰਤੋਂ ਰੂਸ ਦੇ ਇਨਕਲਾਬੀ ਸੰਘਰਸ਼ ਵਿੱਚ ਹੋਈ ਹੈ। ਇਸ ਨਾਹਰੇ ਨੂੰ ਪ੍ਰਸਿੱਧ ਸਮਾਜਵਾਦੀ ਲੇਖਕ ਅਪਟਨ ਸਿਕਲੇਅਰ ਨੇ ਆਪਣੇ ਨਾਵਲਾਂ ਦੇ ਕੁਝ ਅਰਾਜਕਤਾਵਾਦੀ ਇਨਕਲਾਬੀ ਪਾਤਰਾਂ ਪਾਸੋਂ ਲਵਾਇਆ ਹੈ। ਪਰ ਇਸ ਨਾਹਰੇ ਦਾ ਅਰਥ ਇਹ ਨਹੀਂ ਹੈ ਕਿ ਹਥਿਆਰਬੰਦ ਸੰਘਰਸ਼ ਹਮੇਸ਼ਾ ਜਾਰੀ ਰਹੇ ਤੇ ਕੋਈ ਵੀ ਪ੍ਰਬੰਦ ਥੋੜ੍ਹੇ ਤੋਂ ਥੋੜ੍ਹੇ ਸਮੇਂ ਲਈ ਵੀ ਸਥਾਈ ਨਾ ਰਹਿ ਸਕੇ। ਦੂਜੇ ਸ਼ਬਦਾਂ ਵਿੱਚ ਦੇਸ਼ ਤੇ ਸਮਾਜ ਵਿੱਚ ਹਮੇਸ਼ਾ ਅਰਾਜਕਤਾ ਫੈਲੀ ਰਹੇ। ਇਸ ਤੋਂ ਅੱਗੇ ਟ੍ਰਿਬਿਊਨ ਸਾਹਮਣੇ ਦਿੱਤੇ ਬਿਆਨ ਨੂੰ ਸਪੱਸ਼ਟ ਕਰਦਿਆਂ ਉਹਨਾਂ ਕਿਹਾ ਸੀ, ਉਸ ਨੂੰ ਛੁਪਾ ਲਿਆ ਜਾਂਦਾ ਹੈ। ਅੱਗੇ ਦੀਆਂ ਲਾਈਨਾਂ ਇਸ ਪ੍ਰਕਾਰ ਹਨ - ਬੰਬ ਪਸਤੌਲ ਕਦੀ ਕਦੀ ਇਨਕਲਾਬੀ ਨੂੰ ਸਫਲ ਬਣਾਉਣ ਦੇ ਸਿਰਫ ਸਾਧਨ ਹੋ ਸਕਦੇ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਕੁਝ ਅੰਦੋਲਨਾਂ ਵਿੱਚ ਬੰਬ ਤੇ ਪਿਸਤੌਲ ਇਕ ਮਹੱਤਵਪੂਰਨ ਸਾਧਨ ਸਿੱਧ ਹੁੰਦੇ ਹਨ ਪਰ ਕੇਵਲ ਇਸੇ ਕਾਰਨ ਬੰਬ ਤੇ ਪਿਸਤੌਲ ਇਨਕਲਾਬ ਦੇ ਬਰਾਬਰ ਨਹੀਂ ਹੋ ਜਾਂਦੇ। ਬਗਾਵਤ ਨੂੰ ਇਨਕਲਾਬ ਨਹੀਂ ਕਿਹਾ ਜਾ ਸਕਦਾ ਭਾਵੇਂ ਇਹ ਹੋ ਸਕਦਾ ਹੈ ਕਿ ਬਗਾਵਤ ਦਾ ਆਖਰੀ ਸਿੱਟਾ ਇਨਕਲਾਬ ਹੋਵੇ' ਕੀ ਇਸ ਪੂਰੇ ਬਿਆਨ ਤੋਂ

ਜਾਹਰ ਹੁੰਦਾ ਹੈ ਕਿ ਭਗਤ ਸਿੰਘ ਨੇ ਇਨਕਲਾਬ ਨੂੰ ਹਥਿਆਰਬੰਦ ਅੰਦੋਲਨ ਤੋਂ ਵੱਖ ਕਰਨ ਦੀ ਕੋਸ਼ਿਸ਼ ਕੀਤੀ ਹੈ? ਇਸ ਵਿੱਚ ਸਿਰਫ ਇਨਕਲਾਬ ਦੇ ਵਿੱਚ ਦੇ ਅੰਤਰ ਸਬੰਧਾਂ ਦੀ ਹੀ ਚਰਚਾ ਕੀਤੀ ਗਈ ਹੈ।

ਉਪਰਲੇ ਵਿਸਲੇਸ਼ਣਾ ਤੋਂ ਸਪੱਸ਼ਟ ਹੈ ਕਿ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਕਦੀ ਵੀ ਇਨਕਲਾਬੀ ਅੰਦੋਲਨ ਵਿੱਚ ਹਿੰਸਾਤਮਕ ਤਰੀਕੇ ਅਪਣਾਏ ਜਾਣ ਦਾ ਵਿਰੋਧ ਨਹੀਂ ਕੀਤਾ ਹੈ। ਜੇ ਅਜਿਹਾ ਕਰਦੇ ਤਾਂ ਇਨਕਲਾਬੀ ਪ੍ਰੋਗਰਾਮ ਦਾ ਮਸੌਦਾ ਸਿਰਲੇਖ ਵਾਲਾ ਦਸਤਾਵੇਜ ਜੋ ਫਰਵਰੀ 1931 ਨੂੰ ਲਿਖਿਆ ਗਿਆ ਹੈ ਅਤੇ ਸ਼ਾਇਦ ਆਖਰੀ ਮੁਹੱਈਆਂ ਦਸਤਾਵੇਜ ਹੈ। ਵਿੱਚ ਨੌਜਵਾਨ ਨੂੰ ਫੌਜੀ ਵਿਭਾਗ ਗਠਿਤ ਕਰਨ ਦਾ ਸੱਦਾ ਨਾ ਦਿੰਦੇ ਨਾਲ ਹੀ ਨਾਲ ਉਹ ਇਨਕਲਾਬੀ ਪਾਰਟੀ ਦੇ ਇਕ ਕਾਰਜ ਵਜੋਂ ਐਕਸ਼ਨ ਕਮੇਟੀ ਬਣਾਉਣ ਜਿਸ ਦਾ ਮੁੱਖ ਕੰਮ ਹਥਿਆਰ ਇਕੱਠੇ ਕਰਨਾ ਬਗਾਵਤ ਦੀ ਸਿਖਲਾਈ ਦੇਣਾ ਤੇ ਦੁਸ਼ਮਣ ’ਤੇ ਗੁਪਤ ਹਮਲਾ ਕਰਨਾ ਹੋਵੇਗਾ ਦੀ ਗੱਲ ਨਾ ਕਰਦੇ। ਇਸ ਤੋਂ ਇਲਾਵਾ ਫਾਂਸੀ ਦਾ ਫੰਦਾ ਮੰਗਣ ਤੋਂ ਸਿਰਫ਼ 3 ਦਿਨ ਪਹਿਲਾਂ ਯਾਨੀ 20 ਮਾਰਚ 1931 ਨੂੰ ਭਗਤ ਸਿੰਘ ਸੁਖਦੇਵ ਤੇ ਰਾਜਗੁਰੂ ਪੰਜਾਬ ਦੇ ਗਵਰਨਰ ਨੂੰ ਇਹ ਨਾ ਲਿਖਦੇ ਕਿ ਅਸੀਂ ਨਿਸ਼ਚਤ ਤੌਰ ’ਤੇ ਯੁੱਧ ਵਿੱਚ ਭਾਗ ਲਿਆ, ਇਸ ਲਈ ਅਸੀਂ ਜੰਗੀ ਕੈਦੀ ਹਾਂ। ਨੇੜੇ ਭਵਿੱਖ ’ਚ ਅੰਤਮ ਯੁੱਧ ਲੜਿਆ ਜਾਵੇਗਾ ਤੇ ਇਹ ਫੈਸਲਾਕੁੰਨ ਹੋਵੇਗਾ। ਇਿਹ ਉਹੀ ਲੜਾਈ ਹੈ ਜਿਸ ਵਿੱਚ ਅਸੀਂ ਸ਼ਰੇਆਮ ਹਿੱਸਾ ਲਿਆ ਤੇ ਅਸੀਂ ਆਪਣੇ ਆਪ ’ਤੇ ਫਖਰ ਕਰਦੇ ਹਾਂ’ ਉਹਨਾਂ ਨੂੰ ਮਰਦੇ ਦਮ ਤਕ ਪੂਰਾ ਵਿਸਵਾਸ਼ ਸੀ ਕਿ ਭਾਰਤ ਦੀ ਰਾਜਸੀ ਅਜਾਦੀ ਸਿਰਫ ਹਥਿਆਰਬੰਦ ਸੰਘਰਸ਼ ਹੀ ਹੋ ਸਕਦੀ ਹੈ।

ਉਹ ਰੂਸ ਦੇ ਹਥਿਆਰਬੰਦ ਇਨਕਲਾਬ ਤੋਂ ਕਾਫੀ ਪ੍ਰਭਾਵਿਤ ਸਨ। ਉਹਨਾਂ ਦਾ ਮੰਨਣਾ ਸੀ ਕਿ ਜਿਨ੍ਹਾਂ ਦੇਸ਼ਾਂ ਨੇ ਆਪਣੀ ਮੁਕਤੀ ਲਈ ਹਿੰਦੁਸਤਾਨ ਤਰੀਕੇ ਨਾਲ ਸੰਘਰਸ਼ ਕੀਤਾ, ਉਹਨਾਂ ਦੀ ਸਮਾਜਿਕ ਤਰੱਕੀ ਹੋਈ ਅਤੇ ਉਹਨਾਂ ਨੂੰ ਰਾਜਸੀ ਅਜਾਦੀ ਵੀ ਹਾਸਲ ਹੋਈ।’

ਅੱਜ ਦੇਸ਼ ਦੀਆਂ ਇਨਕਲਾਬੀ ਤਾਕਤਾਂ ਤੇ ਲੁੱਟੀਆਂ ਜਾਂਦੀਆਂ ਕੌਮਾਂ ਪਿਛਾਖੜੀ ਹਾਕਮ ਜਮਾਤਾਂ ਦੀ ਰਾਜਸੱਤਾ ਨਾਲ ਟੱਕਰ ਅਮਰੀਕਾ ਦੀ ਅਗਵਾਈ ਵਿੱਚ ਕੀਤੇ ਗਏ ਸਾਮਰਾਜੀ ਹਮਲਿਆਂ ਦਾ ਮੂੰਹ ਤੋੜ ਜੁਆਬ ਦੇ ਰਹੀ ਹੈ, ਇਸ ਹਾਲਾਤ ਵਿੱਚ ਅੱਤਵਾਦ ਤੇ ਹਿੰਸਾ ਦੀ ਵਰਤੋਂ ਬਾਰੇ ਭਗਤ ਸਿੰਘ ਦੇ ਵਿਚਾਰ ਕਾਫੀ ਮਹੱਤਵਪੂਰਨ ਤੇ ਪ੍ਰਸੰਸਿਕ ਹਨ। ਹਾਲਾਂਕਿ ਕਿਉਂਕਿ ਉਹਨਾਂ ਦੀ ਉਮਰ ਕਾਫੀ ਘੱਟ ਸੀ। ਸਿਰਫ 23 ਸਾਲ 6 ਮਹੀਨੇ ਤੇ ਉਹਨਾਂ ਨੇ ਮਾਰਕਸਵਾਦ ਨੂੰ ਜੇਲ੍ਹ ਜੀਵਨ ਦੌਰਾਨ ਆਤਮਸਾਤ ਕੀਤਾ ਸੀ, ਇਸ ਲਈ ਉਹਨਾਂ ਦੀਆਂ ਰਚਨਾਵਾਂ ਤੇ ਵਿਚਾਰਾਂ ਵਿੱਚ ਪ੍ਰਪੱਕਤਾ ਦਾ ਘਾਟ ਬਿਲਕੁਲ ਸੁਭਾਵਿਕ ਹੈ। ਭਗਤ ਸਿੰਘ ਤੇ ਸੁਖਦੇਵ ਦੇ ਜਨਮਸ਼ਤਾਬਾਦੀ ਸਾਲ ਭਾਵ 1857 ਦੇ ਪਹਿਲੇ ਅਜਾਦੀ ਸੰਗਰਾਮ ਦੇ ਡੇੜ ਸੌ ਵਾਂ ਵਰ੍ਹਾ ਮਨਾਉਣ ਦੇ ਸਿਲਸਿਲੇ ਵਿੱਚ ਦੇਸ਼ ਦੀਆਂ ਸਾਰੀਆਂ ਜਮਹੂਰੀ ਇਨਕਲਾਬੀ ਤਾਕਤਾਂ ਦਾ ਫਰਜ ਹੈ ਕਿ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਆਤਮਸਾਤ ਕਰਨ।

# ਭਾਰਤੀ ਹਾਕਮ ਤੇ ਪ੍ਰਮਾਣੂ ਕਰਾਰ

ਪਿਛਲੇ ਤਿੰਨ ਸਾਲਾਂ ਤੋਂ ਅਮਰੀਕੀ ਸਾਮਰਾਜੀ ਭਾਰਤ ਦੀ ਦਲਾਲ ਸਰਮਾਏਦਾਰੀ ਦੀ ਨੁਮਾਇੰਦਗੀ ਕਰਦੀ ਹਾਕਮ ਜਮਾਤ ਨੂੰ ਪ੍ਰਮਾਣੂ ਸਮਝੌਤੇ ’ਤੇ ਲਿਆਉਣ ਦੀ ਕੋਸ਼ਿਸ਼ ’ਚ ਲੱਗੇ ਸਨ। ਭਾਰਤੀ ਹਾਕਮ ਜਮਾਤ ਆਪਣੀ ਪ੍ਰਮਾਣੂ ਨਿਰਲੇਪਤਾ ਨੂੰ ਤੋੜਨ ਲਈ ਅਮਰੀਕੀ ਸਾਮਰਾਜੀਆਂ ਦੇ ਨਾਲ ਤਰ੍ਹਾਂ ਤਰ੍ਹਾਂ ਦੇ ਸਬੰਧ ਵਧਾ ਰਹੀ ਸੀ ਹੁਣ ਜਾ ਕੇ ਅਮਰੀਕੀ ਸਾਮਰਾਜੀਆਂ ਨੇ ਆਪਣੀ ਪੂਰੀ ਤਾਕਤ ਝੋਕ ਕੇ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਤੇ ਪ੍ਰਮਾਣੂ ਸਪਲਾਈ ਸਮੂਹ ਤੋਂ ਭਾਰਤ ਅਮਰੀਕਾ ਪ੍ਰਮਾਣੂ ਕਰਾਰ ਨੂੰ ਮਾਨਤਾ ਦਿਵਾਉਣ ’ਚ ਸਫਲਤਾ ਹਾਸਲ ਕਰ ਲਈ ਹੈ। ਅਮਰੀਕੀ ਸਾਮਰਾਜੀ ਤੇ ਦਲਾਲ ਭਾਰਤੀ ਹਾਕਮ ਇਸ ਸਫਲਤਾ ’ਤੇ ਇਕ ਦੂਜੇ ਨੂੰ ਵਧਾਈ ਦੇ ਰਹੇ ਹਨ। ਮਨਮੋਹਨ ਸਰਕਾਰ ਪ੍ਰਮਾਣੂ ਸਪਲਾਈ ਕਰਤਾ ਸਮੂਹ ਤੋਂ ਮਨਜ਼ੂਰੀ ਨੂੰ ਇਤਿਹਾਸਕ ਕਦਮ ਦੱਸ ਰਹੀ ਹੈ। ਦੂਜੇ ਪਾਸੇ ਵਿਰੋਧੀ ਰਾਜਸੀ ਪਾਰਟੀਆਂ ਅਮਰੀਕੀ ਕਾਂਗਰਸ ਦੀ ਵਿਦੇਸ਼ੀ ਸਬੰਧਾਂ ਦੀ ਕਮੇਟੀ ਦੇ ਪ੍ਰਸ਼ਨਾ ਦਾ ਅਮਰੀਕੀ ਸਰਕਾਰ ਵੱਲੋਂ ਦਿੱਤੇ ਗਏ ਜੁਆਬਾਂ ਸਬੰਧੀ ਭਾਰਤ ਸਰਕਾਰ ਵੱਲੋਂ ਦੇਸ਼ ਦੇ ਹਿੱਤਾਂ ਨਾਲ ਵਿਸਵਾਸ਼ਘਾਤ ਵਰਗੇ ਦੋਸ਼ ਲਾ ਰਹੀਆਂ ਹਨ। ਅਮਰੀਕੀ ਕਾਂਗਰਸ ਨੂੰ ਦਿੱਤੇ ਜੁਆਬ ’ਚ ਅਮਰੀਕੀ ਸਰਕਾਰ ਨੇ ਸਾਫ ਤੌਰ ’ਤੇ ਕਿਹਾ ਹੈ ਕਿ ਭਾਰਤ ਵੱਲੋਂ ਪ੍ਰਮਾਣੂ ਵਿਸਫੋਟ ਕਰਨ ’ਤੇ ਭਾਰਤ ਨਾਲ 123 ਸਮਝੌਤਾ ਰੱਦ ਮੰਨਿਆ ਜਾਵੇਗਾ ਅਤੇ ਇਕ ਅਮਰੀਕਾ ਆਪਣਾ ਸਮਾਨ ਤੇ ਹੋਰ ਸਾਮਗਰੀ ਵਾਪਸ ਲੈ ਲਵੇਗਾ ਭਾਰਤੀ ਹਾਕਮ ਜਮਾਤ ਦਾ ਇਕ ਹਿੱਸਾ ‘ਦੇਸ਼ ਹਿੱਤ’ ਦੇ ਨਾਂ ’ਤੇ ਵਿਰੋਧ ਕਰ ਰਿਹੈ ਤਾਂ ਦੂਜਾ ਹਿੱਸਾ ਇਸ ਨਾਲ ’ਤੇ ਇਸ ਕਰਾਰ ਦੀ ਜੋਰ ਸੋਰ ਨਾਲ ਹਮਾਇਤ ਕਰ ਰਿਹਾ ਹੈ। ਆਖਰ ਕੀ ਕਾਰਨ ਹੈ ਕਿ ਜੋ ਅਮਰੀਕੀ ਸਾਮਰਾਜੀ 1974 ’ਚ ਭਾਰਤ ਵੱਲੋਂ ਪ੍ਰਮਾਣੂ ਧਮਾਕੇ ਕਰਨ ਦੇ ਬਾਅਦ ਤੋਂ ਭਾਰਤ ਨੂੰ ਪ੍ਰਮਾਣੂ ਅਲਗਾਅ ’ਚ ਪਾਉਣ ਤੇ ਇਸ ਉਪਰ ਪਾਬੰਦੀ ਲਾਉਣ ਦੇ ਜ਼ਿੰਮੇਵਾਰ ਰਹੇ ਹਨ ਅੱਜ 2005 ਪਿਛੋਂ ਦੇ ਸਮੇਂ ’ਚ ਭਾਰਤ ਨੂੰ ਪ੍ਰਮਾਣੂ ਬਿਰਾਦਰੀ ਦੀ ਮੁੱਖਧਾਰਾ ’ਚ ਸ਼ਾਮਲ ਕਰਨ ਲਈ ਲਾਲਸਾ ਜਾਹਰ ਕਰ ਰਹੇ ਹਨ? ਇਸ ਸੁਆਲ ਦੇ ਜੁਆਬ ਵਿੱਚ ਹੀ ਅਮਰੀਕਾ ਦੇ ਭਾਰਤ ਪ੍ਰਤੀ ਮੌਜੂਦਾ ਰੁੱਖ ਨੂੰ ਸਮਝਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਭਾਰਤੀ ਹਾਕਮ ਜਮਾਤ ਦੀਆਂ ਆਸਾਂ-ਉਮੰਗਾਂ ਤੇ ਮਜਬੂਰੀ ਨੂੰ ਵੀ ਸਮਝਿਆ ਜਾਂਣਾ ਚਾਹੀਦੈ। ਜੋ ਇਸ ਦੀ ਬਦਲਦੀ ਵਿਦੇਸ਼ ਨੀਤੀ ਲਈ ਜਿੰਮੇਵਾਰ ਰਹੀਆਂ ਹਨ। ਅਮਰੀਕੀ ਸਾਮਰਾਜੀ ਤੇ ਹੋਰ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਦੇਸ਼ ਦੁਨੀਆਂ ’ਚ ਪ੍ਰਮਾਣੂ ਸ਼ਕਤੀ ਦੀ ਆਪਣੀ ਇਜਾਰੇਦਾਰੀ ਕਾਇਮ ਕਰੀ ਬੈਠੇ ਹਨ। ਉਹ ਆਪਣੀ ਇਸ ਅਜਾਰੇਦਾਰੀ ਨੂੰ ਬਰਕਰਾਰ ਰੱਖਣ ਵਿੱਚ ਪ੍ਰਮਾਣੂ ਅਪ੍ਰਸਾਰ ਸੰਧੀ ਤੇ ਸੀ. ਟੀ. ਬੀ. ਟੀ. ਵਰਗੀ ਸੰਧੀ ਦੇ ਨਾਲ ਨਾਲ ਕੌਮਾਂਤਰੀ ਪ੍ਰਮਾਣੂ ਊਰਜਾ ਏਜੰਸੀ ਤੇ ਪ੍ਰਮਾਣੂ ਸਪਲਾਈ ਕਰਤਾ ਸਮੂਹ ਵਰਗੇ ਸੰਗਠਨਾਂ ਦੀ ਵਰਤੋਂ ਕਰਦੇ ਰਹਿੰਦੇ ਹਨ, ਇਸ ਕਾਰਨ ਇਹਨਾਂ ਸੰਸਥਾਵਾਂ ਵਿੱਚ ਉਹਨਾਂ ਦੀ ਹੀ ਤੂਤੀ ਬੋਲਦੀ ਹੈ। ਅਮਰੀਕੀ ਸਾਮਰਾਜੀ ਦੁਨੀਆਂ ’ਚ ਆਪਣਾ ਦਾਬਾ ਤੇ ਅਜਾਰਦੇਰੀ ਕਾਇਮ ਰੱਖਣ ਲਈ ਆਪਣੀ ਇਸ ਪ੍ਰਮਾਣੂ ਸ਼ਕਤੀ ਦੀ ਉਚਤਾ ਦੀ ਵੀ ਵਰਤੋਂ ਕਰਦੇ ਹਨ। ਆਪਣੀ

ਆਰਥਿਕ ਰਾਜਸੀ ਸੈਨਿਕ ਸ਼ਕਤੀ ਦੇ ਨਾਲ ਨਾਲ ਅਥਾਹ ਪ੍ਰਮਾਣੂ ਸ਼ਕਤੀ ਦੇ ਬਾਵਜੂਦ ਅਮਰੀਕੀ ਸਾਮਰਾਜੀ ਦੁਨੀਆਂ 'ਚ ਆਪਣੀ ਇਕੋ ਇਕ ਪ੍ਰਭੂਤਵ ਸਥਾਪਤ ਕਰਨ 'ਚ ਸਫਲ ਨਹੀਂ ਹੋ ਰਹੇ ਹਨ।

ਇਸ ਲਈ ਉਹਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗੀਆਂ ਦੀ ਲੋੜ ਹੈ। ਉਹਨਾਂ ਦੀ ਇਸ ਜਰੂਰਤ ਦੇ ਮੱਦੇਨਜ਼ਰ ਦੱਖਣੀ ਏਸ਼ੀਆ ਵਿਚ ਭਾਰਤੀ ਹਾਕਮ ਜਮਾਤ ਦੇ ਨਾਲ ਨਾਲ ਸਬੰਧ ਬਣਦੇ ਵਿਗੜਦੇ ਰਹਿੰਦੇ ਹਨ। ਜਦ ਤਕ ਸ਼ੀਤ ਯੁੱਧ ਦਾ ਦੌਰ ਸੀ ਭਾਰਤੀ ਦਲਾਲ ਹਾਕਮ ਜਮਾਤ ਆਪਣੀ ਲੋੜ ਅਨੁਸਾਰ ਅਮਰੀਕੀ ਸਾਮਰਾਜੀਆਂ ਨਾਲ ਸਬੰਧ ਰੱਖ ਰਹੀ ਸੀ। ਇਸ ਨਾਲ ਅਮਰੀਕੀ ਸਾਮਰਾਜੀ ਆਪਣੀ ਦਲਾਲ ਭਾਰਤੀ ਹਾਕਮ ਜਮਾਤ ਪ੍ਰਤੀ ਸ਼ੱਕ ਕਰਦੇ ਰਹਿੰਦੇ ਸਨ। ਉਹ ਇਸ ਨੂੰ ਆਪਣੇ ਗਲਬੇ ਹੇਠ ਹੋਰ ਵੱਧ ਲਿਆਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ।

ਸੀਤ ਯੁੱਧ ਦੀ ਸਮਾਪਤੀ ਪਿਛੋਂ ਭਾਰਤੀ ਹਾਕਮ ਜਮਾਤ ਆਪਣੇ ਫਾਇਦੇ ਲਈ ਅਮਰੀਕੀ ਸਾਮਰਾਜੀਆਂ ਵੱਲ ਵੱਧ ਵਫਾਦਾਰ ਹੋਣ ਲੱਗੀ। ਆਰਥਿਕ ਖੇਤਰ ਵਿੱਚ ਨਿੱਜੀਕਰਨ ਉਦਾਰੀਕਰਨ ਵਿਸ਼ਵੀਕਰਨ ਦੀ ਹਨੇਰੀ 'ਚ ਉਸ ਨੂੰ ਲਾਭ ਹੋਇਆ। ਰਾਜਸੀ ਖੇਤਰ ਵਿੱਚ ਇਹ ਵੱਧ ਦੱਖਣ ਪੰਥ ਵੱਲ ਗਿਆ। ਇਸ ਤਰ੍ਹਾਂ ਸਾਮਰਿਕ ਤੇ ਵਿਦੇਸ਼ ਨੀਤੀ ਸਬੰਧੀ ਇਹ ਅਮਰੀਕੀ ਸਾਮਰਾਜੀਆਂ ਦੇ ਨਾਲ ਨਾਲ ਵੱਧ ਸਹਿਯੋਗ ਕਰਨ ਵੱਲ ਮੁਖਾਤਿਬ ਹੋਇਆ। 'ਆਜ਼ਾਦੀ ਤੋਂ ਪਿਛੋਂ ਦੇ ਸਾਲਾਂ ਵਿੱਚ ਦਲਾਲ ਭਾਰਤੀ ਸਰਮਾਏਦਾਰੀ ਜਮਾਤ ਦੀ ਤਾਕਤ ਕੁਝ ਵੱਧ ਗਈ ਸੀ। ਇਹ ਦੱਖਣੀ ਏਸ਼ੀਆ 'ਚ ਇਕ ਤਾਕਤ ਵੀ ਬਣ ਗਿਆ। ਇਸ ਦੀਆਂ ਖੇਤਰੀ ਇਜਾਰੇਦਾਰੀ ਦੀਆਂ ਲਾਲਸਾਵਾਂ ਦਾ ਆਰਥਿਕ ਅਧਾਰ ਵੀ ਬਣ ਗਿਆ ਸੀ। ਇਸ ਦੇ ਅਨੁਕੂਲ ਇਸ ਨੇ ਸੰਸਾਰ ਪ੍ਰਭੂਤਵ ਦੀ ਲਾਲਸਾ ਰੱਖਣ ਵਾਲੇ ਅਮਰੀਕੀ ਸਾਮਰਾਜੀਆਂ ਨਾਲ ਗੱਠਜੋੜ ਕਾਇਮ ਕਰਨ ਦੀਆਂ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ। ਅਮਰੀਕੀ ਸਾਮਰਾਜੀਆਂ ਨੂੰ ਵੀ ਦੱਖਣੀ ਏਸ਼ੀਆਂ ਵਿੱਚ ਹਮਾਇਤੀ ਦੀ ਲੋੜ ਸੀ। ਇਸ 'ਚ ਬਦਲੀ ਹੋਈ ਸੰਸਾਰਿਕ ਹਾਲਤ ਨੇ ਯੋਗਦਾਨ ਦਿੱਤਾ ਅਤੇ ਅਮਰੀਕੀ ਸਾਮਰਾਜੀਆਂ ਦੇ ਨਾਲ ਭਾਰਤੀ ਹਾਕਮ ਜਮਾਤ ਦੀ 'ਰਾਜਸੀ ਸਾਂਝ' ਦੀ ਸ਼ੁਰੂਆਤ ਹੋਈ। ਅਮਰੀਕੀ ਸਾਮਰਾਜੀ ਭਾਰਤੀ ਹਾਕਮ ਜਮਾਤ ਦੇ ਨਾਲ ਆਪਣੀ ਰਾਜਸੀ ਸਾਂਝ ਦੀ ਯੋਜਨਾ ਘੜ ਰਹੇ ਸਨ। ਉਨ੍ਹਾਂ ਨੇ ਸਾਰੇ ਸੰਸਾਰ 'ਚ ਆਪਣਾ ਗਲਬਾ ਕਾਇਮ ਰੱਖਣ ਤੇ ਸੰਭਾਵਿਤ ਮੁਕਾਬਲੇ 'ਚ ਵਿਰੋਧੀਆਂ ਨਾਲ ਨਿਪਟਣ ਲਈ ਦਲਾਲ ਭਾਰਤੀ ਸਰਮਾਏਦਾਰੀ ਜਮਾਤ ਨਾਲ ਸਬੰਧ ਵਧਾਉਣੇ ਸਨ। ਰੂਸ ਤੇ ਚੀਨ ਉਸ ਦੇ ਵਿਰੋਧੀ ਸਨ। ਇਸ ਲਈ ਉਹਨਾਂ ਨੇ ਭਾਰਤੀ ਹਾਕਮ ਜਮਾਤ ਦੀ ਬਾਂਹ ਮਰੋੜ ਕੇ ਜੰਗੀ ਮਸ਼ਕਾ ਕੀਤੀਆਂ। ਹਿੰਦ ਮਹਾਂਸਾਗਰ ਖੇਤਰ ਵਿੱਚ ਗਸਤ ਲਾਉਣ ਦੀ ਮਿਲ ਕੇ ਕੋਸ਼ਿਸ਼ ਕੀਤੀ ਇਸ ਕੜੀ 'ਚ ਭਾਰਤ ਦਾ ਅਮਰੀਕਾ ਨਾਲ ਪ੍ਰਮਾਣੂ ਕਰਾਰ ਹੋਇਆ ਹੈ। ਇਹ ਵਿਆਪਕ ਰਾਜਸੀ ਦਲਾਲੀ ਦਾ ਇਕ ਹਿੱਸਾ ਹੈ। ਹੁਣ ਤਾਕਤਾਂ ਦਲਾਲ ਭਾਰਤੀ ਹਾਕਮ ਜਮਾਤ ਫੂਕ ਕੇ ਕਦਮ ਰੱਖ ਰਹੀ ਸੀ। ਜਦੋਂ ਤੱਕ ਅਮਰੀਕੀ ਕਾਂਗਰਸ ਨੇ 123 ਸਮਝੌਤੇ ਨੂੰ ਪ੍ਰਵਾਨਗੀ ਨਹੀਂ ਦਿੱਤੀ ਸੀ। ਇਸ ਪ੍ਰਵਾਨਗੀ ਨਾਲ ਭਾਰਤੀ ਹਾਕਮ ਜਮਾਤ ਫਰਾਂਸ ਤੇ ਰੂਸ ਵਰਗੇ ਹੋਰ ਹਾਕਮ ਜਮਾਤ ਦੀ ਇਸ ਪਹਿਲ ਨਾਲ ਹੀ ਅਮਰੀਕੀ ਸਾਮਰਾਜੀ ਪਹਿਲਾਂ ਤੋਂ ਸ਼ੱਕ ਕਰਦੇ ਹਨ। 45 ਦੇਸ਼ਾਂ ਵਾਲੇ ਪ੍ਰਮਾਣੂ ਸਪਲਾਈ ਕਰਤਾ ਸਮੂਹ ਵੱਲੋਂ 123 ਸਮਝੌਤੇ ਨੂੰ ਮਨਜ਼ੂਰੀ

ਮਿਲ ਗਈ ਤੇ ਭਾਰਤ ਨਾਲ ਪ੍ਰਮਾਣੂ ਸਾਮਰਾਜੀ ਦੇ ਵਪਾਰ ਦਾ ਰਾਹ ਖੁੱਲ੍ਹ ਗਿਆ ਭਾਰਤ ਨੂੰ ਅਮਰੀਕੀ ਕੰਪਨੀਆਂ ਦੇ ਵਪਾਰਕ ਹਿੱਤਾਂ ਨੂੰ ਧਿਆਨ 'ਚ ਰੱਖਣਾ ਪਵੇਗਾ। ਅਰਬਾਂ ਖਬਰਾਂ ਡਾਲਰ ਦੇ ਨਿਵੇਸ਼ ਲਈ ਪ੍ਰਮਾਣੂ ਰਿਐਕਟਰ ਤੇ ਹੋਰ ਸੰਬਧਤ ਸਾਮਰਾਜੀ ਬਣਾਉਣ ਵਾਲੀਆਂ ਅਮਰੀਕੀ ਕੰਪਨੀਆਂ ਇਸ ਨਵੇਂ ਬਜ਼ਾਰ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀਆਂ ਹਨ। ਅਮਰੀਕੀ ਸਾਮਰਾਜੀਆਂ ਨੇ ਆਪਣੇ ਰਣਨੀਤਕ ਹਿੱਤਾਂ ਨੂੰ ਪੂਰਾ ਕੀਤਾ ਹੈ। ਇਧਰ ਭਾਰਤ ਦੇ ਦਲਾਲ ਪੂੰਜੀਪਤੀਆਂ ਦੀਆਂ ਲਾਲਾਂ ਡਿੱਗਣ ਲੱਗੀਆਂ ਹਨ। 40 ਪੂੰਜੀਪਤੀਆਂ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਨਿੱਜੀ ਖੇਤਰ ਨੂੰ ਪੂੰਜੀ ਲਾਉਣ ਲਈ ਤੇ ਕੌਮਾਂਤਰੀ ਸਰਮਾਏਦਾਰਾਂ ਨਾਲ ਸਾਂਝ ਪਾਉਣ ਲਈ ਸੱਦਾ ਦਿੱਤਾ ਜਾਣਾ ਚਾਹੀਦੈ। ਨਿੱਜੀ ਖੇਤਰ 2020 ਤਕ 9 ਲੱਖ ਕਰੋੜ ਤੱਕ ਨਿਵੇਸ਼ ਕਰੇਗਾ।

# ਸਾਮਰਾਜੀ ਲੁੱਟ ਅਤੇ ਆਦੀਵਾਸੀ ਦਲਿਤ ਨੇਤਾ

ਸਾਮਰਾਜੀ ਪੂੰਜੀ ਦਾ ਸਭ ਤੋਂ ਵਧ ਹਮਲਾ ਅੱਜ ਆਦੀਵਾਸੀ ਇਲਾਕੇ ਵਿਚ ਹੈ। ਇਸ ਲਈ ਆਦੀਵਾਸੀਆਂ ਤੇ ਦਲਿਤਾਂ ਦੀ ਪਹਿਚਾਣ ਤੇ ਹੋਂਦ 'ਤੇ ਸਭ ਤੋਂ ਵਧ ਖਤਰਾ ਸਾਮਰਾਜਵਾਦੀ ਲੁੱਟ ਤੇ ਜ਼ਬਰ ਤੋਂ ਹੈ। ਜਾਗੀਦਾਰੀ, ਸਾਮਰਾਜਵਾਦ ਤੇ ਉਨ੍ਹਾਂ ਦੇ ਦਲਾਲ ਟਾਟਾ-ਬਿਰਲਾ, ਜਿੰਦਲ-ਮਿੱਤਲ ਵਰਗੇ ਸਰਮਾਏਦਾਰ ਤੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਚੱਲਣ ਵਾਲੀਆਂ ਰਾਜਸੀ ਪਾਰਟੀਆਂ ਆਦੀਵਾਸੀ-ਦਲਿਤਾਂ ਦੀਆਂ ਅਸਲੀ ਦੁਸ਼ਮਣ ਹਨ। ਇਸ ਦੇ ਬਾਵਜੂਦ ਆਦੀਵਾਸੀ ਤੇ ਦਲਿਤ ਵਰਗ ਦੇ ਨੇਤਾ ਦਲਾਲ ਸਰਮਾਏਦਾਰੀ ਨੂੰ ਆਪਣਾ ਦੁਸ਼ਮਣ ਕਿਉਂ ਨਹੀਂ ਮੰਨਦੇ। ਅੱਜ ਉਜਾੜਾ ਆਦੀਵਾਸੀ ਦਾ ਸਭ ਤੋਂ ਵੱਡਾ ਮੁੱਦਾ ਹੈ। ਵਿਸਥਾਪਨ (ਉਜਾੜੇ) ਦਾ ਮੌਜੂਦਾ ਕਾਰਨ ਮੌਜੂਦਾ ਸਰਮਾਏਦਾਰੀ ਵਿਕਾਸ ਤੇ ਸਨਅਤੀਕਰਨ ਦੀ ਨੀਤੀ ਹੈ। ਸਮਾਜਕ ਆਰਥਕ ਤੇ ਰਾਜਸੀ ਪ੍ਰਬੰਧ ਤੋਂ ਪੈਦਾ ਹੁੰਦੀਆਂ ਹਨ ਆਦਵਾਸੀ-ਦਲਿਤਾਂ ਦੀਆਂ ਸਮੱਸਿਆਵਾਂ। ਪਰ ਆਦੀਵਾਸੀ ਤੇ ਦਲਿਤ ਨੇਤਾ ਇਨ੍ਹਾਂ ਵਿਰੁੱਧ ਪ੍ਰਬੰਧ ਦੀ ਤਬਦੀਲੀ ਲੜਾਈ ਨਹੀਂ ਲੜ ਰਹੇ ਹਨ। ਉਹ ਸਿਰਫ ਵੋਟ ਤੇ ਸੱਤਾ (ਕੁਰਸੀ) ਸੁੱਖ ਦੀ ਰਾਜਨੀਤੀ ਕਰਦੇ ਹਨ। ਇਹ ਸਮਾਜ ਦੇ ਬਦਲਾਅ ਦੀ ਨਹੀਂ ਬਲਕਿ ਭਟਕਾਅ ਦੀ ਰਾਜਨੀਤੀ ਹੈ। ਇਸ ਦੇ ਲਈ ਉਹ ਸਮੇਂ ਸਮੇਂ 'ਤੇ ਤੰਗਨਜ਼ਰੀ ਜਾਤੀਵਾਦ ਤੇ ਖੇਤਰੀਵਾਦ ਦੇ ਮੁਦਿਆਂ ਨੂੰ ਉਛਾਲਦੇ ਰਹਿੰਦੇ ਹਨ। ਅਜਿਹੀ ਰਾਜਨੀਤੀ ਵਿਚ ਸ਼ਿਭੂ ਸ਼ਰੇਨ ਤੋਂ ਲੈ ਕੇ ਸਾਲਖਨ, ਮੁਰਮੂ ਲਾਲ ਚੰਦ ਅੰਤੋ, ਮਾਇਆਵਤੀ ਰਾਮ ਵਿਲਾਸ ਪਾਸਵਾਨ, ਲਾਲੂ ਪ੍ਰਸ਼ਾਦ ਯਾਦਵ ਆਦਿ ਆਦੀਵਾਸੀ-ਦਲਿਤ ਜਾਂ ਪਿਛੜਿਆਂ ਦੇ ਨੇਤਾ ਸ਼ਾਮਲ ਹਨ। ਉਹ ਆਦੀਵਾਸੀ ਮੁਦਿਆਂ ਨੂੰ ਵੋਟ ਬੈਂਕ ਵਜੋਂ ਉਛਾਲ ਕੇ ਰਾਜਸੀ ਸੱਤਾ ਵਿਚ ਕਾਬਜ ਹੋਣਾ ਲੋਚਦੇ ਹਨ। ਪਰ ਇਹ ਉਨ੍ਹਾਂ ਦਾ ਭਰਮਾਊ ਸੁਪਨਾ ਹੈ। ਕਿਸੇ ਵੀ ਫਿਰਕੇ ਨੂੰ ਭਰਮਾ ਕੇ ਤੇ ਭਾਵਨਾਤਮਕ ਮੁਦਿਆਂ ਨੂੰ ਭੜਕਾ ਕੇ ਉਸ ਦੀ ਅੱਗ ਵਿਚ ਆਪਣੀ ਰਾਜਸੀ ਰੋਟੀ ਸੇਕਣਾ ਉਸ ਫਿਰਕੇ ਦੇ ਨਾਲ ਧੋਖਾ ਹੈ। ਕੀ ਅੱਜ ਆਦੀਵਾਸੀ ਤੇ ਦਲਿਤ ਰਾਜਨੀਤੀ ਦੀ ਦਿਸ਼ਾ ਸਵਰੂ ਤੇ ਉਨ੍ਹਾਂ ਦੇ ਨੇਤਾਵਾਂ ਦੇ ਮੌਜੂਦਾ ਕਿਰਦਾਰ ਨੂੰ ਸਮਝਣ ਦੀ ਲੋੜ ਹੈ। ਮਾਇਆਵਤੀ ਤੇ ਸਾਲਖਨ ਮੁਰਮੂ ਖੁਦ ਨੂੰ ਆਪਣੇ ਆਪ ਨੂੰ ਇਸ ਵਰਗ ਦਾ ਸਭ ਤੋਂ ਵੱਡਾ ਹਿਤੈਸ਼ੀ ਮੰਨਦੇ ਹਨ ਅਤੇ ਸਾਲਖਨ ਤਾਂ ਜਾਤੀ ਭੇਦਭਾਵ ਫੈਲਾਅ ਕੇ ਆਦੀਵਾਸੀਆਂ ਨੂੰ ਹੋਰ ਝਾਰਖੰਡੀਆਂ ਤੋਂ ਵੱਖ ਕਰਨ ਦੀ ਰਾਜਨੀਤੀ ਕਰਦੇ ਹਨ। ਅੰਤ ਵਿਚ ਅਜਿਹੇ ਜਾਤੀ ਨੇਤਾਵਾਂ ਦੀ ਰਾਜਨੀਤੀ ਨੂੰ ਸਪੱਸ਼ਟ ਕਰਨਾ ਜ਼ਰੂਰੀ ਹੈ।

ਅੱਜ ਦੇਸ਼ ਤੇ ਝਾਰਖੰਡ ਵਿਚ ਸਰਵ ਪ੍ਰਵਾਨਿਤ ਆਦੀਵਾਸੀ ਨੇਤਾ ਕੋਈ ਨਹੀਂ ਹੈ। ਸਾਬਕਾ ਮੁਖ ਮੰਤਰੀ ਬਾਬੂ ਲਾਲ ਮਰਾਂਡੀ ਨੇ ਤਾਂ ਵੱਖਰੇ ਝਾਰਖੰਡ ਰਾਜ ਦੀ ਸ਼ੁਰੂਆਤ ਕੋਇਲਕਾਰੋ ਅੰਦੋਲਨ ਨਾਲ ਜੁੜੇ 7 ਮੁੰਡਾ ਆਦੀਵਾਸੀਆਂ ਤੇ ਇਕ ਮੁਸਲਿਮ ਦਾ ਖੂਨ ਵਹਾ ਕੇ ਕੀਤੀ। ਉਸ ਦੇ ਮੱਥੇ 'ਤੇ ਖੂਨ ਦਾ ਰਾਜ ਤਿਲਕ ਇਕ ਕਲੰਕ ਹੈ। ਫਿਰ ਉਨ੍ਹਾਂ ਨੇ 'ਗ੍ਰੇਟਰ ਰਾਂਚੀ' ਦੇ ਨਾਂ ਹੇਠ ਕਿਤਾਬ ਲਿਖ ਕੇ ਆਦੀਵਾਸੀ ਜ਼ਮੀਨ ਨੂੰ ਵਪਾਰੀਆਂ-ਪੂੰਜੀਪਤੀਆਂ ਦੇ ਹੱਥ ਵੇਚਣ ਲਈ ਸੀ ਐਨ ਟੀ ਐਕਟ ਦੇ ਸੋਧ ਦੀ

ਵਕਾਲਤ ਵੀ ਕੀਤੀ। ਉਧਰ ਜੇ. ਐਮ. ਐਮ. ਰਿਸ਼ਵਤ ਕਾਂਡ ਤੇ ਸਸ਼ੀਨਾਥ ਹੱਤਿਆ ਕਾਂਡ ਤੇ ਪਰਿਵਾਰਵਾਦ ਕਾਰਨ ਸ਼ਿਭੂ ਸ਼ਰੇਨ ਦੀ ਰਾਜਨੀਤੀ ਕਰਨ ਵਾਲੇ ਬਾਕੀ ਆਦੀਵਾਸੀ ਨੇਤਾਵਾਂ ਦੀ ਵੀ ਇਹੋ ਹਾਲਤ ਹੈ। ਲੋਕਾਂ ਨੇ ਅਜਿਹੇ ਵੋਟ ਵਟੋਰੂ ਨੇਤਾਵਾਂ ਨੂੰ ਵੇਖ ਲਿਆ ਹੈ।

ਅੱਜ ਅਜਿਹੇ ਨੇਤਾਵਾਂ ਤੋਂ ਲੋਕਾਂ ਦਾ ਵਿਸ਼ਵਾਸ ਉੱਡ ਗਿਆ ਹੈ। ਰੋਜ਼ਾਨਾ ਵੱਖ ਵੱਖ ਆਦੀਵਾਸੀ ਨੇਤਾ ਪੈਦਾ ਹੁੰਦੇ ਹਨ ਅਤੇ ਆਪਣੀ ਵੱਖਰੀ ਪਾਰਟੀ ਬਣਾਉਂਦੇ ਹਨ। ਏ ਨੋਸ ਇੱਕਾ, ਬੰਦੂ ਤਿਰਕੀ, ਸਟੀਫਨ ਮਰਾਂਡੀ ਆਦਿ ਨੇਤਾਵਾਂ ਦੀ ਰਾਜਨੀਤੀ ਵੀ ਇਸੇ ਕਿਸਮ ਦੀ ਹੈ। ਅਜਿਹੀਆਂ 'ਵਨ-ਮੈਨ' ਲੀਡਰਸ਼ਿਪ ਪਾਰਟੀਆਂ ਦਾ ਕੋਈ ਭਵਿੱਖ ਨਹੀਂ ਹੈ। ਅਜਿਹੇ ਇਕੱਲੇ ਇਕਹਰੇ ਨੇਤਾ ਜੋੜ-ਤੋੜ ਕਰਕੇ ਸਰਕਾਰ ਵਿਚ ਆ ਵੀ ਜਾਣ ਤਾਂ ਮੁੱਖ ਮੰਤਰੀ ਮਧੂ ਕੌੜਾ ਵਰਗੇ ਲੰਗੜਾ ਜਾਂ ਮੋਹਰੇ ਜਾਂ ਤਾਂ ਪਾਖੰਡੀ ਬਣ ਕੇ ਰਹਿਣਗੇ ਭਾਵੇਂ ਹੀ ਅਜਿਹੇ ਨੇਤਾ ਐਮ ਪੀ. ਐਮ ਐਲ ਏ ਬਣ ਕੇ ਸੱਤਾਧਾਰੀ ਦਲਾਂ ਜਾਂ ਦਲਾਲ ਸਰਮਾਏਦਾਰਾਂ ਨਾਲ ਸੌਦੇਬਾਜ਼ੀ ਕਰਕੇ ਆਪਣੀ ਝੋਲੀ ਭਰ ਲੈਣ (ਅੱਜ ਝਾਰਖੰਡ ਦੇ ਕਿਸੇ ਮੰਤਰੀ ਦੀ ਆਮਦਨੀ 15 ਲੱਖ ਰੁਪਏ ਹੈ ਅਤੇ ਕਿਵੇਂ ਉਸਦੀ ਜਾਇਦਾਦ 30 ਕਰੋੜ ਹੋ ਜਾਂਦੀ ਹੈ) ਪਰ ਸਮਾਜ ਨੂੰ ਕੀ ਮਿਲੇਗਾ? ਵੋਟ ਦੀ ਇਸ ਰਾਜਨੀਤੀ ਨੇ ਆਦੀਵਾਸੀ ਸਮਾਜ ਵਿਚ ਬੁਰੀ ਤਰ੍ਹਾਂ ਵੰਡ ਕਰ ਦਿੱਤੀ ਹੈ। ਆਦੀਵਾਸੀ ਲੋਕ ਏਕਤਾ ਦੀ ਗੱਲ ਤਾਂ ਕਰਦੇ ਹਨ, ਆਦੀਵਾਸੀਆਂ 'ਚ ਏਕਤਾ ਜ਼ਰੂਰੀ ਹੋਣੀ ਚਾਹੀਦੀ ਹੈ ਪਰ ਮੌਜੂਦਾ ਵੋਟ ਦੀ ਰਾਜਨੀਤੀ 'ਚ ਇਹ ਸੰਭਵ ਨਹੀਂ ਹੈ। ਸੁਆਲ ਇਹ ਹੈ ਕਿ ਕਿਸ ਨੇਤਾ ਜਾਂ ਪਾਰਟੀ ਦੇ ਝੰਡੇ ਹੇਠ ਆਦੀਵਾਸੀ ਇਕਜੁੱਟ ਹੋਣ ਫਿਰ ਕਿਸ ਅਧਾਰ 'ਤੇ ਅਤੇ ਕਿਵੇਂ?

ਝਾਰਖੰਡ ਵਿਸ਼ੋਮ ਪਾਰਟੀ ਵੀ ਵਿਅਕਤੀਵਾਦੀ ਨਿੱਜੀ ਹੱਠ ਦੀ ਪੈਦਾਇਸ਼ ਹੈ। ਪਾਰਟੀ ਦੇ ਪ੍ਰਧਾਨ ਤੇ ਉਨ੍ਹਾਂ ਦੇ ਕੁਝ ਲੋਕ ਇਸ ਗੱਲ ਨੂੰ ਪ੍ਰਚਾਰਨ ਵਿਚ ਲੱਗੇ ਹੋਏ ਹਨ ਕਿ ਆਦੀਵਾਸੀਆਂ ਦੀ ਇਕ ਕੌਮੀ ਪਾਰਟੀ ਤੇ ਉਸ ਲਈ ਇਕ ਨੇਤਾ ਹੋਣਾ ਚਾਹੀਦਾ ਹੈ। ਇਸ ਦੇ ਲਈ ਉਹ 7 ਰਾਜਾਂ ਦੇ ਕੁਝ ਆਦੀਵਾਸੀ ਸੰਗਠਨਾਂ ਤੇ ਵਿਅਕਤੀਆਂ ਨਾਲ ਸੰਪਰਕ ਕਰਕੇ ਝਾਰਖੰਡ ਵਿਸ਼ੋਮ ਪਾਰਟੀ ਨੂੰ ਕੌਮੀ ਪਾਰਟੀ ਦੱਸ ਰਹੇ ਹਨ। ਇਹ ਇਨ੍ਹਾਂ ਅਸਾਨ ਨਹੀਂ ਹੈ। ਕਿਸੇ ਵੀ ਨੇਤਾ ਨੂੰ ਸਮਝਣ ਲਈ ਲੋਕ ਉਸਦੇ ਰਾਜਸੀ ਪਿਛੋਕੜ ਨੂੰ ਵੇਖਦੇ ਹਨ। ਸਾਲਖਨ ਨੇ ਆਪਣੇ ਜੀਵਨ ਦਾ ਬਹੁਮੁੱਲਾ ਸਮਾਂ ਟਾਟਾ ਕੰਪਨੀ ਦੀ ਨੌਕਰੀ ਤੇ ਉਸ ਦੀ ਸੇਵਾ ਵਿਚ ਬਿਤਾਇਆ। ਉਥੇ ਉਨ੍ਹਾਂ ਨੂੰ ਸਰਮਾਏਦਾਰਾਂ ਦਾ ਏਜੰਟ ਬਣਨ ਦੀ ਵੀ ਸਿਖਲਾਈ ਮਿਲੀ। ਫਿਰ ਪੂੰਜੀਪਤੀ ਤੇ ਫਿਰਕੂ ਪਾਰਟੀ ਭਾਜਪਾ ਦੇ ਝੰਡੇ ਤੇ ਏਜੰਡੇ 'ਤੇ ਦੋ ਵਾਰੀ ਐਮ ਪੀ ਬਣੇ ਅਤੇ ਉਨ੍ਹਾਂ ਨੇ ਆਦੀਵਾਸੀਆਂ ਦੀ ਹੋਂਦ ਨੂੰ ਖਤਮ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦੀ ਸੇਵਾ ਕੀਤੀ 10 ਸਾਲ ਤੱਕ। ਉਹ ਮਾਇਆਵਤੀ ਦੀ ਰਾਜਸੀ ਮਾਇਆ ਦਾ ਚੁਣਾਵੀ ਲਾਭ ਲੈਣ ਲਈ ਉਨ੍ਹਾਂ ਦੀ ਪਾਰਟੀ 'ਚ ਸ਼ਾਮਲ ਹੋ ਗਏ ਅਤੇ 2007 ਵਿਚ ਉਨ੍ਹਾਂ ਨੇ ਜਮਸ਼ੇਦਪੁਰ ਤੋਂ ਬਹੁਜਨ ਸਮਾਜ ਪਾਰਟੀ ਦੀ ਟਿਕਟ 'ਤੇ ਐਮ. ਪੀ. ਦੀ ਚੋਣ ਲੜ ਕੇ ਆਪਣੀ ਕਿਸਮਤ ਅਜ਼ਮਾਉਣ ਦੀ ਕੋਸ਼ਿਸ਼ ਕੀਤੀ ਪਰ ਹਾਰ ਗਏ। ਬਸਪਾ ਵਿਚ ਉਹ ਆਪਣੀ ਥਾਂ ਨਹੀਂ ਬਣਾ ਸਕੇ ਤਾਂ ਝਾਰਖੰਡ ਵਿਚ ਆਦੀਵਾਸੀਆਂ ਵਿਚਕਾਰ ਆਪਣੀ ਰਾਜਸੀ ਜ਼ਮੀਨ ਤਲਾਸ਼ਣ ਲੱਗੇ ਹਨ। ਕਦੇ ਉਹ ਆਪਣੇ ਆਪ ਨੂੰ

ਇਸਾਈਆਂ ਦੇ ਹਿਤੈਸ਼ੀ ਵਜੋਂ ਪੇਸ਼ ਕਰਦੇ ਹਨ। ਪਰ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਉੜੀਸਾ ਦੇ ਬਾਰੀਪਦਾ ਪਿੰਡ ਵਿਚ ਭਾਜਪਾ ਗੁੰਡਾਵਾਹਿਨੀ ਬਜਰੰਗ ਦਲ ਨਾਲ ਜੁੜੇ ਦਾਰਾ ਸਿੰਘ ਅਤੇ ਉਸ ਦੇ ਗਰੋਹ ਨੇ ਇਸਾਈ ਮਿਸ਼ਨਰੀ ਗ੍ਰਾਹਮ ਸਟੇਨਸ ਨੂੰ ਜਿਉਂਦਾ ਸਾੜ ਦਿੱਤਾ ਸੀ। ਉਸ ਸਮੇਂ ਸਾਲਖਨ ਭਾਜਪਾ ਤੋਂ ਮਯੂਰਗੰਜ ਦੇ ਐਮ ਪੀ ਸਨ। ਉਥੋਂ ਦੇ ਸਾਂਸਦ ਦੀ ਹੈਸੀਅਤ ਵਿਚ ਉਨ੍ਹਾਂ ਨੇ ਹਥਿਆਰਿਆਂ ਨੂੰ ਗ੍ਰਿਫਤਾਰ ਕਰਨ ਤੇ ਸਜ਼ਾ ਕਰਵਾਉਣ ਦੀ ਭੂਮਿਕਾ ਨਿਭਾਉਣੀ ਸੀ ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਸ ਘਟਨਾ ਦੇ ਖਿਲਾਫ ਉਨ੍ਹਾਂ ਕੋਈ ਬਿਆਨ ਨਹੀਂ ਦਿੱਤਾ।

ਜਾਣਕਾਰਾਂ ਦਾ ਕਹਿਣਾ ਹੈ ਕਿ ਹਤਿਆਰਾ ਦਾਰਾ ਸਿੰਘ ਤੇ ਉਸ ਦੇ ਗਿਰੋਹ ਨੂੰ ਫਿਰਕੂ ਸ਼ਕਤੀ ਭਾਜਪਾ ਦੀ ਰਾਜਸੀ ਸ਼ਰਨ ਹਾਸਲ ਸੀ। ਇਸ ਗ੍ਰੋਹ ਦੇ ਲੋਕ ਸੁਰੱਖਿਆ ਖਾਤਰ ਸਥਾਨਕ ਸਾਂਸਦ ਸਾਲਖਨ ਦੇ ਘਰ ਵੀ ਆਉਂਦੇ ਸਨ। ਝਾਰਖੰਡ ਵਿਚ ਆਦੀਵਾਸੀ ਭਾਸ਼ਾਵਾਂ ਨੂੰ ਰਾਜਭਾਸ਼ਾ ਬਣਾਉਣ ਦੇ ਸੁਆਲ 'ਤੇ ਵੀ ਸਾਲਖਨ ਦੀ ਨੀਤੀ ਭੇਦਪੂਰਨ ਹੈ। ਸੰਤਾਲੀ ਨੂੰ ਉਹ ਪਹਿਲੀ ਰਾਜਭਾਸ਼ਾ ਤੇ ਉਰਾਂਵ (ਕੁੜੂਖ) ਮੁੰਡਾਰੀ ਅਤੇ ਹੋਰ ਭਾਸ਼ਾ ਨੂੰ ਦੂਜੀ ਰਾਜਭਾਸ਼ਾ ਦਾ ਦਰਜਾ ਦੇਣ ਦੀ ਗੱਲ ਕਰਦੇ ਹਨ। ਇਹ ਆਦੀਵਾਸੀ ਭਾਸ਼ਾਵਾਂ ਨੂੰ ਸਿਰਫ ਭਾਵਨਾਤਮਕ ਮੁੱਦਾ ਬਣਾ ਕੇ ਰਾਜਨੀਤੀ ਕਰਦੇ ਹਨ ਪਰ ਉਨ੍ਹਾਂ ਦੇ ਵਿਕਾਸ ਲਈ ਕੁਝ ਨਹੀਂ ਕਰਦੇ। ਇਸੇ ਤਰ੍ਹਾਂ 24 ਨਵੰਬਰ 2007 ਨੂੰ ਅਸਾਮ ਦੇ ਗੁਹਾਟੀ 'ਚ ਆਦੀਵਾਸੀਆਂ 'ਤੇ ਹਿੰਸਾ ਦੀ ਘਟਨਾ ਪਿਛੋਂ ਉਨ੍ਹਾਂ ਨੂੰ ਆਦੀਵਾਸੀਆਂ ਦਾ ਇਕ ਹੋਰ ਭਾਵਨਾਤਮਕ ਮੁੱਦਾ ਮਿਲ ਗਿਆ। ਉਹ ਆਲ ਅਸਾਮ ਆਦੀਵਾਸੀ ਸਟੂਡੈਂਟ ਐਸੋਸੀਏਸ਼ਨ 'ਆਸਾ' ਅਸਾਮ ਦੇ ਬਿਰਸਾ ਕਮਾਂਡੋ ਫੋਰਸ ਅਤੇ ਆਦੀਵਾਸੀ ਕੋਬਰਾ ਦੇ ਨੇਤਾਵਾਂ ਨੂੰ ਝਾਰਖੰਡ ਲੈ ਆਏ ਅਤੇ ਆਪਣੀ ਰਾਜਨੀਤੀ ਚਮਕਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਵਿਚ ਵੀ ਉਨ੍ਹਾਂ ਨੂੰ ਨਿਰਾਸ਼ਾ ਹੱਥ ਲੱਗੀ। ਫਿਲਹਾਲ ਉਹ ਗੁਹਾਟੀ ਹਿੰਸਾ ਦੌਰਾਨ ਨੰਗੀ ਕੀਤੀ ਗਈ। 17 ਸਾਲਾ ਲਕਸ਼ਮੀ ਉਰਾਂਵ ਨੂੰ ਝਾਰਖੰਡ ਲਿਆ ਕੇ ਆਪਣੀ ਮੌਕਾਪ੍ਰਸਤ ਰਾਜਨੀਤੀ ਲਈ ਵਰਤ ਰਹੇ ਹਨ। ਉਸ ਨੂੰ ਰਾਜਸੀ ਮੋਹਰਾ ਬਣਾ ਕੇ ਜਗ੍ਹਾ ਜਗ੍ਹਾ ਘੁਮਾ ਰਹੇ ਹਨ। ਇਹ ਕਿੰਨੀ ਬੇਸ਼ਰਮੀ ਤੇ ਨੀਚਤਾ ਹੈ ਕਿ ਕਿਵੇਂ ਕੋਈ ਨੇਤਾ ਇਕ ਲੜਕੀ ਦੀ ਬਦਕਿਸਮਤੀ ਤੇ ਦੁਰਦਸ਼ਾ ਨੂੰ ਆਪਣੀ ਰਾਜਸੀ ਸੰਪਤੀ ਬਣਾ ਲੈਂਦਾ ਹੈ।

ਅੱਜ ਜਦ ਉਹ ਹਕੂਮਤੀ ਕੁਰਸੀ 'ਤੇ ਨਹੀਂ ਹਨ ਤਾਂ ਉਹ ਆਦੀਵਾਸੀਆਂ ਦੇ ਨਾਂ 'ਤੇ ਤੰਗ ਨਜ਼ਰੀ ਰਾਜਨੀਤੀ ਕਰ ਰਹੇ ਹਨ। ਉਹ ਆਦੀਵਾਸੀਆਂ ਨੂੰ ਹੋਰ ਦੱਬੇ-ਕੁਚਲੇ ਵਰਗਾਂ ਤੋਂ ਵੀ ਵੱਖ ਕਰਨ ਦੀ ਰਾਜਨੀਤੀ ਕਰ ਰਹੇ ਹਨ। ਇਸ ਨਾਲ ਆਦੀਵਾਸੀ ਫਿਰਕੇ ਦਾ ਭਲਾ ਨਹੀਂ ਹੋਣ ਵਾਲਾ ਹੈ। ਉਲਟੇ ਬਚੀ-ਖੁਚੀ ਝਾਰਖੰਡੀ ਏਕਤਾ ਵੀ ਖੰਡਤ ਹੋਵੇਗੀ, ਜਿਸ ਨੂੰ ਜੋੜਨਾ ਮੁਸ਼ਕਿਲ ਹੋਵੇਗਾ ਅਤੇ ਇਸ ਦਾ ਦੂਰਗਾਮੀ ਤੇ ਗੰਭੀਰ ਸਿੱਟਾ ਹੋਵੇਗਾ। ਇਸ ਨਾਲ ਜਲ-ਜੰਗਲ-ਜ਼ਮੀਨ ਦੀ ਲੜਾਈ ਅਤੇ ਸਾਮਰਾਜਵਾਦ, ਪੂੰਜੀਵਾਦ ਤੇ ਫ੍ਰਿਰਕਾਪ੍ਰਸਤ ਫਾਸ਼ੀਵਾਦ ਦੇ ਹਮਲੇ ਤੇ ਉਜਾੜੇ ਦੇ ਖਿਲਾਫ ਝਾਰਖੰਡ ਜਨਤਾ ਦੀ ਲੜਾਈ ਕੰਮਜ਼ੋਰ ਹੋਵੇਗੀ ਅਤੇ ਹਾਕਮ ਲੋਟੇਰੀ ਜਮਾਤ ਇਹੀ ਤਾਂ ਚਾਹੁੰਦੀ ਹੈ। ਜਾਤੀ, ਧਰਮ, ਜਾਂ ਖੇਤਰ 'ਤੇ ਅਧਾਰਤ ਤੰਗਨਜ਼ਰ ਰਾਜਨੀਤੀ ਸਾਮਰਾਜਵਾਦੀ, ਪੂੰਜੀਵਾਦੀ, ਫਿਰਕਾਪ੍ਰਸਤ ਫਾਸ਼ੀਵਾਦੀ ਤਾਕਤਾਂ, ਲੁਟੇਰਿਆਂ ਤੇ ਹਾਕਮਾ ਦੇ ਏਜੰਡਾ ਦੀਆਂ ਹੀ ਪੌਸ਼ਕ ਹਨ। ਅਜਿਹੀ ਲੋਕ ਵਿਰੋਧੀ ਰਾਜਨੀਤੀ ਤੋਂ

ਬਚਣਾ ਚਾਹੀਦਾ ਹੈ ਨਹੀਂ ਤਾਂ ਸਭ ਕੁਝ ਲੁਟ ਜਾਣ ਤੇ ਬਰਬਾਦ ਹੋ ਜਾਣ ਪਿਛੋਂ ਕਿਤੇ ਇਹ ਮੁਹਾਵਰਾ ਦੁਹਰਾਉਣਾ ਨਾ ਪਵੇ "ਲਮਹੋਂ ਨੇ ਖਤਾ ਕੀ ਸਦੀਆਂ ਨੇ ਸਜ਼ਾ ਪਾਈ।"

ਅੱਜ ਝਾਰਖੰਡ ਦੀ ਅਬਾਦੀ ਘੱਟ ਕੇ 27 ਫੀਸਦੀ ਹੋ ਗਈ ਹੈ। ਉਹ ਬਹੁਗਿਣਤੀ ਤੋਂ ਘੱਟ ਗਿਣਤੀ ਕਿਵੇਂ ਬਣ ਗਏ? ਆਦੀਵਾਸੀਆਂ ਦਾ ਜ਼ਮੀਨ ਵਾਪਸੀ ਦਾ ਮੁੱਦਾ ਕੀ ਹੈ? ਸੀ. ਐਨ. ਟੀ ਐੱਸ. ਪੀ. ਟੀ. ਐਕਟ ਦੇ ਰਹਿੰਦੇ ਹੋਇਆ ਵੀ ਆਦੀਵਾਸੀਆਂ ਦੀ ਜ਼ਮੀਨ ਦੀ ਲੁੱਟ ਕਿਉਂ ਜਾਰੀ ਹੈ?

ਅੱਜ ਇਨ੍ਹਾਂ ਵਿਚ ਹਾਕਮ ਜਮਾਤ ਸੋਧ ਦੀ ਗੱਲ ਕਿਉਂ ਕਰ ਰਹੀ ਹੈ? ਭੂਮੀ ਹੱਦਬੰਦੀ (ਲੈਂਡ ਸੀਲਿੰਗ) ਨੂੰ ਖਤਮ ਕਰਨ ਦੀ ਗੱਲ ਕਿਉਂ ਹੋ ਰਹੀ ਹੈ? ਇਨ੍ਹਾਂ ਸਾਰੇ ਸੁਆਲਾਂ ਪਿਛੇ ਬਸਤੀਵਾਦੀ ਤੇ ਪੂੰਜੀਵਾਦੀ ਵਿਨਾਸ਼ਕਾਰੀ ਵਿਕਾਸ ਨੀਤੀ ਹੈ। ਪਰ ਅੱਜ ਝਾਰਖੰਡ 'ਚ ਸੰਘਰਸ਼ ਅਤੇ ਨਵ-ਨਿਰਮਾਣ ਦਾ ਮੁੱਦਾ, ਝਾਰਖੰਡੀ ਪਹਿਚਾਣ ਤੇ ਹੋਂਦ, ਝਾਰਖੰਡੀ ਏਕਤਾ ਤੇ ਵਿਕਾਸ, ਸਿੱਖਿਆ ਤੇ ਖੇਤੀ ਦਾ ਵਿਕਾਸ ਆਦਿ ਮੁੱਦੇ ਹਾਸ਼ੀਏ 'ਤੇ ਹਨ। ਗਰੀਬੀ, ਭੁਖਮਰੀ, ਭ੍ਰਿਸ਼ਟਾਚਾਰ ਉਜਾੜਾ, ਹਿਜਰਤ, ਜੰਗਲ-ਜਲ-ਜ਼ਮੀਨ ਦੀ ਲੁੱਟ, 'ਸੇਜ' (ਵਿਸੇਸ਼ ਆਰਥਿਕ ਖੇਤਰ ਕਾਨੂੰਨ) ਸਨਅਤੀ ਕਰਨ ਤੇ ਖੁਦਾਈ ਕਾਰਨ ਖੇਤੀ, ਜੰਗਲ ਤੇ ਵਾਤਾਵਰਣ ਦੇ ਵਿਨਾਸ਼ ਅਤੇ ਲੋਕਰਾਜੀ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਖਿਲਾਫ਼ ਇਕਜੁੱਟ ਸੰਘਰਸ਼ ਕੌਣ ਕਰੇਗਾ? ਵਿਸ਼ਵੀਕਰਨ ਤੇ ਆਰਥਿਕ ਉਦਾਰੀਕਰਨ ਦੇ ਦੌਰ ਵਿਚ ਅੱਜ ਝਾਰਖੰਡ ਸਮੇਤ ਦੇਸ਼ ਵਿਚ ਖਾਸ ਕਰਕੇ ਆਦੀਵਾਸੀਆਂ, ਦਲਿਤਾਂ, ਔਰਤਾਂ, ਮਜ਼ਦੂਰਾਂ, ਕਿਸਾਨਾਂ, ਘੱਟ ਗਿਣਤੀਆਂ ਤੇ ਹੋਰ ਵਾਂਝੇ ਫਿਰਕਿਆਂ ਵਿਚਕਾਰ ਪਹਿਲਾਂ ਤੋਂ ਵਧ ਲੋਕਰਾਜੀ, ਜਿੰਮੇਦਾਰਾਨਾ, ਸੈਕੂਲਰ (ਗੈਰ ਜਾਤੀ, ਗੈਰ ਫਿਰਕੇਦਾਇਕ) ਗੰਭੀਰ ਦੂਰਦਸ਼ੀ ਤੇ ਸਾਫ ਰਾਜਨੀਤੀ ਦੀ ਲੋੜ ਹੈ। ਸਾਰੇ ਝਾਰਖੰਡ ਤੇ ਦੇਸ਼ ਦੇ ਆਦੀਵਾਸੀਆਂ ਦੀ ਹੋਂਦ ਤੇ ਪਹਿਚਾਣ ਤੇ ਜਲ-ਜੰਗਲ-ਜ਼ਮੀਨ ਦੀ ਰਾਖੀ ਹੋ ਸਕਦੀ ਹੈ ਅਤੇ ਇਸ ਲਈ ਰਾਜਨੀਤੀ ਦਾ ਕੋਈ ਸ਼ਾਰਟਕੱਟ ਰਾਹ ਨਹੀਂ ਹੈ।

ਬਲਕਿ ਵਿਆਪਕ ਝਾਰਖੰਡੀ ਤੇ ਲੰਮੇ ਯੁੱਧ ਦੀ ਲੋੜ ਹੈ। ਕਿਉਂਕਿ ਅੱਜ ਝਾਰਖੰਡ, ਛਤੀਸਗੜ ਤੇ ਉੜੀਸਾ ਵਰਗੇ ਖਣਿਜ ਤੇ ਹੋਰ ਕੁਦਰਤੀ ਸਾਧਨਾਂ ਨਾਲ ਭਰਪੂਰ ਆਦੀਵਾਸੀ ਇਲਾਕਿਆਂ ਵਿਚ ਵੀ ਸਭ ਤੋਂ ਵਧ ਸਾਮਰਾਜਵਾਦ-ਪੂੰਜੀਵਾਦ ਦਾ ਹਮਲਾ ਹੈ। ਵਿਕਾਸ ਦੇ ਨਾਂ 'ਤੇ ਆਦੀਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ। ਲੁੱਟ ਤੇ ਦਮਨ ਪੂੰਜੀਵਾਦੀ ਪ੍ਰਬੰਧ ਦੇ ਤਹਿਤ ਜਲ-ਜੰਗਲ-ਜ਼ਮੀਨ ਨੂੰ ਖੋਹਿਆ ਜਾ ਰਿਹਾ ਹੈ। ਕੁਦਰਤ ਦਾ ਵਿਨਾਸ਼ ਕੀਤਾ ਜਾ ਰਿਹਾ ਹੈ। ਮੁੱਠੀਭਰ ਪੂੰਜੀਪਤੀਆਂ ਤੇ ਹਾਕਮ ਜਮਾਤ ਦੇ ਮੁਨਾਫੇ ਲਈ ਜਲ-ਜੰਗਲ-ਜ਼ਮੀਨ ਦੀ ਲੁੱਟ ਕੀਤੀ ਜਾ ਰਹੀ ਹੈ। ਪਿੰਡ-ਸਮਾਜ-ਸਭਿਆਚਾਰ ਤੇ ਭਾਈਚਾਰਕ ਜੀਵਨ ਜਾਂਚ ਨੂੰ ਨਸ਼ਟ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਜ਼ਮੀਨ ਦੀ ਲੁੱਟ, ਉਜਾੜਾ, ਭੂਮੀ ਇਕਵਾਇਰ ਕਰਨ ਅਤੇ ਸਾਮਰਾਜਵਾਦ ਖਿਲਾਫ਼ ਉੱਠ ਰਹੇ ਲੋਕ ਘੋਲਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਇਨ੍ਹਾਂ ਖੇਤਰਾਂ ਵਿਚ ਜ਼ਮੀਨ ਦੀ ਲੜਾਈ ਵਿਚ ਸੰਘਰਸ਼ਸ਼ੀਲ ਲੋਕ ਤੇ ਉਨ੍ਹਾਂ ਦੇ ਆਗੂਆਂ-ਵਰਕਰਾਂ 'ਤੇ ਹਾਕਮ ਦਲਾਲ ਸ਼ਰਮਾਏਦਾਰੀ ਜਮਾਤ ਵੱਲੋਂ ਬੇਰਹਿਮ ਜ਼ਬਰ ਕਰਕੇ ਲੋਕਰਾਜੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਡਰਾਉਣ ਲਈ ਉਨ੍ਹਾਂ ਨੂੰ ਜ਼ੇਲ੍ਹ ਭੇਜਿਆ ਜਾ

ਰਿਹਾ ਹੈ। ਸਰਕਾਰ ਤੇ ਦਲਾਲ ਸਰਮਾਏਦਾਰਾਂ ਵੱਲੋਂ ਲੋਕਾਂ ਦੇ ਸੁਆਲਾਂ ਦਾ ਜਵਾਬ ਲਾਠੀਆਂ-ਗੋਲੀਆਂ ਨਾਲ ਦਿੱਤਾ ਜਾ ਰਿਹਾ ਹੈ। 2 ਫਰਵਰੀ 2001 ਨੂੰ ਤਪਕਰਾ 'ਚ ਕੋਇਲਕਾਰੋ ਬੰਨ ਪ੍ਰੋਜੈਕਟ ਖਿਲਾਫ਼ ਸੰਘਰਸ਼ ਕਰ ਰਹੇ ਲੋਕ 'ਤੇ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਦੀ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਵੱਲੋਂ ਕੀਤੀ ਗੋਲਾਬਾਰੀ 'ਚ 7 ਮੁੰਡਾ ਆਦੀਵਾਸੀ ਤੇ ਇਕ ਮੁਸਲਿਮ ਸਮੇਤ 8 ਸ਼ਹੀਦ ਹੋ ਗਏ। ਫਰਵਰੀ 2005 ਵਿਚ ਉੜੀਸਾ ਦੇ ਕਲਿੰਗਨਗਰ 'ਚ ਔਰਤਾਂ ਸਮੇਤ 12 ਆਦੀਵਾਸੀਆਂ ਨੂੰ ਪੁਲਿਸ ਨੇ ਗੋਲੀ ਮਾਰ ਕੇ ਮਾਰ ਦਿੱਤਾ। ਇਹ ਸੁਭਾਵਿਕ ਹੈ ਆਦੀਵਾਸੀ ਟਾਟਾ ਸਟੀਲ ਕੰਪਨੀ ਲਈ ਜ਼ਮੀਨ ਇਕਵਾਇਰ ਕਰਨ ਦਾ ਵਿਰੋਧ ਕਰ ਰਹੇ ਸਨ। ਉਸ ਸਮੇਂ ਸਾਲਮਖਾਨ ਮੁਰਮੂ ਨੇ ਕਾਤਲ ਟਾਟਾ ਸਟੀਲ ਕੰਪਨੀ ਦਾ ਬਚਾਅ ਕਰਦਿਆਂ ਬਿਆਨ ਦਿੱਤਾ ਸੀ ਕਿ ਇਸ ਵਿਚ ਟਾਟਾ ਕੰਪਨੀ ਦੀ ਗਲਤੀ ਨਹੀਂ, ਸਰਕਾਰ ਦੀ ਗਲਤੀ ਹੈ। ਟਾਟਾ ਕੰਪਨੀ ਆਦੀਵਾਸੀਆਂ ਦੇ ਜਲ-ਜੰਗਲ ਜ਼ਮੀਨ ਨੂੰ ਲੁੱਟ ਕੇ ਅਤੇ ਪੁਰਖਿਆਂ ਦੀ ਜ਼ਮੀਨ ਤੋਂ ਲੋਕਾਂ ਨੂੰ ਬੇਦਖਲ ਕਰਕੇ ਹਰ ਸਾਲ ਕਰੋੜਾਂ ਰੁਪਏ ਮੁਨਾਫਾ ਕਮਾ ਰਹੀ ਹੈ। ਝਾਰਖੰਡ ਵਿਚ ਆਦੀਵਾਸੀਆਂ ਦੀ ਸਭ ਤੋਂ ਵਧ ਜ਼ਮੀਨ ਟਾਟਾ ਕੰਪਨੀ ਨੇ ਹਥਿਆਈ ਹੈ। ਲੱਖਾਂ ਆਦਿਵਾਸੀਆਂ ਨੂੰ ਉਜਾੜਿਆ ਹੈ, ਸੈਂਕੜੇ ਪਿੰਡਾਂ ਨੂੰ ਉਜਾੜਿਆ ਹੈ ਅਤੇ ਝਾਰਖੰਡ ਨੂੰ ਬਰਬਾਦ ਕੀਤਾ ਹੈ। ਸਾਲਖਨ ਆਦੀਵਾਸੀਆਂ ਦੇ ਏਨੇ ਹਿਤੈਸ਼ੀ ਹਨ ਤਾਂ ਟਾਟਾ ਕੰਪਨੀ ਦੇ ਪ੍ਰੋਜੈਕਟਾਂ, ਕਾਰਖਾਨਿਆਂ ਲਈ ਜ਼ਮੀਨ ਹਥਿਆਉਣ ਅਤੇ ਉਸ ਤੋਂ ਉਜਾੜੇ ਖਿਲਾਫ਼ ਅੱਜ ਤੱਕ ਕੋਈ ਲੜਾਈ ਕਿਉਂ ਨਹੀਂ ਲੜੀ? ਸਭ ਕੁਦਰਤੀ ਸਾਧਨਾਂ ਦੀ ਸਭ ਤੋਂ ਵਧ ਲੁੱਟ ਘਸੁੱਟ ਤੇ ਉਜਾੜਾ ਉੜੀਸਾ ਵਿਚ ਹੋ ਰਿਹਾ ਹੈ, ਉਥੇ ਇਹ ਨੇਤਾ ਕਿਉਂ ਨਹੀਂ ਲੜਦੇ?

ਅੱਜ ਲੋਕ ਸੰਘਰਸ਼ਾਂ 'ਤੇ ਜਬਰ ਵਧ ਰਿਹਾ ਹੈ। 12 ਮਾਰਚ 2008 ਨੂੰ ਝਾਰਖੰਡ ਦੇ ਮੁੱਖ ਮੰਤਰੀ ਮਧੂ ਕੌੜਾ ਦੇ ਚੁਣਾਵੀ ਖੇਤਰ ਵਿਚ ਭਨਗਾਂਵ 'ਚ ਖੁਦਾਈ ਨਾਲ ਹੋਣ ਵਾਲੇ ਪ੍ਰਦੂਸ਼ਣ ਦੇ ਖਿਲਾਫ਼ ਲੜਨ ਵਾਲਿਆਂ 'ਤੇ ਪੁਲਸ ਨੇ ਗੋਲਾਬਾਰੀ ਕਰਕੇ ਦੋ ਆਦੀਵਾਸੀ ਮਾਰ ਦਿੱਤੇ। ਸੰਤਾਲ ਪਰਗਨਾ 'ਚ ਖੁਦਾਈ ਲਈ ਜ਼ਮੀਨ ਹਥਿਆਉਣ ਵਿਰੁੱਧ ਅੰਦੋਲਨ ਕਰ ਰਹੇ ਚਰਣ ਕੁਮਾਰ, ਮੁਨੀ ਹਾਂਸਦਾ ਅਤੇ ਉਨ੍ਹਾਂ ਦੇ 900 ਅੰਦੋਲਨ ਕਾਰੀਆਂ 'ਤੇ ਸਥਾਨਕ ਪ੍ਰਸਾਸ਼ਨ ਨੇ ਕੇਸ ਦਰਜ ਕੀਤਾ ਹੈ। ਤੋਰਪਾ ਖੇਤਰ ਵਿਚ ਮਿੱਤਲ ਦੇ ਪਾਵਰ ਪਲਾਂਟ ਲਈ ਜ਼ਮੀਨ ਹਥਿਆਉਣ ਤੇ ਉਜਾੜਾ ਖਿਲਾਫ਼ ਲੋਕ ਸੰਘਰਸ਼ ਨਾਲ ਜੁੜੀ ਦਆਮਨੀ ਬਾਰਲਾ ਅਮੇਤ ਹੋਰ ਕਈ ਅੰਦੋਲਨਕਾਰੀਆਂ ਨੂੰ ਕੰਪਨੀ ਤੇ ਪ੍ਰਸਾਸ਼ਨ ਦੇ ਗੁੰਡਿਆਂ ਵੱਲੋਂ ਬਰਾਬਰ ਧਮਕੀ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਝਾਰਖੰਡ ਵਿਚ ਜੀਤਨ ਮਰਾਂਡੀ ਸਮੇਤ ਉਜਾੜੇ ਖਿਲਾਫ਼ ਅਤੇ ਲੋਕਾਂ ਤੇ ਜ਼ਮੀਨ ਲਈ ਸੰਘਰਸ਼ ਕਰਨ ਵਾਲੇ ਕਈ ਬੁਧੀਜੀਵੀਆਂ ਤੇ ਲੋਕ ਸੰਘਰਸ਼ ਦਾ ਬਣਾਨਾ ਬਣਾ ਕੇ ਪ੍ਰਸਾਸ਼ਨ ਦਮਨਕਾਰੀ ਕਾਰਵਾਈ ਕਰ ਰਿਹਾ ਹੈ। ਝਾਰਖੰਡ ਵੱਖ ਰਾਜ ਅੰਦੋਲਨ ਦੇ ਬੌਧਿਕ ਨੇਤਾ, ਸਾਹਿਤਕਾਰ, ਬੁਧੀਜੀਵੀ ਤੇ ਰਾਂਚੀ ਯੂਨੀਵਰਸਿਟੀ ਦੇ ਖੇਤਰੀ ਭਾਸ਼ਾ ਵਿਭਾਗ ਦੇ ਸਾਬਕਾ ਵਿਭਾਗ ਮੁੱਖੀ ਡੀ. ਵੀ. ਪੀ. ਕੇਸਰੀ ਨੂੰ ਵੀ ਪ੍ਰਸਾਸ਼ਨ ਨੇ ਇਸੇ ਸੂਚੀ ਵਿਚ ਪਾਇਆ ਹੈ। ਕੇਸਰੀ ਜੀ ਫਿਲਹਾਲ ਉਜਾੜੇ ਵਿਰੋਧੀ ਸੰਮਤੀ ਨਾਲ ਜੁੜੇ ਹੋਏ ਹਨ।

ਝਾਰਖੰਡ ਸੂਬਾ ਬਣਨ ਪਿਛੋਂ ਅੱਜ ਤੱਕ ਕੁਲ 67 ਇਕਰਾਰਨਾਮੇ (ਐਮ. ਓ.

ਯੂ.) ਹੋਏ ਹਨ। ਆਦੀਵਾਸੀ ਖੇਤਰ (ਜੋ ਹੁਣ ਐਮ. ਓ. ਯੂ ਖੇਤਰ ਹੋ ਗਿਆ ਹੈ) 'ਚ ਉਜਾੜੇ ਵਿਰੁੱਧ ਥਾਂ-ਥਾਂ ਲੋਕ ਸੰਘਰਸ਼ ਚੱਲ ਰਹੇ ਹਨ। ਸਾਲਖਨ ਵਰਗੇ ਨੇਤਾ ਆਦੀਵਾਸੀ ਹੋਂਦ ਤੇ ਪਹਿਚਾਣ ਦੀ ਗੱਲ ਕਰਦੇ ਹਨ ਪਰ ਲੋਕਾਂ ਦਰਮਿਆਨ ਇਨ੍ਹਾਂ ਸੰਘਰਸ਼ਾਂ 'ਚ ਕਦੀ ਨਜ਼ਰ ਨਹੀਂ ਆਉਂਦੇ ਹਨ। ਜਲ-ਜੰਗਲ-ਜ਼ਮੀਨ ਦੀ ਰਾਖੀ ਲੜਾਈ ਤੋਂ ਦੂਰ-ਦੂਰ ਤੱਕ ਉਨ੍ਹਾਂ ਦਾ ਨਾਤਾ ਨਹੀਂ ਹੈ। ਜਦ ਆਦੀਵਾਸੀ ਪਿੰਡ ਤੇ ਜ਼ਮੀਨ ਹੀ ਨਹੀਂ ਬਚਣਗੇ ਤਾਂ ਉਨ੍ਹਾਂ ਦੀ ਪਹਿਚਾਣ ਦਾ ਸੁਆਲ ਹੀ ਪੈਂਦਾ ਨਹੀਂ ਹੁੰਦਾ। ਲੁਟ ਰਹਿਤ ਸਮਾਜ ਲਈ ਲੋਕ ਘੋਲ ਦੇ ਰੂਪ 'ਚ ਸਾਂਝੀ ਵਿਰਾਸਤ ਝਾਰਖੰਡ ਦੇ ਇਤਿਹਾਸ ਦੇ ਗਰਭ ਵਿਚ ਰਿਹਾ ਹੈ। ਸੰਤਾਲ ਹੁਣ ਤੋਂ ਲੈ ਕੇ ਬਿਰਸਾ ਮੁੰਡਾ ਉਲਗੁਲਾਨ ਤੱਕ ਸਾਮਰਾਜਵਾਦ ਤੇ ਜਾਗੀਰਦਾਰੀ ਵਿਰੁੱਧ ਝਾਰਖੰਡੀ ਲੋਕਾਂ ਨੇ ਇਕ ਹੋ ਕੇ ਲੜਾਈ ਲੜੀ।

ਝਾਰਖੰਡ ਵੱਖਰੇ ਸੂਬੇ ਦੀ ਲੜਾਈ ਤੱਕ ਵਿਆਪਕ ਤੇ ਤੇਜ਼ ਨਹੀਂ ਹੋਈ ਜਦ ਤੱਕ ਹੋਰ ਝਾਰਖੰਡੀ ਇਸ ਨਾਲ ਨਹੀਂ ਜੁੜੇ। ਆਖਰ ਆਦੀਵਾਸੀ ਮਹਾਸਭਾ ਨੂੰ 1948 'ਚ ਝਾਰਖੰਡ ਪਾਰਟੀ 'ਚ ਕਿਉਂ ਬਦਲਣਾ ਪਿਆ? ਝਾਰਖੰਡ ਵੱਖਰੇ ਰਾਜ ਦੀ ਮੰਗ ਕੁਝ ਆਦੀਵਾਸੀਆਂ ਨੇ ਸ਼ੁਰੂ ਕੀਤੀ ਸੀ। ਬਾਅਦ 'ਚ ਆਦੀਵਾਸੀ ਬੁਧੀਜੀਵੀਆਂ ਨੇ ਸ਼ੁਰੂ ਕੀਤੀ ਸੀ। ਬਾਅਦ 'ਚ ਆਦੀਵਾਸੀ ਜਨਤਾ ਜੁੜਦੀ ਗਈ ਤੇ ਅੰਦੋਲਨ ਅੱਗੇ ਵਧਿਆ। 1937 'ਚ ਆਦੀਵਾਸੀ ਮਹਾਂਸਭਾ ਦਾ ਗਠਨ ਹੋਇਆ ਤੇ ਵੱਖਰੇ ਰਾਜ ਅੰਦੋਲਨ ਨੂੰ ਤੇਜ਼ ਕਰਨ ਲਈ ਜੈਪਾਲ ਸਿੰਘ ਮੁੰਡਾ ਨੂੰ ਬੁਲਾ ਕੇ ਇਸ ਦੀ ਅਗਵਾਈ ਸੋਂਪੀਂ ਗਈ। ਇਸ ਨਾਲ ਆਦੀਵਾਸੀ ਵਰਗ 'ਚ ਵਿਆਪਕ ਤੌਰ 'ਤੇ ਅੰਦੋਲਨ ਫੈਲਿਆ ਪਰ ਜੈਪਾਲ ਸਿੰਘ ਮੁੰਡਾ ਤੇ ਮਹਾਂਸਭਾ ਦੇ ਹੋਰ ਨੇਤਾਵਾਂ ਨੇ ਵੇਖਿਆ ਕਿ ਵੱਖਰਾ ਝਾਰਖੰਡ ਅੰਦੋਲਨ ਵਿਚ ਸਿਰਫ ਆਦੀਵਾਸੀ ਫਿਰਕੇ ਦੇ ਜ਼ਿਆਦਾਤਰ ਲੋਕ ਹੀ ਆ ਰਹੇ ਹਨ। ਤਦ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਝਾਰਖੰਡੀ ਜਨਤਾ ਦਾ ਬਹੁਤ ਵੱਡਾ ਹਿੱਸਾ ਉਸ ਅੰਦੋਲਨ ਤੋਂ ਅਛੂਤਾ ਹੈ। ਜਦ ਉਨ੍ਹਾਂ ਨੇ ਆਦੀਵਾਸੀ ਮਹਾਂਸਭਾ ਨੂੰ ਵਿਆਪਕ ਰੂਪ ਦਿੰਦੇ ਹੋਇਆ ਝਾਰਖੰਡ ਪਾਰਟੀ 'ਚ ਬਦਲ ਦਿੱਤਾ। ਉਸ ਪਿਛੋਂ ਵੱਖਰੇ ਸੂਬੇ ਦੀ ਲੜਾਈ 'ਚ ਪੂਰੇ ਝਾਰਖੰਡ ਸਮਾਜ ਦੇ ਸ਼ਾਮਲ ਹੋਣ ਨਾਲ ਅੰਦੋਲਨ ਤੇਜ਼ ਹੋਇਆ। ਇਸ ਤਰ੍ਹਾਂ 70-80 ਦੇ ਦਹਾਕੇ ਵਿਚ ਝਾਰਖੰਡ ਅੰਦੋਲਨ ਸਮੇਂ ਸ਼ਿਬੂ ਸੋਰੇਨ, ਬਿਨੋਦ ਬਿਹਾਰੀ ਤੇ ਏ. ਕੇ. ਰਾਇ ਦੀ ਅਗਵਾਈ ਵਿਚ ਕ੍ਰਮਵਾਰ ਆਦੀਵਾਸੀ ਮਹਤੋ ਤੇ ਮਜ਼ਦੂਰ-ਕਿਸਾਨ ਤੇ ਕਰਮਚਾਰੀ ਵਰਗ ਦੇ ਜੁੜਨ ਪਿਛੋਂ ਫਿਰ ਤੋਂ ਝਾਰਖੰਡ ਅੰਦੋਲਨ ਟੀਸੇ 'ਤੇ ਪਹੁੰਚ ਗਿਆ ਸੀ।

ਅੱਜ ਝਾਰਖੰਡ ਦੇ ਆਦੀਵਾਸੀ ਸਦਾਨ ਜਾਂ ਮਹਤੋ ਨੇਤਾ ਝਾਰਖੰਡ ਦੀ ਸਾਂਝੀ ਵਿਰਾਸਤ ਨੂੰ ਭੁੱਲ ਰਹੇ ਹਨ। ਜਦ ਕਿ ਅੱਜ ਝਾਰਖੰਡ ਦੀਆਂ ਚੁਣੌਤੀਆਂ ਪਹਿਲਾਂ ਨਾਲੋਂ ਵਧ ਵਿਆਪਕ, ਖਤਰਨਾਕ ਤੇ ਗੰਭੀਰ ਹਨ। ਸਾਲਖਨ ਮੁਰਮੂ ਆਦੀਵਾਸੀਆਂ ਨੂੰ ਵੱਖ ਰੱਕਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਕੋਈ ਸਦਾਨ ਵਿਕਾਸ ਪਾਰਟੀ ਦੀ ਗੱਲ ਕਰ ਰਿਹਾ ਹੈ। ਅੱਜ ਝਾਰਖੰਡ ਨੂੰ ਟੋਟੇ-ਟੋਟੇ ਕਰਨ ਦੀ ਸਾਜ਼ਿਸ਼ ਹੋ ਰਹੀ ਹੈ।

ਅੱਜ ਵਿਸ਼ਵੀਕਰਨ, ਆਰਥਕ ਉਦਾਰੀਕਰਨ, ਸਨਅਤੀਕਰਨ, ਖੁਦਾਈ ਤੇ ਵਿਨਾਸ਼ਕਾਰੀ ਵਿਕਾਸ ਦੇ ਨਾਂ 'ਤੇ ਸਾਮਰਾਜਵਾਦ ਦੇ ਹਮਲੇ ਖਿਲਾਫ਼ ਇਕ ਵੱਡੀ ਲੜਾਈ ਦੀ ਲੋੜ ਹੈ। ਇਹ ਲੜਾਈ ਆਦੀਵਾਸੀ ਤਾਂ ਕੀ, ਕੋਈ ਵੀ ਲੁੱਟ-ਘਸੁੱਟ

ਦੇ ਸ਼ਿਕਾਰ ਫਿਰਕੇ ਵੱਖਰੇ ਵੱਖਰੇ ਰਹਿ ਕੇ ਕਾਰਗਲ ਢੰਗ ਨਾਲ ਨਹੀਂ ਲੜ ਸਕਦੇ, ਨਾ ਹੀ ਕੁਝ ਹਾਸਲ ਕਰ ਸਕਦੇ ਹਨ। ਇਸ ਅਸਲੀਅਤ ਨੂੰ ਸਮਝਣਾ ਪੈਣਾ ਹੈ। ਤੰਗਨਜ਼ਰ ਜਾਤੀ ਰਾਜਨੀਤੀ ਕਰਨ ਜਾਣੇ ਜਾਂ ਅਣਜਾਣੇ ਸਾਮਰਾਜਵਾਦ, ਦਲਾਲ ਪੂੰਜੀਵਾਦ ਤੇ ਫਾਸ਼ੀਵਾਦ ਸਾਜ਼ਿਸ਼ ਦਾ ਹੀ ਹਿੱਸਾ ਹੈ। ਅੱਜ ਝਾਰਖੰਡ ਹੀ ਨਹੀਂ, ਦੇਸ਼ ਤੇ ਦੁਨੀਆਂ ਦੇ ਆਦੀਵਾਸੀਆਂ ਨੂੰ ਹੋਰ ਲੁੱਟੇ-ਘਸੁੱਟੇ ਵਰਗਾਂ ਦੇ ਨਾਲ ਇਕ ਜੁੱਟ ਹੋ ਕੇ ਜਮਰੂਹੀ ਸੰਘਰਸ਼ ਰਾਹੀਂ ਆਪਣੀ ਹੋਂਦ ਦੀ ਰਾਖੀ ਕਰਨੀ ਹੋਵੇਗੀ ਤੇ ਮੁਕਤੀ ਦੀ ਮੰਜ਼ਿਲ ਨੂੰ ਹਾਸਲ ਕਰਨਾ ਹੋਵੇਗਾ।

**ਹਾਕਮ ਜਮਾਤ ਦੀ ਸੰਸਦੀ ਰਾਜਨੀਤੀ** - ਜਿਥੋਂ ਤੱਕ ਦਲਿਤ ਰਾਜਨੀਤੀ ਦੀ ਬਦੌਲਤ ਮੁੱਖ ਮੰਤਰੀ ਮਾਇਆਵਤੀ ਵੱਲੋਂ ਸੱਤਾ ਤੇ ਕਾਬਜ਼ ਹੋਣ ਦੀ ਗੱਲ ਹੈ। ਨੂੰ ਜੋ ਲੋਕ ਰਾਜਸੀ ਆਦਰਸ਼ ਜਾਂ ਮੰਡਲ ਮੰਨਦੇ ਹਨ, ਉਨ੍ਹਾਂ ਨੂੰ ਇਹ ਸਮਝਣਾ ਪਵੇਗਾ ਕਿ ਮਾਇਆਵਤੀ ਦੇ ਮੁਖ ਮੰਤਰੀ ਬਣ ਜਾਣ ਦਾ ਅਰਥ ਦਲਿਤਾਂ ਦਾ ਰਾਜ ਨਹੀਂ। ਮੁੱਖ ਗੱਲ ਹੈ ਅਨਿਆਂ, ਸੋਸ਼ਣ-ਅੱਤਿਆਚਾਰ ਤੇ ਗੁਲਾਮੀ ਤੋਂ ਮੁਕਤੀ। ਅੱਜ ਭਲੇ ਹੀ ਮਾਇਆਵਤੀ ਮੁੱਖ ਮੰਤਰੀ ਦੇ ਅਹੁਦੇ ’ਤੇ ਕਾਬਜ ਹੋ ਗਈ ਹੈ ਪਰ ਕਿ ਦਲਿਤ ਸਮਾਜ ਦੀ ਮੁਕਤੀ ਹੋ ਗਈ? ਕੀ ਦਲਿਤਾਂ ਨਾਲ ਧੱਕਾ, ਜਬਰ, ਬਲਾਤਕਾਰ ਤੇ ਉਨ੍ਹਾਂ ਦੇ ਕਤਲ, ਬੰਦ ਹੋ ਗਏ?

ਮੁੱਖ ਮੰਤਰੀ ਬਣਨ ਪਿਛੋਂ ਮਾਇਆਵਤੀ ਨੇ ਅੰਬੇਦਕਰ ਦੇ ਨਾਂ ’ਤੇ ਬਹੁਤ ਸਾਰੇ ਸਮਾਰਕ ਖੜ੍ਹੇ ਕੀਤੇ, ਪਾਰਕ ਵੀ ਬਣਵਾਏ, ਪਰ ਦਲਿਤਾਂ ਦੀ ਸਿੱਖਿਆ ਤੇ ਰੁਜ਼ਗਾਰ ਹਿੱਤ ਕੋਈ ਠੋਸ ਪ੍ਰੋਗਰਾਮ ਨਹੀਂ ਹੈ। ਉੱਤਰ ਪ੍ਰਦੇਸ਼ ਤੇ ਆਦੀਵਾਸੀ, ਦਲਿਤ ਅਜੇ ਵੀ ਗਰੀਬੀ, ਬੇਕਾਰੀ, ਭੁਖਮਰੀ ਨਾਲ ਮਰ ਰਹੇ ਹਨ। ਆਪਣੀ ਜ਼ਮੀਨ ਤੋਂ ਬੇਦਖਲ ਹੋਏ ਆਦੀਵਾਸੀਆਂ ਤੇ ਦਲਿਤਾਂ ਨੂੰ ਜ਼ਮੀਨ ’ਤੇ ਅਧਿਕਾਰ ਹਾਸਲ ਨਹੀਂ ਹੋ ਸਕਿਆ ਹੈ। ਕਈ ਆਦੀਵਾਸੀ ਤੇ ਦਲਿਤ ਵਿਚ ਅਕਾਲ ਅਤੇ ਸੋਕਾ ਹੈ। ਸੋਨਭੱਦਰ ਬੁੰਦੇਲਖੰਡਾ ਵਰਗੇ ਆਦੀਵਾਸੀ-ਦਲਿਤ ਇਲਾਕਿਆਂ ਵਿਚ ਪੀਣ ਦੇ ਪਾਣੀ ਦਾ ਗੰਭੀਰ ਸੰਕਟ ਹੈ। ਅਜਿਹੇ ਵਿਚ ਜੇ ਕੋਈ ਜਾਤੀ ਨੇਤਾ ਉਸ ਵਰਗ ਦੇ ਵੋਟ ਬੈਂਕ ਨਾਲ ਰਾਜਸੱਤਾ ’ਤੇ ਕਾਬਜ ਹੋ ਵੀ ਜਾਂਦਾ ਹੈ, ਪਰ ਜੇ ਉਸ ਫਿਰਕੇ ਦੀ ਸਥਿਤੀ ਉਹੀ ਰਹਿੰਦੀ ਹੈ ਅਤੇ ਉਹ ਉਸੇ ਗਰੀਬੀ, ਲਚਾਰੀ, ਬੀਮਾਰੀ ਦੁਰਦਸ਼ਾ ਤੇ ਬਦਹਾਲੀ ਦਾ ਜੀਵਨ ਜਿਉਂ ਰਿਹਾ ਹੈ, ਉਨ੍ਹਾਂ ਦੀਆਂ ਝੁੱਗੀਆਂ ਸਾੜੀਆਂ ਜਾ ਰਹੀਆਂ ਹਨ, ਉਨ੍ਹਾਂ ਦੀਆਂ ਬੇਟੀਆਂ-ਬਹੂਆਂ ਦੀ ਇੱਜਤ ਲੁੱਟੀ ਜਾ ਰਹੀ ਹੈ ਤਾਂ ਕਿਸੇ ਜਾਤੀ ਦੇ ਨਾਂ ’ਤੇ ਸਿਰਫ ਵੋਟ ਬੈਂਕ ਦੀ ਰਾਜਨੀਤੀ ਕਰਕੇ ਜਾਤੀ ਮੁਦਿਆਂ ਨੂੰ ਸੱਤਾ ਦੀ ਪੌੜੀ ਵਜੋਂ ਵਰਤੋਂ ਕਰਨਾ ਉਸ ਫਿਰਕੇ ਨਾਲ ਰਾਜਸੀ ਧੋਖਾ ਨਹੀਂ ਹੈ?

**ਇਕ ਸਮੇਂ ਕਾਂਸੀ ਅਤੇ ਮਾਇਆਵਤੀ ਦਾ ਨਾਅਰਾ ਸੀ** - ‘ਤਿਲਕ, ਤਰਾਜੂ, ਤਲਵਾਰ ਜੁੱਤੇ ਮਾਰੋ ਚਾਰ’। ਪਰ ਅੱਜ ਸੱਤਾ ਵਿਚ ਆਉਣ ਪਿਛੋਂ ਮਾਇਆਵਤੀ ਦਿੱਲੀ ਦੇਸ਼ ਦੇ ਵੱਖ ਵੱਖ ਹਿੱਸਿਆਂ ’ਚ ਭਾਈਚਾਰਾ ਰੈਲੀ ਕਰ ਰਹੀ ਹੈ। ਹੁਣ ਉਸ ਦਾ ਨਾਅਰਾ ਬਦਲ ਗਿਆ ਹੈ ‘ਹਾਥੀ ਨਹੀਂ ਗਣੇਸ਼ ਹੈ, ਬ੍ਰਹਾਮਣ ਵਿਸ਼ਨੂੰ ਮਹੇਸ਼ ਹੈ’। ਮਾਇਆਵਤੀ ਤੇ ਬਸਪਾ ਦੇ ਨੇਤਾ ਜਨਤਾ ਨੂੰ ਸਮਝਾ ਰਹੇ ਹਨ ਕਿ ਬਸਪਾ ਲਈ ਹਾਥੀ ਹੁਣ ਚੋਣ ਨਿਸ਼ਾਨ ਨਹੀਂ ਬਲਕਿ ਹਾਥੀ ਹੁਣ ਵਿਸ਼ਨੂੰ ਦੇਵਤਾ ਦਾ ਅਵਤਾਰ ਹੈ ਜਿਸ ’ਤੇ ਰਾਜਨੀਤੀ ਸੱਤਾ ਚਲਾਵਾਂਗੇ। ਦਲਿਤਾਂ, ਪਿਛੜਿਆਂ ਹਰੀਜਨਾ, ਆਦੀਵਾਸੀਆਂ,

ਮਜ਼ਦੂਰਾਂ, ਕਿਸਾਨਾਂ, ਘੱਟ ਗਿਣਤੀਆਂ ਤੇ ਹੋਰ ਲੁੱਟੇ ਜਾਂਦੇ ਤੇ ਵਾਂਝਿਆਂ ਦੇ ਨਾਲ ਵਿਆਪਕ ਏਕਤਾ ਬਣਾਉਣ ਦੀ ਬਜਾਏ ਮਾਇਆਵਤੀ ਜੀ ਸਿਰਫ ਹਕੂਮਤ 'ਚ ਬਣੇ ਰਹਿਣ ਲਈ ਦਲਿਤਾਂ ਦੇ ਮੂਲ ਮੁੱਦੇ ਤੋਂ ਹਟ ਕੇ ਸਵਰਣਾ ਅਤੇ ਹੋਰ ਉੱਚ ਜਾਤੀਆਂ ਦੇ ਨਾਲ ਸਮਝੌਤਾ ਕਰ ਰਹੀ ਹੈ। ਬ੍ਰਾਹਮਣਵਾਦ ਤੇ ਭਾਜਪਾ ਨੂੰ ਉਹ ਗਾਲਾਂ ਦਿੰਦੀ ਹੁੰਦੀ ਸੀ ਪਰ ਅੱਜ ਉਨ੍ਹਾਂ ਨੂੰ ਗਠਜੋੜ ਕਰਕੇ ਸੱਤਾ ਸੁੱਖ ਭੋਗ ਰਹੀ ਹੈ। ਡਾ. ਅੰਬੇਦਕਰ ਆਖਿਆ ਕਰਦੇ ਸਨ 'ਬ੍ਰਾਹਮਣਵਾਦ ਤੇ ਪੂੰਜੀਵਾਦ ਦੋਨੋਂ ਦਲਿਤਾਂ ਦੇ ਦੁਸ਼ਮਣ ਹਨ'। ਪਰ ਕਾਂਸ਼ੀਆਮ ਤੇ ਮਾਇਆਵਤੀ ਦੋਹਾਂ ਨੇ ਆਪਣੀਆਂ ਰਾਜਸੀ ਲਾਲਸਾਵਾਂ ਨੂੰ ਪੂਰਾ ਕਰਨ ਲਈ ਬ੍ਰਾਹਮਣਵਾਦ ਤੇ ਪੂੰਜੀਵਾਦ ਦੇ ਅੱਗੇ ਗੋਡੇ ਟੇਕ ਦਿੱਤੇ ਹਨ। ਬਸਪਾ ਨੂੰ ਭਾਜਪਾ ਤੇ ਕਾਂਗਰਸ ਤੋਂ ਕੋਈ ਪ੍ਰਹੇਜ ਨਹੀਂ। ਕਿਉਂਕਿ ਇਹ ਦੋਨੋਂ ਹੀ ਪਾਰਟੀਆਂ ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਹਮਾਇਤੀ ਹਨ। ਬਸਪਾ ਰਾਜਸੀ ਮੌਕਾਪ੍ਰਸਤੀ ਤੇ ਪੂੰਜੀਵਾਦ ਪੱਖੀ ਬਣ ਗਈ ਹੈ। ਦੂਜੇ ਪਾਸੇ ਪਿਛੜਿਆਂ ਦੇ ਨੇਤਾ ਲਾਲੂ ਯਾਦਵ (ਰਾਜਦ) ਸਮਾਜਕ ਨਿਆਂ ਦੇ ਮੁੱਦੇ 'ਤੇ ਬਿਹਾਰ ਦੇ ਮੁੱਖ ਮੰਤਰੀ ਬਣੇ, ਪਰ ਅੱਜ ਉਹ ਮੁੱਦਾ ਉਨ੍ਹਾਂ ਲਈ ਨਹੀਂ ਰਹਿ ਗਿਆ ਹੈ। ਇਸ ਤਰ੍ਹਾਂ ਨਾਲ ਆਦੀਵਾਸੀਆਂ, ਦਲਿਤਾਂ ਤੇ ਪਿਛੜਿਆ ਦਾ ਸੰਘਰਸ਼ ਵੋਟ ਤੇ ਸੰਸਦੀ ਸੱਤਾ ਦੇ ਗਲਿਹਿਰਿਆਂ 'ਚ ਵਿਲੀਨ ਹੋ ਜਾਂਦਾ ਹੈ। ਨੇਤਾ ਸੱਤਾ 'ਚ ਆਉਂਦੇ ਹਨ ਤਾਂ ਅਸਲੀ ਮੁੱਦੇ ਗਾਇਬ ਹੋ ਜਾਂਦੇ ਹਨ। ਹਕੂਮਤੀ ਜਮਾਤ ਦੀ ਸੰਸਦੀ ਸੱਤਾ ਦੀ ਰਾਜਨੀਤੀ ਵਿਚ ਆਦੀਵਾਸੀ, ਦਲਿਤ ਜਾਂ ਪਿਛੜੇ ਨੇਤਾਵਾਂ ਦੀ ਇਹੀ ਦੁਰਦਸ਼ਾ ਹੁੰਦੀ ਹੈ।

ਇਲਕਲਾਬੀ ਕਮਿਊਨਿਸਟ ਲੋਕ ਨੁਮਾਇੰਦਿਆਂ ਨੂੰ ਛੱਡ ਬਾਕੀ ਸਭ ਸਾਰੇ ਨੇਤਾ ਦੇਸ਼ ਦੇ ਵਰਤਮਾਨ ਲੋਕਰਾਜ ਦੀ ਪਾਰਟੀ ਰਾਜਨੀਤੀ ਦੀ ਦਲਦਲ ਵਿਚ ਫਸ ਕੇ ਰਹਿ ਜਾਂਦੇ ਹਨ। ਉਹ ਪੂੰਜੀਵਾਦੀ ਸੱਤਾ ਵਿਚ ਸ਼ਾਮਲ ਹੋ ਕੇ ਲੁੱਟ ਦੀ ਵਿਵਸਥਾ ਵਿਚ ਸ਼ਾਮਲ ਜਾਂਦੇ ਹਨ। ਆਦੀਵਾਸੀ ਦਲਿਤ ਜਾਂ ਪਿਛੜਿਆਂ ਆਦਿ ਦੇ ਨਾਂ 'ਤੇ ਵੋਟਾਂ ਦੀ ਜਾਤੀਵਾਦੀ-ਮੌਕਾਪ੍ਰਸਤ ਤੰਗਨਜ਼ਰ ਰਾਜਨੀਤਿਕ ਧਾਰਾ ਨਾਲ ਹੀ ਸਾਡਾ ਵਿਰੋਧ ਹੈ ਕਿਉਂਕਿ ਇਹ ਲੁੱਟੇ ਤੇ ਕੁੱਟੇ ਜਾਂਦੇ ਵਰਗਾਂ ਦੀ ਵਿਆਪਕ ਏਕਤਾ ਨੂੰ ਤੋੜ ਕੇ ਵਿਆਪਕ ਲੋਕ ਸੰਘਰਸ਼ਾਂ ਨੂੰ ਤੋੜਨ ਦੀ ਰਾਜਨੀਤੀ ਹੈ।

**ਪਾੜੋ ਅਤੇ ਰਾਜ ਕਰੋ** - ਅੱਜ ਝਾਰਖੰਡ ਹੀ ਨਹੀਂ ਪੂਰੀ ਦੁਨੀਆਂ ਵਿਚ ਪੂੰਜੀਵਾਦੀ ਸਾਮਰਾਜਵਾਦੀ ਲੁਟ-ਜਬਰ, ਸੋਸ਼ਣ ਤੇ ਅੱਤਿਆਚਾਰ ਵਿਰੁੱਧ ਗਰੀਬਾਂ ਲੁੱਟੇ ਜਾਂਦਿਆਂ, ਪੀੜਤਾਂ ਤੇ ਵਾਝਿਆਂ ਦਾ ਇਕਜੁੱਟ ਲੋਕ ਸੰਘਰਸ਼ ਤੇਜ਼ ਹੋ ਰਿਹਾ ਹੈ। ਇਸ ਤੋਂ ਘਬਰਾ ਕੇ ਪੂੰਜੀਵਾਦੀ ਲੁਟੇਰਾ ਵਰਗ (ਹਾਕਮ ਜਮਾਤ) ਦਲਾਲ ਨੇਤਾ ਪੈਦਾ ਕਰਕੇ (ਪੈਸੇ ਦੇ ਕੇ) ਜਾਤੀ ਦੇ ਫਿਰਕਾਪ੍ਰਸਤ ਰਾਜਨੀਤੀ ਨੂੰ ਉਤਸ਼ਾਹਿਤ ਕਰ ਰਿਹਾ ਹੈ। ਲੋਕ ਪੂੰਜੀਪਤੀਆਂ ਵੱਲੋਂ ਪ੍ਰਯੋਜਿਤ ਅਜਿਹੇ ਦੋਹਰੇ ਰਾਜਸੀ ਕਿਰਦਾਰ ਵਾਲੇ ਨੇਤਾਵਾਂ ਦੀ ਪਹਿਚਾਣ ਕਰੇ ਅਤੇ ਉਨ੍ਹਾਂ ਨੂੰ ਖਾਰਜ ਕਰੇ। ਨਹੀਂ ਤਾਂ ਆਦੀਵਾਸੀ-ਦਲਿਤ ਪੀੜੀ-ਦਰ-ਪੀੜੀ ਲੁੱਟੇ ਕੁੱਟੇ ਜਾਂਦੇ ਰਹਿਣਗੇ।

**ਮੁਕਤੀ ਲਈ ਸਹੀ ਰਾਜਨੀਤੀ** - ਜੇ ਆਦੀਵਾਸੀ ਜਾਂ ਦਲਿਤ ਨੇਤਾ ਆਪਣੇ ਸੂਬੇ ਜਾਂ ਦੇਸ਼ ਵਿਚ ਆਪਣੇ ਫਿਰਕੇ ਦਾ ਭਲਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਦੋਸਤ ਤੇ ਦੁਸ਼ਮਣ ਜਮਾਤਾਂ ਦੀ ਪਹਿਚਾਣ ਕਰਨੀ ਪੈਣੀ ਹੈ। ਝਾਰਖੰਡੀਆਂ ਦੀ ਲੜਾਈ ਹਮੇਸ਼ਾਂ ਸਾਮਰਾਜੀ ਤਾਕਤਾਂ, ਲੁਟੇਰਿਆਂ, ਜਿਮੀਦਾਰਾਂ, ਮਹਾਜਨਾਂ, ਸੂਦਖੋਰਾਂ, ਜ਼ਮੀਨ ਲੁਟੇਰਿਆਂ

ਤੇ ਅਤਿਆਚਾਰੀਆਂ ਖਿਲਾਫ ਅਜੇ ਨਹੀਂ ਹੈ। ਬਿਰਸਾ ਮੁੰਡਾ, ਤਿਲਕਾ ਮਾਂਝੀ, ਸਿਧੋ, ਕਾਹਨੋ, ਬੀਰ ਬਧੂ ਭਗਤ ਆਦਿ ਝਾਰਖੰਡ ਦੇ ਪ੍ਰਖਤਾ ਲੜਾਕੇ ਇਸ ਰਾਜਸੀ ਲੜਾਈ ਦੇ ਨਾਇਕ ਰਹੇ। ਅੱਜ ਬਿਰਸਾ ਮੁੰਡਾ ਦੀ ਰਵਾਇਤ। ਧਾਰਾ ਦੀ ਰਾਜਨੀਤੀ ਨੂੰ ਫਿਰ ਤੋਂ ਖੜ੍ਹਾ ਕਰਨਾ ਪੈ ਸਕਦੈ। ਜਲ-ਜੰਗਲ-ਜ਼ਮੀਨ ਤੇ ਸਵੈਸਾਸ਼ਨ, ਆਦੀ-ਝਾਰਖੰਡੀ ਰਾਜਨੀਤੀ ਪਹਿਚਾਣ ਦੀ ਰਾਜਨੀਤੀ ਹੋਣੀ ਚਾਹੀਦੀ ਹੈ। ਉਦਾਰੀਕਰਨ, ਵਿਸ਼ਵੀਕਰਨ, ਸਾਮਰਾਜਵਾਦ, ਦਲਾਲ ਪੂੰਜੀ, ਜਾਗੀਰਦਾਰੀ, ਫਿਰਕਾਪ੍ਰਸਤ ਫਾਸ਼ੀਵਾਦ, ਬਾਜ਼ਾਰਵਾਦ, ਲੁਟ ਅਤੇ ਜਬਰ ਆਦਿ ਖਤਰਿਆਂ। ਚੁਣੌਤੀਆਂ ਦੇ ਮੱਦੇਨਜ਼ਰ ਲੁਟੇ-ਕੁਟੇ ਜਾਂਦੇ ਵਰਗਾਂ ਦੀ ਮੁਕਤੀ ਲਈ ਵਿਆਪਕ ਏਕਤਾ ਵਾਲੇ ਜ਼ਮੀਨੀ ਸੰਘਰਸ਼ ਦੀ ਦਿਸ਼ਾ ਵਿਚ ਅੱਗੇ ਵਧਣਾ ਹੋਵੇਗਾ। ਭਗਤ ਸਿੰਘ, ਬਿਰਾ ਮੁੰਡਾ, ਤਿਲਕਾ ਮਾਂਝੀ, ਸਿੱਧੂ ਕਾਹਨੂੰ ਤੇ ਬੀਰ ਬਧੂ ਭਗਤ ਦਾ ਸਾਮਰਾਜਵਾਦ ਤੇ ਜਾਗੀਰਦਾਰੀ ਵਿਰੋਧੀ ਇਲਕਲਾਬੀ ਸੰਘਰਸ਼ ਮੁਕਤੀ ਦਾ ਰਾਹ ਹੈ।

# ਖੂੰਖਾਰ ਅਪਰਾਧੀ ਤੇ ਜੇਹਲ

ਮਹਾਰਾਸ਼ਟਰ ਦੀਆਂ ਜ਼ੇਲਾਂ ਦੀ ਸਖਤ ਸੁਰੱਖਿਆ ਵਾਲੀਆਂ ਦੀਵਾਰਾਂ ਅੰਦਰ ਛੋਟੇ, ਧਰਮਿੰਦਰ ਸ਼ਾਹ ਤੇ ਡੀ ਕੇ ਰਾਓ ਵਰਗੇ ਮਾਫੀਆ ਸਰਗਣਿਆਂ ਦਾ ਕਾਰੋਬਾਰ ਬਿਨਾਂ ਕਿਸੇ ਰੁਕਾਵਟ ਦੇ ਚੱਲ ਰਿਹਾ ਹੈ, ਇਸ ਵਿਚ ਉਨ੍ਹਾਂ ਨੂੰ ਡਿਊਟੀ 'ਤੇ ਤੈਨਾਤ ਅਧਿਕਾਰੀਆਂ ਤੋਂ ਵੀ ਥੋੜ੍ਹੀ ਬਹੁਤੀ ਮਦਦ ਮਿਲਦੀ ਹੈ। ਮੋਬਾਇਲ ਫੋਨ ਅਤੇ ਚਾਕੂ ਤੋਂ ਲੈ ਕੇ ਬ੍ਰਾਂਡਿਡ ਕੱਪੜੇ ਤੇ ਮਾਰਲਬਰੋ ਲਾਈਟ੍ਸ ਦੇ ਪੈਕਟ ਤੱਕ, ਸਭ ਕੁਝ ਜ਼ੇਲ ਵਿਚ ਚੋਰੀ-ਛਿਪੇ ਉਨ੍ਹਾਂ ਕੋਲ ਪਹੁੰਚ ਜਾਂਦਾ ਹੈ, ਸਖਤ ਸੁਰੱਖਿਆ ਵਾਲੀ ਭਾਇਰਖਲਾ ਜ਼ੇਲ ਦੇ ਕੈਦੀਆਂ 'ਤੇ ਮਾਰੇ ਗਏ ਛਾਪੇ ਦੌਰਾਨ ਉਨ੍ਹਾਂ ਕੋਲ ਤਾਂ ਮੋਬਾਇਲ ਫੋਨ, ਚਾਰਜਰ ਤੇ ਚਾਕੂ ਮਿਲੇ ਬਲਕਿ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਮਦਦ ਕਰਨ ਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੇ ਦੋਸ਼ ਤਹਿਤ ਚਾਰ ਅਧਿਕਾਰੀਆਂ ਤਾਂ ਚਾਰ ਸਿਪਾਹੀਆਂ ਨੂੰ ਮੁਅਤਲ ਕਰ ਦਿੱਤਾ ਗਿਆ ਅਪਰਾਧ ਸ਼ਾਖਾ ਦੇ ਵਧੀਕ ਪੁਲਿਸ ਕਮਿਸ਼ਨਰ ਦੇਵੇਨ ਭਾਰਤੀ ਅਨੁਸਾਰ 'ਅਸੀਂ ਛੋਟੇ 'ਤੇ ਉਸ ਦੇ ਗਰੋਹ ਖਿਲਾਫ਼ ਮਹਾਰਸ਼ਟਰ ਜਥੇਬੰਦ ਅਪਰਾਧ ਕੰਟਰੋਲ ਕਾਨੂੰਨ ਦੇ ਤਹਿਤ ਕੇਸ ਦਰਜ ਕੀਤੇ ਗਏ ਹਨ, ਅਸੀਂ ਉਸ ਖਿਲਾਫ਼ ਸਬੂਤ ਇਕੱਠ ਕਰ ਰਹੇ ਹਾਂ ਅਤੇ ਜਲਦੀ ਹੀ ਦੋਸ਼ ਸੂਚੀ ਜਾਰੀ ਕਰਾਂਗੇ।' ਪੁਲਿਸ ਨੇ ਇਹ ਵੀ ਦੱਸਿਆ ਕਿ ਜਿਥੇ ਛੋਟੇ ਸਥਾਨਕ ਮਾਫੀਆ ਸਰਗਨਾ ਹੈ ਉਥੇ ਅਸਲੀ ਬਾਸ ਬੰਟੀ ਪਾਂਡੇ ਹੈ, ਜੋ ਫਰਾਰ ਹੈ।

ਬਿਲਡਰਾਂ, ਜੇਵਰਾਂ ਦੀਆਂ ਦੁਕਾਨਾਂ ਦੇ ਮਾਲਕਾਂ ਤੇ ਹੋਟਲਿਅਰਾਂ ਤੋਂ ਜਬਰੀ ਪੈਸੇ ਵਸੂਲਣ ਦੇ ਆਰਡਰ ਜਾਰੀ ਕਰਦਾ ਸੀ, ਮੁੰਬਈ ਅਪਰਾਧ ਜਗਤ ਦਾ ਧਿਆਨ ਬਾਲੀਵੁੱਡ ਦੀ ਥਾਂ ਸਥਾਨਕ ਕਾਰੋਬਾਰੀਆਂ 'ਤੇ ਕੇਂਦਰਿਤ ਹੋ ਗਿਆ ਹੈ ਕਿਉਂਕਿ ਉੱਚੀ ਪਹੁੰਚ ਵਾਲੀਆਂ ਪੁਲਿਸ ਹਸਤੀਆਂ ਦੀ ਤੁਲਨਾ ਵਿਚ ਇਸ ਸੌਖੇ ਸ਼ਿਕਾਰ ਹਨ। ਜ਼ੇਲ ਤੋਂ ਬਾਹਰ ਗੋਲੀ ਚੱਲਣ ਦੀ ਘਟਨਾ 'ਚ ਛੋਟੇ ਦੇ ਸ਼ਾਮਲ ਹੋਣ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਰਾਜ ਦੀਆਂ ਕੇਂਦਰੀ ਤੇ ਜਿਲਾ ਜੇਲ੍ਹਾਂ ਦੀ ਹਾਲਤ ਕਿੰਨੀ ਖਰਾਬ ਹੈ, ਸੂਚਨਾਵਾਂ ਤੇ ਹੁਕਮਾਂ ਦਾ ਲੈਣ-ਦੇਣ ਅਕਸਰ ਉਸ ਸਮੇਂ ਹੁੰਦਾ ਹੈ ਜਦ ਕੈਦੀਆਂ ਦੇ ਰਿਸ਼ਤੇਦਾਰ ਤੇ ਵਕੀਲ ਹਫ਼ਤੇ 'ਚ ਦੋ ਵਾਰੀ ਉਨ੍ਹਾਂ ਨੂੰ ਮਿਲਣ ਆਉਂਦੇ ਹਨ। ਇਸ ਤੋਂ ਇਲਾਵਾ, ਜਦ ਕਿਸੇ ਬੀਮਾਰ ਕੈਦੀ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਜਾਂਦਾ ਹੈ ਤਾਂ ਉਸ ਦੇ ਰਿਸ਼ਤੇਦਾਰ ਤੇ ਵਕੀਲ ਉਥੇ ਵੀ ਉਸ ਨੂੰ ਮਿਲਣ ਆਉਂਦੇ ਹਨ। ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਦੀ ਜੇਲ੍ਹ ਦੀ ਚਾਰਦਿਵਾਰੀ ਤੋਂ ਬਾਹਰ ਜਾਣ ਲਈ ਅਕਸਰ ਬੀਅਰ ਹੋਣ ਦਾ ਢੋਂਗ ਰਚ ਲੈਂਦੇ ਹਨ। ਜੇਲ੍ਹ ਤੋਂ ਇਕ ਵਾਰੀ ਬਾਹਰ ਆ ਜਾਣ 'ਤੇ ਉਨ੍ਹਾਂ ਦੀ ਹਰ ਸਰਗਰਮੀ 'ਤੇ ਨਜ਼ਰ ਰੱਖਣੀ ਮੁਸ਼ਕਿਲ ਹੋ ਜਾਂਦੀ ਹੈ। ਜੇਲ੍ਹ ਵੈਨ ਦੇ ਪਿੱਛੇ ਪਿੱਛੇ ਮੋਟਰ ਸਾਈਕਲ ਸਵਾਰ ਲੱਗ ਜਾਂਦੇ ਹਨ ਜੋ ਖਿੜਕੀ ਦੇ ਜ਼ਰੀਏ ਆਪਣ 'ਬੋਸ' ਨਾਲ 'ਬਿਜਨਸ' ਦੀਆਂ ਗੱਲਾਂ ਕਰਦੇ ਹਨ ਜਾਂ ਇਕ ਦੂਜੇ ਸਹਿਯੋਗੀਆਂ ਨਾਲ ਗੱਲ ਕਰਨ ਲਈ ਮੋਬਾਇਲਾਂ ਦਾ ਫੌਰਨ ਲੈਣ-ਦੇਣ ਹੋ ਜਾਂਦਾ ਹੈ।

ਮਸਲਨ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲਾ ਇਕ ਖੂੰਖਾਰ ਦੱਖਣੀ

ਭਾਰਤੀ ਮਾਫੀਆ ਸਰਗਨੀ, ਜੋ ਨਾਸਿਕ ਜੇਲ੍ਹ ਵਿਚ ਬੰਦੀ ਸੀ, ਗੁਰਦਿਆਂ 'ਚ ਖਰਾਬੀ ਦੇ ਬਹਾਨੇ ਮੁੰਬਈ ਗਿਆ, ਜਿਸ ਨੂੰ ਜਦ ਇਲਾਜ ਲਈ ਹਸਪਤਾਲ 'ਚ ਰਸਮੀ 'ਭਰਤੀ' ਕਰਵਾਇਆ ਗਿਆ ਉਹ ਅਸਲ ਵਿਚ ਮੁੰਬਈ ਤੋਂ ਮਲੇਸ਼ੀਆ ਜਾ ਰਹੇ ਇਕ ਜਹਾਜ਼ ਵਿਚ ਸਵਾਰ ਸੀ, ਉਹ ਆਪਣੇ ਬੌਸ ਛੋਟਾ ਰਾਜਨ ਨੂੰ ਮਿਲਣ ਉਥੇ ਜਾ ਰਿਹਾ ਸੀ। ਮੁਬੰਈ ਪੁਲਿਸ ਅਪਰਾਧ ਸ਼ਾਖਾ ਦੀ ਅਪਰਾਧਿਕ ਖੁਫੀਆ ਇਕਾਈ ਨੇ 2005 'ਚ ਆਰਥਰ ਰੋਡ ਜੇਲ੍ਹ ਵਿਚ ਬੰਦ ਮਾਫੀਆ ਸਰਗਨਾ ਡੀ. ਕੇ. ਰਾਓ ਨੂੰ ਆਪਣੇ ਗਰੋਹ ਦੇ ਮੈਂਬਰਾਂ ਨਾਲ ਗੱਲ ਕਰਦਿਆਂ ਵੇਖਿਆ ਸੈੱਲਫੋਨ 'ਤੇ ਹੀ ਹੋਈ ਗੱਲਬਾਤ ਦੇ ਟ੍ਰਾਂਸਕ੍ਰਿਪਟ ਵਿਚ ਪੁਲਿਸ ਨੇ ਵੇਖਿਆ ਕਿ ਉਹ ਆਪਣੇ ਬੌਸ ਰਾਜਨ, ਉਸਦੀ ਪਤਨੀ ਸੁਜਾਤਾ ਤੇ ਹੋਰ ਅਪਰਾਧੀਆਂ ਨਾਲ ਗੱਲ ਕਰਦਾ ਰਿਹਾ ਹੈ, ਟੇਪਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਰਾਓ ਨੇ ਨਾਸਕ ਜੇਲ੍ਹ ਵਿਚ 12 ਅਧਿਕਾਰੀਆਂ ਨੂੰ ਬਹਾਲ ਕਰਵਾਉਣ ਲਈ ਮਹਾਰਾਸ਼ਟਰ ਦੇ ਇਕ ਮੰਤਰੀ ਨੂੰ 2.5 ਕਰੋੜ ਦਿੱਤੇ ਸਨ। ਸਜਾਯਾਫਤਾ ਤੇ ਵਿਚਾਰਧੀਨ ਖ਼ੂੰਖਾਰ ਕੈਦੀ ਸਖ਼ਤ ਸੁਰੱਖਿਆ ਵਿਵਸਥਾ ਵਾਲੀਆਂ ਜੇਲ੍ਹਾਂ ਦੇ ਅੰਦਰ ਤੋਂ ਹੀ ਗਿਰੋਹਾਂ ਦੀਆਂ ਭਰਤੀ ਮੁਹਿੰਮਾਂ ਚਲਾਉਣ ਤੋਂ ਲੈ ਕੇ ਹੱਤਿਆ ਤੇ ਜਬਰੀ ਵਸੂਲੀ ਦੀ ਯੋਜਨਾ ਬਣਾਉਣ ਤੱਕ, ਹਰ ਚੀਜ਼ 'ਤੇ ਬਾਰੀਕ ਨਜ਼ਰ ਰੱਖਦੇ ਹਨ, ਵਕੀਲ ਅਤੇ ਫੌਜਦਾਰੀ ਕੇਸਾਂ ਦੇ ਮਾਹਿਰ ਮਾਜੀਦ ਮੇਮਨ ਕਹਿੰਦੇ ਹਨ "ਇਹ ਕੋਈ ਛੁਪਿਆ ਹੋਇਆ ਤੱਥ ਨਹੀਂ ਹੈ ਕਿ ਜੇਲ੍ਹ ਵਿਚ ਕੈਂਪਸ ਵਿਚ ਮੋਬਾਇਲ ਫੋਨ ਤੇ ਹੋਰ ਪਾਬੰਦੀਸ਼ੁਦਾ ਸਮਾਨ, ਇਥੋਂ ਤੱਕ ਕਿ ਕਦੀ ਕਦੀ ਹਥਿਆਰ ਵੀ ਮੁਹੱਈਆ ਹੁੰਦੇ ਹਨ।"

ਉਪ ਮਹਾਂਨਿਰੀਖਕ, ਕਾਰਗਰ ਰਜਨੀਸ਼ ਸੇਡੀ ਮੰਨਦੇ ਹਨ ਕਿ 'ਬੀਤੇ ਸਮੇਂ 'ਚ ਜੇਲ੍ਹ ਅਧਿਕਾਰੀਆਂ ਦੀ ਮਿਲੀ ਭੁਗਤ ਹੁੰਦੀ ਰਹੀ ਹੈ ਪਰ ਜਦ ਇਸ ਤਰ੍ਹਾਂ ਦਾ ਕੋਈ ਕੇਸ ਸਾਹਮਣੇ ਆਉਂਦਾ ਹੈ ਤਾਂ ਅਸੀਂ ਦੋਸ਼ੀ ਕਰਮਚਾਰੀਆਂ ਖਿਲਾਫ਼ ਕਾਰਵਾਈ ਕਰਦੇ ਹਾਂ।" ਜਦ ਕਦੀ ਗਰੋਹ ਦੇ ਮੈਂਬਰੀ ਪ੍ਰਬੰਧ ਨੂੰ ਧੋਖਾ ਦੇਣ 'ਚ ਅਸਫਲ ਹੋ ਜਾਂਦੇ ਹਨ ਤਾਂ ਉਹ ਜੇਲ੍ਹ 'ਚ ਬੈਠੇ ਆਪਣੇ ਸਰਗਨਿਆ ਨਾਲ ਗੱਲ ਕਰਨ ਲਈ ਨਵੇਂ ਤਰੀਕੇ ਲੱਭ ਲੈਂਦੇ ਹਨ, ਤੇ ਆਪਣੇ ਸਰਗਨਿਆਂ ਨੂੰ ਮਿਲਣ ਲਈ ਜੇਲ੍ਹ ਪਹੁੰਚ ਜਾਂਦੇ ਹਨ। ਆਰਥਕ ਰੋਡ ਜੇਹਲ ਇਸ ਤਰ੍ਹਾਂ ਦੀਆਂ ਸਰਗਰਮੀਆਂ ਲਈ ਖੁਖਾਤ ਹੈ ਕਿਉਂਕਿ ਉਥੇ ਇਸ ਤਰ੍ਹਾਂ ਦੀਆਂ ਘਟਨਾਵਾਂ ਦੇ ਬਾਵਜੂਦ ਕੁਝ ਲੋਕਾਂ ਦਾ ਮੰਨਣਾ ਹੈ ਕਿ ਜੇਹਲ 'ਚ ਬੰਦ ਮਾਫੀਆਂ ਸਰਗਨਿਆਂ 'ਤੇ ਸਖ਼ਤ ਨਜ਼ਰ ਰੱਖਣੀ ਸੰਭਵ ਹੈ। ਉਤਰ ਪ੍ਰਦੇਸ਼ ਦੀਆਂ ਕਈ ਜੇਹਲਾਂ 'ਚ ਅਪਰਾਧੀ ਗ੍ਰੋਹ ਡੀਜੇ ਲਾਈਟਸ ਤੇ ਨਿਜੀ ਪਾਰਟੀਆਂ ਦਾ ਆਯੋਜਨ ਕਰਦੇ ਹਨ। ਇਸ ਲਈ ਪੁਲਸੀਆਂ ਨੂੰ ਨਹੀਂ ਵਿਵਸਥਾ ਨੂੰ ਦੋਸ਼ ਦੇਣਾ ਚਾਹੀਦਾ ਹੈ। ਜੇਹਲਾਂ 'ਚ ਮਿਲੀ ਭੁਗਤ ਨਾਲ ਭਰਿਸ਼ਟਾਚਾਰ ਵਧ ਫੁੱਲ ਰਿਹਾ ਹੈ। ਜੇਹਲਾਂ ਦੀ ਕਾਰਜ ਪ੍ਰਣਾਲੀ ਸੁਧਾਰਨ ਦੀ ਲੋੜ ਹੈ।

# ਰਾਜਨੀਤੀ ਦਾ ਮਜ਼ਾਜ਼ ਤੇ ਮਾਇਆਵਤੀ

ਰਾਜਨੀਤੀ ਦਾ ਮਜ਼ਾਜ ਵੀ ਅਜੀਬ ਹੈ। ਕਿਹਾ ਵੀ ਜਾਂਦਾ ਹੈ ਕਿ ਇਥੇ ਕੋਈ ਸਥਾਈ ਦੋਸਤ ਜਾਂ ਦੁਸ਼ਮਣ ਨਹੀਂ ਹੁੰਦਾ। ਵਕਤ ਦੇ ਨਾਲ ਤਰਜੀਹਾਂ ਦੇ ਰਿਸ਼ਤੇ ਹਮੇਸ਼ਾ ਬਦਲਦੇ ਰਹਿੰਦੇ ਹਨ। ਦਿੱਲੀ ਦੀ ਗੱਦੀ ਤੇ ਕਬਜ਼ੇ ਦਾ ਸੁਪਨਾ ਸੰਜੋਈ ਬੈਠੀ ਬਸਪਾ ਸੁਪਰੀਮੋ ਮਾਇਆਵਤੀ ਦੇ ਨਾਲ ਵੀ ਕੁਝ ਐਸਾ ਹੀ ਹੈ। ਵੱਖ ਵੱਖ ਰਾਜਸੀ ਪਾਰਟੀਆਂ ਨਾਲ ਆਪਣੇ ਬਣਦੇ ਵਿਗੜਦੇ ਰਿਸ਼ਤਿਆਂ ਦੇ ਦੌਰ ਵਿਚ ਉਹਨਾਂ ਦੀਆਂ ਤਰਜੀਹਾਂ ਵੀ ਨਾਲ ਨਾਲ ਬਦਲ ਰਹੀਆਂ ਹਨ। ਕਲ੍ਹ ਤੱਕ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ’ਤੇ ਹਮਲਾ ਕਰਦੀ ਰਹੀ ਅੱਜ ਉਹਨਾਂ ਨੂੰ ਪੁਚਕਾਰਨ ’ਚ ਲੱਗੀ ਹੋਈ ਹੈ। ਬਹੁਬਲੀ ਨੇਤਾਵਾਂ ਨੂੰ ਕਈ ਤਰ੍ਹਾਂ ਦੇ ਲਾਲਚ ਦਿੱਤੇ ਜਾ ਰਹੇ ਹਨ। ਉਹਨਾਂ ਨਾਲ ਕਈ ਸੌਦੇ ਹੋ ਰਹੇ ਹਨ ਤਾਂ ਕਿ ਉਹ ਬਸਪਾ ਦੇ ਰਾਜਸੀ ਸਫਰ ਨੂੰ ਅੱਗੇ ਵਧਾਉਣ ਦਾ ਕੰਮ ਕਰਨ। ਬਕਾਇਦਾ ਉਸ ਲਈ ਮਾਇਆਵਤੀ ਨੇ ਆਪਣੇ ਤਿੰਨ ਮਹੱਤਵਪੂਰਨ ਨੇਤਾਵਾਂ ਨੂੰ ਇਸ ਮੋਰਚੇ ਤੇ ਤਾਇਨਾਤ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਆਪਣੀ ਇਸ ਮੁਹਿੰਮ ਦੇ ਸਿਲਸਲੇ ਵਿਚ ਪਿਛਲੇ ਦਿਨੀਂ ਬਸਪਾ ਮੁੱਖ ਸਕੱਤਰ ਨਸੀਮਦੀਨ ਸਿਦੀਕੀ ਨੇ ਇਲਾਹਾਬਾਦ ਦੀ ਨੈਨੀਤਾਲ ਜੇਹਲ ’ਚ ਬੰਦ ਬਹੁਬਲੀ ਨੇਤਾ ਅਤੀਕ ਅਹਿਮਦ ਨਾਲ ਮੁਲਾਕਾਤ ਕੀਤੀ। ਇਸ ਤੋਂ ਇਲਾਵਾ ਗਾਜੀਪੁਰ ਦੇ ਜ਼ਿਲਾ ਜੇਲ੍ਹ ’ਚ ਬੰਦ ਅਫ਼ਜਲੀ ਅੰਸਾਰੀ ਤੇ ਮੁਖਤਾਰ ਅੰਸਾਰੀ ਨਾਲ ਵੀ ਸਦੀਕੀ ਦੀ ਗੱਲ ਹੋਈ ਹੈ। ਇਸ ਗੱਲਬਾਤ ਵਿਚ ਬਸਪਾ ਨੇਤਾ ਨੇ ਆਪਣੀ ਪਾਰਟੀ ਨੂੰ ਹਮਾਇਤ ਦੇਣ ਬਦਲੇ ਇਹਨਾਂ ਦੀ ਮੰਗ ਜਾਨਣੀ ਚਾਹੀ। ਇਸ ਗੱਲ ਦੀ ਪੁਸ਼ਟੀ ਕਰਦੇ ਹੋਇਆ ਲਸ਼ੀਮੁਦੀਨ ਸਦੀਕੀ ਕਹਿੰਦੇ ਹਨ ਹਾਂ ਮੈਂ ਜੇਹਲ ’ਚ ਬੰਦ ਇਹਨਾਂ ਨੇਤਾਵਾਂ ਨਾਲ ਮੁਲਾਕਾਤ ਕੀਤੀ ਹੈ। ਉਹਨਾਂ ਨੇ ਮੈਨੂੰ ਇਕ ਭੈਣ ਜੀ ਲਈ ਇੱਕ ਚਿੱਠੀ ਵੀ ਦਿੱਤੀ। ਹੁਣ ਬਸਪਾ ਵਿਚ ਇਹਨਾਂ ਨੂੰ ਸ਼ਾਮਲ ਕਰਨ ਦੇ ਮਾਮਲੇ ਤੇ ਅਫਜਲ ਅੰਸਾਰੀ ਨੇ ਪਿਛਲੀ ਚੋਣ ਸਪਾ ਦੀ ਟਿਕਟ ਤੇ ਕ੍ਰਮਵਾਰ ਫੂਲਪੁਰ ਤੇ ਗਾਜੀਪੁਰ ਦੀ ਵਿਧਾਨ ਸਭਾ ਚੋਣ ’ਚ ਆਪਣੀ ਕਿਸਮਤ ਅਜਮਾਈ ਸੀ। ਬਸਪਾ ਦੀ ਇਸ ਨਵੀਂ ਪਹਿਲ ’ਤੇ ਮਾਇਆਵਤੀ ਦੇ ਕੱਟੜ ਵਿਰੋਧੀ ਸ਼ਿਵਪਾਲ ਸਿੰਘ ਯਾਦਵ ਤਕੜਾ ਵਾਰ ਕਰਦੇ ਹੋਏ ਕਹਿੰਦੇ ਹਨ, ਇਹ ਮਾਇਆਵਤੀ ਦੇ ਦੋਹਰੇ ਕਿਰਦਾਰ ਦੀ ਇਕ ਉਦਾਹਣ ਹੈ। ਇਕ ਉਹ ਲੋਕਾਂ ਨੂੰ ਇਹ ਵਿਖਾਉਂਦੀ ਹੈ ਕਿ ਇਹ ਅਪਰਾਧਿਕ ਕਿਰਦਾਰ ਵਾਲੇ ਲੋਕ ਹਨ ਅਤੇ ਦੂਜੇ ਪਾਸੇ ਰਾਜਸੀ ਲਾਭ ਲਈ ਇਹਨਾਂ ਨੂੰ ਆਪਣੀ ਪਾਰਟੀ ਨਾਲ ਜੋੜਨ ਦੀ ਕੋਸ਼ਿਸ਼ ਕਰਦੀ ਹੈ। ਜਨਤਾ ਸਭ ਵੇਖ ਰਹੀ ਹੈ। ਹਾਲ ਦੇ ਦਿਨਾਂ ਵਿਚ ਮਾਇਆਵਤੀ ਦੀ ਰਾਜਸੀ ਚਾਲ ਅਤੇ ਕਿਰਦਾਰ ਦੋਹਾਂ ਦਾ ਪਰਦਾਫਾਸ਼ ਹੋ ਚੁੱਕਿਆ ਹੈ। ਜਾਣਕਾਰਾਂ ਦੀ ਨਜ਼ਰ ਵਿਚ ਵੀ ਮਾਇਆਵਤੀ ਦੀ ਲੱਠਮਾਰਾਂ ਨੂੰ ਪਾਰਟੀ ਨਾਲ ਜੋੜਨ ਦੀ ਕੋਸ਼ਿਸ਼ ..ਦੀ ਰਾਜਨੀਤੀ ’ਚ ਉਹਨਾਂ ਦੀਆਂ ਤੰਗ ਹੁੰਦੀਆਂ ਸੰਭਾਵਨਾਵਾਂ ਦਾ ਸੰਕੇਤ ਹੈ। ਲੋਕ ਸਭਾ ਵਿਚ ਕੇਂਦਰ ਸਰਕਾਰ ਵਲੋਂ ਭਰੋਸੇ ਦੇ ਵੋਟ ਦਾ ਸਾਹਮਣਾ ਕੀਤੇ ਜਾਣ ਦੀ ਘਟਨਾ ਪਿਛੋਂ ਉਤਰ ਪ੍ਰਦੇਸ਼ ਦੀ ਰਾਜਨੀਤੀ ਤੇਜ਼ੀ ਨਾਲ ਕਰਵਟ ਲੈ ਰਹੀ ਹੈ। ਬਦਲਦੇ ਹਾਲਤ ’ਚ ਮਾਇਆਵਤੀ ਨੂੰ ਇਹਨਾਂ ਨਵੇਂ ਨਵੇਂ ਉਪਕਰਮਾ ਲਈ ਮਜ਼ਬੂਰ ਕਰ ਰਹੇ ਹਨ। ਚਾਹੇ ਇਸ ਲਿਫਾਫੇ ’ਚ

ਬੰਦ ਵਾਰਿਸ ਦਾ ਐਲਾਨ ਹੋਵੇ। ਤੀਜੇ ਮੋਰਚੇ ਤੋਂ ਬੇਰੁਖੀ ਜਾਂ ਫਿਰ ਲੱਠਮਾਰਾਂ ਦੇ ਸਾਥੀ ਦੀ ਕਾਹਲੀ। ਇਹਨਾ ਸਾਰਿਆਂ ਪਿੱਛੇ ਮਾਇਆਵਤੀ ਦਾ ਭਵਿੱਖ ਦੀ ਆਪਣੀ ਰਾਜਨੀਤੀ ਸੰਬਧੀ ਅੰਦੇਸ਼ਾਂ ਹੀ ਮੁੱਖ ਕਾਰਨ ਹੈ। ਦਰਅਸਲ ਕੇਂਦਰ ਤੋਂ ਲੈ ਕੇ ਪ੍ਰਦੇਸ਼ 'ਚ ਬਣੇ ਨਵੇਂ ਰਾਜਸੀ ਸਮੀਕਰਣਾਂ 'ਚ ਮਾਇਆਵਤੀ ਨੂੰ ਅੱਗੇ ਆਪਣਾ ਰਾਹ ਦੁਸ਼ਵਾਰ ਨਜ਼ਰ ਆਉਣ ਲੱਗਿਆ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੀ ਉਹਨਾਂ ਦੀ ਪ੍ਰਧਾਨ ਮੰਤਰੀ ਦੀ ਮੰਸ਼ਾ ਵੀ ਨਵੇਂ ਹਾਲਾਤ 'ਚ ਹਿਚਕੋਲੇ ਖਾਂਦੀ ਦਿਸ ਰਹੀ ਹੈ। ਇਹ ਕਾਰਨ ਹੈ ਕਿ ਉਹ ਦਿਨ ਰਾਤ ਹਰ ਜਾਇਜ਼ ਨਜ਼ਾਇਜ਼ ਤਰੀਕਾ ਵਰਤ ਕੇ ਆਪਣੀ ਸਿਆਸੀ ਜ਼ਮੀਨ ਨੂੰ ਬਚਾਉਣ ਵਧਾਉਣ ਦਾ ਜੁਗਾੜ ਕਰ ਰਹੀ ਹੈ। ਭਾਵੇਂ ਹੀ ਇਸ ਵਿਚ ਰਾਜਨੀਤੀ ਦੀ ਨੈਤਿਕਤਾ ਨੂੰ ਢਾਹ ਹੀ ਕਿਉਂ ਨਾ ਲਾਉਣੀ ਪਵੇ। ਲੱਠਮਾਰਾਂ ਤੇ ਅਪਰਾਧਿਕ ਕਿਰਦਾਰ ਵਾਲੇ ਨੇਤਾਵਾਂ ਨੂੰ ਪਾਰਟੀ ਨਾਲ ਜੋੜਨ ਦੀ ਕਵਾਇਤ ਇਸ ਦੀ ਇਕ ਮਿਸਾਲ ਹੈ।

ਕਦੀ ਬਸਪਾ ਤੇ ਇਸ ਦੀ ਮੁਖੀ ਮਾਇਆਵਤੀ ਦਾ ਚੋਣਾਂ 'ਚ ਨਾਹਰਾ ਹੁੰਦਾ ਸੀ ਚੜੋ ਮੁੰਡਿਆਂ ਦੀ ਛਾਤੀ 'ਤੇ ਮੋਹਰ ਲਗਾਓ ਹਾਥੀ 'ਤੇ ਅੱਜ ਉਹੀ ਆਪਣੀ ਰਾਜਸੀ ਤਾਕਤ ਵਧਾਉਣ ਲਈ ਇਹਨਾਂ ਲੱਠਮਾਰਾਂ ਨੂੰ ਛਾਤੀ ਨਾਲ ਲਾਉਣ ਲਈ ਬੇਕਰਾਰ ਹੈ। ਇਸ ਲਈ ਐਸੇ ਐਸੇ ਸਮਝੌਤੇ ਕੀਤੇ ਜਾ ਰਹੇ ਹਨ ਜੋ ਕਿਤੋਂ ਵੀ ਨਿਆਂ ਸੰਗਤ ਨਹੀਂ ਹਨ। ਸੂਤਰਾਂ 'ਤੇ ਭਰੋਸਾ ਕੀਤਾ ਜਾਵੇ ਤਾਂ ਲੱਠਮਾਰਾਂ ਵੱਲੋਂ ਬਸਪਾ ਨੂੰ ਹਮਾਇਤ ਦੇਣ ਬਦਲੇ ਉਹਨਾਂ ਖਿਲਾਫ ਅਪਰਾਧਿਕ ਮਾਮਲਿਆਂ ਨੂੰ ਖਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਬਹੁਬਲੀ ਨੇਤਾ ਡੀ. ਪੀ ਯਾਦਵ ਦੇ ਬਸਪਾ 'ਚ ਸ਼ਾਮਲ ਹੋਣ ਪਿੱਛੋਂ ਹੁਣ ਜਲਦੀ ਹੀ ਬਸਪਾ ਸਰਕਾਰ ਉਹਨਾਂ ਖਿਲਾਫ ਮਾਮਲਿਆਂ ਨੂੰ ਠੰਡੇ ਬਸਤੇ 'ਚ ਪਾਉਣ ਵਾਲੀ ਹੈ। ਇਸ ਦੀ ਤਿਆਰੀ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਹੀ ਸੀ। ਬੀਤੇ ਮਾਰਚ ਮਹੀਨੇ ਵਿਚ ਜਦ ਯਾਦਵ ਨੇ ਆਪਣੀ ਪਾਰਟੀ ਦਾ ਬਸਪਾ 'ਚ ਰਲੇਵਾ ਕੀਤਾ ਸੀ ਤਦ ਇਸ ਗੱਲ ਤੇ ਸਹਿਮਤੀ ਬਣੀ ਸੀ ਕਿ ਸਰਕਾਰ ਉਹਨਾਂ ਤੇ ਲੱਗੇ ਅਪਰਾਧਿਕ ਕੇਸਾਂ ਨੂੰ ਹਟਾਉਣ ਦੀ ਪਹਿਲ ਕਰੇਗੀ। ਮਾਇਆਵਤੀ ਨੇ ਮਲੋਦ ਨੇਤਾ ਅਜੀਤ ਸਿੰਘ ਤੋਂ ਪੱਛਮੀ ਉਤਰ ਪ੍ਰਦੇਸ਼ ਦੀਆਂ ਦਸ ਸੀਟਾਂ ਦੇਣ ਦਾ ਵਾਅਦਾ ਪਹਿਲਾਂ ਹੀ ਤੋੜ ਦਿੱਤਾ ਹੋਵੇ ਪਰ ਇਸ ਲੱਠਮਾਰ ਨਾਲ ਕੀਤਾ ਵਾਅਦਾ ਉਹ ਜ਼ਰੂਰ ਪੂਰਾ ਕਰ ਰਹੀ ਹੈ। ਆਖਰ ਇਹ ਹੀ ਤਾਂ ਭੈਣ ਜੀ ਦੀ ਫਿਤਰਤ ਹੈ। ਨੁਕਸਾਨ ਤੋਂ ਮੂੰਹ ਵੱਟਣਾ ਤੇ ਫਾਇਦੇ ਨਾਲ ਹੱਥ ਮਿਲਾਉਣਾ। ਡੀ. ਪੀ. ਯਾਦਵ ਦੀ ਰਾਜਸੀ ਤਾਕਤ ਨਾਲ ਮਾਇਆਵਤੀ ਨੂੰ ਲਾਭ ਮਿਲਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ ਅਤੇ ਇਸ ਲਈ ਉਹ ਉਹਨਾਂ ਨੂੰ ਕਨੂੰਨੀ ਸ਼ਿਕੰਜੇ ਤੋਂ ਆਜ਼ਾਦ ਕਰਨ ਦੀਆਂ ਕਨੂੰਨੀ ਕੋਸ਼ਿਸ਼ਾਂ 'ਚ ਜੁਟੀ ਹੋਈ ਹੈ।

ਸਭ ਇਸ ਗੱਲ ਤੋਂ ਵਾਕਫ ਹਨ ਕਿ ਡੀ. ਪੀ. ਦਾ ਆਪਣੇ ਇਲਾਕੇ 'ਚ ਖਾਸ ਜਨਤਕ ਅਧਾਰ ਰਿਹਾ ਹੈ ਜੋ ਅੱਜ ਵੀ ਹੈ। ਉਹ ਤੇ ਉਹਨਾਂ ਦੀ ਪਤਨੀ ਉਰਮਿਲੇਸ਼ ਦੋਨੋਂ ਹੀ ਇਸ ਸਮੇਂ ਵਿਧਾਨ ਸਭਾ ਦੇ ਮੈਂਬਰ ਹਨ। ਜੇਹਲ 'ਚ ਬੰਦ ਉਹਨਾਂ ਦੇ ਬੇਟੇ ਵਿਕਾਸ ਨੇ ਵੀ ਪਿਛਲੀਆਂ ਵਿਧਾਨ ਸਭਾ ਚੋਣਾ ਵਿਚ ਸਿਰਫ 500 ਵੋਟਾਂ ਨਾਲ ਹਾਰ ਹੋਈ ਸੀ। ਇਸ ਲੱਠਮਾਰ ਨੇਤਾ ਖਿਲਾਫ 12 ਅਪਰਾਧਿਕ ਮਾਮਲੇ ਜਾਜੀਆਬਾਦ 'ਚ ਦਰਜ ਹਨ। ਸੂਤਰ ਦੱਸਦੇ ਹਨ ਕਿ ਹਾਲ ਹੀ 'ਚ ਦਰਜ ਵੱਖ

ਵੱਖ ਮਾਮਲਿਆਂ ਦੀ ਇਕ ਵਿਸਥਾਰਿਤ ਰੀਪੋਰਟ ਜ਼ਿਲ੍ਹਾ ਅਧਿਕਾਰੀ (ਡੀ.ਐਸ.) ਤੋਂ ਤਲਬ ਕੀਤੀ ਹੈ। ਵਿਸ਼ੇਸ਼ ਸਕੱਤਰ ਵੱਲੋਂ ਲਿਖੇ ਇਕ ਪੱਤਰ 'ਚ ਜ਼ਿਲ੍ਹਾ ਅਧਿਕਾਰੀ ਨੂੰ 13 ਨੁਕਤਿਆਂ 'ਤੇ ਇਕ ਰੀਪੋਰਟ ਬਣਾ ਕੇ ਭੇਜ ਦਾ ਨਿਰਦੇਸ਼ ਦਿੱਤਾ ਗਿਆ ਹੈ। ਜਿਸ 'ਚ ਡੀ. ਪੀ. ਯਾਦਵ ਖਿਲਾਫ਼ ਐਫ ਆਈ ਆਰ ਨੰ: 639/07, 938/7, 1169/07, 972/07, 115/08 ਤੇ 07/08 ਤਹਿਤ ਦਰਜ ਮਾਮਲੇ ਵਾਪਸ ਲਏ ਜਾ ਸਕਦੇ ਹਨ। ਇਸ ਤੇ ਪ੍ਰਸਾਸ਼ਣ ਤੇ ਡੀਐਮ ਗਾਜੀਆਬਾਦ ਤੇ ਪੁਲਸ ਮੁਲਾਜਮ ਦੇ ਮਤ ਦੀ ਜਾਣਕਾਰੀ ਵੀ ਮੰਗੀ ਗਈ ਹੈ। ਸਾਫ ਹੈ ਕਿ ਐਸੀ ਜਾਣਕਾਰੀ ਮੰਗਣ ਪਿੱਛੇ ਸਰਕਾਰ ਦਾ ਕੀ ਮੰਸ਼ਾ ਹੈ। ਇਸ ਤੋਂ ਪਹਿਲਾਂ ਡੀ. ਪੀ. ਯਾਦਵ ਨੇ ਆਪਣੇ ਖਿਲਾਫ ਕੇਸਾਂ ਨੂੰ ਇਲਾਹਾਬਾਦ ਕੋਰਟ 'ਚ ਬਦਲਣ ਦੀ ਅਰਜੀ ਦਿੱਤੀ ਸੀ ਜਿਸ ਨੂੰ ਅਦਾਲਤ ਨੇ ਠੁਕਰਾ ਦਿੱਤੀ ਸੀ। 1995 'ਚ ਵੀ ਰਾਜਨੀਤੀ ਦੀਆਂ ਅਜੇਹੀਆਂ ਖੇਡਾਂ ਖੇਡੀਆਂ ਜਾ ਚੁੱਕੀਆਂ ਹਨ। ਜਦ ਰਾਜ ਸਰਕਾਰ ਨੇ ਯਾਦਵ ਦੇ ਪੁਨਰ ਵਿਕਾਸ ਖਿਲਾਫ ਕੇਸ ਵਾਪਸ ਲੈ ਲਏ ਸਨ। ਉਦੋਂ ਤੇ ਅੱਜ 'ਚ ਫਰਕ ਏਨਾ ਹੈ ਕਿ ਉਸ ਵਕਤ ਐਸਾ ਮੁਲਾਇਮ ਸਿੰਘ ਯਾਦਵ ਨੇ ਕੀਤਾ ਸੀ। ਹੁਣ ਮਾਇਆਵਤੀ ਡੀ. ਪੀ. ਯਾਦਵ ਨੂੰ ਬਰੀ ਕਰਨ ਲਈ ਅਜੇਹਾ ਕਰਨ ਦੀ ਤਿਆਰੀ ਕਰ ਰਹੀ ਹੈ। ਮੁਲਾਇਮ ਯਾਦਵ ਨੇ ਆਪਣੇ ਕਾਰਜਕਾਲ ਵਿਚ ਤਾ 20 ਤੋਂ ਵੱਧ ਅਪਰਾਧਿਕ ਕਿਰਦਾਰ ਵਾਲੇ ਨੇਤਾਵਾਂ ਦੇ ਕੇਸ ਵਾਪਸ ਲਏ ਸਨ ਜਿਸ ਤੇ ਬਸਪਾ ਨੇ ਕਾਫੀ ਸ਼ੋਰ ਸਰਾਬਾ ਪਾਇਆ ਸੀ।

ਹੁਣ ਉਹ ਖੁਦ ਹੀ ਅਜੇਹੇ ਕਾਰਨਾਮਿਆਂ ਨੂੰ ਅੰਜਾਮ ਦੇ ਰਹੀ ਹੈ। ਮਾਇਆਵਤੀ ਦੀ ਅਜੇਹਾ ਪਹਿਲ ਪਿਛੇ ਰਾਜਸੀ ਸੁਆਰਥ ਪੂਰਾ ਕਰਨ ਦੀ ਮੰਨਸਾ ਕੰਮ ਕਰ ਰਹੀ ਹੈ। ਇਸ ਮਿਸ਼ਨ ਤੇ ਉਹਨਾਂ ਨੇ ਆਪਣੇ ਵੱਡੇ ਨੇਤਾਵਾਂ ਨੂੰ ਲਾਇਆ ਹੈ। ਅਤੀਕ ਅਹਿਮਦ ਦਤੇ ਅਫਜਲ ਅੰਸਾਰੀ ਨੂੰ ਭੈਣ ਜੀ ਦੇ ਖਾਸ ਸਿਪਹਸਾਲਾਰ ਸਵਾਮੀ ਪ੍ਰਸ਼ਾਦ ਮੋਰੀਆ ਵਧ ਜੇਹਲ 'ਚ ਮਿਲ ਚੁੱਕੇ ਹਨ। ਬਹੁਬਲੀ ਉਮਾਕਾਤ ਯਾਦਵ ਤੇ ਸਪਾ ਦੇ ਡੇਰੇ ਲਾਉਣ ਨਾਲ ਅਸੰਕਿਤ ਬਸਪਾ ਹੁਣ ਉਹਨਾਂ ਨੂੰ ਵੀ ਸੰਤੁਸ਼ਟ ਕਰਨ 'ਚ ਲੱਗੀ ਹੈ। ਪਿਛਲਾ ਦਿਨੀਂ ਜੇਹਲ 'ਚ ਉਮਾਕਾਂਤ ਯਾਦਵ ਨਾਲ ਨਮੀਉਦੀਨ ਸਿਦਕੀ ਦੀ ਮੁਲਾਕਾਤ ਜੱਗ ਜਾਹਰ ਹੋ ਚੁੱਕੀ ਹੈ। ਕਹਿਣ ਦਾ ਭਾਵ ਹੈ ਕਿ ਚੁਣਾਵੀ ਤਿਆਰੀਆਂ ਦੇ ਮੱਦੇ ਨਜ਼ਰ ਬਸਪਾ ਵੱਲ ਖਿਚਣ ਦੀ ਯੁਕਤ ਨਾ ਰਹੀ ਹੈ। ਕੀ ਇਹ ਮਾਇਆਵਤੀ ਦੇ ਰਾਜਸੀ ਪਤਨ ਦੀ ਇਬਾਰਤ ਗੱਡਣ ਦੀ ਬੁਨਿਆਦ ਤਾਂ ਨਹੀਂ ਹੋ ਨਿਬੇੜਗੀ? ਅੱਗੇ ਅੱਗੇ ਦੇਖੋ ਹੋਤਾ ਹੈ ਕਿਆ?

# ਕਿੰਨੀ ਕੁ ਹੈ ਭਾਰਤ ਅੰਦਰ ਬਾਲ ਮੌਤਾਂ ਦੀ ਦਰ?

ਇਸ ਸਥਾਪਤ ਸੱਚ ਹੈ ਕਿ ਬੱਚੇ ਕਿਸੇ ਵੀ ਸਮਾਜ ਦੇ ਭਵਿੱਖ ਹੁੰਦੇ ਹਨ। ਬੱਚਿਆਂ ਦੀ ਸਿਹਤ ਸਿੱਖਿਆ ਤੇ ਪਾਲਣ ਪੋਸ਼ਣ ਨੂੰ ਮਜ਼ਬੂਤ ਤੇ ਯਕੀਨੀ ਕੀਤੇ ਬਗੈਰ ਕੋਈ ਵੀ ਦੇਸ਼ ਵਿਕਾਸ ਦੀ ਰਾਹ 'ਤੇ ਲੰਬੀ ਦੂਰੀ ਤੱਕ ਨਹੀਂ ਚੱਲ ਸਕਦਾ। ਪਰ ਤੇਜ਼ ਆਰਥਿਕ ਵਿਕਾਸ ਦਰ ਅਤੇ ਪ੍ਰਜਨਣ ਬਾਲ ਸਿਹਤ ਪ੍ਰੋਗ੍ਰਾਮ (ਰੀਪ੍ਰੋਡਕਟਿਵ ਚਾਈਲਡ ਹੈਲਥ ਪ੍ਰੋਗ੍ਰਾਮ-RCH) ਵਰਗੀ ਕੇਂਦਰੀ ਯੋਜਨਾ ਸਮੇਤ ਰਾਜ ਸਰਕਾਰਾਂ ਦੀਆਂ ਮਾਂ ਬੱਚਾ ਯੋਜਨਾਵਾਂ ਦੇ ਸੰਚਾਲਨ ਦੇ ਬਾਵਜੂਦ ਭਾਰਤ 'ਚ ਬੱਚਿਆਂ ਤੇ ਮਾਵਾਂ ਦੀ ਸਿਹਤ ਦੀ ਸਥਿਤੀ ਚਿੰਤਾਜਨਕ ਹੈ।

ਦੁਨੀਆਂ ਭਰ 'ਚ ਬੱਚਿਆ ਦੀ ਬੇਹਤਰੀ ਲਈ ਵੱਖ ਵੱਖ ਤਰ੍ਹਾਂ ਦੇ ਪ੍ਰੋਗਰਾਮ ਚਲਾਉਣ ਵਾਲੀ ਕੌਮਾਂਤਰੀ ਸੰਸਥਾ ਯੂਨੀਸੈਫ ਵਲੋਂ ਬੀਤੇ ਦਿਨੀ ਜਾਰੀ ਕੀਤੀ ਰੀਪੋਰਟ (ਦੋ ਸਟੇਟ ਆਫ਼ ਏਸ਼ੀਆ ਪੈਸਿਫਿਕਸ ਚਿਲਡਰਨ 2008) ਇਸ ਗੱਲ ਦੀ ਗਵਾਹ ਹੈ। ਇਸ ਰਿਪੋਰਟ ਮੁਤਾਬਕ ਭਾਰਤ 'ਚ ਪੰਜ ਸਾਲ ਤੋਂ ਘੱਟ ਉਮਰ ਵਰਗ ਦੇ ਬੱਚਿਆਂ ਦੀਆਂ ਮੌਤਾਂ ਦੀ ਗਿਣਤੀ ਪੂਰੀ ਦੁਨੀਆਂ 'ਚ ਸਭ ਤੋਂ ਵੱਧ ਹੈ। ਸਾਲ 2006 'ਚ ਇਹ ਗਿਣਤੀ 21 ਲੱਖ ਸੀ, ਜੋ ਦੁਨੀਆਂ ਦੀਆਂ ਕੁਲ ਬਾਲ ਮੌਤਾਂ ਦਰ (ਪੰਜ ਸਾਲਾਂ ਤੋਂ ਛੋਟੀ ਉਮਰ ਦੇ ਬੱਚਿਆਂ ਦੀ ਮੌਤਾਂ) ਦੀ 22 ਫੀਸਦੀ ਹੈ। ਦੇਸ਼ ਦੇ ਨਵਜਾਤ ਸਿਸ਼ੂਆਂ ਦੀਆਂ ਮੌਤਾਂ ਦੀ ਗਿਣਤੀ ਇਸ ਤੋਂ ਵੀ ਵੱਧ ਚਿੰਤਾਜਨਕ ਹੈ ਕੁਲ ਬਾਲ ਮੌਤਾਂ ਵਿਚ ਨਵਜਾਤ ਸ਼ਿਸ਼ੂ ਦਾ ਹਿੱਸਾ ਦੋ ਤਿਹਾਈ ਹੈ। ਦੇਸ਼ 'ਚ ਆਰਥਕ ਖੇਤਰੀ, ਜਾਤਪਾਤੀ ਤੇ ਸਿਖਿਅਕ ਨਾਬਰਾਬਰੀ ਤੇ ਲਿੰਗਕ ਭੇਦ ਭਾਵ ਦੀ ਤੰਗ ਨਜ਼ਰੀ ਮਾਨਸਿਕਤਾ ਕਾਰਨ ਬੱਚਿਆਂ ਤੇ ਮਾਤਾਵਾਂ ਦੀ ਸਿਹਤ ਸਥਿਤੀ 'ਚ ਕਾਫੀ ਨਾ ਬਰਾਬਰੀਆਂ ਵੀ ਹਨ। ਇਸ ਤੋਂ ਇਲਾਵਾ ਬੱਚਿਆਂ ਤੇ ਮਾਵਾਂ ਦੀ ਇਕ ਵੱਡੀ ਆਬਾਦੀ ਅਜੇ ਵੀ ਬੁਨਿਆਦੀ ਸਿਹਤ ਸਹੂਲਤਾਂ ਤੋਂ ਵਾਂਝੀ ਹੈ ਜਦ ਕਿ ਇਕ ਵੱਡੀ ਬਾਲ ਆਬਾਦੀ ਲਾਜ਼ਮੀ ਟੀਕਾਕਰਨ ਹਾਸਲ ਨਹੀਂ ਕਰ ਸਕਦੀ ਹੈ। ਇਸ ਦੇ ਸਿੱਟੇ ਵਜੋਂ ਸਾਲ 2015 ਤਕ ਲੋੜੀਂਦਾ ਸਿਹਤ ਪੱਧਰ ਹਾਸਲ ਕਰਨ ਦਾ ਟੀਚਾ (ਮਿਲੇਨੀਅਮ ਡਿਵੈਲਪਮੈਂਟ ਗੋਲ) ਮਾੜੇ ਰੁਖ ਪ੍ਰਭਾਵਿਤ ਹੋ ਰਿਹਾ ਹੈ।

ਇਸ ਰੀਪੋਰਟ 'ਚ ਏਸ਼ੀਆ ਪ੍ਰਸ਼ਾਂਤ ਤੇ ਖਾਸ ਤੌਰ ਤੇ ਦੱਖਣੀ ਏਸ਼ੀਆਈ ਦੇਸ਼ਾਂ ਦੇ ਬੱਚਿਆਂ ਤੇ ਮਾਵਾਂ ਦੀਆਂ ਸਿਹਤ ਸਮੱਸਿਆਵਾਂ ਅਤੇ ਰੁਝਾਨਾਂ ਦਾ ਵਿਸਥਾਰਿਤ ਸਰਵੇਖਣ ਅਧਿਐਨ ਕੀਤਾ ਗਿਆ ਹੈ ਅਤੇ ਬਾਲ ਸਿਹਤ ਦੀਆਂ ਚੁਣੌਤੀਆਂ ਦੇ ਮੋਰਚੇ 'ਤੇ ਦੱਖਣੀ ਏਸ਼ੀਆਈ ਦੇਸ਼ਾਂ ਖਾਸ ਕਰਕੇ ਭਾਰਤ ਦੇ ਪ੍ਰਦਰਸ਼ਨ ਪ੍ਰਤੀ ਨਿਰਾਸ਼ਾ ਜਾਹਰ ਕੀਤੀ ਗਈ ਹੈ। ਰੀਪੋਰਟ ਅਨੁਸਾਰ 'ਏਸ਼ੀਆ ਪ੍ਰਸ਼ਾਂਤ ਖੇਤਰ ਦੇ ਦੇਸ਼ਾਂ 'ਚ ਅਮੀਰਾਂ ਤੇ ਗਰੀਬਾਂ ਵਿਚਕਾਰਲੀ ਖਾਈ ਚਿੰਤਾਜਨਕ ਪੱਧਰ ਤੇ ਚੌੜੀ ਹੋ ਰਹੀ ਹੈ। ਆਰਥਿਕ ਵਿਕਾਸ ਦੇ ਬਾਵਜੂਦ ਗਰੀਬਾਂ ਦੀ ਗਿਣਤੀ ਘਟਣ ਦੀ ਬਜਾਏ ਵਧ ਰਹੀ ਹੈ। ਇਸ ਦੇ ਮਾੜੇ ਅਸਰ ਮਾਵਾਂ ਤੇ ਬੱਚਿਆਂ ਉੱਪਰ ਵੀ ਪੈ ਰਹੇ ਹਨ। ਜਿਸ ਦੇ ਸਿੱਟੇ ਵਜੋਂ ਉਹ ਮੁਢਲੀਆਂ ਸਿਹਤ ਸਹੂਲਤਾਂ ਦੇ ਲਾਭ ਤੋਂ ਵਾਂਝੇ ਹੋ ਰਹੇ ਹਨ। ਭਾਰਤ 'ਚ ਇਹ ਰੁਝਾਣ ਕੁਝ ਜ਼ਿਆਦਾ ਹੀ ਚਿੰਤਾਜਨਕ ਹੈ। ਰੀਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ

’ਚ ਸਕਲ ਘਰੇਲੂ ਉਤਪਾਦ ’ਚ ਤੇਜ਼ ਵਾਧਾ ਦਰ ਰਹਿਣ ਦੇ ਬਾਵਜੂਦ ‘ਗਿਨੀ ਕੋਇਫਿਸੇਂਟ’ (ਆਮਦਨ ਦੀ ਨਾਬਰਾਬਰੀ ਮਾਪਣ ਦਾ ਪੈਮਾਨਾ) ਪਿਛਲੇ ਦਸ ਸਾਲਾਂ ’ਚ ਵਧਿਆ ਹੈ।

ਹਾਲਾਂਕਿ ਭਾਰਤ ’ਚ ਪਿਛਲੇ 46 ਸਾਲਾਂ ’ਚ ਬਾਲ ਮੌਤ ਦੀ ਦਰ ਵਿਚ ਵਰਨਣ ਯੋਗ ਕਮੀ ਆਈ ਹੈ ਅਤੇ ਮਨੁਖੀ ਵਿਕਾਸ ਦੇ ਸਾਰੇ ਮੋਰਚਿਆਂ ’ਤੇ ਦੇਸ਼ ਨੇ ਕੁਲ ਮਿਲਾ ਕੇ ਕੁਲ ਸਫਲਤਾ ਵੀ ਹਾਸਲ ਕੀਤੀ ਹੈ। ਸਾਲ 1960 ਵਿਚ ਦੇਸ਼ ’ਚ ਔਸਤ ਬਾਲ ਮੌਤ ਦੀ ਦਰ ਇਕ ਹਜ਼ਾਰ ਪਿਛੇ 236 ਸੀ ਜੋ ਸਾਲ 2006 ’ਚ ਘਟ ਕੇ 76 ਹੋ ਗਈ ਪਰ ਇਸ ਦੇ ਬਾਵਜੂਦ ਭਾਰਤ ਅਜੇ ਵੀ ਬਾਲ ਮੌਤ ਦਰ ਘੱਟ ਕਰਨ ਲਈ ਨਿਰਧਾਰਿਤ ਕੀਤੇ ਵੱਖ ਵੱਖ ਸਿਹਤ ਟੀਚਿਆਂ (ਐਮ. ਜੀ. ਡੀ 1,4,5 ਅਤੇ 7 ਕੌਮਾਂਤਰੀ ਪੱਧਰ ’ਤੇ ਵੱਖ ਵੱਖ ਦੇਸ਼ਾਂ ਵਲੋਂ ਨਿਰਧਾਰਤ ਅਰਸੇ ਅੰਦਰ ਸਿਹਤ ਤੇ ਡਾਕਟਰੀ ਸਹੂਲਤਾਂ ਹਾਸਲ ਕਰਨ ਨਾਲ ਸੰਬਧਤ ਟੀਚੇ) ਨੂੰ ਹਾਸਲ ਕਰਨ ’ਚ ਕਈ ਵਿਕਸਤ ਦੇਸ਼ਾਂ ਇਥੋਂ ਤੱਕ ਕਿ ਸ੍ਰੀ ਲੰਕਾ ਵਰਗੇ ਵਿਕਾਸ ਸ਼ੀਲ ਦੇਸਾਂ ਤੋਂ ਵੀ ਪਿੱਛੇ ਹੈ। ਇਹਨਾਂ ਵਿਚ ਪੋਸ਼ਣ ਤੇ ਆਹਾਰ ਦੇ ਪੱਧਰ ਨੂੰ ਸੁਧਾਰਨ ਲਈ ਤਹਿ ਕੀਤਾ ਟੀਚਾ (MDG-1) ਔਰਤ ਦੇ ਸਿਹਤ ਪੱਧਰ ਨੂੰ ਉੱਚਾ ਚੁਕਣ ਨਿਰਧਾਰਿਤ ਟੀਚਾ (NDG-5) ਅਤੇ ਬੇਹਤਰ ਡਾਕਟਰੀ ਤੇ ਸਫਾਈ ਸਹੂਲਤਾਂ ਲਈ ਨਿਰਧਾਰਿਤ ਟੀਚਾ (NDG-7) ਮੁੱਖ ਹਨ।

ਯੂਨੀਸੈਫ ਦੀ ਰੀਪੋਰਟ ਮੁਤਾਬਕ ਭਾਰਤ ’ਚ ਬਾਲ ਮੌਤ ਦੇ ਚਿੰਤਾਜਨਕ ਅੰਕੜਿਆਂ ਪਿਛੇ ਕਈ ਕਾਰਨ ਹਨ ਪਰ ਕੁਪੋਸ਼ਣ ਗਰੀਬੀ ਤੇ ਇਲਾਜ ਸਹੂਲਤਾਂ ਦੀ ਘਾਟ ਮੁਖ ਵਜਾਹ ਹਨ। ਰਿਪੋਰਟ ਅਨੁਸਾਰ ਦੇਸ਼ ਵਿਚ ਬਾਲ ਮੌਤ ਦੇ ਚਿੰਤਾਜਨਕ ਅੰਕੜਿਆਂ ਪਿਛੇ ਕਈ ਕਾਰਨ ਹਨ। ਪਰ 50 ਫੀਸਦੀ ਮੌਤ ਦਰ ਕੁਪੋਸ਼ਣ ਕਾਰਨ ਹੀ ਹੁੰਦੀ ਹੈ। ਜਦ ਕਿ 30 ਫੀਸਦੀ ਮੌਤਾ ਦੀ ਵਜਾਹ ਅਨੀਮੀਆ (ਖੂਨ ਦੀ ਘਾਟ) ਵਰਗੀ ਬੀਮਾਰੀ ਹੈ। ਇਸ ਤੋਂ ਇਲਾਵਾ ਨਮੂਨੀਆ ਦਸਤ, (ਡਾਇਰੀਆ) ਹੋਰ ਇਨਫੈਕਸ਼ਨ ਰੋਗ ਵੀ ਬਾਲ ਮੌਤ ਦੇ ਵੱਡੇ ਕਾਰਨ ਹਨ। ਬਾਲ ਮੌਤ ਰੋਕਣ ਲਈ ਸਰਕਾਰ ਵਲੋਂ ਚਲਾਏ ਜਾ ਰਹੇ ਵੱਖ ਵੱਖ ਪ੍ਰੋਗ੍ਰਾਮ ਅਜੇ ਵੀ ਥੋੜੇ ਹਨ। ਇਸ ਲਈ ਸਿੱਟੇ ਵਜੋਂ ਗਰੀਬ ਤੇ ਸਹੂਲਤਾਂ ਤੋਂ ਵਿਰਵੀਆਂ ਮਾਂਵਾਂ ਦੇ ਬੱਚੇ ਬੇਵਕਤ ਹੀ ਮੌਤ ਦੇ ਮੂੰਹ ’ਚ ਸਮਾ ਜਾਂਦੇ ਹਨ। ਯੂਨੀ ਸੇਫ ਦੀ ਰੀਪੋਰਟ ਇਸ ਕੌੜੇ ਸੱਚ ਦਾ ਖੁਲਾਸਾ ਕਰਦੀ ਹੈ। ਇਸ ਅਨੁਸਾਰ ਸਾਲ 2004 ਤਕ ਇਕ ਤੋਂ ਦੋ ਸਾਲਾਂ ਦੇ ਬੱਚਿਆਂ ਦੀ ਕੁਲ ਗਿਣਤੀ ਦੇ 50 ਫੀਸਦੀ ਬੱਚਿਆਂ ਨੂੰ ਸਭ ਜ਼ਰੂਰੀ ਰੋਗ ਰੋਕੂ ਟੀਕੇ ਨਹੀਂ ਲੱਗ ਸਕੇ।

ਇਹ ਰੀਪੋਰਟ ਸਰਕਾਰੀ ਸਕੂਲਾਂ ’ਚ ਬੱਚਿਆਂ ਲਈ ਸ਼ੁਰੂ ਕੀਤੀ ਗਈ ਦੁਪਹਿਰ ਦੇ ਖਾਣੇ ਦੀ ਸਕੀਮ (ਮਿਡ–ਡੇ–ਮੀਲ) ਦੇ ਯੋਜਨਾਕਾਰਾਂ ਨੂੰ ਸ਼ਾਇਦ ਨਿਰਾਸ਼ ਕਰੇਗੀ ਕਿਉਂਕਿ ਇਸ ਵਿਚ ਕਿਹਾ ਗਿਆ ਹੈ ਕਿ ਭਾਰਤ ’ਚ ਘੱਟ ਵਜਨ ਦੇ ਬੱਚਿਆਂ ਵਿਚ ਭਾਰਤ ਦੀ ਫੀਸਦੀ 38 ਹੈ। ਜਦ ਕਿ ਪੈਦਾਇਸ਼ੀ ਤੌਰ ਤੇ ਇਹ ਘੱਟ ਵਜਣ ਦੇ ਬੱਚਿਆਂ ਦੇ ਅੰਕੜੇ ਇਸ ਤੋਂ ਵੀ ਵੱਧ ਚਿੰਤਾਜਨਕ ਹਨ। ਦੁਨੀਆਂ ਦੇ ਕੁਲ ਘਟ ਵਜਨੀ ਪੈਦਾਇਸ਼ੀ ਸਿਸ਼ੂਆਂ ਵਿਚ 42 ਫੀਸਦੀ ਭਾਰਤ ਦੇ ਹੁੰਦੇ ਹਨ। ਡਾਕਟਰੀ ਵਿਗਿਆਨ ਅਨੁਸਾਰ ਘਟ ਵਜਨ ਦੇ ਨਵਜਾਤ ਸਿਸ਼ੂਆਂ ਦੀ ਜੀਵਨ ਰਖਿਆ ਸਿਹਤਮੰਦ ਸਿਸ਼ੂਆਂ ਦੇ ਮੁਕਾਬਲੇ 20 ਫੀਸਦੀ ਘੱਟ ਹੁੰਦੀ ਹੈ। ਇਹੀ ਵਜਾਹ ਹੈ ਕਿ ਭਾਰਤ ’ਚ ਕੁਲ ਸਿਸ਼ੂ

ਮੌਤ ਵਿਚੋਂ ਦੋ ਤਿਹਾਈ ਸ਼ਿਸ਼ੂਆਂ ਦੀ ਮੌਤ ਜਨਮ ਲੈਣ ਤੋਂ 28 ਦਿਨਾਂ ਦੇ ਅੰਦਰ ਅੰਦਰ ਹੋ ਜਾਂਦੀ ਹੈ।

ਬੱਚੇ ਦੀ ਅੱਛੀ ਸਿਹਤ ਲਈ ਖ਼ੁਦ ਮਾਵਾਂ ਦੀ ਸਿਹਤ ਕਾਫੀ ਮਹੱਤਵਪੂਰਨ ਹੁੰਦੀ ਹੈ ਪਰ ਰਵਾਇਤੀ ਲਿੰਗਕ ਭੇਦਭਾਵ ਤੇ ਔਰਤਾਂ ਦੀ ਸਿਹਤ ਪ੍ਰਤੀ ਵਰਤੀ ਜਾਣ ਵਾਲੀ ਸਦੀਆਂ ਪੁਰਾਣੀ ਮਾਨਸਿਕਤਾ ਬਾਲ ਮੌਤ ਦੀ ਦਰ ਵਧਾਉਣ 'ਚ ਮਦਦਗਾਰ ਸਾਬਤ ਹੋ ਰਹੀ ਹੈ। ਔਰਤਾਂ ਨੂੰ ਮਜ਼ਬੂਤ ਕਰਨ ਦੀਆਂ ਕਈ ਯੋਜਨਾਵਾਂ ਦੇ ਐਲਾਨ ਅਤੇ ਰਾਜਸੀ ਨਾਹਰੇਬਾਜ਼ੀ ਦੇ ਬਾਵਜੂਦ ਇਸ ਦਿਸ਼ਾ 'ਚ ਪ੍ਰਗਤੀ ਨਿਰਾਸ਼ਾਜਨਕ ਹੈ। ਰੀਪੋਰਟ 'ਚ ਇਹਨਾਂ ਰੁਝਾਣਾਂ ਤੇ ਇਹਨਾਂ ਦੇ ਕਾਰਨ ਬੱਚਿਆਂ ਦੀ ਸਿਹਤ 'ਤੇ ਪੈਣ ਵਾਲੇ ਅਸਰ ਦਾ ਵੀ ਅਧਿਐਨ ਕੀਤਾ ਗਿਆ ਹੈ।

ਇਸ ਰੀਪੋਰਟ ਮੁਤਾਬਕ ਭਾਰਤ 'ਚ ਹਰ ਤਿੰਨ ਔਰਤਾਂ ਵਿਚੋਂ ਇਕ ਦਾ ਵਜਣ ਸਟੈਂਡਰਡ ਵਜਣ ਤੋਂ ਘੱਟ ਹੈ। ਇਸ ਤੋਂ ਇਲਾਵਾ ਘੱਟ ਉਮਰ ਵਿਚ ਲੜਕੀਆਂ ਦੀ ਸ਼ਾਦੀ ਦੀ ਦੇਸੀ ਰਵਾਇਤ ਜਲਦੀ ਜਲਦੀ ਬੱਚਾ ਪੈਦਾ ਕਰਨ ਦਾ ਰੁਝਾਣ ਤੇ ਪ੍ਰੀਵਾਰ ਨਿਯੋਜਨ ਦੇ ਸਾਧਨਾ ਦੀ ਘੱਟ ਵਰਤੋਂ ਅਤੇ ਗਰਭ ਅਵਸਥਾ 'ਚ ਮਾਤਾਵਾਂ ਦਾ ਪੋਸ਼ਣ ਤੇ ਸਹੀ ਖੁਰਾਕ ਸਬੰਧੀ ਵਰਤੀ ਜਾਂਦੀ ਲਾਪਰਵਾਹੀ ਅਤੇ ਘਾਟ ਵੀ ਮੌਤ ਦਰ ਦੀਆਂ ਘਟਨਾਵਾਂ ਨੂੰ ਉਤਸ਼ਾਹਤ ਕਰਦੀ ਹੈ। ਧਿਆਨ ਦੇਣਯੋਗ ਹੈ ਕਿ ਘੱਟ ਉਮਰ ਤੇ ਘੱਟ ਵਜਣ ਦੀ ਮਾਵਾਂ ਦੇ ਬੱਚੇ ਵੀ ਔਸਤ ਪ੍ਰਮਾਣਿਕ ਵਜਨ ਤੋਂ ਘੱਟ ਵਜਨ ਵਾਲੇ ਹੁੰਦੇ ਹਨ ਤੇ ਉਹਨਾਂ ਦੀ ਉਮਰ ਵੀ ਲੰਮੇਰੀ ਨਹੀਂ ਹੁੰਦੀ। ਇਸ ਤੋਂ ਇਲਾਵਾ ਭਾਰਤ ਵਿਚ ਔਰਤਾਂ ਵਿਚ ਸਾਖਰਤਾ ਤੇ ਜਾਗਰੂਕਤਾ ਵੀ ਘੱਟ ਹੈ ਜਿਸ ਕਾਰਨ ਉਹ ਬੱਚਿਆਂ ਤੇ ਉਹਨਾਂ ਦੀਆਂ ਸਿਹਤ ਸਮਸਿਆਵਾਂ ਨੂੰ ਸਮਝਣ ਅਤੇ ਵਿਗਿਆਨ ਸੋਚ ਨੂੰ ਅਪਣਾਉਣ 'ਚ ਅਸਮਰਥ ਹੁੰਦੀਆਂ ਹਨ। ਲਿੰਗਕ ਭੇਦਭਾਵ ਦਾ ਰੁਝਾਣ ਮਾਵਾਂ ਤੱਕ ਹੀ ਸ਼ੀਮਤ ਨਹੀਂ ਹੈ ਬਲਕਿ ਇਸ ਮਾਨਸਿਕਤਾ ਦਾ ਸ਼ਿਕਾਰ ਮਾਦਾ ਸ਼ਿਸ਼ੂ ਵੀ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਦੇਸ਼ 'ਚ ਮਾਦਾ ਸ਼ਿਸ਼ੂਆਂ ਦੀ ਮੌਤ ਦਰ ਮਰਦ ਸ਼ਿਸ਼ੂਆਂ ਦੀ ਮੌਤ ਦਰ ਸ਼ਿਸ਼ੂ ਦਰ ਤੋਂ ਵੱਧ ਹੈ। ਸਾਲ 2005-06 ਦੇ ਅੰਕੜਿਆਂ ਅਨੁਸਾਰ ਔਸਤ ਮਾਦਾ ਸ਼ਿਸ਼ੂ ਮੌਤ ਦਰ 1000 ਪਿਛੇ 79 ਸੀ ਜਦ ਕਿ ਦੂਜੇ ਪਾਸੇ ਮਰਦ ਸ਼ਿਸ਼ੂਆਂ ਦੀ ਔਸਤ ਦਰ 1000 ਪਿਛੇ 70 ਰਿਕਾਰਡ ਕੀਤੀ ਗਈ। ਯੂਨੀਸੇਵ ਦੀ ਰੀਪੋਰਟ ਵਿਚ ਭਾਰਤ 'ਚ ਜਾਤੀਗਤ ਨਾਬਰਾਬਰੀ ਤੇ ਭੇਦਭਾਵ ਨੂੰ ਵੀ ਬਾਲ ਮੌਤ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਦੇਸ਼ ਵਿਚ ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਦੀ ਆਬਾਦੀ ਦਾ 26 ਫੀਸਦੀ ਹੈ। ਸਮਾਜਕ ਵਿਕਾਸ ਦੇ ਸਮੁੱਚੇ ਦਾਅਵਿਆਂ ਦੇ ਬਾਵਜੂਦ ਅਨਸੂਚਿਤ ਜਾਤੀਆਂ ਦੀ ਲਗਭਗ 17 ਕਰੋੜ ਆਬਾਦੀ ਦਾ ਜ਼ਿਆਦਾਤਰ ਹਿੱਸਾ ਮੁਢਲੀਆਂ ਸਿਹਤ ਸਹੂਲਤਾਂ ਤੋਂ ਵੀ ਵਾਂਝਾ ਹੈ। ਲਗਭਗ 8 ਕਰੋੜ ਦੀ ਆਬਾਦੀ ਵਾਲੀ ਅਨੁਸੂਚਿਤ ਜਨਜਾਤੀ ਦੇ ਵੀ ਜ਼ਿਆਦਾਤਰ ਲੋਕਾਂ ਤੱਕ ਮੁਢਲੀਆਂ ਸਿਹਤ ਸਹੂਲਤਾਂ ਅਤੇ ਸੇਵਾਵਾਂ ਨਹੀਂ ਪਹੁੰਚਦੀਆਂ ਹਨ। ਅਨਸੂਚਿਤ ਜਾਤੀ ਤੇ ਅਨਸੂਚਿਤ ਜਨਜਾਤੀ ਵਰਗ ਦੇ ਪੇਂਡੂ ਮਾਪਿਆਂ ਦੀ ਆਮਦਨੀ ਕਾਫੀ ਘੱਟ ਹੈ। ਇਸ ਕਾਰਨ ਇਹਨਾਂ ਦੇ ਬੱਚਿਆਂ ਨੂੰ ਨਾ ਤਾਂ ਸਹੀ ਖੁਰਾਕ ਹੀ ਮਿਲਦੀ ਹੈ ਤੇ ਨਾ ਹੀ ਮੁਢਲੀਆਂ ਇਲਾਜ ਸਹੂਲਤਾਂ ਮਿਲ ਸਕਦੀਆਂ ਹਨ। ਕੁਝ ਅਜਿਹੀ ਹੀ ਹਾਲਤ ਕੁਝ ਹੋਰ ਘੱਟ ਪਿਛੜੀਆਂ

ਜਾਤਾਂ ਦੇ ਕੁਲ ਬੱਚਿਆਂ ਦੇ ਤਿੰਨ ਚੌਥਾਈ ਬੱਚੇ ਅਮੀਨੀਆ (ਖ਼ੂਨ ਦੀ ਘਾਟ) ਦਾ ਸ਼ਿਕਾਰ ਹੁੰਦੇ ਹਨ। ਪਿਛੜੀਆਂ ਜਾਤਾਂ ਜਣੇਪੇ ਲਈ ਅੱਜ ਆਮ ਤੌਰ ਤੇ ਦੇਸ਼ੀ ਜਣੇਪਾ ਪ੍ਰੀਕ੍ਰਿਆ ਅਤੇ ਗੈਰ ਸਿਖਿਅਤ ਪੇਂਡੂ ਔਰਤਾਂ (ਦਾਈਆਂ) ਦਾ ਸਹਾਰਾ ਲਿਆ ਜਾਂਦਾ ਹੈ। ਜਣੇਪੇ ਦਾ ਅਸੁਰਖਿਅਤ ਅਸਲ ਅਪਣਾਉਣ ਤੇ ਸਿਖਿਅਤ ਸਿਹਤ ਕਰਮੀਆਂ ਦੀ ਘਾਟ ਕਾਰਨ ਹਰ ਸਾਲ ਵੱਡੀ ਗਿਣਤੀ ਵਿਚ ਬੱਚਿਆ ਤੇ ਮਾਵਾਂ ਦੀ ਮੌਤ ਹੋ ਜਾਂਦੀ ਹੈ।

ਰੀਪੋਰਟ 'ਚ ਦੇਸ਼ ਵਿਚ ਵਿਆਪਕ ਆਰਥਕ ਨਾ ਬਰਾਬਰੀ ਨੂੰ ਵੀ ਬਾਲ ਮੌਤ ਦਰ ਦੀ ਇਕ ਵੱਡੀ ਵਜਾਹ ਵਜੋਂ ਟਿਕਿਆ ਗਿਆ ਹੈ। ਆਰਥਕ ਤੌਰ ਤੇ ਸਰਦੇ ਪੁਜਦੇ ਕੇਰਲ ਤੇ ਗੋਆ ਵਰਗੇ ਰਾਜਾਂ ਵਿੱਚ ਜਿਥੇ ਔਸਤ ਸਿਸ਼ੂ ਮੌਤ ਦੀ ਦਰ 1000 ਪਿਛੇ 15 ਹੈ ਉਥੇ ਉਤਰ ਪ੍ਰਦੇਸ਼, ਬਿਹਾਰ ਤੇ ਉੜੀਸਾ ਵਰਗੇ ਰਾਜਾਂ 'ਚ ਇਹ ਅੰਕੜਾ ਹਰ 1000 ਪਿਛੇ 73 ਤੋਂ ਲੈ ਕੇ 79 ਤਕ ਹੈ। ਰੀਪੋਰਟ 'ਚ ਕਿਹਾ ਗਿਆ ਹੈ ਕਿ ਆਰਥਕ ਤੌਰ ਰਜਦੇ ਪੁਜਦੇ ਮਾਪਿਆਂ ਦੇ ਬੱਚਿਆਂ ਦਾ ਜੀਵਨ ਅਰਸਾ ਗ਼ਰੀਬ ਮਾਪਿਆਂ ਦੀ ਤੁਲਨਾ 'ਚ ਤਿੰਨ ਗੁਣਾ ਵੱਧ ਹੁੰਦਾ ਹੈ। ਦੇਸ਼ 'ਚ ਬਾਲ ਮੌਤ ਤੇ ਮਾਵਾਂ ਦੀ ਸਿਹਤ ਦੇ ਅੰਕੜਿਆਂ 'ਚ ਖੇਤਰੀ ਪੱਧਰ 'ਤੇ ਕਾਫੀ ਨਾਬਰਾਬਰੀ ਪਾਈ ਗਈ ਹੈ। ਸ਼ਹਿਰੀ ਖੇਤਰਾਂ 'ਚ ਬਾਲ ਮੌਤ ਦੀ ਦਰ ਕਾਫੀ ਘੱਟ ਹੈ ਕਿਉਂਕਿ ਇਥੇ ਪੇਂਡੂ ਖੇਤਰਾਂ ਦੀ ਤੁਲਨਾ ਵਿਚ ਸਿਹਤ ਸਹੂਲਤਾਂ ਜ਼ਿਆਦਾ ਸਰਲ ਵੀ ਹੁੰਦੀਆਂ ਹਨ ਅਤੇ ਅਸਾਨੀ ਨਾਲ ਮੁਹਾਈਆਂ ਵੀ ਹੁੰਦੀਆਂ ਹਨ। ਸਾਲ 2005-06 ਦੇ ਦਰਮਿਆਨ ਜਿਥੇ ਸ਼ਹਿਰੀ ਖੇਤਰਾਂ ਵਿਚ ਬਾਲ ਮੌਤ ਦੀ ਦਰ ਪ੍ਰਤੀ ਹਜ਼ਾਰ ਪਿਛੇ 44 ਦਰਜ ਕੀਤੀ ਗਈ ਇਸ ਅਰਸੇ ਦੌਰਾਨ ਪੇਂਡੂ ਖੇਤਰਾਂ 'ਚ ਇਹ ਦਰ 1000 ਪਿਛੇ 76 ਦਰਜ ਹੋਈ। ਇਹੀ ਕਾਰਨ ਹੈ ਕਿ ਵੱਧ ਸ਼ਹਿਰੀ ਆਬਾਦੀ ਵਾਲੇ ਰਾਜਾਂ ਵਿਚ ਬਾਲ ਮੌਤ ਦੀ ਦਰ ਪੇਂਡੂ ਆਬਾਦੀ ਦੀ ਬਹੁਗਿਣਤੀ ਵਾਲੇ ਰਾਜਾਂ ਤੋਂ ਘੱਟ ਹੈ। ਰਿਪੋਰਟ 'ਚ ਕੱਢੀ ਗਈ ਬਾਲ ਮੌਤ ਦੇ ਵੱਖ ਵੱਖ ਰੁਝਾਣਾਂ ਤੇ ਸੂਚਕਾਂ ਅਤੇ ਮਾਵਾਂ ਦੀ ਸਿਹਤ ਨਾਲ ਸੰਬਧਤ ਸੂਚਕਾਂ ਤੇ ਅੰਕੜਿਆਂ ਦੇ ਅਧਾਰ ਤੇ ਇਹ ਸਿੱਟਾ ਕੱਢਿਆ ਜ ਸਕਦਾ ਹੈ ਕਿ ਦੇਸ਼ ਦੀ ਵੱਡੀ ਆਬਾਦੀ ਅੱਜ ਵੀ ਕੁਪੋਸ਼ਣ ਲਿੰਗਕ ਤੇ ਹੋਰ ਸਮਾਜਕ ਭੇਦਭਾਵਾਂ, ਗਰੀਬੀ ਤੇ ਅਣਪੜਤਾ ਦੀ ਘੁੰਮਣ ਘੇਰੀ 'ਚ ਫਸੀ ਹੋਈ ਹੈ। ਇਸ ਨਾਲ ਮਨੁੱਖੀ ਵਿਕਾਸ ਤਾਂ ਪ੍ਰਭਾਵਿਤ ਹੋ ਹੀ ਰਿਹਾ ਹੈ ਅਤੇ ਨਾਲ ਹੀ ਨਾਲ ਵੱਡੀ ਗਿਣਤੀ ਦੇਸ਼ਾਂ ਨੂੰ ਹਰ ਵਰ੍ਹੇ ਸੰਭਾਵਿਤ ਮਾਨਵੀ ਪ੍ਰਤਿਭਾਵਾਂ ਤੋਂ ਵੀ ਹੱਥ ਧੋਣਾ ਪੈ ਰਿਹਾ ਹੈ।

ਸ਼ਾਇਦ ਇਸ ਲਈ ਇਸ ਰੀਪੋਰਟ 'ਚ ਟਿਪਣੀ ਕਰਦਿਆਂ ਲਿਖਿਆ ਗਿਆ ਹੈ ਕਿ ਜਦ ਤੱਕ ਔਰਤਾਂ ਤੇ ਲੜਕੀਆਂ ਪ੍ਰਤੀ ਭੇਦ ਭਾਵ ਦੇ ਸਮਾਜਿਕ ਰੁਝਾਣ ਰਹਿਣਗੇ ਤੇ ਇਹਨਾਂ ਨੂੰ ਦੂਰ ਕਰਨ ਦੀ ਰਣਨੀਤੀ 'ਤੇ ਕੰਮ ਨਹੀਂ ਕੀਤਾ ਜਾਵੇਗਾ ਤਦ ਤੱਕ ਬੱਚਿਆਂ ਤੇ ਮਾਵਾਂ ਦੀਆਂ ਬੇਵਕਤੀ ਮੌਤਾਂ ਪੂਰੀ ਦੁਨੀਆਂ ਲਈ ਚਿੰਤਾ ਦੀ ਵਜਾਹ ਬਣੀਆਂ ਰਹਿਣਗੀਆਂ। ਰੀਪੋਰਟ 'ਚ ਭਾਵੇਂ ਇਹ ਟਿੱਪਣੀ ਪੂਰੀ ਦੁਨੀਆਂ ਸਬੰਧੀ ਕੀਤੀ ਗਈ ਹੈ ਪਰ ਕਿਤੇ ਨਾ ਕਿਤੇ ਉਸ ਰਾਹੀਂ ਭਾਰਤ ਦੇ ਨੀਤੀ ਘਾੜਿਆਂ ਨੂੰ ਖਬਰਦਾਰ ਕਰਨਦਾ ਯਤਨ ਵੀ ਕੀਤਾ ਗਿਆ ਹੈ।

ਭਾਰਤੀ ਸਮਾਜ ਵਿਚ ਵਿਆਪਕ ਭੇਦਭਾਵ ਦੇ ਵੱਖ ਵੱਖ ਰੁਝਾਣਾਂ ਨੂੰ ਵੇਖਦੇ ਹੋਇਆ ਇਸ ਨੂੰ ਸੁਭਾਵਿਕ ਨਹੀਂ ਮੰਨਿਆਂ ਜਾ ਸਕਦਾ।

# ਕੀ ਬਦਲ ਗਏ ਹਨ ਅਸ਼ਲੀਲਤਾ ਦੇ ਮਾਪੰਦੰਡ?

"ਅਸ਼ਲੀਲ ਸਾਹਿਤ ਬਲਾਤਕਾਰ ਵਾਗੂੰ ਮਨੁੱਖਾਂ ਦੀ ਖੋਜ ਹੈ, ਔਰਤ ਨੂੰ ਗੈਰਮਨੁੱਖੀ ਬਣਾਉਣ ਦੇ ਮਕਸਦ ਨਾਲ, ਔਰਤ ਨੂੰ ਭੋਗਣਯੋਗ ਵਸਤੂ 'ਚ ਬਦਲਣ ਲਈ ਨਾ, ਕਿ ਉਤੇਜਨਾ ਸੰਵੇਦਨਾ ਨੂੰ ਨੈਤਿਕ ਮੁੱਲਾਂ ਤੋਂ ਮੁਕਤ ਕਰਨ ਲਈ। ਅਜੇਹੇ ਸਾਹਿਤ ਵਿੱਚ ਹਮੇਸ਼ਾ ਔਰਤ ਦੀ ਛਾਤੀ ਤੇ ਪ੍ਰਜਨਨ ਅੰਗਾਂ ਨੂੰ ਹੀ ਦਿਖਾਇਆ ਜਾਂਦਾ ਹੈ। ਔਰਤ ਦੇ ਗੁਪਤ ਅੰਗਾਂ ਨੂੰ ਮਰਦ ਆਪਣੀ ਨਿੱਜੀ ਜਾਇਦਾਦ ਸਮਝਦਾ ਹੈ ਜਦ ਕਿ ਆਪਣੇ ਅੰਗਾਂ ਨੂੰ ਪ੍ਰਾਚੀਨ, ਧਾਰਮਿਕ, ਵਿਆਪਕ, ਪਿਤਰਸੱਤਾ ਦਾ ਪ੍ਰਤੀਕ ਜੋ ਔਰਤ 'ਤੇ ਜਬਰੀ ਰਾਜ ਕਰਦਾ ਹੈ। ਅਸ਼ਲੀਲ ਸਾਹਿਤ ਵਿਸ਼ਵ ਯੁੱਧ ਵਜੋਂ ਔਰਤ ਜਾਤੀ ਵਿਰੁੱਧ ਪ੍ਰਚਾਰ ਹੈ।" ਇਹ ਵਿਚਾਰ ਹਨ, ਪ੍ਰਸਿੱਧ ਲੇਖਕ ਸੁਮਨ ਬਰਾਊਨ ਮਿਲਨ ਦੇ ਜਿੰਨ੍ਹਾਂ ਨੇ ਇਸ ਨੂੰ ਆਪਣੀ ਪੁਸਤਕ 'ਅਗੈਂਸਟ ਆਵਰ ਵਿਲ 'ਚ ਦਰਸਾਇਆ ਹੈ। ਸੁਧੇਂਦੂ ਬਾਬੂ ਇੱਕ ਅਖਬਾਰ ਦੇ ਦਫ਼ਤਰ ਵਿੱਚ ਕੰਮ ਕਰਦੇ ਹਨ। ਅੱਛੇ ਖਾਸੇ ਪੜ੍ਹੇ ਲਿਖੇ ਆਦਮੀ ਹਨ। ਪਰ ਮਨ ਤੋਂ ਜਾਣਦੇ ਹਨ ਕਿ ਉਹ ਬੁੱਢੇ ਹੋ ਰਹੇ ਹਨ ਜਾਂ ਹੋ ਹੀ ਗਏ ਹਨ। ਅਖ਼ਬਾਰ ਤੋਂ ਜੋ ਵੀ ਫੁਰਸਤ ਦੇ ਪਲ ਮਿਲਦੇ ਹਨ, ਉਹਨਾਂ 'ਚ ਨੈਟ ਤੇ ਉਹ ਸੈਕਸ ਪ੍ਰੀਕ੍ਰਿਆ ਦੇ ਦ੍ਰਿਸ਼ ਦੇ ਕੇ ਅਨੰਦਿਤ ਹੁੰਦੇ ਹਨ। ਅਜੇਹੇ ਦ੍ਰਿਸ਼ਾਂ ਨੂੰ ਵੇਖਣ ਪਿੱਛੋਂ ਉਹ ਲੰਲੰਬਾ ਸਾਹ ਲੈਂਦੇ ਅਕਸਰ ਕਹਿੰਦੇ ਹਨ ਕਿ ਲਾਸ਼ ਉਹ ਦਸ ਪੰਦਰਾਂ ਸਾਲ ਬਾਅਦ ਇਸ ਦੁਨੀਆਂ 'ਚ ਆਏ ਹੁੰਦੇ। ਯਾਨੀ ਇਸ ਸਮੇਂ ਉਹ 30-35 ਸਾਲ ਦੇ ਹੀ ਹੁੰਦੇ ਤਾਂ ਸਮਾਜ 'ਚ ਆ ਰਹੇ ਖੁੱਲ੍ਹੇਪਣ ਦਾ ਖੂਬ ਆਨੰਦ ਲੈ ਸਕਦੇ। ਅਜਕਲ ਕੁਝ ਮਿਲਾ ਕੇ ਜ਼ਿਆਦਾਤਰ ਮੱਧਵਰਗੀ ਅੱਧਖੜ ਜਾਂ ਤਾਂ ਉਸ ਤਰ੍ਹਾਂ ਸੋਚਦੇ ਹਨ ਜਾਂ ਫਿਰ ਖੁੱਲੇਪਣ ਦਾ ਫਾਇਦਾ ਉਠਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਤੋਂ ਸੰਕੋਚ ਨਹੀਂ ਕਰਦੇ। ਸੁਧੇਂਦੂ ਬਾਬੂ ਦੀ ਲਗਭਗ ਵੀਹ ਸਾਲ ਪਹਿਲਾਂ ਸ਼ਾਦੀ ਹੋਈ ਸੀ। ਉਸ ਸਮੇਂ ਉਹ ਸਾਂਝੇ ਪਰਿਵਾਰ 'ਚ ਰਹਿੰਦੇ ਸਨ। ਘਰ 'ਚ ਟੈਲੀਵਿਜ਼ਨ ਸੀ ਤੇ ਸਾਰੇ ਲੋਕ ਇਕੱਠੇ ਬੈਠ ਕੇ ਟੈਲੀਵਿਜ਼ਨ ਵੇਖਦੇ ਸਨ। ਸੁਧੇਂਦੂ ਬਾਬੂ ਨੂੰ ਅੱਜ ਵੀ ਯਾਦ ਹੈ ਕਿ ਉਸ ਸਮੇਂ ਪਰਦੇ ਤੇ ਜੋ ਕਿਸੇ ਫਿਲਮ ਵਿੱਚ ਕੋਈ ਮਾੜਾ ਦ੍ਰਿਸ਼ ਜਾਂ ਅਤੀ ਰੋਮਾਂਟਿਕ ਦ੍ਰਿਸ਼ ਆ ਜਾਂਦਾ ਸੀ ਤਾਂ ਘਰ ਦੇ ਸਾਰੇ ਮੈਂਬਰ ਸ਼ਰਮਾਉਣ ਲੱਗ ਜਾਂਦੇ ਸਨ ਤੇ ਸਭ ਨੂੰ ਲਗਦਾ ਸੀ ਕਿ ਕਾਸ਼ ਇਹ ਦ੍ਰਿਸ਼ ਜਲਦੀ ਖਤਮ ਹੋ ਜਾਵੇ। ਪਰ ਇਹਨਾਂ ਬੀਤੇ ਸਾਲਾਂ ਵਿੱਚ ਸਥਿਤੀਆਂ ਭਾਰਤ ਦੇ ਪੂਰਦੇ ਮੱਧ ਵਰਗ ਲਈ ਬਦਲ ਗਈਆਂ ਹਨ। ਸੁਧੇਂਦੂ ਬਾਬੂ ਦਰਅਸਲ ਭਾਰਤ ਦੇ ਮੱਧ ਵਰਗ ਦੇ ਹੀ ਇੱਕ ਪ੍ਰਤੀਕ ਹਨ। ਉਹ ਜਾਣਦੇ ਹਨ ਕਿ ਕਲ ਤੱਕ ਜਿੰਨ੍ਹਾਂ ਚੀਜ਼ਾਂ ਨੂੰ ਅਸ਼ਲੀਲ ਮੰਨ ਕੇ ਅਸੀਂ ਨੱਕ ਚੜ੍ਹਾਉਣ ਲੱਗਦੇ ਸਾਂ ਉਹੀ ਅਸ਼ਲੀਲਤਾ ਹੁਣ ਅਸੀਂ ਪੂਰੀ ਤਰ੍ਹਾਂ ਮੰਨ ਲਈ ਹੈ। ਜਾਂ ਕਲ ਦੀ ਅਸਲੀਲਤਾ ਅੱਜ ਪੂਰੀ ਤਰ੍ਹਾਂ ਸ਼ਲੀਲ ਹੋ ਚੁੱਕੀ ਹੈ। ਫਿਲਮ 'ਸਾਵਨ ਭਾਦੋਂ' 'ਚ ਹੀਰੋਇਨ ਰੇਖਾ ਦਾ ਨਾਇਕ ਨਵੀਨ ਨਿਸਚਲ ਦੇ ਨਾਲ ਇੱਕ ਦ੍ਰਿਸ਼ ਸੀ ਜਿਸ ਤੇ ਖੌਰੂ ਪਿਆ ਸੀ। ਉਦੋਂ ਤੱਕ ਹਿੰਦੀ ਸਿਨੇਮਾ 'ਚ ਸੈਕਸ ਪਰੋਸਣ ਦਾ ਰਿਵਾਜ ਸ਼ੁਰੂ ਨਹੀਂ ਹੋਇਆ ਸੀ। ਸੈਕਸ ਲਈ ਵੂਦੋਂ ਡੇਬੋਨਾਇਰ, ਫੈਂਟੇਂਸੀ, ਪਲੇ ਬੁਆਏ ਆਦਿ ਵਰਗੇ ਮੈਗਜ਼ੀਨਾਂ ਤੇ ਨਿਰਭਰ ਰਹਿਣਾ ਪੈਂਦਾ ਸੀ। ਪਰ ਇਹ ਰਸਾਲੇ ਵੀ ਬੇਹੱਦ ਇਕੱਲੇਪਣ 'ਚ ਲੁਕ ਛਿਪ ਕੇ ਵੇਖੇ ਜਾਂਦੇ ਸਨ ਅਤੇ ਫੜੇ ਜਾਣ ਤੇ ਵਿਅਕਤੀ ਬੇਹੱਦ ਸ਼ਰਮਿੰਦਾ ਹੁੰਦਾ ਸੀ। ਪਰ ਵੀਹਵੀਂ ਸਦੀ ਦੇ ਆਖਰੀ ਦਹਾਕੇ ਦੀ ਸ਼ੁਰੂਆਤ ਤੋਂ ਹੀ ਭਾਰਤ 'ਚ ਬਦਲਾਅ ਦੀ ਹਵਾ ਚਲਣ ਲੱਗੀ। ਆਰਥਕ ਉਦਾਰੀਕਰਨ ਨੇ ਬਹੁਕੌਮੀ (ਸਾਮਰਾਜੀ) ਕੰਪਨੀਆਂ ਦੇ ਦਰਵਾਜ਼ੇ

ਭਾਰਤ ਲਈ ਖੋਹਲ ਦਿੱਤੇ। ਸੈਟੇਲਾਈਟ ਚੈਨਲਾਂ ਰਾਹੀਂ ਵਿਦੇਸ਼ੀ ਤਹਿਬੀਜ਼ ਤੇ ਮੁੱਲਾਂ ਦਾ ਪ੍ਰਚਾਰ ਪਸਾਰ ਹੋਣ ਲੱਗਿਆ। ਮੋਬਾਇਲ ਅਤੇ ਨੈੱਟ ਕ੍ਰਾਤੀ ਨੇ ਮੁਲਕਾਂ ਦੀਆਂ ਸਰਹੱਦਾਂ ਨੂੰ ਲਗਭਗ ਖਤਮ ਕਰ ਦਿੱਤਾ। ਗ਼ੌਰ ਨਾਲ ਵੇਖੀਏ ਤਾਂ ਇਹ ਉਹ ਵਕਤ ਸੀ ਜਦ ਭਾਰਤੀ ਸੁੰਦਰੀਆਂ ਨੂੰ ਕੌਮਾਂਤਰੀ ਮੰਚ ਤੇ ਪਹਿਚਾਣ ਮਿਲਣੀ ਸ਼ੁਰੂ ਹੋ ਗਈ ਸੀ। ਸੁਸ਼ਮਿਤਾ ਸੇਨ, ਮਿਸ ਯੂਨੀਵਰਸ ਅਤੇ ਸੁੰਦਰੀ ਕੌਮਾਂਤਰੀ ਮੰਚ ਤੇ ਦਿਸਣ ਲੱਗ ਪਈ ਹੈ। ਦਰਅਸਲ ਇਹ ਭਾਰਤੀ ਸਮਾਜ ਦੀਆਂ ਨਵੀਆਂ, ਰੋਲ ਮਾਡਲਾਂ ਸਨ, ਜਿੰਨ੍ਹਾਂ ਦਾ ਮੁੱਖ ਕੰਮ ਬਹੁਕੌਮੀ ਕੰਪਨੀਆਂ ਨੂੰ ਆਪਣੀਆਂ ਵਸਤਾਂ ਵੇਚਣ ਲਈ ਦੇਸੀ ਯਾਨੀ ਭਾਰਤੀ ਰੋਲ ਮਾਡਲਸ ਦੀ ਲੋੜ ਸੀ ਇਸ ਲਈ ਸੁੰਦਰੀਆਂ ਦੀ ਇਹ ਕਤਾਰ ਤਿਆਰ ਕੀਤੀ ਗਈ। ਇਸ ਦੌਰ ਦੀ ਘਟਨਾ ਹੈ ਜਦ ਅਮਿਤਾਭ ਬਚਨ ਦੀ ਕੰਪਨੀ ਏ. ਬੀ. ਸੀ. ਐਲ. ਅਜੇਹੀ ਹੀ ਇੱਕ ਸੁੰਦਰਤਾ ਪ੍ਰਤੀਯੋਗਤਾ ਨੂੰ ਲਾਈਵ (ਸਿੱਧਾ ਪ੍ਰਸਾਰਨ) ਵਿਖਾਉਣਾ ਚਾਹੁੰਦੀ ਸੀ ਤਾਂ ਵੱਡੇ ਪੈਮਾਨੇ ਤੇ ਇਸ ਦਾ ਵਿਰੋਧ, ਕੀਤਾ ਗਿਆ ਸੀ। ਮਾਮਲਾ ਅਦਾਲਤ ਤੱਕ ਪਹੁੰਚਿਆ ਪਰ ਅਦਾਲਤ ਨੇ ਇਸ ਲਈ ਹਰੀ ਝੰਡੀ ਦੇ ਦਿੱਤੀ। ਇਹ ਇੱਕ ਤਰ੍ਹਾਂ ਨਾਲ ਇਹਨਾਂ ਸੁੰਦਰਤਾ ਮੁਕਾਬਲਿਆਂ ਦੇ ਲਈ ਰਾਹ ਪੱਧਰਾ ਹੋ ਜਾਣਾ ਸੀ। ਉਦੋਂ ਪਹਿਲੀ ਵਾਰੀ ਛੋਟੇ ਪਰਦੇ ਤੇ ਬੈਡਰੂਮ 'ਚ ਬੈਠ ਕੇ ਪਰਿਵਾਰ ਸਮੇਤ ਸੁੰਦਰਤਾ ਮੁਕਾਬਲੇ ਦੇ ਬਹਾਨੇ ਮੱਧ ਵਰਗ ਨੇ ਬਿਕਨੀ 'ਚ ਇਕੋ ਵੇਲੇ ਅਨੇਕਾਂ ਸੁੰਦਰੀਆਂ ਨੂੰ ਦੇਖਿਆ। ਇਹ ਭਾਰਤੀ ਮੱਧ ਵਰਗ ਦੇ ਸੰਕੋਚ ਦੇ ਖਤਮ ਹੋਣ ਦੀ ਸ਼ੁਰੂਆਤ ਸੀ। ਯਾਨੀ ਇਕ ਪਾਸੇ ਤਾਂ ਛੋਟੇ ਪਰਦੇ ਰਾਹੀਂ ਇਸ ਤਰ੍ਹਾਂ ਦੀਆਂ ਚੀਜ਼ਾਂ (ਜਿਹਨਾਂ ਨੂੰ ਉਸ ਦੌਰ ਦੇ ਲਿਹਾਜ ਨਾਲ ਅਸ਼ਲੀਲ ਕਿਹਾ ਜਾ ਸਕਦਾ ਸੀ) ਦਾ ਦਿਖਾਵਾ ਸ਼ੁਰੂ ਹੋ ਗਿਆ ਅਤੇ ਦੂਜੇ ਪਾਸੇ ਮੱਧ ਵਰਗ ਦੇ ਤਰਕ ਬਦਲਣ ਲਈ ਵੱਖਰੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। ਮਾਰਚ 1993 ਅਤੇ ਅਗਸਤ 1993 ਡੇਬੋਨੇਅਰ ਅਤੇ ਫੈਟੇਂਸੀ ਦੇ ਮੁੱਖ ਪੰਨਿਆਂ ਤੇ ਅੰਜਲੀ ਕਪੂਰ ਨਾਂ ਦੀ ਇੱਕ ਵਕੀਲ ਦੀਆਂ ਅੱਧ ਨੰਗੀਆਂ ਫੋਟੋ ਛਾਪੀਆਂ। ਸ਼ਾਇਦ ਇਹ ਪਹਿਲਾਂ ਮੌਕਾ ਸੀ ਜਦ ਇਹਨਾਂ ਦੋਹਾਂ ਮੈਗਜ਼ੀਨਾਂ ਨੂੰ ਸਾਰਿਆਂ ਨੇ ਨਾ ਸਿਰਫ ਦੇਖਿਆ ਬਲਕਿ ਉਸ ਤੇ ਸੱਥ ਚਰਚਾ ਵੀ ਹੋਈ। ਇਹਨਾਂ ਤਸਵੀਰਾਂ ਨੇ ਇੱਕ ਨਵੀਂ ਬਹਿਸ ਨੂੰ ਜਨਮ ਦਿੱਤਾ। ਪਹਿਲੀ ਵਾਰ ਇਹ ਦਲੀਲ ਸੁਣੀ ਗਈ ਕਿ ਅੰਜਲੀ ਕਪੂਰ ਆਪਣੀ ਦੇਹ ਦੀ ਖੁਦ ਮਾਲਕ ਹੈ ਅਤੇ ਉਸਨੂੰ ਵਿਖਾਉਣਾ ਉਸ ਦੀ ਨਿੱਜੀ ਆਜ਼ਾਦੀ 'ਚ ਸ਼ਾਮਲ ਹੈ। ਮਜ਼ੇਦਾਰ ਗੱਲ ਇਹ ਰਹੀ ਕਿ ਔਰਤ ਜੱਥੇਬੰਦੀਆਂ ਵੀ ਅੰਜਲੀ ਕਪੂਰ ਦੇ ਪੱਖ 'ਚ ਖੜ੍ਹੀਆਂ ਵਿਖਾਈ ਦਿੱਤੀਆਂ ਪਰ ਇਸ ਸਾਰੀ ਕਸਰਤ ਨੇ ਸਮਾਜ 'ਚ ਦੋ ਕੰਮ ਕੀਤੇ। ਪਹਿਲਾਂ ਮੱਧ ਵਰਗ ਦੀਆਂ ਲੜਕੀਆਂ ਨੂੰ ਇਹ ਸਮਝਾਇਆ ਕਿ ਉਹ ਆਪਣੀ ਦੇਹ ਨੂੰ ਵਿਖਾ ਕ ਵੀ ਭਰਪੂਰ ਪੈਸਾ ਤੇ ਪ੍ਰਚਾਰ ਹਾਸਲ ਕਰ ਸਕਦੀਆਂ ਹਨ। ਦੂਜਾ ਕੰਮ ਇਹ ਹੋਇਆ ਕਿ ਪਹਿਲੀ ਵਾਰੀ ਲੋਕਾਂ ਨੂੰ ਲੱਗਿਆ ਕਿ ਫੈਟੇਂਸਲੀ ਅਤੇ ਡੇਬੋਨੇਅਰ ਵਰਗੇ ਮੈਗਜ਼ੀਨਾਂ ਨੂੰ ਜਨਤਕ ਤੌਰ 'ਤੇ ਵਿਖਾਉਣਾ ਵੀ ਕਿਸੇ ਅਪਰਾਧ 'ਚ ਸ਼ਾਮਲ ਨਹੀਂ ਹੈ। ਯਾਨੀ ਮੱਧ ਵਰਗ ਦਾ ਤਰਕ ਇਥੋਂ ਬਦਲਣਾ ਸ਼ੁਰੂ ਹੋਇਆ। ਜ਼ਾਹਿਰ ਹੈ ਇਹਨਾਂ ਸਮਾਜਕ ਬਦਲਾਵਾਂ ਤੇ ਹਿੰਦੀ ਸਿਨੇਮਾ ਦੀ ਵੀ ਨਜ਼ਰ ਸੀ। ਹਾਲਾਂਕਿ ਇਸ ਤੋਂ ਪਹਿਲਾਂ ਬਾਬੀ, ਸਤਿਆਮ ਸਿਵਲ ਸੁੰਦਰਮ ਤੇ ਰਾਮ ਤੇਰੀ ਗੰਗਾ ਮੈਲੀ ਹੋ ਗਈ ਵਰਗੀਆਂ ਫਿਲਮਾਂ ਬਣ ਤੇ ਵਿਕ ਰਹੀਆਂ ਸਨ। ਪਰ ਇਸ ਤੋਂ ਪਿੱਛੋਂ ਤਾਂ ਫਿਲਮ ਵਾਲਿਆਂ ਨੂੰ ਇਹ ਸਮਝ 'ਚ ਆ ਗਿਆ ਕਿ ਸੈਕਸ ਦੀ ਚਾਛਣੀ 'ਚ ਭਿਉਂ ਕੇ ਕੋਈ ਵੀ ਕਹਾਣੀ ਵੇਚੀ ਜਾ ਸਕਦੀ ਹੈ। ਮਾਰਡਰ, ਜਿਸਮ, ਉਪਸ,

ਗਰਲਫਰੈਂਡ ਵਰਗੀਆਂ ਅਨੇਕਾਂ ਫਿਲਮਾਂ ਆਈਆਂ, ਜਿਹਨਾਂ ਵਿੱਚੋਂ ਚੁੰਬਣ ਦੇ ਦ੍ਰਿਸ਼ ਹੀ ਨਹੀਂ ਗਰਮ ਬੈਡਸੀਨ (ਭਦੇ ਦ੍ਰਿਸ਼) ਵੀ ਸਨ। ਅਚਾਨਕ ਮਲਿਕਾ ਸਹਿਰਾਵਤ, ਰਾਖੀ ਸਾਵੰਤ, ਬਿਪਾਸ਼ਾ ਬਸੂ ਵਰਗੀਆਂ, 'ਕਿਸ ਕੁਈਨਸ' ਸਮਾਜ 'ਚ ਪੈਦਾ ਹੋ ਗਈਆਂ। ਫਿਲਮ 'ਸਾਵਨ ਭਾਦੋਂ' 'ਚ ਰੇਖਾ ਦੇ ਇੱਕ ਚੁੰਮਣ ਦ੍ਰਿਸ਼ ਤਾ ਬਥੇਰਾ ਖੌਰੂ ਪਿਆ ਸੀ ਪਰ ਉਹੀ ਸਮਾਜ ਮਲਿਕਾ ਸਹਿਰਾਵਤ ਦੇ 50-50 ਚੁੰਮਣ ਦ੍ਰਿਸ਼ਾਂ ਇੱਕ ਹੀ ਫਿਲਮ 'ਚ ਲੱਗਿਆ ਹੈ ਅਤੇ ਉਸ ਨੂੰ ਵੀ ਹੌਲੀ-ਹੌਲੀ ਇਹ ਸਮਝ 'ਚ ਆਉਣ ਲੱਗਿਆ ਹੈ ਕਿ ਜਨਤਕ ਤੌਰ 'ਤੇ ਚੁੰਬਣਾਂ ਦੇ ਦਿਖਾਏ ਜਾਣ ਵਿੱਚ ਕੁਝ ਵੀ ਅਸ਼ਲੀਲ ਨਹੀਂ ਹੈ। ਹਾਲੀਵੁੱਡ ਹੀਰੋ ਗੇਰ ਵੱਲੋਂ ਸ਼ਿਲਪਾ ਸ਼ੈਟੀ ਦੇ ਮੰਚ ਤੇ ਜਬਰਦਸਤੀ ਲਏ ਗਏ ਚੁੰਬਣ ਨੇ ਉਸ ਦੀ ਇਸ ਗੱਲ ਦੀ ਪੁਸ਼ਟੀ ਕੀਤੀ। ਹੁਣ ਤੱਕ ਆਈਟਮ ਸਾਂਗ (ਗੀਤ) ਦੀ ਇੱਕ ਨਵੀਂ ਧਾਰਨਾ ਬਜ਼ਾਰ 'ਚ ਆ ਗਈ ਸੀ। ਇਸ ਕਾਰਨ ਲਗਭਗ ਹਰ ਫਿਲਮ ਵਿੱਚ ਇੱਕ ਸੈਕਸੀ ਆਇਟਮ (ਗੀਤ) ਰਖਾਇਆ ਜਾਣ ਲੱਗਿਆ। ਜਿਹਨਾਂ ਨੂੰ ਫਿਲਮਾਉਣ ਲਈ ਸਾਰੀਆਂ ਹੀਰੋਇਨ ਅੱਗੇ ਆਉਣ ਲੱਗੀਆਂ ਤੇ ਭਾਰਤੀ ਡ੍ਰੈਸ ਸੈਂਸ ਨੂੰ ਸਭ ਤੋਂ ਜ਼ਿਆਦਾ ਹਿੰਦੀ ਸਿਨੇਮਾ ਨੇ ਵੀ ਪ੍ਰਭਾਵਿਤ ਕੀਤਾ ਹੈ ਅਤੇ ਮੌਜੂਦਾ ਦੌਰ ਵਿਚ ਜਦ ਵੱਡੇ ਜਾਂ ਛੋਟੇ ਪਰਦੇ ਤੇ ਫਿਲਮੀ ਹੀਰੋਇਨਾਂ ਛੋਟੇ ਕੱਪੜਿਆਂ 'ਚ ਨਜ਼ਰ ਆਉਂਦੀਆਂ ਹਨ ਤੇ ਉਹਨਾਂ ਦਾ ਸਿੱਧਾ ਅਸਰ ਭਾਰਤੀ ਕਿਸ਼ੋਰਾਂ ਤੇ ਪੈਂਦਾ ਹੈ। ਹੁਣ ਉਹਨਾਂ ਨੂੰ ਵੀ ਜਿਸਮ ਦਿਖਾਉਣ ਵਾਲੇ ਕੱਪੜੇ ਪਹਿਨਣ ਤੋਂ ਕੋਈ ਪ੍ਰਹੇਜ਼ ਨਹੀਂ ਰਿਹਾ। ਅੱਜ ਰਾਜਧਾਨੀ 'ਚ ਮਹਾਂਨਗਰਾਂ 'ਚ ਅਤੇ ਛੋਟੇ ਸ਼ਹਿਰਾਂ 'ਚ ਆਪ ਨੂੰ ਅਜੇਹੀਆਂ ਲੜਕੀਆਂ ਮਿਲ ਜਾਣਗੀਆਂ, ਜੋ ਰਾਖੀ ਸਾਵੰਤ, ਮਲਿਕਾ ਸਹਿਰਾਵਤ ਜਾਂ ਬਿਪਾਸ਼ਾ ਬਸੂ ਵਰਗੀਆਂ ਦਿਸਣ ਲਈ ਉਹਨਾਂ ਵਰਗੇ ਕੱਪੜੇ ਪਾਉਂਦੀਆਂ ਹਨ। ਉਹਨਾਂ ਨੂੰ ਇਸ ਗੱਲ ਦਾ ਡਰ ਵੀ ਨਹੀਂ ਰਹਿੰਦਾ ਕਿ ਕਿਤੇ ਉਹਨਾਂ ਦੇ ਇਹ ਖੁੱਲ੍ਹ ਖੁੱਲ੍ਹ ਜਿਹੇ ਜਾਣ ਵਾਲੇ ਕੱਪੜੇ ਪੂਰੀ ਤਰ੍ਹਾਂ ਹੀ ਨਾ ਖੁੱਲ੍ਹ ਜਾਣ ਕਿਉਂਕਿ ਇਹ ਡਰ ਉਹਨਾਂ ਦੇ ਅੰਦਰੋਂ ਰੈਂਪ ਤੇ ਚਲਣ ਵਾਲੀਆਂ ਮਾਡਲਾਂ ਨੇ ਕੱਢ ਦਿੱਤੇ ਹਨ, ਜਿੰਨ੍ਹਾਂ ਦੀਆਂ ਚੇਲੀਆਂ ਰੈਂਪ ਤੇ ਚਲਦਿਆਂ ਡਿੱਗ ਪੈਂਦੀਆਂ ਹਨ ਅਤੇ ਕੁਝ ਨਹੀਂ ਹੁੰਦਾ। ਹੁਣ ਅਸੀਂ ਉਹੀ ਪਹਿਨਣ ਲੱਗੇ ਹਾਂ ਜੋ ਸਾਡੇ ਰੋਲ ਮਾਡਲਜ਼ ਪਹਿਨਦੇ ਹਨ। ਘੱਟ ਕੱਪੜੇ ਪਹਿਨਣ ਜਾਂ ਇਕ ਦਮ ਨੰਗੀਆਂ ਲੜਕੀਆਂ ਦੀਆਂ ਤਸਵੀਰਾਂ ਨੂੰ ਵੇਖਣ ਦੀ ਇੱਛਾ ਇੰਟਰਨੈੱਟ ਨੇ ਪੂਰੀ ਕਰ ਦਿੱਤੀ ਹੈ। ਹੁਣ ਇਸ ਲਈ ਉਸਨੂੰ ਫੈਂਟੈਂਸੀ ਅਤੇ ਡੇਬੋਨੋਅਰ ਵਰਗੇ, ਬਲੂ ਫਿਲਮਾਂ ਵੇਖਣ ਪਿੱਛੋਂ ਕੁਝ ਵੀ ਅਸ਼ਲੀਲ ਲੱਗਣਾ ਬੰਦ ਹੋ ਗਿਆ ਹੈ ਅਤੇ ਅੱਜ ਦੇ ਨੌਜਵਾਨਾਂ ਨਾਲ ਇਹੀ ਹੋ ਰਿਹਾ ਹੈ। ਅੱਜ ਰਸਾਲਿਆਂ 'ਚ ਅਖਬਾਰਾਂ 'ਚ ਅਤੇ ਨਿੱਜੀ ਚੈਨਲਾਂ ਤੇ ਪਰੋਸੀ ਜਾਣ ਵਾਲੀ ਕਿਸੇ ਵੀ ਅਸ਼ਲੀਲ ਸਮੱਗਰੀ ਦੇ ਵਿਰੋਧ ਦੀ ਆਵਾਜ਼ ਵੀ ਨਹੀਂ ਉਠਦੀ। ਨਹੀਂ ਅਜੇਹਾ ਕਿਵੇਂ ਹੋ ਸਕਦਾ ਹੈ ਕਿ ਸਮਾਜ ਦਾ ਵਿਵਾਦਗ੍ਰਸਤ ਮਟੁਕਨਾਥ ਵਰਗੇ ਸਖਸ਼ ਲੋਕਾਂ ਨੂੰ ਅਨੇਕਾਂ ਚੈਨਲਾਂ ਨੇ ਲਵਗੁਰੂ ਵਜੋਂ ਪ੍ਰੋਜੈਕਟ ਕੀਤਾ ਹੋਵੇ। ਮਟੁਕਨਾਥ ਵਰਗੇ ਲੋਕਾਂ ਨੂੰ ਨਾਇਕ ਬਣਾ ਪੇਸ਼ ਕਰਨ ਪਿੱਛੇ ਸ਼ਾਇਦ ਇਕ ਮਨੋਗ੍ਰੰਥੀ ਇਹ ਵੀ ਛੁਪੀ ਰਹਿੰਦੀ ਹੈ ਕਿ ਸਮਾਜ ਮਰਦਾਂ ਲਈ ਹਰ ਜਗਾਹ ਸੰਭਾਵਨਾਵਾਂ ਮੌਜ਼ੂਦ ਰਹਿਣ। ਇਹਨਾਂ ਚੀਜਾਂ ਨੇ ਵੀ ਸਮਾਜ 'ਚ ਵਿਆਹ ਤੋਂ ਪਹਿਲਾਂ ਸੰਬੰਧਾਂ ਨੂੰ ਵਧਾਉਣ 'ਚ ਮਦਦ ਕੀਤੀ ਹੈ। ਜ਼ਾਹਿਰ ਹੈ ਕਿ, ਜਦ ਵਿਅਕਤੀ ਦੀ ਸੋਚ, ਉਸ ਦਾ ਪਹਿਰਾਵਾ ਅਤੇ ਉਸ ਦੀ ਜੀਵਨ ਸ਼ੈਲੀ ਪੂਰੀ ਤਰ੍ਹਾਂ ਬਦਲ ਗਈ ਹੈ ਤਾਂ ਅਸ਼ਲੀਲਤਾ ਦੇ ਅਰਥ ਹੁਣ ਪਹਿਲਾਂ ਵਰਗੇ ਕਿਵੇਂ ਰਹਿ ਸਕਦੇ ਹਨ।

# ਮੋਦੀ ਫਿਰ ਮੁਸਕਰਾਇਆ

'ਸਾਡੇ ਵਿਚੋਂ ਬਹੁਤੇ ਆਪਣੇ ਆਪ ਨੂੰ ਬਚਾਉਣ ਲਈ ਨਾਲ ਦੇ ਜੰਗਲ ਵਿੱਚ ਭੱਜ ਗਏ। ਪਰ ਮੇਰਾ ਅਪਾਹਜ ਭਰਾ ਨਹੀਂ ਭੱਜ ਸਕਿਆ, ਦੰਗਾ ਕਰਨ ਵਾਲਿਆਂ ਨੇ ਉਸ ਨੂੰ ਫੜਿਆ ਤੇ ਪੈਟਰੋਲ ਛਿੜਕ ਕੇ ਅੱਗ ਲਾ ਦਿੱਤੀ ਜਦ ਉਹ ਜਲਣ ਲੱਗਿਆ ਤਾਂ ਉਸ ਨੇ ਮੇਰੇ ਲਈ ਚੀਕਣਾ ਸ਼ੁਰੂ ਕੀਤਾ ਕਿ ਮੈਂ ਬਾਹਰ ਆਵਾਂ ਤੇ ਉਸ ਨੂੰ ਬਚਾ ਲਵਾਂ। ਮੈਂ ਕੁਝ ਨਾ ਕਰ ਸਕਿਆ, ਮੈਂ ਬੇਵਸ ਸੀ,"

ਇਹ ਬਿਆਨ ਰਇੰਦਰਨਾਥ ਪ੍ਰਧਾਨ ਗਡਗ੍ਰਾਮ ਪਿੰਡ ਕੰਧਮਾਲ ਉੜੀਸਾ ਦੇ ਕੰਧਮਾਲ ਜਿਲੇ 'ਚ 23 ਅਗਸਤ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਸਵਾਮੀ ਲਕਸ਼ਮਾਨੰਦ ਸਰਸਵਤੀ ਦੇ ਕਤਲ ਪਿਛੋਂ ਹਿੰਦੂ ਫਾਸਿਸਟਾਂ ਵੱਲੋਂ ਇਸਾਈਆਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ ਗਿਆ। ਰਵਿੰਦਰਨਾਥ ਪ੍ਰਧਾਨ ਇਸੇ ਕਤਲੇਆਮ ਦਾ ਸ਼ਿਕਾਰ ਹੋਇਆ ਇਕ ਇਸਾਈ ਹੈ। ਅਜੇਹੀਆਂ ਨਾ ਜਾਣੇ ਕਿੰਨੀਆਂ ਹੀ ਵਾਰਦਾਤਾਂ ਪੂਰੇ ਉੜੀਸਾ 'ਚ ਇਸ ਕਤਲੇਆਮ ਦੌਰਾਨ ਅੰਜਾਮ ਦਿੱਤੀਆਂ ਗਈਆਂ। ਇਸਾਈਆਂ ਦੇ ਪਿੰਡਾਂ ਦੇ ਪਿੰਡ ਸਾੜ ਦਿੱਤੇ ਗਏ। ਚਰਚਾਂ ਨੂੰ ਅੱਗ ਲਾ ਦਿੱਤੀ ਗਈ। ਬੀਕਿੰਗਿਆ 'ਚ 500 ਲੋਕਾਂ ਦੀ ਜਥੇਬੰਦ ਹੋਈ ਭੀੜ ਨੇ ਸਥਾਨਕ ਚਰਚ ਨੂੰ ਘੇਰ ਲਿਆ ਤੇ ਉਥੋਂ ਦੇ ਪਾਦਰੀ ਦਾ ਸਿਰ ਇਕੋ ਝਟਕੇ ਨਾਲ ਧੜ ਤੋਂ ਵੱਖ ਕਰ ਦਿੱਤਾ। ਬਰਗਾਹ ਅਨਾਥ ਆਸ਼ਰਮ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਨੌਗਾਂਵ ਇਸਾਈ ਨਨ ਦੇ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਪਿੰਡ ਤੋਂ ਭੱਜੇ ਤੇ ਬਚ ਕੇ ਰਾਹਤ ਕੈਂਪਾਂ 'ਚ ਇਕੱਠੇ ਹੋਏ ਲੋਕਾਂ ਦੀ ਅੱਖਾਂ 'ਚ ਇਕ ਹੀ ਸੁਆਲ ਹੈ ਕਿ ਕੀ ਅਸੀਂ ਕਦੀ ਵਾਪਸ ਆਪਣੇ ਪਿੰਡ ਜਾ ਸਕਾਂਗੇ ਤੇ ਪਹਿਲਾਂ ਵਰਗੀ ਜਿੰਦਗੀ ਜਿਉਂ ਸਕਾਂਗੇ।

ਕੰਧਮਾਲ ਜ਼ਿਲ੍ਹਾ ਅੱਜ ਹਿੰਦੂਵਦੀ ਇਸ ਪ੍ਰਯੋਗਸ਼ਾਲਾ ਦਾ ਇਕ ਸਾਕਾਰ ਰੂਪ ਬਣ ਚੁਕਿਆ ਹੈ। ਕੰਧਮਾਲ ਜ਼ਿਲ੍ਹੇ ਦੀ ਅਬਾਦੀ ਲਗਭਗ 6 ਲੱਖ ਹੈ। ਇਹਨਾਂ 'ਚੋ ਕਰੀਬ 3 ਲੱਖ ਹਿੰਦੂ ਕੰਧ ਜਾਤੀ ਦੇ ਹਨ। ਦੂਜੀ ਵੱਡੀ ਅਬਾਦੀ ਇਸਾਈ ਦਲਿੱਤ ਪਨਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਗਿਣਤੀ ਕਰੀਬ ਡੇਢ ਲੱਖ ਹੈ ਕਦੀ ਇਹ ਕੰਧ ਜਨਜਾਤੀ ਵੀ ਬਾਕੀ ਜਨਜਾਤੀ ਲੋਕਾਂ ਵਾਗੂੰ ਕੁਦਰਤ ਨੂੰ ਹੀ ਪੂਜਦੀ ਸੀ ਨਾ ਇਹ ਹਿੰਦੂ ਸੀ ਨਾ ਇਸਾਈ। ਦਲਿਤਾਂ ਦੀ ਧਰਮਬਦਲੀ ਕਰਨ 'ਚ ਲੰਮੇ ਸਮੇਂ ਤੋਂ ਇਸਾਈ ਮਿਸ਼ਨਰੀਆਂ ਜੁਟੀਆਂ ਹੋਈਆਂ ਹਨ। ਉੜੀਸਾ 'ਚ ਵੱਡੇ ਪੈਮਾਨੇ 'ਤੇ ਫੈਲੀ ਬੇਕਾਰੀ, ਅਨਪੜਤਾ ਬੀਮਾਰੀ, ਪਛੜਿਆਪਣ ਦਾ ਫਾਇਦਾ ਉਨ੍ਹਾਂ ਨੇ ਇਹ ਮਿਸ਼ਨਰੀਆਂ ਹਸਪਤਾਲ ਸਕੂਲ, ਕੁਝ ਰੁਜ਼ਗਾਰ ਤੇ ਪੈਸਾ ਦੇ ਕੇ ਦਲਿਤਾਂ ਨੂੰ ਇਸਾਈ ਬਣਾਉਣ ਦਾ ਲਾਲਚ ਦੇ ਰਹੀਆਂ ਹਨ। ਇਸ ਕੰਮ ਹਿੱਤ ਯੂਰਪ, ਅਮਰੀਕਾ ਤੋਂ ਵੱਡੇ ਪੈਮਾਨੇ 'ਤੇ ਸਾਮਰਾਜੀ ਕਾਰਪੋਰੇਸ਼ਨਾ ਗੈਰ ਸਰਕਾਰੀ ਸੰਸਥਾਵਾਂ ਇਹਨਾਂ ਨੂੰ ਪੈਸਾ ਮੁਹੱਈਆ ਕਰਵਾਉਂਦੀਆਂ ਹਨ। ਲੋਕਾਂ ਨੂੰ ਸਿਹਤ ਸਿਖਿਆ ਰੁਜ਼ਗਾਰ ਦਾ ਇੰਤਜਾਮ ਕਰਨਾ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ। ਸਰਕਾਰ ਇਸ ਦਿਸ਼ਾ ਵਿੱਚ ਅਣਦੇਖੀ ਦਾ ਫਾਇਦਾ ਪਹਿਲਾਂ ਇਸਾਈ ਮਿਸ਼ਨਰੀਆਂ ਨੇ ਉਠਾਇਆ ਤਾਂ ਅੱਜ ਆਰ. ਐਸ. ਐਸ. ਦੀ ਭਗਵਾਂ ਬ੍ਰਿਗੇਡ ਉਠਾ ਰਹੀ ਹੈ ਅਤੇ ਆਰ. ਐਸ. ਐਸ. ਨੂੰ ਪ੍ਰਵਾਸੀ ਹਿੰਦੂਆਂ ਵਲੋਂ ਵੱਡੇ ਪੈਮਾਨੇ 'ਤੇ ਪੈਸਾ ਸਪਲਾਈ ਹੋਣਾ ਜੱਗ ਜਾਹਰ ਹੈ। ਧਰਮ ਤਬਦੀਲੀ ਕੰਧਮਾਲ ਤੇ ਆਸ-ਪਾਸ ਦੇ ਜਿਲੇ ਵਿੱਚ ਵੱਡਾ ਰਾਜ ਸੀ ਮੁੱਦਾ ਰਿਹਾ ਹੈ। ਜਿਸ ਦਾ

ਲਾਭ ਸਾਰੀਆਂ ਰਾਜਸੀ ਪਾਰਟੀਆਂ ਆਪਣੇ ਵੋਟ ਬੈਂਕ ਨੂੰ ਮਜਬੂਤ ਕਰਨ ਲਈ ਉਠਾਉਂਦੀਆਂ ਰਹੀਆਂ ਹਨ। ਆਪਸੀ ਵਿਰੋਧੀ ਪਾਰਟੀਆਂ ਕਾਂਧ ਲੋਕਾਂ ਤੇ ਪਨਾ ਦਲਿਤਾਂ ਨੂੰ ਇਕ ਦੂਜੇ ਦੇ ਖਿਲਾਫ ਭੜਕਾਉਂਦੇ ਰਹਿੰਦੇ ਹਨ ਜਿਸ ਕਾਰਨ ਪਨਾ ਦਲਿਤ ਵੱਡੇ ਪੈਮਾਨੇ ਤੇ ਇਸਾਈ ਧਰਮ ਅਪਣਾ ਚੁੱਕੇ ਹਨ ਤਾਂ ਕਾਂਧ ਲੋਕ ਫਾਸਿਸਟਾਂ ਦੇ ਨੇੜੇ ਪਹੁੰਚ ਕੇ ਹਿੰਦੂ ਬਣ ਚੁੱਕੇ ਹਨ। ਉੜੀਸਾ ’ਚ ਜਨਜਾਤੀ ਲੋਕਾਂ ਦਾ ਜਮੀਨ ’ਤੇ ਅਧਿਕਾਰ ਸੰਵਿਧਾਨ ਦੀ ਪੰਜਵੀਂ ਅਨੁਸੂਚੀ ਦੇ ਤਹਿਤ ਸੁਰੱਖਿਅਤ ਹੈ, ਇਸ ਨੇ ਵੀ ਦੋਹਾਂ ਜਾਤੀਆਂ ਚਿਕਾਰ ਵਿਰੋਧ ਲਈ ਅਧਾਰ ਤਿਆਰ ਕੀਤਾ।

ਦਸੰਬਰ 1996 ’ਚ ਜਦ ਕੰਧਮਾਲ ਜਿਲੇ ਦੀ ਲੋਕ ਸਭਾ ਸੀਟ ਅਤੇ ਤਿੰਨੋ ਵਿਧਾਨ ਸਭਾ ਸੀਟਾਂ ਜਨਜਾਤੀ ਲਈ ਸੁਰੱਖਿਅਤ ਹੋ ਗਈਆਂ ਤਾਂ ਪਨਾ ਲੋਕਾਂ ਨੇ ਵੀ ਅਨਸੂਚਿਤ ਜਨਜਾਤੀ ਦਾ ਦਰਜਾ ਦਿੱਤੇ ਜਾਣ ਦੀ ਮੰਗ ਕੀਤੀ ਤਾਂ ਕਿ ਉਹਨਾਂ ਦੇ ਨੇਤਾ ਵੀ ਚੋਣਾਂ ਲੜ ਸਕਣ। ਮੌਜੂਦਾ ਬੀਜੂ-ਜਨਤਾ ਦਲ-ਭਾਜਪਾ ਗਠਜੋੜ ਦੀ ਸਰਕਾਰ ਵਿੱਚ ਹਿੰਦੂ ਫਾਸਿਸਟਾਂ ਨੂੰ ਆਪਣੇ ਨੰਗੇ ਨਾਚ ਦੀ ਖੁੱਲੀ ਛੁੱਟੀ ਮਿਲ ਚੁੱਕੀ ਹੈ। ਦਸੰਬਰ 2007 ਵਿਚ ਕੰਧਮਾਲ ’ਚ ਇਸਾਈਆਂ ’ਤੇ ਗਿਣ ਮਿਥ ਕੇ ਜਥੇਬੰਦਕ ਹਮਲੇ ਸ਼ੁਰੂ ਹੋਣੇ ਹਾਲ ਹੀ ’ਚ ਵਿਸ਼ਵ ਹਿੰਦੂ ਪ੍ਰੀਸ਼ਦ ਨੇਤਾ ਦੀ ਹੱਤਿਆ ਦੀ ਜ਼ਿਮੇਵਾਰੀ ਇੱਕ ਮਾਓਵਾਦੀ ਪਾਰਟੀ ਵੱਲੋਂ ਲਏ ਜਾਣ ਦੇ ਬਾਵਜੂਦ ਇਸ ਲਈ ਇਸਾਈਆਂ ਦਾ ਸੈਂਕੜੇ-ਹਜ਼ਾਰਾਂ ਦੀ ਭੀੜ ਇਕੱਠੀ ਕਰਕੇ ਕਤਲੇਆਮ ਕੀਤਾ ਗਿਆ।

ਦਸੰਬਰ 2007 ਵਿਚ ਇਸਾਈਆਂ ’ਤੇ ਹਮਲੇ ਪਿਛੋਂ ਗਠਿਤ ਕਮਿਸ਼ਨ ਦਾ ਹਾਲ ਇਹ ਹੈ ਕਿ ਉਸ ਨੇ ਕੁਝ ਹਫਤੇ ਪਹਿਲਾਂ ਹੀ ਕੰਮ ਕਰਨਾ ਸ਼ੁਰੂ ਕੀਤਾ। ਪੁਲਸ-ਪ੍ਰਸਾਸ਼ਨ ਨੂੰ ਵੀ ਕਤਲੇਆਮ ਦੌਰਾਨ ਭੂਮਿਕਾ ਚੁਪ-ਦਰਸ਼ਕ ਵਰਗੀ ਹੀ ਬਣੀ ਰਹੀ। ਜਿਹੋ ਜਿਹੀ 2002 ਦੇ ਕਤਲੇਆਮ ਸਮੇਂ ਸੀ। ਕੁਲ ਮਿਲਾਕੇ ਹਿੰਦੂ ਫਾਸਿਸ਼ਟ ਅੱਜ ਆਪਣੇ ਪੈਰ ਨਾ ਸਿਰਫ਼ ਸ਼ਹਿਰਾਂ-ਪਿੰਡਾਂ ਬਲਕਿ ਜੰਗਲਾਂ ਤੱਕ ਪਸਾਰ ਚੁੱਕੇ ਹਨ। ਗੁਜਰਾਤ ਦੇ ਨਵੇਂ ਸੰਸਕਰਣ ਰਚਣ ਲਈ ਵਿਹਿਪ੍-ਬਜਰੰਗ ਦਲ ਆਰ. ਐਸ. ਐਸ. ਦੀ ਫੌਜ ਜੀ ਮਾਰ ਕੇ ਤਿਆਰੀ ਕਰ ਰਹੀ ਹੈ। ਮਾਨਵਤਾ ਨੂੰ ਧਾਰਮਕ ਜਨੂੰਨ ’ਚ ਧੱਕ ਕੇ ਖੂਨ ਦੀ ਦਲਦਲ ’ਚ ਡੁਬੋਣ ਦੀਆਂ ਉਹਨਾਂ ਦੀਆਂ ਕੋਸ਼ਿਸ਼ਾਂ ਅੱਜ ਸਫਲ ਹੁੰਦੀਆਂ ਦਿਸ ਰਹੀਆਂ ਹਨ। ਅਜੇਹੀ ਹਾਲਤ ’ਚ ਜਰੂਰਤ ਇਸ ਭਗਵੇਂ ਬ੍ਰਿਗੇਡ ਦੀ ਅਸਲੀਅਤ ਨੂੰ ਉਜਾਗਰ ਕਰਨ ਦੀ ਅਤੇ ਉਸ ਖਿਲਾਫ ਲਾਮਬੰਦ ਹੋਣ ਦੀ ਹੈ।

**ਉੜੀਸਾ ’ਚ ਫਿਰਕਾਪ੍ਰਸਤੀ ਦੀ ਜਹਿਰੀਲੀ ਵੇਲ ਕਿਵੇਂ ਫੈਲੀ** : ਆਮ ਤੌਰ ’ਤੇ ਪੂਰੇ ਭਾਰਤ ਵਿੱਚ ਹਿੰਦੂ-ਮੁਸਲਿਮ ਫਿਰਕਾਪ੍ਰਸਤੀ ਦਾ ਬੋਲਚਾਲਾ ਹੈ। ਜ਼ਿਆਦਾਤਰ ਦੰਗੇ ਵੀ ਹਿੰਦੂ-ਮੁਸਲਿਮਾਂ ਵਿਚਕਾਰ ਹੁੰਦੇ ਹਨ। ਪਰ ਉੜੀਸਾ ’ਚ ਹਿੰਦੂ-ਈਸਾਈ ਫਿਰਕਾਪ੍ਰਸਤੀ ਦਾ ਬੋਲਬਾਲਾ ਹੈ। ਮੌਜੂਦਾ ਕਤਲੇਆਮ ’ਚ ਅਤੇ ਬੀਤੇ ਸਮੇਂ ਦੌਰਾਨ ਹੋਏ ਦੰਗਿਆਂ ’ਚ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੇ ਹਮਲਾਵਰ ਤੇਵਰ ਅਪਣਾਏ ਹਨ। ਜਾਂ ਇਉਂ ਕਹੋ ਕਿ ਗੁਜਰਾਤ ਦੇ ਨਰੇਂਦਰ ਮੋਦੀ ਦੀ ਹਿੰਦੂਤਵ ਦੀ ਪ੍ਰਯੋਗਸ਼ਾਲਾ ਨੂੰ ਉੜੀਸਾ ’ਚ ਨਵੇਂ ਰੂਪ ’ਚ ਸਥਾਪਤ ਕੀਤਾ ਜਾ ਰਿਹਾ ਹੈ। ਅੱਸੀ ਦੇ ਦਹਾਕੇ ਤਕ ਉੜੀਸਾ ਫਿਰਕੂ ਪੱਖੋਂ ਮੁਕਾਬਲਤਣ ਸ਼ਾਂਤ ਸੂਬੇ ਵਜੋਂ ਜਾਣਿਆ ਜਾਂਦਾ ਰਿਹਾ ਹੈ। ਇਸ ਦਾ ਇਕੋ ਇਕ ਅਪਵਾਦ 1964 ਦੇ ਦੰਗੇ ਹਨ। ਜਦ ਪੂਰਬੀ ਪਾਕਿਸਤਾਨ (ਬੰਗਲਾ ਦੇਸ਼) ’ਚ ਹਿੰਦੂਆਂ ਦੇ ਖਿਲਾਫ ਹਿੰਸਾ ਭੜਕੀ ਤਾਂ ਭਾਰਤ ’ਚ ਕਲਕੱਤਾ, ਜਮਸੇਦਪੁਰ

ਰਾਂਚੀ ਦੇ ਨਾਲ ਰਾਊਰਕੇਲਾ 'ਚ ਵੀ ਮੁਸਲਮਾਨ ਖਿਲਾਫ ਕੇਂਦਰਿਤ ਦੰਗੇ ਹੋਏ। 1947 ਤੋਂ ਬਾਅਦ ਰਾਉਰਕੇਲਾ ਸਟੀਲ ਨਗਰ 'ਚ ਮੁਸਲਿਮ ਖਿਲਾਫ ਹੋਇਆ ਇਹ ਦੰਗਾ ਉੜੀਸਾ 'ਚ ਪਹਿਲਾ ਦੰਗਾ ਸੀ। 1964 ਪਿਛੋਂ ਉੜੀਸਾ 'ਚ ਹਿੰਦੂ-ਮੁਸਲਿਮ ਤਣਾਅ ਕਦੀ ਖਾੜਕੂ ਰੂਪ ਅਖਤਿਆਰ ਨਹੀਂ ਕਰ ਸਕਿਆ। ਪਰ ਉਸ ਪਿਛੋਂ ਤੋਂ ਹੀ ਆਰ. ਐਸ. ਐਸ. ਦੀ ਅਗਵਾਈ 'ਚ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੇ ਇਸਾਈਆਂ ਖਿਲਾਫ ਆਪਣੇ ਏਜੰਡੇ ਨੂੰ ਨਿਰਧਾਰਿਤ ਕਰਦਿਆਂ ਆਪਣੇ ਕੰਮ ਨੂੰ ਸੂਦਾਰ ਜਨਜਾਤੀ ਇਲਾਕਿਆਂ ਵਿਚ ਫੈਲਾਉਣਾ ਸ਼ੁਰੂ ਕਰ ਦਿੱਤਾ। 1965-66 'ਚ ਆਰ. ਐਸ. ਐਸ. ਨੇ ਦੇਸ਼ ਵਿਆਪੀ ਗੋਰਖਾ ਅੰਦੋਲਨ ਚਲਾਇਆ। 1967 ਤੋਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਉੜੀਸਾ 'ਚ ਪੈਰ ਪਸਾਰਨੇ ਸ਼ੁਰੂ ਕੀਤੇ। 1967-69 ਦੌਰਾਨ ਆਰ. ਐਸ. ਐਸ. ਨੇ ਲਾਖਨ (ਮੌਜੂਦਾ ਸਵਾਮੀ ਲਕਸਮਣਾਨੰਦ ਸਰਸਵਤੀ) ਨੂੰ ਉੜੀਸਾ ਦੇ 1960 ਦੇ ਗਊ ਹੱਤਿਆ ਕਾਨੂੰਨ ਦੇ ਪ੍ਰਚਾਰ ਦਾ ਕੰਮ ਦੇ ਕੇ ਉੜੀਸਾ ਭੇਜਿਆ। ਆਰ. ਐਸ. ਐਸ. ਨੇ ਵਿਹਿਪ ਰਾਹੀਂ ਉੜੀਸਾ ਦੇ ਆਦੀਵਾਸੀ ਜਿਲਿਆਂ ਦੇ ਹਿੰਦੂਤਵ-ਕਰਣ ਦੇ ਕੰਮ ਨੂੰ ਅੱਗੇ ਵਧਾਇਆ। ਫੁਲਬਾਨੀ ਤੇ ਕੰਧਮਾਲ ਜਿਲੇ ਵਿੱਚ ਆਦੀਵਾਸੀ ਵੱਡੀ ਗਿਣਤੀ ਵਿੱਚ ਸਨ। 1967 'ਚ ਹੀ ਗੋਲਵਲਕਰ ਨੇ ਉੜੀਸਾ 'ਚ ਪਹਿਲਾਂ ਏ. ਆਰ. ਐਸ. ਐਸ. ਸਿਖਲਾਈ ਕੈਂਪ ਲਾਇਆ। 1970 'ਚ ਆਰ. ਐਸ. ਐਸ. ਨੇ ਨਿਸ਼ਾਨਦੇਹੀ ਕੀਤੀ ਕਿ ਉੜੀਸਾ ਵਿਚ ਉਹਨਾਂ ਦਾ ਕੰਮ ਤਰੱਕੀ 'ਤੇ ਹੈ। ਉਸ ਦੇ ਬਾਅਦ ਤੋਂ ਹੁਣ ਤਕ ਇਹ ਹਿੰਦੂ ਫਿਰਕਾਪ੍ਰਸਤ ਜਥੇਬੰਦੀਆਂ ਆਪਣੇ ਅਧਾਰ ਨੂੰ ਵਿਕਸਤ ਕਰਦੀਆਂ ਆ ਰਹੀਆਂ ਹਨ। 1999 ਦੇ ਚੱਕਰਵਰਤੀ ਤੂਫਾਨ ਦਾ ਫਾਇਦਾ ਹਿੰਦੂ ਫਾਸਿਸਟਾਂ ਨੇ ਆਪਣਾ ਅਧਾਰ ਵਿਸਥਾਰਿਤ ਕਰਨ ਵਜੋਂ ਉਠਾਇਆ। ਰਾਹਤ ਕੰਮਾਂ ਦੀ ਆੜ ਵਿੱਚ ਉਹਨਾਂ ਨੇ ਆਪਣੇ ਫਿਰਕੂ ਤਾਣੇ ਬਾਣੇ ਨੂੰ ਕਰੀਬ 14 ਹਜਾਰ ਪਿੰਡਾਂ ਤੱਕ ਫੈਲਾਇਆ। 1999 ਆਉਂਦੇ ਆਉਂਦੇ ਹਿੰਦੂ ਫਿਰਕਪ੍ਰਸਤ ਤਾਕਤਾਂ ਆਪਣੇ ਆਧਾਰ ਨੂੰ ਵਿਸਥਾਪਿਤ ਕਰ ਚੁੱਕੀਆਂ ਸਨ। ਬਜਰੰਗ ਦਲ ਵਿਹਿਪ ਵਨਵਾਸੀ ਕਲਿਆਣ ਆਸ਼ਰਮ ਨੇ ਫਿਰਕੂ ਜਹਿਰ ਨੂੰ ਉੜੀਸਾ ਦੇ ਕੋਨੇ ਕੋਨੇ 'ਚ ਫੈਲਾਉਣ 'ਚ ਕਾਮਯਾਬੀ ਹਾਸਲ ਕਰ ਲਈ। ਹੁਣ ਇਸਦੀ ਹੈਸੀਅਤ ਏਨੀ ਹੋ ਗਈ ਹੈ ਕਿ ਇਹਨਾਂ ਨੇ ਥਾਂ ਥਾਂ ਇਸਾਈਆਂ ਦਾ ਬਾਈਕਾਟ ਕਰਨ ਦੀਆਂ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ ਹਨ। ਜਨਵਰੀ 1999 'ਚ ਬਜਰੰਗ ਦਲ ਦੇ ਵਰਕਰ ਦਾਰਾ ਸਿੰਘ ਨੇ ਉਸ ਦੇ ਸਹਿਯੋਗੀਆਂ ਨੇ ਆਸਟਰੇਲੀਆਈ ਮਿਸ਼ਨਰੀ ਗ੍ਰਾਹਮ ਸਟੇਨਸ ਤੇ ਉਸ ਦੇ ਦੋ ਬੇਟਿਆਂ ਨੂੰ ਜਿੰਦਾ ਜਲਾ ਦਿੱਤਾ। ਅਗਲੇ ਮਹੀਨੇ ਜੈਕੂਲਾਈਨ ਮੇਰੀ ਨਾਂ ਦੀ ਕੈਥੋਲਿਕਨਨ ਦੇ ਨਾਲ ਮਯੂਰਭੰਜ ਜਿਲੇ 'ਚ ਸਮੂਹਕ ਬਲਾਤਕਾਰ ਕੀਤਾ ਗਿਆ। ਸਤੰਬਰ 1999 'ਚ ਅਤੁਲਦਾਸ ਨਾਂ ਦੇ ਕੈਥੋਲਿਕ ਪਾਦਰੀ ਦੀ ਹੱਤਿਆ ਕਰ ਦਿੱਤੀ ਗਈ। ਫਰਵਰੀ 2004 'ਚ ਜਗਤ ਸਿੰਘ ਜਿਲੇ 'ਚ 7 ਇਸਾਈ ਔਰਤਾਂ ਤੇ ਪਾਦਰੀ ਨੂੰ ਅਪਮਾਨਿਤ ਕਰਕੇ ਉਸ ਦਾ ਸਮਾਜਕ ਬਾਈਕਾਟ ਕਰ ਦਿੱਤਾ ਗਿਆ। ਅਗਸਤ 2004 'ਚ ਫਲਬਾਨੀ ਜਿਲੇ 'ਚ ਚਰਚ 'ਤੇ ਹਮਲਾ ਕੀਤਾ ਗਿਆ। ਇਕੱਲੇ 2007 'ਚ ਹਜਾਰਾਂ ਆਦੀਵਾਸੀਆਂ ਤੇ ਦਲਤਾਂ ਨੂੰ ਜਬਰੀ ਹਿੰਦੂ ਬਣਾਇਆ ਗਿਆ। ਹਿੰਦੂ ਫਾਸਿਸਟ ਉਥੇ ਗੈਰ ਹਿੰਦੂ ਨੂੰ ਹਿੰਦੂ ਧਰਮ ਕਬੂਲ ਕਰਨ ਲਈ ਮਜਬੂਰ ਕਰ ਰਹੇ ਹਨ। ਇਸਾਈ ਮੁਸਲਿਮ ਆਦੀਵਾਸੀ ਸਭ ਇਹਨਾਂ ਦੇ ਸ਼ਿਕਾਰ ਹੋ ਰਹੇ ਹਨ।

# ਕੋਤਾਹੀ ਕਾਰਨ ਮੱਚੀ ਤਬਾਹੀ

ਵੀਹ ਜੁਲਾਈ 1978 ਨੂੰ ਸਿੰਚਾਈ ਮੰਤਰੀ ਸਚਿਦਾਨੰਦ ਸਿੰਘ ਨੇ ਬਿਹਾਰ ਵਿਧਾਨ ਸਭਾ 'ਚ ਕਿਹਾ ਕਿ 'ਉਤਰ ਪ੍ਰਦੇਸ਼ ਜਿਸ ਹੜ ਦੀ ਲਪੇਟ 'ਚ ਬਰਬਾਦ ਹੁੰਦਾ ਹੈ, ਉਸ ਦਾ ਬਹੁਤਾ ਪਾਣੀ ਨੇਪਾਲ ਤੋਂ ਆਉਂਦਾ ਹੈ।' ਨੇਪਾਲ ਦੇ ਖੇਤਰ 'ਚ ਵੱਡੇ ਵੱਡੇ ਉੱਚੇ ਡੈਮਾਂ ਦੀ ਉਸਾਰੀ ਹੀ ਇਸ ਦਾ ਇਕੋ ਇਕ ਹੱਲ ਹੈ। ਅਸੀਂ ਆਸ ਕਰਦੇ ਹਾਂ ਕਿ ਭਾਰਤ ਸਰਕਾਰ ਤੇ ਸਾਡੀ ਸੂਬਾਈ ਸਰਕਾਰ ਨੇ ਨੇਪਾਲ ਨਾਲ ਸੰਪਰਕ ਰੱਖਣ ਦਾ ਅਤੇ ਅੱਛੇ ਸਬੰਧ ਬਣਾਉਣ ਦੀ ਕੋਸ਼ਿਸ਼ ਜੋ ਬੀਤੇ ਸਾਲ ਕੀਤੀ ਹੈ। ਉਸ ਨਾਲ ਇਸ ਦਿਸ਼ਾ ਵਿੱਚ ਪ੍ਰਭਾਵਸ਼ਾਲੀ ਕਾਰਵਾਈ ਕਰਨ ਲਈ ਦੋਨੋਂ ਦੇਸ਼ਾਂ 'ਚ ਜਰੂਰੀ ਸਮਝਦਾਰੀ ਤੇ ਪਹਿਲ ਦਾ ਤੇਜ਼ੀ ਨਾਲ ਵਿਕਾਸ ਹੋਵੇਗਾ। ਦੋ ਜੂਨ 1978 ਨੂੰ ਨੇਪਾਲ ਦੇ ਪ੍ਰਧਾਨ ਮੰਤਰੀ ਤੋਂ ਇਲਾਵਾ ਉਸ ਦੇ ਮੰਤਰੀ ਮੰਡਲ ਦੇ ਕਈ ਮੈਂਬਰਾਂ 'ਚ ਬਹੁਤ ਹੀ ਉਪਯੋਗੀ ਗੱਲਬਾਤ ਹੋਈ। ਸੱਤ ਸਾਲ ਪਹਿਲਾਂ ਬਿਹਾਰ ਦੇ ਸਿੰਚਾਈ ਮੰਤਰੀ ਉਥੇ ਗਏ ਸਨ। ਇਸ ਤਰ੍ਹਾਂ 11 ਸਾਲਾਂ ਬਾਅਦ 4 ਜੁਲਾਈ 1978 ਨੂੰ ਕੋਸੀ ਸੰਮਤੀ ਦੀ ਮੀਟਿੰਗ ਕਾਠਮੰਡੂ 'ਚ ਹੋਈ। 1987 'ਚ ਬਿਹਾਰ 'ਚ ਉਸ ਵੇਲੇ ਦੇ ਖੇਤੀ ਮੰਤਰੀ ਲਹਿਟਨ ਚੌਧਰੀ ਨੇ ਆਪਣੀ ਆਤਮਕਥਾ ਛਪਵਾਈ। ਉਸ ਦਾ ਨਾਂ ਹੈ 'ਆਪਣੀਆਂ ਕੁਝ ਗੱਲਾਂ' ਉਸ ਪੁਸਤਕ ਵਿਚ ਉਹਨਾਂ ਨੇ ਕੋਸੀ ਯੋਜਨਾ 'ਚ ਜਾਰੀ ਲੁੱਟ ਨੂੰ ਬੇਨਕਾਬ ਕੀਤਾ ਹੈ। ਉਹਨਾਂ ਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਕੋਸੀ ਨਦੀ ਦਾ ਹੜ੍ਹ ਦੀ ਭਿਆਨਕਤਾ ਤੋਂ ਰਾਹਤ ਪਾਉਣ ਦੇ ਨਾਂ ਤੇ ਠੇਕੇਦਾਰਾਂ, ਇੰਜਨੀਅਰਾਂ ਤੇ ਨੇਤਾਵਾਂ ਦੇ ਸਕੇ ਸਬੰਧੀਆਂ ਨੇ ਸਰਕਾਰੀ ਪੈਸੇ ਨੂੰ ਦਬ ਕੇ ਲੁੱਟਿਆ ਹੈ। ਉਹਨਾਂ ਨੇ ਲਿਖਿਆ ਕਿ ਸੰਨ 1954 ਦੇ ਭਿਅੰਕਰ ਹੜ ਪਿਛੋਂ ਸੰਨ 1955 'ਚ ਨਦੀ ਕਿਨਾਰੇ ਤੱਟ ਬੰਨ ਬਣਾਉਣ ਤੇ ਵੀਰਪੁਰ 'ਚ ਬਰਿਜ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ। ਪਰ ਅੱਜ ਕੀ ਹੋ ਰਿਹਾ ਹੈ? ਕੋਈ ਅੰਨਾ ਵੀ ਵੇਖ ਸਕਦਾ ਹੈ ਕਿ ਕੋਸੀ ਯੋਜਨਾ 'ਚ ਕਿਸ ਤਰ੍ਹਾਂ ਬੇਦਰਦ ਤੇ ਬੇਸ਼ਰਮ ਲੁੱਟ ਦਾ ਬਜ਼ਾਰ ਗਰਮ ਹੈ। ਕੌਣ ਨਹੀਂ ਜਾਣਦਾ ਕਿ 25-30 ਫੀਸਦੀ ਵੀ ਕੰਮ ਕੀਤੇ ਬਗੈਰ ਸਤ-ਪ੍ਰਤੀਸ਼ਤ ਦਾ ਭੁਗਤਾਨ ਠੇਕੇਦਾਰਾਂ ਨੂੰ ਕਰ ਦਿੱਤਾ ਜਾਂਦਾ ਹੈ ਅਤੇ ਕਿਤੇ ਕਿਤੇ ਤਾਂ ਸਿਰਫ ਕਾਗਜ਼ 'ਤੇ ਬਿੱਲ ਬਣਾ ਕੇ ਪੈਸੇ ਲੈ ਲਏ ਜਾਂਦੇ ਹਨ। ਇਹ ਠੇਕੇਦਾਰ ਕੌਣ ਹਨ? ਕੁਝ ਪੇਸ਼ਾਵਰ ਠੇਕੇਦਾਰ ਤਾਂ ਹਨ ਹੀ ਪਰ ਇਸ ਵਿਚ ਭਰਮਾਰ ਹੈ ਇੰਜਨੀਅਰਾਂ ਤੇ ਨੇਤਾਵਾਂ ਦੇ ਸਕੇ ਸਬੰਧੀਆਂ ਦੀ। ਨਾਲ ਹੀ ਅਜੇਹੇ ਗੁੰਡਾ ਤੱਤ ਹਨ ਜੋ ਰਿਵਾਲਵਰ ਦੇ ਜੋਰ 'ਤੇ ਕੰਮ ਲੈਂਦੇ ਹਨ ਅਤੇ ਬਿੱਲ ਬਣਾਉਂਦੇ ਹਨ।'

ਜਲ ਸਾਧਨ ਵਿਭਾਗ ਦੇ ਵਿੱਤੀ ਸਾਲ 1993-94 ਦਾ ਪ੍ਰਤੀਵੇਦਨ ਵਿਧਾਨ ਸਭਾ 'ਚ ਪੇਸ਼ ਕਰਦਿਆਂ ਵਿਭਾਗੀ ਮੰਤਰੀ ਜਗਤਨੰਦ ਨੇ ਕਿਹਾ ਕਿ ਉਤਰ ਪ੍ਰਦੇਸ਼ ਦੀਆਂ ਅਕਸਰ ਸਭ ਨਦੀਆਂ ਹਿਮਾਚਲ/ਨੇਪਾਲ ਤੋਂ ਨਿਕਲਦੀਆਂ ਹਨ। ਉਤਰ ਬਿਹਾਰ ਦੇ ਖੇਤਰਫਲ ਦੇ ਲਗਭਗ ਤਿੰਨ ਗੁਣਾ ਖੇਤਰ ਦੇ ਸਮਤੁਲ ਇਹਨਾਂ ਨਦੀਆਂ ਦਾ ਜਲ ਗ੍ਰਹਿਣ ਖੇਤਰ ਨੇਪਾਲ ਤੇ ਤਿਬਤ ਵਿੱਚ ਸਥਿਤ ਹੈ। ਉਕਤ ਜਲ ਗ੍ਰਹਿਣ ਖੇਤਰ ਦੇ ਜੰਗਲਾਂ 'ਚ ਹਾਸ ਹੋ ਰਿਹਾ ਹੈ। ਭੂ-ਸਖਲਨ ਤੇ ਭੂਮੀ ਦੇ ਖੋਰੇ ਕਾਰਨ

ਉਤਰ ਬਿਹਾਰ ਦੀਆਂ ਨਦੀਆਂ ਦੇ ਬਹੁਤੇ ਜਲ ਪੱਧਰ ਵਿੱਚ ਵਾਧਾ ਹੋਣਾ ਹੀ ਹੁੰਦਾ ਹੈ। ਇਸ ਸਥਿਤੀ 'ਚ ਵਰਤਮਾਨ ਤੱਟ ਬੰਧੀ ਦੇ ਉਚੀਕਰਨ ਤੇ ਪਕਿਆਈ ਦੀ ਜ਼ਰੂਰਤ ਲਾਜ਼ਮੀ ਹੁੰਦੀ ਜਾ ਰਹੀ ਹੈ।

ਇਸ ਤੋਂ ਪਹਿਲਾਂ ਆਪਣੇ ਹੜ੍ਹ ਦੌਰਾਨ ਵਿਭਾਗੀ ਅਹੁਦੇਦਾਰਾਂ ਵੱਲੋਂ ਜਗਾਹ 'ਤੇ ਰਹਿ ਕੇ ਜਿਸ ਲਗਨ ਤੇ ਪ੍ਰਤੀਬੱਧਤਾ ਨਾਲ ਕਟਾਅ 'ਤੇ ਕੰਟਰੋਲ ਕੀਤਾ ਉਸ ਦੀ ਕੋਸ਼ਿਸ਼ ਦੀ ਨੇਪਾਲ ਸਰਕਾਰ ਤੇ ਭਾਰਤ ਸਰਕਾਰ ਨੇ ਮੀਡੀਆ 'ਚ ਭਰਪੂਰ ਪ੍ਰਸੰਸਾ ਕੀਤੀ।' 27 ਜੁਲਾਈ 1993 ਨੇ ਉਸ ਵੇਲੇ ਦੇ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਨੇ ਬਿਹਾਰ ਵਿਧਾਨ ਸਭਾ 'ਚ ਕਿਹਾ ਕਿ 'ਉਤਰ ਬਿਹਾਰ ਦੀ ਹੜ੍ਹ ਦੀ ਸਮੱਸਿਆ ਨੂੰ ਸਥਾਈ ਤੌਰ 'ਤੇ ਉਦੋਂ ਤਕ ਹੱਲ ਨਹੀਂ ਕੀਤਾ ਜਾ ਸਕਦਾ ਜਦ ਤਕ ਕੋਈ ਡੈਮ ਬਣਾਉਣ ਲਈ ਭਾਰਤ ਸਰਕਾਰ ਨੇਪਾਲ ਸਰਕਾਰ ਨਾਲ ਗੱਲਬਾਤ ਨਹੀਂ ਕਰਦੀ। ਹੜ੍ਹ ਦੀ ਸਮੱਸਿਆ 'ਤੇ ਹੋਈ ਵਿਸ਼ੇਸ਼ ਬਹਿਸ ਦਾ ਜੁਆਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਿਰਫ ਤੱਟਬੰਦੀ ਦੀ ਉਚਾਈ ਵਧਾਉਣ ਨਾਲ ਹੀ ਸਮੱਸਿਆ ਦਾ ਹੱਲ ਨਹੀਂ ਹੋ ਜਾਣਾ। ਨੇਪਾਲ 'ਚ ਹਾਈ ਡੈਮ ਬਣਾਉਣ ਦਾ ਮਾਮਲਾ ਕਿਉਂਕਿ ਕੇਂਦਰ ਸਰਕਾਰ ਨਾਲ ਜੁੜਿਆ ਹੋਇਆ ਹੈ, ਇਸ ਲਈ ਬਿਹਾਰ ਸਰਕਾਰ ਇਸ 'ਚ ਕੁਝ ਨਹੀਂ ਕਰ ਸਕਦੀ ਮੈਨੂੰ ਉਮੀਦ ਹੈ ਕਿ ਪ੍ਰਧਾਨ ਮੰਤਰੀ ਨਰਸਿੰਮ੍ਹਾ ਰਾਓ ਸਥਿਤੀ ਦੀ ਗੰਭੀਰਤਾ ਨੂੰ ਸਮਝਣਗੇ ਤੇ ਨੇਪਾਲ ਸਰਕਾਰ ਨਾਲ ਗੱਲਬਾਤ ਕਰਨਗੇ।'

ਸਿੰਚਾਈ ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਰਾਹੀਂ ਨੇਪਾਲ ਨਾਲ ਹੋਈ ਸਹਿਮਤੀ ਹਾਸਲ ਕੀਤੀ ਜਾਵੇ ਤੇ ਉਤਰ ਬਿਹਾਰ ਦੀਆਂ ਨਦੀਆਂ ਦੇ ਪਾਣੀ ਦੀ ਸਿੰਚਾਈ, ਹੜ੍ਹ ਪ੍ਰਬੰਦ, ਪਣ ਬਿਜਲੀ ਤੇ ਹੋਰ ਬਹੁ ਉਦੇਸ਼ੀ ਪ੍ਰਜੈਕਟ ਲਈ ਵਰਤੋਂ ਕੀਤੀ ਜਾਵੇ। ਕੇਂਦਰੀ ਪੇਂਡੂ ਵਿਕਾਸ ਮੰਤਰੀ ਡਾ. ਰਘੂਵੰਸ ਪ੍ਰਸ਼ਾਦ ਸਿੰਘ ਨੇ 16 ਜੁਲਾਈ 2004 ਨੂੰ ਹਾਜੀਪੁਰ 'ਚ ਕਿਹਾ ਕਿ ਉਤਰ ਬਿਹਾਰ 'ਚ ਹੜ੍ਹ ਨਾਲ ਤਬਾਹੀ ਦੇ ਹੱਲ ਲਈ ਭਾਰਤ ਸਰਕਾਰ ਨੇ ਨੇਪਾਲ ਦੇ ਨਾਲ ਨਦੀਆਂ ਦੇ ਸਾਂਝੇ ਸਰਵੇਖਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਉਹਨਾਂ ਨੇ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਅਜੇ ਤਕ ਇਸ ਸਬੰਧੀ ਨੇਪਾਲ ਨਾਲ ਸਮਝੌਤਾ ਨਹੀਂ ਹੋਇਆ। ਨੇਪਾਲ ਤੋਂ ਵਗਣ ਵਾਲੀਆਂ ਨਦੀਆਂ ਦੇ ਹੜ੍ਹ ਨਾਲ ਉਤਰ ਬਿਹਾਰ ਦੀ ਤਬਾਹੀ ਦੀ ਰੋਕਥਾਮ ਤੇ ਸਥਾਈ ਹੱਲ ਵਾਸਤੇ ਇਸ ਵਾਰੀ ਬਿਹਾਰ ਤੇ ਕੇਂਦਰ ਸਰਕਾਰ ਨੇਪਾਲ ਨਾਲ ਗੱਲਬਾਤ ਵਾਸਤੇ ਵਚਨਬੱਧ ਹੈ।

ਨਤੀਸ਼ ਕੁਮਾਰ ਦੇ ਮੰਤਰੀ ਮੰਡਲ ਦੇ ਦੋ ਸਾਲ ਪੂਰੇ ਹੋਣ 'ਤੇ ਜਾਰੀ ਕੀਤੇ ਗਏ ਰਿਪੋਰਟ ਕਾਰਡ 'ਚ ਕਿਹਾ ਗਿਆ ਹੈ ਕਿ 'ਲੰਮੇ ਸਮੇਂ ਦੇ ਹੱਲ ਲਈ ਨੇਪਾਲ 'ਚ ਉੱਚ ਪੱਧਰੀ ਡੈਮ ਤੇ ਤਲਾਅ ਬਣਾਉਣ ਲਈ ਨੇਪਾਲ ਸਰਕਾਰ ਨਾਲ ਸਮਝੌਤੇ ਦੀ ਦਿਸ਼ਾ 'ਚ ਕਾਰਵਾਈ ਕਰਨ ਦੀ ਬੇਨਤੀ ਕੇਂਦਰ ਸਰਕਾਰ ਨੂੰ ਕੀਤੀ ਗਈ ਹੈ।' ਯਾਨੀ ਕੁਲ ਮਿਲਾ ਕੇ ਦ੍ਰਿਸ਼ ਇਹ ਹੈ ਕਿ ਦਹਾਕਿਆਂ ਬੱਧੀ ਇਹ ਗੱਲ ਸਭ ਪਾਰਟੀਆਂ ਵਿਚਕਾਰ ਲੱਗਭਗ ਆਮ ਸਹਿਮਤੀ ਰਾਹੀਂ ਕਿ ਕੋਸੀ ਨਾਲ ਤਬਾਹੀ ਨੂੰ ਰੋਕਣ ਦਾ ਸਥਾਈ ਹੱਲ ਨੇਪਾਲ 'ਚ ਡੈਮ ਤੇ ਪਾਣੀ ਭੰਡਾਰ ਦੀ ਉਸਾਰੀ ਹੈ। ਇਸ ਦੌਰਾਨ ਵਾਰੀ ਵਾਰੀ ਨਾਲ ਲਗਭਗ ਸਾਰੀਆਂ ਮੁੱਖ ਪਾਰਟੀਆਂ ਦੀਆਂ ਸਰਕਾਰਾਂ ਕੇਂਦਰ ਤੇ ਬਿਹਾਰ 'ਚ ਰਹੀਆਂ। ਉਹ ਵੀ ਬਾਹਰੋਂ ਕਿਸੇ ਨਾ ਕਿਸੇ ਸਰਕਾਰ ਦੀ ਹਮਾਇਤ ਕਰਦੇ ਰਹੇ।

ਉਹ ਦਲ ਦੀ ਸਰਕਾਰ ’ਤੇ ਦਬਾਅ ਨਹੀਂ ਬਣਾ ਸਕੇ। ਹੜ੍ਹ ਦੇ ਮੌਸਮ ਨੂੰ ਛੱਡ ਦਿਉ ਤਾਂ ਕਿਸੇ ਪਾਰਟੀ ਨੇ ਨੇਪਾਲ ਨਾਲ ਗੱਲਬਾਤ ਦੀ ਕੋਈ ਅਸਲੀ ਗੰਭੀਰਤਾ ਨਹੀਂ ਵਿਖਾਈ ਨਾਲ ਹੀ ਇਹ ਵੀ ਦੇਖਿਆ ਗਿਆ ਕਿ ਨੇਤਾ ਤੇ ਪਾਰਟੀਆਂ ਜਦ ਕੇਂਦਰ ’ਚ ਹਕੂਮਤ ’ਚ ਰਹੀਆਂ ਤਾਂ ਬਿਹਾਰ ਸਰਕਾਰ ’ਤੇ ਇਸ ਕੰਮ ਵਿੱਚ ਅਸਫਲਤਾ ਦਾ ਦੋਸ਼ ਲੱਗਦਾ ਰਿਹਾ ਤੇ ਜਦ ਉਹ ਪਾਰਟੀਆਂ ਤੇ ਨੇਤਾ ਬਿਹਾਰ ਸੱਤਾ ’ਚ ਆਏ ਉਹ ਕੇਂਦਰ ਸਰਕਾਰ ਨੂੰ ਕਟਹਿਰੇ ’ਚ ਖੜ੍ਹਾ ਕਰਦੇ ਰਹੇ। ਉਕਤ ਬਿਆਨ ਇਸ ਦਾ ਸਬੂਤ ਹਨ। ਇਸ ਕਾਰਨ ਸਾਲਾਂ ਬੱਧੀ ਲੋਕ ਦੁਖ ਝਲਦੇ ਰਹੇ।

ਪਿੱਛੇ ਜਿਹੇ ਹੀ ਨੇਪਾਲ ਦੇ ਹਿੱਸੇ ’ਚ ਪੈਂਦੇ ਬੰਨ ਦੀ ਮੁਰੰਮਤ ਦਾ ਕੰਮ ਬਿਹਾਰ ਸਰਕਾਰ ਵੱਲੋਂ ਸਮੇਂ ਸਿਰ ਨਹੀਂ ਹੋ ਸਕਿਆ ਤੇ ਇਸ ਕਾਰਨ ਕੋਸੀ ਨੇ ਕਮਜੋਰ ਬੰਨ ਤੋੜ ਕੇ ਤੇ ਆਪਣੀ ਧਾਰਾ ਬਦਲ ਕੇ ਲੱਖਾਂ ਲੋਕਾਂ ਨੂੰ ਭਾਰੀ ਬਿਪਤਾ ’ਚ ਪਾ ਦਿੱਤਾ। ਇਸ ਨਾਲ ਬਿਹਾਰ ਸਰਕਾਰ ਦੀ ਅਸਫਲਤਾ ਉਜਾਗਰ ਹੋਈ ਹੈ। ਜਦ ਸਿੰਚਾਈ ਵਿਭਾਗ ਦੇ ਇੰਜਨੀਅਰਾਂ ਨੂੰ ਇਸ ਗੱਲ ਦਾ ਪਤਾ ਹੁੰਦਾ ਹੈ ਕਿ ਨੇਪਾਲ ਦੇ ਹਿੱਸੇ ਦੇ ਬੰਨ ਦੇ ਟੁੱਟਣ ਨਾਲ ਕੋਸੀ ਦੀ ਧਾਰਾ ਬਦਲਣ ਦਾ ਡਰ ਰਹਿੰਦਾ ਹੈ ਤਾਂ ਫਿਰ ਇਸ ਲਈ ਪਹਿਲਾਂ ਤੋਂ ਹੀ ਕੇਂਦਰ ਸਰਕਾਰ ਦੇ ਕੰਨਾ ਕੋਲ ਡੰਕਾ ਕਿਉਂ ਨਹੀਂ ਬਜਾਇਆ ਗਿਆ ਤਾਂ ਕਿ ਉਹ ਨੇਪਾਲ ਸਰਕਾਰ ਨਾਲ ਗੱਲਬਾਤ ਕਰਨ ਲਈ ਮਜਬੂਰ ਹੁੰਦੀ ਤੇ ਹੱਲ ਕੱਢਦੀ। ਜਾਹਿਰ ਹੈ ਕਿ ਸਰਕਾਰਾਂ ਦੇ ਕੰਨ ਬੋਲੇ ਹੁੰਦੇ ਹਨ।

ਦਰਅਸਲ ਸੁਆਲ ਸਿਰਫ ਨੇਪਾਲ ਨਾਲ ਗੱਲਬਾਤ ਕਰਕੇ ਹਾਈ ਡੈਮ ਬਣਾਉਣ ਦਾ ਹੀ ਨਹੀਂ ਹੈ। ਸੁਆਲ ਇਹ ਵੀ ਹੈ ਕਿ ਤੱਟ ਬੰਨਾ ਦੀ ਮੁਰੰਮਤ ਤੇ ਗਾਰ ਮਿੱਟੀ ਦੀ ਨਿਕਾਸੀ ਦੇ ਕੰਮ ’ਚ ਲੱਗਣ ਵਾਲੇ ਅਰਬਾਂ ਰੁਪਿਆ ’ਚ ਬਹੁਤਿਆਂ ਨੂੰ ਠੇਕੇਦਾਰਾਂ, ਨੇਤਾਵਾਂ ਤੇ ਇੰਜਨੀਅਰਾਂ ਵਲੋਂ ਲੁੱਟੇ ਜਾਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ਤਾਂ ਕਿ ਉਥੇ ਜਰੂਰਤ ਪੈਣ ’ਤੇ ਅਸਲੀ ਕੰਮ ਹੋ ਸਕੇ। ਜੇ ਬੰਨ ਬਣਿਆ ਤਾਂ ਉਸ ਦੇ ਤੱਟ ਬੰਨਾ ਦੀ ਮੁਰੰਮਤ ਦੀ ਲੋੜ ਪਵੇਗੀ ਹੀ। ਬੰਨ ਦੀ ਅਰਥ ਹੈ ਮਿੱਟੀ ਗਾਰੇ ਦੀ ਸਫਾਈ ਹੋਣੀ ਚਾਹੀਦੀ ਹੈ। ਕੋਸੀ ਨਦੀ ਦੇ ਮਿੱਟੀ ਗਾਰੇ ਨਾਲ ਜੇ ਉਸ ਦਾ ਤਲ ਉੱਚਾ ਨਾ ਹੋ ਗਿਆ ਹੁੰਦਾ ਤਾਂ ਨਦੀ ਦੀ ਧਾਂਰਾ ਬਦਲਣ ਦਾ ਡਰ ਘੱਟ ਹੁੰਦਾ। ਸੰਨ 1963 ਵਿੱਚ ਜਦ ਬਰਾਜ ਬਣ ਕੇ ਤਿਆਰ ਹੋਇਆ ਉਦੋਂ ਤੋਂ ਹੀ ਗਾਰਾ-ਮਿੱਟੀ ਨਿਕਲ ਹੀ ਨਹੀਂ ਰਹੇ। ਕਹਿੰਦੇ ਹਨ ਕਿ ਮਿੱਟੀ ਗਾਰੇ ਦੀ ਨਿਕਾਸੀ ਲਈ ਅਲਾਟਡ ਸਰਕਾਰੀ ਪੈਸੇ ਇੰਜਨੀਅਰਾਂ ਠੇਕੇਦਾਰਾਂ ਤੇ ਨੇਤਾਵਾਂ ਵੱਲੋਂ ਲੁੱਟ ਲਏ ਗਏ। ਹੁਣ ਤਾਂ ਹਰ ਸਾਲ ਇਸ ਕੰਮ ਵਿੱਚ 100 ਕਰੋੜ ਰੁਪਏ ਖਰਚ ਕਰਨੇ ਪੈਣਗੇ ਜੇ ਕੋਸੀ ਤੋਂ ਮਿੱਟੀ-ਗਾਰਾ ਕੱਢਣਾ ਹੈ ਤਾਂ ਜੋ ਲੋਕ ਬੰਨਾ ਦੇ ਹੀ ਖਿਲਾਫ ਰਹੇ ਹਨ। ਉਹਨਾਂ ਦੀ ਗੱਲ ਅਜੇ ਇਥੇ ਨਹੀਂ ਕੀਤੀ ਜਾ ਰਹੀ ਹੈ। ਵੈਸੇ ਵੀ ਜੋ ਨਦੀ ਅਕਸਰ ਆਪਣੀ ਧਾਰਾ ਬਦਲਦੀ ਰਹਿੰਦੀ ਹੈ ਉਸ ਨੂੰ ਬੰਨ ਕੇ ਰੱਖਣ ਦੀ ਲੋੜ ਮਾਹਰ ਦੱਸਦੇ ਹਨ। ਹੁਣ ਤਕ ਜੋ ਹੋਇਆ ਸੋ ਹੋਇਆ। ਕੀ ਅੱਗੇ ਦੀ ਇਉਂ ਹੀ ਵਿਕਾਸ ਹੁੰਦਾ ਰਹੇਗਾ? ਨੇਪਾਲ ਅੰਦਰ ਵੀ ਉਥੋਂ ਦੇ ਨੇਤਾਵਾਂ ਤੇ ਮਾਹਰਾਂ ਵਿੱਚ ਹਾਈ ਡੈਮ ਬਣਾਉਣ ਸਬੰਧੀ ਅੰਦਰੂਨੀ ਮੱਤਭੇਦ ਰਿਹਾ ਹੈ। ਮਾਓਵਾਦੀ ਦੀ ਹਕੂਮਤ ਕੀ ਕਰਦੀ ਹੈ। ਇਹ ਵੇਖਣਾ ਪਏਗਾ। ਹਾਲਾਂਕਿ ਨੇਪਾਲ ’ਚ ਐਸੇ ਲੋਕ ਈ ਹਨ ਜੋ ਕਹਿੰਦੇ ਹਨ ਅਮਰੀਕਾ ਤੇ ਕਨੇਡਾ ਵਿੱਚ ਕੋਲੰਬੀਆ ਨਦੀ ਸਮਝੌਤੇ ਵਾਗੂੰ ਹੀ ਨੇਪਾਲ ਭਾਰਤ ਨਾਲ ਸਮਝੌਤਾ

ਕਰੇ। ਅਮਰੀਕਾ ਨੇ ਇਸ ਕੰਮ ਲਈ ਕਨੇਡਾ ਨੂੰ ਕਰਜਾ ਦਿੱਤਾ ਸੀ। ਇਸ ਪ੍ਰਸਤਾਵਿਤ ਕੋਸੀ ਬਹੁਕੌਮੀ ਸਿੰਚਾਈ ਬਿਜਲੀ ਨੋਕਾਇਨ ਹੜ੍ਹ ਕੰਟਰੋਲ ਪ੍ਰੋਜੈਕਟ ਦਾ ਲਾਭ ਭਾਰਤ ਨੂੰ ਹੀ ਮਿਲੇਗਾ। ਪੈਦਾ ਹੁੰਦੀ ਜ਼ਿਆਦਾਤਰ ਪਣ ਬਿਜਲੀ ਭਾਰਤ ਖਰੀਦੇ ਪਰ ਲੱਗਦਾ ਹੈ ਕਿ ਮਾਓਵਾਦੀਆਂ ਦੀ ਹਕੂਮਤ ਵਿੱਚ ਆਉਣ ਪਿਛੋਂ ਉਹ ਕਿਸੇ ਤਰ੍ਹਾਂ ਦੀ ਕਿਸੇ ਗੱਲ ਨੂੰ ਲੈ ਕੇ ਭਾਰਤ ਨਾਲ ਕਠੋਰ ਸੌਦੇਬਾਜੀ ਕਰਨਗੇ। ਇਕ ਖਬਰ ਅਨੁਸਾਰ ਹਾਲਾਂਕਿ ਕਈ ਸਾਲਾਂ ਪਹਿਲਾਂ ਭਾਰਤ ਤੇ ਸੰਸਾਰ ਬੈਂਕ ਵਿਚਕਾਰ ਇਸ ਗੱਲ ਸਬੰਧੀ ਸ਼ੁਰੂਆਤੀ ਗੱਲਬਾਤ ਹੋਈ ਸੀ। ਤਹਿ ਹੋਇਆ ਸੀ ਕਿ ਉਸਾਰੀ ਕਾਰਜ ਪੂਰਾ ਹੋ ਜਾਣ ਪਿਛੋਂ ਭਾਰਤ ਜੋ ਬਿਜਲੀ ਖਰੀਦੇਗਾ ਉਸ ਦਾ ਭੁਗਤਾਨ ਨੇਪਾਲ ਨੂੰ ਵਿਦੇਸ਼ੀ ਮੁਦਰਾ 'ਚ ਕਰੇਗਾ। ਕਿਉਂਕਿ ਸੰਸਾਰ ਬੈਂਕ ਨੇਪਾਲ ਤੋਂ ਵਿਦੇਸ਼ੀ ਮੁਦਰਾ 'ਚ ਹੀ ਕਰਜਾ ਵਾਪਸੀ ਚਾਹੁੰਦਾ ਸੀ। ਪਰ ਭਾਰਤ ਸਰਕਾਰ, ਵਿਦੇਸ਼ੀ ਮੁਦਰਾ 'ਚ ਭੁਗਤਾਨ ਨੂੰ ਤਿਆਰ ਨਹੀਂ ਹੋਈ। ਸਿੱਟੇ ਵਜੋਂ ਸਮਝੌਤਾ ਨਹੀਂ ਹੋ ਸਕਿਆ। ਕਲਪਨਾ ਕਰੋ ਤਦ ਭਾਰਤ ਸਰਕਾਰ ਨੇ ਜੋ ਸਮਝੌਤਾ ਕਰ ਲਿਆ ਹੁੰਦਾ ਤਾਂ ਕੰਮ ਕਿੰਨਾ ਅੱਗੇ ਹੁਣ ਤੱਕ ਵਧ ਚੁੱਕਿਆ ਹੁੰਦਾ। ਅਤੇ ਇਸ ਦੌਰਾਨ ਭਾਰਤ ਤੇ ਨੇਪਾਲ ਵਿਚਕਾਰ ਅਜੇਹਾ ਕੰਮ ਚਲਾਊ ਸਬੰਧ ਰਹਿੰਦਾ ਕਿ ਕੁਸਵਾ ਵਿਚ ਬੰਨ ਦੀ ਮੁਰੰਮਤ 'ਚ ਦਿੱਕਤ ਨਹੀਂ ਆਉਂਦੀ। ਹੁਣ ਜਦ ਕਿ ਲੱਖਾਂ ਜਾਨਾ ਹੁਣ ਦੇ ਹੜਾਂ ਕਾਰਨ ਸੰਕਟ 'ਚ ਫਸ ਗਈਆਂ ਹਨ, ਉਮੀਦ ਦੇ ਖਿਲਾਫ ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਹੁਣ ਵੀ ਇਸ ਦੇਸ਼ ਦੀ ਰਾਜਸੀ ਕਾਰਜਪਾਲਿਕਾ ਤੇ ਨੌਕਰਸ਼ਾਹੀ 'ਚ ਥੋੜੀ ਸੰਵੇਦਨਾ ਜਾਗੇਗੀ ਤੇ ਆਉਣ ਵਾਲੇ ਕੁਝ ਹੀ ਮਹੀਨਿਆਂ ਵਿੱਚ ਕਿਸੇ ਤਰ੍ਹਾਂ ਇਸ ਸਮੱਸਿਆ ਦਾ ਸਥਾਈ ਹੱਲ ਨਿਕਲਣ ਦਾ ਰਾਹ ਬਣ ਜਾਵੇਗਾ। ਨਹੀਂ ਤਾਂ ਬਿਹਾਰ ਦੇ ਹੜ ਪੀੜਤਾਂ ਦਾ ਕੋਈ ਵਾਲੀ ਵਾਰਸ ਨਹੀਂ ਬਣਨਾ। ਕੀ ਇਸ ਦੇਸ਼ ਦੇ ਨੇਤਾ ਭਰਿਸ਼ਟਾਚਾਰ ਘਟੀਆ ਰਾਜਨੀਤੀ ਤੋਂ ਉਪਰ ਉਠਣਗੇ ਜਿਨ੍ਹਾਂ ਦੀ ਤਰਜੀਹ 'ਚ ਅਜੇ ਤੱਕ ਤਾਂ ਲੋਕਾਂ ਦੀ ਪੀੜਾ ਨਹੀਂ ਹੈ।

# ਮੌਤ ਅਤੇ ਮੁਆਵਜ਼ਾ ਕਿਸਾਨਾਂ ਲਈ

ਦੇਸ਼ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਜਮੀਨ ਖੋਹਣ ਅਤੇ ਉਜਾੜੇ ਨੂੰ ਲੈ ਕੇ ਕੀਤਾ ਜਾ ਰਿਹਾ ਸੰਘਰਸ਼ ਮੁਆਵਜੇ ਦੀ ਸੌਦੇਬਾਜੀ ਵਿੱਚ ਫਸ ਗਿਆ ਹੈ। ਪਰ ਇਸ ਵਿੱਚ ਇਕ ਸਮਾਨਤਾ ਹੈ। ਦੋਨਾਂ ਹੀ ਤਰ੍ਹਾਂ ਦੀਆਂ ਲੜਾਈਆਂ ਵਿਚ ਲੋਕ ਜਿੱਤ ਤੇ ਹਾਰ ਰਹੇ ਹਨ। ਹਾਲ ਹੀ 'ਚ ਮੁਆਵਜੇ ਨੂੰ ਅਧਾਰ ਬਣਾ ਕੇ ਜਮੀਨ ਦੀ ਉੱਚੀ ਕੀਮਤ ਦੀ ਮੰਗ ਲਈ ਮੁਜ਼ਾਹਰੇ ਕਰ ਰਹੇ ਕਿਸਾਨਾਂ 'ਤੇ ਗ੍ਰੇਟਰ ਨੋਇਡਾ ਅਥਾਰਟੀ ਸਾਹਮਣੇ ਪੁਲਸ ਨੇ ਤਾਬੜ ਤੋੜ ਗੋਲੀਆਂ ਦਾਗੀਆਂ। ਪੁਲਸ ਗੋਲੀ ਨਾਲ ਛੇ ਕਿਸਾਨਾਂ ਦੀ ਮੌਤ ਹੋ ਗਈ ਤੇ ਕਰੀਬ 250 ਲੋਕ ਜਖਮੀ ਹੋ ਗਏ। ਗੰਭੀਰ ਤੌਰ 'ਤੇ ਜ਼ਖਮੀ ਪੰਜ ਕਿਸਾਨ ਜਿੰਦਗੀ ਤੇ ਮੌਤ ਨਾਲ ਸਥਾਨਕ ਨਿੱਜੀ ਹਸਪਤਾਲ ਵਿੱਚ ਜੂਝ ਰਹੇ ਹਨ। ਸੰਯੋਗ ਨਾਲ ਮਰਨ ਵਾਲਿਆਂ ਵਿੱਚ ਇਕ ਪੀਏਸੀ ਜਵਾਨ ਵੀ ਸ਼ਾਮਲ ਹੈ, ਉਸ ਦੀ ਮੌਤ ਟਰੈਕਟਰ ਦੀ ਲਪੇਟ 'ਚ ਆਉਣ ਨਾਲ ਹੋਈ ਹੈ। ਘੋੜੀ ਬਛੇੜਾ ਦੇ ਪੇਂਡੂ ਸਾਲ 2006 ਤੋਂ ਹੀ ਇਕਵਾਇਰ ਕਰਕੇ ਕਾਰਨ ਰਾਹੀਂ ਖੋਹੀ ਗਈ ਜਮੀਨ ਬਦਲੇ ਮਿਲੇ ਮੁਆਵਜੇ ਤੋਂ ਅਸੰਤੁਸ਼ਟ ਸਨ। ਪੇਂਡੂਆਂ ਦਾ ਦੋਸ਼ ਸੀ ਕਿ ਇਕਵਾਇਰ ਕਰਨ ਵਾਲੇ ਅਧਿਕਾਰੀਆਂ ਨੇ ਮੁਆਵਜ਼ੇ ਲਈ ਜੋ ਵਾਅਦਾ ਕੀਤਾ ਸੀ ਉਹ ਉਸ ਤੋਂ ਮੁਕਰ ਗਏ। ਇਸ ਤਰ੍ਹਾਂ 1700 ਲੋਕਾਂ ਦੀ 500 ਹੈਕਟੇਅਰ ਜਮੀਨ ਖੋਹੀ ਗਈ ਸੀ ਜੋ 399 ਰੁਪਏ ਪ੍ਰਤੀ ਰਾਜ ਦੀ ਦਰ ਨਾਲ ਇਕ ਵਾਇਰ ਕੀਤੀ ਗਈ ਸੀ। ਇਕ ਅਪ੍ਰੈਲ 2007 ਤੋਂ ਨਵਾਂ ਰੇਟ 711 ਰੁਪਏ ਪ੍ਰਤੀਗਜ ਕਰ ਦਿੱਤਾ ਗਿਆ। ਕਿਸਾਨ ਨਵੀਆਂ ਦਰਾਂ ਨੂੰ 2006 ਤੋਂ ਲਾਗੂ ਕਰਨ ਦੀ ਮੰਗ ਕਰ ਰਹੇ ਸਨ। ਜਦ ਉਹਨਾਂ ਦੀ ਗੱਲ ਨਾ ਸੁਣੀ ਗਈ ਤਾਂ ਉਹ ਸੰਘਰਸ਼ ਦੇ ਰਾਹ ਪੈ ਗਏ ਅਤੇ 13 ਅਗਸਤ ਨੂੰ ਅਥਾਰਟੀ ਦੇ ਸਾਹਮਣੇ ਧਰਨਾ ਦੇਣ ਦਾ ਫੈਸਲਾ ਲੈ ਲਿਆ। ਕਿਸਾਨਾ ਦੀ ਚੇਤਾਵਨੀ ਦੇ ਮੱਦੇਨਜ਼ਰ ਪੁਲਸ ਨੇ ਅਥਾਰਟੀ ਦੇ ਮੁੱਖ ਗੇਟ ਦੇ ਸਾਹਮਣੇ ਨਾਕੇ ਲਾ ਰੱਖੇ ਸਨ। ਮੁਜਾਹਰਾਕਾਰੀਆਂ ਦਾ ਜਥਾ ਟਰੈਕਟਰ ਰਾਹੀਂ ਜਿਉਂ ਹੀ ਨਾਕੇ ਪਾਸ ਪੁੱਜਿਆ ਉਦੋਂ ਹੀ ਕਿਸਾਨ ਰੋਹ 'ਚ ਆ ਗਏ। ਪੁਲਸ ਦੇ ਡੀ. ਐਸ. ਪੀ. ਨੇ ਟਰੈਕਟਰ ਡਰਾਈਵਰ ਦੀ ਪੁੜਪੜੀ 'ਚ ਗੋਲੀ ਮਾਰ ਦਿੱਤੀ ਜਿਸ ਨਾਲ ਉਹ ਉਥੇ ਹੀ ਢੇਰੀ ਹੋ ਗਿਆ। ਇਸ ਪਿਛੋਂ ਲਗਾਤਾਰ 6 ਘੰਟੇ ਤੱਕ ਮੁਜਾਹਰਾਕਾਰੀਆਂ ਦੇ ਨਾਲ ਪੁਲਸ ਦੇ ਟਾਕਰਾ ਜਾਰੀ ਰਿਹਾ। ਮੁਜਾਹਰਾਕਾਰੀਆਂ 'ਚ ਸ਼ਾਮਲ ਗੋਪਾਲ, ਯੋਗੇਸ਼, ਰਾਜਿੰਦਰ ਸਤੇ ਤੇ ਇਕ ਹੋਰ ਵਿਅਕਤੀ ਪੁਲਸ ਗੋਲੀ ਨਾਲ ਮਾਰੇ ਗਏ। ਨੰਦੀਗ੍ਰਾਮ ਹੋਵੇ ਜਾਂ ਸਿੰਗੂਰ, ਗ੍ਰੇਟਰ ਨੋਇਡਾ ਜਾਂ ਦੇਸ਼ ਦਾ ਦੂਜਾ ਹੋਰ ਕੋਈ ਵੀ ਹਿੱਸਾ। ਕਿਸਾਨ ਮੁਆਵਜੇ ਦੀ ਘੁੰਮਣ ਘੇਰੀ ਵਿਚ ਫਸੇ ਹੋਏ ਹਨ। ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਦੇ ਕਿਸਾਨ ਉਜਾੜੇ ਖਿਲਾਫ ਸੰਘਰਸ਼ ਕਰ ਰਹੇ ਹਨ। ਸ਼ਹਿਰਾਂ ਤੇ ਸਨਅਤੀ ਖੇਤਰਾਂ ਦੇ ਨਜ਼ਦੀਕ ਜਮੀਨ ਇਕ ਅਜੇਹੀ ਵਸਤ ਬਣ ਚੁੱਕੀ ਹੈ ਜਿਸ ਨੂੰ ਵੇਚਣਾ ਕਿਸਾਨ ਦੀ ਜਿੰਨੀ ਮਜਬੂਰੀ ਹੈ। ਉਨੀ ਜ਼ਰੂਰਤ ਵੀ ਹੈ ਕਿਉਂਕਿ ਜਮੀਨ ਜੀਵਨ ਚਲਾ ਸਕਦੀ ਹੈ। ਵਾਹੁਣ-ਬੀਜਣ ਵਾਲਿਆਂ ਨੂੰ ਪਾਲ-ਪੋਸ ਸਕਦੀ ਹੈ ਰਾਤੋ ਰਾਤ ਤਕਦੀਰ ਬਦਲਣ ਦੀ ਯੁਕਤ ਤਾਂ ਮੁਆਵਜੇ ਵਿਚ ਹੀ ਹੈ। ਇਹ ਮੁਆਵਜਾ 13 ਅਗਸਤ ਨੂੰ ਗ੍ਰੇਟਰ ਨੋਇਡਾ ਅਥਾਰਟੀ ਦੇ ਸਾਹਮਣੇ ਮੁਜਾਹਰਾ ਕਰਨ

ਗਏ ਘੋੜੀ ਬਛੇੜਾ ਦੇ ਛੇ ਕਿਸਾਨ ਨੂੰ ਨਿਗਲ ਗਿਆ ਮਰਨ ਵਾਲਿਆਂ 'ਚ ਮੁਜਾਹਰੇ ਦੀ ਅਗਵਾਈ ਕਰ ਰਹੇ ਸੰਮਤੀ ਦੇ ਮੀਤ-ਪ੍ਰਧਾਨ ਗੋਪਾਲ ਸਿੰਘ ਰਾਵਲ ਵੀ ਸ਼ਾਮਲ ਸਨ। ਕਿਵੇਂ ਉਹ ਪੂਰਾ ਸੰਘਰਸ਼ ਮੌਤ ਮਾਤਮ ਤੇ ਮੁਆਵਜੇ ਦੇ ਝਗੜੇ 'ਚ ਅਟਕ ਕੇ ਰਹਿ ਗਿਆ। ਪੇਂਡੂਆਂ ਦਾ ਕਹਿਣਾ ਹੈ ਕਿ ਅਖਰਕਾਰ ਸਰਕਾਰ ਦੀ ਹੀ ਜਿੱਤ ਹੋਈ। ਹਾਲਾਂਕਿ ਆਪਣੇ ਆਪ ਨੂੰ ਸੰਘਰਸ਼ ਸੰਮਤੀ ਦਾ ਪ੍ਰਧਾਨ ਦੱਸਣ ਵਾਲੇ ਸਵਰਗ ਮਾਸਟਰ ਨੇ ਦੱਸਿਆ ਕਿ ਸਰਕਾਰ ਨੇ ਸਾਡੀ ਮੰਗ ਮੰਨਣ ਦਾ ਭਰੋਸਾ ਦਿੱਤਾ ਹੈ। ਪਰ ਮੁੱਖ ਮੰਤਰੀ ਦੇ ਚੀਫ ਸੈਕਟਰੀ ਵਿਜੈ ਸੰਕਰ ਪਾਂਡ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਨਜਾਇਜ ਦੱਸਿਆ ਅਤੇ ਕਿਹਾ ਕਿ ਹਿੰਸਾ ਫੈਲਾਉਣ ਵਾਲਿਆਂ ਪ੍ਰਤੀ ਪ੍ਰਸਾਸ਼ਨ ਸਖਤੀ ਵਰਤੇਗਾ। 21 ਅਗਸਤ ਤਕ ਮ੍ਰਿਤਕਾਂ ਦੇ ਪਰਿਵਾਰ ਸੋਗ 'ਚ ਡੁੱਬੇ ਹੋਏ ਸਨ। ਮਾਰੇ ਗਏ ਲੋਕਾਂ ਦਾ ਕੋਈ ਰਿਸ਼ਤੇਦਾਰ, ਸਮਝੌਤੇ 'ਚ ਸ਼ਾਮਲ ਨਹੀਂ ਹੋਇਆ ਸੀ। ਸਮਝੌਤੇ ਦੀ ਕਾਪੀ ਅਜੇ ਜਨਤਕ ਨਹੀਂ ਹੋਈ ਹੈ। ਕਿਸਾਨ ਦੀ ਪੁੜਪੜੀ 'ਚ ਗੋਲੀ ਮਾਰਨ ਵਾਲੇ ਪੁਲਸੀਏ ਖਿਲਾਫ ਐਫ. ਆਈ. ਆਰ. ਵੀ. ਦਰਜ ਨਹੀਂ ਕੀਤੀ ਗਈ ਹੈ। ਸੰਘਰਸ਼ ਸੰਮਤੀ ਦੀ ਨਜ਼ਰਾਂ 'ਚ ਤਾਂ ਸਮਝੌਤੇ ਦਾ ਮਤਲਬ ਜਮੀਨ ਦੀਆਂ ਵਧੀਆ ਕੀਮਤ ਮਿਲ ਜਾਣਾ ਹੀ ਸੀ।

ਪੇਂਡੂਆਂ ਦਾ ਇਹ ਵੀ ਕਹਿਣਾ ਹੈ ਕਿ ਸੰਘਰਸ਼ ਸੰਮਤੀ ਦਾ ਅਸਲੀ ਪ੍ਰਧਾਨ ਰਮੇਸ਼ ਸਿੰਘ ਰਾਵਲ ਅਜੇ ਜੇਹਲ ਵਿੱਚ ਹੈ। ਇਹ ਪੂਰਾ ਮਾਜਰਾ ਤਾਂ ਸਮਝ ਵਿਚ ਆਉਂਦਾ ਹੈ, ਉਸ ਤੋਂ ਪਹਿਲਾਂ ਹੀ ਪੇਂਡੂ ਰਾਕੇਸ਼ ਰਾਵਲਾ ਨੇ ਦੱਸਿਆ ਕਿ ਪ੍ਰਸ਼ਾਸਨ ਨੇ ਦੋ ਦਿਨ ਪਹਿਲਾਂ ਹੀ ਚਾਲੀ ਗੱਡੀਆਂ ਰੈਪਿਡ ਐਕਸ਼ਨ ਫੋਰਸ ਪਿੰਡ 'ਚ ਘੁਮਾਈਆਂ ਹਨ। ਇਸ ਨਾਲ ਲੋਕਾਂ ਤੇ ਨੇਤਾਵਾਂ 'ਚ ਦਹਿਸ਼ਤ ਹੈ। ਪੁਲਸੀ ਜਬਰ ਨੇ ਐਸਾ ਖੌਫ ਪੇਂਡੂਆਂ 'ਚ ਪੈਦਾ ਕੀਤਾ ਕਿ ਉਹ ਆਪਣੇ ਪਿੰਡ ਦਹਿਸ਼ਤ ਭੈਅ ਤੇ ਡਰ ਦੌਰਾਨ ਜਿਉਂ ਰਹੇ ਹਨ। ਖੌਫ ਨਾਲ ਸਹਿਮੇ ਪੇਂਡੂ ਨਹੀਂ ਦੱਸਣਾ ਚਾਹੁੰਦੇ ਕਿ ਪੁਲਸ ਖਿਲਾਫ ਕੀ ਕਾਰਵਾਈ ਹੋਵੇ। ਸਿਵਾਏ ਉਹਨਾਂ ਦੇ ਜਿਨ੍ਹਾਂ ਦੇ ਘਰਾਂ 'ਚ ਆਤਮ ਹੈ। ਪੁਲਸ ਗੋਲੀ ਨਾਲ ਮਾਰੇ ਗਏ ਸੰਘਰਸ਼ ਸੰਮਤੀ ਦੇ ਪ੍ਰਧਾਨ ਗੋਪਾਲ ਸਿੰਘ ਰਾਵਲਾ ਦਾ ਭਤੀਜਾ ਗੁੱਸੇ ਨਾਲ ਬੋਲਦਾ ਹੈ, ਸਾਨੂੰ ਮੁਆਵਜੇ ਦੀ ਇਕ ਕੌਡੀ ਵੀ ਨਹੀਂ ਚਾਹੀਦੀ ਪਰ ਉਸ ਸੀ. ਓ. ਨੂੰ ਬੁਲਾਓ, ਮੈਂ ਉਸ ਨੂੰ ਗੋਲੀ ਮਾਰ ਦਿਆਂਗਾ ਤੇ ਬਤੌਰ ਮੁਆਵਜਾ ਉਸ ਦੇ ਪਰਿਵਾਰ ਨੂੰ 20 ਲੱਖ ਰੁਪਏ ਦੇਊਗਾ। ਸੰਭਵ ਹੈ, ਭਤੀਜੇ ਦਾ ਗੁੱਸਾ ਸ਼ਾਂਤੀਪਸੰਦ ਲੋਕਾਂ ਬਚਕਾਨਾ ਲੱਗੇ ਪਰ ਘਟਨਾਕ੍ਰਮ ਨੂੰ ਵੇਖੀਏ ਤਾਂ ਇਸ ਤੋਂ ਪਤਾ ਚੱਲਦਾ ਹੈ ਕਿ ਜੇ ਕੱਲ੍ਹ ਨੂੰ ਲੋਕਾਂ ਵੱਲੋਂ ਕੋਈ ਅਜੇਹੀ ਕਾਰਵਾਈ ਕੀਤੀ ਜਾਂਦੀ ਹੈ ਤਾਂ ਉਸਦੇ ਲਈ ਪ੍ਰਸਾਸ਼ਨ ਹੀ ਦੋਸ਼ੀ ਹੋਵੇਗਾ। ਪ੍ਰਸਾਸ਼ਨਿਕ ਤਾਨਾਸ਼ਾਹੀ ਖਿਲਾਫ ਇਹ ਬਿਆਨ ਉਹਨਾਂ ਸਭ ਘਰਾਂ ਦਾ ਹੈ ਜਿਸ ਦੇ ਬੱਚੇ ਪਤੀ ਜਾਂ ਕੋਈ ਸਕਾ ਮਾਰਿਆ ਗਿਆ ਹੈ। ਹਾਲਾਂਕਿ ਇਸ ਦੌਰਾਨ ਪ੍ਰਸਾਸ਼ਨ ਪਿੰਡ ਵਾਲਿਆਂ ਨੂੰ ਦੋ ਹਿੱਸਿਆਂ 'ਚ ਵੰਡਣ 'ਚ ਸਫਲ ਰਿਹਾ ਹੈ। ਇਕ ਉਹ ਜੋ ਖ਼ੂਨ ਦਾ ਬਦਲਾ ਚਾਹੁੰਦੇ ਹਨ ਤੇ ਇਕ ਉਹ ਜਿਨ੍ਹਾਂ ਨੂੰ ਹਰ ਕੀਮਤ 'ਤੇ ਮੁਆਵਜਾ ਚਾਹੀਦਾ ਹੈ। ਆਪਣੇ ਪਿਤਾ ਨਾ ਬਚਾ ਸਕਣ ਦੇ ਗ਼ਮ 'ਚ ਗੁਮਸੁਮ ਬੈਠਾ ਅਰੁਣ ਉਸ ਦਿਨ ਦੀ ਘਟਨਾ ਨੂੰ ਯਾਦ ਕਰਦਿਆਂ ਭੜਕ ਪੈਦਾ ਹੈ। ਅਰੁਣ ਦੱਸਦਾ ਹੈ ਪੁਲਸ ਵਾਲਿਆਂ ਪਹਿਲਾਂ ਮੇਰੇ ਪਾਪਾ ਦੇ ਸੀਨੇ 'ਚ ਗੋਲੀ ਮਾਰੀ, ਅਜੇ ਉਹ ਮਰੇ ਨਹੀਂ ਸਨ। ਮੈਂ ਹੱਥ ਜੋੜਦਾ ਰਿਹਾ ਕਿ ਮੇਰੇ ਪਾਪਾ

ਨੂੰ ਛੱਡ ਦਿਉ ਪਰ ਕਿਸੇ ਨੇ ਇਕ ਨਾ ਸੁਣੀ ਅਤੇ ਪੁਲਸ ਨੇ ਇਕ ਹੋਰ ਗੋਲੀ ਪਿੱਛੇ ਵੱਲ ਦਾਗ ਦਿੱਤੀ।

ਘੋੜੀ ਬਛੇੜਾ ਪਿੰਡ ਦੇ ਲੋਕਾਂ ਦਾ ਅੰਗ-ਭੰਗ ਹੋਇਆ ਸਰੀਰ ਵੇਖ ਕੇ ਪੁੱਛਣਾ ਨਹੀਂ ਘੋੜੀ ਬਛੇੜਾ ਪਿਡ ਦੇ ਲੋਕਾਂ ਦੇ ਹੱਥ-ਪੈਰ ਟੁੱਟੇ ਹਨ। ਇਕ ਪਿਛੋਂ ਇਕ ਕੋਈ ਘਰ ਅਜੇਹਾ ਨਹੀਂ ਜਿਥੇ ਇਕ ਦੋ ਜਖਮੀ ਨਾ ਮਿਲਣ। ਬਜੁਰਗ ਮੰਨੋ ਆਪਣੇ ਟੁੱਟੇ ਹੱਥਾਂ ਨਾਲ ਹੀ ਰੋਟੀ ਪਕਾਉਂਦੀ ਹੈ। ਸੰਘਰਸ਼ 'ਚ ਸ਼ਾਮਲ ਹੋਣ ਵਾਲੇ ਗ੍ਰੇਟਰ ਨੋਇਡਾ ਦੀ ਇਹ ਬਜੁਰਗ ਔਰਤ ਹੁਣ ਆਪਣੀ ਕਮਰ 'ਤੇ ਲੱਤ ਉਪਰ ਪਾਏ ਡੰਡੇ ਦੀ ਮਾਰ ਨਾਲ ਦਾਗ ਦਿਖਾਉਂਦੀ ਹੈ ਤਾਂ ਆਸ ਪਾਸ ਖੜੀਆਂ ਔਰਤਾਂ ਵੀ ਤਿਲਮਿਲਾ ਉਠਦੀਆਂ ਹਨ। ਗੋਦੀ 'ਚ ਲਏ ਬੱਚਿਆਂ ਦੀਆਂ ਮਾਵਾਂ ਅੱਖਾਂ ਬੰਦ ਕਰ ਲੈਂਦੀਆਂ ਹਨ ਪਰ ਬਾਬਲੀ ਦੇ ਬੇਟੇ ਦੀਆਂ ਅੱਖਾਂ ਕੋਈ ਕਿਵੇਂ ਬੰਦ ਕਰੇਗਾ। ਇਕ ਸਾਲ ਦੇ ਇਸ ਬੱਚੇ ਦੇ ਸਿਰ 'ਤੇ ਟਾਂਕੇ ਲੱਗੇ ਹੋਏ ਹਨ। ਲੋਕ ਕਹਿੰਦੇ ਹਨ ਕਿ ਏਨਾ ਜੁਲਮ ਤਾਂ ਅੰਗਰੇਜ਼ਾਂ ਵੇਲੇ ਵੀ ਨਹੀਂ ਸੀ ਹੋਇਆ। ਪੁਲਸ ਨੇ ਇਕ ਮੁਟਿਆਰ ਦੀ ਕਮਰ ਤੋੜ ਕੇ ਜਵਾਨੀ 'ਚ ਹੀ ਉਸ ਨੂੰ ਅਪਾਹਜ ਬਣਾ ਦਿੱਤਾ ਹੈ। ਔਰਤਾਂ 'ਚ ਹਰਮਨ ਪਿਆਰੀ ਇਹ ਔਰਤ 13 ਅਗਸਤ ਤੋਂ ਬਾਅਦ ਮੰਜੀ ਤੋਂ ਨਹੀਂ ਉਠ ਸਕੀ।

# ਪੁਲਿਸ ਹਿਰਾਸਤ 'ਚ ਮੌਤਾਂ

ਪੁਲਸ ਹਿਰਾਸਤ 'ਚ ਮਰਨ ਵਾਲੇ ਪ੍ਰਤੀ ਲੋਕਾਂ ਦੇ ਪਰਿਵਾਰ ਵਾਲੇ ਜੇ ਬਹੁਤੀ ਜੋਰ-ਅਜਮਾਈ ਨਾ ਕਰਨ ਤਾਂ ਪੁਲਸ ਦੀਆਂ ਬੈਤਾਂ ਅਤੇ ਲੱਤਾਂ ਨਾਲ ਮਾਰੇ ਜਾਣ ਨੂੰ ਜਾਂ ਤਾਂ ਆਤਮ ਹੱਤਿਆ ਐਲਾਨ ਦਿੱਤਾ ਜਾਂਦਾ ਹੈ ਜਾਂ ਫਿਰ ਮ੍ਰਿਤਕ ਨੂੰ ਕਦੀ ਲਾਵਾਰਿਸ ਜਾਂ ਕਦੀ ਭਿਖਾਰੀ ਬਣਾ ਦਿੱਤਾ ਜਾਂਦਾ ਹੈ। ਪੁਲਸ ਇਕ ਪਾਸੇ ਉਹਨਾਂ ਦੀਆਂ ਲਾਸ਼ਾਂ ਨੂੰ ਠਿਕਾਣੇ ਲਾ ਦਿੰਦੀ ਹੈ ਅਤੇ ਦੂਜੇ ਪਾਸੇ ਮ੍ਰਿਤਕ ਨੂੰ ਗੁੰਮਸਸ਼ੁਦਾ ਦੱਸ ਕੇ ਉਸ ਦੇ ਪਰਿਵਾਰ ਨੂੰ ਹਮੇਸ਼ਾ ਲਈ ਹਨੇਰੇ 'ਚ ਰੱਖਦੀ ਹੈ।

20 ਅਗਸਤ, 2007 ਨੂੰ ਟੇਕ ਚੰਦ ਜਦ ਘਰੋਂ ਕੰਮ 'ਤੇ ਨਿਕਲਿਆ ਤਾਂ ਉਸ ਦੇ ਪਰਿਵਾਰ ਨੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਉਹ ਟੇਕ ਚੰਦ ਨੂੰ ਬਸ ਆਖਰੀ ਖਾਰ ਵੇਖ ਰਹੇ ਹਨ ਤੇ ਇਸ ਪਿਛੋਂ ਉਹਨਾਂ ਨੂੰ ਟੇਕ ਚੰਦ ਦੀ ਲਾਸ਼ ਤੱਕ ਨਸੀਬ ਨਹੀਂ ਹੋਣੀ। 5 ਅਗਸਤ ਨੂੰ ਸੂਚਨਾ ਦੇ ਅਧਿਕਾਰ ਤਹਿਤ ਹਿਰਾਸਤ 'ਚ ਮੌਤ ਦਾ ਇਕ ਸਨਸਨੀ ਖੇਜ ਖੁਲਾਸਾ ਹੋਇਆ। ਵਰਨਣਯੋਗ ਹੈ ਕਿ 26 ਅਗਸਤ 2007 ਨੂੰ 45 ਸਾਲਾਂ ਟੇਕ ਚੰਦ ਕੰਮ ਕਰਨ ਲਈ ਘਰੋਂ ਨਿਕਲਿਆ ਅਤੇ ਪੱਛਮੀ ਦਿੱਲੀ ਦੇ ਮਾਦੀਪੁਰ ਇਲਾਕੇ 'ਚ ਰਾਮਾ ਹਾਰਡਵੇਅਰ ਦੀ ਦੁਕਾਨ 'ਤੇ ਪਹੁੰਚਿਆ ਦੁਕਾਨ ਦੇ ਮਾਲਕ ਨਾਲ ਟੇਕਚੰਦ ਦਾ ਕਿਸੇ ਗੱਲ 'ਤੇ ਤਕਰਾਰ ਹੋਇਆ ਅਤੇ ਮਾਲਕ ਗੋਕਲਚੰਦ ਤੇ ਉਸ ਦੇ ਸਾਥੀਆਂ ਨੇ ਟੇਕਚੰਦ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਟੇਕਚੰਦ ਨੂੰ ਜਖਮੀ ਹਾਲਤ 'ਚ ਪਿਆ ਵੇਖ ਕੇ ਇਕ ਰਾਹਗੀਰ ਨੇ ਪੁਲਸ ਨੂੰ ਬੁਲਾਇਆ। ਕੁਝ ਮਿੰਟਾ ਬਾਅਦ ਗੋਕਲਚੰਦ ਨੇ ਵੀ ਦਿਖਾਵੇ ਲਈ ਪੁਲਸ ਬੁਲਾਈ ਤੇ ਝੂਠੀ ਕਹਾਣੀ ਘੜਦਿਆਂ ਦੱਸਿਆ ਕਿ ਟੇਕਚੰਦ ਦੁਕਾਨ ਤੋਂ ਸਾਮਾਨ ਚੋਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਲਈ ਉਸ ਦੀ ਇਹ ਹਾਲਤ ਹੋਈ। ਪੁਲਸ ਟੇਕਚੰਦ ਨੂੰ ਫੜ ਕੇ ਪੰਜਾਬੀ ਬਾਗ ਪੁਲਸ ਸਟੇਸ਼ਨ ਲੈ ਗਈ ਅਤੇ ਹਿਰਾਸਤ 'ਚ ਟੇਕਚੰਦ ਨੂੰ ਬੇਰਹਿਮੀ ਨਾਲ ਮਾਰਕੁੱਟ ਕਰਕੇ ਮਾਰ ਸੁੱਟਿਆ। ਜਦ ਟੇਕਚੰਦ ਕਾਫੀ ਸਮੇਂ ਤਕ ਘਰ ਨਹੀਂ ਪਹੁੰਚਿਆ ਤਾਂ ਉਸ ਦਾ ਪਰਿਵਾਰ ਪੁਲਸ ਸਟੇਸ਼ਨ ਪਹੁੰਚਿਆ ਅਤੇ ਪੁਲਸ ਕੋਲ ਟੇਕਚੰਦ ਨੂੰ ਲੱਭਣ ਦੀ ਫਰਿਆਦ ਕੀਤੀ। ਉਸ ਸਮੇਂ ਟੇਕਚੰਦ ਮਰ ਚੁੱਕਿਆ ਸੀ। ਪੁਲਸ ਨੇ ਟੇਕਚੰਦ ਦੀ ਲਾਸ਼ ਨੂੰ ਛੁਪਾ ਦਿੱਤਾ ਅਤੇ ਉਸ ਦੇ ਪਰਿਵਾਰ ਨੂੰ ਕਿਹਾ ਗਿਆ ਕਿ ਉਹਨਾਂ ਨੂੰ ਸੁਬਹ ਦਸ ਵਜੇ ਹੀ ਟੇਕਚੰਦ ਨੂੰ ਛੱਡ ਦਿੱਤਾ ਸੀ। ਦੋ ਦਿਨ ਬਾਅਦ ਪੁਲਸ ਨੇ ਟੇਕਚੰਦ ਦੀ ਲਾਸ਼ ਨੂੰ ਭਿਖਾਰੀ ਦੱਸ ਕੇ ਜਲਾ ਦਿੱਤਾ। ਹਿਰਾਸਤ 'ਚ ਟੇਕਚੰਦ ਦੀ ਮੌਤ ਦੀ ਸਚਾਈ ਤਦ ਸਾਹਮਣੇ ਆਈ ਤਾਂ ਜਦ ਉਸਦੀ ਪਤਨੀ ਨੇ ਇਕ NGO ਦੀ ਸਹਾਇਤਾ ਨਾਲ ਸੂਚਨਾ ਦੇ ਅਧਿਕਾਰ ਤਹਿਤ ਆਪਣੇ ਲਾਪਤਾ ਪਤੀ ਬਾਰੇ ਪੁਲਸ ਤੋਂ ਜਾਣਕਾਰੀ ਮੰਗੀ। ਟੇਕਚੰਦ ਦੀ ਪਤਨੀ ਨੇ ਉਹਨਾਂ ਸਾਰੇ ਭਿਖਾਰੀਆਂ ਤੇ ਅਵਾਰਾ ਲੋਕਾਂ ਦੀਆਂ ਤਸਵੀਰਾਂ ਵੇਖੀਆਂ ਜਿਹਨਾਂ ਦੀਆਂ ਲਾਸ਼ਾਂ ਨੂੰ ਪੁਲਸ ਨੇ ਜਲਾ ਦਿੱਤਾ ਸੀ। ਟੇਕਚੰਦ ਦੇ ਪਰਿਵਾਰ ਨੇ ਪੁਲਸ ਤੇ ਇਲਜਾਮ ਲਾਇਆ ਕਿ ਪੁਲਸ ਨੇ ਟੇਕਚੰਦ ਨੂੰ ਝੂਠੇ ਦੋਸ਼ਾਂ 'ਚ ਫਸਾਇਆ, ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਤੇ ਬਿਨਾ ਉਸ ਦੇ ਪਰਿਵਾਰ ਨੂੰ ਕੋਈ ਸੂਚਨਾ ਦਿੱਤਿਆ ਲਾਵਾਰਸ ਭਿਖਾਰੀ ਦੱਸ ਕੇ ਉਸ ਦੀ ਲਾਸ਼

ਨੂੰ ਸਾੜ ਦਿੱਤਾ ਗਿਆ। ਦਿੱਲੀ ਹਾਈਕੋਰਟ ਨੇ ਪੁਲਸ ਨੂੰ ਟੇਕਚੰਦ ਦੇ ਪਰਿਵਾਰ ਵੱਲੋਂ ਲਾਏ ਗਏ ਇਹਨਾਂ ਸਾਰੇ ਦੋਸ਼ਾਂ ਦਾ ਜੁਆਬ ਦੇਣ ਲਈ 26 ਅਗਸਤ ਤੱਕ ਦਾ ਸਮਾਂ ਦਿੱਤਾ।

ਟੇਕਚੰਦ ਵਰਗੇ ਨਾ ਜਾਣੇ ਕਿੰਨੇ ਬਦਨਸੀਬ ਲੋਕ ਹਨ ਇਹਨਾਂ ਨੂੰ ਪੁਲਸ ਮਾਮੂਲੀ ਦੋਸ਼ਾਂ 'ਚ ਜਾਂ ਫਿਰ ਬਿਨਾ ਕਿਸੇ ਕਸੂਰ ਦੇ ਹਿਰਾਸਤ ਵਿੱਚ ਲੈ ਲੈਂਦੀ ਹੈ ਅਤੇ ਕੁੱਟ ਕੁੱਟ ਕੇ ਮਾਰ ਦੇਣ ਪਿਛੋਂ ਉਹਨਾਂ ਨੂੰ ਲਾਵਾਰਸ ਲਾਸ਼ਾਂ ਦੇ ਢੇਰ 'ਤੇ ਸੁੱਟ ਦਿੰਦੀ ਹੈ। ਇਹਨਾਂ ਬਦਨਸੀਬ ਲੋਕਾਂ ਦਾ ਪਰਿਵਾਰ ਉਹਨਾਂ ਦੇ ਗੁੰਮਸ਼ੁਦਾ ਹੋਣ ਦੀ ਗਲਤ ਫਹਿਮੀ ਵਿਚ ਸਾਰੀ ਜਿੰਦਗੀ ਉਹਨਾਂ ਦੀ ਉਡੀਕ ਕਰਦਿਆਂ ਕੱਢ ਦਿੰਦਾ ਹੈ ਜਦਕਿ ਪੁਲਸ ਉਹਨਾਂ ਦੀਆਂ ਲਾਵਾਰਿਸ ਲਾਸ਼ਾਂ ਦੇ ਢੇਰ 'ਚ ਜਲਾ ਚੁੱਕੀ ਹੁੰਦੀ ਹੈ। 29 ਜੁਲਾਈ 2008 ਨੂੰ ਚੰਡੀਗੜ੍ਹ 'ਚ ਘੋੜਾ ਗੱਡੀ ਚਲਾਉਣ ਵਾਲੇ 35 ਸਾਲਾਂ ਇੰਦਰਜੀਤ ਨੂੰ ਪੁਲਸ ਨੇ ਹਿਰਾਸਤ ਵਿੱਚ ਲਿਆ। ਇੰਦਰਜੀਤ ਦੀ ਘੋੜਾ ਗੱਡੀ ਕਾਰਨ ਇਕ ਪੈਦਲ ਯਾਤਰੀ ਨੂੰ ਮਾਮੂਲੀ ਸੱਟਾਂ ਲੱਗੀਆਂ ਸਨ। ਪੁਲਸ ਨੇ ਇੰਦਰਜੀਤ ਨੂੰ ਪੁਲਸ ਥਾਣੇ 'ਚ ਬੇਰਹਿਮੀ ਨਾਲ ਏਨਾ ਕੁਟਿਆ ਕਿ ਉਸ ਨੂੰ ਹਸਪਤਾਲ 'ਚ ਦਾਖਲ ਕਰਨਾ ਪਿਆ। ਹਸਪਤਾਲ ਵਿਚ ਦਾਖਲ ਕਰਾਉਣ ਪਿਛੋਂ ਕੁਝ ਦੇਰ ਬਾਅਦ ਇੰਦਰਜੀਤ ਨੇ ਦਮ ਤੋੜ ਦਿੱਤਾ। ਪੁਲਸ ਦਾ ਦਾਅਵਾ ਸੀ ਕਿ ਇੰਦਰਜੀਤ ਨੇ ਆਪਣੀ ਬੈਲਟ ਨਾਲ ਫਾਂਸੀ ਲਾ ਲਈ ਅਤੇ ਮਰ ਗਿਆ ਪਰ ਇੰਦਰਜੀਤ ਦੀ ਮਾਂ ਦਾ ਕਹਿਣਾ ਸੀ ਕਿ ਉਸ ਦੇ ਪੁੱਤ ਨੇ ਕਦੀ ਬੈਲਟ ਲਾਈ ਹੀ ਨਹੀਂ। ਇਸ ਕੇਸ 'ਚ ਪੰਜ ਪੁਲਸ ਅਫਸਰਾਂ ਨੂੰ ਬਰਖਾਸਤ ਕਰ ਦਿੱਤਾ ਗਿਆ।

21 ਜੁਲਾਈ 2008 ਨੂੰ ਦਿੱਲੀ ਨਿਵਾਸੀ 17 ਸਾਲਾ ਉਮੇਸ਼ ਨੂੰ ਮੋਬਾਇਲ ਫੋਨ ਚੋਰੀ ਦੇ ਇਲਜਾਮ ਵਿਚ ਇਕ ਪੁਲਸ ਕਾਂਸਟੇਬਲ ਕੋਲ ਸ਼ਿਕਾਇਤ ਕੀਤੀ ਕਿ ਉਸ ਦਾ ਮੋਬਾਇਲ ਗੁੰਮ ਹੋ ਗਿਆ ਹੈ ਪਰ ਆਪਣੀ ਸੰਕਾ ਮਿਟਾਉਣ ਲਈ ਸਿਪਾਹੀ ਨੇ ਇਕ ਜਵਾਨ ਲੜਕੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 15 ਮਈ 2008 ਨੂੰ ਦਿੱਲੀ ਦੇ ਧੌਲਾ ਕੂੰਆਂ ਇਲਾਕੇ ਵਿੱਚ ਪੁਲਸ ਨੇ ਚੇਨ ਖੋਹਣ ਦੇ ਦੋਸ਼ੀ ਨੂੰ ਮਾਰਕੁੱਟ ਕਰਕੇ ਮਾਰ ਸੁੱਟਿਆ।

11 ਦਸੰਬਰ 2007 ਨੂੰ ਕਲਕੱਤਾ 'ਚ 35 ਸਾਲ ਰਾਜੂ ਰਾਏ ਨੂੰ ਰੇਲਵੇ ਪ੍ਰੋਟੇਕੇਸ਼ਨ ਫੋਰਸ ਨੇ ਗ੍ਰਿਫਤਾਰ ਕਰ ਲਿਆ। ਰਾਜੂ ਨੂੰ ਗ੍ਰਿਫਤਾਰ ਕਰਦੇ ਸਮੇਂ ਪੁਲਸ ਨੇ ਨਾ ਤਾਂ ਗ੍ਰਿਫਤਾਰੀ ਵਰੰਟ ਵਿਖਾਇਆ ਅਤੇ ਨਾ ਹੀ ਰਾਜੂ ਦੇ ਪਰਿਵਾਰ ਨੂੰ ਉਸਦੀ ਗ੍ਰਿਫਤਾਰੀ ਬਾਰੇ ਕੋਈ ਜਾਣਕਾਰੀ ਦਿੱਤੀ। 12 ਦਸੰਬਰ 2007 ਨੂੰ ਰਾਜੂ ਦੀ ਪਤਨੀ ਗੌਰੀ ਉਸ ਨੂੰ ਮਿਲਣ ਲਈ ਅਦਾਲਤ ਗਈ ਪਰ ਉਥੋਂ ਪਤਾ ਲੱਗਿਆ ਕਿ ਉਸ ਦਾ ਪਤੀ ਬੁਰੀ ਤਰ੍ਹਾਂ ਬੀਮਾਰ ਹੈ ਅਤੇ ਉਸ ਨੂੰ ਹਸਪਤਾਲ ਵਿਚ ਭੇਜ ਦਿੱਤਾ ਗਿਆ ਹੈ ਜਦ ਗੌਰੀ ਹਸਪਤਾਲ ਪਹੁੰਚੀ ਤਾਂ ਉਸਨੇ ਵੇਖਿਆ ਕਿ ਦੋ ਆਦਮੀ ਰਾਜੂ ਨੂੰ ਸਹਾਰਾ ਦੇ ਕੇ ਖੜਾ ਕਰ ਰਹੇ ਸਨ ਕਿਉਂਕਿ ਉਹ ਬਿਨਾ ਸਹਾਰੇ ਦੇ ਖੜਾ ਹੋਣ ਦੀ ਹਾਲਤ ਵਿਚ ਨਹੀਂ ਸੀ ਰਾਜੂ ਬੋਲ ਹੀ ਨਹੀਂ ਸਕਦਾ ਸੀ। ਗੌਰੀ ਨੂੰ ਪਤਾ ਲੱਗਿਆ ਕਿ ਰਾਜੂ ਨੂੰ ਰੇਲਵੇ ਪ੍ਰੋਟੈਕਸ਼ਨ ਫੋਰਸ ਨੇ ਬੁਰੀ ਤਰ੍ਹਾਂ ਤਸੀਹੇ ਦਿੱਤੇ ਹਨ। 14 ਦਸੰਬਰ 2007 ਨੂੰ ਗੌਰੀ ਜਦ ਆਪਣੇ ਪਤੀ ਨੂੰ ਦੁਬਾਰਾ ਦੇਖਣ ਗਈ ਤਾਂ ਪਤਾ ਲੱਗਿਆ ਕਿ ਪਿਛਲੀ ਰਾਤ ਰਾਜੂ ਦੀ ਮੌਤ ਹੋ ਚੁੱਕੀ ਹੈ। ਰਾਜੂ ਦੀ ਲਾਸ਼ ਉਸ ਦੇ ਪਰਿਵਾਰ ਨੂੰ ਸੌਂਪ ਦਿੱਤੀ

ਗਈ। ਉਸ ਦੇ ਸਰੀਰ 'ਤੇ ਡੂੰਘੀਆਂ ਸੱਟਾਂ ਦੇ ਨਿਸ਼ਾਨ ਸਾਫ ਦਿਸ ਰਹੇ ਸਨ ਕਿ ਉਸ ਨੂੰ ਬੇਦਰਦੀ ਨਾਲ ਕੁੱਟਿਆ ਗਿਆ ਰਾਜੂ ਦੀ ਪਤਨੀ 'ਤੇ ਇਕ ਚਿੱਠੀ ਲਿਖਣ ਲਈ ਦਬਾਅ ਪਾਇਆ ਗਿਆ ਕਿ ਉਹ ਲਿਖੇ ਕਿ ਉਸ ਨੂੰ ਹਸਪਤਾਲ ਲੈ ਜਾਇਆ ਗਿਆ ਜਿਥੇ ਉਸ ਨੇ ਦਮ ਤੋੜ ਦਿੱਤਾ। ਜੇਲ੍ਹ ਪ੍ਰਸਾਸ਼ਨ ਰਾਜੂ ਦੀ ਮੌਤ ਲਈ ਕਿਸੇ ਤਰ੍ਹਾਂ ਵੀ ਜਿੰਮੇਵਾਰ ਨਹੀਂ ਹੈ। ਗੌਰੀ ਨੇ ਅਜੇਹੀ ਕੋਈ ਵੀ ਗੱਲ ਲਿਖਣ ਤੋਂ ਇਨਕਾਰ ਕਰ ਦਿੱਤਾ।

7 ਅਗਸਤ 2004 ਨੂੰ ਪੱਛਮੀ ਬਾਲ ਵਿੱਚ ਛੁਟਕਾ ਚੌਧਰੀ ਨਾਮਕ ਦਲਿਤ ਮਜ਼ਦੂਰ ਮੱਛੀ ਫੜਨ ਦਾ ਕੰਮ ਕਰਦਾ ਸੀ। 7 ਅਗਸਤ ਦੀ ਰਾਤ ਜਦ ਛੁਟਕਾ ਮੱਛੀ ਫੜ ਰਿਹਾ ਸੀ। ਰਾਤ ਸਮੇਂ ਪੁਲਸ ਛੁਟਕੇ ਨੂੰ ਲਭਦਿਆਂ ਉਸ ਦੇ ਘਰ ਪਹੁੰਚੀ ਘਰ ਵਿੱਚ ਉਸਦੀ ਬੀਬੀ ਲੀਲਾਵਤੀ ਸੌਂ ਰਹੀ ਸੀ। ਪੁਲਸ ਨੇ ਉਸ ਨੂੰ ਧਮਕਾਉਂਦੇ ਅਤੇ ਕੁੱਟਦੇ ਹੋਏ ਜਗਾਇਆ। ਲੀਲਾਵਤੀ ਨੇ ਪੁੱਛਿਆ ਕਿ ਉਸ ਦੇ ਨਾਲ ਤੇ ਉਸਦੇ ਪਰਿਵਾਰ ਦੇ ਨਾਲ ਪੁਲਸ ਇਸ ਤਰ੍ਹਾਂ ਦਾ ਵਰਤਾਅ ਕਿਉਂ ਕਰ ਰਹੀ ਹੈ ਜਦ ਕਿ ਉਸ ਖਿਲਾਫ ਕੋਈ ਸ਼ਿਕਾਇਤ ਵੀ ਦਰਜ ਨਹੀਂ ਹੈ। ਲੀਲਾਵਤੀ ਨੇ ਪੁਲਸ ਦੀ ਗਾਲੀ ਗਲੋਚ ਦਾ ਵਿਰੋਧ ਕੀਤਾ ਤਾਂ ਪੁਲਸ ਨੇ 7 ਮਹੀਨਿਆਂ ਦੀ ਗਰਭਪਤੀ ਲੀਲਾਵਤੀ ਨੂੰ ਅੱਧੀ ਰਾਤ ਨੂੰ ਬੈਤਾਂ ਨਾਲ ਬੁਰੀ ਤਰ੍ਹਾਂ ਕੁੱਟਿਆ। ਲੀਲਾਵਤੀ ਦਾ ਗਰਭ ਗਿਰ ਗਿਆ। ਬੁਰੀ ਤਰ੍ਹਾਂ ਜ਼ਖਮੀ ਲੀਲਾਵਤੀ ਨੂੰ ਹਸਪਤਾਲ ਦਾਖਲ ਕਰਵਾਇਆਹ ਗਿਆ। ਹਸਪਤਾਲ ਵਿੱਚ ਜ਼ਿੰਦਗੀ ਮੌਤ ਵਿਚਕਾਰ ਜੂਝਦੀ ਲੀਲਾਵਤੀ ਨੂੰ ਪੁਲਸੀਆਂ ਨੇ ਬੁਰੀ ਤਰ੍ਹਾਂ ਧਮਕਾਇਆ ਕਿ ਉਹ ਇਸ ਘਟਨਾ ਦਾ ਜ਼ਿਕਰ ਕਿਸੇ ਕੋਲ ਨਹੀਂ ਕਰੇਗੀ ਨਹੀਂ ਤਾਂ ਉਸ ਦੀ ਖੈਰ ਨਹੀਂ। 2004 ਦੇ ਹੀ ਇਕ ਹੋਰ ਕੇਸ ਵਿਚ ਪੱਛਮੀ ਬੰਗਾਲ ਦੇ ਵਰਧਮਾਨ ਜ਼ਿਲ੍ਹੇ ਵਿੱਚ ਮਧੂਸੂਦਨ ਨਾਮਕ ਇਕ ਵਪਾਰੀ ਨੂੰ ਪੁਲਸ ਨੇ ਮਾਮੂਲੀ ਜਿਹੇ ਇਕ ਦੋਸ਼ 'ਚ ਗ੍ਰਿਫਤਾਰ ਕੀਤਾ। ਮਧੂਸੂਦਨ ਨੂੰ ਪੁਲਸ ਹਿਰਾਸਤ ਵਿੱਚ ਸਿਰਫ ਕੱਛਾ-ਬੁਨੈਣ ਪਹਿਨਣ ਦਾ ਹੁਕਮ ਦਿੱਤਾ ਗਿਆ। ਅਗਲੇ ਦਿਨ ਪੁਲਸ ਨੇ ਮਧੂਸੂਦਨ ਤੋਂ ਅੱਧ ਨੰਗੀ ਹਾਲਤ 'ਚ ਪ੍ਰੇਡ ਕਰਵਾਈ ਗਈ। ਉਸ ਪਿਛੋਂ ਉਸ ਨੂੰ ਜਨਤਕ ਬੱਸ ਵਿੱਚ ਬਿਠਾਇਆ ਗਿਆ ਅਤੇ ਕਾਲਨਾ ਜੱਜ ਦੀ ਅਦਾਲਤ 'ਚ ਲਿਜਾਇਆ ਗਿਆ। ਮਧੂਸੂਦਨ ਨੇ ਪੁਲਸ ਵੱਲੋਂ ਇਸ ਬਾਦ ਸਲੂਕੀ ਦੀ ਸ਼ਿਕਾਇਤ ਅਦਾਲਤ ਵਿਚ ਵੀ ਕੀਤੀ। ਪਰ ਜੱਜ ਨੇ ਵੀ ਕੁਝ ਨਹੀਂ ਕੀਤਾ। 12 ਦਸੰਬਰ 2004 ਨੂੰ ਪੱਛਮੀ ਬੰਗਾਲ ਦੇ ਪ੍ਰੈਜੀ ਡੈਂਸੀ ਜੇਲ੍ਹ ਦੇ ਕੈਦੀ ਅਭਿਜਨ ਬਸੂ ਨੂੰ ਮੌਤ ਦੇ ਘਾਟ ਉਤਾਰਨ ਦਾ ਮਾਮੂਲੀ ਜਿਹਾ ਕਾਰਨ ਸੀ। ਜੇਲ੍ਹ 'ਚ ਕੈਦੀਆਂ ਦੀਆਂ ਗੈਰਮਨੁੱਖੀ ਹਾਲਤਾਂ ਤੇ ਖਰਾਬ ਭੋਜਨ ਦੀ ਸ਼ਿਕਾਇਤ ਕਰਨਾ। ਵਰਨਣਯੋਗ ਹੈ ਕਿ ਹਿਰਾਸਤ 'ਚ ਮੌਤ ਤੇ ਹਿਰਾਸਤ 'ਚ ਤਸੀਹਿਆਂ ਦੀਆਂ ਘਟਨਾਵਾਂ ਹਰ ਰੋਜ਼ ਵਧ ਰਹੀਆਂ ਹਨ ਪਰ ਚਿੰਤਾ ਦਾ ਸਬਬ ਹੈ ਕਿ ਹਿਰਾਸਤ 'ਚ ਮੌਤ ਦੇ ਕੇਸਾਂ ਦੀ ਰੋਕਥਾਮ ਲਈ ਸਰਕਾਰ ਵੀ ਕੋਈ ਠੋਸ ਕਾਰਵਾਈ ਨਹੀਂ ਕਰ ਰਹੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਹਿਰਾਸਤ ਵਿਚ ਲਏ ਗਏ ਲੋਕਾਂ ਦੇ ਨਾਲ ਜਾਨਵਰਾਂ ਵਰਗਾ ਸਲੂਕ ਕਰਨ ਵਿਚ ਪੁਲਸ ਰਤੀ ਭਰ ਵੀ ਨਹੀਂ ਡਰਦੀ। ਏਸ਼ੀਅਨ ਸੈਂਟਰ ਫਾਰ ਹੂਮਨ ਰਾਈਟਸ ਨੇ ਆਪਣੀ ਹਾਲੀਆ ਰਿਪੋਟ-'ਟਾਰਚਰ ਇੰਨ ਇੰਡੀਆ 2008 ਸਟੇਟ ਆਫ ਡੀਨਾਇਲ' ਵਿੱਚ ਇਹ ਖੁਲਾਸਾ ਕੀਤਾ ਕਿ ਭਾਰਤ 'ਚ ਹਿਰਾਸਤ 'ਚ ਮੌਤ ਦੀ ਔਸਤ ਗਿਣਤੀ ਰੋਜਾਨਾ ਤਿੰਨ ਤੋਂ ਚਾਰ ਹੈ।

ਬਾਨੀ ਹਰ ਰੋਜ਼ ਤਿੰਨ ਤੋਂ ਚਾਰ ਲੋਕਾਂ ਦੀ ਮੌਤ ਹੁੰਦੀ ਹੈ। ASHR ਨੇ ਆਪਣੀ ਰੀਪੋਟ ਵਿਚ ਦੱਸਿਆ ਹੈ ਕਿ ਪਿਛਲੇ ਪੰਜ ਸਾਲਾਂ ਵਿਚ 7468 ਲੋਕ ਪੁਲਸ ਹਿਰਾਸਤ ਜਾਂ ਜੇਲ੍ਹ ਵਿਚ ਆ ਚੁੱਕੇ ਹਨ। ਵੱਡੀ ਗਿਣਤੀ 'ਚ ਇਹਨਾਂ ਮੌਤਾਂ ਦਾ ਕਾਰਨ ਹੈ ਪੁਲਸ ਦੇ ਤਸੀਹੇ ਪੁਲਸ ਹਿਰਾਸਤ 'ਚ ਜੋ ਸੈਂਕੜੇ ਲੋਕ ਮਾਰੇ ਜਾਂਦੇ ਹਨ ਉਹਨਾਂ ਵਿਚੋਂ ਸਿਰਫ ਦਰਜਨ ਭਰ ਲੋਕਾਂ ਨੂੰ ਹੀ ਆਰਥਕ ਮੁਆਵਜਾ ਮਿਲਦਾ ਹੈ। ASHR ਅਨੁਸਾਰ ਪਿਛਲੇ 13 ਸਾਲਾਂ ਵਿਚ ਸਿਰਫ 68 ਕੇਸਾਂ ਵਿੱਚ 2004 'ਚ ਚਾਰ ਤੇ 2005 'ਚ ਤਿੰਨ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਪਾਇਆ ਗਿਆ। ਨਿਆਂਪਾਲਕਾਂ ਤੋਂ ਪਹਿਲਾਂ ਆਪਣਾ ਫੈਸਲਾ ਸੁਣਾਉਣ ਦੀ ਪੁਲਸ ਦੀ ਤਾਨਾਸ਼ਾਹੀ ਪ੍ਰਵਿਰਤੀ 'ਤੇ ਕੌਣ ਲਗਾਮ ਲਾਏਗਾ?

# ਐਸ. ਐਮ. ਐਸ. ਦਾ ਗਣਿਤ

ਇਕ ਸਮਾਂ ਸੀ ਜਦ ਲੋਕ ਚਿੱਠੀ ਰਾਹੀਂ ਸੁਨੇਹਾ ਭੇਜਦੇ ਸੀ, ਫੇਰ ਤਾਰ ਨਾਲ ਸੁਨੇਹਾ ਦਿੱਤਾ ਜਾਣ ਲੱਗਿਆ। ਭਾਵੇਂ ਡਾਕ ਸੇਵਾ 'ਚ ਕਮੀ ਤਾਂ ਨਹੀਂ ਆਈ ਪਰ ਬੀਤੇ ਕੁਝ ਸਾਲਾਂ ਵਿੱਚ ਸੰਦੇਸ਼ ਭੇਜਣ ਦੇ ਤੌਰ-ਤਰੀਕੇ ਕਾਫੀ ਬਦਲੇ ਹਨ। ਹੁਣ ਲੋਕ ਨਾ ਤਾਂ ਚਿੱਠੀ ਤੇ ਨਾ ਹੀ ਤਾਰ ਦੀ ਉਡੀਕ ਕਰਦੇ ਹਨ। ਬੱਸ ਫੋਨ ਚੁੱਕਿਆ ਤੇ ਕੀਤੀ ਗੱਲਬਾਤ। ਜਾਂ ਫਿਰ ਮੋਬਾਇਲ ਦੇ ਮੈਸੇਜ ਬਾਕਸ 'ਚ ਗਏ, ਸੰਦੇਸ ਟਾਈਪ ਕਰਕੇ ਭੇਜ ਦਿੱਤਾ। ਝੱਟ ਸਕਿੰਟਾਂ 'ਚ ਸੁਨੇਹਾ ਪੁੱਜ ਜਾਂਦਾ ਹੈ। ਇਹ ਕਮਾਲ ਹੈ ਐਸ. ਐਮ. ਐਸ. ਯਾਨੀ ਸ਼ਾਰਟ ਮੈਸੇਜ ਮੋਬਾਇਲ ਰਾਹੀਂ ਭੇਜਿਆ ਜਾਂ ਹਾਸਲ ਕੀਤਾ ਜਾ ਸਕਦਾ ਹੈ।

ਸਾਲ 1980 ਵਿੱਚ ਜਦ ਜੀ. ਐਸ. ਐਮ. ਦੀ ਸ਼ੁਰੂਆਤ ਹੋਈ ਸੀ ਤਾਂ ਐਸ. ਐਮ. ਐਸ. ਦਾ ਰਿਵਾਜ ਵਧਦਾ ਗਿਆ। ਅੱਜ ਐਸ. ਐਮ. ਐਸ. ਨਾਲ ਆਪਣੀ ਰਾਇ, ਆਪਣੇ ਵੋਟ ਆਪਣੀਆਂ ਸ਼ਿਕਾਇਤਾਂ ਤਕ ਭੇਜ ਰਹੇ ਹਨ। ਪਹਿਲਾਂ ਕਮਰਸ਼ੀਅਲ ਐਸ. ਐਮ. ਐਸ. ਦਸੰਬਰ 1992 ਨੂੰ ਸੀਮਾ ਗਰੁੱਪ ਦੇ ਨਾਲ ਪੈਥਵਰਥ ਨੇ ਕਮਪਿਊਟਰ ਤੋਂ ਵੰਡਾ ਫੋਨ ਦੇ ਰਿਚਰਡ ਡਾਬਰਿਸ ਨੂੰ ਬ੍ਰਿਟੇਨ ਭੇਜਿਆ ਸੀ। ਹੁਣ ਨੌਜਵਾਨ ਫੋਨ ਤੋਂ ਵੱਧ ਅਸਾਨ ਮੈਸੇਜ ਕਰਨਾ ਸਮਝਦੇ ਹਨ। ਇਹ ਖਰਚੀਲਾ ਵੀ ਨਹੀਂ ਕਿਉਂਕਿ ਇਸ ਵਿੱਚ ਵੱਧ ਪੈਸੇ ਨਹੀਂ ਲੱਗਦੇ। 20 ਸਤੰਬਰ 2001 ਤੋਂ ਹੁਣ ਤਕ ਇਕ ਅੰਕੜੇ ਮੁਤਾਬਕ ਦੋ ਹਜ਼ਾਰ ਕਰੋੜ ਮੈਸੇਜ ਭੇਜੇ ਜਾ ਚੁੱਕੇ ਹਨ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਸ ਦੀ ਹਰਮਨ ਪਿਆਰਤਾ ਕਿੰਨੀ ਹੈ। ਐਸ. ਐਮ. ਐਸ. ਮੋਬਾਇਲ ਅਪਰੇਮਲਟੀ ਫਾਇਦੇਮੰਦ ਸਾਬਤ ਹੋ ਰਿਹਾ ਹੈ। ਹੁਣ ਤਾਂ ਵੱਖ-ਵੱਖ ਸਰਗਰਮੀਆਂ 'ਚ ਹਿੱਸਾ ਲੈਣ ਲਈ ਵੀ ਲੋੜ ਐਸ. ਐਮ. ਐਸ. ਦੀ ਵਰਤੋਂ ਕਰਦੇ ਹਨ ਮਿਸਾਲ ਵਜੋਂ ਜੈਸਿਨਾ ਨਾਲ ਕਤਲ ਕਾਂਡ ਦੀ ਗੱਲ ਕਰੀਏ ਤਾਂ ਇਸ ਦੀ ਪ੍ਰਤੀਕਿਰਿਆ 'ਚ ਲੋਕਾਂ ਨੇ ਲੱਖਾਂ ਸੰਦੇਸ਼ ਭੇਜੇ ਸਨ। ਉਸ ਦਾ ਸਿੱਟਾ ਸੀ ਕਿ ਸਰਕਾਰ ਨੂੰ ਜੈਸਿਕਾ ਕੇਸ 'ਚ ਸਖਤ ਰੁਖ ਅਪਣਾਉਣਾ ਪਿਆ। ਦੁਨੀਆ ਦੇ 'ਸੱਤ ਅਜੂਬਿਆਂ' 'ਚ ਤਾਜ ਮਹੱਲ ਰਹੇਗਾ ਕਿ ਨਹੀਂ ਵੀ ਲੋਕਾਂ ਦੇ ਐਸ. ਐਮ. ਐਸ. ਨਾਲ ਹੀ ਤਹਿ ਹੋਇਆ ਸੀ। ਇਹ ਮੁਹਿੰਮ ਕਹਿੰਦੇ ਕਹਾਉਂਦੇ ਮੀਡੀਆ ਘਰਾਣੇ ਨੇ ਚਲਾਈ ਸੀ ਅਤੇ ਉਸ ਨੇ ਕਰੋੜਾਂ ਦੀ ਕਮਾਈ ਕੀਤੀ। ਐਸ. ਐਮ. ਐਸ. ਦੀ ਕਾਢ ਕੱਢਣ ਵਾਲਿਆਂ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੰਦੇਸ਼ ਭੇਜਣ ਦਾ ਇਹ ਢੰਗ ਇਕ ਦਿਨ ਕਮਾਈ ਦਾ ਸਾਧਨ ਬਣ ਜਾਵੇਗਾ। ਅੱਜ ਟੀ. ਵੀ. ਤੇ ਜਿੰਨੇ ਵੀ ਪ੍ਰੋਗਰਾਮ ਵਿਖਾਏ ਜਾ ਰਹੇ ਹਨ ਉਹਨਾਂ ਵਿਚੋਂ 90 ਫੀ ਸਦੀ ਤੋਂ ਵੱਧ ਲੋਕਾਂ ਤੋਂ ਐਸ. ਐਮ. ਐਸ. ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਟੀ. ਵੀ. ਦਾ ਏਂਕਰ ਨਿਊਜ ਰੀਡਰ ਵਿਸ਼ੇਸ਼ ਤੌਰ 'ਤੇ ਰਾਇਲਟੀ ਸ਼ੋ ਦੇ ਏਂਕਰ ਅਤੇ ਪ੍ਰਤੀਭਾਗੀ ਦਰਸ਼ਕਾਂ ਤੋਂ ਵੱਧ ਤੋਂ ਵੱਧ ਐਸ. ਐਮ. ਐਸ. ਕਰਨ ਦੀ ਅਪੀਲ ਕਰਦੇ ਹਨ। ਆਖਰ ਕਿਉਂ? ਜਦ ਪ੍ਰੋਗਰਾਮ ਦਰਸ਼ਕਾਂ ਤੋਂ ਪੁੱਛ ਕੇ ਨਹੀਂ ਬਣਾਏ ਜਾਂਦੇ ਤਾਂ ਉਸ 'ਤੇ ਪ੍ਰਤੀਕਿਰਿਆ ਜਾਨਣ ਦੀ ਏਨੀ ਕਾਹਲੀ ਵੀ ਕਾਹਦੀ। ਭਾਰਤੀ ਟੀ. ਵੀ. ਦੀ ਦੁਨੀਆ 'ਚ ਪਹਿਲੀ ਵਾਰੀ ਕੌਣ ਬਣੇਗਾ ਕਰੋੜ ਪਤੀ ਨਾਮਕ ਰਾਇਲਟੀ ਸ਼ੋ

ਨੇ ਧੂਮ ਮਚਾਈ ਤਾਂ ਉਸ ਪਿਛੋਂ ਵੀ ਜੀ. ਟੀ. ਵੀ. ਦਾ 'ਸਾਰ ਗਾ ਮਾ' ਲੋਕਾਂ ਦੇ ਸਿਰ ਚੜ੍ਹ ਕੇ ਬੋਲਿਆ। ਇਹਨਾਂ ਪ੍ਰੋਗਰਾਮਾਂ ਦੀ ਸਫਲਤਾ ਪਿਛੋਂ ਤਾਂ ਹਰ ਚੈਨਲਾਂ 'ਤੇ ਰਾਇਲਟੀ ਸ਼ੋ ਦਾ ਹੜ ਆ ਗਿਆ ਹਰੇਕ ਰਾਇਲਟੀ ਸੋ 'ਚ ਏਕਰ ਪ੍ਰਤੀਭਾਗੀ, ਉਹਨਾਂ ਦੇ ਗੁਰੂ ਅਤੇ ਕਦੀ ਕਦੀ ਜੱਜ ਦੀ ਭੂਮਿਕਾ 'ਚ ਆਏ ਸੇਲਿਬ੍ਰਿਟੀਜ਼ ਵੀ ਲੋਕਾਂ ਤੋਂ ਐਸ. ਐਮ. ਐਸ. ਦੀ ਗੁੰਜਾਇਸ ਕਰਨ ਲੱਗੇ। ਇਹਨਾਂ ਸ਼ੋਆਂ 'ਚ ਐਸ. ਐਮ. ਐਸ. ਨਾਲ ਤਹਿ ਹੁੰਦਾ ਹੈ ਕਿ ਵਿਜੈਤਾ ਕੌਣ ਹੋਵੇਗਾ ਨਾ ਕਿ ਜੱਜ ਦੇ ਫੈਸਲੇ ਨਾਲ ਬਾਜ਼ਾਰਵਾਦ ਦੇ ਚੁੰਗਲ 'ਚ ਫਸੇ ਇਹਨਾਂ ਰਾਇਲਟੀ ਸ਼ੋਆਂ ਵਿਚ ਐਸ. ਐਮ. ਐਸ. ਨਾਲ ਸਭ ਤਹਿ ਹੁੰਦਾ ਹੈ। ਜੱਜ ਦੀ ਭੂਮਿਕਾ ਨਾਮਾਤਰ ਰਹਿ ਗਈ ਹੈ। ਜ਼ਿਆਦਾਤਰ ਜੱਜ ਐਸ. ਐਮ. ਐਸ. ਦੇ ਫੈਸਲੇ ਨੂੰ ਸਹੀ ਮੰਨਦੇ ਹਨ ਤਾਂ ਕੁਝ ਕੁ ਉਹਨਾਂ ਦੇ ਖਿਲਾਫ ਵੀ ਵੇਖਦੇ ਹਨ। ਹਾਲ 'ਚ ਐਨ. ਡੀ. ਟੀ. ਵੀ. ਇਮੈਜਨ 'ਤੇ ਵਿਖਾਏ ਜਾ ਰਹੇ। 'ਲਕਸ ਜਨੂੰਨ' ਵਿਚ ਗੁਰੂ ਦੀ ਭੂਮਿਕਾ 'ਚ ਮਸ਼ਹੂਰ ਸੰਗੀਤਕਾਰ ਅਨੰਦ ਰਾਜ ਆਨੰਦ ਨੇ ਐਸ. ਐਮ. ਐਸ. ਦੇ ਫੈਸਲੇ 'ਤੇ ਨਰਾਜ਼ਗੀ ਦਰਸਾਈ ਤਾਂ ਸੋ ਦੇ ਵਿਚਕਾਰ ਹੀ ਪ੍ਰੋਗਰਾਮ ਨਿਰਦੇਸ਼ਕ ਰਾਜਿੰਦਰ ਸਿੰਘ ਨੂੰ ਆ ਕੇ ਸਫਾਈ ਦੇਣੀ ਪਈ।

ਅੱਜ ਐਸ. ਐਮ. ਐਸ. ਕਮਾਈ ਦਾ ਅਜੇਹਾ ਜਰੀਆ ਬਣ ਗਿਆ ਹੈ ਕਿ ਜਿਸ ਨਾਲ ਟੀ. ਵੀ. ਚੈਨਲ ਅਖਬਾਰ ਤੇ ਨਾਮੀ ਕੰਪਨੀਆਂ ਕਰੋੜਾਂ ਕਮਾ ਰਹੀਆਂ ਹਨ। ਇਸ ਦਾ ਸਿੱਧਾ ਜਿਹਾ ਗਣਿਤ ਹੈ। ਆਮ ਤੌਰ 'ਤੇ ਟਾਕ ਜਾਂ ਰਾਇਲਟੀ ਸ਼ੋ ਅਤੇ ਹਰ ਕਮਰਸ਼ੀਅਲ ਪ੍ਰੋਗਰਾਮ ਲਈ ਐਸ. ਐਮ. ਐਸ. ਕਰਨ ਲਈ ਗਾਹਕ ਦੇ ਛੇ ਰੁਪਏ ਲੱਗਦੇ ਹਨ ਜਦਕਿ ਆਮ ਤੌਰ 'ਤੇ ਕਿਸੇ ਵਾਕਫ ਨੂੰ ਐਸ. ਐਮ. ਐਸ. ਕਰਨ ਦੇ 10 ਪੈਸੇ ਤੋਂ ਇਕ ਰੁਪਿਆ ਹੀ ਲੱਗਦਾ ਹੈ। ਸੱਚ ਤਾਂ ਇਹ ਹੈ ਕਿ ਇਸ ਛੇ ਰੁਪਏ ਵਿਚੋਂ ਤਿੰਨ ਰੁਪਏ ਮੋਬਾਇਲ ਸੇਵਾ ਮੁਹੱਈਆ ਕਰਨ ਵਾਲੀ ਕੰਪਨੀ ਵੱਲੋਂ ਅਤੇ ਬਾਕੀ ਦੇ ਤਿੰਨ ਰੁਪਏ ਉਸ ਸੰਸਥਾ ਦੇ ਕੋਲ ਜਮਾ ਹੁੰਦੇ ਹਨ। ਕਈ ਵਾਰੀ ਬੜੀ ਬੇਹਬਾਈ ਨਾਲ ਐਸ. ਐਮ. ਐਸ. ਕਰਨ ਦੀ ਮੰਗ ਕੀਤੀ ਜਾਂਦੀ ਹੈ। ਹੁਣ ਤਾਂ ਨਵੀਂ ਤਕਨੀਕ ਸਹੂਲਤ ਨਾਲ ਲੈਂਸ ਲੈਡ ਲਾਈਨ ਫੋਨ 'ਚ ਵੀ ਐਸ. ਐਮ. ਐਸ. ਕਰਨ ਦੀ ਸਹੂਲਤ ਹੈ। ਜਾਣਕਾਰ ਦੱਸਦੇ ਹਨ ਕਿ ਸਾਲ 2005 'ਚ ਐਸ. ਐਮ. ਐਸ. ਰਾਹੀਂ ਕਰੀਬ 900 ਕਰੋੜ ਰੁਪਏ ਦਾ ਕਾਰੋਬਾਰ ਹੋਇਆ ਸੀ ਤਾਂ ਸਾਲ 2006 ਵਿੱਚ ਇਹ ਵਧ ਕੇ 2000 ਕਰੋੜ ਰੁਪਏ 'ਤੇ ਪਹੁੰਚ ਗਿਆ। ਉਮੀਦ ਜਤਾਈ ਜਾ ਰਹੀ ਹੈ ਕਿ ਮੋਬਾਇਲ ਧਾਰਕਾਂ ਦੀ ਵਧਦੀ ਗਿਣਤੀ ਕਾਰਨ ਇਸ ਸਾਲ ਦੇ ਅੰਤ ਤੱਕ ਇਹ ਕਾਰੋਬਾਰ 10000 ਕਰੋੜ ਨੂੰ ਪਾਰ ਕਰ ਜਾਵੇਗਾ। ਇਥੇ ਇਕ ਜ਼ਮਾਨੇ 'ਚ ਸਟਾਰ ਟੀ. ਵੀ. ਦਾ ਕੇ. ਬੀ. ਸੀ. -2 ਪ੍ਰੋਗਰਾਮ ਪ੍ਰਤੀ 20 ਮਿੰਟ 'ਚ ਐਸ. ਐਮ. ਐਸ. ਰਾਹੀਂ 24 ਲੱਖ ਰੁਪਏ ਕਮਾਈ ਕਰਦਾ ਸੀ। ਉਥੇ ਸਾਲ 2005 'ਚ 3 ਕਰੋੜ 60 ਲੱਖ ਐਸ. ਐਮ. ਐਸ. ਕੀਤੇ ਗਏ। ਐਸ. ਐਮ. ਐਸ. ਨੇ ਕਈ ਧਾਰਮਿਕ ਤੇ ਸਭਿਆਚਾਰਕ ਹਲਕਿਆਂ ਵਿਚ ਵੀ ਹੈਰਾਨਕੁੰਨ ਘੁਸਪੈਂਠ ਕੀਤੀ ਹੈ ਐਸ. ਐਮ. ਐਸ. ਦੀ ਪਹੁੰਚ ਕਿੰਨੀ ਤੇਜ ਅਤੇ ਇਸ ਦੇ ਸਿੱਟੇ ਕਿੰਨੇ ਮਾਰੂ ਹੋ ਸਕਦੇ ਹਨ। ਇਸ ਦੀ ਮਿਸਾਲ ਜੰਮੂ 'ਚ ਵੇਖਣ ਨੂੰ ਮਿਲੀ। ਅਮਰਨਾਥ ਵਿਵਾਦ ਤੋਂ ਉਪਜੇ ਹਾਲਾਤ ਦੇ ਮੱਦੇਨਜ਼ਰ ਸਰਕਾਰ ਨੇ ਸੂਬੇ 'ਚ ਐਸ. ਐਮ. ਐਸ. 'ਤੇ ਰੋਕ ਲਾ ਦਿੱਤੀ। ਕੁਝ ਅਜੇਹੇ ਹੀ ਪ੍ਰਸੰਗ ਹਨ ਜੋ ਇਹਨਾਂ ਘਟਨਾਵਾਂ ਵਰਗੇ ਹਨ। ਮਸਲਨ ਦਸੰਬਰ 2004 'ਚ ਇਕ 23 ਸਾਲਾਂ

ਮਲੇਸ਼ਿਆਈ ਮੁਟਿਆਰ ਨੋਰਿਲਿਦਾ ਅਬਦੁਲ ਰਹਿਮਾਨ ਦੇ ਮੰਗੇਤਰ ਨੇ ਐਸ. ਐਮ. ਐਸ. ਰਾਹੀਂ ਇਕ ਮੌਕੇ 'ਤੇ ਆਪਣੀ ਮੰਗਣੀ ਤੋੜ ਦਿੱਤੀ ਸੀ। ਇਸ ਤਰ੍ਹਾਂ ਮੁਰਦਾਬਾਦ ਦੀ 24 ਸਾਲਾ ਸਬਾਖਾਲਿਕ ਨੂੰ ਉਸ ਦੇ ਪਤੀ ਨੇ ਐਸ. ਐਮ. ਐਸ. ਰਾਹੀਂ ਨਵੰਬਰ 2005 'ਚ ਤਲਾਕ ਦੇ ਦਿੱਤਾ। ਹਾਲਾਂਕਿ ਸਬਾ ਦੇ ਪਤੀ ਸੁਹੈਦ ਦੀ ਇਸ ਹਰਕਤ ਵਿਰੁੱਧ ਭਾਰਤੀ ਦੰਡ ਵਿਧਾਨ ਦੀ ਧਾਰਾ 498 ਏ 323 ਅਤੇ 406 ਤਹਿਤ ਪੁਲਸ 'ਚ ਸ਼ਕਾਇਤ ਕਰਜਾ ਕਰਵਾ ਦਿੱਤੀ ਸੀ।

# 50 ਅਰਬ ਦਾ ਬਿਜਲੀ ਘਪਲਾ

ਇਸ ਵਾਰੀ ਹਕੂਮਤ ਸੰਭਾਲਣ ਪਿਛੋਂ ਹੀ ਯੂ. ਪੀ. ਦਾ ਮੁੱਖ ਮੰਤਰੀ ਮਾਇਆਵਤੀ ਉਤਰ ਪ੍ਰਦੇਸ਼ 'ਚ ਬਿਜਲੀ ਸੰਕਟ ਲਈ ਕੇਂਦਰ ਸਰਕਾਰ ਨੂੰ ਜਿੰਮੇਵਾਰ ਦੱਸਦੀ ਆ ਰਹੀ ਹੈ। ਊਰਜਾ ਖੇਤਰ 'ਚ ਮਹੱਤਵਪੂਰਨ ਮੰਨੀ ਜਾ ਰਹੀ ਅਮਰੀਕਾ ਨਾਲ ਹੋਈ ਪ੍ਰਮਾਣੂ ਡੀਲ ਦੇ ਵਿਰੋਧ 'ਚ ਪੂਰੇ ਦੇਸ਼ ਨੇ ਉਹਨਾਂ ਦੇ ਕਰਾਮਤੀ ਤੇਵਰ ਵੇਖੇ। ਪਰ ਸੂਬੇ 'ਚ ਹੋਏ ਪੰਜ ਹਜ਼ਾਰ ਕਰੋੜ ਰੁਪਏ ਦੇ ਬਿਜਲੀ ਘਪਲੇ ਸਬੰਧੀ ਉਹਨਾਂ ਦੀ ਚੁੱਪ ਕਈ ਅਣ ਕਹੇ ਸੁਆਲ ਖੜੇ ਕਰ ਰਹੀ ਹੈ। ਭਰੋਸੇਮੰਦ ਸੂਤਰਾਂ ਮੁਤਾਬਕ ਉਹ ਇਕ ਅਜੇਹੇ ਨੇਤਾ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਲੱਗੀ ਹੈ ਜੋ ਅੱਜ ਬਸਪਾ 'ਚ ਸੁਵਾਰ ਹੋ ਕੇ ਉਸ ਦੇ ਪਿਆਰੇ ਮਿੱਤਰ ਬਣ ਚੁੱਕੇ ਹਨ। ਲੜੀ 'ਚ ਮਾਇਆਵਤੀ ਦੇ ਹੀ ਪਹਿਲੇ ਰਾਜਭਾਗ ਸਮੇਂ ਦੌਰਾਨ ਇਸ ਘਪਲੇ ਦੀ ਸੀ. ਬੀ. ਆਈ. ਤੋਂ ਜਾਂਚ ਲਈ ਰਾਜ ਸਰਕਾਰ ਨੇ ਕੇਂਦਰ ਨੂੰ ਖਤ ਵੀ ਲਿਖਿਆ ਸੀ। ਰਾਜ 'ਚ ਬਿਜਲੀ ਸੰਕਟ ਲਈ ਮਾਇਆਵਤੀ ਕੇਂਦਰ ਸਰਕਾਰ ਨੂੰ ਜਿੰਮੇਵਾਰ ਮੰਨਦੀ ਹੈ। ਉਸ ਅਨੁਸਾਰ ਸਨਭਦਰ ਜਿਲੇ ਦੇ ਮੈਂਬਰਾਂ ਵਿਚ ਪ੍ਰਸਤਾਵਿਤ ਇਕ ਹਜਾਰ ਮੈਗਾਵਾਟ ਦੀ ਇਕਾਈ ਲਈ ਕੇਂਦਰ ਸਰਕਾਰ ਵੱਲੋਂ ਉੜੀਸਾ ਦੇ ਛੇਂਦੀ ਪਾੜਾ ਵਿੱਚ ਜੋ ਕੋਲ ਬਲਾਕ ਦਿੱਤਾ ਗਿਆ ਸੀ ਉਹ ਉਤਰ ਪ੍ਰਦੇਸ਼ ਦੇ ਨਾਲ ਮਹਾਰਾਸ਼ਟਰ ਤੇ ਸਤੀਸਗੜ੍ਹ ਸਰਕਾਰਾਂ ਨੂੰ ਵੀ ਸਾਂਝੇ ਤੌਰ 'ਤੇ ਅਲਾਂਟ ਹੈ। ਜਦ ਕਿ ਸੱਚਾਈ ਇਹ ਹੈ ਕਿ ਅਜਦਾਨਾ ਤੌਰ 'ਤੇ ਕੋਲ ਬਲਾਕ ਅਲਾਂਟ ਨਾ ਕੀਤੇ ਜਾਣ ਕਰਕੇ ਬਿਜਲੀ ਪੈਦਾਵਾਰ ਦੀ ਇਸ ਪ੍ਰੋਜੈਕਟ 'ਚ ਅੜਿੱਕਾ ਲੱਗ ਸਕਦਾ ਹੈ। ਮਾਇਆਵਤੀ ਦੇ ਦੋਸ਼ ਏਨੇ ਵੀ ਘੱਟ ਨਹੀਂ ਹੁੰਦੇ। ਉਤਰ ਪ੍ਰਦੇਸ਼ 'ਚ ਸਥਾਪਤ ਰਿਹਦ ਤੇ ਉਚਹਾਰ ਦੀ ਐਨ. ਟੀ. ਪੀ. ਸੀ. ਇਕਾਈ 'ਚ ਸੂਬੇ ਨੂੰ ਸਿਰਫ 30 ਫੀ ਸਦੀ ਦਾ ਅਤੇ ਦਾਦਰੀ 'ਚ 10ਫ਼ੀ ਸਦੀ ਦੇ ਕੋਟੇ ਨੂੰ ਉਹ ਪੱਖਪਾਤੀ ਮੰਨਦੀ ਹੈ। ਸੂਬਾ ਸਰਕਾਰ ਨੇ 11ਵੀਂ ਪੰਜ ਸਾਲਾਂ ਕਰੋੜ ਦੇ ਨਿਵੇਸ਼ ਨਾਲ ਵੱਖ-ਵੱਖ ਯੋਜਨਾਵਾਂ ਦੀ ਸਥਾਪਨਾ ਦਾ ਕੰਮ ਸ਼ੁਰੂ ਕੀਤਾ ਹੈ। ਇਸ ਸਾਲ 13 ਮਈ ਨੂੰ 5358 ਕਰੋੜ ਰੁਪਏ ਦੀ ਲਾਗਤ ਮੁੱਲ ਦੀ ਇਕ ਹਜ਼ਾਰ ਮੈਗਾਵਾਟ ਦੀ ਅਨਪਰਾ 'ਡੀ.' ਤਾਪ ਬਿਜਲੀ ਪ੍ਰੋਜੈਕਟ ਦੀ ਨੀਹ ਤੇ ਪੱਥਰ ਰੱਖਿਆ ਗਿਆ। ਇਹ ਨੀਹ ਪੱਥਰ ਮਾਇਆਵਤੀ ਨੇ ਹੀ ਰੱਖਿਆ ਇਹ ਗੱਲ ਸਮਝ ਤੋਂ ਪਰਾਂ ਹੈ ਕਿ ਸੱਨਭੱਦਰ ਦੇ ਅਨਪਰਾ ਨਾਲ ਹੀ ਜੁੜੇ ਪੰਜ ਹਜ਼ਾਰ ਕਰੋੜ ਰੁਪਏ ਦੇ ਘਪਲੇ 'ਤੇ ਚੁੱਪ ਕਿਉਂ ਹੈ?

ਮਾਇਆ ਨੇ ਸਾਲ 2003 ਵਿੱਚ 30 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਕ ਚਿੱਠੀ ਲਿਖ ਕੇ ਸੀ. ਬੀ. ਆਈ. ਜਾਂਚ ਦੀ ਮੰਗ ਕੀਤੀ ਸੀ ਜਿਸ ਵਿੱਚ 800 ਕੇ ਵੀ ਵਾਲੀ ਅਨਪਰਾ-ਉਨਾਵ ਪ੍ਰੋਸ਼ਣ ਲਾਈਨ ਦੀ ਉਸਾਰੀ ਵਿੱਚ ਕਰੋੜਾਂ ਰੁਪਏ ਦੀ ਅਨਿਯਮਤਾ ਦਾ ਜਿਕਰ ਕੀਤਾ ਗਿਆ ਹੈ। ਇਸ ਪੱਤਰ ਵਿਚ ਗੋਲਬਾਰ ਟੈਂਡਰ ਦੇ ਨਾਂ 'ਤੇ ਨਿਵਿਦਾ ਸ਼ਰਤਾਂ ਦੇ ਉਲਟ ਸਮਝੌਤਾ ਕਰਕੇ ਕਈ ਲੋਕਾਂ ਨੂੰ ਫਾਇਦੇ ਪਹੁੰਚਾਏ ਜਾਣ ਦਾ ਵੀ ਜਿਕਰ ਵੀ ਹੈ। ਅਨਪਰਾ-ਝੂੰਗੀ ਲਾਈਨ 'ਤੇ ਇਕ ਟਾਵਰ ਦੇ ਡਿੱਗਣ ਦਾ ਕਾਰਨ ਉਹਨਾਂ ਨੇ ਘਟੀਆ ਸਮੱਗਰੀ ਦੀ ਵਰਤੋਂ ਮੰਨਿਆ ਸੀ। ਇਸ ਤੋਂ ਇਲਾਵਾ ਇਸ ਵਿਚ ਫਰਜੀ ਭੁਗਤਾਨ ਕਰਨ ਦਾ ਵੀ ਜਿਕਰ ਕੀਤਾ ਗਿਆ ਹੈ।

ਕਛੂਆ ਚਾਲ ਨਾਲ ਜਾਰੀ ਜਾਂਚ ਵਿੱਚ ਜਦ ਜਾਲੌਨ ਦੇ, ਸਾਂਸਦ ਭਾਨੂ ਪ੍ਰਤਾਪ ਸਿੰਘ ਵਰਮਾ ਨੇ ਮੁੱਖ ਸਕੱਤਰ ਨੂੰ ਪ੍ਰਤ ਲਿਖਿਆ ਤਦ ਰਾਜ ਸਰਕਾਰ ਦੀ ਨੀਂਦ ਭੰਗ ਹੋਈ। ਹਫੜਾਦਫੜੀ 'ਚ ਜਾਗੀ ਸਰਕਾਰ ਨੇ ਊਰਜਾ ਸਕੱਤਰ ਹਰਿਰਾਜ ਕਿਸ਼ਰ ਨੇ ਉਹਨਾਂ ਨੂੰ ਖਤ ਲਿਖ ਕੇ ਸੂਚਿਤ ਕੀਤਾ ਕਿ ਪੰਜ ਹਜ਼ਾਰ ਕਰੋੜ ਰੁਪਏ ਦੇ ਬਿਜਲੀ ਘਪਲੇ ਵਿਚ ਅੱਧੀ ਸੂਚਨਾ ਜਾਰੀ ਕਰਨ ਦੇ ਅਮਲ ਦੀ ਜਾਂਚ ਕੀਤੀ ਜਾ ਰਹੀ ਹੈ।

ਪਰ ਅਜੇਹੇ ਨਾ ਹੋ ਕੇ ਫਾਇਲ ਨੂੰ ਇਕ ਵਾਰੀ ਫਿਰ ਠੰਡੇ ਬਸਤੇ 'ਚ ਪਾ ਦਿੱਤਾ ਗਿਆ। ਇਸ ਕੇਸ 'ਚ ਭਾਰਤੀ ਮਜਦੂਰ ਸੰਘ ਦੀ ਸਥਾਨਕ ਇਕਾਈ ਨੇ ਇਸ ਦੇ ਦਸਤਾਵੇਜ ਨਾ ਸਿਰਫ ਵਿਜੀਲੈਂਸ ਕਮਿਸ਼ਨ ਨੂੰ ਦਿੱਤੇ ਬਲਕਿ ਹਾਈਕੋਰਟ ਦਾ ਵੀ ਦਰਵਾਜਾ ਖੜਕਾਇਆ। ਇਨੀਂ ਸਰਗਰਮੀ ਪਿਛੋਂ ਹਾਈਕੋਰਟ ਦੇ ਹੁਕਮ 'ਤੇ ਵਿਜੀਲੈਂਸ ਮੁੱਖ ਸਕੱਤਰ ਲਖਨਊ ਨੇ ਜਾਂਚ ਕਰਕੇ ਇਸ ਕੇਸ ਵਿੱਚ 46 ਬੰਦੇ ਦੋਸ਼ੀ ਪਾਏ। ਪਰ ਜਿਥੇ ਘਪਲੇ 'ਤੇ ਘੋਟਾਲਿਆ ਲਈ ਦੋਸ਼ੀ ਬਖਸੇ ਜਾਂਦੇ ਹੋਣ। ਅਜੇਹੇ ਤੰਤਰ ਦੇ ਰਹਿਨੁਮਾਹਾਂ ਦੀ ਸੂਚੀ ਉਤਰ ਪ੍ਰਦੇਸ਼ 'ਚ ਤੁਹਾਨੂੰ ਜਰੂਰ ਮਿਲੇਗੀ। ਇਸ ਘਪਲੇ 'ਚ ਦੋਸ਼ੀ ਕਰਾਰ ਦਿੱਤੇ ਗਏ 'ਚੋਂ 24 ਨੂੰ ਊਰਜਾ ਮੰਤਰੀ ਨਰੇਸ਼ ਅਗਰਵਾਲ ਦੀ ਮੰਨਸ਼ਾ ਮੁਤਾਬਕ ਤਰੱਕੀ ਵੀ ਦੇ ਦਿੱਤੀ ਗਈ। ਇਸ ਪਿਛੋਂ ਜਾਹਰ ਹੈ ਕਿ ਅਜੇਹੀ ਜਾਂਚ ਕਿਸ ਰੁਖ ਜਾਵੇਗੀ। ਸਾਲਾਂ ਤੋਂ ਜਾਰੀ ਊਰਜਾ ਵਿਭਾਗ 'ਚ ਇਹ ਰਵਾਇਤ ਹੁਣ ਆਪਣੀ ਪੈਂਠ ਡੂੰਘੀ ਕਰ ਚੁੱਕੀ ਹੈ। ਪੰਜ ਹਜਾਰ ਕਰੋੜ ਰੁਪਏ ਦੇ ਬਿਜਲੀ ਘਪਲੇ 'ਤੇ ਲਗਾਤਾਰ ਪਰਦਾ ਪਾਉਣ ਵਾਲਾ ਆਲਾ ਅਫਸਰ ਤੇ ਉਸ ਨੂੰ ਮਿਲਦੀ ਰਾਜਸੀ ਸ਼ਹਿ ਰਾਜ ਦੇ ਊਰਜਾ ਸੁਧਾਰ ਦੇ ਮਿਸ਼ਨ ਵਿੱਚ ਭਾਰੀ ਅੜਿੱਕਾ ਖੜ੍ਹਾ ਕਰੀ ਬੈਠਾ ਹੈ। ਸਾਢੇ ਸੱਤ ਸਾਲ ਪਹਿਲਾਂ ਲਾਗੂ ਕੀਤਾ ਗਿਆ ਊਰਜਾ ਸੁਧਾਰ ਪ੍ਰੋਗਰਾਮ ਬੁਰੀ ਤਰ੍ਹਾਂ ਅਸਫਲ ਹੋ ਚੁੱਕਿਆ ਹੈ। ਊਰਜਾ ਖੇਤਰ ਦੀ ਬਦਹਾਲੀ ਨੂੰ ਖਤਮ ਕਰਨ ਦੇ ਉਦੇਸ਼ ਨਾਲ ਰਾਹਿਤ ਰਾਜ ਬਿਜਲੀ ਕਮਿਸ਼ਨ ਬਿਜਲੀਕਰਨ ਪ੍ਰੋਜੈਕਟ ਦੀ ਭਾਰੀ ਰਾਸ਼ੀ ਵੱਡੇ ਅਧਿਕਾਰੀਆਂ ਦੀ ਖਿੱਚ ਦਾ ਕੇਂਦਰ ਬਣੀ ਹੋਈ ਹੈ। ਅਸਲ ਵਿੱਚ ਭਰਿਸ਼ਟਾਚਾਰ ਦੀ ਸਿਉਂਕ ਨੇ ਊਰਜਾ ਵਿਭਾਗ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕਰ ਰੱਖਿਆ ਹੈ। ਘਪਲਾ ਹੈ ਜੋ ਫਾਇਲਾਂ ਵਿੱਚ ਗੁੰਮ ਹੋ ਗਿਆ ਹੈ। ਸੂਤਰਾਂ 'ਤੇ ਜੇ ਭਰੋਸਾ ਕਰੀਏ ਤਾਂ ਮੰਨਣਾ ਹੋਵੇਗਾ ਸੱਤਾ ਹਾਸਲ ਕਰਨ ਲਈ ਪਾਰਟੀ ਬਦਲੇ 'ਚ ਮਾਹਿਰ ਨਰੇਸ਼ ਅਗਰਵਾਲ ਕਾਂਗਰਸ ਤੋਂ ਸ਼ੁਰੂ ਹੋ ਕੇ ਪਹਿਲਾਂ ਲੋਕਤਾਂਤਰਿਕ ਕਾਂਗਰਸ ਫਿਰ ਸਮਾਜਵਾਦੀ ਪਾਰਟੀ ਤੇ ਹੁਣ ਬਸਪਾ 'ਚ ਆਪਣੀ ਪੈਂਠ ਬਣਾ ਚੁੱਕੇ ਹਨ। ਬਸਪਾ 'ਚ ਆਉਂਦਿਆਂ ਹੀ ਮਾਇਆਵਤੀ ਉਹਨਾਂ ਨੂੰ ਹਰ ਕੋਈ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਐਲਾਨ ਚੁੱਕੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਹਾਲ ਤਕ ਸਭ ਤੋਂ ਇਲਾਹਬਾਦ ਦੇਸ਼ ਬਹੁਬਲੀ ਸਾਂਸਦ ਅਤੀਕ ਅਹਿਮਦ ਦੇ ਪਿੱਛੇ ਪੁਲਸ ਦਾ ਹੱਥ ਧੋ ਕੇ ਪਈ ਹੋਈ ਸੀ। ਪਰ ਕੇਂਦਰ ਦੇ ਵਿਸਵਾਸ ਮਤ ਦੌਰਾਨ ਜਿਉਂ ਹੀ ਅਤੀਕ ਮਾਇਆ ਦੇ ਖੇਮੇ 'ਚ ਆ ਗਏ, ਉਹ ਦੁੱਧ ਧੋਤੇ ਬਣ ਗਏ। ਲੱਗਦਾ ਹੈ ਹੁਣ ਕੁਝ ਇਸੇ ਅੰਦਾਜ਼ ਵਿੱਚ ਨਰੇਸ਼ ਅਗਰਵਾਲ ਨੂੰ ਵੀ "ਭੈਣ ਜੀ" ਦਾ ਵਰਦਾਨ ਮਿਲ ਜਾਵੇਗਾ।

# 'ਕਾਲੇ ਪਾਣੀ' ਦੇ ਜਿਸਮ ਦੀ ਲੁੱਟ

ਅੰਡੇਮਾਨ ਦੀਪ 'ਚ ਵਿਕਾਸ ਦੇ ਬਹਾਨੇ ਜੋ ਕਾਰੋਬਾਰ ਵਧ ਫੂਲ ਰਿਹਾ ਹੈ ਉਸ ਨਾਲ ਉਥੋਂ ਦੀਆਂ ਜਨਜਾਤੀਆਂ ਨਾ ਸਿਰਫ ਯੌਨ ਸੋਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ ਬਲਕਿ ਅਲੋਪ ਹੋਣ ਕੰਢੇ ਵੀ ਪੁੱਜ ਗਈਆਂ ਹਨ। ਅੰਡੇਮਾਨ ਦੀਪ ਸਮੂਹ ਦਾ ਜ਼ਿਕਰ ਆਉਂਦੇ ਹੀ ਸੈਲੂਲਰ ਜੇਲ੍ਹ ਦੀਆਂ ਯਾਦਾਂ ਤਾਜਾ ਹੋ ਜਾਂਦੀਆਂ ਹਨ, ਉਥੇ ਸੈਂਕੜੇ ਹੀ ਅਜ਼ਾਦੀ ਘੁਲਾਟੀਆਂ 'ਤੇ ਕਹਿਰ ਢਾਇਆ ਜਾਂਦਾ ਸੀ। ਸੈਲੂਲਰ ਜੇਲ੍ਹ ਦੀ ਨੀਂਹ ਬ੍ਰਿਟਿਸ਼ ਭਾਰਤ ਵਿੱਚ ਸੰਨ 1897 'ਚ ਰੱਖੀ ਗਈ ਸੀ। ਇਸ ਜੇਲ੍ਹ 'ਚ ਕੁਲ 694 ਕੋਠੜੀਆਂ ਸਨ। ਜਿਹਨਾਂ ਨੂੰ ਬਣਾਉਣ ਦਾ ਉਦੇਸ਼ ਬੰਦੀਆਂ ਨੂੰ ਆਪਸ ਵਿਚ ਮੇਲ-ਮਿਲਾਪ ਤੋਂ ਰੋਕਣਾ ਸੀ। ਇਥੋਂ ਦਾ ਪੂਰਾ ਪ੍ਰਬੰਦ ਸੱਤ ਸ਼ਾਖਾਵਾਂ 'ਚ ਫੈਲਿਆ ਹੋਇਆ ਸੀ ਆਕਟੋਪਸ ਵਾਂਗੂੰ ਫੈਲੀਆਂ ਇਹਨਾਂ ਸੱਤ ਸ਼ਾਖਾਵਾਂ ਦੇ ਫੈਲਾਅ ਲਈ ਦਿਉਕੱਦ ਕਾਰਗਰ ਦੇ ਹੁਣ ਸਿਰਫ ਤਿੰਨ ਅੰਸ਼ ਹੀ ਬਚੇ ਹਨ। ਅੱਜ ਵੀ ਇਸ ਨਾਲ ਕੋਠੜੀ ਨੂੰ ਵੇਖ ਕੇ ਅੱਖਾਂ ਭਰ ਜਾਂਦੀਆਂ ਹਨ। ਇਸ ਕਾਰਗਰ ਦੇ ਪਾਸ ਹੀ ਪਿੱਪਲ ਦਾ ਇਕ ਦਰੱਖਤ ਹੈ ਜੋ ਸੈਂਕੜੇ ਭਾਰਤੀ ਆਜਾਦੀ ਘੁਲਾਟੀਆਂ 'ਤੇ ਕੀਤੇ ਗਏ ਬ੍ਰਿਟਿਸ਼ ਹਕੂਮਤ ਦੇ ਅਤਿਆਚਾਰ ਦਾ ਮੂਕ ਗਵਾਹ ਹੈ।

ਕਿਸੇ ਜਮਾਨੇ ਵਿੱਚ ਭਾਰਤ ਦੀ ਮੁੱਖ ਭੂਮੀ ਤੋਂ ਲਿਆਂਦੇ ਗਏ ਬੰਦੀਆਂ ਨੂੰ ਪੋਰਟ ਬਲੇਅਰ ਦੇ ਪਾਸ ਹੀ ਵਾਈਪਰ ਦੀਪ ਉਤਾਰਿਆ ਜਾਂਦਾ ਸੀ ਫਿਰ ਉਹਨਾਂ ਨੂੰ ਫਾਂਸੀ ਦੀ ਸਜਾ ਦਿੱਤੀ ਜਾਂਦੀ ਸੀ ਜਾਂ ਉਮਰ ਭਰ ਸਰੀਰਕ ਤਸੀਹੇ ਦਿੰਦੇ ਹੋਇਆ ਰੱਖਿਆ ਜਾਂਦਾ ਸੀ। ਇਥੇ ਫਾਂਸੀ ਦੇਣ ਲਈ ਫੰਦੇ ਲਾਉਣ ਵਾਲੇ ਯੰਤਰ ਟੁੱਟੇ-ਫੁੱਟੇ ਖਿੰਡੇ ਹੋਏ ਹਨ ਜਾਂ ਬੇਰਹਿਮ ਅਤੀਤ ਦੇ ਚਸਮਦੀਦ ਬਣ ਕੇ ਅੱਜ ਵੀ ਖੜੇ ਹਨ। ਭਾਰਤੀ ਜਮੀਨ ਤੋਂ ਹਜ਼ਾਰਾਂ ਮੀਲ ਦੂਰ ਸਮੁੰਦਰ ਵਿਚਾਲੇ ਸਥਿਤ ਅੰਡੇਮਾਨ ਟਾਪੂ ਪਿਛਲੇ ਕੁਝ ਸਾਲਾਂ ਤੋਂ ਫਾਰੇਸਟ ਦਾ ਨਾਂ ਚਰਚਾ ਵਿੱਚ ਹੈ। ਸਰਕਾਰ ਵੀ ਦੇਸ਼ੀ-ਵਿਦੇਸ਼ੀ ਸੈਨਾਨੀਆਂ ਨੂੰ ਅਹਿਮ ਸੁੰਦਰਤਾ ਵਿਖਾਉਣ ਦੇ ਨਾਂ 'ਤੇ ਇਸ ਨੂੰ ਖੂਬ ਉਤਸ਼ਾਹਿਤ ਕਰ ਰਹੀ ਹੈ। ਇਥੇ ਉਹੀ ਜਨਜਾਤੀ ਹੈ ਜਿਸ ਦੇ ਆਤੰਕ ਤੋਂ ਅੰਗਰੇਜ਼ ਭੈਅ ਖਾਂਦੇ ਹੁੰਦੇ ਸਨ। ਅੰਗਰੇਜ਼ ਸਰਕਾਰ ਉਹਨਾਂ ਨੂੰ ਕਾਲਾ ਪਿਸ਼ਾਚ ਕਹਿੰਦੇ ਸਨ। ਸੈਲੂਲਰ ਜੇਲ੍ਹ 'ਚ ਬੰਦ ਕੈਦੀ ਵੀ ਉਹਨਾਂ ਦੇ ਡਰੋਂ ਜੇਲ੍ਹ ਵਿੱਚ ਹੀ ਤਸੀਹੇ ਸਹਿਣਾ ਬੇਹਤਰ ਸਮਝਦੇ ਸਨ। ਇਕ ਪਾਸੇ ਕਾਲੇ ਡੂੰਘੇ ਸਮੁੰਦਰ ਦਾ ਡਰ ਤੇ ਦੂਜੇ ਪਾਸੇ ਇਨਸਾਨੀ ਰੂਪ 'ਚ ਖੜੀ ਸਾਖਸ਼ਾਤ ਮੌਤ। ਸੱਤਵੀਂ ਸਤਾਬਦੀ ਦੇ ਚੀਨੀ ਇਤਿਹਾਸ ਵਿੱਚ ਇਸ ਟਾਪੂ ਨੂੰ ਪਿਸ਼ਾਚਾਂ ਦੇ ਦੇਸ਼ ਵਜੋਂ ਦਰਸਾਇਆ ਗਿਆ ਹੈ। ਵਕਤ ਬਦਲਿਆ ਤਾਂ ਤਸੀਹਿਆਂ ਨੂੰ ਆਪਣੀ ਹੋਂਦ ਦੇ ਲਾਲੇ ਪੈ ਗਏ ਪਰ ਸਮੁੰਦਰ ਦਾ ਰੰਗ ਨਹੀਂ ਬਦਲਿਆ ਉਹ ਹੁਣ ਵੀ ਕਾਲਾ ਹੈ।

ਵੈਸੇ ਤਾਂ ਸੜਕੀ ਰਸਤਿਆਂ ਦੀ ਉਸਾਰੀ ਅਤੇ ਹੋਰ ਸਭਿਅਕ-ਸੰਸਕ੍ਰਿਤੀ ਦੇ ਲੋਕਾਂ ਨਾਲ ਸੰਪਰਕ ਵਧਾਉਣਾ ਵਿਕਾਸ ਦਾ ਸੂਚਕ ਮੰਨਿਆ ਜਾਂਦਾ ਹੈ। ਪਰ ਅਜੇਹਾ ਕਰਨ ਨਾਲ ਕਿਸੇ ਜਾਤੀ ਸਮੂਹ ਦਾ ਇਸ ਧਰਤੀ ਤੋਂ ਸਫਾਇਆ ਹੋ ਜਾਵੇ। ਅਜੇਹਾ ਸੋਚਿਆ ਵੀ ਨਹੀਂ ਜਾ ਸਕਦਾ। ਪਰ ਅੰਡੇਮਾਨ ਦੀਪ ਸਮੂਹ ਦੀਆਂ ਦੋ ਆਦਮ

ਜਨਜਾਤੀਆਂ ਗ੍ਰੇਟ ਅੰਡੇਮਾਨ ਅਤੇ ਔਂਗ ਅੱਜ ਅਲੋਪ ਹੋਣ ਕੰਢੇ ਪੁੱਜ ਗਈਆਂ ਹਨ। ਇਸ ਤੋਂ ਇਲਾਵਾ ਜਾਰਵਾ ਜਨਜਾਤੀ ਵੀ ਅਲੋਪ ਹੋਣ ਕੰਢੇ ਪੁੱਜ ਗਈ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਸੁਪਰੀਮ ਕੋਰਟ ਨੇ ਅੰਡੇਮਾਨ ਨੂੰ ਕਰੋੜ ਏ. ਟੀ. ਆਰ. ਬੰਦ ਕਰਨ ਦਾ ਹੁਕਮ ਦਿੱਤਾ ਸੀ। ਪਰ ਹੁਕਮ ਦੇ ਕਈ ਸਾਲਾਂ ਬਾਅਦ ਅੱਜ ਵੀ ਇਹ ਚਾਲੂ ਹੈ। ਜੰਗਲ 'ਚ ਨਿਰਭੈ ਘੁੰਮਣ ਵਾਲੀਆਂ ਕਾਲੀਆਂ ਚਮਕੀਲੀਆਂ ਗਤੀਲੀਆਂ ਮੁਟਿਆਰਾਂ ਨੂੰ ਆਪਣੇ ਹੀ ਰਖਿਅਕਾਂ ਅਤੇ ਆਵਾਰਾ ਸੈਨਾਨੀਆਂ ਦੀ ਹਵਸ ਦਾ ਸਿਕਾਰ ਹੋਣਾ ਪੈ ਜਿਹ ਹੈ ਨਾਲ ਹੀ ਸੜਕ ਤੋਂ ਲੰਘਣ ਵਾਲੀਆਂ ਗੱਡੀਆਂ ਨੇ ਇਹਨਾਂ ਆਪਣੇ ਹੀ ਇਲਾਕੇ ਵਿੱਚ ਭਿਖਾਰੀਆਂ ਵਰਗਾ ਬਣਾ ਦਿੱਤਾ ਹੈ। ਇਹ ਲੋਕ ਹਿੰਦੀ 'ਚ ਸਿਰਫ ਇਕ ਸਬਦ ਬੋਲਣਾ ਸਿੱਖ ਗਏ ਹਨ-'ਦਿਉ' ਸਚਾਈ ਇਹ ਹੈ ਕਿ ਉਸ 'ਭੀਖ' ਬਦਲੇ ਇਹਨਾਂ ਨੂੰ ਆਪਣਾ ਸਰੀਰ ਸੌਂਪਣਾ ਰਸਤੇ ਦੇ ਵਿਕਾਸ ਤੇ ਬਾਹਰੀ ਲੋਕਾਂ ਦੇ ਨਾਲ ਮੇਲ ਜੋਲ ਜਲਦੀ ਹੀ ਜਾਰਵਾ ਜਨਜਾਤੀ ਨੂੰ ਅਲੋਪ ਹੋਣ ਕੰਢੇ ਪਹੁੰਚਾ ਦੇਵੇਗਾ। ਬਾਰ੍ਹਾ ਵਾਤਾਵਰਣ ਪ੍ਰੇਮੀਆਂ ਦੇ ਇਕ ਗਰੁੱਪ ਨੇ ਸੰਨ 2006 ਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਪੱਤਰ ਲਿਖ ਕੇ ਚੌਕਸ ਕੀਤਾ ਸੀ। ਅਦਮ ਜਾਰਵਾ ਜਨਜਾਤੀ ਸੰਨ 2004 ਵਿਚ ਆਏ ਸੁਨਾਮੀ ਤੋਂ ਤਾਂ ਬਚ ਗਈ ਹੈ ਸੁਰੱਖਿਅਤ ਜੰਗਲਾਂ 'ਚ ਬਾਹਰੀ ਲੋਕਾਂ ਦੇ ਹਮਲੇ ਤੋਂ ਜਨਜਾਤੀਆਂ ਦੇ ਸਫਾਏ ਦਾ ਖਤਰਾ ਪੈਦਾ ਹੋ ਗਿਆ ਹੈ। ਬਾਹਰੀ ਲੋਕ ਮੱਧ ਅੰਡੇਮਾਨ 'ਚ ਰਹਿਣ ਵਾਲੇ ਜਾਰਵਾ ਜਨਜਾਤੀ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਹਨ ਅਤੇ ਸੈਕਸ ਬਦਲੇ ਔਰਤਾਂ ਨੂੰ ਤੰਬਾਕੂ ਤੇ ਸ਼ਰਾਬ ਦਿੰਦੇ ਹਨ। ਜਾਰਵਾ ਸੁਰੱਖਿਅਤ ਵਣਾਂ 'ਚ ਸਾਧਨਾਂ ਦੀ ਨਜਾਇਜ਼ ਲੁੱਟ ਪਹਿਲਾਂ ਹੀ ਬਹੁਤ ਵਧ ਗਈ ਹੈ। ਪੁਲਸ ਦੇ ਸਮਾਜਕ ਵਰਕਰ ਇਸ 'ਚ ਜਾਂ ਤਾਂ ਆਪ ਲਿਬੜੇ ਹਨ ਜਾਂ ਫਿਰ ਇਸ ਬਾਰੇ ਅਣਗਹਿਲੀ ਭਰਪੂਰ ਰਵੱਈਆ ਰੱਖਦੇ ਹਨ। ਬਾਹਰੀ ਲੋਕ ਜਾਰਵਾ ਨੂੰ ਤਰ੍ਹਾਂ-ਤਰ੍ਹਾਂ ਦਾ ਲਾਲਚ ਦਿੰਦੇ ਹਨ ਤੇ ਆਪਣੇ ਉਪਰ ਨਿਰਭਰ ਰੱਖਣ ਲਈ ਉਹਨਾਂ ਨੂੰ ਨਸ਼ੀਲੇ ਪਦਾਰਥ ਮੁਹੱਈਆ ਲਗਵਾਉਂਦੇ ਹਨ ਤਾਂ ਕਿ ਨਸ਼ੀਲੇ ਪਦਾਰਥ ਹਾਸਲ ਕਰਨ ਲਈ ਜੰਗਲ ਦੇ ਕੁਦਰਤੀ ਸਾਧਨਾਂ ਨੂੰ ਬਾਹਰੀ ਲੋਕਾਂ ਦੇ ਹਵਾਲੇ ਕਰਦੇ ਰਹਿਣ। ਪੱਤਰ 'ਚ ਵਰਨਣ ਮੁੱਦਿਆਂ ਮੁਤਾਬਿਕ ਹਾਲੀ 'ਚ ਅਜੇਹੀਆਂ ਕਈ ਰੀਪੋਟਾਂ ਆਈਆਂ ਹਨ ਜਿਸ ਨਾਲ ਪਤਾ ਲੱਗਦਾ ਹੈ ਕਿ ਇਥੇ ਨਸ਼ੇ 'ਚ ਧੁੱਤ ਔਰਤਾਂ ਸੈਕਸ ਲਈ ਹਮੇਸ਼ਾ ਉਪਲੱਬਦ ਹਨ। ਇਥੋਂ ਦੀ ਸਮਾਜਕ ਸੰਸਥਾ 'ਸੋਸਾਇਟੀ ਫਾਰ ਅੰਡੇਮਾਨ ਐਂਡ ਨਿਕੋਬਰ ਈਕਾ ਲੋਜੀ' (ਸਾਨੇ) ਵੀ ਇਸ ਦੀ ਪੁਸ਼ਟੀ ਕਰਦੀ ਹੈ। ਇਸ ਤਰ੍ਹਾਂ ਨਾਲ ਅੰਡੇਮਾਨ ਦੀਪ ਸਮੂਹ ਨੂੰ ਬਾਹਰੀ ਲੋਕਾਂ ਨੇ 'ਸੈਕਸ ਸੈਰ ਸਪਾਟਾ ਜਗਾਹ' ਬਣਾ ਰੱਖਿਆ ਹੈ। ਦੱਸਦੇ ਹਨ ਜਾਰਵਾ ਤੇ ਚਾਰ ਹੋਰ ਆਦਮ ਜਨਜਾਤੀਆਂ 60 ਹਜ਼ਾਰ ਸਾਲਾਂ ਤੋਂ ਇਥੇ ਰਹਿ ਰਹੀਆਂ ਹਨ। ਜਾਰਵਾ ਜਨਜਾਤੀ ਸੰਨ 1998 ਵਿੱਚ ਪਹਿਲੀ ਵਾਰੀ ਬਾਹਰੀ ਦੁਨੀਆਂ ਦੇ ਸੰਪਰਕ ਨਾਲ ਯੌਨ ਸ਼ੋਸ਼ਣ ਦਾ ਖਤਰਾ ਵਧ ਗਿਆ ਹੈ। ਉਹ ਲੋਕ ਬਾਹਰੀ ਖਾਣ ਪੀਣ, ਨਸ਼ੀਲੇ ਪਦਾਰਥਾਂ, ਬੀਮਾਰੀਆਂ ਅਤੇ ਜਿਣਸੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ।

ਇਕ ਸਮਾਂ ਸੀ ਅੰਡੇਮਾਨ ਦੀਪ ਸਮੂਹਾਂ 'ਤੇ ਜਾਰਵਾ ਜਨਜਾਤੀ ਦੀ ਹਕੂਮਤ ਸੀ ਪਰ ਅੱਜ ਉਹਨਾਂ ਦੇ ਏ. ਟੀ. ਆਰ. ਰਸਤੇ 'ਤੇ ਭੀਖ ਮੰਗਣ ਜਾਂ ਕੁਝ ਕੇਸਾਂ ਵਿੱਚ ਤੀਰ-ਕਮਾਨ ਤਾਣ ਕੇ ਬਾਹਰੀ ਲੋਕਾਂ ਨੂੰ ਡਰਾ ਕੇ ਲੁਟਦੇ ਹੋਏ ਵੇਖਿਆ ਜਾ

ਸਕਦਾ ਹੈ। ਇਹਨਾਂ ਦੇ ਛੋਟੇ-ਛੋਟੇ ਬੱਚੇ ਤਕ ਵੀ ਭੀਖ ਮੰਗਦੇ ਹਨ। ਉਹਨਾਂ ਨੂੰ ਭੀਖ 'ਚ ਖਾਣ ਵਾਲਾ ਸਮਾਨ, ਤੇ ਕੱਪੜੇ ਮਿਲਦੇ ਹਨ ਅਤੇ ਇਸ ਦੇ ਨਾਲ ਹੀ ਮਿਲਦੀਆਂ ਹਨ, ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਅਸਲ ਵਿਚ ਜਾਰਵਾ ਜਨਜਾਤੀ ਨਰਜਨ ਕਾਲ 'ਚ ਰਹਿਣ ਵਾਲੀ ਜਨਜਾਤੀ ਹੈ। ਜਾਰਵਾ ਸ਼ਾਇਦ ਅਫਰੀਕਾ ਤੋਂ ਏਸ਼ੀਆ ਵੱਲ ਆਉਣ ਵਾਲੇ ਪਹਿਲੇ ਜਥੇ ਦੇ ਵੰਸ ਹਨ। ਅੱਜ ਉਹਨਾਂ ਮੂਹਰੇ ਆਪਣੀ ਹੋਂਦ ਬਚਾਉਣ ਦੀ ਗੰਭੀਰ ਚਣੌਤੀ ਹੈ। ਇਸ ਦੇ ਖਾਣ ਪੀਣ 'ਚ ਬਦਲਾਅ ਆ ਰਿਹਾ ਹੈ ਅਤੇ ਕਬੀਲਿਆਂ ਦੇ ਲੋਕ ਤੰਬਾਕੂ ਅਤੇ ਸ਼ਰਾਬ ਵਰਗੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਲੱਗੇ ਹਨ। ਔਰਤਾਂ ਬਾਹਰੀ ਲੋਕਾਂ ਵੱਲੋਂ ਹੋ ਰਹੇ ਯੌਨ ਸ਼ੋਸ਼ਣ ਦੇ ਕਈ ਰੋਗਾਂ ਦੀ ਗਿਰਫਤ ਵਿੱਚ ਹਨ। ਨਾਲ ਹੀ ਨਸਲ 'ਚ ਵੀ ਤਬਦੀਲੀ ਹੋ ਰਹੀ ਹੈ।

# ਔਰਤ ਤੇਰੀ ਇਹ ਕਹਾਣੀ

ਦੇਸ਼ ਦੀ ਸਭ ਤੋਂ ਵੱਡੀ ਖੁਫੀਆ ਏਜੰਸੀ 'ਰਾ' ਦੇ ਗੁੜਗਾਵਾਂ ਟ੍ਰੇਨਿੰਗ ਸੈਟਰ ਦੀ ਨਿਰਦੇਸ਼ਕ ਨਿਸ਼ਾਪ੍ਰਿਆ ਭਾਟੀਆ ਨੇ ਯੌਨ ਜਬਰ ਤੋਂ ਤੰਗ ਆ ਕੇ ਦਿੱਲੀ ਦੇ ਪੀ. ਐਮ. ਓ. ਦੇ ਬਾਹਰ ਜਹਿਰ ਖਾ ਕੇ ਆਤਮ ਹੱਤਿਆ ਕਰ ਲਈ। ਪੰਚਕੂਲਾ ਤੇ ਕਾਲਕਾ 'ਚ ਤਾਇਨਾਤ ਥਲ ਸੈਨਾ ਦੀ ਕੈਪਟਨ ਪੂਨਮ ਕੌਰ ਨੇ ਆਪਣੇ ਤਿੰਨ ਸੀਨੀਅਰ ਅਫਸਰ ਕਰਨਲ ਸੈਕੰਡ-ਇਨ-ਕਮਾਂਡ ਲੈਫਟੀਨੈੱਟ ਕਰਨਲ ਤੇ ਮੇਜਰ ਉਪਰ ਯੌਨ ਸੋਸ਼ਣ ਦਾ ਦੋਸ਼ ਲਾਇਆ ਇਸ ਤਰ੍ਹਾਂ ਹੀ ਜੰਮੂ 'ਚ ਤਾਇਨਾਤ ਸੈਨਾ ਦੀ ਕੈਪਟਨ ਮੇਘਾ ਰਾਜਦਾਨ ਦੀ ਲਾਸ਼ ਉਸ ਦੇ ਕਮਰੇ 'ਚ ਪੱਖੇ ਨਾਲ ਲਟਕੀ ਮਿਲੀ। ਜੰਮੂ 'ਚ ਸੈਨਾ ਦੀ ਲੈਫਟੀਨੈੱਟ ਸੁਸ਼ਮਿਤਾ ਚੱਕਰਵਰਤੀ ਨੇ ਅਨਸਕ ਤੇ ਸਰੀਰਕ ਜਬਰ ਤੋਂ ਆ ਕੇ ਆਤਮ ਹੱਤਿਆ ਕਰ ਲਈ।

ਕਰਨਾਟਕ 'ਚ ਭਾਰਤੀ ਹਵਾਈ ਸੈਨਾ ਦੀ ਮਹਿਲਾ ਅਧਿਕਾਰੀ ਅੰਜਲੀ ਗੁਪਤਾ ਨੇ ਆਪਣੇ ਤਿੰਨ ਉਚ ਅਧਿਕਾਰੀਆਂ ਖਿਲਾਫ ਯੌਨ ਸੋਸ਼ਣ ਦੀ ਸ਼ਕਾਇਤ ਦਰਜ ਕਰਵਾਈ। ਆਰਮੀ ਆਫੀਸਰ ਕੈਪਟਨ ਨੇਹਾ ਰਾਵਤ ਦੇ ਨਾਲ ਬਦਤਮੀਜੀ ਤੇ ਯੌਨ ਜਬਰ ਦੇ ਦੋਸ਼ ਲੱਗਣ ਪਿੱਛੋਂ ਮੇਜਰ ਜਨਰਲ ਏ. ਕੇ. ਲਾਲ ਉਹਨਾਂ ਦੇ ਅਹੁਦੇ ਤੋਂ ਹਟਾਇਆ ਗਿਆ। ਉੱਚ ਔਰਤ ਅਧਿਕਾਰੀ ਰੂਪਨ ਦਿਓਲ ਬਜਾਜ ਪੰਜਾਬ ਪੁਲਸ ਦੇ ਮੁਖੀ ਕੇ. ਪੀ. ਐਸ ਗਿੱਲ ਦੀਆਂ ਅਸ਼ਲੀਲ ਹਰਕਤਾਂ ਦਾ ਸ਼ਿਕਾਰ ਹੋਈ।

ਉਪਰੋਕਿਤ ਘਟਨਾਵਾਂ ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ ਮਰਦਾਂ ਦਾ ਉਸ ਪ੍ਰਤੀ ਨਜ਼ਰੀਆ ਤੇ ਅਲਾਰਪਣ ਸਪੱਸ਼ਟ ਕਰਦੀ ਹੈ। ਫਿਰ ਚਾਹੇ ਉਹ ਫੁਟਪਾਥ ਕਿਨਾਰੇ ਝੌਂਪੜ ਪੱਟੀ 'ਚ ਰਹਿਣ ਵਾਲੀ ਮੰਗੂ ਦੀ ਮੁਟਿਆਰ ਬੇਟੀ ਹੋਵੇ, ਸੈਨਾ ਦੀ ਕੈਪਟਨ ਜਾਂ ਰਾ ਦੀ ਡਾਇਰੈਕਟਰ-ਟ੍ਰੇਨਿੰਗ। ਪ੍ਰਧਾਨ ਸਮਾਜ ਦੀ ਇਸ ਮਾਨਸਿਕਤਾ ਨੂੰ ਬਦਲਣ 'ਚ ਅਜੇ ਸੈਂਕੜੇ ਸਾਲ ਲੱਗ ਜਾਣਗੇ। ਯੌਨ ਸੋਸ਼ਣ ਜਬਰ, ਅਸ਼ਲੀਲ ਹਰਕਤਾਂ ਆਦਿ ਦਾ ਸ਼ਿਕਾਰ ਉਂਜ ਤਾਂ ਹਰ ਖੇਤਰ ਵਿੱਚ ਕੰਮਕਾਜੀ ਔਰਤਾਂ ਬਣਦੀਆਂ ਹਨ। ਪਰ ਇਸ ਦੁਰਵਿਹਾਰ ਦੇ ਖਿਲਾਫ ਅਵਾਜ਼ ਬੁਲੰਦ ਕਰਨ ਦੀ ਹਿੰਮਤ ਕੋਈ ਕਿਤੇ ਕਦਾਈਂ ਹੀ ਕਰਦੀਆਂ ਹਨ। ਬਹੁਤੀਆਂ ਤਾਂ ਬਦਨਾਮੀ ਦੇ ਡਰੋਂ ਬੁੱਲ੍ਹ ਸਿਉਂ ਲੈਂਦੀਆਂ ਹਨ, ਹਰ ਜੁਲਮ ਸਹਿਣ ਕਰਦੀਆਂ ਹਨ। 19 ਅਗਸਤ 2008 ਨੂੰ ਦਿੱਲੀ ਪ੍ਰਧਾਨ ਮੰਤਰੀ ਦਫਤਰ (ਪੀ. ਐਮ. ਓ.) ਦੇ ਸਾਹਮਣੇ ਦੇਸ਼ ਦੀ ਸਭ ਤੋਂ ਵੱਡੀ ਖੁਫੀਆ ਏਜੰਸੀ ਰਾ (ਰਿਸਰਚ ਐਂਡ ਏਨਾਲਿਸਟ ਵਿੰਗ) ਦੇ ਗੁੜਗਾਵਾਂ ਟ੍ਰੇਨਿੰਗ ਸੈਂਟਰ ਦੀ ਡਾਇਰੈਕਟਰ ਨਿਸ਼ਾ ਪ੍ਰਿਆ ਭਾਟੀਆ ਵੱਲੋਂ ਆਤਮ ਹੱਤਿਆ ਦੀ ਕੋਸ਼ਿਸ਼ ਨੇ ਇਕ ਵਾਰੀ ਫਿਰ ਔਰਤ ਦੀ ਬਦਹਾਲੀ ਨੂੰ ਉਜਾਗਰ ਕੀਤਾ ਹੈ। ਹੈਰਾਨੀ ਹੈ ਕਿ 'ਰਾ' ਵਰਗੀ ਸੰਸਥਾ ਨੂੰ 'ਚ ਵੀ ਮਹਿਲਾ ਉੱਚ ਅਧਿਕਾਰੀ ਦੇਹ ਸੋਸ਼ਣ ਦੇ ਜਬਰ ਦਾ ਸ਼ਿਕਾਰ ਇਸ ਹੱਦ ਤਕ ਕਰਨ ਕਿ ਉਸ ਨੂੰ ਜਹਿਰ ਖਾ ਕੇ ਆਤਮ ਹੱਤਿਆ ਕਰਨ ਨੂੰ ਮਜ਼ਬੂਰ ਹੋਣਾ ਰਿਹਾ ਹੈ। ਨਿਸਾ ਨੇ ਪਿਛਲੇ ਸਾਲ ਆਪਣੇ ਵਿਭਾਗ ਦੇ ਜਾਇੰਟ ਸੈਕਟਰੀ 'ਤੇ ਦੇਹ ਸੋਸ਼ਣ ਤੇ ਜਬਰ ਦਾ ਦੋਸ਼ ਲਾਇਆ ਸੀ। ਇਹ ਜਾਇੰਟ ਸੈਕਟਰੀ ਡੈਪੂਟੇਸ਼ਨ 'ਤੇ 'ਰਾ' 'ਚ ਤਾਇਨਾਤ ਕੀਤੇ ਗਏ ਸਨ। ਇਸ ਅਮਲ ਦੀ ਜਾਂਚ ਲਈ ਇਕ ਕਮੇਟੀ ਗਠਿਤ ਕੀਤੀ ਗਈ

ਸੀ ਜਿਸ ਨੇ 19 ਮਈ ਨੂੰ ਆਪਣੀ ਜਾਂਚ ਪੂਰੀ ਕਰਕੇ ਜੋ ਰੀਪੋਟ ਸੌਂਪੀ ਉਸ ’ਚ ਕਿਹਾ ਗਿਆ ਕਿ ਨਿਸਾ ਭਾਟੀਆ ਵੱਲੋਂ ਲਾਏ ਦੋਸ਼ ਨਿਆਧਾਰ ਹਨ। ਇਸ ਜਾਂਚ ਰੀਪੋਟ ਤੋਂ ਔਖੀ ਹੋ ਕੇ 19 ਤਰੀਕ ਦੀ ਸੁਬਾਹ ਨਿਸਾ ਭਾਟੀਆ ਪੀ. ਐਮ. ਓ. ਦੇ ਇਕ ਉੱਚ ਅਧਿਕਾਰੀ ਨੂੰ ਮਿਲਣ ਪਹੁੰਚੀ। ਪਹਿਲਾਂ ਤੋਂ ਸਮਾਂ ਲਏ ਜਾਣ ਦੇ ਬਾਵਜੂਦ ਉਹਨਾਂ ਨੂੰ ਮਿਲਣ ਨਹੀਂ ਦਿੱਤਾ ਗਿਆ, ਪੱਖਪਾਤ ਨਿਰਾਸ਼ਾ ਤੇ ਦੁੱਖ ਨਾਲ ਭਰੀ ਨਿਸਾ ਪ੍ਰਿਆ ਭਾਟੀਆ ਨੇ ਪੀ. ਐਮ. ਦਫਤਰ ਦੇ ਸਾਹਮਣੇ ਹੀ ਚੂਹੇ ਮਾਰ ਜਹਿਰ ਖਾ ਕੇ ਆਤਮ ਹੱਤਿਆ ਦੀ ਕੋਸ਼ਿਸ਼ ਕੀਤੀ। ਹਫੜਾ-ਦਫੜੀ ’ਚ ਉਹਨਾਂ ਨੂੰ ਰਾਮਮਨੋਹਰ ਲੋਹੀਆ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਜਿਥੇ ਬੜੀ ਮਿਹਨਤ ਪਿਛੋਂ ਉਹ ਖਤਰੇ ਤੋਂ ਬਾਹਰ ਹੋਈ। ਇਕ ਡਾਇਰੈਕਟਰ ਪੱਧਰ ਦੀ ਮਹਿਲਾ ਅਧਿਕਾਰੀ ਵੱਲੋਂ ਪੀ. ਐਮ. ਓ. ਦੇ ਸਾਹਮਣੇ ਜਹਿਰ ਖਾਣ ਦੀ ਸਨਸਨੀਖੇਜ ਘਟਨਾ ਮੀਡੀਆ ਦੀਆਂ ਸੁਰਖੀਆਂ ਬਣੀ ਤਾਂ ਪੀ. ਐਮ. ਓ. ਨੇ ਆਪਣੇ ਬਚਾਅ ਵਿੱਚ ਤੁਰੰਤ ਇਕ ਫੈਕਟਸ਼ੀਟ ਮੀਡੀਆ ਨੂੰ ਜਾਰੀ ਕਰ ਦਿੱਤੀ ਜਿਸ ਮੁਤਾਬਕ ਨਿਸਾ ਪ੍ਰਿਆ ਭਾਟੀਆ ਮਰੀਜ਼ ਹੈ। ਉਹਨਾਂ ਨੂੰ ਇਲਾਜ ਕਰਵਾਉਣ ਲਈ ਕਿਹਾ ਗਿਆ ਸੀ। ਤੇ ਉਹਨਾਂ ਵਲੋਂ ਆਪਣੇ ਸੰਯੁਕਤ ਸਕੱਤਰ ’ਤੇ ਲਾਏ ਯੌਨ ਸੋਸ਼ਣ ਦੀ ਦੋਸ਼ਾਂ ਦੀ ਜਾਂਚ ਇਕ ਕਮੇਟੀ ਤੋਂ ਕਰਵਾਈ ਗਈ ਹੈ। ਜਿਸ ਦੀ ਰੀਪੋਟ ਅਨੁਸਾਰ ਉਹਨਾਂ ਵੱਲੋਂ ਲਾਏ ਦੋਸ਼ ਬੇਬੁਨਿਆਦ ਹੈ। ਵਰਨਣਯੋਗ ਹੈ ਕਿ ਨਿਸਾ ਗੁੜਮਾਓ ਸਥਿਤ ‘ਰਾ’ ਦੇ ਟਰੇਨਿੰਗ ਸੈਂਟਰ ਦੀ ਨਿਰਦੇਸ਼ਕ ਹੈ। ਇਸ ਟਰੇਨਿੰਗ ਸੈਂਟਰ ਵਿੱਚ ਉੱਚ ਪੱਧਰ ਦੇ ਜਸੂਸਾਂ ਨੂੰ ਤਿਆਰ ਕੀਤਾ ਜਾਂਦਾ ਹੈ। ਇਥੋਂ ਟ੍ਰੇਡ ਜਸੂਸ ਭਾਰਤ ਦੀ ਸੀਮਾ ਸੁਰੱਖਿਆ। ਅੰਦਰੂਨੀ ਸੁਰੱਖਿਆ ਅੱਤਵਾਦ ਪੜੋਸੀ ਦੇਸ਼ਾਂ ਦੀ ਗੁਪਤ ਸਰਗਰਮੀਆਂ ’ਤੇ ਨਜ਼ਰ ਰੱਖਦੇ ਹਨ। ਨਿਸਾ ਪਿਛਲੇ ਕਈ ਸਾਲਾਂ ਤੋਂ ਇਸ ਸਿਖਲਾਈ ਕੇਂਦਰ ਦੀ ਨਿਰਦੇਸ਼ਕ ਹੈ। ਉਹਨਾਂ ਦੀ ਛੱਤਰਛਾਇਆ ’ਚ ਦੇਸ਼ ਦੇ ਉੱਚ ਪੱਧਰੀ ਜਸੂਸਾਂ ਦੀ ਫੌਜ ਤਿਆਰ ਹੁੰਦੀ ਹੈ। ਅਜੇਹੇ ’ਚ ਆਪਣੇ ਬਚਾਅ ’ਚ ਪੀ. ਐਮ. ਓ. ਦੀ ਫੈਕਟਸ਼ੀਟ ਦਾ ਇਹ ਕਥਨ ਗਿੰਨਾ ਹਾਸੋਹੀਣਾ ਤੇ ਗੈਰ-ਜਿੰਮੇਵਾਰਨਾ ਹੈ ਕਿ ਨਿਸ਼ਾ ਪ੍ਰਿਆ ਭਾਟੀਆ ਮਾਨਸਿਕ ਤੌਰ ’ਤੇ ਰੋਗੀ ਹੈ। ਜੇ ਅਫਸਰ ਮਾਨਸਿਕ ਰੋਗੀ ਹੈ ਤਾਂ ਅਜੇਹੇ ਅਫਸਰ ਦੀ ਨਿਯੁਕਤੀ ‘ਰਾ’ ਵਰਗੀ ਦੇਸ਼ ਦੀ ਸਭ ਤੋਂ ਵੱਡੀ ਖੁਫੀਆ ਏਜੰਸੀ ਵਿੱਚ ਅਜੇਹੇ ਮਾਨਸਿਕ ਰੋਗੀਆਂ ਨੂੰ ਨਿਯੁਕਤ ਕਰਕੇ ਆਖਰ ਦੇਸ਼ ਦੇ ਹਾਕਮ ਚਾਹੁੰਦੇ ਕੀ ਹਨ? ਨਿਸ਼ਾ ਪ੍ਰਿਆ ਭਾਟੀਆ ਤੋਂ ਪਹਿਲਾਂ ਜਦ ਪੰਚਕੂਲਾ ਦੇ ਕਾਲਕਾ ’ਚ ਤੈਨਾਤ ਸੈਨਾ ਦੀ ਕੈਪਟਨ ਪੂਨਮ ਕੌਰ ਨੇ ਆਪਣੇ ਤਿੰਨ ਉਚ ਅਫਸਰਾਂ-ਕਮਾਂਡਿੰਗ ਅਫਸਰ ਕਰਨਲ, ਸੈਕੇਂਡ ਇਨ ਕਮਾਂਡੋ ਲੈਫਟੀਨੈਂਟ ਕਰਨਲ ਤੇ ਅਫਸਰਾਂ-ਕਮਾਂਡਿੰਗ ਅਫਸਰ ਕਰਨਲ, ਸੈਕੇਂਡ ਇਨ ਕਮਾਂਡ ਲੈਫਟੀਨੈਂਟ ਕਰਨਲ ’ਤੇ ਮੇਜਰ ’ਤੇ ਦੇਹ ਸੋਸ਼ਣ ਦਾ ਦੋਸ਼ ਲੱਗਿਆ ਸੀ ਤਾਂ ਸੈਨਾ ਵੱਲੋਂ ਬਿਠਾਈ ਗਈ ਜਾਂਚ ’ਚ ਉਹਨਾਂ ਦੇ ਦੋਸ਼ਾਂ ਨੂੰ ਵੀ ਬੇਬੁਨਿਆਦ ਕਰਾਰ ਦੇ ਕੇ ਉਸ ਨੂੰ ਵੀ ਮਾਨਸਿਕ ਰੋਗੀ ਐਲਾਨ ਦੀ ਜੁਅਰਤ ਕੀਤੀ ਗਈ ਸੀ। 12 ਜੁਲਾਈ 2008 ਨੂੰ ਪੂਨਮ ਕੌਰ ਦੀ ਭੈਣ ਰੋਜ਼ੀ ਨੇ ਗੁੜਗਾਵੇ ’ਚ ਮੀਡੀਆ ਮੂਹਰੇ ਸੈਨਾ ’ਚ ਔਰਤ ਅਧਿਕਾਰੀਆਂ ਨਾਲ ਜਾਰੀ ਅਤਿਆਚਾਰਾਂ ਖਿਲਾਫ ਅਵਾਜ਼ ਉਠਾਉਂਦੇ ਹੋਏ ਭੈਣ ਦੀ ਦਾਸਤਾ ਦਾ ਖੁਲਾਸਾ ਕਰਕੇ ਸਨਸਨੀ ਫੈਲਾ ਦਿੱਤੀ। ਬਕੌਲ ਰੋਜੀ ਪੂਨਮ ’ਤੇ ਅਤਿਆਚਾਰਾਂ ਦੀ ਹੱਦ ਪਾਰ ਹੋ ਗਈ ਤਾਂ ਉਹਨਾਂ ਨੇ ਮੈਨੂੰ ਮੀਡੀਆ ਤੋਂ ਮਦਦ ਲੈਣ

ਲਈ ਕਿਹਾ। ਮੇਰੀ ਭੈਣ ਸੰਕਟ ਵਿਚ ਹੈ। ਅਪ੍ਰੈਲ ਤੇ ਮਈ 'ਚ ਜਦ ਉਹ ਪਠਾਨਕੋਟ ਡਿਊਟੀ 'ਤੇ ਸੀ ਤਦ ਉਸ ਨੂੰ ਇਕ ਮਰਦ ਅਫਸਰ ਦੇ ਨਾਲ ਫਿਕਸਅੱਪ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਤੋਂ ਪਹਿਲਾਂ ਤਿੰਨ ਅਧਿਕਾਰੀਆਂ ਨੇ ਉਹਨਾਂ ਦਾ ਯੌਨ ਸੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਵਿਰੋਧ ਕਰਨ ਤੇ ਉਸ ਨੂੰ ਮਾਨਸਿਕ ਤਸੀਹੇ ਦਿੱਤੇ ਗਏ। ਹੁਣ ਉਸ ਨੂੰ ਫਿਰ ਪਠਾਨਕੋਟ ਜਾਣ ਲਈ ਕਿਹਾ ਜਾ ਰਿਹਾ ਹੈ। ਉਸ ਨੇ ਆਪਣੇ ਨਾਲ ਹੋ ਰਹੀਆਂ ਹਰਕਤਾਂ ਦੀ ਸ਼ਿਕਾਇਤ ਆਪਣੇ ਉਸ ਅਧਿਕਾਰੀ ਨੂੰ ਕੀਤੀ ਤਾਂ ਉਹਨਾਂ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਉਲਟ ਪੂਨਮ 'ਤੇ ਹੀ ਦੋਸ਼ ਲਾਇਆ ਕਿ ਪਠਾਨਕੋਟ ਜਾਣ ਲਈ ਵਿਭਾਗੀ ਹੁਕਮ ਮੰਨਣ ਤੋਂ ਇਨਕਾਰ ਕਰ ਰਹੀ ਹੈ। ਇਹ ਬਹੁਤ ਡੂੰਘੀ ਹੋਈ ਹੈ। ਪੂਨਮ ਕੌਰ ਦੀ ਮਾਂ ਹਰਦੀਪ ਕੌਰ ਨੇ ਵੀ ਮੀਡੀਆ ਨੂੰ ਕਿਹਾ, "ਮੇਰੀ ਬੇਟੀ ਨੂੰ ਸੌਕ ਨਹੀਂ ਹੈ ਤਮਾਸ਼ਾ ਕਰਨ ਦਾ ਆਪਣੀ ਇੱਜਤ ਦਾ ਖਿਆਲ ਸਭ ਨੂੰ ਹੁੰਦਾ ਹੈ। ਉਸ ਦੇ ਨਾਲ ਕੁਝ ਨਾ ਕੁਝ ਤਾਂ ਹੋਇਆ ਹੈ ਤਾਂ ਉਸ ਨੇ ਮੂੰਹ ਖੋਹਲਿਆ ਹੈ। ਮੈਂ ਕਮਾਂਡਿਟ ਅਫਸਰ ਦੇ ਦਫਤਰ ਤੇ ਘਰ 13 ਲੁਲਾਈ ਨੂੰ ਪੁੱਛਣ ਗਈ ਸੀ ਪਰ ਉਹਨਾਂ ਨੇ ਕਈ ਕੋਈ ਗੱਲ ਹੀ ਨਹੀਂ ਕੀਤੀ ਬਲਕਿ ਮੇਰੀ ਬੇਇੱਜ਼ਤੀ ਕੀਤੀ ਦੁੱਖ ਦਾ ਦੁੱਧ ਪਾਣੀ ਦਾ ਪਾਣੀ ਹੋਣਾ ਚਾਹੀਦਾ ਹੈ, ਮੇਰੀ ਬੇਟੀ ਨੂੰ ਇਨਸਾਫ ਦਿੱਤਾ ਜਾਵੇ।"

ਇਹਨਾਂ ਦੋਸ਼ਾਂ ਪਿਛੋਂ ਸੈਨਾ ਆਪਣੇ ਬਚਾਅ 'ਤੇ ਉਭਰ ਆਈ। ਸੈਨਾ ਦੇ ਬੁਲਾਰੇ ਨੇ ਕਿਹਾ, "ਪੂਨਮ ਕੌਰ ਅਕਤੂਬਰ 2007 ਤੋਂ ਕਾਲਕਾ ਵਿਖੇ ਤਾਂ ਤਾਇਨਾਤ ਹੈ, ਹਾਲਾਂਕਿ ਉਹ ਕੁਆਰੀ ਹੈ ਪਰ ਉਹਨਾਂ ਨੂੰ ਹਮਦਰਦੀ ਵਜੋਂ ਵਿਆਹੇ ਜੋੜੇ ਵਾਲਾ ਮਕਾਨ ਦਿੱਤਾ ਗਿਆ। ਤਾਂ ਕਿ ਉਹ ਆਪਣੀ ਮਾਂ ਨਾਲ ਰਹਿ ਸਕੇ। ਪਰ ਪੂਨਮ ਨੇ ਮਾਂ ਦੀ ਥਾਂ ਦਾਦੀ ਨੂੰ ਰੱਖਿਆ 30 ਜੂਨ ਨੂੰ ਜਦ ਪੂਨਮ ਨੂੰ ਪਠਾਨਕੋਟ ਜਾਣ ਦਾ ਹੁਕਮ ਦਿੱਤਾ ਗਿਆ। ਤਾਂ ਉਹਨਾਂ ਨੇ 11 ਜੁਲਾਈ ਤਕ ਦੀ ਮੋਹਲਤ ਮੰਗੀ। 12 ਜੁਲਾਈ ਨੂੰ ਪੂਨਮ ਨੇ ਜਾਣ ਤੋਂ ਮਨਾ ਕਰ ਦਿੱਤਾ। 14 ਜੁਲਾਈ ਨੂੰ ਉਹ ਮੇਜਰ ਜਨਰਲ ਨੂੰ ਮਿਲੀ ਜ਼ਰੂਰ ਪਰ ਲਿਖਤੀ ਸ਼ਿਕਾਇਤ ਨਹੀਂ ਦਿੱਤੀ। 15 ਜੁਲਾਈ ਨੂੰ ਮੇਜਰ ਜਨਰਲ ਨੇ ਕਾਲਕਾ ਜਾ ਕੇ ਪੂਨਮ ਨਾਲ ਗੱਲ ਕਰਨੀ ਚਾਹੀ ਤਾਂ ਉਹਨਾਂ ਨੇ ਮਿਲਣ ਤੋਂ ਮਨ੍ਹਾ ਕਰ ਦਿੱਤਾ। ਉਹ ਆਪਣੇ ਕੁਆਟਰ ਤੋਂ ਬਾਹਰ ਹੀ ਨਹੀਂ ਆਈ ਪੂਨਮ ਕੌਰ ਮਿਸਾਮਰੀ 'ਚ ਵੀ ਇਸ ਤਰ੍ਹਾਂ ਦੀਆਂ ਸਰਗਰਮੀਆਂ 'ਚ ਸਾਅਲ ਰਹੀ ਹੈ। ਉਦੋਂ ਵੀ ਉਸ ਨੇ ਆਪਣੇ ਉੱਚ ਅਧਿਕਾਰੀਆਂ ਤੇ ਮਾਨਸਿਕ ਪ੍ਰੇਸ਼ਾਨੀ ਦਾ ਦੋਸ਼ ਲਾਇਆ ਸੀ। ਜਾਂਚ ਪਿਛੋਂ ਦੋਸ਼ ਬੇਬੁਨਿਆਦ ਪਾਏ ਗਏ ਪੂਨਮ ਦੀ ਪ੍ਰੋਫਾਇਲ ਵਿੱਚ ਮਾਨਸਿਕ ਕਮਜ਼ੋਰੀ ਦਰਜ ਕੀਤੀ ਗਈ ਹੈ।" ਦੂਜੇ ਪਾਸੇ ਪੂਨਮ ਕੌਰ ਨੇ ਕਿਹਾ ਹੈ ਕਿ ਮੈਂ ਕਦੀ ਵੀ ਪਠਾਨਕੋਟ ਜਾਣ ਤੋਂ ਮਨ੍ਹਾ ਨਹੀਂ ਕੀਤਾ ਮੈਨੂੰ ਮਰਦ ਸੀਨੀਅਰ ਨਾਲ 'ਫਿਕਸਅੱਪ' ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਸ ਨੂੰ ਸੈਨਾ ਨਜ਼ਰਅੰਦਾਜ਼ ਕਰ ਰਹੀ ਹੈ।"

ਸਾਲ 2005 ਵਿਚ ਕਰਨਾਟਕ ਦੀ ਰਾਜਧਾਨੀ ਬੰਗਲੌਰ ਦੀ ਸੈਨਕ ਅਦਾਲਤ ਨੇ ਭਾਰਤੀ ਹਵਾਈ ਸੈਨਾ ਦੀ ਉਸ ਔਰਤ ਅਧਿਕਾਰੀ ਨੂੰ ਹੀ ਦੋਸ਼ਾਂ ਦੇ ਘੇਰੇ ਵਿਚ ਲਿਆ ਖੜ੍ਹਾ ਕੀਤਾ ਹੈ। ਜਿਸ ਨੇ ਆਪਣੇ ਤਿੰਨ ਉੱਚ ਅਧਿਕਾਰੀਆਂ ਖਿਲਾਫ ਦੇਹ ਸੋਸ਼ਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਫਲਾਇੰਗ ਅਫਸਰ ਅੰਜਲੀ ਗੁਪਤਾ ਦਾ ਦੋਸ਼ ਸੀ ਕਿ ਬੰਗਲੌਰ ਹਵਾਈ ਸੈਨਾ ਕੇਂਦਰ 'ਤੇ ਤੈਨਾਤ ਇਕੋ ਇਕ ਔਰਤ

ਅਧਿਕਾਰੀ ਸੀ ਤੇ ਉਥੇ ਉਸ ਨੂੰ ਯੌਨ ਸੋਸ਼ਣ ਦਾ ਸ਼ਿਕਾਰ ਹੋਣਾ ਪਿਆ ਪਰ ਬਜਾਏ ਉਸ ਦੇ ਦੋਸ਼ਾਂ ਦੀ ਪੜਤਾਲ ਕਰਕੇ ਕਾਰਵਾਈ ਕੀਤੀ ਜਾਂਦੀ, ਉਲਟਾ ਅੰਜਲੀ ਗੁਪਤਾ ’ਤੇ ਹੀ ਅਨੁਸਾਸ਼ਣਹੀਣਤਾ ਤੇ ਵਿਤੀ ਬੇਨਿਯਮੀਆ ਦਾ ਦੋਸ਼ ਵਿਭਾਗ ਨੇ ਲਾਇਆ। ਹਵਾਈ ਸੈਨਾ ਦੇ ਬੁਲਾਰੇ ਵਿੰਗ ਕਮਾਂਡਰ ਦਾ ਦੋਸ਼ ਵਿਭਾਗ ਨੇ ਲਾਇਆ। ਹਵਾਈ ਸੈਨਾ ਦੇ ਬੁਲਾਰੇ ਵਿੰਗ ਕਮਾਂਡਰ ਰਘੂਨਾਥ ਦਾ ਕਹਿਣਾ ਸੀ ਕਿ ਅੰਜਲੀ ਆਪਣੀ ਨਿੱਜੀ ਕਾਰ ਦੀ ਵਰਤੋਂ ਕਰਦੀ ਸੀ ਪਰ ਵਿਭਾਗ ਤੋਂ ਕਾਰ ਦਾ ਭੱਤਾ ਲੈਂਦੀ ਸੀ। ਉਹ ਬਗਲੌਰ ਤੋਂ ਦਿੱਲੀ ਤਕ ਹਵਾਈ ਸੈਨਾ ਦੇ ਜਹਾਜ਼ ਰਾਹੀਂ ਗਈ ਪਰ ਬੰਗਲੌਰ ਤੋਂ ਦਿੱਲੀ ਤਕ ਦਾ ਰੇਲ ਕਿਰਾਇਆ ਵਸੂਲ ਲਿਆ। ਸੋ ਇਹਨਾਂ ਛੋਟੀਆਂ ਛੋਟੀਆਂ ਬੇਨਿਯਮੀਆਂ ਦੇ ਦੋਸ਼ ਠੋਸ ਕੇ ਹਵਾਈ ਫੌਜ ਦੇ ਅਧਿਕਾਰੀਆਂ ਨੇ ਅੰਜਲੀ ਗੁਪਤਾ ਵੱਲੋਂ ਲਾਏ ਦੇਹ ਸੋਸ਼ਣ ਦੇ ਦੋਸ਼ ਰਫਾ ਦਫਾ ਕਰ ਦਿੱਤੇ।

ਦਰਅਸਲ ਔਰਤ ਦੀ ਆਬਰੂ ’ਤੇ ਹਮਲਾ ਕਰਨਾ ਮਰਦ ਆਪਣਾ ਜਨਮ ਸਿੱਧ ਅਧਿਕਾਰ ਸਮਝਦਾ ਹੈ ਫਿਰ ਉਹ ਚਾਹੇ ਖੁਫੀਆ ਏਜੰਸੀ ‘ਰਾ’ ਦੀ ਡਾਇਰੈਕਟਰ ਟਰੇਨਿੰਗ ਨਿਸ਼ਾ ਭਾਟੀਆ ਹੋਵੇ, ਥਲ ਸੈਨਾ ਦੀ ਕੈਪਟਨ ਪੂਨਮ ਕੌਰ ਜਾਂ ਹਵਾਈ ਸੈਨਾ ਦੀ ਫਲਾਇੰਗ ਅਫਸਰ ਅੰਜਲੀ ਗੁਪਤਾ। ਅੱਵਲ ਤਾਂ ਬਹੁਤ ਕੇਸ ਦਬ ਜਾਂਦੇ ਹਨ ਪਰ ਹਿੰਮਤ ਕਰਕੇ ਕੋਈ ਔਰਤ ਦੇਹ ਸੋਸ਼ਣ ਖਿਲਾਫ ਅਵਾਜ ਉਠਾਉਂਦੀ ਵੀ ਹੈ ਤਾਂ ਫਿਰ ਜਾਂਚ ਕਰਨ ਦੇ ਨਾਟਕ ਕੀਤੇ ਜਾਂਦੇ ਹਨ। ਕਮੇਟੀਆਂ ਬਣਦੀਆਂ ਹਨ, ਕਮੇਟੀਆਂ ਵਿਚ ਵੀ ਮਰਦ ਹੁੰਦੇ ਹਨ। ਫੈਸਲਾ ਮਰਦਾਂ ਦੇ ਹੱਕ ਵਿੱਚ ਹੀ ਜਾਂਦਾ ਹੈ ਅਤੇ ਔਰਤ ਮਾਨਸਿਕ ਰੋਗੀ ਜਾਂ ਵਿਭਾਗੀ ਹੁਕਮਾਂ ਦੀ ਉਲੰਘਣਾ ਕਰਨ ਵਾਲੀ ਕਰਾਰ ਦੇ ਦਿੱਤੀ ਜਾਂਦੀ ਹੈ। ਕਦੇ ਵੀ ਨਹੀਂ ਅਜੇਹਾ ਹੋਇਆ ਕਿ ਕਿਸੇ ਔਰਤ ਅਧਿਕਾਰੀ ਦੀ ਸ਼ਿਕਾਇਤ ਦੀ ਗੰਭੀਰਤਾ ਨਾਲ ਜਾਂਚ ਕਰਕ ਦੋਸ਼ੀ ਨੂੰ ਸਜਾ ਦਿੱਤੀ ਗਈ ਹੋਵੇ। ਅਜੇਹੀਆਂ ਔਰਤਾਂ ਥੋੜੀਆਂ ਹੀ ਹਨ ਜਿਨ੍ਹਾਂ ਨੂੰ ਕੋਈ ਰਾਹਤ ਮਿਲੀ ਹੋਵੇ। ਜਦ ਆਰਮੀ ਅਫਸਰ ਨੇਹਾ ਰਾਵਤ ਨਾਲ ਬਦਤਮੀਜੀ ਤੇ ਦੇਹ ਸੋਸ਼ਣ ਦਾ ਦੋਸ਼ ਲੱਗਿਆ ਸੀ ਤਾਂ ਮੇਜਰ ਜਨਰਲ ਏ. ਕੇ. ਲਾਲ ਨੂੰ ਉਹਨਾਂ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਰੂਪਨ ਦਿਉਲ ਬਜਾਜ ਉਹ ਪਹਿਲੀ ਉੱਚ ਆਈ. ਏ. ਐਸ. ਅਧਿਕਾਰੀ ਸੀ ਜਿਸ ਨੇ ਪੰਜਾਬ ਪੁਲਸ ਦੇ ਮੁਖੀ ਕੇ. ਪੀ. ਐਸ. ਗਿੱਲ ਦੀਆਂ ਅਸ਼ਲੀਲ ਹਰਕਤ ਖਿਲਾਫ ਐਫ. ਆਈ. ਦਰਜ ਕਰਾਉਣ ਦੀ ਹਿੰਮਤ ਕੀਤੀ ਸੀ। ਪੰਜਾਬ ਦੇ ਡੀ. ਜੀ. ਪੀ. ਅਹੁਦੇ ਰਹਿ ਕੇ ਗਿੱਲ ਨੇ ਇਕ ਪਾਰਟੀ ’ਚ ਸ਼ਰਾਬ ਦੇ ਨਸ਼ੇ ’ਚ ਗੁੱਟ ਹੋ ਕੇ ਰੂਪਨ ਦਿਉ ਬਜਾਜ ਨੂੰ ਸ਼ਰੇਆਮ ਥਾਪੜਿਆ ਸੀ। ਵਿਰੋਧ ਕਰਨ ’ਤੇ ਉਸ ਨੇ ਇਹ ਕੁਕਰਮ ਦੁਹਰਾਇਆ ਜਿਸ ਨਾਲ ਬਜਾਜ ਨੂੰ ਭਰੀ ਮਹਿਫਲ ’ਚ ਬੇਇਜ਼ਤ ਹੋਣਾ ਪਿਆ। ਰੂਪਨ ਦਿਉ ਬਜਾਜ ਨੇ ਪੁਲਸ ਰੀਪੋਟ ਦਰਜ ਕਰਵਾਈ ਕਚਹਿਰੀ ਗਈ ’ਤੇ 18 ਸਾਲ ਲੰਬੀ ਕਨੂੰਨੀ ਕਾਰਵਾਈ ਪਿਛੋਂ ਸੁਪਰੀਮ ਕੋਰਟ ਨੇ ਕੇ. ਪੀ. ਐਸ. ਗਿੱਲ ਨੂੰ ਦੋਸ਼ੀ ਮੰਨਿਆ ਤੇ ਰੂਪਨ ਦਿਉਲ ਨੂੰ ਦੋ ਲੱਖ ਰੁਪਏ ਮੁਆਫਜਾ ਕੱਟਣ ਦਾ ਹੁਕਮ ਦਿੱਤਾ। ਇਕ ਡੀ. ਜੀ. ਪੀ. ਵਲੋਂ ਸ਼ਰੇਆਮ ਅਜੇਹੀ ਹਰਕਤ ਕਰਨ ’ਤੇ ਇਕ ਟਿੱਪਣੀ ਵਿੱਚ ਕਿਹਾ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਨੂੰ ਸਹਿਜੇ ਹਲਕੇ ਅੰਦਾਜ ’ਚ ਨਹੀਂ ਲਿਆ ਜਾ ਸਕਦਾ ਇਹ ਇਕ ਗੰਭੀਰ ਅਪਰਾਧ ਹੈ। ਇਸ ਮਾਮਲੇ ਨੂੰ ਅਦਾਲਤ ’ਚ ਘਸੀਟ ਕੇ ਲੈਣ ਜਾਣ ਕਾਰਨ ਉਹਨਾਂ ਦਿਨਾਂ ’ਚ ਰੂਪਨ ਦਿਉਲ ਬਜਾਜ ਨੂੰ ਆਪਣੇ ਵਿਭਾਗ ਦੀ ਹੀ ਨਹੀਂ ਲੋਕਾਂ

ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਸੀ। ਲੋਕ ਕਹਿੰਦੇ ਸਨ ਕਿ ਉਹ ਕੇਸ ਨੂੰ ਬਿਨਾ ਵਜ੍ਹਾ ਤੂਲ ਦੇ ਰਹੀ ਹੈ। ਵਿਭਾਗ ਦੇ ਲੋਕ ਤਾਂ ਇਸ ਨੂੰ ਸੁਲਾਹ ਸਫਾਈ ਰਾਹੀਂ ਮਾਮਲਾ ਰਫਾ ਦਫਾ ਕਰ ਦੇਣਾ ਚਾਹੁੰਦੇ ਸਨ। ਉਸ ਨੂੰ ਵਕਤ ਬਜਾਜ ਦੀ ਕੋਈ ਹਮਾਇਤ ਨਹੀਂ ਕਰ ਰਿਹਾ ਸੀ। ਪਰ ਉਹਨਾਂ ਨੇ ਨਿਆਂ ਹਾਸਲ ਕਰ ਹੀ ਲਿਆ।

ਹੁਣ ਜਦ ਕਿ 'ਰਾ' ਦੀ ਔਰਤ ਅਧਿਕਾਰੀ ਨਿਸ਼ਾ ਪ੍ਰਿਆ ਭਾਟੀਆ ਦੇ ਦੇਹ ਸੋਸ਼ਣ ਦਾ ਮਾਮਲਾ ਸਾਹਮਣੇ ਆਇਆ ਹੈ ਤਾਂ ਇਸ ਤੇ ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਰੇਣੂਕਾ ਚੌਧਰੀ ਨੇ ਗੰਭੀਰ ਨਰਾਜਗੀ ਜਾਹਰ ਕੀਤੀ ਹੈ। ਉਹਨਾਂ ਨੇ ਕੇਸ ਦੀ ਜਾਂਚ ਖੁਦ ਕਰਨ ਦਾ ਐਲਾਨ ਕੀਤਾ ਤੇ ਕਿਹਾ ਕਿ ਔਰਤਾਂ ਦੇ ਨਾਲ ਉਹਨਾਂ ਨੇ ਕਾਰਜ ਖੇਤਰ ਦੇ ਸਹਿਯੋਗੀਆਂ ਵੱਲੋਂ ਕੀਤਾ ਜਾਂਦਾ ਸੋਸ਼ਣ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਭਾਵੇਂ ਇਹ 'ਰਾ' ਹੋਵੇ ਕੋਈ ਹੋਰ ਦਫਤਰੀ ਨਿਸ਼ਾ ਭਾਟੀਆ ਨੂੰ ਨਿਆਂ ਦਵਾਉਣ ਲਈ ਮੈਂ ਸਭ ਕਦਮ ਉਠਾਵਾਂਗੀ, ਸਾਡੀਆਂ ਲੜਕੀਆਂ ਨੂੰ ਪ੍ਰੇਸ਼ਾਨ ਕਰਨ ਦੀ ਹਿੰਮਤ ਕੌਣ ਕਰ ਰਿਹਾ ਹੈ, ਜਰਾ ਅਸੀਂ ਵੀ ਦੇਖੀਏ ਮੈਂ ਇਕ ਮੰਤਰੀ ਹੋਣ ਦੇ ਨਾਤੇ ਨਹੀਂ ਬਲਕਿ ਇਕ ਆਮ ਔਰਤ ਹੋਣ ਦੇ ਨਾਤੇ ਕਹਿ ਰਹੀ ਹਾਂ।"

ਵਰਨਣਯੋਗ ਹੈ ਕਿ 1997 'ਚ ਪਹਿਲੀ ਵਾਰੀ ਸੁਪਰੀਮ ਕੋਰਟ ਨੇ ਭਾਂਵਰੀ ਦੇਵੀ ਕੇਸ ਦੀ ਸੁਣਵਾਈ ਕਰਦਿਆਂ 'ਵਿਸਾਖਾ ਗਾਈਡ ਲਾਈਜ਼' ਜਾਰੀ ਕੀਤੀ ਸੀ ਇਸ ਵਿਚ ਦੇਹ ਸੋਸ਼ਣ ਤੇ ਅਸ਼ਲੀਲ ਹਰਕਤਾਂ ਨੂੰ ਅਪਰਾਧ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਸੀ। ਦੇਹ ਸੋਸ਼ਣ ਦੀਆਂ ਧਾਰਾਵਾਂ 'ਚ ਸਰੀਰਕ ਸੰਪਰਕ ਸੈਕਸ ਸਬੰਧਾਂ ਦੀ ਜਬਰੀ ਮੰਗ ਅਸ਼ਲੀਲ ਸਾਹਿਤ ਅਸ਼ਲੀਲ ਫਿਲਮਾਂ ਜਾਂ ਫੋਟੋਗ੍ਰਾਫ ਵਿਖਾਉਣ ਦੀ ਕੋਸ਼ਿਸ਼ ਕਰਨਾ, ਗੁਪਤ ਅੰਗਾਂ ਦਾ ਪ੍ਰਦਰਸ਼ਨ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਭੱਦੀ, ਅਣਇੱਛਤ ਸਰੀਰਕ ਜੁਬਾਨੀ ਜਾਂ ਮੂਕ ਹਰਕਤ ਇਸ਼ਾਰੇਬਾਜ਼ੀ ਆਦਿ ਸ਼ਾਮਲ ਹੈ। ਵਰਨਣਯੋਗ ਹੈ ਕਿ ਨਿਮਨਜਾਤੀ ਦੀ ਭਾਂਵਰੀ ਦੇਵੀ ਉਹ ਜਾਤੀ ਦੇ ਲੋਕਾਂ ਵੱਲੋਂ ਸਮੂਹਕ ਬਲਾਤਕਾਰ ਦਾ ਸ਼ਿਕਾਰ ਉਸ ਵਕਤ ਹੋਈ ਜਦ ਉਹ ਇਕ ਬਾਲ ਵਿਆਹ ਰੋਕਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਸਮੇਂ ਟਰਾਇਲ ਕੋਰਟ ਨੇ ਇਹ ਕਹਿ ਕੇ ਮਾਮਲੇ ਨੂੰ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਉੱਚ ਜਾਤੀ ਦਾ ਵਿਅਕਤੀ ਕਦੀ ਵੀ ਨਿਮਨ ਜਾਤੀ ਦਾ ਔਰਤ ਦਾ ਦੇਹ ਸੋਸ਼ਣ ਜਾਂ ਬਲਾਤਕਾਰ ਨਹੀਂ ਕਰ ਸਕਦਾ। ਇਸ ਫੈਸਲੇ ਖਿਲਾਫ ਤਦ 'ਵਿਸਾਖਾ' ਨਾਮਕ ਐਨ. ਜੀ. ਓ. ਨੇ ਸੁਪਰੀਮ ਕੋਰਟ 'ਚ ਇਕ ਪਟੀਸ਼ਨ ਦਾਖਲਾ ਕੀਤਾ ਤੇ ਉਸ ਦਾ ਸਿੱਟਾ ਇਹ ਨਿਕਲਿਆ ਕਿ ਸੁਪਰੀਮ ਕੋਰਟ ਨੇ ਬਲਾਤਕਾਰ ਤੇ ਦੇਹ ਸੋਸ਼ਣ ਨੂੰ ਸਪੱਸ਼ਟ ਤੌਰ 'ਤੇ ਪ੍ਰਭਾਵਿਤ ਕਰਦਿਆਂ ਨਾ ਸਿਰਫ ਭਾਂਵਰੀ ਦੇਵੀ ਮਾਮਲੇ 'ਚ ਇਤਿਹਾਸਕ ਫੈਸਲਾ ਦਿੱਤਾ ਬਲਕਿ 'ਵਿਸਾਖਾ ਗਾਈਡ ਲਾਈਨਜ਼' ਦੇ ਨਾਂ 'ਤੇ ਦੇਹ ਸੋਸ਼ਣ ਸਬੰਧੀ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਬਦਕਿਸਮਤੀ ਨਾਲ ਔਰਤਾਂ ਦੇ ਹੱਕ 'ਚ ਸਾਰੇ ਕਨੂੰਨਾਂ ਦੇ ਬਾਵਜੂਦ ਸਰਕਾਰੀ ਗੈਰ ਸਰਕਾਰੀ ਮਹਿਕਮਿਆਂ ਸੈਨਾ ਤੇ ਸੁਰੱਖਿਆ ਸੰਸਥਾਵਾਂ 'ਚ ਔਰਤ ਕਰਮੀਆਂ ਦੇ ਨਾਲ ਦੇਹ ਸੋਸ਼ਣ ਦੇ ਕੇਸ਼ਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਫੌਜਾਂ 'ਚ ਮਹਿਲਾ ਅਧਿਕਾਰੀਆਂ ਦੀ ਹੱਤਿਆ ਤੇ ਆਤਮ ਹਤਿਆ ਦੀਆਂ ਘਟਨਾਵਾਂ ਵੀ ਇਧਰ ਵੇਖਣ 'ਚ ਆ ਗਈਆਂ ਹਨ। ਪਿਛਲੇ ਸਾਲ 3 ਜੁਲਾਈ 2007 ਨੂੰ ਜੰਮੂ 'ਚ ਤੈਨਾਤ ਸੈਨਾ ਦੀ ਕੈਪਟਨ ਮੇਘਾ ਰਾਜਧਨ ਦੀ ਲਾਸ਼ ਉਹਨਾਂ ਦੇ ਕਮਰੇ 'ਚ ਪੱਖੇ ਨਾਲ

ਲਟਕੀ ਮਿਲੀ। ਪੋਸਟਮਾਰਟਮ ਰੀਪੋਟ 'ਚ ਉਹਨਾਂ ਦੀ ਹੱਤਿਆ ਕੀਤੇ ਜਾਣ ਦੀ ਪੁਸ਼ਟੀ ਹੋਣ ਪਿਛੋਂ ਉਹਨਾਂ ਦੇ ਪਤੀ ਕੈਪਟਨ ਚੈਤਨਿਆ ਨੂੰ ਹੀ ਪੁਲਸ ਹਿਰਾਸਤ 'ਚ ਲੈ ਲਿਆ ਗਿਆ, ਹਾਲਾਂਕਿ ਇਹ ਮਾਮਲਾ ਦੇਹ ਸੋਸ਼ਣ ਦਾ ਨਾ ਹੋ ਕੇ 'ਪਿਆਰ ਤ੍ਰਿਕੋਣ' ਦਾ ਸੀ ਪਰ ਮੇਘਾ ਰਾਜਧਨ ਲੰਮੇ ਸਮੇਂ ਤੋਂ ਮਾਨਸਿਕ ਦਬਾਅ ਹੇਠ ਕੰਮ ਕਰ ਰਹੀ ਸੀ ਤੇ ਇਸ ਦੀ ਜਾਣਕਾਰੀ ਸੀਨੀਅਰ ਅਫਸਰਾਂ ਨੂੰ ਹੋਣ ਦੇ ਬਾਵਜੂਦ ਕਿਸੇ ਨੇ ਮਦਦ ਨਹੀਂ ਕੀਤੀ। ਉਸ ਦੀ ਸ਼ਾਦੀ ਕੈਪਟਨ ਚੈਤਨਿਆ ਨਾਲ ਹੋਇਆ ਅਜੇ ਚਾਰ ਮਹੀਨੇ ਹੀ ਹੋਏ ਸਨ। ਦੋਹਾਂ ਦੀ ਪੋਸਟਿੰਗ ਜੰਮੂ ਵਿਚ ਸੀ ਤੇ ਦੋਨੇ ਇਕੱਠੇ ਰਹਿੰਦੇ ਸਨ। ਪਰ ਕੈਪਟਨ ਚੇਤਨਿਆ ਦੇ ਸਬੰਧ ਕਿਸੇ ਹੋਰ ਔਰਤ ਕੈਪਟਨ ਨਾਲ ਵੀ ਸਨ ਜਿਸ ਕਾਰਨ ਉਸ ਨੇ ਆਪਣੀ ਪਤਨੀ ਦੀ ਹੱਤਿਆ ਕਰਕੇ ਲਾਸ਼ ਬੈੱਡਰੂਮ ਦੇ ਪੱਖੇ ਨਾਲ ਲਟਕਾ ਕੇ ਉਸ ਨੂੰ ਆਤਮ ਹੱਤਿਆ ਦਾ ਰੰਗ ਦੇਣ ਦੀ ਕੋਸ਼ਿਸ਼ ਕੀਤੀ। ਹਾਲਾਂ ਚੈਤਨਿਆ ਹੁਣ ਜੇਲ੍ਹ ਵਿੱਚ ਹੈ ਤੇ ਪੁਲੀਸ ਨੇ ਚਲਾਨ ਪੇਸ਼ ਕਰ ਦਿੱਤਾ ਹੈ। ਪਰ ਕੈਪਟਨ ਮੇਘਾ ਰਾਜਧਾਨ ਦੀ ਜਾਨ ਬਚਾਈ ਜਾ ਸਕਦੀ ਸੀ ਜੇ ਸਮੇਂ ਸਿਰ ਉਸ ਦੇ ਸੀਨੀਅਰ ਅਫਸਰ ਉਸ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲੈਂਦੇ 113 ਇੰਜਨੀਅਰਿੰਗ ਰੈਜਮੇਂਟ 'ਚ ਤੈਨਾਤ ਕੈਪਟਨ ਮੇਘਾ ਰਾਜਧਾਨ ਦੀ ਮਾਂ ਸੈਲਜਾ ਨੇ ਬੇਟੀ ਦੀ ਲਾਸ਼ ਤੇ ਰੋਂਦਿਆ ਸੈਨਾ ਅਧਿਕਾਰੀਆਂ 'ਤੇ ਜੋ ਦੋਸ਼ ਲਾਏ ਉਸ ਨੂੰ ਸੈਨਾ ਨੂੰ ਦਬਾਅ ਤੇ ਸੋਸ਼ਣ ਦਾ ਪਰਦਾਫਾਸ਼ ਹੁੰਦਾ ਹੈ।

ਸੈਲਜਾ ਰਾਜਧਾਨ ਦਾ ਕਹਿਣਾ ਸੀ 'ਉੱਚ ਅਧਿਕਾਰੀ ਮੇਘਾ ਤੋਂ ਦੇਰ ਰਾਤ ਤਕ ਕੰਮ ਲੈਂਦੇ ਸਨ ਤੇ ਉਸ ਨੂੰ ਖਾਣ ਤੇ ਸੌਣ ਤਕ ਨਹੀਂ ਦਿੰਦੇ ਸਨ। ਮੇਘਾ 5 ਵਜੇ ਫਿਜੀਕਲ ਟਰੇਨਿੰਗ ਲਈ ਉੱਠਦੀ ਸੀ ਤੇ ਕਦੀ ਕਦੇ ਤਾਂ ਲੰਚ ਵੀ ਨਹੀਂ ਕਰ ਸਕਦੀ ਸੀ। ਉਹ ਉਸ ਨੂੰ ਜਬਰੀ ਖੇਡਾਂ 'ਚ ਸ਼ਾਮਲ ਹੋਣ ਲਈ ਕਹਿੰਦੇ ਸਨ। ਐਤਵਾਰ ਨੂੰ ਵੀ ਉਸ ਨੂੰ ਕੰਮ ਲਈ ਫੋਨ ਕਰਦੇ ਸਨ। ਉਸ ਕੋਲ ਆਪਣੇ ਲਈ ਕੋਈ ਵਕਤ ਨਹੀਂ ਸੀ। ਆਖਰ ਕੋਈ ਕਿੰਨਾ ਦਬਾਅ ਸਹਿਣ ਕਰੇਗਾ?" ਮੇਘਾ ਰਾਜਧਾਨ ਤੋਂ ਪਹਿਲਾਂ ਜੰਮੂ ਕਸ਼ਮੀਰ 'ਚ ਹੀ ਸੈਨਾ ਦੀ ਲੈਫਟੀਨੈਂਟ ਸੁਸ਼ਮਿਤਾ ਚੱਕਰਵਰਤੀ ਨੇ ਆਤਮ ਹੱਤਿਆ ਕੀਤੀ ਸੀ ਜਿਸ ਦੇ ਕਾਰਨਾਂ ਦਾ ਖੁਲਾਸਾ ਅਜੇ ਤਕ ਵੀ ਨਹੀਂ ਹੋਇਆ। ਭੋਪਾਲ ਦੀ ਇਕ ਔਰਤ ਸੈਨਿਕ ਅਧਿਕਾਰੀ ਵੱਲੋਂ ਕੀਤੀ ਆਤਮ ਹੱਤਿਆ ਦੀ ਗੁੱਥੀ ਅਜੇ ਤਕ ਨਹੀਂ ਸੁਲਝ ਸਕੀ ਹੈ। ਇਹ ਖੁਲਾਸਾ ਸੱਚ ਹੈ ਕਿ ਪੁਲੀਸ ਤੇ ਖੁਫੀਆ ਵਿਭਾਗਾਂ ਵਿੱਚ ਮਹਿਲਾ ਅਧਿਕਾਰੀਆਂ 'ਤੇ ਉੱਚ ਮਰਦ ਅਧਿਕਾਰੀਆਂ ਦਾ ਦਬਾਅ ਅਤੇ ਕੰਮ ਦੀ ਆੜ 'ਚ 'ਕਾਮ' ਦੀ ਚਾਹਤ ਹਮੇਸ਼ਾ ਤੋਂ ਰਹੀ ਹੈ। ਪਿਛਲੇ ਦਿਨਾਂ 'ਚ ਇਸ ਵਿਚ ਵਾਧਾ ਹੋਇਆ ਹੈ। ਇਸ ਦੀ ਵਜਾਹ ਇਹ ਹੈ ਕਿ ਇਸ ਪ੍ਰਕਾਰ ਦੀਆਂ ਸ਼ਿਕਾਇਤਾਂ ਆਉਣ 'ਤੇ ਵਿਭਾਗ ਦੋਸ਼ੀ ਖਿਲਾਫ ਕਰੀ ਕਾਰਵਾਈ ਨਾ ਕਰਕੇ ਉਲਟਾ ਸ਼ਿਕਾਇਤ ਕਰਨ ਵਾਲੀ ਮਹਿਲਾ ਅਧਿਕਾਰੀ ਦਾ ਹੀ ਤਬਾਦਲਾ ਮੁਅਤਲੀ ਜਾਂ ਮਾਨਸਿਕ ਰੋਗੀ ਐਲਾਨ ਕੇ ਮਾਮਲਾ ਰਫਾ ਦਫਾ ਖਾਣ ਪਿਛੋਂ ਵਿਭਾਗ ਨੇ ਉਹਨਾਂ ਦਾ ਵੀ ਫਟਾ ਫਟਾ ਤਬਾਦਲਾ ਕਰ ਦਿੱਤਾ।

ਸੈਨਾ ਪੁਲਸ ਤੇ ਖੁਫੀਆ ਏਜੰਸੀਆਂ 'ਚ ਵਧਦੇ ਦਬਾਅ ਤੇ ਆਤਮ ਹੱਤਿਆਵਾਂ ਚਿੰਤਾ ਦਾ ਵਿਸ਼ਾ ਹਨ। ਪਰ ਇਸ ਨੂੰ ਰੋਕਣ ਦੀ ਕਿਸੇ ਅਧਿਕਾਰੀ ਦੀ ਨੀਅਤ ਨਹੀਂ ਦਰਅਸਲ ਔਰਤ ਨਾਲ ਦੇਹ ਸੋਸ਼ਣ ਦੇ ਵਧਦੇ ਕੇਸ ਕਾਰਜ ਖੇਤਰਾਂ

'ਚ ਵਧ ਰਹੇ ਉਹਨਾਂ ਮਰਦ ਮਨੋਰੋਗੀਆਂ ਦੀ ਸੰਖਿਆ ਸਾਹਮਣੇ ਲਿਆ ਰਹੇ ਹਨ। ਜੋ ਆਪਣੇ ਹੀ ਸਹਿਕਰਮੀਆਂ ਨੂੰ ਅਨਸਰ ਤੇ ਸਰੀਰਕ ਪੀੜਾ ਪਹੁੰਚਾਉਂਦੇ ਹਨ। ਬਹੁਤੇ ਥਾਵਾਂ 'ਤੇ ਔਰਤਾਂ ਬਦਨਾਮੀ ਦੇ ਡਰ ਆਪਣੇ ਨਾਲ ਹੁੰਦੀਆਂ ਜ਼ਿਆਦਤੀਆਂ ਦੀਆਂ ਸ਼ਿਕਾਇਤਾਂ ਨਹੀਂ ਕਰਦੀਆਂ ਇਸ ਨਾਲ ਅਜੇਹੇ ਸਮਾਜ ਵਰੋਧੀ ਅਨਸਰਾਂ ਦੀ ਹਿੰਮਤ ਵਧਦੀ ਹੈ ਜਿਸ ਦਾ ਸਿੱਟਾ ਤਣਾ ਗ੍ਰਸਿਤ ਔਰਤਾਂ ਨੂੰ ਆਤਮ ਹੱਤਿਆ ਜਾਂ ਹੱਤਿਆ ਦੇ ਰੂਪ 'ਚ ਭੁਗਤਣਾ ਪੈਂਦਾ ਹੈ।

# ਸੰਘ ਪ੍ਰੀਵਾਰ ਤੇ ਅੱਤਵਾਦ

ਜਦ ਮੁੰਬਈ ਪੁਲਸ ਦੇ ਅੱਤਵਾਦ ਵਿਰੋਧੀ ਦਸਤੇ ਦੇ ਮੁਖੀ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਮਾਲੇਗਾਂਵ ਵਿਸਫੋਟ ਸਬੰਧੀ ਜਿਨ੍ਹਾਂ ਲੋਕਾਂ ਤੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ ਉਹਨਾਂ ਦਾ ਮਾਲੇਗਾਂਵ ਤੇ ਮੋਦਸਾ ਧਮਾਕਿਆਂ ਨਾਲ ਸਬੰਧ ਹੈ। ਇਸ ਦਸਤੇ ਦੇ ਮੁਖੀ ਦਾ ਕਹਿਣਾਂ ਹੈ ਕਿ ਗ੍ਰਿਫਤਾਰ ਫੌਜ ਦੇ ਸਾਬਕਾ ਅਧਿਕਾਰੀਆਂ ਦਾ ਸੰਘ ਪਰਿਵਾਰ ਨਾਲ ਸਬੰਧ ਸਾਬਕਾ ਕਰਮਚਾਰੀਆਂ ਦੇ ਸਮੂਹ ਨਾਲ ਸਬੰਧਤ ਹੈ। ਪੁਲਸ ਨੇ ਸਾਧਵੀ ਪ੍ਰਤਿਗਿਆ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਜੋ ਹਿੰਦੂ ਅੱਤਵਾਦੀ ਸੰਗਠਨਾ ਦੀ ਸੰਸਥਾਪਕ ਹੈ। ਪੁਲਸ ਨੇ ਅਭਿਨਵ ਭਾਰਤ ਸੰਗਠਨ ਨਾਮੀ ਅੱਤਵਾਦੀ ਸਮੂਹ ਦੇ ਇਕ ਅੱਤਵਾਦੀ ਸਮੀਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਹਨਾਂ ਹਿੰਦੂ ਅੱਤਵਾਦੀ ਸਮੂਹਾਂ ’ਚ ਜਯ ਵੰਦੇ ਮਾਤਰਮ, ਜਯ ਕਲਿਆਣ ਤੇ ਰਾਸ਼ਟਰੀ ਜਾਗਰਣ ਮੰਚ ਵੀ ਸ਼ਾਮਲ ਹੈ। ਅਸੀਂ ਇਹਨਾਂ ਤੱਥਾਂ ਦੇ ਅਧਾਰ ’ਤੇ ਹੀ ਸੰਘ ਪਰਿਵਾਰ ਨੂੰ ਫਾਸਿਸਟ ਅੱਤਵਾਦੀ ਗ੍ਰੋਹ ਕਹਿੰਦੇ ਰਹੇ ਹਨ ਜੋ ਪੁਲਸ ਵੱਲੋਂ ਦਬਾਏ ਜਾਣ ਦੇ ਬਾਵਜੂਦ ਸਮੇਂ ਸਮੇਂ ਸਿਰ ਛਣ ਕੇ ਆ ਜਾ ਰਹੇ ਸਨ। ਦਰਅਸਲ ਸੰਘ ਤੇ ਉਸ ਦੇ ਬਹੁਤੇ ਸੰਗਠਨ ਅਰਧਗੁਪਤ ਫਾਸਿਸਟ ਅੱਤਵਾਦੀ ਸੰਗਠਨ ਹਨ ਜਿਨ੍ਹਾਂ ਨੇ ਭਾਰਤ ਦੇ ਸਭ ਤੋਂ ਵੱਧ ਪਿਛਾਖੜੀ ਰੂੜੀਵਾਦੀ ਸਮੂਹਾਂ ਅਤੇ ਪ੍ਰਕਾਰੰਤਰ ਨਾਲ ਸਾਰੀਆਂ ਸਰਕਾਰਾਂ ਤੋਂ ਸਿੱਧੇ ਜਾਂ ਅਸਿੱਧੇ ਹਮਾਇਤ ਹਾਸਲ ਕਰ ਰਿਹਾ ਹੈ ਅਤੇ ਇਸ ਕਾਰਨ ਹੀ ਇਹ ਫਾਸਿਸਟ ਅੱਤਵਾਦੀ ਗਰੋਹ ਸਾਰੇ ਏਨੇ ਤਾਕਤਵਾਰ ਹੋਏ ਹਨ ਅਤੇ ਇਹ ਅੱਤਵਾਦੀ ਗਰੋਹ ਹਰ ਅੱਤਵਾਦੀ ਵਾਰਦਾਤ ’ਤੇ ਇਸ ਲਈ ਹੋਰ ਜ਼ੋਰ ਨਾਲ ਚੀਖਦੇ ਹਨ ਅੱਤਵਾਦ ਮੁਰਦਾਬਾਦ ਠੀਕ ਇਉਂ ਹੀ ਜਿਵੇਂ ਕੋਈ ਸਾਜਿਸ਼ਕਾਰੀ ਦੇ ਦੇਸ਼ ਤੋਂ ਬਚਣ ਲਈ ਦੂਜੇ ’ਤੇ ਸਾਜਸ਼ੀ ਹੋਣ ਦਾ ਜ਼ੋਰਦਾਰ ਦੋਸ਼ ਲਾਉਂਦਾ ਹੈ। ਹਰ ਅੱਤਵਾਦੀ ਵਾਰਦਾਤ ਪਿਛੋਂ ਬਿਨਾਂ ਕਿਸੇ ਸਬੂਤਾਂ ਦੇ ਇਹ ਸੰਘੀ ਫਾਸਿਸਟ ਜਿਸ ਤਰ੍ਹਾਂ ਮੁਸਲਮਾਨਾਂ ’ਤੇ ਦੋਸ਼ ਲਾਉਂਦੇ ਸਨ ਉਹ ਸੁਰ ਪੈਦਾ ਕਰਦਾ ਹੈ। ਜਿਸ ਤਰ੍ਹਾਂ ਭਾਜਪਾ ਤੇ ਕੇਂਦਰ ਦੇ ਨਾਂ ’ਤੇ ਗ੍ਰਿਫਤਾਰ0 ਕੀਤਾ। ਉਹ ਵੀ ਸ਼ੱਕ ਪੈਦਾ ਕਰਦਾ ਹੈ। ਅਫਜਲ ਗੁਰੂ ਨੂੰ ਫਾਂਸੀ ’ਤੇ ਚੜ੍ਹਾਉਣ ਦੀ ਭਾਜਪਾ ਤੇ ਸੰਘੀਆਂ ਦੀ ਤੇਜੀ ਸ਼ੱਕ ਪੈਦਾ ਕਰਦੀ ਪਰ ਅੱਜ ਸਭ ਕੁਝ ਸਾਫ ਹੈ ਕਿ ਸੰਘੀ ਤੇ ਉਸ ਦੇ ਅਨੁਸਾਸਿਕ ਫਾਸਿਸਟ ਆਤੰਕੀ ਗਰੋਹ ਦੀਆਂ ਅੱਤਵਾਦੀ ਵਾਰਦਾਤਾਂ ’ਚ ਸ਼ਮੂਲੀਅਤ ਨਾਲ ਪੜਦਾ ਉਠ ਚੁੱਕਿਆ ਹੈ। ਤਦ ਫਿਰ ਮਾਲੇਗਾਂਵ ਅਤੇ ਮੋਦਸਾ ਵਿਸਫੋਟ ਕਾਡਾਂ ਦੀ ਹੀ ਜਾਂਚ ਨਹੀਂ ਹੋਣੀ ਚਾਹੀਦੀ ਵਰਨਾ ਸੰਸਦ ’ਚ ਹਮਲੇ ਦੀ ਅਸਲੀ ਮਾਸਟਰ ਮਾਈਂਡ ਦਾ ਗੋਧਰਾ ਦੇ ਅਸਲੀ ਮਾਸਟਰ ਮਾਈਂਡ ਦਾ ਪੂਰੇ ਦੇਸ਼ ’ਚ ਪਿਛਲੇ ਕਈ ਸਾਲਾਂ ’ਚ ਹੋਏ ਬੰਬ ਧਮਾਕਿਆਂ ਦੇ ਮਾਸਟਰ ਮਾਈਂਡ ਦਾ ਪਰਦਾਫਾਸ਼ ਹੋਣਾ ਚਾਹੀਦਾ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਸਾਰੇ ਬੰਬ ਧਮਾਕੇ ਸੰਘ ਅੱਤਵਾਦੀਆਂ ਨੇ ਕੀਤੇ ਪਰ ਹੁਣ ਜਦ ਕੱਟੜਪੰਥੀ ਸੰਗਠਨਾ ਦੀ ਸਮੂਲੀਅਤ ਦੀ ਗੱਲ ਸਾਹਮਣੇ ਆਈ ਹੈ ਤਾਂ ਉਪਰੋਕਿਤ ਸਭ ਕਾਂਡਾਂ ਦੀ ਜਾਂਚ ਉਹਨਾਂ ਗਰੋਹਾਂ ਨੂੰ ਧਿਆਨ ਚਰਖ ਕੇ ਹੀ ਹੋਣਾ ਚਾਹੀਦਾ ਹੈ ਅਤੇ ਇਹ ਕਹਿਣ ਦੀ ਲੋੜ ਨਹੀਂ ਕਿ ਭਾਰਤ ਦੇ ਅਖੌਤੀ ਧਰਮ ਨਿਰਪੱਖ ਲੋਕ ਰਾਜ ’ਚ ਇਹ ਸੰਭਵ ਨਹੀਂ ਹੈ ਕਿਉਂਕਿ ਹਿੰਦੂ

ਅੱਤਵਾਦੀ ਸੰਗਠਨਾ ਦੀ ਮਾਸਟਰਮਾਈਡ ਪ੍ਰਤਿਗਾ ਸਿੰਘ ਨਹੀਂ ਹੈ ਅਤੇ ਨਾ ਹੀ ਕਾਨਪੁਰ ’ਚ ਬੰਬ ਬਣਾਉਂਦੇ ਮਾਰੇ ਗਏ ਬਜਰੰਗ ਦਲ ਦੇ ਵਰਕਰ ਹਨ ਅਤੇ ਇਸ ਦਾ ਵਿਸਥਾਰ ਫਿਰ ਕਦੇ ਸਹੀ ਬਲਕਿ ਇਸ ਦੇ ਮਾਸਟਰਮਾਈਡ ਨਾਗਪੁਰ ’ਚ ਬੈਠੇ ਹਨ, ਇਸ ਦੇ ਮਾਸਟਰ ਮਾਈਡ ਕਈ ਰਾਜ ਸਰਕਾਰਾਂ ਦੇ ਮੁਖੀ ਹਨ। ਪ੍ਰਤਿਗਾ ਸਿੰਘ ਅਤੇ ਅਜਿਹੇ ਹੀ ਕਈ ਹਿੰਦੂ ਨੌਜਵਾਨਾਂ ਮੁਟਿਆਰਾਂ ਤਾਂ ਬੱਸ ਮੋਹਰੇ ਹੀ ਹਨ। ਜਿਨ੍ਹਾਂ ਨੂੰ ਹਿੰਦੂ ਹੋਣ ਦੇ ਨਾਂ ਮੁਸਲਮਾਨ ਦਾ ਭੈਅ ਪੈਦਾ ਕਰਕੇ ਰਾਸ਼ਟਰਵਾਦੀ ਮਿੱਠੀਆਂ ਮਿੱਠੀਆਂ ਗੱਲਾਂ ’ਚ ਉਲਝਾ ਕੇ ਵਰਗ ਲਾਇਆ ਜਾਂਦਾ ਹੈ ਹੋਣਾ ਤਾਂ ਇਹ ਚਾਹੀਦਾ ਸੀ ਕਿ ਸੰਘ ਅਤੇ ਉਸ ਦੇ ਜਮਾਂਦਰੂ ਅੱਤਵਾਦੀ ਸੰਗਠਨਾ ਨੂੰ ਦੇਸ਼ ਧ੍ਰੋਹ ਲਈ ਨੰਗਿਆ ਕਰ ਦਿੱਤਾ ਜਾਂਦਾ ਬਲਕਿ ਉਸ ਦੇ ਜਥੇਬੰਦਕ ਢਾਂਚੇ ਨੂੰ ਆਮ ਨਾਗਰਿਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ, ਦੇਸ਼ ਦੇ ਹਿੱਤਾਂ ਦੇ ਮੱਦੇਨਜ਼ਰ ਤੋੜ ਦਿੱਤਾ ਜਾਂਦਾ। ਇਹਨਾਂ ਸੰਘੀ ਅੱਤਵਾਦੀ ਗਰੋਹਾਂ ਦੇ ਸਰਗਾਨਿਆਂ ’ਤੇ ਜਨਤਾ ਦੀ ਖੁੱਲੀ ਅਦਾਲਤ ’ਚ ਮੁਕੱਦਮਾ ਚੱਲਦਾ ਜਿਹਨਾਂ ਨੇ ਆਪਣੇ ਫਾਸਿਸਟ ਮੰਸੂਬਿਆ ਦੀ ਪੂਰਤੀ ਲਈ ਆਪਣੇ ਇਤਿਹਾਸ ਦੇ 80 ਤੋਂ ਵੱਧ ਸਾਲਾਂ ’ਚ ਅਨੇਕਾਂ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ ਜਾਂ ਦੇਸ਼ ਵਾਸੀਆਂ ਵਿਰੁੱਧ ਸਾਜਿਸ਼ ਕੀਤੀ ਹੈ। ਪਰ ਐਸਾ ਸੰਘੀ ਫਾਸਿਸਟ ਅੱਤਵਾਦੀ ਸਮੂਹਾਂ ਦੀ ਮਦਦ ਕਰਨ ਵਾਲੀਆਂ ਸਰਕਾਰਾਂ ਨਹੀਂ ਕਰ ਸਕਦੀਆਂ। ਅਜਿਹਾ ਤਾਂ ਸਿਰਫ ਕਈ ਜਨਤਕ ਅਧਾਰ ਵਾਲੀ ਸਰਕਾਰ ਹੀ ਕਰ ਸਕਦੀ ਹੈ। ਸੰਘੀ ਫਾਸਿਸਟ ਵੱਖਰਾ ਨਹੀਂ ਹੈ ਜੇ ਅਸੀਂ ਨਹੀਂ ਚਾਹੁੰਦੇ ਕਿ ਕੋਈ ਦੇਸ਼ ਧ੍ਰੋਹੀ ਅੱਤਵਾਦੀ ਸੰਗਠਨ ਸਾਡੇ ’ਤੇ ਹਕੂਮਤ ਕਰੇ, ਜੇ ਅਸੀਂ ਨਹੀਂ ਚਾਹੁੰਦੇ ਕਿ ਅਸੀਂ ਤੇ ਦੂਜੀ ਪੂਰੀ ਪੀੜੀ ਹਰ ਪਲ ਬੰਬ ਵਿਸਫੋਟਾਂ ਦੇ ਪਰਛਾਵੇ ’ਚ ਜਿਉਂਦੇ ਤਾਂ ਪੂਰੀ ਤਨਦੇਹੀ ਨਾਲ ਸੰਘੀ ਅੱਤਵਾਦੀਆਂ ਵਿਰੁੱਧ ਲੜਨਾ ਪੈਣਾ ਹੈ। ਨਹੀਂ ਤਾਂ ਸਾਨੂੰ ਵੀ ਉਹੀ ਸਜਾ ਮਿਲੇਗੀ ਜੋ ਹਿਟਲਰ ਦੇ ਰਾਜ ਵਿੱਚ ਜਰਮਨਾ ਨੂੰ ਮਿਲੀ ਸੀ ਅਤੇ ਜੇ ਕੋਈ ਇਸ ਮੁਗਾਲਤੇ ’ਚ ਹੈ ਕਿ ਉਹ ਹਿੰਦੂ ਹੋਣ ਕਾਰਨ ਸੰਘੀ ਅੱਤਵਾਦੀਆਂ ਤੋਂ ਬਚ ਜਾਵੇਗਾ ਤਾਂ ਉਹ ਉਸ ਦੀ ਸਭ ਤੋਂ ਵੱਡੀ ਭੁੱਲ ਹੋਵੇਗੀ। ਅੱਤਵਾਦ ਵਿਰੁੱਧ ਲੜਾਈ ਲਈ ਜਰੂਰੀ ਹੈ ਹਰ ਤਰ੍ਹਾਂ ਦੇ ਅੱਤਵਾਦ ਵਿਰੁੱਧ ਲੜਾਈ ਲਈ ਲਾਜਮੀ ਹੈ ਹਰ ਤਰ੍ਹਾਂ ਦੇ ਅੱਤਵਾਦ ਨਾਲ ਲੜਿਆ ਜਾਵੇ ਅਤੇ ਇਸ ’ਚ ਵੀ ਸਭ ਤੋਂ ਪ੍ਰਮੁੱਖ ਨਿਸ਼ਾਨਾ ਰਾਜ ਅੱਤਵਾਦ ਤੇ ਉਸ ਦਾ ਸੱਜਾ ਹੱਥ ਬਣ ਕੇ ਫੁੱਲਦਾ ਵਧਦਾ ਸੰਘੀ ਅੱਤਵਾਦ ਹੋਣਾ ਚਾਹੀਦਾ ਹੈ।

# ਕੌਮੀ ਰੁਜ਼ਗਾਰ ਗਰੰਟੀ ਯੋਜਨਾ

ਜਿਨ੍ਹਾਂ ਲੋਕਾਂ ਨੇ ਨਰੇਗਾ ਆਸਰੇ ਜਿਉਣ ਦਾ ਸਹਾਰਾ ਤੱਕਿਆ ਸੀ ਇਹ ਕਾਨੂੰਨ ਉਹਨਾਂ ਲਈ ਜਿਉਣ ਦਾ ਸਹਾਰਾ ਨਹੀਂ ਬਣਿਆ ਬਲਕਿ ਉਲਟਾ ਉਹਨਾਂ ਹੀ ਲੋਕਾਂ ਨੂੰ ਬੇਘਰ ਕਰ ਦਿੱਤਾ। ਲੋਕ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਦਰਜਨਾਂ ਬੱਚੇ ਇਸ ਕਾਰਨ ਅਨਾਥ ਹੋ ਗਏ ਹਨ, ਕਈ ਸੁਹਾਗਣਾ ਦੇ ਸੁਹਾਗ ਉਜੜ ਗਏ ਹਨ। ਇਜਤ ਨਾਲ ਜਿਉਣ ਦਾ ਹੱਕ ਦੇਣ ਦੀ ਬਜਾਏ ਇਸ ਕਾਨੂੰਨ ਨੇ ਸਦਾ ਲਈ ਸੈਂਕੜੇ ਲੋਕਾਂ ਨੂੰ ਉਦਾਸੀ ਦੀ ਘੁੰਮਣਘੇਰੀ 'ਚ ਧੱਕ ਦਿੱਤਾ ਹੈ। ਕਈ ਪ੍ਰੀਵਾਰਾਂ 'ਤੇ ਤਾਂ ਇਸ ਨੇ ਅਜਿਹਾ ਕਹਿਰ ਵਰਸਾਇਆ ਹੈ ਕਿ ਉਹ ਇਸ ਵਿਚੋਂ ਕਈ ਪੀੜੀਆਂ ਤਕ ਬਾਹਰ ਨਹੀਂ ਆ ਸਕਣਗੇ। ਝਾਰਖੰਡ ਵਿਚ ਤਾਂ ਇਸ ਨੇ ਗਜਬ ਦਾ ਕਹਿਰ ਵਰਸਾਇਆ ਹੈ। ਹੁਣ ਤਕ ਇਸ ਨੇ 8 ਲੋਕਾਂ ਦੀ ਜਾਨ ਲੈ ਲਈ ਹੈ। ਕਿਸੇ ਨੇ ਇਸ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਤਾਂ ਕਿਸੇ ਨੇ ਭੁੱਖ ਨਾਲ ਦਮ ਤੋੜ ਦਿੱਤਾ। ਇਸ ਤੋਂ ਇਲਾਵਾ ਕਿਸੇ ਨੂੰ ਇਸ ਕਾਰਨ ਆਪਣੀ ਜਾਨ ਗੁਆਉਣੀ ਪਈ ਕਿਉਂਕਿ ਉਸ ਨੇ ਇਸ ਕਾਨੂੰਨ 'ਚ ਵਿਖਾਏ ਸਬਜ ਬਾਗਾਂ ਮੁਤਾਬਕ ਆਪਣਾ ਹੱਕ ਮੰਗਣਾ ਸ਼ੁਰੂ ਕਰ ਦਿੱਤਾ ਸੀ। ਜੇ ਭੁੱਖ 'ਤੇ ਇਲਾਜ ਦੀ ਘਾਟ 'ਚ ਮਰਨ ਵਾਲਿਆਂ ਦੀ ਗਿਣਤੀ ਇਸ ਵਿਚ ਜੋੜ ਲਈ ਜਾਵੇ ਤਾਂ ਇਹ ਅੰਕੜਾ ਤਿੰਨ ਅੰਕ ਪਾਰ ਕਰ ਜਾਵੇਗਾ। 15 ਅਗਸਤ ਨੂੰ ਰਾਂਚੀ ਜਿਲੇ ਦੇ ਗੁੜਗੁੜਬਾੜੀ ਦੀ 55 ਸਾਲਾ ਭੁਖਲੀ ਕਾਕੀ ਮੌਤ ਦੇ ਮੂੰਹ ਵਿਚ ਜਾ ਪਈ ਕਿਉਂਕਿ ਉਸ ਦਾ ਇਲਾਜ ਇਸ ਕਰਕੇ ਨਹੀਂ ਹੋ ਸਕਿਆ ਕਿਉਂਕਿ ਕਈ ਮਹੀਨੇ ਲੰਘ ਜਾਣ ਪਿਛੋਂ ਵੀ ਨਰੇਗਾ ਤਹਿਤ ਕੀਤੇ ਕੰਮ ਦਾ ਭੁਗਤਾਨ ਉਸ ਨੂੰ ਨਹੀਂ ਸੀ ਹੋ ਸਕਿਆ। ਇਲਾਜ ਖੁਣੋ ਉਸ ਨੇ ਦਮ ਤੋੜ ਦਿੱਤਾ। ਆਖਰ ਇਸ ਮੌਤ ਲਈ ਕੌਣ ਜਿੰਮੇਵਾਰ ਹੈ? ਮੋਦੀ ਨਗਰ ਦੇ ਮਨਾਤੂ ਡਵੀਜਨ ਦੇ ਸੁੱਗੀ ਨਿਵਾਸੀ ਸ਼ਿਵਸ਼ੰਕਰ ਨੇ ਇਸ ਪ੍ਰੋਗ੍ਰਾਮ ਤੋਂ ਤੰਗ ਆ ਕੇ 17 ਅਗਸਤ ਨੂੰ ਫਾਂਸੀ ਲਾ ਲਈ। ਰਾਂਚੀ ਜਿਲੇ ਦੇ ਹੀ ਬੁੰਡੂ ਡਵੀਜ਼ਨ ਦੇ ਗਿਤਿਲਹੀੜ ਵਾਸੀ ਤੁਰਿਆ ਮੁੰਡਾ ਨੇ ਵੀ 2 ਫਰਵਰੀ ਨੂੰ ਆਪਣੇ ਘਰ ਕੋਲ ਦਰਖਤ ਨਾਲ ਲਟਕ ਕੇ ਆਪਣਾ ਜੀਵਨ ਖਤਮ ਕਰ ਲਿਆ। ਪਿਛਲੇ ਇਕ ਸਾਲ ਤੋਂ ਨਰੇਗਾ ਤਹਿਤ ਕੀਤੇ ਗਏ ਕੰਮ ਦਾ ਭੁਗਤਾਨ ਉਸ ਨੂੰ ਨਹੀਂ ਹੋਇਆ ਸੀ। ਗਰੀਬੀ ਕਾਰਨ ਇਲਾਜ ਨਾ ਹੋ ਸਕਣ ਕਰਕੇ ਪਹਿਲਾਂ ਉਸ ਦੀ ਪਤਨੀ ਸਾਥ ਛੱਡ ਗਈ ਸੀ। ਮੋਦੀ ਨਗਰ ਵਿਚ ਹੀ ਨਰੇਗਾ ਤਹਿਤ ਹੋ ਰਹੀ ਲੁੱਟ ਘਸੁੱਟ ਵਿਰੁੱਧ ਆਵਾਜ਼ ਉਠਾਉਣ ਕਾਰਨ 14 ਮਈ ਨੂੰ ਲਲਿਤ ਮਹਿਤਾ ਦੀ ਹੱਤਿਆ ਕਰ ਦਿਤੀ ਗਈ। ਇਸ ਜੁਲਮ 'ਚ ਗਿਰੀਛੀਹ ਜਿਲੇ ਦੇ ਦੇਵਰੀ 'ਚ 12 ਜੂਨ ਨੂੰ ਕਾਮੇਸ਼ਵਰ ਯਾਦਵ ਨੂੰ ਵੀ ਜਾਨ ਗਵਾਉਣੀ ਪਈ। ਕੋਡਆ ਜ਼ਿਲ੍ਹੇ ਦੇ ਮਰਕੱਚੋ ਪ੍ਰਖੰਡ ਦੇ ਮਸਮੋਹਨਾ ਪਿੰਡ ਨਿਵਾਸੀ ਮਹਿੰਦਰ ਪੁਰੀ ਦੀ ਮੌਤ ਦਾ ਕਾਰਨ ਵੀ ਇਹੀ ਨਰੇਗਾ ਬਣਿਆ। ਹਜਾਰੀ ਬਾਰਾ ਜਿਲੇ ਦੀ ਚੁਰਚਰੂ ਡਵੀਜ਼ਨ ਦਾ ਤਾਪਸ ਸੋਰੇਨ ਤਾਂ ਸੜਕ ਵਿਚਕਾਰ ਸੈਂਕੜੇ ਲੋਕਾਂ ਸਾਹਮਣੇ 2 ਜੁਲਾਈ ਨੂੰ ਮਿੱਟੀ ਦਾ ਤੇਲ ਪਾ ਕੇ ਸੜ ਮਰਿਆ। ਕਾਨੂੰਨ ਲਾਗੂ ਹੋਣ ਪਿਛੋਂ ਝਾਰਖੰਡ 'ਚ ਕੁਲ 37 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪੇਂਡੂ ਗਰੀਬ ਲੋਕਾਂ ਦੇ ਖਾਲੀ ਹੱਥਾਂ 'ਤੇ ਖਾਲੀ ਪੇਟ ਨੂੰ ਭਰ ਕੇ

ਉਹਨਾਂ ਦੇ ਚਿਹਰੇ 'ਤੇ ਮੁਸਕਰਾਹਟ ਲਿਆਉਣ ਦੇ ਅਖੌਤੀ ਉਦੇਸ ਨਾਲ ਬਣਿਆ ਨਰੇਗਾ ਕਾਨੂੰਨ ਦੀ ਪੋਲ ਇਹਨਾਂ ਦੋ ਸਾਲਾਂ 'ਚ ਖੁੱਲ੍ਹ ਚੁੱਕੀ ਹੈ। ਪਿਛਲੇ ਦੋ ਸਾਲਾਂ ਤੋਂ ਲਾਗੂ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦਾ ਹਾਲ ਇਹ ਸਾਬਤ ਕਰ ਰਿਹਾ ਹੈ ਕਿ ਪੇਂਡੂ ਭਾਰਤ ਦੇ 78 ਕਰੋੜ ਲੋਕਾਂ ਦੇ ਪ੍ਰੀਵਾਰਾਂ 'ਚੋਂ ਗਰੀਬ ਪ੍ਰੀਵਾਰ ਦੇ ਹਰ ਇਕ ਮੈਂਬਰ ਨੂੰ ਸਾਲ 'ਚ 100 ਦਿਨ ਦਾ ਕੰਮ ਦੇ ਕੇ ਸਨਮਾਨਪੂਰਵਕ ਜਿਉਣ ਦਾ ਹੱਕ ਦੇਣ ਦੀ ਗੱਲ ਛਲਾਵੇ ਤੋਂ ਬਿਨਾ ਹੋਰ ਕੁਝ ਨਹੀਂ ਹੈ। ਸਚਾਈ ਤਾਂ ਇਹ ਹੈ ਕਿ ਪਹਿਲਾਂ ਤੋਂ ਦੇਸ 'ਚ ਚਲਦੀਆਂ ਵੱਖ ਵੱਖ ਯੋਜਨਾਵਾਂ ਦਾ (ਸੰਪੂਰਨ ਰੁਜ਼ਗਾਰ ਪੇਂਡੂ ਯੋਜਨਾ, ਐਨ. ਐਫ. ਪੀ ਡਬਲਯੂ ਆਦਿ) ਹੀ ਬਦਲਿਆ ਤੇ ਸੋਧਿਆ ਹੋਇਆ ਰੂਪ ਹੈ। ਮੁੱਖ ਮੁੱਦਿਆਂ ਤੋਂ ਧਿਆਨ ਲਾਂਭੇ ਕਰਨ ਸਮੇਂ ਸਮੇਂ 'ਤੇ ਹਾਕਮ ਜਮਾਤਾਂ ਵਲੋਂ ਤਰ੍ਹਾਂ ਤਰ੍ਹਾਂ ਦੇ ਐਲਾਨ ਜਾਂ ਕਾਨੂੰਨੀ ਗੱਲਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਇਹ ਵੀ ਉਸੇ ਲੜੀਦੀ ਇਕ ਕੜੀ ਹੀ ਹੈ। ਦਰਅਸਲ ਆਰਥਕ ਸੁਧਾਰ ਦੇ ਨਾਂ 'ਤੇ 1990 ਦੇ ਦਹਾਕੇ ਤੋਂ ਲਾਗੂ ਆਰਥਕ ਨੀਤੀਆਂ ਦੇ ਸਿੱਟੇ ਵਜੋਂ ਰੁਜ਼ਗਾਰ ਦੇ ਮੌਕੇ ਲਗਾਤਾਰ ਸਿਮਟਦੇ ਜਾ ਰਹੇ ਸਨ। ਇਸ ਦਾ ਅਸਰ ਸਾਫ ਸਾਫ ਨਜ਼ਰ ਆਉਣ ਲੱਗਿਆ ਸੀ। ਇਹਨਾਂ ਨੀਤੀਆਂ ਤੋਂ ਪ੍ਰਭਾਵਿਤ ਲੋਕ ਉਸ ਵੇਲੇ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਤੋਂ ਖਫਾ ਸਨ। ਇਸ ਦਾ ਲਾਭ ਉਠਾ ਕੇ ਸੱਤਾ ਦੀ ਚਾਬੀ ਹਾਸਿਲ ਕਰਨ ਹਿੱਤ ਕਾਂਗਰਸ ਦੀ ਅਗਵਾਈ 'ਚ ਬਣੀ ਯੂ. ਪੀ. ਏ. ਸਰਕਾਰ ਨੇ ਮਨੁੱਖੀ ਚਿਹਰੇ ਨਾਲ ਆਰਥਕ ਸੁਧਾਰਾਂ ਦੀਆਂ ਨੀਤੀਆਂ ਨੂੰ ਲਾਗੂ ਕਰਨ ਦਾ ਫੈਸਲਾ ਲਿਆ। ਇਸ ਲੜੀ 'ਚ ਰੁਜ਼ਗਾਰ ਗਰੰਟੀ ਪ੍ਰੋਗ੍ਰਾਮ ਦੀ ਯੋਜਨਾ ਬਣੀ ਸੀ। ਸਰਕਾਰ 'ਚ ਸ਼ਾਮਲ ਤੇ ਸਰਕਾਰ ਨੂੰ ਬਾਹਰੋਂ ਹਮਾਇਤ ਦੇ ਰਹੀਆਂ ਪਾਰਟੀਆਂ 'ਘੱਟੋ ਘੱਟ ਸਾਂਝਾ ਪ੍ਰੋਗਾਮ' ਬਣਾਇਆ ਸੀ। ਜਿਸ 'ਚ ਰੁਜ਼ਗਾਰ ਤਰਜੀਹ ਦੇਣ ਦੀ ਸਹਿਮਤੀ ਬਣੀ ਸੀ। ਸਭ ਨੇ ਖਤਮ ਹੁੰਦੇ ਜਾ ਰਹੇ ਰੁਜ਼ਗਾਰ ਦੇ ਮੌਕਿਆਂ ਤੋਂ ਧਿਆਨ ਹਟਾਉਣ ਲਈ ਰੁਜ਼ਗਾਰ ਦੇਣ ਦੀ ਗਰੰਟੀ ਦਾ ਮਿਲ ਕੇ ਢੌਂਗ ਰਚਿਆ। ਇਸ ਵਿਚ ਕੇਸ ਦੀਆਂ ਮਸ਼ਹੂਰ ਹਸਤੀਆਂ ਦੀ ਵੀ ਸਹਿਯੋਗ ਸਲਾਹਕਾਰ ਪ੍ਰੀਸ਼ਦ ਬਣਾ ਕੇ ਲਿਆ ਗਿਆ ਜਿਸ ਦਾ ਚਿਹਰਾ ਹਾਕਮ ਜਮਾਤ ਨੇ ਹੀ ਸਾਜਿਸ ਤਹਿਤ ਜਨਤਾ ਦੇ ਰਹਿਨੁਮਾ ਵਜੋਂ ਸਥਾਪਤ ਕੀਤਾ ਸੀ ਇਸ ਦੀ ਅਗਲੀ ਕੜੀ ਫਿਰ ਹੁਣ ਛੇਵੇਂ ਕਮਿਸ਼ਨ ਦੀਆਂ ਸਿਫਾਰਸਾਂ ਵਜੋਂ ਸਾਹਮਣੇ ਆਈ ਹੈ। ਨਵੀਆਂ ਆਰਥਕ ਨੀਤੀਆਂ ਦੇ ਤਹਿਤ ਤੇਜੀ ਨਾਲ ਕੀਤੇ ਜਾ ਰਹੇ ਨਿਜੀਕਰਨ, ਮਸ਼ੀਨੀਕਰਨ, ਛਾਂਟੀ ਤੇ ਸੰਗਠਿਤ ਖੇਤਰ ਦੇ ਕਰਮਚਾਰੀਆਂ ਦੇ ਅਧਿਕਾਰਾਂ 'ਚ ਕੀਤੀ ਜਾ ਰਹੀ ਕਟੌਤੀ ਵਿਰੁੱਧ ਉਠਣ ਵਾਲੀਆਂ ਆਵਾਜ਼ਾਂ ਠੱਪ ਕਰਨ ਲਈ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਹਾਕਮ ਜਮਾਤ ਹਰ ਵਾਰੀ ਕਮਿਸ਼ਨ ਦਾ ਸਹਾਰਾ ਹੀ ਲੈਂਦਾ ਰਿਹਾ ਹੈ। ਰੁਜ਼ਗਾਰ ਦੇ ਸੁਆਲ 'ਤੇ ਭਵਿੱਖ 'ਚ ਹੋਰ ਵੀ ਤਿਗੜਮਾ ਨਹੀਂ ਕੀਤੀਆਂ ਜਾਣਗੀਆਂ, ਇਹ ਕਹਿਣਾ ਕਠਿਨ ਹੈ ਕਮਿਸ਼ਨ ਅੰਕੜਾ ਤੇ ਸੁਧਾਰ ਦੇ ਸਹਾਰੇ ਹਾਕਮ ਜਮਾਤ ਆਪਣਾ ਏਜੰਡਾ ਲਾਗੂ ਕਰਨ 'ਚ ਅੱਜ ਤਕ ਸਫ਼ਲ ਹੁੰਦਾ ਰਿਹਾ ਹੈ। ਇਸ ਕਾਨੂੰਨ 'ਚ ਵੀ ਸਰਕਾਰੀ ਅੰਕੜਿਆਂ ਦੇ ਸਹਾਰੇ ਆਪਣੀ ਕਿਸ਼ਤੀ ਪਾਰ ਲਾਉਣ ਦੀ ਭਰਪੂਰ ਕੋਸ਼ਿਸ਼ ਕੀਤੀ ਜਾ ਰਹੀ ਹੈ। 2 ਫਰਵਰੀ 2006 ਤੋਂ ਲਾਗੂ ਹੋ ਕੇ ਇਹ ਕਾਨੂੰਨ ਦੋ ਸਾਲ ਤੋਂ ਵੱਧ ਦਾ ਸਫਰ ਤਹਿ ਕਰ ਚੁਕਿਆ ਹੈ। ਇਸ ਅਰਸੇ 'ਚ ਇਸ ਦੇ ਉਦੇਸ਼ ਪ੍ਰਾਪਤੀ ਤੇ ਲਾਭ 'ਤੇ ਨਜ਼ਰ ਮਾਰ ਕੇ ਮੂਲ ਅੰਕਣ

ਕਰਨਾ ਜ਼ਰੂਰੀ ਹੈ। ਵਿਤੀ ਸਾਲ 2006-07 'ਚ ਇਸ ਦੇਸ਼ ਦੇ ਚੋਣਵੇਂ 200 ਜਿਲਿਆਂ 'ਚ ਲਾਗੂ ਕੀਤਾ ਗਿਆ ਸੀ। ਇਸ ਦੇ ਲਈ 10000 ਕਰੋੜ ਰੁਪਏ ਕੇਂਦਰ ਨੇ ਅਲਾਟ ਕੀਤਾ ਸੀ। ਵਿਤੀ ਸਾਲ 2007-08 'ਚ ਇਸ ਨੂੰ ਹੋਰ ਵੀ 130 ਜਿਲਿਆਂ 'ਚ ਵਧਾਇਆ ਗਿਆ। ਇਸ ਲਈ ਅਲਾਟ ਰਾਸ਼ੀ 12000 ਕਰੋੜ ਰੁਪਏ ਸੀ ਇਸ ਵਿੱਤੀ ਸਾਲ 2008-09 'ਚ ਅਪ੍ਰੈਲ ਤੋਂ ਇਸ ਨੂੰ ਬਾਕੀ ਸਾਰੇ ਜਿਲਿਆਂ 'ਚ ਕੁਲ ਮਿਲਾ ਕੇ 596 ਜਿਲਿਆਂ 'ਚ ਲਾਗੂ ਕਰ ਦਿੱਤਾ ਗਿਆ ਹੈ। ਇਸ ਦੇ 'ਚ ਹਰੇਕ ਜਿਲੇ ਲਈ ਔਸਤ ਜਿਥੇ 56.5 ਕਰੋੜ ਰੁਪਏ ਅਲਾਟ ਕੀਤੇ ਗਏ ਸਨ ਉਹ ਵਿਤੀ ਸਾਲ 2008-09 'ਚ ਘਟ ਕੇ 26.85 ਕਰੋੜ ਰੁਪਏ ਹੋ ਗਿਆ ਹੈ। ਜਦ ਕਿ ਪਹਿਲਾਂ ਵੰਡੀ ਰਾਸ਼ੀ ਖਰਚ ਨਹੀਂ ਕੀਤੀ ਗਈ ਹੈ। ਇਸ ਰਾਸ਼ੀ ਨੂੰ ਖਪਤ ਤੇ ਲਾਭ ਦੇ ਹਿਸਾਬ ਨਾਲ ਜੇ ਵੇਖਿਆ ਜਾਵੇ ਤਾਂ ਇਸ ਵਿਚ ਵੀ ਪ੍ਰਗਤੀ ਦੀ ਬਜਾਏ ਘਾਟਾ ਹੀ ਪਿਆ ਹੈ। ਸਾਲ 2006-07 'ਚ ਜਿਥੇ ਅਲਾਟ ਮੈਂਟ ਦਾ 73.08 ਫੀਸਦੀ ਰਾਸ਼ੀ ਵਰਤੋਂ 'ਚ ਲਿਆਂਦੀ ਗਈ ਉਥੇ ਸਾਲ 2007-08 'ਚ ਘਟ ਕੇ 63.37 ਫੀਸਦੀ ਰਹਿ ਗਈ। ਹੁਣ ਤੱਕ ਦੇ ਅਨੁਭਵ ਤੋਂ ਸਪਸ਼ਟ ਹੈ ਕਿ ਦੋ ਸਾਲਾਂ 'ਚ ਜਿਨ੍ਹਾਂ ਜਿਲਿਆਂ 'ਚ ਇਸ ਕਾਨੂੰਨ ਨੂੰ ਲਾਗੂ ਕੀਤਾ ਗਿਆ ਉਥੇ 100 ਦਿਨ ਤਾਂ ਕੀ 50 ਦਿਨ ਦਾ ਰੁਜ਼ਗਾਰ ਵੀ ਨਹੀਂ ਦਿੱਤਾ ਜਾ ਸਕਿਆ। ਝਾਰਖੰਡ 'ਚ ਵੀ ਇਸ ਦੀ ਸਥਿਤੀ ਬੇਹਤਰ ਨਹੀਂ ਹੈ। ਝਾਰਖੰਡ ਦੇ 22 ਚੋਂ 20 ਜਿਲਿਆਂ 'ਚ ਇਹ ਕਾਨੂੰਨ ਪਹਿਲੇ ਵਿਤੀ ਸਾਲ ਤੋਂ ਲਾਗੂ ਕੀਤਾ ਗਿਆ। ਸਾਲ 2006-07 ਝਾਰਖੰਡ 'ਚ ਇਸ ਸਨ 'ਚ 982. 21 ਕਰੋੜ ਮਿਲੇ ਸਨ ਜਿਸ ਵਿਚੋਂ 711.55 ਕਰੋੜ ਰੁਪਏ ਹੀ ਖਰਚ ਕੀਤੇ ਯਾਨੀ ਅਲਾਟਮੈਂਟ ਦਾ 72.44 ਫੀਸਦੀ ਰਾਸ਼ੀ ਖਰਚ ਕੀਤੀ ਗਈ ਸੀ ਸਾਲ 2007-08 'ਚ 1104.81 ਕਰੋੜ ਰੁਪਏ ਇਸ ਮਦ 'ਚ ਮਿਲੇ ਵਿਚੋਂ 786.39 ਕਰੋੜ ਰੁਪਏ ਯਾਨੀ 69.59 ਫੀਸਦੀ ਰਾਸ਼ੀ ਖਰਚ ਕੀਤੀ ਗਈ ਸੀ ਇਸ ਵਿਤੀ ਸਾਲ 'ਚ ਝਾਰਖੰਡ ਨੂੰ 1230 ਕਰੋੜ ਰੁਪਏ ਅਲਾਟ ਕੀਤੇ ਗਏ ਜਿਸ 'ਚ ਖਰਚ ਕੀਤੀ ਜਾ ਰਹੀ ਰਾਸ਼ੀ ਦੀ ਰਫਤਾਰ ਬਹੁਤ ਮੱਠੀ ਹੈ।

ਹੁਣ ਜ਼ਰਾ ਅਸਲ ਸਥਿਤੀ 'ਤੇ ਗੌਰ ਕਰੀਏ ਕਿ ਇਸ ਸਕੀਮ 'ਚ ਕੀ ਸਾਰੇ ਲਾਭ-ਪਾਤਰੀਆਂ, ਜਰੂਰਤ ਮੰਦਾਂ ਨੂੰ 100 ਦਿਨ ਦਾ ਰੁਜ਼ਗਾਰ ਦੇਣਾ ਸੰਭਵ ਹੈ? ਦੋ ਸਾਲਾਂ ਦੇ ਅਨੁਭਵ ਤੋਂ ਸਰਕਾਰੀ ਅੰਕੜਿਆਂ ਦੇ ਆਧਾਰ 'ਤੇ ਹੀ ਨਾਕਾਰਤਮਕ ਸਿੱਧ ਹੋਏ ਹਨ। ਸਰਕਾਰੀ ਅੰਕੜਿਆਂ ਅਨੁਸਾਰ ਹੀ 1999-2000 'ਚ ਕੇਸ਼ 'ਚ ਕੁਲ ਪੇਂਡੂ ਪ੍ਰੀਵਾਰਾਂ ਦੀ ਗਿਣਤੀ 13.7 ਕਰੋੜ ਹੈ ਜਿਸ ਵਿਚ 5.51 ਕਰੋੜ (ਪੂਰੀ ਆਬਾਦੀ ਦਾ 40 ਫੀਸਦੀ) ਪੇਂਡੂ ਮਜ਼ਦੂਰ ਹਨ। ਇਸ ਦੇ ਅਧਾਰ ਤੇ 1 ਅਪ੍ਰੈਲ 2008 ਨੂੰ ਪੇਂਡੂ ਮਜ਼ਦੂਰਾਂ ਦੀ ਗਿਣਤੀ 6.42 ਕਰੋੜ ਹੋਵੇਗੀ ਇਹ ਸੰਖਿਆ ਸਾਰੇ ਦੇਸ਼ ਦਾ ਸਲਾਨਾ ਜਨਸੰਖਿਆ1.93 ਫੀਸਦੀ ਹੈ। ਜੇ ਇਸ 6.42 ਕਰੋੜ ਵਿਚੋਂ 80 ਫੀਸਦੀ ਵੀ 100 ਦਿਨ ਦੇ ਕੰਮ ਦੀ ਮੰਗ ਕਰਨ ਤਾਂ ਉਹਨਾਂ ਦੀ ਗਿਣਤੀ 5.14 ਕਰੋੜ ਰੁਪਏ ਹੋਵੇਗੀ। ਜੇ ਇਸ ਨੂੰ 5 ਕਰੋੜ ਵੀ ਮੰਨ ਲਿਆ ਜਾਵੇ ਤਾਂ ਘੱਟੋ-ਘੱਟ 70 ਰੁਪਏ ਮਜ਼ਦੂਰੀ ਦੇ ਹਿਸਾਬ ਨਾਲ ਵੀ ਕੁਲ 35000 ਕਰੋੜ ਰੁਪਏ ਦੀ ਲੋੜ ਹੋਵੇਗੀ। ਪਹਿਲੇ ਦੋ ਸਾਲਾਂ ਦੀ ਮਜ਼ਦੂਰੀ ਤੇ ਹੋਰ ਖਰਚੇ ਨੂੰ ਧਿਆਨ 'ਚ ਰਖ ਕੇ ਵੇਖੀਏ ਤਾਂ ਮਜ਼ਦੂਰੀ ਤੇ ਹੋਰ ਖਰਚਿਆ ਦਾ ਇਹ ਅਨੁਪਾਤ 70:30 ਦਾ ਰਿਹਾ ਹੈ। ਇਸ ਤਰ੍ਹਾਂ 50000 ਕਰੋੜ ਰੁਪਏ ਦੀ ਲੋੜ ਇਸ ਲਈ ਪਵੇਗੀ। ਇਸ ਲਈ ਸਿਰਫ 16000 ਕਰੋੜ ਹੀ ਦਿਤਾ

ਗਿਆ ਹੈ। ਇਸ ਆਧਾਰ 'ਤੇ ਹੁਣ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਖਾਲੀ ਹੱਥ ਖਾਲੀ ਪੇਟ ਭਰਨ 'ਚ ਸਰਕਾਰ ਕਿਵੇਂ ਸਫਲ ਹੋਵੇਗੀ। ਇਹ ਧੋਖਾ ਨਹੀਂ ਤਾਂ ਹੋਰ ਕੀ ਹੈ? ਇਸ ਤੋਂ ਪਹਿਲਾਂ ਵਿਤੀਸਾਲ 2007-08 'ਚ ਜਿਹਨਾਂ ਜਿਲਿਆਂ 'ਚ ਇਹ ਕਾਨੂੰਨ ਲਾਗੂ ਕੀਤਾ ਗਿਆ ਸੀ ਉਥੇ ਸਿਰਫ ਤਾਂ ਦਿਨ ਹੀ ਇਹ ਕਾਨੂੰਨ ਲਾਗੂ ਕੀਤਾ ਗਿਆ ਸੀ ਉਥੇ ਸਿਰਫ ਤਾ ਦਿਨ ਹੀ ਇਹ ਕੰਮ ਦਿਤਾ ਜਾ ਸਕਿਆ ਹੈ। ਇਸ ਤਰ੍ਹਾਂ ਜ਼ਰੂਰਤ ਮੰਦਾ ਨੂੰ 100 ਦਿਨਾਂ ਦਾ ਕੰਮ ਦੇਣ ਲਈ 34000 ਕਰੋੜ ਰੁਪਏ ਦੀ ਲੋੜ ਪਵੇਗੀ। ਜੋ ਸੰਭਵ ਹੀ ਨਹੀਂ ਹੈ। ਇਸ ਤਰ੍ਹਾਂ ਇਸ ਕਾਨੂੰਨ ਦਾ ਮਕਸਦ ਉਹ ਨਹੀਂ ਜੋ ਸਰਕਾਰ ਦੱਸਦੀ ਹੈ। ਹੁਣ ਜਰਾ ਸਰਕਾਰ ਦੇ ਇਹਨਾਂ ਅੰਕੜਿਆਂ 'ਤੇ ਵੀ ਨਜ਼ਰ ਮਾਰੀਏ। ਰਾਸ਼ਟਰੀ ਸਰਵੇਖਣ ਹੀ ਦੱਸਦਾ ਹੈ ਕਿ ਬੀਤੇ 10 ਸਾਲਾਂ 'ਚ ਪੇਂਡੂ ਨਿਯੋਜਨ ਦੀ ਦਰ ਵੀ ਘੱਟ ਹੈ। 2005-06 'ਚ ਪੇਂਡੂ ਰੁਜ਼ਗਾਰ ਜਿਥੇ 2.56 ਫੀਸਦੀ ਸੀ ਉਹ 2008-09 'ਚ 1.92 ਫੀਸਦੀ ਹੋ ਗਿਆ ਹੈ। ਪੇਂਡੂ ਮਰਦ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। 1993 'ਚ ਜਿਥੇ ਇਹ 5-6 ਫੀਸਦੀ ਸੀ ਉਥੇ ਸਾਲ 2004-05 'ਚ ਇਹ ਵਧ ਕੇ 8 ਫੀਸਦੀ ਹੋ ਗਿਆ। ਔਰਤਾ ਦੀ ਸਥਿਤੀ ਵੀ ਲਗਭਗ ਇਹੀ ਰਹੀ ਹੈ। ਦੂਜੇ ਪਾਸੇ ਜੇ ਹੋਰ ਬੇਰੁਜ਼ਗਾਰ ਲੋਕਾਂ ਵੱਲ ਨਜ਼ਰ ਮਾਰੀਏ ਤਾਂ ਇਸ ਵਿਚ ਤੇਜੀ ਨਾਲ ਵਾਧਾ ਹੋ ਰਿਹਾ ਹੈ। ਸੰਨ 2001 ਵਿਚ ਰੁਜ਼ਗਾਰ ਦਫ਼ਤਰਾਂ 'ਚ ਰਜਿਸਟਰਡ ਬੇਰੁਜ਼ਗਾਰਾਂ ਦੀ ਗਿਣਤੀ ਜਿਥੇ ਦੋ ਕਰੋੜ ਸਤਾਈ ਲੱਖ ਸੀ ਉਥੇ 2005 'ਚ ਇਹ ਸੰਖਿਆ ਵਧ ਕੇ ਤਿੰਨ ਕਰੋੜ ਪੰਜਾਹ ਲੱਖ ਹੋ ਗਈ। ਇਹ ਸੰਖਿਆ ਉਦੋਂ ਹੈ ਜਦੋਂ ਬੇਰੁਜ਼ਗਾਰ ਹੁਣ ਰੁਜ਼ਗਾਰ ਦਫ਼ਤਰ 'ਚ ਇਹ ਸੋਚ ਕੇ ਆਪਣੀ ਰਜਿਸਟ੍ਰੇਸ਼ਨ ਨਹੀਂ ਕਰਵਾਉਂਦੇ ਕਿ ਉਥੋਂ ਨੌਕਰੀ ਮਿਲਣ ਦੀ ਕੋਈ ਵੀ ਸੰਭਾਵਨਾ ਨਹੀਂ ਰਹੀ ਹੈ। ਇਸ ਹਾਲਤ 'ਚ ਕੀ ਇਹ ਸੰਭਵ ਹੈ ਕਿ ਯੂ. ਪੀ. ਏ. ਸਰਕਾਰ ਵਲੋਂ ਲਾਗੂ ਕੀਤਾ ਗਿਆ ਇਹ ਰੁਜ਼ਗਾਰ ਗਰੰਟੀ ਕਾਨੂੰਨੀ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇ ਕੇ ਉਹਨਾਂ ਨੂੰ ਜਿਉਣ ਦਾ ਮੌਕਾ ਦੇਣਗੇ?

ਹੁਣ ਇਸ ਵਿਚਲੀਆਂ ਵਿਵਸਥਾਵਾਂ ਦੀ ਗੱਲ ਕਰੀਏ। ਭਰਮਾਊ ਗੱਲਾਂ ਤੇ ਵਿਵਸਥਾਵਾਂ ਨੂੰ ਬਣਾਉਣ ਵਿਚ ਸਾਡੇ ਦੇਸ਼ ਦੀ ਹਾਕਮ ਜਮਾਤ ਅਵੱਲ ਰਹੀ ਹੈ। ਉਹ ਇਹ ਵੀ ਅੱਛੀ ਤਰ੍ਹਾਂ ਜਾਣਦੀ ਹੈ ਕਿ ਜਿਨ੍ਹਾਂ ਨੀਤੀਆਂ ਨਾਲ ਇਹ ਭਿਆਨਕ ਹਾਲਤ ਪੈਦਾ ਹੋ ਰਹੀ ਹੈ, ਉਸ ਤੋਂ ਲੋਕਾਂ ਦਾ ਧਿਆਨ ਲਾਂਭੇ ਲਿਜਾਣਾ ਜਰੂਰੀ ਹੈ। ਇਸ ਉਦੇਸ਼ ਨਾਲ ਹੀ ਇਹ ਵੱਖ ਵੱਖ ਕਿਸਮ ਦੀਆਂ ਯੋਜਨਾਵਾਂ ਦਾ ਐਲਾਨ ਕਰਦੀ ਹੈ। ਇਸ ਲਈ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਚਲਦੀ ਹੈ। ਪੂਰੇ ਸੰਸਾਰ 'ਚ ਪ੍ਰਚਾਰ ਕਰਦਾ ਹੈ। ਇਸ ਵਿਚ ਆਪਣੇ ਸਹਾਇਕਾਂ, ਮਤਾਹਿਤਾਂ ਤੇ ਸ਼ੁਭ ਚਿੰਤਕਾਂ ਤੋਂ ਸਹਾਇਤਾ ਲੈਂਦਾ ਹੈ। ਨਰੇਗਾ ਕਾਨੂੰਨ ਨੂੰ ਬੇਰੁਜ਼ਗਾਰੀ ਦੂਰ ਕਰਨ ਦਾ 'ਰਾਮਬਾਣ' ਦੱਸਣ ਲਈ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਕੇਂਦਰ ਤੋਂ ਲੈ ਕੇ ਰਾਜਾਂ ਦੀਆਂ ਚੁਣੀਆਂ ਸਰਕਾਰਾਂ, ਬੁਧੀਜੀਵੀਆਂ ਤੇ ਲੋਕਾਂ ਦੇ ਨੁਮਾਇੰਦਿਆਂ ਨੂੰ ਭਾਰੀ ਖਰਚੇ 'ਤੇ ਇਸ ਦੇ ਪ੍ਰਚਾਰ ਲਈ ਲਾ ਰਹੀ ਹੈ। ਐਨ. ਜੀ. ਓ ਤਾਂ ਇਸ ਸਬੰਧੀ ਸਿਰ 'ਤੇ ਅਸਮਾਨ ਚੁਕੀਆਂ ਫਿਰਦੀਆਂ ਹਨ। ਜਿਵੇਂ ਕਿਤੇ ਇਸ ਕਾਨੂੰਨ ਦੇ ਲਾਗੂ ਹੋਣ ਨਾਲ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ। ਦਰਅਸਲ ਇਹ ਸਭ ਹਾਕਮ ਜਮਾਤ ਦੇ ਟੁਕੜਿਆਂ ਤੇ ਪਲਣ ਤੇ ਉਸ ਦੀ ਤਰਫਦਾਰੀ ਕਰਨ ਵਾਲੇ ਲੋਕ ਹਨ। ਜੋ ਲੋਕਾਂ ਨੂੰ ਮਿਰਗ ਤ੍ਰਿਸ਼ਨਾ 'ਚ ਰੱਖਣ

ਦਾ ਰੱਲ ਕਿਉਂਕਿ ਇਸ ਬਦਲੇ ਉਹਨਾਂ ਨੂੰ ਪੈਸਾ, ਪੁਰਸਕਾਰ ਤੇ ਇਜ਼ਤ ਵੀ ਦੇ ਦਿਤੀ ਜਾਂਦੀ ਹੈ ਇਹ ਗੱਲ ਨਹੀਂ ਕਿ ਪਹਿਲਾਂ ਇਥੇ ਇਹੋ ਜਿਹੇ ਕਨੂੰਨ ਹੈ ਨਹੀਂ ਸਨ ਪਰ ਉਹਨਾਂ ਦੇ ਲਾਗੂ ਹੋਣਾ ਜਾਂ ਨਾਂ ਹੋਣਾ ਉਹਨਾਂ 'ਤੇ ਨਿਰਭਰ ਕਰਦਾ ਹੈ। ਬਗਾਵਤ ਨੂੰ ਦਬਾਉਣ ਲਈ ਇਹ ਦਿਖਾਵਟੀ ਕਾਨੂੰਨ ਤੇ ਵਿਵਸਥਾਵਾਂ ਜਰੂਰੀ ਬਣਾਉਂਦੇ ਹਨ ਪਰ ਉਹ ਤਾਂ ਕਿਤਾਬਾਂ 'ਚ ਕੈਦ ਹੋ ਕੇ ਰਹਿ ਜਾਂਦੇ ਹਨ। ਭਾਰਤੀ ਸੰਵਿਧਾਨ ਦੇ ਅਨੁਛੇਦ 39 ਅਤੇ 41 ਵਿਚ ਰੁਜ਼ਗਾਰ ਤੇ ਰੋਜ਼ੀ ਰੋਟੀ ਦੀ ਵਿਵਸਥਾ ਸਰਕਾਰ ਦੀ ਹੈ। ਇਸ ਤੋਂ ਇਲਾਵਾ ਵੀ ਕਈ ਲੋਕ ਪੱਖੀ ਲੱਗਣ ਵਾਲੇ ਕਾਨੂੰਨ ਪਹਿਲਾਂ ਹੀ ਬਥੇਰੇ ਲਿਖੇ ਹੋਏ ਹਨ। ਪਰ ਆਮ ਆਦਮੀ ਦੇ ਹਿੱਤ ਵਿਚ ਇਹ ਕਦੀ ਲਾਗੂ ਨਹੀਂ ਹੁੰਦੇ। ਅਸਲੀਅਤ ਤਾਂ ਇਹ ਬਣਾਏ ਹੀ ਦਿਖਾਵੇ ਲਈ ਜਾਂਦੇ ਹਨ। ਉਹ ਲੁੱਟ-ਘਸੁੱਟ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਹੁਣ ਜਦ ਨਵੀਆਂ ਆਰਥਕ ਨੀਤੀਆਂ ਦੇ ਸਿੱਟੇ ਸਾਹਮਣੇ ਆ ਗਏ ਹਨ। ਗਰੀਬੀ-ਅਮੀਰੀ ਵਿਚਕਾਰ ਖਾਈ ਚੌੜੀ ਹੋ ਰਹੀ ਹੈ। ਸਾਮਰਾਜੀ ਲੁੱਟ ਨੇ ਲੋਕਾਂ ਦਾ ਜਿਉਣਾ ਹਰਾਮ ਕਰ ਦਿੱਤਾ ਹੈ। ਵਿਸ਼ਵੀਕਰਨ ਦੇ ਨਾਂ 'ਤੇ ਸਭ ਨੀਤੀਆਂ ਜਾਗੀਰਦਾਰਾਂ-ਸਆਏਦਾਰਾਂ ਦੇ ਪੱਖ 'ਚ ਤਿਆਰ ਕੀਤੀਆਂ ਜਾ ਰਹੀਆਂ ਹਨ। ਨਿਜੀਕਰਨ ਤੇ ਛਾਂਟੀ ਦੁਆਰਾ ਲੋਕਾਂ ਨੂੰ ਕੰਮ ਤੋਂ ਹਟਾਇਆ ਜਾ ਰਿਹਾ ਹੈ। ਆਮ ਲੋਕਾਂ 'ਤੇ ਹਮਲਾ ਤੇਜ਼ ਹੋ ਰਿਹਾ ਹੈ। ਅਸਲੀਅਤ ਉਜਾਗਰ ਹੋਣ 'ਤੇ ਲੋਕ ਉਸ ਵਿਰੁੱਧ ਆਵਾਜ਼ ਉਠਾਉਣ ਲੱਗੇ ਹਨ। ਹਾਕਮ ਜਮਾਤਾਂ ਲੋਕਾਂ ਨੂੰ ਉਲਝਾ ਕੇ ਰੱਖਣ ਲਈ ਨਵੇਂ ਨਵੇਂ ਕਾਨੂੰਨ ਘੜਦੀਆਂ ਹਨ ਤੇ ਢੌਂਗ ਰਚਦੀਆਂ ਹਨ। ਰੁਜ਼ਗਾਰ ਗਰੰਟੀ ਕਾਨੂੰਨ (ਨਰੇਗਾ) ਵੀ ਇਸੇ ਲੜੀ ਦੀ ਇਕ ਕੜੀ ਹੈ।

# ਆਰਥਿਕਵਾਦ ਦਾ ਗਰੀਬੀ ਨਾਲ ਸਬੰਧ

ਸਰਮਾਏਦਾਰ ਰਾਜ 'ਚ ਕਿਰਤ ਸ਼ਕਤੀ ਇਕ ਵਿਕਾਊ ਮਾਲ ਜਾਂ ਵਸਤੂ ਹੁੰਦੀ ਹੈ। ਇਸ ਲਈ ਸਭ ਵਸਤਾਂ ਵਾਂਗੂ ਇਸ ਮਾਲ ਦੀ ਕੀਮਤ ਵੀ ਇਸ ਗੱਲ ਨਾਲ ਤੈਅ ਹੁੰਦੀ ਹੈ ਕਿ ਉਸ ਦੀ ਪੈਦਾਵਾਰ ਵਿਚ ਕਿੰਨੀ ਲਾਗਤ ਆਈ ਹੈ ਅਤੇ ਬਾਜ਼ਾਰ ਵਿਚ ਮੰਗ ਤੇ ਸਪਲਾਈ ਦੀ ਸਥਿਤੀ ਕੀ ਹੈ? ਯਾਨੀ ਕਿ ਇਕ ਮਜ਼ਦੂਰ ਦੀ ਕਿਰਤ ਸ਼ਕਤੀ ਦੀ ਕੀਮਤ ਇਸ ਗੱਲ ਨਾਲ ਤੈਅ ਹੋ ਰਹੀ ਹੈ ਕਿ ਕਿਸੇ ਸਮਾਜ 'ਚ ਉਨ੍ਹਾਂ ਦੇ ਜਿਉਂਦੇ ਰਹਿਣ ਅਤੇ ਇਕ ਨਵੀਂ ਪੀੜ੍ਹੀ ਦੇ ਮਜ਼ਦੂਰ ਨੂੰ ਤਿਆਰ ਕਰਨ ਲਈ ਜ਼ਰੂਰੀ ਚੀਜ਼ਾਂ ਦੀ ਉਸ ਸਮਾਜਿਕ ਵਿਵਸਥਾ ਦੇ ਵਿਕਾਸ ਤੇ ਸਭਿਆਚਾਰ ਦੇ ਹਿਸਾਬ ਨਾਲ ਘੱਟੋ ਘੱਟ ਕੀਮਤ ਕੀ ਹੋ ਸਕਦੀ ਹੈ? ਜਿਵੇਂ ਕਿ ਇਕ ਸਨਅਤੀ ਮਜ਼ਦੂਰ ਦੀ ਕਿਰਤ ਸ਼ਕਤੀ ਦੀ ਕੀਮਤ ਇਕ ਖੇਤ ਮਜ਼ਦੂਰ ਤੋਂ ਵਧ ਹੋਵੇਗੀ, ਉਸੇ ਤਰ੍ਹਾਂ ਉਸ ਨੂੰ ਕੰਮ ਕਰਨ ਵਾਲੇ ਮਜ਼ਦੂਰ ਨੂੰ ਬੰਗਲਾਦੇਸ਼ 'ਚ ਇਕ ਤੇ ਸਵੀਡਨ 'ਚ ਦੂਜੀ ਮਜ਼ਦੂਰੀ ਮਿਲੇਗੀ। ਇਸ ਤਰ੍ਹਾਂ ਜੇ ਕਿਰਤ ਸ਼ਕਤੀ ਵੇਚਣ ਵਾਲਿਆਂ ਦੀ ਗਿਣਤੀ ਜੇ ਕੰਮ ਦੀ ਉਪਲੱਬਧਤਾ ਤੋਂ ਵਧ ਹੈ ਤਾਂ ਮਜ਼ਦੂਰੀ ਘੱਟ ਜਾਵੇਗੀ। ਪਰ ਕਿਸੇ ਖਾਸ ਤਰ੍ਹਾਂ ਦੇ ਕੰਮ ਕਰਨ ਵਾਲੇ ਕੁਸ਼ਲ ਮਜ਼ਦੂਰਾਂ ਦੀ ਜ਼ਰੂਰਤ ਵਧ ਹੋਵੇ ਤਾਂ ਉਨ੍ਹਾਂ ਦੀ ਮਜ਼ਦੂਰੀ ਆਮ ਨਾਲੋਂ ਉਪਰ ਚਲੀ ਜਾਵੇਗੀ।

ਮਜ਼ਦੂਰੀ ਆਪਣੀ ਸੁਭਾਵਿਕ ਰਫ਼ਤਾਰ ਨਾਲ ਆਪਣੀ ਕਿਰਤ ਦੀ ਸ਼ਕਤੀ ਦੀ ਵਾਜਿਬ ਕੀਮਤ ਲਈ ਪ੍ਰੇਸ਼ਾਨ, ਚਿੰਤਤ ਹੁੰਦੇ ਹਨ ਅਤੇ ਲੜਨਾ ਸਿੱਖਦੇ ਹਨ। 'ਵਾਜਿਬ ਕੰਮ ਦੀ ਵਾਜਿਬ ਕੀਮਤ' ਵਰਗਾ ਨਾਅਰਾ ਇਸ ਕੰਮ ਨੂੰ ਜ਼ਾਹਿਰ ਕਰਦਾ ਹੈ ਕਿ ਮਜ਼ਦੂਰ ਆਪਣੇ ਮਾਲ ਦਾ ਸਰਮਾਏਦਾਰਾਂ ਪ੍ਰਬੰਧ ਵੱਲੋਂ ਨਿਰਧਾਰਿਤ ਸਹੀ ਮੁੱਲ ਚਾਹੁੰਦੇ ਹਨ। ਪਹਿਲਾਂ ਪਹਿਲ ਮਜ਼ਦੂਰ ਵਿਅਕਤੀਗਤ ਸੰਘਰਸ਼ ਕਰਦੇ ਹਨ ਪ੍ਰੰਤੂ ਜਲਦੀ ਹੀ ਇਸ ਦਾ ਬੋਦਾਪਣ ਉਨ੍ਹਾਂ ਦੇ ਮੂਹਰੇ ਉਜਾਗਰ ਹੋ ਜਾਂਦਾ ਹੈ ਅਤੇ ਉਹ ਇਕਮੁੱਠ ਹੋ ਕੇ ਸੰਘਰਸ਼ ਵੱਲ ਵਧਦੇ ਹਨ। ਇਨ੍ਹਾਂ ਸੰਘਰਸ਼ਾਂ ਦੌਰਾਨ ਉਨ੍ਹਾਂ ਦੇ ਸੁਭਾਵਿਕ ਤੇ ਮੁੱਢਲੇ ਸੰਗਠਨ ਟਰੇਡ ਯੂਨੀਅਨਾਂ ਹੋਂਦ ਵਿਚ ਆਉਂਦੀਆਂ ਹਨ। ਇਹ ਟਰੇਡ ਯੂਨੀਅਨਾਂ ਮੁੱਖ ਤੌਰ 'ਤੇ ਮਜ਼ਦੂਰਾਂ ਦੀ ਕਿਰਤ ਸ਼ਕਤੀ ਨਾਮਕ ਮਾਲ ਦੀ ਖਰੀਦਦਾਰੀ ਵਕਤ ਬੇਹਤਰ ਮਜ਼ਦੂਰੀ ਦਾ ਸਾਧਨ ਹੁੰਦੀਆਂ ਹਨ। ਇਸ ਤਰ੍ਹਾਂ ਦੇ ਸੰਘਰਸ਼ ਵਿਚ ਨਾ ਸਿਰਫ ਬੇਹਤਰ ਮਜ਼ਦੂਰੀ ਦੇ ਸੰਘਰਸ਼ ਆਉਂਦੇ ਹਨ ਬਲਕਿ ਬੇਹਤਰ ਕੰਮ ਦੀਆਂ ਹਾਲਾਤਾਂ ਦੇ ਸੰਘਰਸ਼ ਵੀ ਸ਼ਾਮਲ ਹੁੰਦੇ ਹਨ।

ਟਰੇਡ ਯੂਨੀਅਨਾਂ ਇਨ੍ਹਾਂ ਸੰਘਰਸ਼ਾਂ ਨੂੰ ਲੜਨ ਦਾ ਸਾਧਨ ਹੁੰਦੀਆਂ ਹਨ। ਆਰਥਿਕ ਸੰਘਰਸ਼ਾਂ ਰਾਹੀਂ ਮਜ਼ਦੂਰ ਆਪਣੀ ਮਜ਼ਦੂਰੀ ਦੀ ਸਹੀ ਕੀਮਤ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਸਰਮਾਏਦਾਰਾਂ ਜਮਾਤ ਵੱਲੋਂ ਮਜ਼ਦੂਰਾਂ ਦੀ ਮਜ਼ਦੂਰੀ ਨੂੰ ਘਟਾਉਣ ਦਾ ਉਹ ਵਿਰੋਧ ਕਰਦੇ ਹਨ। ਬੇਹਤਰ ਕੰਮ ਦੀਆਂ ਹਾਲਤਾਂ ਦਾ ਉਹ ਬੰਦੋਬਸਤ ਕਰਵਾਉਂਦੇ ਹਨ। ਇਨ੍ਹਾਂ ਸੰਘਰਸ਼ਾਂ ਰਾਹੀਂ ਸਰਮਾਏਦਾਰ ਜਮਾਤ 'ਤੇ ਦਬਾਅ ਬਣਾਉਂਦੇ ਹਨ। ਆਏ ਦਿਨ ਹੜਤਾਲਾਂ ਤੇ ਰਾਜਸੀ ਸੰਘਰਸ਼ ਕਾਰਨ ਸਰਮਾਏਦਾਰ ਜਮਾਤ ਦੀ ਸਰਕਾਰ ਮਜ਼ਦੂਰਾਂ ਨੂੰ ਕਈ ਕਾਨੂੰਨ ਅਧਿਕਾਰ ਦੇਣ ਲਈ ਮਜ਼ਬੂਰ ਹੋ

ਜਾਂਦੀ ਹੈ। ਸਰਮਾਏਦਾਰਾਂ ਦੀਆਂ ਸਰਕਾਰਾਂ ਮਜ਼ਦੂਰਾਂ ਦੇ ਸੰਘਰਸ਼ਾਂ ਨੂੰ ਦਬਾਉਣ ਦੀ ਕੋਈ ਕਸਰ ਨਹੀਂ ਛੱਡਦੀਆਂ ਹਨ। ਇਹ ਇਕ ਜਾਣੀ ਪਛਾਣੀ ਗੱਲ ਹੈ ਕਿ ਪੂੰਜੀਵਾਦੀ ਪ੍ਰਬੰਧ 'ਚ ਮਜ਼ਦੂਰਾਂ ਸਬੰਧੀ ਕਈ ਕਾਨੂੰਨੀ ਅਧਿਕਾਰ ਹੋਣ ਦੇ ਬਾਵਜੂਦ ਉਹ ਲਾਗੂ ਨਹੀਂ ਹੁੰਦੇ। ਕਾਨੂੰਨੀ ਵਿਵਸਥਾਵਾਂ ਕੁਝ ਹੋਰ ਹੁੰਦੀਆਂ ਹਨ, ਹਕੀਕਤ ਵਿਚ ਕੁਝ ਹੋਰ ਹੋ ਰਿਹਾ ਹੁੰਦਾ ਹੈ।

ਸਰਕਾਰਾਂ ਸਮੇਂ ਸਮੇਂ ਘੱਟੋ ਘੱਟ ਮਜ਼ਦੂਰੀ ਦਾ ਐਲਾਨ ਕਰਦੀਆਂ ਹਨ ਪਰ ਮਜ਼ਦੂਰਾਂ ਦੀ ਬਹੁਗਿਣਤੀ ਨੂੰ ਇਸ ਤੋਂ ਕਿਤੇ ਘੱਟ ਤਨਖਾਹ ਮਿਲ ਰਹੀ ਹੁੰਦੀ ਹੈ? ਮਜ਼ਦੂਰਾਂ ਨੂੰ ਆਪਣੇ ਪਹਿਲਾਂ ਤੋਂ ਹੀ ਹਾਸਲ ਕੀਤੇ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਇਸ ਗੱਲ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ ਕਿ ਉਹ ਫੇਰ ਨਾ ਖੋਹ ਲਏ ਜਾਣ। ਸਰਕਾਰੀ ਐਲਾਨ ਲਾਗੂ ਹੋ ਸਕਣ, ਇਸ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਇਸ ਤਰ੍ਹਾਂ ਇਹ ਸਾਰੇ ਕੰਮ ਕਿਸੇ ਟਰੇਡ ਯੂਨੀਅਨਾਂ ਦੇ ਕੰਮ ਦੇ ਦਾਇਰੇ ਵਿਚ ਆਉਂਦੇ ਹਨ।

ਪੂੰਜੀਵਾਦ ਸਮਾਜ 'ਚ ਮਜ਼ਦੂਰ ਜੇ ਆਰਥਿਕ ਸੰਘਰਸ਼ ਹੀ ਕਰਦੇ ਹਨ ਤਾਂ ਇਸ ਨਾਲ ਵਧ ਤੋਂ ਵਧ ਇਹ ਹੋਵੇਗਾ ਕਿ ਉਹ ਆਪਣੀ ਕਿਰਤ ਸ਼ਕਤੀ ਨਾਂ ਦੀ ਵਸਤੂ ਦੀ ਸਹੀ ਕੀਮਤ ਹਾਸਲ ਕਰਨ ਲਈ ਸੌਦੇਬਾਜੀ ਕਰਨ 'ਚ ਯੋਗ ਬਣੇ ਰਹਿਣਗੇ ਅਤੇ ਕਈ ਵਾਰ ਉਸ ਦੀ ਕੀਮਤ ਵਧਾਉਣ ਵਿਚ ਸਫਲ ਵੀ ਹੋ ਸਕਦੇ ਹਨ। ਇਸ ਤਰ੍ਹਾਂ ਦੇ ਸੰਘਰਸ਼ ਨਾਲ ਉਹ ਪੂੰਜੀ ਦੀ ਗੁਲਾਮੀ ਤੋਂ ਮੁਕਤੀ ਨਹੀਂ ਹਾਸਲ ਕਰ ਸਕਦੇ। ਅਜਿਹਾ ਕਿਉਂ ਹੈ? ਕਿਉਂ ਅਜਿਹਾ ਨਹੀਂ ਹੋ ਸਕਦਾ ਕਿ ਸਰਮਾਏਦਾਰਾਂ ਸਮਾਜ 'ਚ ਜੇ ਮਜ਼ਦੂਰ ਆਪਣੇ ਆਪ ਨੂੰ ਵੱਡੇ ਪੈਮਾਨੇ 'ਤੇ ਜਥੇਬੰਦ ਕਰਨ ਤੇ ਆਪਣੇ ਆਪਣੇ ਆਰਥਿਕ ਹਿੱਤਾਂ ਲਈ ਨਿਰੰਤਰ ਸੰਘਰਸ਼ ਕਰਨ ਤਾਂ ਉਨ੍ਹਾਂ ਦੀ ਹਾਲਤ 'ਚ ਬਦਲਾਅ ਆ ਜਾਵੇ? ਅਜਿਹਾ ਇਸ ਲਈ ਸੰਭਵ ਨਹੀਂ ਹੈ ਕਿਉਂਕਿ ਇਕ ਤਾਂ ਪੂੰਜੀਵਾਦ ਪ੍ਰਬੰਧ 'ਚ ਪੈਦਾਵਾਰ ਦੇ ਸਾਰਰੇ ਸਾਧਨ ਚਾਹੇ ਫੈਕਟਰੀ ਉਦਯੋਗ ਹੋਵੇ ਜਾਂ ਫਿਰ ਖੇਤੀ ਖਾਨ ਬਗਾਨ ਹੋਵੇ ਸਭ ਦਾ ਮਾਲਕ ਸਰਮਾਏਦਾਰ ਹੁੰਦਾ ਹੈ। ਇਸ ਤਰ੍ਹਾਂ ਸਪਲਾਈ ਤੇ ਵੰਡ ਦੇ ਸਾਧਨ ਵੀ ਉਨ੍ਹਾਂ ਦੀ ਮਾਲਕੀ ਹੇਠ ਹੁੰਦੇ ਹਨ। ਪੂਰਾ ਹਕੂਮਤੀ ਪ੍ਰਬੰਧ ਉਸ ਦੇ ਹਿੱਤ ਪੂਰੇ ਕਰਨ ਲਈ ਹੁੰਦਾ ਹੈ।

ਸਰਮਾਏਦਾਰਾਂ ਜਮਾਤ ਵਿਚ ਹੀ ਵਧ ਤੋਂ ਵਧ ਮੁਨਾਫ਼ਾ ਕਮਾਉਣ ਲਈ ਗੱਲ ਵੱਢ ਮੁਕਾਬਲਾ ਚੱਲਦਾ ਹੈ। ਮੁਨਾਫ਼ਾ ਕਮਾਉਣ ਦੀ ਇਸ ਦੌੜ ਵਿਚ ਦੇਸ਼ੀ ਵਿਦੇਸ਼ੀ ਸਾਰੀ ਪੂੰਜੀ ਲਗਾਤਾਰ ਸਰਗਰਮ ਰਹਿੰਦੀ ਹੈ। ਮੁਨਾਫ਼ਾ ਹੀ ਸਰਮਾਏਦਾਰ ਦੀ ਜਾਨ ਹੁੰਦੀ ਹੈ। ਮੁਨਾਫ਼ਾ ਵਧ ਤੋਂ ਵਧ ਹਾਸਲ ਹੋ ਸਕੇ, ਇਸ ਲਈ ਸਰਮਾਏਦਾਰ ਆਪਣੀ ਲਾਗਤ ਨੂੰ ਘੱਟ ਤੋਂ ਘੱਟ ਕਰਨਾ ਚਾਹੁੰਦੇ ਹਨ ਅਤੇ ਵਧ ਤੋਂ ਵਧ ਕੀਮਤ 'ਤੇ ਆਪਣਾ ਵਧ ਤੋਂ ਵਧ ਮਾਲ ਵੇਚਣਾ ਚਾਹੁੰਦੇ ਹਨ। ਇਸ ਲਈ ਪਹਿਲੀ ਕੋਸ਼ਿਸ਼ ਵਿਚ ਸਰਮਾਏਦਾਰਾਂ ਮਜ਼ਦੂਰੀ ਨੂੰ ਘਟਾਉਂਦਾ ਹੈ, ਮਜ਼ਦੂਰ ਦੀ ਛਾਂਟੀ ਕਰਦਾ ਹੈ, ਕੰਮ ਦੇ ਘੰਟੇ ਵਧਾਉਂਦਾ ਹੈ। ਉਸ ਸਮੇਂ 'ਚ ਕੰਮ ਵਧ ਤੋਂ ਵਧ ਲੈਂਦਾ ਹੈ। ਇਸ ਤਰ੍ਹਾਂ ਉਹ ਆਪਣੇ ਤਕਨੀਕੀ ਅਮਲ 'ਚ ਸੁਧਾਰ ਵੀ ਕਰਦਾ ਹੈ। ਮਜ਼ਦੂਰ ਆਪਣੇ ਆਰਥਿਕ ਸੰਘਰਸ਼ਾਂ ਰਾਹੀਂ ਸਿਰਫ ਆਪਣੀ ਮਜ਼ਦੂਰੀ ਨੂੰ ਘਟਣ ਤੋਂ ਰੋਕ ਸਕਦਾ ਹੈ ਅਤੇ ਕਈ ਵਾਰ ਉਸ ਨੂੰ ਵਧਾ ਵੀ ਸਕਦੇ ਹਨ।

ਹੁਣ ਇਹੀ ਮੰਨ ਲਿਆ ਜਾਵੇ ਕਿ ਉਹ ਆਪਣੇ ਸੰਘਰਸ਼ ਰਾਹੀਂ ਮਜ਼ਦੂਰੀ ਵਧਾਉਣ 'ਚ ਵਾਰ ਵਾਰ ਸਫਲ ਹੋ ਜਾਵੇ ਤਾਂ ਕਿ ਹੋਵੇਗਾ? ਇਸ ਗੱਲ ਦਾ ਜੁਆਬ ਹੋਰ ਮਜ਼ਦੂਰ ਆਪਣੇ ਰੋਜ਼ਾਨਾ ਜੀਵਨ ਦੇ ਅਨੁਭਵ ਤੋਂ ਜਾਣਦਾ ਹੈ ਕਿ ਜਿੰਨੀ ਤਨਖਾਹ ਨਹੀਂ ਵਧਦੀ ਹੈ, ਉਸ ਤੋਂ ਕਿਤੇ ਵਧ ਤੇਜ਼ੀ ਨਾਲ ਮਹਿੰਗਾਈ ਵਧਦੀ ਹੈ। ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੇ ਸਾਧਨ ਤੇ ਮਕਾਨ ਦਾ ਕਿਰਾਇਆ ਵਧ ਜਾਂਦਾ ਹੈ। ਦਵਾਈ ਮਹਿੰਗੀ ਹੋ ਜਾਂਦੀ ਹੈ। ਸਫਰ ਕਿਰਾਇਆ ਭਾੜਾ ਵਧ ਜਾਂਦਾ ਹੈ ਆਦਿ। ਕੁੱਲ ਮਿਲਾ ਕੇ ਮਜ਼ਦੂਰ ਦੀ ਆਮਦਨ ਤੇ ਜੀਵਨ ਪੱਧਰ ਉਹੋ ਜਿਹਾ ਹੀ ਬਣਿਆ ਰਹਿੰਦਾ ਹੈ।

ਪੂੰਜੀਵਾਦ ਸਮਾਜ ਵਿਚ ਫੌਰੀ ਸੰਕਟ ਨਾ ਆਵੇ ਤਾਂ ਥੋੜ੍ਹਾ ਬਹੁਤ ਸੁਧਾਰ ਹੋਣ ਦੀ ਸੰਭਾਵਨਾ ਹੁੰਦੀ ਹੈ। ਜੇ ਸੰਕਟ ਮੌਜੂਦ ਹੋਵੇ, ਡੂੰਘਾ ਹੋ ਰਿਹਾ ਹੋਵੇ ਤਾਂ ਫਿਰ ਮਜ਼ਦੂਰੀ ਡੂੰਘੇ ਸੰਕਟ ਦਾ ਸ਼ਿਕਾਰ ਹੋ ਜਾਂਦੀ ਹੈ। ਮੰਦੀ ਦੇ ਵਧਦਿਆਂ ਜਾਂ ਪਸਰਦਿਆਂ ਹੀ ਮਜ਼ਦੂਰਾਂ ਦਾ ਜੀਵਨ ਸੰਕਟਮਈ ਹੋਣ ਲੱਗਦਾ ਹੈ। ਬੇਰੁਜ਼ਗਾਰੀ ਵਧ ਜਾਂਦੀ ਹੈ। ਮਜ਼ਦੂਰ ਦਾਣੇ ਦਾਣੇ ਨੂੰ ਮੁਹਤਾਜ਼ ਹੋ ਜਾਂਦਾ ਹੈ। ਇਹ ਸੰਕਟ ਸਿਰਫ ਮਜ਼ਦੂਰਾਂ ਨੂੰ ਨਹੀਂ ਬਲਕਿ ਸਭ ਮਿਹਨਤਕਸ਼ਾਂ ਨੂੰ ਆਪਣੀ ਗ੍ਰਿਫਤਾਰ ਵਿਚ ਲੈ ਲੈਂਦਾ ਹੈ। ਦਰਮਿਆਨੇ, ਛੋਟ, ਗਰੀਬ ਕਿਸਾਨ ਬਰਬਾਦ ਹੋ ਕੇ ਸ਼ਹਿਰਾਂ 'ਚ ਮਜ਼ਦੂਰਾਂ ਦੀਆਂ ਕਤਾਰਾਂ 'ਚ ਸ਼ਾਮਲ ਹੋਣ ਲੱਗਦੇ ਹਨ। ਇਹੀ ਸ਼ਹਿਰਾਂ 'ਚ ਨਿਮਨ ਮੱਧ ਵਰਗੀ ਮਿਹਨਤਕਸ਼ਾਂ ਦਾ ਹੋ ਜਾਂਦਾ ਹੈ। ਛੋਟਾ ਮੋਟਾ ਕਾਰੋਬਾਰ ਕਰਨ ਵਾਲੇ ਬਰਬਾਦ ਹੋ ਜਾਂਦੇ ਹਨ। ਸਮਾਜ 'ਚ ਇਕ ਪਾਸੇ ਜਾਇਦਾਦ ਇਕੱਠੀ ਹੁੰਦੀ ਹੈ, ਦੂਜੇ ਪਾਸੇ ਜਾਇਦਾਦ ਤੋਂ ਵਾਂਝੇ ਲੋਕਾਂ ਦੀ ਗਿਣਤੀ ਵਧਦੀ ਰਹਿੰਦੀ ਹੈ। ਪੂੰਜੀਵਾਦ ਸਮਾਜ 'ਚ ਇਹ ਅਮਲ ਇਹ ਅਮਲ ਨਿਰੰਤਰ ਚੱਲਦਾ ਰਹਿੰਦਾ ਹੈ।

ਅਜਿਹੀ ਸਥਿਤੀ ਵਿਚ ਮਜ਼ਦੂਰ ਜਮਾਤ ਆਰਥਿਕ ਸੰਘਰਸ਼ਾਂ ਨਾਲ ਪੂਰਾ ਨਹੀਂ ਪਾ ਸਕਦੀ ਹੈ। ਉਹ ਭੁੱਖਮਰੀ, ਬੇਰੁਜ਼ਗਾਰੀ, ਗਰੀਬੀ ਦੀ ਦਲਦਲ ਤੋਂ ਛੁਟਕਾਰਾ ਨਹੀਂ ਪਾ ਸਕਦੀ। ਇਸ ਲਈ ਇਸ ਗੱਲ ਦੀ ਲੋੜ ਬਣ ਜਾਂਦੀ ਹੈ ਕਿ ਉਹ ਆਰਥਿਕ ਸੰਘਰਸ਼ਾਂ ਦੇ ਦਾਇਰੇ ਵਿਚ ਕੈਦ ਨਾ ਰਹੇ, ਬਲਕਿ ਰਾਜਸੀ ਸੰਘਰਸ਼ਾਂ ਨੂੰ ਸ਼ੁਰੂ ਕਰੇ। ਪੂਰੀ ਪੂੰਜੀਵਾਦ ਵਿਵਸਥਾ ਨੂੰ ਆਪਣੇ ਸੰਘਰਸ਼ ਦੇ ਦਾਇਰੇ ਵਿਚ ਲਿਆਵੇ। ਉਸ ਨੂੰ ਨਿਸ਼ਾਨਾ ਬਣਾਵੇ। ਪੂੰਜੀਵਾਦ ਪ੍ਰਬੰਧ ਦੇ ਖਾਤਮੇ ਦੀ ਲੜਾਈ ਲੜੇ। ਇਕ ਨਵੇਂ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਕਰੇ। ਇਕ ਐਸੀ ਵਿਵਸਥਾ ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਸੰਭਵ ਹੋ ਜਾਵੇ। ਜਮਾਤੀ ਪ੍ਰਬੰਧ ਦਾ ਖਾਤਮਾ ਹੋ ਜਾਵੇ।

ਆਰਥਿਕਵਾਦ ਹੈ ਕੀ? ਮੂਲ ਸੰਘਰਸ਼ ਨੂੰ ਭੁੱਲ ਜਾਣਾ ਜਾਂ ਉਸ 'ਤੇ ਲੋੜੀਦਾ ਕੰਮ ਕਰਨਾ ਅਤੇ ਜ਼ੋਰ ਨਾ ਦੇਣਾ ਬਲਕਿ ਆਰਥਿਕ ਸੰਘਰਸ਼ ਵਿਚ ਹੀ ਉਲਝੇ ਰਹਿਣਾ, ਆਰਥਿਕਵਾਦ ਹੈ? ਆਰਥਿਕਵਾਦ ਪੂੰਜੀਵਾਦ ਸਮਾਜਿਕ ਪ੍ਰਬੰਧ ਨੂੰ ਬਦਲਣ ਦੇ ਇਨਕਲਾਬੀ ਸੰਘਰਸ਼ ਤੋਂ ਕਿਨਾਰਾਕਸ਼ੀ ਕਰਦਾ ਹੈ ਅਤੇ ਮਜ਼ਦੂਰਾਂ 'ਚ ਇਹ ਭਰਮ ਫੈਲਾਉਂਦਾ ਹੈ ਕਿ ਆਰਥਿਕ ਸੰਘਰਸ਼ ਹੀ ਮੂਲ ਸੰਘਰਸ਼ ਹੈ। ਇਹੀ ਸੰਘਰਸ਼ ਮਜ਼ਦੂਰਾਂ ਦੇ ਜੀਵਨ ਵਿਚ ਰਾਹਤ ਦਿਵਾਉਂਦਾ ਹੈ, ਮਜ਼ਦੂਰਾਂ ਨਾਲ ਸਬੰਧ ਰੱਖਦਾ ਹੈ, ਬਾਕੀ ਤਾਂ ਸਿਰਫ ਗੱਲਾਂ ਹਨ, ਕੁਝ ਲੋਕਾਂ ਦਾ ਸ਼ੁਗਲ ਹੈ, ਬਿਨਾਂ ਵਜ੍ਹਾ ਦੀ ਮਜ਼ਬ ਖਪਾਈ ਹੈ। ਸਾਡੇ ਦੇਸ਼ ਦੇ ਆਰਥਿਕਵਾਦੀ (ਮਜ਼ਦੂਰਾਂ ਦੀਆਂ ਪਾਰਟੀਆਂ ਅਖਵਾਉਣ ਵਾਲੇ)

ਲਗਾਤਾਰ ਇਸ ਦੀਆਂ ਗੱਲਾਂ ਦਾ ਪ੍ਰਚਾਰ ਕਰਦੇ ਹਨ ਕਿ ਫੌਰੀ ਰਾਹਤ ਤਾਂ ਮਿਲੇ। ਮਜ਼ਦੂਰਾਂ ਨੂੰ ਸਿਰਫ ਉਹ ਗੱਲਾਂ ਦੱਸੀਆਂ ਜਾਣ, ਜੋ ਉਨ੍ਹਾਂ ਦੀ ਸਮਝ ਵਿਚ ਆਉਣ। "ਮਜ਼ਦੂਰਾਂ ਨੂੰ ਬੇਹਤਰ ਮਜ਼ਦੂਰੀ, ਡਬਲ ਓਵਰਟਾਈਮ, ਕੰਮ ਦੇ ਘੰਟੇ ਘੱਟ ਹੋਣ, ਫੈਕਟਰੀ 'ਚ ਕੰਮ ਕਰਨ ਸਮੇਂ ਸੁਰੱਖਿਆ ਮਿਲੇ, ਕੰਟੀਨ 'ਚ ਵਧੀਆ ਭੋਜਨ ਮਿਲੇ, ਵਰਗੀਆਂ ਗੱਲਾਂ ਹੀ ਸਮਝ ਆ ਸਕਦੀਆਂ ਹਨ ਬਾਕੀ ਨਹੀਂ।"

ਆਰਥਿਕਵਾਦੀ ਕਹਿੰਦੇ ਹਨ ਕਿ ਆਰਥਿਕ ਸੰਘਰਸ਼ ਹੀ ਸੰਭਵ ਹੈ ਪਰ ਕੁਝ ਆਰਥਿਕਵਾਦੀ ਰਾਜਸੀ ਸੰਘਰਸ਼ਾਂ ਤੋਂ ਇਕਦਮ ਇਨਕਾਰ ਨਹੀਂ ਕਰਦੇ। ਉਹ ਨਾਅਰਾ ਦਿੰਦੇ ਹਨ 'ਭੱਤੇ ਦੀ ਲੜਾਈ ਸੱਤਾ ਦੀ ਲੜਾਈ ਵਿਚ ਬਦਲ ਦਿਓ।' ਉਹ ਇਨਕਲਾਬੀ ਸੰਘਰਸ਼ ਨੂੰ ਆਰਥਿਕ ਸੰਘਰਸ਼ ਦਾ ਪਿਛਲੱਗ ਬਣਾ ਲੈਂਦੇ ਦਿੰਦੇ ਹਨ। ਜਦਕਿ ਆਰਥਿਕ ਸੰਘਰਸ਼ ਨੂੰ ਮਜ਼ਦੂਰ ਸੰਘਰਸ਼ਾਂ ਦਾ ਇਕ ਹਿੱਸਾ ਹੀ ਹੋਣਾ ਚਾਹੀਦਾ ਹੈ।

ਪੂੰਜੀਪਤੀ ਵਰਗ ਅਤੇ ਮਜ਼ਦੂਰ ਵਰਗ ਇਕ ਹੀ ਰੱਥ ਦੇ ਦੋ ਪਹੀਏ ਹਨ। ਇਕ ਦਾ ਗੁਜ਼ਾਰਾ ਦੂਜੇ ਬਿਨਾਂ ਨਹੀਂ ਹੈ। ਪੂੰਜੀਵਾਦ ਸਮਾਜ 'ਚ ਉਪਲੱਬਧ ਸਾਧਨਾਂ ਦੀ ਵਰਤੋਂ ਕਰਕੇ ਮਜ਼ਦਰ ਜਮਾਤ ਦਾ ਕਲਿਆਣ ਕਰਨਾ ਚਾਹੀਦਾ ਹੈ। ਸੰਸਦ, ਕਚਹਿਰੀਆਂ, ਮੀਡੀਆ ਆਦਿ ਇਸ ਦੇ ਸੰਦ ਹਨ। ਆਰਥਿਕਵਾਦੀ ਮਜ਼ਦੂਰ ਵਰਗ ਦੇ ਇਨਕਲਾਬੀ ਸਿਧਾਂਤ ਤੇ ਇਨਕਲਾਬੀ ਸੰਗਠਨ (ਉਸ ਦੀ ਪਾਰਟੀ) ਦੀ ਉਲੰਘਣਾ ਕਰਦਾ ਹੈ ਅਤੇ ਮਜ਼ਦੂਰ ਵਰਗ ਨੂੰ ਪੂੰਜੀਵਾਦੀ ਚੇਤਨਾ ਤੇ ਉਸ ਦੇ ਸੁਭਾਵਿਕ ਤੇ ਮੁੱਢਲੇ ਸੰਗਠਨ ਟਰੇਡ ਯੂਨੀਅਨ ਤੱਕ ਹੀ ਸੀਮਤ ਰੱਖਦਾ ਹੈ। ਮਜ਼ਦੂਰ ਜਮਾਤ ਲਈ ਆਰਥਿਕ ਸੰਘਰਸ਼ ਦਾ ਮਹੱਤਵ ਇਹ ਹੈ ਕਿ ਇਸ ਨਾਲ ਉਹ ਮਜ਼ਦੂਰੀ ਦੀ ਦਰ ਨੂੰ ਹੇਠਾਂ ਡਿੱਗਣ ਤੋਂ ਰੋਕਦਾ ਹੈ। ਇਸ ਨਾਲ ਉਹ ਫੌਰੀ ਰਾਹਤ ਹਾਸਲ ਕਰਦਾ ਹੈ। ਇਸ ਨਾਲ ਉਹ ਲੜਨਾ ਸਿੱਖਦਾ ਹੈ। ਲੜਨਯੋਗ ਬਣਦਾ ਹੈ। ਟਰੇਡ ਯੂਨੀਅਨਾਂ ਇਸ ਲੜਾਈ ਦਾ ਸਾਧਨ ਹੁੰਦੀਆਂ ਹਨ। ਪਰ ਇਸ ਸੰਘਰਸ਼ ਨਾਲ ਉਸ ਦੀ ਗੁਲਾਮੀ ਖਤਮ ਨਹੀਂ ਹੁੰਦੀ। ਉਸ ਦੀ ਉਜਰਤੀ ਗੁਲਾਮੀ ਦੀ ਹੈਸੀਅਤ ਖਤਮ ਨਹੀਂ ਹੁੰਦੀ। ਉਸ ਨੂੰ ਸਰਮਾਏਦਾਰਾਂ ਦੀ ਲੁੱਟ-ਖਸੁੱਟ ਤੋਂ ਮੁਕਤੀ ਨਹੀਂ ਮਿਲਦੀ। ਉਸ ਨੂੰ ਇਸ ਤੋਂ ਮੁਕਤੀ ਹਾਸਲ ਕਰਨ ਲਈ ਇਕ ਲੰਮੀ ਰਾਜਸੀ ਲੜਾਈ ਸਬਰਪੂਰਵਕ ਲੜਨੀ ਪੈਂਦੀ ਹੈ।

# ਜਾਤੀ ਪ੍ਰਬੰਦ ਅਤੇ ਭਾਰਤ ਦੀ ਦਲਾਲ ਸਰਮਾਏਦਾਰੀ

25 ਨਵੰਬਰ 1949 ਨੂੰ ਜਦ ਸੰਵਿਧਾਨ ਸਭਾ ਸੰਵਿਧਾਨ ਲਿਖਣ ਦੇ ਆਖਰੀ ਪੜਾਅ 'ਤੇ ਸੀ ਤਾਂ ਭੀਮ ਰਾਓ ਅੰਬੇਦਕਰ ਨੇ ਗੰਭੀਰ ਚਿੰਤਾ ਜਾਹਰ ਕੀਤੀ ਸੀ। ਉਨ੍ਹਾਂ ਵਿਚ ਨਵੇਂ ਪ੍ਰਬੰਧ ਦਾ ਗੰਭੀਰ ਅੰਤਰ ਵਿਰੋਧ ਇਹ ਹੈ ਕਿ ਇਹ ਰਾਜਨੀਤੀ 'ਚ ਬਰਾਬਰੀ ਨੂੰ ਮੰਨਜੂਰੀ ਤਾਂ ਹੈ ਪਰ ਇਸ ਦੀ ਸਮਾਜਕ ਆਰਥਕ ਬਣਤਰ ਸਮਾਜਕ-ਆਰਥਿਕ ਜੀਵਨ 'ਚ ਸਮਾਨਤਾ ਨੂੰ ਨਕਾਰਦਾ ਹੈ। ਇਸ ਅੰਤਰਵਿਰੋਧ ਨੂੰ ਜਲਦੀ ਹੱਲ ਕਰਨ ਦੀ ਲੋੜ ਦੀ ਚਰਚਾ ਕਰਨ ਦੇ ਨਾਲ ਉਹਨਾਂ ਚੇਤਾਵਨੀ ਦਿੱਤੀ ਸੀ ਕਿ ਸਮਾਜਕ-ਆਰਥਕ ਨਾਬਰਾਬਰੀ ਨੂੰ ਝਲਦਿਆਂ ਲੋਕ 'ਪ੍ਰਬੰਧ ਨੂੰ ਜੜੋ ਪੁਟ ਸਕਦੇ ਹਨ।" ਅੱਧੀ ਸਤਾਬਦੀ ਤੋਂ ਵੀ ਵੱਧ ਸਮਾਂ ਬੀਤ ਜਾਣ ਪਿੱਛੋਂ ਅੱਜ ਜੇ ਦਲਿਤਾਂ ਦੀ ਗੱਲ ਕੀਤੀ ਜਾਵੇ ਤਾਂ 'ਅਜ਼ਾਦ ਭਾਰਤ" ਨੇ ਦਲਿਤਾਂ ਨੂੰ ਮੁਖ ਮੰਤਰੀ, ਰਾਜਪਾਲ, ਰਾਸ਼ਟਰਪਤੀ ਤੇ ਮੁੱਖ ਜਸਟਿਸ ਬਣਦੇ ਵੇਖਿਆ ਹੈ। 73ਵੇਂ ਸੰਵਿਧਾਨਿਕ ਸੋਧੀ ਨੇ ਦਲਿਤਾਂ ਨੂੰ ਗ੍ਰਾਮ ਪੰਚਾਇਤ ਤੇ ਸਥਾਨਕ ਅਦਾਰਿਆਂ 'ਚ ਹਿੱਸੇਦਾਰੀ ਦਿੱਤੀ ਹੈ। ਪਰ ਅਰਥਚਾਰੇ ਦੀ ਜੇ ਗੱਲ ਕਰੀਏ ਤਾਂ ਭਾਰਤ 'ਚ ਵੱਡੇ ਦਲਿਤ ਪੂੰਜੀਪਤੀਆਂ ਦੀ ਘਾਟ ਹੈ। ਭਾਰਤੀ ਵੱਡੀ ਪੂਜੀਪਤੀ ਜਮਾਤ 'ਚ ਦਲਿਤਾਂ ਨੂੰ ਥਾਂ ਮਿਲਣੀ ਦੂਰ ਦੀ ਗੱਲ ਹੈ ਦਲਿਤ ਤਾਂ ਅਜੇ ਛੋਟੇ ਤੇ ਦਰਮਿਆਨੇ ਪੂੰਜੀਪਤੀ ਹੀ ਹਨ ਜਿਨ੍ਹਾਂ ਦੀ ਗਿਣਤੀ ਆਟੇ 'ਚ ਲੂਣ ਦੇ ਬਰਾਬਰ ਹੀ ਹੈ। ਸੁਆਲ ਪੈਦਾ ਹੁੰਦਾ ਹੈ ਕਿ ਕੀ ਜਾਤੀ ਤੇ ਜਮਾਤ ਭਾਰਤ 'ਚ ਅਜੇ ਅਲੱਗ ਅਲੱਗ ਹੀ ਬਣੇ ਹੋਏ ਹਨ? ਕੀ ਪੂੰਜੀਪਤੀ ਵਰਗ ਸਵਰਨ ਜਾਤੀਆਂ ਤੋਂ ਹੀ ਵਿਕਸਤ ਹੋਇਆ ਹੈ। ਕੀ ਬ੍ਰਾਹਮਣਵਾਦੀ ਵਿਵਸਥਾ ਦੇ ਸ਼ੂਦਰਾਂ ਨੂੰ ਪੂੰਜੀਪਤੀ ਜਮਾਤ 'ਚ ਥਾਂ ਨਹੀਂ ਮਿਲਿਆ? ਇਹਨਾਂ ਸੁਆਲਾਂ ਦਾ ਜਵਾਬ ਨਾਂਹ ਵਿਚ ਹੈ। ਰਵਾਇਤੀ ਵਪਾਰੀ ਜਾਤਾਂ ਤੋਂ ਇਲਾਵਾ ਕਿਹੜੀਆਂ ਵਣਜ-ਜਾਤੀਆਂ ਨੇ ਪੂੰਜੀਪਤੀ ਜਮਾਤ 'ਚ ਦਾਖਲ ਹੋਣ 'ਚ ਕਿਥੇ ਤੇ ਕਿਸ ਹੱਦ ਤੱਕ ਸਫਲਤਾ ਹਾਸਲ ਕੀਤੀ ਹੈ? ਇਸ ਅਮਲ ਨੂੰ ਕਿਹੜੀਆਂ ਸਮਾਜਕ-ਰਾਜਸੀ ਕਾਰਕਾਂ ਨੇ ਪ੍ਰਭਾਵਿਤ ਕੀਤਾ? ਜਾਤੀ ਤੇ ਹੋਰ ਖੇਤਰੀ ਪਹਿਚਾਣ ਤੇ ਪੂੰਜੀਵਾਦ ਨੇ ਕੀ ਪ੍ਰਭਾਵ ਪਾਇਆ ਹੈ।

ਭਾਰਤ 'ਚ ਸਰਮਾਏਦਾਰ 1947 ਪਿੱਛੋਂ ਇਕ ਲੰਮਾ ਸਫਰ ਤਹਿ ਕਰ ਚੁੱਕਿਆ ਹੈ। ਅੱਜ ਪੈਦਾਵਰੀ ਖੇਤਰਾਂ ਦੀ ਵਿਵਿਧਤਾ ਦੇ ਨਾਲ ਨਾਲ ਭਾਰਤੀ ਪੂੰਜੀਵਾਦ ਆਪਣੇ ਸਮਾਜਕ ਅਧਾਰ ਦੀ ਭਿੰਜਤਾ ਦੇ ਪ੍ਰਸੰਗ 'ਚ ਕਾਫੀ ਅੱਗੇ ਨਿਕਲ ਚੁਕਿਆ ਹੈ। ਪੂੰਜੀ ਹੁਣ ਚੋਣਵੇਂ ਵਪਾਰੀਆਂ ਕੋਲ ਹੀ ਨਹੀਂ ਰਹਿ ਗਈ ਹੈ ਇਸ ਦੇ ਆਧਾਰ ਨੇ ਆਪਣਾ ਵਿਸਥਾਰ ਕਰਕੇ ਸਮਾਜ ਦੇ ਕਾਫੀ ਹਿੱਸੇ ਨੂੰ ਆਪਣੇ ਕਲਾਵੇ 'ਚ ਲਿਆ ਹੈ। ਇਹ ਅਮਲ ਜ਼ਿਆਦਾਤਰ ਦੱਖਣੀ ਭਾਰਤ ਤੇ ਕੁਝ ਹੱਦ ਤੱਕ ਪੱਛਮੀ ਭਾਰਤ 'ਚ ਪੂਰਾ ਹੋਇਆ ਹੈ ਮਿਸਾਲ ਵਜੋਂ ਭਾਰਤ ਦੇ ਚੀਨੀ ਉਦਯੋਗ ਨੂੰ ਹੀ ਵੇਖੀਏ। ਜਿਸ ਨਾਲ ਕਿਸੇ ਖਾਸ ਫਿਰਕੇ ਵਿਸ਼ੇਸ਼ ਨੂੰ ਨਹੀਂ ਜੋੜਿਆ ਜਾ ਸਕਦਾ। ਇਥੇ ਡੀਆਈ ਡੀ. ਪੈਰੀ (ਨਅਕੋਟਾਈ-ਚੇਟਿਅਆਰ-ਸੂਦਖੋਰ ਜਾਤੀ) ਹੈ, ਧੀਰੂ ਅਰੂਰਾਨ ਸ਼ਹਾਰਸ (ਮੁਦਾਲਿਅਰ-ਸਵਰਣ) ਧੌਨੀ ਸੁਗਰਸ (ਬ੍ਰਾਹਮਣ) ਹੈ, ਰਾਜ ਸ੍ਰੀ ਸੂਹਰਰਸ (ਨਾਇਡੂ-ਸੂਦਰ) ਹੈ, ਆਂਧਰਾ ਸੁਗਰਸ ਅਤੇ ਕੇ. ਸੀ. ਪੀ. ਸੁਗੇਰਸ (ਕੱਮਾ-ਸੂਦਰ) ਕੋਠਾਰੀ

ਸ਼ੁਗਰਸ (ਗੁਜਰਾਤੀ ਬਣੀਆ ਹੈ, ਜੀ. ਐਮ. ਆਰ. ਇੰਡਸਟ੍ਰੀਜ਼) (ਕੌਮਤੀ ਸੂਦਖਰ ਜਾਤੀ) ਗਾਇਤਰੀ ਸ਼ੁਗਰਸ (ਰੈਡੀ-ਸੁਦਰ) ਹੈ ਅਤੇ ਐਮ. ਪੀ. ਸ਼ੁਗਰਸ (ਇਝਾਵਾ-ਨਿਮਨਤਰ ਸ਼ੂਦਰ) ਹੈ। ਮਾਲਿਕਾਨੇ ਦੀ ਐਸੀ ਹੀ ਭਿੰਨਤਾ ਮੁਖ ਮੀਡੀਆ ਘਰਾਣਿਆਂ ਵਿਚ ਵੀ ਹੈ। ਅਜੇ ਉਤਰ ਭਾਰਤ ਵਿਚ ਹੀ ਨਹੀਂ ਹੈ, ਜਿਥੇ ਕਾਰੋਬਾਰੀ ਆਮ ਰੂਮ ’ਚ ਬਾਣੀਆਂ ਹੈ। ਮਾਰਵਾਣੀ ਜਾਂ ਖ਼ਤਰੀ। ਜਾਟ (ਹਿੰਦ ਜਾਂ ਸਿੱਖ ਦੋਨੋਂ) ਯਾਦਵ, ਗੁਜਰ, ਹੋਰ ਮੁੱਖ ਜਾਤੀਆਂ, ਇਫਰਾਤ, ਗੰਨਾ, ਜਵਾਰ, ਕਣਕ, ਕਪਾਹ, ਤਿਲਹਣ ਤੇ ਦੂਲੇ ਪੈਦਾ ਕਰਦੇ ਹਨ। ਪਰ ਇਹ ਫਿਰਕੇ ਆਪ ਨੂੰ ਸ਼ੂਗਰ ਮਿਲਰ ਚਾਵਲ ਨਿਰਮਾਤਾ ਅਨਾਜ ਬਰਾਮਦਕਾਰ, ਕੱਪੜਾ ਸਨਅਤ ’ਚ ਰਸਾਇਣ ਉਦਯੋਗ ਜਾ ਡੇਅਰ ਉਦਯੋਗ ਵਾਲਿਆਂ ਵਜੋਂ ਵਿਰਲੇ ਹੀ ਮਿਲਣਗੇ। ਪੂਰੇ ਖੇਤਰ ’ਚ ਜਟ ਸਿੱਖ ਮਾਲਕਾਂ ਵਾਲੀ ਸਿਰਫ਼ ਇਕ ਕੰਪਨੀ ਹੈ। ਸਿੰਭਾਵਲੀ ਸ਼ੂਗਰ ਮਿਲਸ, ਜੋ ਖੇਤਰ ਦੇ ਸਿਖਰ ਦੇ ਦਸ ਚੀਨੀ ਨਿਰਮਾਤਾ ਕੰਪਨੀਆਂ ਵਿਚ ਹਨ। ਅਜੇਹੇ ਹੀ ਪੂਰੇ ਖੇਤਰ ਵਿਚ ਵੀ ਆਰਐਸ ਫੂਡਸ (ਪਾਰਸ) ਇਕੋ ਇਕ ਡੇਅਰੀ ਹੈ। ਜਿਸ ਦਾ ਪ੍ਰਮੋਟਰ ਇਕ ਗੁਜਰ ਹੈ। ਇਹਨਾਂ ਰਾਜਸੀ ਤੌਰ ਤੇ ਮਜ਼ਬੂਤ ਜਾਤਾਂ ਨੇ ਮੀਡੀਆ ਦੇ ਖੇਤਰ ਵਿਚ ਵੀ ਐਸਾ ਕੋਈ ਥਾਂ ਨਹੀਂ ਬਣਾਇਆ ਹੈ ਜਿਸ ਦੀ ਤੁਲਨਾ ਐਜੀ ਰਾਓ, ਕਲਾਨਿਥੀ ਮਾਰਨ, ਸਿਵੰਸ਼ੀ ਆਦਿਆਨ ਨਾਲ ਕੀਤੀ ਜਾ ਸਕੇ। ਮੁਕਾਬਲੇ ਦੇ ਚੁਣਾਵੀਂ ਰਾਜਨੀਤੀ ਤੋਂ ਉਪਜੀ ਸਮਾਜਕ ਗਤੀਸ਼ੀਲਤਾ ਨੇ ਜੋ ਉਤਰ-ਮੰਡਲ ਕਾਲ ’ਚ ਵਧ ਗਈ ਹੈ-ਇਨ੍ਹਾਂ ਵਿਸਥਾਰ ਗ੍ਰਹਿਣ ਨਹੀਂ ਕੀਤਾ ਕਿ ਇਹ ਕਾਰੋਬਾਰ ਦੇ ਖੇਤਰ ’ਚ ਵਿਖਾਈ ਦੇਵੇ ਅਤੇ ਕਾਰੋਬਾਰ ਦੇ ਖੇਤਰ ਵਿਚ ਜਾਤੀ ਤੇ ਵਰਗ ਦੀ ਸੀਮਾ ਰੇਖਾ ਸਪਸ਼ਟ ਹੈ। ਸਨਅਤਕਾਰਾਂ ਦੀ ਪੀੜੀ ਦਰ ਪੀੜੀ ਬਿਡਲਾ, ਸ੍ਰੀ ਰਾਮ ਤੇ ਥਾਪਰ ਤੋਂ ਜਿੰਦਲ, ਮਹਿੰਦਰਾ ਤੇ ਮੰਜੁਲ ਤਕ ਹੋਰ ਅੱਗੇ ਸੁਨੀਲ ਮਿਤਲ, ਨਰੇਸ਼ ਗੋਇਲ, ਤੇ ਕਿਸ਼ੋਰ ਬਿਆਨੀ ਤਕ ਸਾਰੇ ਉਸੇ ਬਾਈਏ ਜਾਂ ਖਤਰੀ ਫਿਰਕੇ ਦੇ ਜੰਮੇ ਹੋਏ ਹਨ। ਸਥਿਤੀ ਪੱਛਮੀ ਭਾਰਤ ’ਚ ਬੇਹਤਰ ਹੈ। ਜਿਥੇ ਸਰਕਾਰੀ ਅੰਦੋਲਨ ਦੀ ਵਜਾਹ ਨਾਲ ਮਰਾਠਾ ਤੇ ਪੱਟੀਦਾਰ ਵਰਗੇ ਕਿਸਾਨ ਜਾਤਾਂ ਉਦਯੋਗ ਦੇ ਖੇਤਰ ’ਚ ਸਫਲਤਾਪੂਰਵਕ ਪਾਉਣ ’ਚ ਸਮਰਥ ਹੋਈਆਂ ਹਨ। ਇਸ ਮਿਸ਼ਰਤ ਦ੍ਰਿਸ਼ ਪਿਛੇ ਬਹੁਤ ਸਾਰੇ ਕਾਰਕ ਰਹੇ ਹਨ। ਸਿਖਿਆ ਨਿਸ਼ਚਤ ਤੌਰ ਤੇ ਇਕ ਕਾਰਕ ਰਿਹਾ ਹੈ। ਸਿਖਿਆ ਵਿਚ ਜ਼ਿਆਦਾ ਵਿਸ਼ੇਸ਼ ਤੌਰ ਤੇ ਕਹੀਏ ਤਾਂ ਅੰਗਰੇਜ਼ੀ ਤੇ ਤਕਨੀਕੀ ਵਿਸ਼ਿਆਂ ਦੀ ਸਿਖਿਆ ਨਾਲ ਸੰਪਰਕ ਨੇ ਇਸ ਸੰਬੰਧ ’ਚ ਭੂਮਿਕਾ ਨਿਭਾਈ ਹੈ। ਦੱਖਣੀ ਤੇ ਪੱਛਮੀ ਭਾਰਤ ਦੀਆਂ ਮੱਧ ਵਰਗੀ ਜਾਤੀਆਂ ਨੂੰ ਆਧੁਨਿਕ ਸਿਖਿਆ ਦੇ ਮੌਕੇ ਬੇਹਤਰ ਮਿਲੇ ਹਨ। ਐਸਾ ਬਸਤੀਵਾਦੀ ਕਾਲ ਤੋਂ ਹੋ ਰਿਹਾ ਹੈ ਅਤੇ ਬਾਅਦ ’ਚ ਪ੍ਰਗਤੀਸ਼ੀਲ ਰਿਆਸਤੀ ਸ਼ਾਸ਼ਨ (ਬੜੌਦਾ, ਕੋਹਲਾਪੁਰ, ਤ੍ਰਿਾਵਣਕੋਰ) ਅਤੇ ਇਸਾਈ ਮਿਸ਼ਨਰੀਆਂ (ਵਰਗੇ ਨਾਦਾਰਾਂ ਦੇ ਮਾਮਲੇ ’ਚ) ਵਲੋਂ ਹੀ ਇਸ ਨੂੰ ਉਤਸ਼ਾਹ ਮਿਲਿਆ। ਆਧੁਨਿਕ ਸਿਖਿਆ ਦਾ ਹੋਰ ਪ੍ਰਭਾਵਾਂ ’ਚੋਂ ਵੱਧ ਪ੍ਰਭਾਵ ਇਹ ਹੋਇਆ ਕਿ ਇਸ ਨੇ ਕਸਬਿਆਂ ਤੇ ਪਿੰਡਾਂ ਦੇ ਏਕੀਕਰਨ ’ਚ ਮਦਦ ਕੀਤੀ ਅਤੇ ਪੇਂਡੂ ਪ੍ਰੀਵਾਰਾਂ ਨੂੰ ਸ਼ਹਿਰੀ ਮੂਲ ਮਾਣਤਾਵਾਂ, ਮਾਨਸਿਕਤਾ ਤੇ ਰਿਵਾਜ਼ਾਂ ਨਾਲ ਪ੍ਰਚਿਤ ਕਰਵਾਇਆ। ਇਸ ਨਾਲ ਇਕ ਮੱਧ ਵਰਗ ਦਾ ਗਠਨ ਹੋਇਆ ਜਿਸ ਨੇ ਇਕ ਪਾਸੇ ਤਾਂ ਆਪਣੀਆਂ ਪੇਂਡੂ ਜੜਾ ਬਚਾਈ ਰਖੀਆਂ ਅਤੇ ਇਸ ਦੇ ਨਾਲ ਹੀ ਇੰਜੀਨੀਅਰਾਂ, ਡਾਕਟਰਾਂ, ਅਫ਼ਸਰਸ਼ਾਹਾਂ ਵਕੀਲਾਂ ਲੇਖਕਾਂ, ਲੇਖਾਕਾਰਾਂ ਦੀਆਂ ਲਗਾਤਾਰ ਫਸਲਾਂ

ਪੈਦਾ ਕੀਤੀਆਂ ਇਸ ਅਮਲ ਦੇ ਪ੍ਰਭਾਵ ਨਾਲ ਫਿਰ ਸਿਖਿਆ ਪ੍ਰਤੀ ਜਾਗਰਕਤਾ ਵਧੀ ਸਕੂਲਾਂ, ਕਾਲਜਾਂ ਤੇ ਕਾਰੋਬਾਰੀ ਸਿਖਲਾਈ ਅਦਾਰਿਆਂ ਦੀ ਸਥਾਪਨਾ ਦੀ ਲਹਿਰ ਆਈ। ਰਾਜ ਦੀ ਤਰਫੋਂ ਭੂਮਿਕਾ ਨੇ ਇਸ ਅਮਲ ਨੂੰ ਤੇਜ਼ੀ ਮੁਹਈਆ ਕੀਤੀ। ਪਿਛਲੀ ਸਦੀ ਦੇ ਮੋੜ ਤੋਂ ਮਦਰਾਸ ਤੇ ਮੁੰਬਈ ਪ੍ਰੈਜੀਡੈਂਸੀ ਖੇਤਰਾਂ 'ਚ ਗੈਰ ਬ੍ਰਾਹਮਣ ਲਾਮਬੰਦੀਆਂ ਨੇ ਦਰਅਸਲ ਦੋਹਰਾ ਪ੍ਰਭਾਵ ਪਾਇਆ ਇਨ੍ਹਾਂ ਨਾਲ ਠੀਕ ਠੀਕ ਵਿਆਪਕ ਸਮਾਜਕ ਅਧਾਰ ਵਾਲੇ ਮੱਧ ਵਰਗ ਦੀ ਪੈਦਾਇਸ਼ ਹੋਈ। ਦੂਸਰੇ ਰਵਾਇਤੀ ਸਮਾਜਕ ਕ੍ਰਮ ਨੂੰ ਮੁੜ ਪ੍ਰਭਾਸ਼ਿਤ ਕਰਕੇ, ਉਸ ਨੂੰ ਤਰਾਸ਼ ਕੇ ਉਹਨਾਂ ਨੇ ਬ੍ਰਾਹਮਣਾਂ ਤੇ ਹੋਰ ਉੱਚ ਜਾਤੀਆਂ ਨੂੰ ਕੈਰੀਅਰ/ਕਾਰੋਬਾਰਾਂ ਦੇ ਵਿਕਲਪਿਕ ਅਤੇ ਚੁਣਨ ਨੂੰ ਮਜ਼ਬੂਰ ਕੀਤਾ ਅਤੇ ਬਦਲੇ 'ਚ ਖੁਦ ਉਦਮੀ ਬਣ ਗਏ। ਇਸ ਤਰ੍ਹਾਂ ਪੈਦਾ ਹੋਏ ਮੱਧ ਵਰਗ ਤੋਂ ਜਿਸ 'ਚ ਬ੍ਰਾਹਮਣ, ਗੈਰ ਬ੍ਰਾਹਮਣ ਦੋਨੋਂ ਆਉਂਦੇ ਸਨ। ਇਕ ਨਵੀਂ ਕਿਸਮ ਦਾ ਪੂੰਜੀਪਤੀ ਵਧਿਆ ਫੁਲਿਆ ਖਾਸ ਕਰਕੇ ਆਜ਼ਾਦੀ ਪਿੱਛੋਂ ਪਣਪੇ ਇਹ ਪੂੰਜੀਪਤੀ ਉਹ ਲੋਕ ਸਨ ਜਿਨ੍ਹਾਂ ਦੇ ਪਿਤਾ ਖੇਤ ਮਜ਼ਦੂਰ, ਸਕੂਲੀ ਅਧਿਆਪਕ ਜਾਂ ਸਰਕਾਰੀ ਬਾਬੂ ਸਨ ਪਰ ਦੁਕਾਨਦਾਰ ਜਾਂ ਵਪਾਰੀ ਨਹੀਂ। ਕਸਬਿਆਂ ਤੇ ਪਿੰਡਾਂ ਨੂੰ ਸਮੇਟਨ ਵਾਲਾ ਐਸਾ ਸਮਾਜਕ ਮੰਥਨ ਤੇ ਸਿਖਿਆ ਲਈ ਐਸੀ ਲਲਕ ਉਤਰ ਭਾਰਤ 'ਚ ਅਜੇ ਹਾਲ ਫਿਲਹਾਲ ਤੋਂ ਪਹਿਲਾਂ ਨਹੀਂ ਪਾਈ ਜਾਂਦੀ ਸੀ। ਜੇ ਤਬਦੀਲੀ ਦੀ ਪਹਿਲੀ ਹਲਚਲ ਦਿਖਾਈ ਦਿੰਦੀ ਹੈ ਪਰ ਸੱਚੇ ਅਰਥਾਂ ਵਿਚ ਵਿਆਪਕ ਆਧਾਰ ਵਾਲਾ ਤੇ ਨੁਮਾਇੰਦੀਗੀ ਵਾਲਾ ਮੱਧ ਵਰਗ ਅਜੇ ਵੀ ਆਪਣੀ ਸ਼ਕਲ ਅਖਤਿਆਰ ਕਰਨ ਤੋਂ ਦੂਰ ਹੈ। ਇਸ ਦੇ ਨਾਲ ਉਭਰਦੀ ਕਾਰਵਾਈ ਦਾ ਵਿਚਾਰ ਵੀ ਲੋਕ ਕਲਪਨਾ ਨੂੰ ਨਹੀਂ ਭੇਦ ਪਾਇਆ ਹੈ। ਉਦੋਂ ਇਹ ਵਧ ਹੈਰਾਨੀਜਨਕ ਨਹੀਂ ਹੁੰਦਾ ਹੈ ਅਤੇ ਹੋਰ ਪਿਛਲੇ ਵਰਗਾਂ ਨੂੰ ਸਰਕਾਰੀ ਨੌਕਰੀਆਂ (ਮੰਡਲ-1) ਤੇ ਸਿਖਿਆ ਅਦਾਰਿਆਂ 'ਚ ਸੀ ਦਾ (ਮੰਡਲ-2) 'ਚ ਰਾਖਵੇਂਕਰਨ ਨੂੰ ਖੇਤਰ ਦੇ ਸਮਾਜਕ ਤੌਰ ਤੇ ਤੰਗਨਜ਼ਰ ਵੱਧ ਵਰਗ ਤੇ ਮੀਡੀਆ ਵਲੋਂ ਤਿਖੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ। ਇਹ ਦੱਖਣੀ ਤੇ ਪੱਛਮੀ ਭਾਰਤ ਦੇ ਉਲਟ ਹੈ। ਜਿਥੇ ਦਹਾਕੇ ਪਹਿਲਾਂ ਹੀ 'ਸਮਾਜਕ ਨਿਆਂ' ਦੇ ਸੁਆਲ ਦੀ ਨਿਸ਼ਾਨਦੇਹੀ ਕਰ ਲਈ ਗਈ ਸੀ। ਜਿਥੇ ਰਾਖਵਾਕਰਨ ਜੀਵਨ ਦੀ ਇਕ ਕਬੂਲ ਹੋਈ ਅਸਲੀਅਤ ਹੈ।

ਦੱਖਣ 'ਚ ਪੂੰਜੀ ਦੇ ਠੀਕ ਠਾਕ ਜਮਹੂਰੀਕਰਨ 'ਚ ਸਿਖਿਆ ਤੇ ਉਭਾਰਕਾਰੀ ਕਦਮਾਂ ਤੋਂ ਇਲਾਵਾ ਜਿਸ ਕਾਰਕ ਨੇ ਭੂਮਿਕਾ ਅਦਾ ਕੀਤੀ ਹੈ, ਉਹ ਇਹ ਹੈ ਕਿ ਜਿਥੇ ਕਾਰੋਬਾਰ 'ਤੇ ਰਵਾਇਤੀ ਵਪਾਰੀ ਤੇ ਸੂਦ ਖੋਰ ਫਿਰਕਿਆਂ ਦੀ ਜਕੜਬੰਦੀ ਨਹੀਂ ਹੈ। ਪਰ ਚੇਟਿਆਰਾਂ ਤੇ ਕਾਮਨਿਆ ਦੀ ਸਥਿਤੀ ਸਰਵਗ੍ਰਾਸੀ ਉਤਰ ਭਾਰਤੀ ਬਣੀਆਂ ਵਰਗੀ ਇਕਹਿਰੀ ਦਾਬੇ ਵਾਲੀ ਬਿਲਕੁਲ ਨਹੀਂ ਹੈ। ਉਮਰ ਦੇ ਬਾਣੀਆਂ ਦੇ ਹੱਥ ਏਨੇ ਲੰਬੇ ਰਹੇ ਕਿ ਉਹਨਾਂ ਨੇ ਸਮੁੱਚੀ ਕਾਰੋਬਾਰੀ ਲੜੀ ਨੂੰ ਸਮੇਟਿਆ। ਪਿੰਡ 'ਚ ਸਾਹੂ ਕਾਰੀ, ਮੁੱਢਲੀ ਆੜ੍ਹਤ ਤੋਂ ਥੋਕ ਵਿਕਰੀ ਦੀ ਦਲਾਲੀ ਅਤੇ ਬਿਲਾਂ 'ਚ ਛੋਟ ਤਕ ਅਤੇ ਆਖਰੀ ਸਾਲ ਦੀ ਪੈਦਾਵਾਰ ਤੇ ਵਿਕਰੀ ਤਕ ਸਭ ਨੂੰ ਸਮੇਟਿਆ। ਅਜੇਹੇ ਵਿਰੋਧੀ ਵਾਤਵਰਣ 'ਚ ਹੋਰ ਲੋਕਾਂ ਲਈ ਇਸ ਤਾਣੇ ਬਾਣੇ ਨੂੰ ਸਮੇਟਨਾ ਔਖਾ ਸੀ ਪੰਜਾਬ ਦੇ ਰਾਮਗੜ੍ਹੀਆਂ ਦੀ ਉਦਾਹਰਣ ਇਸ ਮਾਮਲੇ 'ਚ ਅਨੋਖੀ ਹੈ ਕਿ ਸ਼ਿਲਪਕਾਰ ਜਾਤੀਆਂ ਨੇ ਆਧੁਨਿਕ ਯੁੱਗ ਵਿਚ ਆਪਣੇ ਕੌਸ਼ਲ ਨੂੰ ਨਵੇਂ ਰੂਪ 'ਚ ਪਾਇਆ ਐਤ ਸਾਈਕਲ ਤੇ ਆਟੋ

ਦੇ ਹਿੱਸੇ, ਮਸ਼ੀਨਾ ਦੇ ਟੂਲ ਸਿਲਾਈ ਦੇਔਂਜਾਰ ਤੇ ਖੇਤੀ ਦੀਆਂ ਮਸ਼ੀਨਾਂ ਦੇ ਮੱਦੇਨਜ਼ਰ ਇਹ ਲੋਕ ਅਗਲੀ ਪੌੜੀ ਚੜ ਕੇ ਕੱਪੜਾ ਮਿਲਾਂ ਦੇ ਮਾਲਕ ਜਾ ਬ੍ਰਾਂਡੇ ਸਾਈਕਲਾਂ ਜਾਂ ਟ੍ਰੇਕਟਰਾਂ ਦੇ ਨਿਰਮਾਤਾਂ ਕਦੀ ਨਹੀਂ ਬਣ ਦਸਕੇ। ਸਮਾਜਕ ਕਾਰੋਬਾਰੀ ਘਟਨਾਕ੍ਰਮ ਨੂੰ ਮਿਲਾਉਣ ਲਈ ਰਾਜ ਵਲੋਂ ਕੰਟਰੋਲ ਵਾਲੀ ਹਮਾਇਤ ਦੀ ਲੋੜ ਸੀ। ਇਹ ਇਕ ਸੁਚੇਤ ਨੀਤੀਗਤ ਦਖਲ ਹੁੰਦਾ ਜਿਵੇਂ ਕਿ ਪੱਛਮੀ ਭਾਰਤ 'ਚ ਰਾਜ ਦਾ ਇਕ ਫੈਸਲਾਕੁੰਨ ਦਖਲ ਸੀ ਜਿਸ ਨੇ ਪੇਂਡੂ ਅਜ਼ਾਰੇਦਾਰ ਮਰਾਠਾ ਪ੍ਰੀਵਾਰ ਪਟੀਕਰ ਫਿਰਕਿਆਂ ਵਲੋਂ ਪੋਸ਼ਿਤ ਚੀਨੀ ਤੇ ਡੇਅਰੀ ਸਹਿਕਾਰੀਆਂ ਦੀ ਸਫਲਤਾ ਤਹਿ ਕਰ ਦਿੱਤੀ ਸੀ। ਦੱਖਣ ਵਿਚ ਸਥਿਤੀ ਬਿਲਕੁਲ ਵਖਰੀ ਸੀ ਜਿਥੇ ਇਤਿਹਾਸਕ ਤੌਰ ਤੇ ਸ਼ੂਦਰ ਰਹਿੰਦਾ ਸੀ। ਜਿਸ ਨਾਲ ਉਥੇ ਨਿੱਜੀ ਉਦਮੀਆਂ ਲਈ ਮੁਕਾਬਲਤਨ ਖੁੱਲ੍ਹਾ ਸਮਾਜਿਕ ਮੌਕਾ ਸੀ। ਇਹਨਾਂ ਹਾਲਤਾਂ ਵਿੱਚ ਉਦਮੀ ਕੋਈ ਵੀ ਹੋ ਸਕਦਾ ਸੀ। ਚੇਟਿਆਰ ਜਾਂ ਮੁਸਲਿਮ ਕੌਮਾ ਗੌਂਦਰ, ਨਾਦਰ, ਸੀਰੀਅਨ ਜਾਂ ਮੁਸਲਿਮ ਇਸ ਵਜ੍ਹਾਂ ਜਦ 1947 ਪਿਛੋਂ ਸਿੰਚਾਈ, ਊਰਜਾ, ਟਰਾਂਸਪੋਰਟ ਤੇ ਹੋਰ ਖੇਤਰਾਂ ਵਿੱਚ ਸਰਕਾਰੀ ਨਿਵੇਸ਼ 'ਚ ਵਾਧਾ ਸ਼ੁਰੂ ਹੋਇਆ ਤਾਂ ਵੱਖ-ਵੱਖ ਫਿਰਕਿਆਂ ਤੋਂ ਠੇਕੇਦਾਰਾਂ ਤੇ ਉਦਯੋਗਪਤੀਆਂ ਦੀ ਚੋਣ ਹੋਈ। ਅਜਿਹਾ ਨਹੀਂ ਸੀ ਕਿ ਕਾਰੋਬਾਰ ਦੇ ਖੇਤਰ ਵਿੱਚ ਜਾਤੀ ਉਨਮੂਲਨ ਹੋ ਗਿਆ ਤਾਂ ਹੋਵੇ ਪਰ ਇਹ ਖੇਤਰਾਂ ਦੇ ਮੁਕਾਬਲੇ ਇਥੇ ਇਹ ਅੜਿੱਕਾ ਘੱਟ ਬਣੀ। ਅਸੀਂ ਵੇਖਦੇ ਹਾਂ ਕਿ ਵੱਖ-ਵੱਖ ਫਿਰਕਿਆਂ ਦੇ ਉਦਯੋਗਿਕ ਵਟਾਂਦਰੇ ਦੇ ਤਿੰਨ ਆਮ ਰਸਤੇ ਰਹੇ ਹਨ। ਪਹਿਲਾਂ ਰਵਾਇਤੀ ਦੇ ਵੈਸ਼ਅ ਫਿਰਕੇ ਉਦਯੋਗਪਤੀ ਬਣੇ। ਦੂਜਾ ਮਾਰਗ ਦਫਤਰ ਤੋਂ ਫੈਕਟਰੀ ਦਾ ਰਿਹਾ ਹੈ। ਜਿਸ ਨਾਲ ਬ੍ਰਾਹਮਣ ਖੱਤਰੀ ਬੰਗਾਲੀ ਭੱਦਰ ਲੋਕ ਤੇ ਹੋਰ ਉੱਚੀਆਂ ਜਾਤੀਆਂ ਗੁੱਜਰਾਂ ਜਿਹਨਾਂ ਦਾ ਇਕ ਸਪੱਸ਼ਟ ਸ਼ਹਿਰੀ ਮੱਧਵਰਗ ਦਾ ਰੁਝਾਣ ਸੀ। ਇਹ ਤਬਕੇ ਰਵਾਇਤੀ ਤੌਰ 'ਤੇ ਅਫਸਰਸ਼ਾਹੀ ਵਿੱਚ ਅਤੇ ਹੋਰ ਕਲਮ ਚਲਾਉਣ ਵਾਲੇ ਕਾਮਿਆਂ ਵਿੱਚ ਭਾਰੂ ਸਨ ਅਤੇ ਇਹਨਾਂ ਦੀ ਸਨਅਤ ਕਾਮੇ 'ਚ ਤਬਦੀਲੀ ਵੱਡੇ ਪੈਮਾਨੇ 'ਤੇ 147 ਪਿਛੋਂ ਹੀ ਹੋਇਆ। ਤੀਜਾ ਮਾਰਗ ਖੇਤਾਂ ਤੋਂ ਫੈਕਟਰੀ ਤਕ ਜਾਂਦਾ ਹੈ। ਇਸ ਦੇ ਤਹਿਤ ਇਹ ਫਿਰਕੇ ਇਕੱਠੇ ਹੋਏ। ਜੋ ਭਾਰਤੀ ਹਿੰਦੂ ਚਤੂਵਰਣ ਯੋਜਨਾ 'ਚ ਸੂਦਰਾ ਵਜੋਂ ਵਰਗੀਕ੍ਰਿਤ ਹੋਏ। ਵਿਆਪਕ ਫਲਕ ਵਾਲੇ ਇਸ ਪ੍ਰਵਰਗ ਵਿੱਚ ਭੂਮੀਧਾਰੀ ਕਿਸਾਨ ਜਾਤੀਆਂ ਜਿਵੇਂ ਕੱਮਾ ਰੇਡੀ, ਗੋਂਦੇਰੇ ਜਾਟ, ਪੱਟੀਦਾਰ ਮਰਾਠਾ ਸ਼ਾਮਲ ਹਨ। ਨਾਲ ਹੀ ਨਿਰੰਤਰ ਸੁਦਰ ਜਿਵੇਂ ਨਾਦਰ, ਰਾਮਗੜੀਆ ਤੇ ਪੇਂਡੂ ਸੇਵਕ ਫਿਰਕੇ ਸ਼ਾਮਲ ਹਨ। ਵਿਕਲਪਿਕ ਤੌਰ 'ਤੇ ਉਹਨਾਂ ਨੂੰ ਪੇਂਡੂ ਮੱਧ ਵਰਗ ਵੀ ਕਿਹਾ ਜਾ ਸਕਦਾ ਹੈ ਜਿਨ੍ਹਾਂ ਦੀ ਰਾਜਸੀ ਸਮਾਜ ਤੇ ਆਰਥਿਕ ਮਜ਼ਬੂਤੀ ਪਿਛਲੀ ਸਦੀ ਦੀ ਇੱਕ ਯੁੱਗੀ ਵਿਸ਼ੇਸ਼ਤਾ ਬਣੀ। ਕਾਰਪੋਰੇਟ ਬੋਰਡ ਰੂਮ ਤਕ ਦਾ ਇਹ ਸਫਰ ਜੋ ਵੱਖ-ਵੱਖ ਖੇਤਰਾਂ 'ਚ ਚਾਹੇ ਜਿਨ੍ਹਾਂ ਵੀ ਨਾ ਬਰਾਬਰ ਕਿਉਂ ਨਾ ਰਿਹਾ ਹੋਵੇ, ਸ਼ਹਿਰੀ ਉਚ ਜਾਤੀਆਂ ਵੱਲੋਂ ਹਾਸਲ ਅਜਿਹੇ ਹੀ ਵਟਾਂਦਰੇ ਦੇ ਸਮਾਨੰਤਰ ਲਾਜਮੀ ਰਿਹਾ। ਸ਼ਹਿਰੀ ਤੇ ਪੇਂਡੂ ਮੱਧ ਵਰਗ ਦੀ ਅਗਵਾਈ 'ਚ ਨਿਯਮਤ ਇਹਨਾਂ ਮਾਰਗਾਂ ਨੇ ਜਮਾਨੇ ਤੋਂ ਸਥਾਪਤ ਵਿਸ਼ਧ ਵੈਸ਼ਆ ਵਰਣ ਦੇ ਕਾਰੋਬਾਰੀ ਫਿਰਕਿਆਂ ਦੇ ਦਾਬੇ ਨੂੰ ਹਰਜਾ ਜ਼ਰੂਰ ਪਹੁੰਚਾਇਆ।

**ਪੂੰਜੀਪਤੀ ਵਰਗ 'ਚ ਦਲਿਤ** - ਉਹ ਫਿਰਕਾ ਜੋ ਸਾਰੀਆਂ ਚੀਜ਼ਾਂ ਦੇ ਬਾਵਜੂਦ ਪੂੰਜੀ ਦੇ ਇਸ ਮੰਥਨ ਤੇ ਉਸ ਦੇ ਸਮਾਜਿਕ ਅਧਾਰ ਦੇ ਵਧਣ ਨਾਲ ਛੁੱਟ

ਗਿਆ ਹੈ, ਇਹ ਸਮੂਹ ਦਲਿਤ ਹੈ। ਅਸੀਂ ਵੇਖਦੇ ਹਾਂ ਕਿ ਜਿਥੋਂ ਤਕ ਕਿ ਦੱਖਣ ਵਿਚ ਵੀ ਕੋਈ ਵੱਡੀ ਦਲਿਤ ਸਨਅਤਕਾਰ ਨਹੀਂ ਹੈ। ਇਕ ਵੀ ਨਹੀਂ। ਹਾਲ ਦੀਆਂ ਰਿਪੋਰਟ ਨਵ ਜਾਤ ਦਲਿਤਾਂ ਪੂੰਜੀਪਤੀਆਂ ਦੇ ਵਿਕਾਸ ਵੱਲ ਸੰਕੇਤ ਕਰਦੀਆਂ ਹਨ। ਇਹ ਵਿਕਾਸ ਬਹੁਜਨ ਸਮਾਜ ਪਾਰਟੀ ਨੂੰ ਇਕ ਤਾਕਤ ਵਜੋਂ ਵਿਕਾਸ ਦੇ ਸਮ ਕਾਲੀਨ ਹੈ। ਜੋ 1990 ਦੇ ਦਹਾਕੇ ਤੋਂ ਕਦੇ-ਕਦਾਈ ਗਠਜੋੜ ਵਜੋਂ ਅਤੇ ਮੌਜੂਦਾ ਆਪਣੇ ਖੁਦ ਦੇ ਸਪੱਸ਼ਟ ਬਹੁਮਤ ਦੇ ਦਮ 'ਤੇ ਉਤਰ ਪ੍ਰਦੇਸ਼ ਦੀ ਹਕੂਮਤ ਚਲਾ ਰਹੀ ਹੈ।

ਕਿਧਰੇ ਹਰਿਕਿਸ਼ਨ ਪਿਪਲ ਦਾ ਜ਼ਿਕਰ ਆਉਂਦਾ ਹੈ ਜੋ ਆਗਰਾ ਵਿੱਚ 125 ਬਿਸਤਰਿਆਂ ਵਾਲੇ ਹਸਪਤਾਲ ਦਾ ਮਾਲਕ ਹੈ ਅਤੇ ਉਸ ਨੇ ਬਸਪਾ ਦੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਦੀ ਲੜੀ ਸੀ। ਐਸੇ ਹੀ ਆਗਰਾ ਦੇ ਹੀ ਦੇਵਕੀ ਨੰਦਨ ਸੋਨੇ 'ਤਾਜਪਲਾਜਾ' ਨਾਂ ਦਾ ਇਕ ਕਿਫਾਇਤੀ ਹੋਟਲ ਚਲਾਉਂਦੇ ਹਨ। ਅਰੁਣ ਕੁਮਾਰ ਸਿੰਘ ਹਨ ਜੋ ਪਹਿਲਾਂ ਯੂਨੀਵਰਸਿਟੀ ਦੇ ਬੁਲਾਰੇ ਸਨ ਅਤੇ ਹੁਣ ਸ਼ਹਿਰ ਦੇ ਵਿਚਕਾਰ ਇਕ ਵਪਾਰਕ ਕੰਮਪਲੈਕਸ ਦੇ ਮਾਲਕ ਹਨ। ਫਿਰ ਦਲਿਤਾਂ ਦੇ ਲਘੂ ਉਦਯੋਗ ਹਨ ਜਿਹਨਾਂ ਵਿੱਚ ਜੁਤੇ ਘੋੜ ਸਵਾਰੀ ਦੇ ਉਪਕਰਣ ਚਮੜੇ ਦੀਆਂ ਗੱਦੀਆਂ ਬਣਾ ਕੇ ਬਰਾਮਦ ਕੀਤੀਆਂ ਜਾਂਦੀਆਂ ਹਨ।

ਓਦਮਸ਼ੀਲਤਾ ਲਈ ਉਤਸ਼ਾਹ ਦੀਆਂ ਕੁਝ ਵੰਨਗੀਆਂ ਪੁਣੇ ਅਧਾਰਿਤ ਦਲਿਤ ਇੰਡੀਅਨ ਚੇਂਬਰਸ ਆਫ ਕਾਮਰਸ ਐਂਡ ਇੰਡਸਟ੍ਰੀ (Dicci) ਅਤੇ ਦਿੱਲੀ ਦੀ ਦਲਿਤ ਵਪਾਰ ਵੈਲਫੇਅਰ ਐਸੋਸੀਏਸ਼ਨ (Dvwa) ਵਰਗੇ ਸੰਗਠਨ ਵੀ ਪੇਸ਼ ਕਰਦੇ ਹਨ। ਜਿਹਨਾ ਨੂੰ ਉਦਯੋਗ ਲਈ ਸ਼ੁਰੂਆਤੀ ਕਰਜਾ ਤੇ ਸਰਕਾਰੀ ਠੇਕਿਆਂ ਵਿਚ ਇਕ ਨਿਸ਼ਚਤ ਫੀਸਦੀ ਦੇ ਰਾਖਵੇਕਰਨ ਦੀ ਮੰਗ ਉਠਾਈ ਹੈ। ਇਹ ਹੀ ਏਨਾ ਸੰਗਠਨਾ ਦਾ ਕੇਂਦਰਬਿੰਦੂ ਹੈ। ਇਹਨਾਂ ਅੰਗ ਨੂੰ ਹੀ ਭੋਪਾਲ ਡਿਕਲੇਰੇਸ਼ਨ 'ਚ ਵੀ ਉਠਾਇਆ ਗਿਆ। ਜੋ ਜਨਵਰੀ 2002 'ਚ ਇਕ ਸੰਮੇਲਨ 'ਚ ਸ਼ਾਮਲ ਨੁਮਾਇੰਦਿਆਂ ਤੇ ਕਾਮਿਆਂ ਵਲੋਂ ਆਯੋਜਿਤ ਕੀਤਾ ਗਿਆ। ਇਸ ਪਿਛੋਂ ਮੱਧ ਪ੍ਰਦੇਸ਼ ਸਰਕਾਰ ਵਲੋਂ ਆਯੋਜਿਤ ਕੀਤਾ ਗਿਆ। ਇਯ ਪਿਛੋਂ ਮੱਧ ਪ੍ਰਦੇਸ਼ ਸਰਕਾਰ ਵਲੋਂ ਗਠਿਤ ਟਾਸਕ ਫੋਰਸ ਨੇ ਸਰਕਾਰੀ ਠੇਕਿਆਂ ਵਿਭਾਗੀ ਖਰੀਦਾਂ ਤੇ ਸ਼ਰਾਬ ਦੇ ਠੇਕੇਦਾਰਾਂ ਦੇ ਦੀ ਅਲਾਟਮੈਂਟ ਵਿਚ ਵਿਵਿਧਤਾ ਲਿਆਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਅੱਗੇ ਵਧ ਕੇ ਇਸ ਨੇ ਆਟੋ ਮੋਬਾਇਲ ਨਿਰਮਾਤਾਵਾਂ ਦਵਾ ਕੰਪਨੀਆਂ ਤੇ ਹੋਰ ਉਦਯੋਗਾਂ ਸਬੰਧੀ ਜਿਨ੍ਹਾਂ ਦੇ ਡੀਲਰ ਜਾਂ ਵਿਤਰਕ ਦਲਿਤ ਕਾਰੋਬਾਰੀ ਹੋਣ। ਟੈਕਸ ਕਟੌਤੀ ਦਾ ਪ੍ਰਸਤਾਵ ਰੱਖਿਆ ਪਰ ਤਾਂ ਵੀ ਇਹ ਅਜੇ ਸ਼ੁਰੂਆਤ ਹੀ ਹੈ। Dicci ਦੇ ਤਕਰੀਬਨ 100 ਮੈਂਬਰਾਂ 'ਚੋਂ ਹਰੇਕ ਨੂੰ ਮਹਾਂਰਾਸ਼ਟਰ ਵਿੱਚ ਸਲਾਨਾ ਕਾਰੋਬਾਰ 50 ਲੱਖ ਤੋਂ 4 ਕਰੋੜ ਰੁਪਏ ਤਕ ਦਾ ਹੁੰਦਾ ਹੈ। Dvwa ਦੇ 500 ਮੈਂਬਰ ਹਨ। ਜਿਨ੍ਹਾਂ 'ਚੋਂ ਹਰੇਕ ਸਲਾਨਾ 20 ਲੱਖ ਰੁਪਏ ਤਕ ਦਾ ਕਾਰੋਬਾਰ ਕਰਦਾ ਹੈ। ਸਪੱਸ਼ਟ ਹੈ ਕਿ ਅਜੇ ਭਾਰਤ ਦੇ ਵੱਡੇ ਦਲਿਤ ਪੂੰਜੀਪਤੀ ਵਰਗ ਨੂੰ ਉਭਰਨ 'ਚ ਵਕਤ ਲੱਗੇਗਾ।

**ਪੂੰਜੀਵਾਦ ਤੇ ਜਾਤੀ ਪਹਿਚਾਣ** - ਸਮਾਪਤ ਕਰਨ ਤੋਂ ਪਹਿਲਾਂ ਕੁਝ ਬਿੰਦੂ ਤੇ ਪਹਿਲੇ ਬਿੰਦੂ ਦਾ ਸਬੰਧ ਕਾਰੋਬਾਰ ਜਾਤੀ ਪਹਿਚਾਣ ਦੇ ਪਹਿਲੂ ਨਾਲ ਹੈ। ਜਿਵੇਂ ਕਿ ਫਿਰਕੇ ਆਰਥਿਕ ਮੰਚ 'ਤੇ ਆਉਂਦੇ ਹਨ ਅਤੇ ਪੂੰਜੀ ਤੇ ਵਿਸਥਾਰਿਤ ਪੈਮਾਨੇ ਦਾ ਪੁਨਰ ਉਤਪਾਦਨ ਹੁੰਦਾ ਹੈ। ਭਾਈਚਾਰਕ ਉਦਤਸ਼ੀਲਤਾ ਦੇ ਆਦਰਸ਼ 'ਤੇ

ਵਿਅਕਤੀਗਤ ਪੂੰਜੀ ਨੀਤੀਆਂ ਦੇ ਮਾਮਲੇ ਵਿੱਚ ਬਹੁਤ ਸਪੱਸ਼ਟ ਉਭਰ ਕੇ ਸਾਹਮਣੇ ਆਇਆ। ਆਪਸ 'ਚ ਚੰਗੀ ਤਰ੍ਹਾਂ ਗੁੰਦੇ ਇਸ ਫਿਰਕੇ ਨੇ ਸਮਾਜਿਕ ਬਾਈਕਾਟ ਦੇ ਮੱਦੇਨਜ਼ਰ ਸੰਸਥਾਵਾਂ ਦਾ ਇਕ ਤਾਣਾਬਾਣਾ ਖੜਾ ਕਰਕੇ ਫਿਰਕੇ ਦੇ ਮੈਂਬਰਾਂ ਨੂੰ ਜਥੇਬੰਦ ਕਰਨ ਤੇ ਆਮ ਕਾਰੋਬਾਰੀ ਹਿੱਤਾਂ ਨੂੰ ਅੱਗੇ ਵਧਾਉਣ ਦਾ ਕਾਰਜ ਲਿਆ। 1910 'ਚ ਗਠਿਤ 'ਨਾਦਰ ਮਹਾਜਨ ਸੰਗਾਮ' ਦਾ ਇਕ ਐਲਾਨਿਆਂ ਮਕਸਦ' ਇਯ ਫਿਰਕੇ ਦੇ ਮੈਂਬਰਾਂ 'ਚ ਕਾਰੋਬਾਰੀ ਤੇ ਸਨਅਤੀ ਉਦਮਸ਼ੀਲਤਾ ਨੂੰ ਉਤਸ਼ਾਹਿਤ ਕਰਨ ਤੇ ਅੱਗੇ ਬਣਾਉਣਾ ਸੀ।' ਤਾਮਿਲਨਾਡੂ ਮਾਰਕੇਂਟਾਇਲ ਬੈਂਕ ਵੀ 1921 ਵਿੱਚ ਨਾਦਰ ਉਦਮੀਆਂ ਦੀ ਮਦਦ ਲਈ ਬਣਾਇਆ ਗਿਆ ਸੀ। 1962 ਤਕ ਵੀ ਐਸਾ ਸੀ ਜਦ ਕਿ ਉਸ ਦਾ ਨਾਮ ਨਾਦਰ ਬੈਂਕ ਸੀ। ਪਰ 1990 ਦੇ ਦਹਾਕੇ ਦੇ ਮੱਧ ਤਕ ਇਸ ਦੀ ਮਾਲਕੀ ਇਕ ਮਾਰਵਾੜੀ ਸਮੂਹ (ਇਸਾਰ ਦੇ ਰੂਈਆ) ਦੇ ਹੱਥਾਂ ਵਿੱਚ ਆ ਗਈ ਸੀ।

ਇਸ ਨੇ ਇਸ ਦੇ ਬਹੁਤੇ ਸ਼ੇਅਰ ਕੈਲੀਫੋਰਨੀਆ 'ਚ ਵਸੇ ਮੁਦਾਲਿਆਰ ਸ੍ਰੀ ਸ਼ਿਵਸੰਕਰ ਨੂੰ ਵੇਚ ਦਿੱਤੇ। 'ਨਾਦਰ ਸੰਗਮ' ਵਾਲੇ ਬੈਂਕ ਦੇ ਨਾਦਰ ਮਾਲਕਾਂ ਨੂੰ ਬੈਂਕਾਂ ਨੂੰ ਬਾਹਰੀ ਲੋਕਾਂ ਨੂੰ ਵੇਚਣ ਤੋਂ ਰੋਕ ਨਹੀਂ ਸਕਦੇ ਸਨ ਜਦਕਿ ਸ਼ੇਅਰਾਂ ਦੀ ਅੱਛੀ ਕੀਮਤ ਮਿਲ ਰਹੀ ਸੀ। ਗੁਜਰਾਤ ਤੇ ਮਹਾਂਰਾਸ਼ਟਰ ਦੇ ਸਹਿਕਾਰ ਅੰਦੋਲਨ ਜੋ ਆਪਣੀ ਊਰਜਾ ਪਿਛਲੇ ਸਾਲਾਂ ਵਿੱਚ ਖੋਹਦਾ ਗਿਆ ਹੈ। ਬਾਰੇ ਵੀ ਇਹੀ ਵਿਆਖਿਆ ਪੇਸ਼ ਕੀਤੀ ਜਾ ਰਹੀ ਹੈ। ਪਟੀਦਾਰਾਂ ਤੇ ਮਰਾਠਿਆ ਦੇ ਮੱਧ ਨਿਜੀ ਉਦਮ ਦਾ ਵਧਦਾ ਰੁਝਾਣ ਨਾਲ-ਨਾਲ ਇਹਨਾਂ ਫਿਰਕਿਆਂ ਜਾਂ ਟਪਟੋ ਘੱਟ ਇਸ ਦੇ ਅੱਗੇ ਵਧਦੇ ਹਿੱਸਿਆਂ ਜੋ ਪਹਿਲਾਂ ਫਿਰਕੇ ਨੂੰ ਨੁਮਾਇੰਦਗੀ ਦਿੰਦੇ ਸਨ ਦੇ ਦਰਮਿਆਨ ਤਾਂ ਲਾਜਮੀ ਹੀ ਸਹਿਕਾਰੀ ਕਾਰੋਬਾਰੀਆਂ ਵਿੱਚ ਰੁਚੀ ਖਤਮ ਹੁੰਦੀ ਜਾ ਰਹੀ ਹੈ। ਇਹ ਸਭ ਚੀਜ਼ਾਂ ਇਹ ਦਰਸਾਉਂਦੀਆਂ ਹਨ ਕਿ ਅੰਦਰੂਨੀ ਭੇਦ ਅਤੇ ਸੰਸਾਰੀਕਰਨ ਦਾ ਫਿਰਕੇ ਦੀ ਇਕ ਜੁਟਤਾ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਕਿਉਂਕਿ ਫਿਰਕੇ 'ਚ ਬੇਹਤਰ ਸਥਿਤੀ ਵਾਲੇ ਲੋਕ ਫਿਰਕੇ ਦੀਆਂ ਕੰਧਾਂ ਤੋੜ ਆਪਣੇ ਵਰਗ ਦੇ ਲੋਕਾਂ ਨਾਲ ਸਬੰਧ ਬਣਾ ਲੈਂਦੇ ਹਨ। ਇਹ ਕੱਮਾ ਸ਼ੂਗਰ ਸਮੂਹ ਆਖਿਰਕਾਰ ਆਪਣੇ ਹਿੱਤ ਹੋਰ ਮਿੱਲ ਮਾਲਕਾਂ ਦੇ ਨਾਲ ਵੇਖਦਾ ਹੈ ਆਪਣੇ ਕੱਮਾ ਸਾਥੀਆਂ ਦੇ ਨਾਲ ਨਹੀਂ ਜੋ ਗੰਨਾ ਉਗਾਉਂਦੇ ਹਨ ਜਾਂ ਮਜ਼ਦੂਰ ਹਨ। ਏਕਤਾ ਦੀਆਂ ਭਾਵਨਾਵਾਂ ਇਹਨਾਂ 'ਚ ਖਾਂਦੇ ਪੀਂਦੇ ਮੈਂਬਰਾਂ ਵਿਚਕਾਰ ਬਲਵਾਨਾ ਬਣਦੀਆਂ ਰਹੀਆਂ ਹਨ। ਇਹ ਭਾਵਨਾਵਾਂ ਜੇ ਕਦੀ ਉਭਾਰੀਆਂ ਜਾਂਦੀਆਂ ਵੀ ਹਨ ਤਾਂ ਅਕਸਰ ਉਹਨਾਂ ਦੀ ਮੌਕਾਪ੍ਰਸਤ ਵਰਤੋਂ ਵੀ ਕੀਤੀ ਜਾਂਦੀ ਹੈ। ਜੋ ਗੱਲ ਜਾਤੀ ਲਈ ਸਹੀ ਹੈ। ਉਹੀ ਖੇਤਰ ਜਾਂ ਹੋਰ ਜਨਜਾਤੀ ਪਹਿਚਾਣਾਂ ਲਈ ਵੀ ਠੀਕ ਹੈ। ਆਪਣੇ ਵਾਧੇ ਦੇ ਖਾਸ ਬਿੰਦੂ 'ਤੇ ਉਭਰਦਾ ਪੂੰਜੀਪਤ ਐਸਾ ਲਾਜਮੀ ਵੇਖਦਾ ਹੈ ਕਿ ਉਹ ਪ੍ਰਦੇਸ਼ਿਕ ਰਾਜਸੀ ਸੰਗਠਨਾ ਨਾਲ ਜੁੜੇ ਤੇ ਉਹਨਾਂ ਉਪਰ ਚਰਚਾ ਕਰੇ। ਦ੍ਰਾਵਿੜ, ਮੁਨੇਤਰ, ਕੜਗਮ, ਤੇਲਗੂ, ਦੇਸ਼ਮਲ ਤੇ ਅਕਾਲੀ ਦਲ ਇਸ ਪ੍ਰਸੰਗ 'ਚ ਮਹਾਰਾਸ਼ਟਰ ਤੇ ਗੁਜਰਾਤ ਵਿੱਚ ਕਾਂਗਰਸ ਪਾਰਟੀ ਵੀ ਇਸ ਰੁਝਾਣ ਦੇ ਰੂਪ ਰਹੇ ਹਨ। ਕਾਂਗਰਸ ਕੇਂਦਰ 'ਚ 'ਅਜਾਰੇਦਾਰ ਵੱਡੀ ਵਪਾਰਕ ਪੂੰਜੀ' ਦਾ ਪੱਖ ਲੈਂਦੀ ਦਿਸਦੀ ਹੈ ਅਤੇ ਉਥੇ 'ਗੈਰ ਅਜ਼ਾਰੇਦਾਰ ਖੇਤਰੀ ਪੂੰਜੀ' ਦਾ ਪੱਖ ਨਹੀਂ ਲਿਆ ਜਾਂਦਾ ਅਤੇ ਉਸ ਨੂੰ ਸਨਅਤੀ ਲਾਇਸੰਸ ਜਾਂ ਹੋਰ ਛੋਟਾ ਮੁਹੱਈਆ ਨਹੀਂ ਹੁੰਦੀਆਂ। ਪਰ ਜਿਵੇਂ

ਜਿਵੇਂ ਪੂੰਜੀ ਦੀ ਚੌਖਟ ਵਧਦੀ ਜਾਂਦੀ ਹੈ। ਕੌਮੀ ਤੇ ਖੇਤਰੀ ਸਰਮਾਏਦਾਰ ਵਿਚ ਰੇਖਾ ਮੱਧਮ ਹੁੰਦੀ ਜਾਂਦੀ ਹੈ। ਇਸ ਦੇ ਸਮਾਨੰਤਰ ਰਾਜਸੀ ਪੱਧਰ 'ਤੇ ਵੀ ਨਵੇਂ ਸਬੰਧ ਉਭਰਦੇ ਦਿਸਦੇ ਹਨ ਅਤੇ ਖੇਤਰੀਅਤਾ ਦਾ ਬਿਆਨ ਕਰਨ ਵਾਲੇ ਦਲਾਂ ਦੀ ਕੇਂਦਰ 'ਚ ਭੂਮਿਕਾ ਵਧ ਜਾਂਦੀ ਹੈ। ਭਾਰਤ 'ਚ 'ਲਾਇਸੰਸ ਕੰਟਰੋਲ ਰਾਜ' ਦਾ ਪਤਨ ਤੇ ਗਠਜੋੜ ਰਾਜਨੀਤੀ ਦੀ ਪ੍ਰਸੀਗਿਕਤਾ ਦਾ ਵਧਣਾ ਨਾਲ ਨਾਲ ਹੋਇਆ ਹੈ। ਇਹ ਸ਼ਾਇਦ ਕੋਈ ਸਾਧਾਰਨ ਸਹਿਯੋਗ ਨਹੀਂ ਹੈ ਕਿ ਖੇਤਰੀ ਪਾਰਟੀਆਂ ਅੱਜਕਲ ਕੌਮੀ ਸਰਕਾਰਾਂ ਚਲਾ ਰਹੀਆਂ ਹਨ। ਠੀਕ ਉਦੋਂ ਜਦੋਂ ਕਿ ਜੀ. ਐਮ. ਆਰ. ਅਤੇ ਜੀ. ਵੀ. ਕੇ. ਦਿਲੀ ਤੇ ਮੁੰਬਈ 'ਚ ਕੌਮਾਂਤਰੀ ਹਵਾਈ ਅੱਡੇ ਬਣਾਉਣੇ ਸ਼ੁਰੂ ਕਰ ਰਹੇ ਹਨ ਅਤੇ ਰਾਜ ਸ੍ਰੀ ਸੁਗਰਸ ਬਿਹਾਰ 'ਚ ਆਪਣੀਆਂ ਫੈਕਟਰੀਆਂ ਖੜੀਆਂ ਕਰਨ ਦੀ ਯੋਜਨਾ ਬਣਾ ਰਿਹਾ ਹੈ।

# ਫਿਰਕਾਪ੍ਰਸਤੀ ਦਾ ਵਧਦਾ ਖਤਰਾ

27 ਫਰਵਰੀ 2002 ਨੂੰ ਗੋਧਰਾ ਦੀ ਘਟਨਾ ਅਤੇ ਗੁਜਰਾਤ ਕਤਲੇਆਮ ਦੀ ਜਾਂਚ ਲਈ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਵੱਲੋਂ ਨਿਯੁਕਤ ਨਾਨਾਵਤੀ ਕਮਿਸ਼ਨ ਨੇ ਆਪਣੀ ਰਿਪੋਰਟ ਦਾ ਪਹਿਲਾਂ ਭਾਗ ਪੇਸ਼ ਕਰਕੇ ਉਹਨਾਂ ਨੂੰ ਬੇਹੱਦ ਖੁਸ਼ ਕਰ ਦਿੱਤਾ ਹੈ। ਇਹ ਅਧੂਰੀ ਰਿਪੋਰਟ ਸਿਰਫ ਗੋਧਰਾ ਟ੍ਰੇਨ ਅਗਨੀ ਕਾਂਡ ਤਕ ਨਹੀਂ ਸੀਮਤ ਹੈ। ਜਦ ਕਿ ਉਸ ਪਿਛੋਂ ਹੋਏ ਕਤਲੇਆਮ ਨੂੰ ਛੂਹਿਆ ਤਕ ਨਹੀਂ ਗਿਆ। ਫਿਰ ਨਾਨਾਵਤੀ ਨੇ ਆਪਣੀ ਇਸ ਰਿਪੋਰਟ 'ਚ ਮੁੱਖ ਮੰਤਰੀ ਨਰੇਂਦਰ ਮੋਦੀ, ਉਹਨਾਂ ਦੇ ਮੰਤਰੀ ਮੰਡਲ ਦੇ ਸਹਿਯੋਗੀਆਂ ਅਤੇ ਪੁਲਸ ਅਫਸਰਾਂ ਦੇ ਗੋਧਰਾ ਘਟਨਾ 'ਚ ਕਿਸੇ ਤਰ੍ਹਾਂ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ ਅਤੇ ਘਟਨਾ ਦੇ ਤੁਰੰਤ ਬਾਅਦ ਮੋਦੀ ਵੱਲੋਂ ਕਿਤੇ ਇਸ ਬਿਆਨ ਨੂੰ ਹੀ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੋਧਰਾ ਕਾਂਡ ਨੂੰ 'ਗਿਣੀ ਮਿਥੀ ਅੱਤਵਾਦੀ ਸਾਜ਼ਿਸ਼' ਸੀ। ਸਬੂਤਾਂ ਤੇ ਘਟਨਾ ਕ੍ਰਮ ਦੇ ਬਿਊਰੋ ਨੂੰ ਇਕਦਮ ਨਜ਼ਰਅੰਦਾਜ਼ ਕਰ ਦਿੱਤਾ ਜਿਸ ਨਾਲ ਪ੍ਰਮਾਣਿਤ ਹੁੰਦਾ ਹੈ ਕਿ ਇਹ ਕੋਈ ਗਿਣੀ ਮਿਥੀ ਸਾਜ਼ਿਸ਼ ਨਹੀਂ ਬਲਕਿ ਇਕ ਦੁਰਘਟਨਾ ਸੀ। ਨਾਨਾਵਤੀ ਕਮਿਸ਼ਨ ਨੇ ਬੈਨਰਜੀ ਕਮੇਟੀ ਅਤੇ ਸੁਪਰੀਮ ਕੋਰਟ ਦੇ ਕਈ ਆਦੇਸ਼ਾਂ ਦਾ ਖੰਡਨ ਕਰਦਿਆਂ ਮੋਦੀ ਦੇ ਬਿਆਨ ਨੂੰ ਦੁਹਰਾਇਆ ਕਿ ਸਾਬਰਮਤੀ ਐਕਸਪ੍ਰੈਸ ਨੂੰ ਅੱਗ ਬਾਹਰੋਂ ਲਾਈ ਗਈ ਸੀ। ਇਹ ਵੱਖਰੀ ਗੱਲ ਹੈ ਕਿ ਨਾਨਾਵਤੀ ਵੱਲੋਂ ਆਪਣੇ ਪ੍ਰਭੂ ਮੋਦੀ ਨੂੰ ਖੁਸ਼ ਕਰਨ ਲਈ। ਪੁਰ ਜੋਰ ਕੋਸ਼ਿਸ਼ ਕਰਨ ਦੇ ਬਾਵਜੂਦ ਉਹ ਇਸ ਗੱਲ ਤੋਂ ਇਨਕਾਰ ਕਰਕੇ ਖੁਦ ਆਪਣਾ ਖੰਡਨ ਕਰਦੇ ਹਨ ਕਿ ਇਸ ਵਿਚ ਕਿਸੇ ਧਾਰਮਿਕ ਜਾਂ ਰਾਜਸੀ ਸੰਗਠਨ ਦਾ ਹੱਥ ਸੀ। ਇਹ ਕਹਿਣਾ ਉਹਨਾਂ ਦੇ ਪਹਿਲਾਂ ਦੇ ਬਿਆਨ ਦੇ ਉਲਟ ਹਨ ਕਿ ਜਥੇਬੰਦ ਭੀੜ ਨੇ ਰੇਲ ਦੇ ਐਸ 6 ਕੋਚ ਨੂੰ ਸਾੜਨ ਲਈ 140 ਲੀਟਰ ਪੈਟਰੋਲ ਛਿੜਕੇ ਕੇ ਅੱਗ ਲਾਈ ਸੀ ਜੋ ਕਿ ਪਹਿਲਾਂ ਗਿਣੀ ਮਿਥੀ ਸਾਜਿਸ਼ ਸੀ। ਗੋਧਰਾ ਤੇ ਗੁਜਰਾਤ ਜਨ ਸੰਘਰਸ਼ ਮੰਚ ਗੁਜਰਾਤ ਨੇ 29 ਸਤੰਬਰ ਨੂੰ ਇਕ ਬਿਆਨ ਜਾਰੀ ਕਰਕੇ ਜਸਟਿਸ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਨੇ ਪਹਿਲੇ ਭਾਗ ਨੂੰ ਖਾਰਜ ਕਰਦੇ ਹੋਇਆ ਕਿਹਾ ਕਿ ਇਹ 'ਰਿਪੋਰਟ ਪਹਿਲਾਂ ਨਿਰਧਾਰਿਤ ਸਿੱਟੇ 'ਤੇ ਪਹੁੰਚਣ ਲਈ ਸਬੂਤਾਂ ਦੇ ਨਾਲ ਛੇੜਛਾੜ ਦਾ ਸਿੱਟਾ ਹੈ। 'ਨਾਨਾਵਤੀ ਕਮਿਸ਼ਨ 'ਚ ਪੇਸ਼ ਸਾਰੇ ਸਬੂਤਾਂ ਤੇ ਸਰਗਰਮੀਆਂ ਦੇ ਆਧਾਂਰ 'ਤੇ ਲੋਕ ਸੰਘਰਸ਼ ਮੰਚ ਨੇ ਕਿਹਾ ਕਿ 27 ਫਰਵਰੀ 2002 ਨੂੰ ਸਾਬਰਮਤੀ ਐਕਸਪ੍ਰੈਸ 'ਚ ਲੱਗੀ ਅੱਗ ਇਕ ਦੁਰਘਟਨਾ ਸੀ, ਕਿਸੇ ਪਹਿਲਾਂ ਗਿਣੀ ਮਿਥੀ ਸਾਜਿਸ਼ ਦਾ ਹਿੱਸਾ ਨਹੀਂ ਸੀ। ਜਨ ਸੰਘਰਸ਼ ਮੰਚ ਦੇ ਸੁਕੂਲ ਸਿਨਹਾ ਮੁਤਾਬਕ ਅਣ ਦੇਖਿਆ ਕਰਕੇ ਉਸ ਵਿਚੋਂ ਕੁਝ ਸਬੂਤਾਂ ਨੂੰ ਚੁਣ ਲਿਆ ਗਿਆ ਅਤੇ ਨੋਇਲ ਪ੍ਰਮਾਰ ਵੱਲੋਂ ਕੀਤੀ ਜਾਂਚ 'ਤੇ ਜਿਸ ਨੂੰ ਸੁਪਰੀਮ ਕੋਰਟ ਨੇ ਮਨਜ਼ੂਰ ਨਹੀਂ ਕੀਤਾ ਸੀ। ਨਿਰਭਰ ਹੋ ਕੇ ਆਪਣਾ ਸਿੱਟਿਆ ਕੱਢਿਆ ਹੈ।" ਜਿਹਨਾਂ ਲੋਕਾਂ ਨੇ ਗੋਧਰਾ ਦੀ ਘਟਨਾ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਸੀ ਅਤੇ ਉਸ ਦੇ ਅਧਾਰ 'ਤੇ ਗੁਜਰਾਤ ਕਤਲੇਆਮ ਨੂੰ ਅੰਜਾਮ ਦਿੱਤਾ ਸੀ ਉਹਨਾਂ ਨੂੰ ਉਹਨਾਂ ਦੀ ਜਿੰਮੇਵਾਰੀ ਤੋਂ ਬਰੀ ਕਰਨ ਵਾਲੀ ਇਹ ਰਿਪੋਰਟ ਇਸ ਗੱਲ ਦਾ ਸੰਕੇਤ ਹੈ ਕਿ ਨਿਆਂਪਾਲਿਕਾਂ ਦੇ ਇੱਕ ਹਿੱਸੇ ਸਮੇਤ ਰਾਜ ਮਸ਼ੀਨਰੀ ਦਾ ਫਿਰਕਾਪ੍ਰਸਤੀਕਰਨ ਤੇ ਉਸ ਦੇ ਅਨੁਕੂਲ ਹਿੰਦੂਤਵ ਗ੍ਰਹਿ ਵੱਲੋਂ ਦੇਸ਼

ਭਰ 'ਚ ਚਲਾਈ ਜਾ ਰਹੀ ਫਿਰਕਾਪ੍ਰਸਤ ਫਾਸ਼ੀਵਾਦੀ ਮੁਹਿੰਮ ਕਿਸ ਹੱਦ ਤਕ ਤੇਜ ਹੋ ਰਹੀ ਹੈ। ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਜੋ ਫਿਰਕਾਪ੍ਰਸਤੀ ਵਿਰੋਧੀ ਮੰਚ ਦੇ ਆਧਾਰ 'ਤੇ ਮਾਕਪਾ ਦੀ ਅਗਵਾਈ ਵਾਲੇ ਮੋਰਚੇ ਦੀ ਹਮਾਇਤ ਨਾਲ 2004 'ਚ ਸੱਤਾ 'ਚ ਆਈ ਸੀ, ਉਹ ਫਿਰਕਾਪ੍ਰਸਤ ਫਾਸ਼ੀਵਾਦੀ ਤਾਕਤਾਂ ਦੇ ਹੱਥਾਂ 'ਚ ਖੇਡਦੀ ਰਹੀ। ਇਸ ਗੱਲ ਦਾ ਸਬੂਤ ਹੈ ਕਿ ਉਹ ਗੁਜਰਾਤ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੇ ਅਮਲ ਨੂੰ ਤੇਜ ਕਰਨ 'ਚ ਅਸਫਲ ਰਹੀ। ਉਸ ਨੇ ਰਾਜ ਮਸ਼ੀਨਰੀ ਤੇ ਸਿੱਖਿਆ ਸਭਿਆਚਾਰ ਦੇ ਖੇਤਰ ਵਿੱਚ ਵਿਸ਼ੇਸ਼ ਤੌਰ 'ਤੇ ਭਾਜਪਾ ਦੀ ਹਕੂਮਤ ਵਾਲੇ ਰਾਜਾਂ 'ਚ ਸੰਘ ਪਰਿਵਾਰ ਦੀ ਵਧਦੀ ਨੰਗੀ ਚਿੱਟੀ ਫਿਰਕਾਪ੍ਰਸਤੀ ਖਿਲਾਫ ਕੋਈ ਕਦਮ ਉਠਾਉਣ ਤੋਂ ਇਨਕਾਰ ਕੀਤਾ। ਉਸਨੇ ਕੇਂਦਰੀ ਜਾਂਚ ਏਜੰਸੀਆਂ ਅਤੇ ਪੁਲਸ ਨੂੰ ਪੂਰੇ ਮੁਸਲਿਮ ਫਿਰਕੇ ਨੂੰ ਅੱਤਵਾਦੀ ਵਜੋਂ 'ਵਾਰ ਵਾਰ ਪੇਸ਼ ਕਰਨ' ਦੀ ਛੋਟ ਦੇ ਰੱਖੀ ਹੈ। ਸਿਮੀ ਤੇ ਨਿਸ਼ਾਨਾ ਤੇ ਉੱਤਰ ਪ੍ਰਦੇਸ਼ ਦੇ ਆਜਮਗੜ੍ਹ 'ਚ ਛਾਪੇ ਸਪੱਸ਼ਟ ਉਦਾਹਰਣ ਹੈ। ਜਦ ਕਿ ਬਜਰੰਗ ਦਲ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਜੋ ਘੱਟ ਗਿਣਤੀ ਦੇ ਹਮਲਿਆਂ ਲਈ ਜਿੰਮੇਵਾਰ ਹੈ ਅਤੇ ਮੁੰਬਈ ਦੇ ਰਾਜ ਠਾਕਰੇ ਨੂੰ ਵੀ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ ਜਿਨ੍ਹਾਂ ਦੇ ਉੱਤਰ ਭਾਰਤ ਭਾਰਤੀ ਮਜ਼ਦੂਰਾਂ ਖਿਲਾਫ ਆਤੰਕਿਤ ਕਰਨ ਵਾਲੇ ਬਿਆਨਾਂ ਨਾਲ ਉਹਨਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ।

ਕਿਉਂਕਿ ਮੱਧ ਪ੍ਰਦੇਸ਼ ਛਤੀਗੜ੍ਹ ਰਾਜਸਥਾਨ ਤੇ ਦਿੱਲੀ ਵਿਧਾਨ ਸਭਾਵਾਂ ਅਤੇ ਇਸ ਪਿਛੋਂ ਲੋਕ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ ਜਿਸ ਲਈ ਕਾਂਗਰਸ ਤੇ ਭਾਜਪਾ ਨੇ ਸੰਘ ਪਰਿਵਾਰ ਨੂੰ ਇਹਨਾਂ ਰਾਜਾਂ ਵਿੱਚ ਅਤੇ ਕੇਂਦਰ ਦੀ ਸੱਤਾ 'ਚ ਲਿਆ ਭਾਰਤ ਨੂੰ ਇੱਕ 'ਹਿੰਦੂ ਦੇਸ਼' 'ਚ ਤਬਦੀਲ ਕਰਨ ਦੀ ਕੋਸ਼ਿਸ਼ ਤੇਜ ਕਰ ਦਿੱਤੀ ਗਈ ਹੈ। ਇਹੀ ਕਾਰਨ ਹੈ ਕਿ ਹਾਲ ਦੇ ਦਿਨਾਂ 'ਚ ਘੱਟ ਗਿਣਤੀਆਂ 'ਤੇ ਇਹ ਹਮਲੇ ਤੇਜ਼ ਹੋ ਗਏ ਹਨ। ਜਿਸ ਨਾਲ ਹਿੰਦੂ ਵੋਟ ਦਾ ਵਿਸਥਾਰ ਕੀਤਾ ਜਾ ਸਕੇ। ਇਹ ਵੱਧ ਤੋਂ ਵੱਧ ਥਾਵਾਂ 'ਤੇ ਗੁਜਰਾਤ ਬਣਾਉਣਾ ਚਾਹੁੰਦੀ ਹੈ। ਇਸ ਦਾ ਵਿਰੋਧ ਕਰਨ ਦੀ ਬਜਾਏ ਮਨਮੋਹਨ ਸਰਕਾਰ 'ਹਿੰਦੂ ਵੋਟਾਂ' ਨੂੰ ਟੁੱਟ ਜਾਣ ਤੋਂ ਰੋਕਣ ਲਈ ਖੁੱਲੇ ਰੂਪ 'ਚ ਫਿਰਕਾਪ੍ਰਸਤ ਨਜ਼ਰੀਏ ਨਾਲ ਸਰਾਪੀ ਹੋਈ ਹੈ। ਜਿਵੇਂ ਕਿ 1992 'ਚ ਨਰਸਿਮ੍ਹਾ ਰਾਓ ਦੇ ਸਮੇਂ ਹੋਇਆ ਸੀ ਜਦ ਲਾਲ ਕ੍ਰਿਸ਼ਨ ਅਡਵਾਨੀ ਉਮਾ ਭਾਰਤੀ ਵਰਗੀਆਂ ਹਸਤੀਆਂ ਦੀ ਹਾਜ਼ਰੀ 'ਚ ਬਾਬਰੀ ਮਸਜਿਦ ਨੂੰ ਢੇਰੀ ਕੀਤਾ ਜਾ ਰਿਹਾ ਹੈ। ਸਿੱਟੇ ਵਜੋਂ ਸਿੱਕੇ ਦੇ ਫਲਾਅ ਦੀ ਦਰ 12 ਫੀਸਦੀ ਸਦੀ ਦੇ ਆਸ ਪਾਸ ਬਣੀ ਹੋਈ ਹੈ। ਸਭ ਜਰੂਰੀ ਵਸਤੂਆਂ ਦੀਆਂ ਕੀਮਤਾਂ ਆਕਾਸ਼ ਛੂਹ ਰਹੀਆਂ ਹਨ। ਮਜ਼ਦੂਰਾਂ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਉਪਰ ਨਾ-ਉਦਾਰਵਾਦੀ ਨੀਤੀਆਂ ਦਾ ਹਮਲਾ ਨਿਰੰਤਰ ਤੇਜ਼ ਹੁੰਦਾ ਜਾ ਰਿਹਾ ਹੈ ਤੇ ਆਮ ਲੋਕਾਂ ਦੇ ਸਭ ਹਿੱਸੇ ਕੰਗਾਲ ਹੋ ਰਹੇ ਹਨ। ਇਹ ਤਹਿ ਹੈ ਕਿ ਉਹਨਾਂ ਦਾ ਗੁੱਸਾ ਆਉਣ ਵਾਲੀਆਂ ਚੋਣਾਂ ਨੂੰ ਪ੍ਰਭਾਵਿਤ ਕਰੇਗਾ। ਇਸ ਨੂੰ ਰੋਕਣ ਲਈ ਹੀ ਫਿਰਕਪ੍ਰਸਤ ਜਾਤੀਵਾਦੀ ਤੇ ਹੋਰ ਤੰਗ ਦਿਲ ਮੁੱਦਿਆਂ ਨੂੰ ਜਾਣ ਬੁੱਝ ਕੇ ਉਛਾਲਿਆ ਜਾ ਰਿਹਾ ਹੈ। ਜਿਥੇ ਸੰਘ ਪਰਿਵਾਰ 'ਹਿੰਦੂਤਵ' ਦੀ ਖੁੱਲ੍ਹੇਆਮ ਪੈਰਵੀ ਕਰਕੇ ਇਸ ਮੁਹਿੰਮ ਦੀ ਅਗਵਾਈ ਕਰ ਰਿਹਾ ਹੈ, ਉਥੇ ਹੋਰ ਦੂਜੇ ਫਿਰਕਾਪ੍ਰਸਤ ਤੇ ਜਾਤੀਵਾਦੀ ਦ੍ਰਿਸ਼ਟੀਕੋਣ ਨਾਲ ਲਿਪਤ ਹਨ। ਇਹੀ ਕਾਰਨ ਹੈ ਕਿ

ਕੋਈ ਵੀ ਲਾਲ ਕ੍ਰਿਸ਼ਨ ਅਡਵਾਨੀ ਖਿਲਾਫ ਨਹੀਂ ਬੋਲ ਰਿਹਾ, ਜੋ 1990 ਦੇ ਰੱਥ ਯਾਤਰਾ 'ਤੇ 1992 ਦੇ ਬਾਬਰੀ ਰੂਪ 'ਚ ਜਿੰਮੇਵਾਰ ਹੈ। ਕੋਈ ਵੀ ਫਾਂਸੀ ਹਤਿਆਰੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਜਿਸਨੇ ਗੁਜਰਾਤ ਕਤਲੇਆਮ ਲਈ ਜਿੰਮੇਵਾਰ ਨਰੇਂਦਰ ਮੋਦੀ ਦਾ ਸਾਥ ਦਿੱਤਾ ਸੀ , ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪੇਸ਼ ਕੀਤੇ ਜਾਣ ਨੂੰ ਚੁਣੌਤੀ ਨਹੀਂ ਦੇ ਰਿਹਾ ਹੈ।

ਇਹਨਾਂ ਖਿਲਾਫ ਅਦਾਲਤੀ ਅਮਲੇ ਲੰਮੇ ਸਮੇਂ ਤੋਂ ਲਟਕ ਰਹੇ ਹਨ। ਜੇ ਇਹ ਫਾਸ਼ੀਵਾਦੀ ਹਤਿਆਰੇ ਬੇਦਾਗ ਘੁੰਮ ਰਹੇ ਹਨ ਤੇ ਉਹਨਾਂ ਵੱਲੋਂ ਦੇਸ਼ 'ਤੇ ਹਕੂਮਤ ਦੀ ਸਥਿਤੀ ਉਸਾਰੀ ਜਾ ਰਹੀ ਹੈ, ਤਾਂ ਇਸ ਨਾਲ ਜਾਂਚ ਮਸ਼ੀਨਰੀ ਨਿਆਂ ਪਾਲਿਕਾਂ ਤੇ ਕੇਂਦਰ ਸਰਕਾਰ ਦਾ ਹੀ ਪਰਦਾ ਫਾਸ ਹੁੰਦਾ ਹੈ। ਜੰਮੂ ਤੇ ਕਸ਼ਮੀਰ ਦੀਆਂ ਹਾਲ ਦੀਆਂ ਬੋਰਡ ਜਮੀਨੀ ਝਮੇਲਾ ਦੇ ਕੇਸ਼ 'ਚ ਰਾਜ ਦੀ ਰਾਜਨੀਤੀ ਨੂੰ ਫਿਰਕਾਦਾਇਕ ਰੰਗ ਦੇਣ ਲਈ ਭਾਜਪਾ ਅਤ। ਕਾਂਗਰਸ ਨੇ ਕਿਸੇ ਤਰ੍ਹਾਂ ਹੱਥ ਮਿਲਾ ਲਿਆ ਸੀ। ਜੋ ਕੋਈ ਮੁੱਦਾ ਨਹੀਂ ਸੀ ਉਸ ਨੂੰ ਵਿਸਫੋਟਿਕ ਮੁੱਦਾ ਬਣਾ ਦਿੱਤਾ ਗਿਆ ਅਤੇ ਇਸ ਤਰ੍ਹਾਂ ਕਸ਼ਮੀਰੀ ਜਨਤਾ ਨੂੰ ਸੜਕਾਂ 'ਤੇ ਉਤਰਨ ਲਈ ਉਕਸਾਇਆ ਸੀ। ਫਿਰ ਇਸ ਦੀ ਆੜ 'ਚ ਰਾਜਕੀ ਦਮਨ ਤੇਜ਼ ਕਰ ਦਿੱਤਾ ਗਿਆ। ਮੁੱਦੇ ਨੂੰ ਫਿਰਕਾਪ੍ਰਸਤ ਰੂਪ ਦੇਣ ਕਾਰਨ ਰਾਜ ਨੂੰ ਤਿੰਨ ਹਿੱਸਿਆਂ ਵਿੱਚ ਵੰਡਣ ਅਤੇ ਕਸ਼ਮੀਰੀਆਂ ਦੇ ਆਤਮ ਨਿਰਣੇ ਦੇ ਅਧਿਕਾਰ ਦਾ ਵਿਰੋਧ ਕਰਨ ਦੀ ਸੰਘ ਪਰਿਵਾਰ ਨੇ ਅੱਜਕਲ ਉੜੀਸਾ ਨੂੰ ਆਪਣਾ ਅਗਲਾ ਨਿਸਾਨਾ ਬਣਾ ਰੱਖਿਆ ਹੈ ਬਲਕਿ ਇਹ ਲੰਮੇ ਸਮੇਂ ਤੋਂ ਉਸ ਦੇ ਨਿਸ਼ਾਨੇ 'ਤੇ ਹਨ। ਇਹ ਆਦੀਵਾਸੀ ਜਾਂ ਟ੍ਰਾਈਬਲ ਲੋਕਾਂ ਨੂੰ ਵਨਵਾਸੀ ਕਹਿੰਦੀ ਹੈ, ਜਿਸ ਨਾਲ ਇਸ ਤੱਥ 'ਤੇ ਪਰਦਾ ਪਾਇਆ ਜਾ ਸਕੇ ਕਿ ਉਹ ਇਥੋਂ ਦੇ ਮੂਲ ਨਿਵਾਸੀ ਹਨ ਅਤੇ ਆਰੀਆ ਬਾਅਦ 'ਚ ਬਾਹਰੋਂ ਆਏ ਹਨ। ਭਾਰਤ ਭਰ ਦੇ ਆਦੀਵਾਸੀ ਹਿੰਦੂ ਧਰਮ ਦੇ ਅੰਗ ਨਹੀਂ ਸਨ। ਸੰਘ ਪਰਵਿਾਰ ਇਹ ਨਹੀਂ ਮੰਨਦਾ ਕਿ ਉਹਨਾਂ ਦੇ ਆਪਣੇ ਕਬੀਲੇ ਰਸ਼ਮੋ ਰਿਵਾਜ, ਪੂਜਾ ਰਵਾਇਤ ਤੇ ਦੇਵੀ ਦੇਵਤੇ ਰਹੇ ਹਨ। ਉਹਨਾਂ ਦਾ ਹਿੰਦੂ ਧਰਮ ਜਾਂ ਇਸਾਈ ਧਰਮ ਕਿਸੇ ਵਿੱਚ ਵੀ ਤਬਦੀਲੀ ਧਰਮ ਤਬਦੀਲੀ ਦੇ ਬਰਾਬਰ ਹੀ ਹੈ। ਇਸਾਈ ਮਿਸ਼ਨਰੀਆਂ ਉਹਨਾਂ ਵਿਚਕਾਰ ਬਸਤੀਵਾਦੀ ਸਮੇਂ ਤੋਂ ਹੀ ਸਰਗਰਮ ਹਨ ਅਤੇ ਕੁਝ ਕਈ ਆਦੀਵਾਸੀਆਂ ਨੇ ਇਸਾਈ ਵਿਸਵਾਸ਼ ਨੂੰ ਅਪਣਾ ਲਿਆ ਹੈ। ਅੱਜ ਵਿਸ਼ਵ ਹਿੰਦੂ ਪ੍ਰੀਸ਼ਦ ਬਜਰੰਗ ਦਲ ਵਰਗੇ ਸੰਗਠਨ ਇਹਨਾਂ ਇਲਾਕਿਆਂ ਵਿੱਚ ਘੁਸਪੈਠ ਕਰਕੇ 'ਧਰਮ ਬਦਲੀ' ਦਾ ਵਿਰੋਧ ਕਰਨ ਦੇ ਨਾਂ 'ਤੇ ਉਹਨਾਂ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੰਧਮਾਲ 'ਤੇ ਆਸ ਪਾਸ ਦੇ ਇਲਾਕਿਆਂ 'ਚ ਜੋ ਹੋ ਰਿਹਾ ਹੈ ਉਹ ਉੜੀਸਾ 'ਚ ਇਕ ਗੁਜਰਾਤ ਬਣਾਉਣ ਅਤੇ ਰਾਜ ਨੂੰ ਹਿੰਦੂਤਵ ਦੀ ਦੂਜੀ ਲਬਾਟਰੀ ਤਬਦੀਲ ਕਰਨ ਦਾ ਯਤਨ ਹੈ। ਬਜਰੰਗ ਦਲ ਨੇ ਕਰਨਾਟਕ ਵਿੱਚ ਵੀ ਇਸਾਈ ਪ੍ਰਾਰਥਨਾ ਸਥਾਨਾਂ ਗਿਰਜਾ ਘਰਾਂ ਤੇ ਹੋਰ ਸੰਸਥਾਵਾਂ 'ਤੇ ਵੱਡੇ ਪੈਮਾਨੇ 'ਤੇ ਹਮਲਾ ਬੋਲਿਆ ਹੈ। ਸਿੱਟੇ ਵਜੋਂ ਮੱਧ ਪ੍ਰਦੇਸ਼, ਛਤੀਸਗੜ੍ਹ ਤੇ ਰਾਜਸਥਾਨ 'ਚ ਜੋ ਹੋ ਰਿਹਾ ਹੈ ਵੈਸੇ ਹੀ ਕਰਨਾਟਕ ਵਿੱਚ ਵੀ ਰਾਜ ਮਸ਼ੀਨਰੀ ਦੀ ਵਰਤੋਂ ਕਰਕੇ ਇਸ ਦੇ ਨਾਲ ਨਾਲ ਦਲਿਤ ਤੇ ਹੋਰ ਸਭ ਪੀੜਤ ਤਬਕਿਆਂ 'ਤੇ ਵੀ ਹਮਲਾ ਹੋ ਰਿਹਾ ਹੈ। ਸਭ ਘੱਟ ਗਿਣਤੀ ਨੂੰ ਅੱਤਵਾਦੀ ਵਜੋਂ ਸਨਾਖਤ ਕਰਨ ਲਈ ਅਤੇ ਸੰਘ ਪਰਿਵਾਰਾਂ ਦੇ ਗੁਨਾਹਾਂ 'ਤੇ ਪੋਚਾ ਫੇਰਨ ਲਈ

ਉਤੇਜਕ ਦਿਵਾਰ ਲਿਖਣ ਪੋਸਟਰ ਤੇ ਹੋਰ ਤਰੀਕਿਆਂ ਨਾਲ ਫਿਰਕਾਦਾਇਕ ਫਾਸ਼ੀਵਾਦੀ ਪ੍ਰਚਾਰ ਚਲਾਇਆ ਜਾ ਰਿਹਾ ਹੈ। ਆਰ. ਐਸ. ਐਸ. 'ਚ ਤਿੰਨ ਹਜ਼ਾਰ ਸਰਸਵਤੀ ਕਾਲਜਾਂ ਨਾਲ ਸਿੱਖਿਆ ਖੇਤਰ 'ਚ ਦਾਖਲ ਹੋਇਆ ਸੀ ਤਾਂ ਅੱਜ ਉਸ ਦੀ ਗਿਣਤੀ ਵਧ ਕੇ ਤੀਹ ਹਜ਼ਾਰ ਹੋ ਗਈ ਹੈ। ਕਿਉਂਕਿ ਸਰਕਾਰ ਸਿੱਖਿਆ ਦੇ ਖੇਤਰ ਤੋਂ ਪਿੱਛੇ ਹਟਦੀ ਜਾ ਰਹੀ ਹੈ, ਇਸ ਲਈ ਵੱਖ-ਵੱਖ ਧਾਰਮਿਕ ਸੰਗਠਨਾਂ ਵਲੋਂ ਚਲਾਏ ਜਾਂਦੇ ਸਕੂਲਾਂ ਤੇ ਕਾਲਜਾਂ ਦੀ ਗਿਣਤੀ ਹੌਲੀ ਵਧਦੀ ਜਾ ਰਹੀ ਹੈ। ਸਭਿਆਚਾਰ ਦੇ ਖੇਤਰ ਵਿੱਚ ਜਿਥੇ ਹਿੰਦੂਤਵ ਬ੍ਰਿਗੇਡ ਹਮਲਾਵਰ ਰੁਖ ਅਪਣਾ ਰਹੀ ਹੈ, ਉਥੇ ਬਹੁ ਗਿਣਤੀ ਨੂੰ ਵੀ ਅਜਿਹਾ ਕਰਨ ਲਈ ਉਕਸਾ ਰਿਹਾ ਹੈ। ਇਸ ਤਰ੍ਹਾਂ ਕਰਦੇ ਹੋਏ। ਧਰਮ ਨਿਰਪੱਖ ਮੁੱਲਾਂ ਦੀ ਜੜ੍ਹਾਂ ਪੁੱਟਦਿਆਂ ਵਧ ਫੁਲ ਰਹੇ ਹਨ। ਕੁਝ ਸ਼ਹਿਰਾਂ 'ਚ ਪਿਛੇ ਜਿਹੇ ਹੀ ਹੋਏ ਬੰਬ ਵਿਸਫੋਟਾਂ ਨਾਲ ਸੰਘ ਪਰਿਵਾਰ ਨੂੰ ਆਪਣੀ ਫਿਰਕਾਪ੍ਰਸਤ ਫਾਸ਼ੀਵਾਦੀ ਨੀਤੀ ਤੇਜ਼ ਕਰਨ ਦਾ ਮੌਕਾ ਹੱਥ ਆ ਗਿਆ ਹੈ। ਜਿਸ ਨੂੰ ਉਹ ਕਿਸੇ ਤਰ੍ਹਾਂ ਹੀ ਜਾਂਚ ਤੋਂ ਪਹਿਲਾਂ ਹੀ ਮੁਸਲਿਮ ਸੰਗਠਨ ਦੀ ਕਾਰਵਾਈ ਦੱਸਦੀ ਰਹੀ ਹੈ। ਅੱਜ ਜਾਂਚ ਏਜੰਸੀਆਂ ਵੀ ਉਹਨਾਂ ਦੇ ਹੱਥਾਂ 'ਚ ਖੇਡਣ ਲੱਗੀਆਂ ਹਨ। ਅਖੌਤੀ ਧਰਮ ਨਿਰਪੱਖ ਕਾਂਗਰਸ ਦੇ ਹੱਥਾਂ 'ਚ ਖੇਡਣ ਲੱਗੀਆਂ ਹਨ। ਅਖੌਤੀ ਧਰਮ ਨਿਰਪੱਖ ਕਾਂਗਰਸ ਤੇ ਉਸ ਦੀ ਅਗਵਾਈ ਵੀ ਯੂ. ਪੀ. ਏ. ਸਰਕਾਰ ਸਰਭ ਧਰਮ ਸਦਭਾਵਨਾ ਨੂੰ ਬੁਲੰਦ ਰੱਖਣ ਦਾ ਦਿਖਾਵਾ ਕਰਦਿਆਂ ਤੰਗ ਨਜ਼ਰੀ ਦੀ ਖੇਡ ਖੇਡ ਰਹੀ ਹੈ, ਜਦ ਕਿ ਅਸਲ ਵਿੱਚ ਉਹ ਹਿੰਦੂ ਫਾਸ਼ੀਵਾਦੀ ਤਾਕਤਾਂ ਨੂੰ ਵਧਣ ਫੁਲਣ 'ਚ ਮਦਦ ਕਰ ਰਹੀ ਹੈ। ਉਹ ਬ੍ਰਿਟਿਸ਼ ਬਸਤੀਵਾਦੀਆਂ ਤੇ ਉਹਨਾਂ ਦੇ ਹੱਥ 'ਚ ਖੇਡਣ ਵਾਲੀ ਕਾਂਗਰਸ ਤੇ ਮੁਸਲਿਮ ਲੀਗ ਦੀ ਫੱਟ ਪਾਓ ਰਾਜ ਕਰੋ ਦੀ ਨੀਤੀ ਸੀ ਜਿਸ ਕਾਰਨ ਦੱਖਣੀ ਏਸ਼ੀਆ ਦਾ ਭਾਰਤ ਤੇ ਪਾਕਿਸਤਾਨ 'ਚ ਫਿਰਕਾਪ੍ਰਸਤ ਅਧਾਰ 'ਤੇ ਵੰਡ ਹੋਈ ਸੀ ਅੱਜ ਸੰਘ ਪਰਿਵਾਰ ਤੇ ਸਭ ਤਰ੍ਹਾਂ ਦੇ ਧਾਰਮਿਕ ਕੱਟੜਪੰਥੀ ਤੇ ਫਿਰਕਾਪ੍ਰਸਤ ਤਾਕਤਾਂ ਤਾ ਵਿਕਾਸ ਜੋ ਇਕ ਦੂਜੇ ਨੂੰ ਮਦਦ ਪਹੁੰਚਾ ਰਹੇ ਹਨ। ਹਰੇਕ ਪਿੰਡ 'ਚ ਹਰ ਥਾਂ 'ਤੇ ਜਨਤਾ ਵਿਚਕਾਰ ਖਤਰਨਾਕ ਪੱਧਰ 'ਤੇ ਫੁੱਟ ਪੈਦਾ ਕਰ ਰਹੇ ਹਨ। ਜੇ ਕਾਂਗਰਸ ਨੇ ਧਰਮ ਨਿਰਪੱਖਤਾ ਨੂੰ ਸਰਭ ਧਰਮ ਸਦਭਾਵਨਾ ਨੂੰ ਮੁੜ ਸਥਾਪਤ ਕਰ ਦਿੱਤਾ ਸੀ ਤੇ ਇਸ ਤਰ੍ਹਾਂ ਹੀ ਧਰਮ ਨਿਰਪੱਖ ਮੁੱਲਾਂ ਦੀ ਉਲੰਘਣਾ ਕੀਤੀ ਸੀ ਤਾਂ ਅੱਜ ਧਰਮ ਨਿਰਪੱਖ ਮੁੱਲਾਂ 'ਤੇ ਹਮਲਾ ਕੀਤਾ ਜਾ ਰਿਹਾ ਹੈ ਅਤੇ ਉਸ ਨੂੰ ਖਤਮ ਕੀਤਾ ਜਾ ਰਿਹਾ ਹੈ। ਸਾਮਰਾਜੀ ਸਿਧਾਂਤ ਕਾਰਾਂ ਨੇ ਸੰਭਾਵਨਾਵਾਂ ਦੇ ਟਕਰਾਅ ਦੇ ਨਾਂ 'ਤੇ ਜਿਸ ਗੱਲ ਦਾ ਪ੍ਰਚਾਰ ਪਸਾਰ ਕੀਤਾ ਹੈ, ਉਸ ਨੂੰ ਵੀ ਭਾਰਤ 'ਚ ਲੋਕਾਂ ਵਿਚਾਲੇ ਫੁੱਟ ਪਾਉਣ ਤੇ ਬਸਤੀਵਾਦੀ ਲੁੱਟ ਨੂੰ ਤੇਜ਼ ਕਰਨ ਲਈ ਅਮਲ 'ਚ ਲਿਆਂਦਾ ਜਾ ਰਿਹਾ ਹੈ। ਅੱਜ ਭਾਰਤ ਆਪਣੇ ਇਤਿਹਾਸ ਦੇ ਇਕ ਹੋਰ ਖਤਰਨਾਕ ਮੋੜ 'ਤੇ ਪੁੱਜ ਗਿਆ ਹੈ ਜੋ ਪਹਿਲੇ ਦੌਰ ਨਾਲੋਂ ਕਿਤੇ ਵੱਧ ਖਤਰਨਾਕ ਹੈ। ਉਹ ਲੋਕ ਜੋ ਧਰਮ ਨਿਰਪੱਖ ਲੋਕਰਾਜੀ ਤੇ ਦੇਸ਼ ਭਗਤੀ ਦੇ ਮੁੱਲਾਂ ਨੂੰ ਬੁਲੰਦ ਕਰਨਾ ਚਾਹੁੰਦੇ ਹਨ ਉਹਨਾਂ ਨੂੰ ਇਸ ਦੀ ਸਹੀ ਪਹਿਚਾਣ ਕਰਨੀ ਹੋਵੇਗੀ ਅਤੇ ਇਸ ਖਿਲਾਫ ਸਮਝੌਤਾ ਰਹਿਤ ਸੰਘਰਸ਼ ਕਰਨਾ ਹੋਵੇਗਾ।

✪✪✪